# ਬੇਈਮਾਨ ਸਿੱਖ ਰਾਜਨੀਤੀ 'ਚ ਫਸਿਆ ਅਕਾਲ ਤਖ਼ਤ



www.PunjabiLibrary.com

ਕੁਲਬੀਰ ਸਿੰਘ ਕੌੜਾ

*Beiman Sikh Rajniti Ch Fasya Akal Takhat*

*by*


*Kulbir Singh Kaura,*
*Chairman World Sikh Council*
*(Region-1 Majha, Doaba, J&K State)*
*Kaura House, Basti Pir Dad,*
*P.O. Basti Bawa Khel*
*Phone No. 0181-2651839, 2200755, 5198755*



© ਕੁਲਬੀਰ ਸਿੰਘ ਕੌੜਾ



ਪਹਿਲੀ ਵਾਰ : ਅਗਸਤ 2003

ਮੁੱਲ : 150 ਰੁਪਏ (ਸਜਿਲਦ)

ਤਸਵੀਰਾਂ : ਸਤਪਾਲ ਦਾਨਿਸ਼
ਸਰਵਰਕ : ਕੰਵਲਪ੍ਰੀਤ ਸਿੰਘ
ਟਾਈਪ ਸੈਟਿੰਗ : ਦਲਜੀਤ ਸਿੰਘ, ਜਗਮੀਤ ਸਿੰਘ

ਪ੍ਰਕਾਸ਼ਕ : ਪੰਥ ਖਾਲਸਾ ਪ੍ਰਕਾਸ਼ਨ
ਛਾਪਕ : ਹਾਂਡਾ ਪ੍ਰਿੰਟਿੰਗ ਪ੍ਰੈਸ, ਜਲੰਧਰ

# ਤਰਤੀਬ

ਦੋ ਸ਼ਬਦ ........ 9
ਅਕਾਲ ਤਖ਼ਤ ........ 16
ਬੀਬੀ ਦਰਸ਼ਨ ਕੌਰ ........ 21
ਸਤਨਾਮੀ ਬਾਈ ........ 44
ਰਛਪਾਲ ਸਿੰਘ ਦਿੱਲੀ ........ 60
ਮਹੰਤ ਮਨਜੀਤ ਸਿੰਘ ........ 73
ਯਤੀਮ ਬੱਚਿਆਂ ਦੀ ਪੈਰਵਾਈ ........ 107
ਗ੍ਰੰਥੀ ਆਤਮਾ ਸਿੰਘ ........ 112
ਕਰਤਾਰ ਸਿੰਘ ਭੇਰੋਮਾਜਰਾ ........ 116
ਇੰਡੀਅਨ ਐਕਸਪ੍ਰੈਸ ........ 125
ਚੰਡੀਗੜ੍ਹ ........ 127
ਮੈਰਿਜ਼ ਪੈਲਿਸ ਅਤੇ ਹੋਟਲਾਂ 'ਚ ਗੁਰੂ ਗ੍ਰੰਥ.ਸਾਹਿਬ ਦੀ ਹੁੰਦੀ ਬੇਅਦਬੀ ........ 129
ਲੰਗਰ ਤੇ ਪੰਗਤ ਦੀ ਪਰੰਪਰਾ ........ 131
ਜਥੇ: ਗੁਰਚਰਨ ਸਿੰਘ ਟੌਹੜਾ 'ਤੇ ਨਿਰੰਕਾਰੀ ਭਵਨ ਜਾਣ ਦਾ ਦੋਸ਼ ........ 153
ਡੇਰਾ ਹਰਨਾਮ ਸਿੰਘ ਨੌਸ਼ਹਿਰਾ ਮੱਝਾ ........ 218
ਅਮਰਜੀਤ ਕੌਰ (ਸ੍ਰਾਬਕਾ ਐਮ.ਪੀ.) ਸਬੰਧੀ ਹੁਕਮਨਾਮਾ ........ 220
ਪਿਆਰਾ ਸਿੰਘ ਭਨਿਆਰਾ ........ 221
ਕੱਚੀ ਬਾਣੀ ........ 222
ਪੀੜ੍ਹੇ 'ਤੇ ਰੁਮਾਲਾ ਪਾ ਕੇ ਬਨਾਵਟੀ ਵਿਆਹ ਕਰਨ ਦੀ ਘਟਨਾਂ ........ 227
ਸ. ਮਹਿੰਦਰ ਸਿੰਘ (ਐਸ.ਡੀ.ਓ.) ਦੀ ਸ਼ਿਕਾਇਤ ........ 230
ਭਾਈ ਚਤਰ ਸਿੰਘ ਜੀਵਨ ਸਿੰਘ ਐਂਡ ਸੰਨਜ਼ ........ 239
ਸਿੱਖ ਕੌਮ ਵਿਚ ਵਧ ਰਹੇ ਪਤਿਤਪੁਣੇ 'ਤੇ ਸਿੰਘ ਸਾਹਿਬ ਨੂੰ ਚਿੰਤਾ ........ 249
ਵਿਸ਼ਵ ਸਿੱਖ ਕੌਂਸਲ ........ 251
ਗੁਲਾਮ ਗੁਰੂ ਦਾ ਮਨਜੀਤ ਸਿੰਘ ........ 270
ਇਕ ਧਿਰ ਦਾ ਪੱਤਰਕਾਰ ਬਰਜਿੰਦਰ ਸਿੰਘ ਹਮਦਰਦ ........ 290
ਸਿੱਖ ਪੰਥ 'ਤੇ ਪਈ ਅਮਰਵੇਲ ਪ੍ਰਕਾਸ਼ ਸਿੰਘ ਬਾਦਲ ........ 303
ਅੰਤਿਕਾ-1 ........ 313

■

# ਤਰਤੀਬ


ਦੋ ਸ਼ਬਦ ........ 9
ਅਕਾਲ ਤਖ਼ਤ ........ 16
ਬੀਬੀ ਦਰਸ਼ਨ ਕੌਰ ........ 21
ਸਤਨਾਮੀ ਬਾਈ ........ 44
ਰਛਪਾਲ ਸਿੰਘ ਦਿੱਲੀ ........ 60
ਮਹੰਤ ਮਨਜੀਤ ਸਿੰਘ ........ 73
ਯਤੀਮ ਬੱਚਿਆਂ ਦੀ ਪੈਰਵਾਈ ........ 107
ਗ੍ਰੰਥੀ ਆਤਮਾ ਸਿੰਘ ........ 112
ਕਰਤਾਰ ਸਿੰਘ ਭੈਰੋਮਾਜਰਾ ........ 116
ਇੰਡੀਅਨ ਐਕਸਪ੍ਰੈਸ ........ 125
ਚੰਡੀਗੜ੍ਹ ........ 127
ਮੈਰਿਜ਼ ਪੈਲਿਸ ਅਤੇ ਹੋਟਲਾਂ 'ਚ ਗੁਰੂ ਗ੍ਰੰਥ.ਸਾਹਿਬ ਦੀ ਹੁੰਦੀ ਬੇਅਦਬੀ ........ 129
ਲੰਗਰ ਤੇ ਪੰਗਤ ਦੀ ਪਰੰਪਰਾ ........ 131
ਜਥੇ: ਗੁਰਚਰਨ ਸਿੰਘ ਟੌਹੜਾ 'ਤੇ ਨਿਰੰਕਾਰੀ ਭਵਨ ਜਾਣ ਦਾ ਦੋਸ਼ ........ 153
ਡੇਰਾ ਹਰਨਾਮ ਸਿੰਘ ਨੌਸ਼ਹਿਰਾ ਮੱਝਾ ........ 218
ਅਮਰਜੀਤ ਕੌਰ (ਸ੍ਰਾਬਕਾ ਐਮ.ਪੀ.) ਸਬੰਧੀ ਹੁਕਮਨਾਮਾ ........ 220
ਪਿਆਰਾ ਸਿੰਘ ਭਨਿਆਰਾ ........ 221
ਕੱਚੀ ਬਾਣੀ ........ 222
ਪੀੜ੍ਹੇ 'ਤੇ ਰੁਮਾਲਾ ਪਾ ਕੇ ਬਨਾਵਟੀ ਵਿਆਹ ਕਰਨ ਦੀ ਘਟਨਾਂ ........ 227
ਸ. ਮਹਿੰਦਰ ਸਿੰਘ (ਐਸ.ਡੀ.ਓ.) ਦੀ ਸ਼ਿਕਾਇਤ ........ 230
ਭਾਈ ਚਤਰ ਸਿੰਘ ਜੀਵਨ ਸਿੰਘ ਐਂਡ ਸੰਨਜ਼ ........ 239
ਸਿੱਖ ਕੌਮ ਵਿਚ ਵਧ ਰਹੇ ਪਤਿਤਪੁਣੇ 'ਤੇ ਸਿੰਘ ਸਾਹਿਬ ਨੂੰ ਚਿੰਤਾ ........ 249
ਵਿਸ਼ਵ ਸਿੱਖ ਕੌਂਸਲ ........ 251
ਗੁਲਾਮ ਗੁਰੂ ਦਾ ਮਨਜੀਤ ਸਿੰਘ ........ 270
ਇਕ ਧਿਰ ਦਾ ਪੱਤਰਕਾਰ ਬਰਜਿੰਦਰ ਸਿੰਘ ਹਮਦਰਦ ........ 290
ਸਿੱਖ ਪੰਥ 'ਤੇ ਪਈ ਅਮਰਵੇਲ ਪ੍ਰਕਾਸ਼ ਸਿੰਘ ਬਾਦਲ ........ 303
ਅੰਤਿਕਾ-1 ........ 313


■

# ਸਮਰਪਣ

***

ਅਕਾਲ ਤਖ਼ਤ

ਦੇ

ਮਹਾਨ ਸੰਕਲਪ ਨੂੰ

***

ਜਿਸਦਾ ਦਾਅਵਾ ਹੈ

ਕਿ

ਕੋਊ ਹਰਿ ਸਮਾਨਿ ਨਹੀਂ ਰਾਜਾ॥
ਏ ਭੂਪਤਿ ਸਭ ਦਿਵਸ ਚਾਰਿ ਕੇ
ਝੂਠੇ ਕਰਤ ਦਿਵਾਜਾ॥

# ਦੋ ਸ਼ਬਦ

ਸ੍ਰੀ ਗੁਰੂ ਹਰਿਗੋਬਿੰਦ ਜੀ ਨੇ 1606 ਈਸਵੀ ਵਿਚ ਦਰਬਾਰ ਸਾਹਿਬ ਦੇ ਬਿਲਕੁਲ ਸਾਹਮਣੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਉਸਾਰੀ ਸ਼ੁਰੂ ਕੀਤੀ। ਪਹਿਲਾਂ ਇਸਨੂੰ ਅਕਾਲ ਬੁੰਗੇ ਦੇ ਨਾਂਅ ਨਾਲ ਜਾਣਿਆ ਜਾਂਦਾ ਸੀ। ਇਕ ਥੜ੍ਹਾ ਉਸਾਰ ਕੇ ਉਸ ਉੱਪਰ ਲਕੜੀ ਦਾ ਇਕ ਤਖ਼ਤ ਡਾਹਿਆ ਜਾਂਦਾ ਸੀ, ਜਿਸ ਉੱਤੇ ਬੈਠ ਕੇ ਗੁਰੂ ਜੀ ਆਪਣੇ ਸਿੱਖਾਂ ਦੀਆਂ ਸ਼ਿਕਾਇਤਾਂ ਸੁਣਦੇ ਤੇ ਕੁਸ਼ਤੀਆਂ ਅਤੇ ਸ਼ਸਤਰ ਵਿਦਿਆ ਦਾ ਅਭਿਆਸ ਕਰਵਾਉਂਦੇ। ਇਤਿਹਾਸ ਵਿਚ ਅਨੇਕਾਂ ਥਾਂ ਇਸ ਨੂੰ ਅਕਾਲ ਤਖ਼ਤ ਵੀ ਕਿਹਾ ਗਿਆ ਹੈ। ਗੁਰੂ ਜੀ ਨੇ ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਨੂੰ ਉਸਾਰੀ ਦੇ ਕੰਮ ਵਾਸਤੇ ਆਪਣੇ ਨਾਲ ਲਿਆ ਅਤੇ ਫਿਰ ਇਨ੍ਹਾਂ ਤਿੰਨਾਂ ਨੇ ਹੀ ਇਸ ਦੀ ਉਸਾਰੀ ਨੂੰ ਸਿਰੇ ਚੜ੍ਹਾਇਆ। ਸ੍ਰੀ ਅਕਾਲ ਤਖ਼ਤ ਸਾਹਿਬ ਦੁਨਿਆਵੀ ਬਾਦਸ਼ਾਹੀ ਦੀ ਥਾਂ ਅਕਾਲਪੁਰਖ ਦੀ ਸੱਚੀ ਪਾਤਸ਼ਾਹੀ ਦੀ ਸਿਰਜਣਾ ਦਾ ਪ੍ਰਤੀਕ ਹੈ। ਅਕਾਲ ਤਖ਼ਤ ਸਾਹਿਬ ਅਕਾਲਪੁਰਖ ਦਾ ਸਦੀਵੀ ਤਖ਼ਤ ਹੈ।

'ਸਿੱਖ ਦੀ ਧਰਮ ਤੇ ਰਾਜਨੀਤੀ ਇਕੱਠੀ ਹੈ,' ਇਹ ਕਿਸੇ ਦੇ ਮੂੰਹੋਂ ਕਹਿਣ ਨਾਲ ਹੀ ਨਹੀਂ ਸਗੋਂ ਅੱਖਾਂ ਨਾਲ ਵੇਖਣ 'ਤੇ ਵੀ ਸਪੱਸ਼ਟ ਨਜ਼ਰ ਆਉਂਦੀ ਹੈ। ਦਰਬਾਰ ਸਾਹਿਬ ਦੇ ਚਾਰ ਦਰਵਾਜੇ ਕਿਸੇ ਵੀ ਜਾਤੀ ਨਾਲ ਸਬੰਧਤ ਸ਼ਰਧਾਲੂ ਦੇ ਬਿਨਾਂ ਰੋਕ-ਟੋਕ ਤੋਂ ਅੰਦਰ ਆਉਣ ਦੇ ਅਧਿਕਾਰ ਦੀ ਜਾਮਨੀ ਹਨ ਤੇ ਮਨੂੰ ਦੇ ਚਾਰ ਵਰਣੀ ਸਿਧਾਂਤ ਦੀਆਂ ਧੱਜੀਆਂ ਉਡਾਉਂਦੇ ਹਨ। ਦਰਬਾਰ ਸਾਹਿਬ ਨਿਮਰਤਾ ਦਾ ਪ੍ਰਤੀਕ ਹੈ, ਇਸ ਲਈ ਸਤਿਗੁਰਾਂ ਨੇ ਇਸ ਦੀ ਉਸਾਰੀ ਵੇਲੇ ਇਸ ਦਾ ਜ਼ਮੀਨੀ ਪੱਧਰ ਵੀ ਸ਼ਹਿਰ ਦੇ ਜ਼ਮੀਨੀ ਪੱਧਰ ਤੋਂ ਨੀਵਾਂ ਰਖਿਆ। ਇਸ ਦੀ ਇਮਾਰਤ ਦੇ ਗੁੰਬਦ ਬੈਠਵੇਂ ਤੇ ਫੀਹਨੇ ਜਹੇ ਹਨ ਪਰ ਸਾਹਮਣੇ ਅਕਾਲ ਤਖ਼ਤ ਸਾਹਿਬ ਦਾ ਜ਼ਮੀਨੀ ਪੱਧਰ ਸਾਰੀ ਪ੍ਰਕਰਮਾ ਤੋਂ ਉੱਚਾ ਰਖਿਆ ਗਿਆ ਤੇ ਇਸਦੇ ਗੁੰਬਦ ਚੜ੍ਹਦੀਕਲਾ ਦੇ ਪ੍ਰਤੀਕ ਦੇ ਤੌਰ 'ਤੇ ਉੱਪਰ ਨੂੰ ਖੜ੍ਹਵੇਂ ਜਹੇ ਹਨ ਤੇ ਸਿੱਖੀ ਦੀ ਆਨ ਤੇ ਸ਼ਾਨ ਦੇ ਜਾਮਨ ਹਨ।

ਸਿੱਖ ਸੰਸਥਾਵਾਂ ਦਾ ਸਬੰਧ ਸਿੱਖ ਮਾਨਸਿਕਤਾ ਨਾਲ ਹੈ। ਇਸ ਲਈ ਮੀਰੀ-ਪੀਰੀ ਅਤੇ ਸੰਤ-ਸਿਪਾਹੀ ਦਾ ਅਜੋੜ ਸਬੰਧ ਅਕਾਲ ਤਖ਼ਤ ਸਾਹਿਬ ਦੀ ਹੋਂਦ ਨਾਲ ਹੀ ਸਿੱਖੀ ਵਿਚ ਪ੍ਰਫੁੱਲਤ ਹੋਇਆ ਹੈ। ਹਰਿਮੰਦਰ ਸਾਹਿਬ ਰਾਹੀਂ ਖਾਲਸਈ ਜੋਤ ਅਤੇ ਅਕਾਲ ਤਖ਼ਤ ਸਾਹਿਬ ਨਾਲ ਖਾਲਸਈ ਜੁਗਤਿ ਦੀ ਪ੍ਰਤੀਨਿਧਤਾ ਹੋਈ। ਇਨ੍ਹਾਂ ਦੋਹਾਂ ਸੰਸਥਾਵਾਂ ਨੂੰ ਇਕ ਦੂਜੇ ਨਾਲੋਂ ਨਿਖੇੜ ਕੇ ਨਹੀਂ ਵੇਖਿਆ ਜਾ ਸਕਦਾ। ਅਕਾਲ ਤਖ਼ਤ ਸਾਹਿਬ ਵਿਚ ਗੁਰਦੁਆਰਾ ਸ਼ਾਮਲ ਹੈ ਪਰ ਗੁਰਦੁਆਰੇ ਵਿਚ ਅਕਾਲ ਤਖ਼ਤ ਸ਼ਾਮਲ ਨਹੀਂ ਹੈ। ਅਕਾਲ ਤਖ਼ਤ ਦੀ ਇਮਾਰਤ ਇਸ ਢੰਗ ਨਾਲ ਬਣੀ ਹੋਈ ਹੈ ਕਿ ਜੇ ਕੋਈ ਸ਼ਰਧਾਲੂ ਹਰਿਮੰਦਰ ਸਾਹਿਬ ਅੰਦਰ ਬੈਠਾ ਸ਼ਬਦ ਕੀਰਤਨ ਸਰਵਣ ਕਰ ਰਿਹਾ ਹੋਵੇ ਤਾਂ ਉਸ ਨੂੰ ਅਕਾਲ ਤਖ਼ਤ ਨਜ਼ਰ ਨਹੀਂ

ਆਉਂਦਾ ਪਰ ਅਕਾਲ ਤਖ਼ਤ ਤੋਂ ਹਰਿਮੰਦਰ ਸਾਹਿਬ ਨਜ਼ਰ ਆਉਂਦਾ ਹੈ। ਇਹ ਸਿਧਾਂਤ ਵੀ ਇਹ ਹੀ ਦਰਸਾਉਂਦਾ ਹੈ ਕਿ ਧਰਮ ਨਾਲ ਜੁੜੇ ਹੋਏ ਸਿੱਖ ਨੂੰ ਰਾਜਨੀਤੀ ਦਾ ਚੇਤਾ ਨਹੀਂ ਆਉਣਾ ਚਾਹੀਦਾ ਪਰ ਰਾਜਨੀਤੀ ਕਰ ਰਹੇ ਸਿੱਖ ਨੂੰ ਧਰਮ ਦਾ ਚੇਤਾ ਕਦੇ ਨਾ ਭੁੱਲੇ। ਅਕਾਲ ਤਖ਼ਤ ਸਾਹਿਬ 'ਤੇ ਝੂਲਦੇ ਦੋ ਨਿਸ਼ਾਨ ਸਾਹਿਬ ਵੀ ਇਹੀ ਸਾਬਤ ਕਰਦੇ ਹਨ ਕਿ ਜੇ ਧਰਮ ਅਤੇ ਰਾਜਨੀਤੀ ਨੂੰ ਨਿਖੇੜ ਕੇ ਵੇਖਣਾ ਵੀ ਹੋਵੇ ਤਾਂ ਇਸ ਨਿਖੇੜੇ ਦੀ ਵਿੱਥ ਇਨ੍ਹਾਂ ਦੋ ਨਿਸ਼ਾਨਾਂ ਤੋਂ ਵੱਧ ਨਾ ਹੋਵੇ।

ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਛੇ ਗੁਰੂ ਸਾਹਿਬਾਨ ਦੀ ਬਾਣੀ ਦਰਜ ਹੈ ਤੇ ਚਾਰ ਗੁਰੂ ਸਾਹਿਬਾਨ ਦੀ ਨਹੀਂ। ਉਨ੍ਹਾਂ ਚਾਰ ਵਿਚੋਂ ਤਿੰਨ ਗੁਰੂ ਸਾਹਿਬਾਨ ਨੇ ਹੱਥੀਂ ਯੁੱਧ ਕੀਤਾ ਹੈ। ਪਰ ਸਿੱਖ ਸੰਗਤਾਂ ਲਈ ਦਸ ਦੇ ਦਸ ਗੁਰੂ ਸਾਹਿਬਾਨ ਹੀ ਬਰਾਬਰ ਸਨਮਾਨਯੋਗ ਹਨ। ਇਸਾਈਆਂ ਦਾ ਪੋਪ, ਹਿੰਦੂਆਂ ਦਾ ਜਗਤ ਗੁਰੂ ਸ਼ੰਕਰਾਚਾਰੀਆ, ਮੁਸਲਮਾਨਾਂ ਦਾ ਖਲੀਫਾ ਜਾਂ ਖੁਮੀਨੀ, ਬੋਧੀਆਂ ਦਾ ਦਲਾਈਲਾਮਾ ਤੇ ਹੋਰ ਧਰਮਾਂ ਦੇ ਧਾਰਮਕ ਮੁਖੀ ਆਪਣੇ-ਆਪ ਵਿਚ ਆਪਣੇ ਧਰਮ ਦੀ ਪ੍ਰਤੀਨਿਧਤਾ ਕਰਦੇ ਹਨ ਪਰ ਸਿੱਖ ਧਰਮ ਦਾ ਇਨ੍ਹਾਂ ਨਾਲੋਂ ਬਹੁਤ ਫਰਕ ਹੈ। ਸਿੱਖ ਧਰਮ ਵਿਚ ਇਕ ਵਿਅਕਤੀ ਦੇ ਹੱਥ ਕਦੇ ਵੀ ਤਾਕਤ ਨਹੀਂ ਸੌਂਪੀ ਗਈ। ਇਸ ਵਿਚ ਪੰਚ ਪ੍ਰਧਾਨੀ ਰਵਾਇਤ ਦਾ ਇਕ ਵੱਖਰਾ ਹੀ ਸਥਾਨ ਹੈ। ਪੰਥਕ ਜਥੇਬੰਦੀ ਦਾ ਕੇਂਦਰ ਹੋਣ ਕਰਕੇ ਪਹਿਲਾਂ ਸਿਰਫ ਅਕਾਲ ਤਖ਼ਤ ਨੂੰ ਹੀ ਸਿੱਖਾਂ ਦਾ ਤਖ਼ਤ ਪ੍ਰਵਾਨ ਕੀਤਾ ਜਾਂਦਾ ਸੀ। ਅਕਾਲ ਤਖ਼ਤ ਗੁਰੂ ਸਾਹਿਬ ਨੇ ਆਪ ਬਣਾਇਆ ਇਸ ਕਰਕੇ ਇਹ ਹੋਰ ਵੀ ਮਹਾਨ ਹੈ। ਬਾਕੀ ਚਾਰ ਤਖ਼ਤ ਬਾਅਦ ਵਿਚ ਪੰਥ ਪਿਆਰ ਰਾਂਹੀ ਪ੍ਰਗਟ ਹੋਏ। ਅਕਾਲ ਤਖ਼ਤ ਸਾਹਿਬ ਤੋਂ ਬਗੈਰ ਬਾਕੀ ਦੇ ਚਾਰੇ ਤਖ਼ਤ ਹੀ ਗੁਰੂ ਗੋਬਿੰਦ ਸਿੰਘ ਜੀ ਨਾਲ ਸਬੰਧਤ ਹਨ ਤੇ ਇਹ ਚਾਰੇ ਤਖ਼ਤ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਿੱਧਾਂਤ ਦੇ ਪਸਾਰ ਹਨ।

ਗੁਰੂ ਘਰ ਦੀ ਰਵਾਇਤ ਹੈ ਕਿ ਜੋ ਭੁੱਲ ਮੰਨ ਲਵੇ ਉਸ ਨੂੰ ਬਖਸ਼ ਦਿੱਤਾ ਜਾਂਦਾ ਹੈ। ਇਸ ਲਈ ਅਕਾਲ ਤਖ਼ਤ ਸਾਹਿਬ ਤੋਂ ਸਜ਼ਾ ਦੀ ਪਰੰਪਰਾ ਬਹੁਤੀ ਬਲਵਾਨ ਨਹੀਂ ਹੈ। ਅਕਾਲ ਤਖ਼ਤ ਸਾਹਿਬ ਤੋਂ ਤਾਂ ਸਿਰਫ ਸੇਵਾ ਲਾਈ ਜਾਂਦੀ ਹੈ, ਜੋ 'ਤਨਖਾਹ' ਦੇ ਨਾਂਅ ਨਾਲ ਮਸ਼ਹੂਰ ਹੋ ਗਈ ਹੈ। ਦੂਜੇ ਸ਼ਬਦਾਂ ਵਿਚ ਭੁੱਲੜ ਅਤੇ ਬੇਮੁੱਖ ਵਿਅਕਤੀ ਦੀ ਆਕੜ ਭੰਨੀ ਜਾਂਦੀ ਹੈ ਤੇ ਗ਼ਲਤੀ ਦਾ ਅਹਿਸਾਸ ਦਿਵਾ ਕੇ ਮੁੜ ਸਿੱਖੀ ਨਾਲ ਜੋੜ ਲਿਆ ਜਾਂਦਾ ਹੈ। ਪਰ ਸਿੱਖ ਸੰਗਤਾਂ ਦੀਆਂ ਅੱਖਾਂ ਵਿਚ ਘੱਟਾ ਪਾਉਣ 'ਤੇ ਸੰਗਤਾਂ ਵੱਲੋਂ ਆਲੋਚਨਾ ਜ਼ਰੂਰ ਹੁੰਦੀ ਹੈ, ਜਿਵੇਂ ਹੁਣ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦਾ ਗੁਨਾਹ ਮੁਆਫ ਕਰਨ 'ਤੇ ਜਥੇਦਾਰ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਦੀ ਹੋ ਰਹੀ ਹੈ।

ਅਕਾਲ ਤਖ਼ਤ ਕੈਦ ਦੀ ਸਜ਼ਾ ਨਹੀਂ ਦੇ ਸਕਦਾ ਤੇ ਨਾ ਹੀ ਕਿਸੇ ਨੂੰ ਫਾਂਸੀ 'ਤੇ ਲਟਕਾ ਸਕਦਾ ਹੈ। ਇਹ ਸਿਰਫ ਮਨ ਨੂੰ ਮਾਂਜ-ਧੋ ਕੇ ਸ਼ੁੱਧ ਕਰਨ ਦਾ ਮੌਕਾ ਦੇਂਦਾ ਹੈ। ਜੂਠੇ ਭਾਂਡੇ ਮਾਂਜਣੇ ਜਾਂ ਜੋੜਿਆਂ ਨੂੰ ਸਾਫ ਕਰਨ ਦੀ ਸੇਵਾ ਕਰਨੀ ਤਾਂ ਮਨ ਨੂੰ ਧੋ ਕੇ ਸਾਫ ਕਰਨ ਦਾ ਇਕ ਸਾਧਨ ਮਾਤਰ ਹੀ ਹੈ। ਜਿਨ੍ਹਾਂ ਦੇ ਸੇਵਾ ਕਰਕੇ ਵੀ ਮਨ ਪਵਿੱਤਰ ਨਹੀਂ ਹੁੰਦੇ, ਉਹ ਗੁਰੂ ਨੂੰ ਜਵਾਬਦੇਹ ਹੋਣਗੇ। ਅਕਾਲ ਤਖ਼ਤ ਤਾਂ ਭੁੱਲ ਮੰਨਣ ਵਾਲੇ ਨੂੰ ਸਿਰਫ ਮੁਆਫ ਹੀ ਕਰ ਸਕਦਾ ਹੈ। ਅਕਾਲ ਤਖ਼ਤ ਸਾਹਿਬ ਦੀ ਹਜ਼ੂਰੀ ਵਿਚ ਆਇਆ ਇਨਸਾਨ ਸਿਰਫ ਗੁਰੂ ਦਾ ਸਿੱਖ ਹੁੰਦਾ ਹੈ। ਦੁਨਿਆਵੀ ਚੌਧਰ ਤੇ ਉਸ ਦੇ ਰੁਤਬੇ ਵੱਲ ਅਕਾਲ ਤਖ਼ਤ ਸਾਹਿਬ ਵਲੋਂ

ਕਦੇ ਕੋਈ ਧਿਆਨ ਨਹੀਂ ਦਿੱਤਾ ਜਾਂਦਾ ਤੇ ਨਾ ਹੀ ਦੁਨਿਆਵੀ ਚਕਾਚੌਂਧ ਵਾਲਾ ਸਿੱਖ ਅਕਾਲ ਤਖ਼ਤ 'ਤੇ ਆਪਣੇ ਰੁਤਬੇ ਕਰਕੇ ਕੋਈ ਪ੍ਰਭਾਵ ਪਾ ਸਕਦਾ ਹੈ। ਜਿਵੇਂ ਖੂਹ ਪਿਆਸੇ ਪਿੱਛੇ ਨਹੀਂ ਭੱਜਦਾ ਤੇ ਪਿਆਸਾ ਹੀ ਖੂਹ ਕੋਲ ਆ ਕੇ ਆਪਣੀ ਪਿਆਸ ਬੁਝਾਉਂਦਾ ਹੈ, ਏਸੇ ਤਰ੍ਹਾਂ ਹੀ ਤਨਖਾਹੀਏ ਕਰਾਰ ਦਿੱਤੇ ਵਿਅਕਤੀ ਨੂੰ ਕਦੇ ਨਾ ਕਦੇ ਇਕ ਦਿਨ ਅਕਾਲ ਤਖ਼ਤ ਦੀ ਸ਼ਰਨ ਵਿਚ ਆਉਣਾ ਹੀ ਪੈਂਦਾ ਹੈ ਨਹੀਂ ਤਾਂ ਓਨਾ ਚਿਰ ਉਹ ਤਿਹਾਇਆ ਹੀ ਮਾਰੂਥਲ ਰੂਪੀ ਸੰਸਾਰ ਵਿਚ ਭਟਕਦਾ ਫਿਰਦਾ ਹੈ। ਪੰਥ ਵਿਚੋਂ ਛੇਕੇ ਹੋਏ ਬੰਦੇ ਨਾਲ ਕੋਈ ਰਿਸ਼ਤਾ ਨਾਤਾ ਨਹੀਂ ਕਰਦਾ, ਰਾਹ ਗਲੀ ਜਾਂਦਿਆਂ ਕੋਈ ਬੁਲਾਉਂਦਾ ਵੀ ਨਹੀਂ, ਤੇ ਜੇ ਉਹ ਸਟੇਜ 'ਤੇ ਖਲੋ ਕੇ ਭਾਸ਼ਨ ਦੇਣ ਲੱਗੇ ਤਾਂ ਸੰਗਤ ਉੱਠ ਕੇ ਚਲੀ ਜਾਂਦੀ ਹੈ। ਸਿੱਖ ਉਸ ਨਾਲ ਕਿਸੇ ਤਰ੍ਹਾਂ ਦਾ ਵੀ ਕੋਈ ਵਰਤੋਂ-ਵਿਹਾਰ ਨਹੀਂ ਰੱਖਦਾ। ਰਾਜਨੀਤਕ ਲੋਕਾਂ ਦਾ ਤਾਂ ਹੋਰ ਵੀ ਬੁਰਾ ਹਾਲ ਹੁੰਦਾ ਹੈ, ਜਦੋਂ ਲੋਕ ਮੂੰਹ 'ਤੇ ਹੀ ਦੁਰੇ-ਦੁਰੇ ਕਰਦੇ ਹਨ। ਜਿਨ੍ਹਾਂ-ਜਿਨ੍ਹਾਂ ਰਾਜਨੀਤਕ ਤੇ ਦੂਸਰਿਆਂ ਲੋਕਾਂ ਨੂੰ ਅਕਾਲ ਤਖ਼ਤ ਸਾਹਿਬ ਵਲੋਂ ਛੇਕਿਆ ਗਿਆ ਹੈ, ਉਹਨਾਂ ਦਾ ਹਾਲ ਅੱਗੇ ਆਪ ਇਸ ਕਿਤਾਬ ਵਿਚ ਪੜ੍ਹੋਗੇ ਕਿ ਕਿਵੇਂ ਉਨ੍ਹਾਂ ਨੇ ਦਰਖਾਸਤਾਂ ਵਿਚ ਜੋਦੜੀਆਂ ਤੇ ਬੇਨਤੀਆਂ ਕੀਤੀਆਂ ਹਨ ਕਿ ਸਾਨੂੰ ਜਲਦੀ ਤੋਂ ਜਲਦੀ ਅਕਾਲ ਤਖ਼ਤ ਸਾਹਿਬ 'ਤੇ ਬੁਲਾ ਕੇ ਤਨਖਾਹ ਲਾਈ ਜਾਵੇ ਤਾਂ ਕਿ ਅਸੀਂ ਦੁਬਾਰਾ ਪੰਥ ਵਿਚ ਸ਼ਾਮਲ ਹੋ ਸਕੀਏ।

ਅਕਾਲ ਤਖ਼ਤ ਵਲੋਂ ਕਿਸੇ ਨਾਲ ਧੱਕਾ ਜਾਂ ਵਧੀਕੀ ਨਹੀਂ ਹੁੰਦੀ ਕਿਉਂਕਿ ਗੁਰੂ ਮਹਾਰਾਜ ਦੀ ਚਲਾਈ ਹੋਈ ਪੰਚ-ਪ੍ਰਧਾਨੀ ਪ੍ਰੰਪਰਾ ਵਿਚ ਜੇ ਕੋਈ ਜਥੇਦਾਰ ਕਿਸੇ ਗਲ ਨਾਲ ਸਹਿਮਤ ਨਹੀਂ ਤਾਂ ਜਾਂ ਤੇ ਬਾਕੀ ਦੇ ਚਾਰ ਜਥੇਦਾਰ ਉਸ ਨੂੰ ਆਪਣੇ ਵਿਚਾਰ ਨਾਲ ਸਹਿਮਤ ਕਰਵਾਉਣਗੇ ਤੇ ਜਾਂ ਉਹ ਇਕ ਜਥੇਦਾਰ ਆਪਣੇ ਤਰਕ ਵਿਤਰਕ ਨਾਲ ਬਾਕੀ ਦੇ ਚਾਰ ਜਥੇਦਾਰਾਂ ਨੂੰ ਆਪਣੇ ਵਿਚਾਰ ਨਾਲ ਸਹਿਮਤ ਕਰਵਾਏਗਾ। ਸਹਿਮਤੀ ਨਾ ਹੋਣ ਦੀ ਸੂਰਤ ਵਿਚ ਸਾਰੇ ਕੇਸ 'ਤੇ ਦੁਬਾਰਾ ਮੰਥਨ ਹੋਵੇਗਾ ਤੇ ਵਿਚਾਰ ਵਟਾਂਦਰੇ ਕਰਵਾਏ ਜਾਣਗੇ। ਗੱਲ ਕੀ ਜਿੰਨਾ ਚਿਰ ਪੰਜੇ ਹੀ ਜਥੇਦਾਰ ਸਹਿਮਤ ਨਹੀਂ ਹੋ ਜਾਂਦੇ ਕਿਸੇ ਨੂੰ ਤਨਖਾਹੀਆ ਕਰਾਰ ਨਹੀਂ ਦਿੱਤਾ ਜਾ ਸਕਦਾ। ਕਿਉਂਕਿ ਦੂਸਰਿਆਂ ਜਥੇਦਾਰਾਂ ਨਾਲ ਅਸਹਿਮਤ ਜਥੇਦਾਰ ਫਾਈਲ 'ਤੇ ਨੋਟ ਲਿਖ ਕੇ ਆਪਣਾ ਵਿਚਾਰ ਲਿਖ ਦੇਂਦਾ ਹੈ। ਫਿਰ ਉਸ ਦੀ ਤਸੱਲੀ ਕਰਵਾਉਣੀ ਬਾਕੀ ਦੇ ਚਾਰ ਜਥੇਦਾਰਾਂ ਦਾ ਪਵਿੱਤਰ ਫਰਜ਼ ਬਣਦਾ ਹੈ।

ਜਥੇਦਾਰ ਅਕਾਲ ਤਖ਼ਤ ਬਾਕੀ ਦੇ ਤਖ਼ਤਾਂ ਦੇ ਜਥੇਦਾਰਾਂ ਦਾ ਵੀ ਜਥੇਦਾਰ ਹੁੰਦਾ ਹੈ। ਜਥੇਦਾਰ ਅਕਾਲ ਤਖ਼ਤ ਮੁੱਖ ਮੰਤਰੀ ਵਾਂਗ ਬਰਾਬਰਾਂ ਵਿਚੋਂ ਵੱਡਾ (Senior Among the equal) ਨਹੀਂ ਹੁੰਦਾ ਸਗੋਂ ਵੱਡਾ ਹੀ ਹੁੰਦਾ ਹੈ। ਦੂਜੇ ਚਾਰੇ ਤਖ਼ਤ ਅਕਾਲ ਤਖ਼ਤ ਦੇ ਅਧੀਨ ਤਖ਼ਤ ਹਨ ਤੇ ਜਥੇਦਾਰ ਵੀ ਏਸੇ ਤਰ੍ਹਾਂ ਹੀ ਹੁੰਦੇ ਹਨ। ਮਿਸਾਲ ਦੇ ਤੌਰ 'ਤੇ ਖਾਲਸੇ ਦੇ ਪੰਜਾ ਤਖ਼ਤਾਂ ਵਿਚੋਂ ਇਕ ਤਖ਼ਤ, ਤਖ਼ਤ ਸ੍ਰੀ ਦਮਦਮਾ ਸਾਹਿਬ, ਤਲਵੰਡੀ ਸਾਬੋ ਰਿਆਸਤ ਪਟਿਆਲਾ ਵਿਚ ਸਥਿਤ ਸੀ। ਪਟਿਆਲਾ ਰਿਆਸਤ ਦੇ ਮਹਾਂਰਾਜਾ ਮਹਿੰਦਰ ਸਿੰਘ ਨੇ ਇਸ ਤਖ਼ਤ ਨੂੰ ਆਪਣੀ ਲੜਕੀ ਦੇ ਦਾਜ ਵਿਚ ਦੇ ਕੇ ਇਸ ਨੂੰ ਇਕ ਜਗੀਰ ਦੇ ਰੂਪ ਵਿਚ ਬਦਲ ਦਿੱਤਾ ਸੀ। ਇਸ ਤਰ੍ਹਾਂ ਇਸ ਦੀ ਧਾਰਮਕ ਮਹੱਤਤਾ ਨੂੰ ਇਸ ਹੱਦ ਤੱਕ ਖਤਮ ਕਰ ਦਿੱਤਾ ਗਿਆ ਸੀ ਕਿ ਸਿੱਖ ਇਸ ਬਾਰੇ ਭੁੱਲ ਹੀ ਗਏ ਸਨ ਕਿ ਤਖ਼ਤ ਦਮਦਮਾ ਸਾਹਿਬ ਵੀ ਸਿੱਖਾਂ ਦਾ ਇਕ ਤਖ਼ਤ ਹੈ। ਸਿਰਫ 1966 ਵਿਚ ਹੀ ਸ਼੍ਰੋਮਣੀ ਗੁਰਦੁਆਰਾ

ਪ੍ਰਬੰਧਕ ਕਮੇਟੀ ਨੇ ਇਕ ਇਤਿਹਾਸਕ ਫੈਸਲੇ ਰਾਂਹੀ ਇਸ ਸਥਾਨ ਨੂੰ ਪੰਜਵੇ ਤਖ਼ਤ ਦਾ ਦਰਜਾ ਮੁੜ ਦੇ ਕੇ ਕਾਇਮ ਕੀਤਾ ਸੀ। ਯੋਰਪੀ ਦੇਸ਼ਾਂ ਦੀਆਂ ਅਦਾਲਤਾਂ ਵਾਂਗ ਚਾਰ ਸਿੰਘ ਸਾਹਿਬਾਨ ਜਿਊਰੀ ਦੇ ਤੌਰ 'ਤੇ ਜਥੇਦਾਰ ਅਕਾਲ ਤਖ਼ਤ ਨਾਲ ਬੈਠਦੇ ਹਨ। ਕੋਈ ਜਰੂਰੀ ਨਹੀਂ ਕਿ ਉਹ ਤਖ਼ਤਾਂ ਦੇ ਜਥੇਦਾਰ ਹੀ ਹੋਣ। ਅਕਾਲ ਤਖ਼ਤ ਦਾ ਜਥੇਦਾਰ ਜੀਵਨ ਵਾਲੇ ਸਿੱਖਾਂ ਵਿਚੋਂ ਵੀ ਚਾਰ ਸਿੰਘਾਂ ਨੂੰ ਨਾਲ ਲੈ ਕੇ ਕੋਈ ਫੈਸਲਾ ਕਰ ਸਕਦਾ ਹੈ। ਸਾਰੀ ਕਾਰਵਾਈ ਜਥੇਦਾਰ ਅਕਾਲ ਤਖ਼ਤ ਦੇ ਨਾਂਅ 'ਤੇ ਹੀ ਚਲਦੀ ਹੈ ਤੇ ਫੈਸਲਾ ਹੋ ਜਾਣ ਤੋਂ ਬਾਅਦ ਅਕਾਲ ਤਖ਼ਤ ਸਾਹਿਬ ਦਾ ਜਥੇਦਾਰ ਹੀ ਉਪਰੋਂ ਤਖ਼ਤ 'ਤੇ ਖਲੋ ਕੇ ਬਾਕੀ ਸਾਰੀ ਹੇਠਾਂ ਬੈਠੀ ਸੰਗਤ ਨੂੰ ਫੈਸਲਾ (ਹੁਕਮਨਾਮਾ) ਸੁਣਾਉਂਦਾ ਹੈ। ਫੈਸਲਾ ਸੁਣਾ ਰਹੇ ਜਥੇਦਾਰ ਕੋਲ ਬਾਕੀ ਦੇ ਜਥੇਦਾਰ ਜਾਲੀ ਅੰਦਰ ਬੈਠ ਸਕਦੇ ਹਨ। ਅਕਾਲ ਤਖ਼ਤ ਸਾਹਿਬ ਦੇ ਜਾਲੀ ਲੱਗੇ ਹਿੱਸੇ ਵਿਚ ਕੋਈ ਬੇਅਮਰਤੀਆ ਨਹੀਂ ਜਾ ਸਕਦਾ ਤੇ ਨਾ ਹੀ ਕੋਈ ਬੇਅਮਰਤੀਆ ਅਕਾਲ ਤਖ਼ਤ ਸਾਹਿਬ ਦੇ ਦੁਆਲੇ ਪ੍ਰਕਰਮਾ ਕਰ ਸਕਦਾ ਹੈ। ਉਪਰਲੀ ਮੰਜ਼ਲ ਜਿਥੇ ਪੰਜੇ ਸਿੰਘ ਸਾਹਿਬਾਨ ਬੈਠ ਕੇ ਕੇਸ ਸੁਣਦੇ ਹਨ ਓਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਨਹੀਂ ਹੁੰਦਾ। ਕੋਈ ਵੀ ਵਿਅਕਤੀ ਉੱਪਰ ਜਾ ਕੇ ਅਰਾਮ ਨਾਲ ਬੈਠ ਕੇ ਇਸ ਸਿੱਖ ਅਦਾਲਤ ਦੀ ਕਾਰਵਾਈ ਸੁਣ ਸਕਦਾ ਹੈ ਪਰ ਉਸ ਨੂੰ ਆਪਣੇ ਆਪ 'ਤੇ ਉਹ ਹੀ ਜਾਬਤਾ ਲਾਗੂ ਕਰਨਾ ਪੈਂਦਾ ਹੈ, ਜੋ ਦੁਨਿਆਵੀ ਜੱਜਾਂ ਦੀਆਂ ਅਦਾਲਤਾਂ ਵਿਚ ਹੁੰਦਾ ਹੈ। ਭਾਵ ਚੁੱਪ-ਚਾਪ ਬੈਠਣਾ ਤੇ ਕਿਸੇ ਤਰ੍ਹਾਂ ਦਾ ਵੀ ਸ਼ੋਰ-ਸ਼ਰਾਬਾ ਜਾਂ ਬੋਲ ਕੇ ਟਿੱਪਣੀਆਂ ਨਾ ਕਰਨਾ ਆਦਿ। ਪ੍ਰੈਸ ਵਾਲੇ ਵੀ ਓਥੇ ਜਾ ਸਕਦੇ ਹਨ ਤੇ ਤਸਵੀਰਾਂ ਲੈ ਸਕਦੇ ਹਨ ਪਰ ਸੁਣਵਾਈ ਦੌਰਾਨ ਕੋਈ ਸਵਾਲ ਆਦਿ ਨਹੀਂ ਪੁੱਛ ਸਕਦੇ। ਬੈਠਕ ਖਤਮ ਹੋਣ ਤੋਂ ਬਾਅਦ ਜਥੇਦਾਰਾਂ ਨੂੰ ਸਵਾਲ ਕਰ ਸਕਦੇ ਹਨ ਤੇ ਦੋਸ਼ੀਆਂ ਨੂੰ ਵੀ ਕੁਝ ਪੁੱਛ ਸਕਦੇ ਹਨ। ਚੰਡੀਗੜ੍ਹ ਦੇ ਡਾ. ਦਰਸ਼ਨ ਸਿੰਘ ਨੇ ਇਸ ਅਸੂਲ ਦੀਆਂ ਧੱਜੀਆਂ ਉਡਾਉਂਦਿਆਂ ਹੋਇਆਂ ਵਾਰ ਵਾਰ ਸਿੰਘ ਸਾਹਿਬ ਦੇ ਕੰਮ ਵਿਚ ਦਖਲਅੰਦਾਜੀ ਕਰਨ ਦੀ ਕੋਸ਼ਿਸ਼ ਕੀਤੀ ਸੀ, ਜਿਸ ਨੂੰ ਸਿੰਘ ਸਾਹਿਬ ਨੇ ਵਾਰ ਵਾਰ ਅਪੀਲ ਕੀਤੀ ਕਿ ਤੁਹਾਨੂੰ ਸੁਣਿਆਂ ਨਹੀਂ ਜਾ ਸਕਦਾ ਕਿਉਂਕਿ ਤੁਹਾਨੂੰ ਅਕਾਲ ਤਖ਼ਤ 'ਤੇ ਬੁਲਾਇਆ ਹੀ ਨਹੀਂ ਗਿਆ ਪਰ ਉਸਨੇ ਇਹ ਜਾਬਤਾ ਮੰਨਣ ਦੀ ਬਜਾਏ ਉਲਟਾ ਓਥੇ ਹੀ ਭੁੱਖ ਹੜਤਾਲ ਕਰਨ ਦੀਆਂ ਧਮਕੀਆਂ ਦੇਣੀਆਂ ਸ਼ੁਰੂ ਕਰ ਦਿੱਤੀਆਂ ਜਿਸ ਕਾਰਨ ਮਜਬੂਰੀ ਵੱਸ ਸਿੰਘ ਸਾਹਿਬ ਭਾਈ ਰਣਜੀਤ ਸਿੰਘ ਨੂੰ ਉਸ ਨੂੰ ਬਾਂਹ ਤੋਂ ਫੜ ਕੇ ਬਾਹਰ ਕੱਢਣਾ ਪਿਆ, ਜਿਸਦਾ ਉਸਨੇ ਸਿੰਘ ਸਾਹਿਬ ਦੇ ਖਿਲਾਫ ਬਹੁਤ ਹੀ ਗਲਤ ਢੰਗ ਨਾਲ ਪ੍ਰਚਾਰ ਕੀਤਾ। ਇਸ ਤਰ੍ਹਾਂ ਜਥੇਦਾਰ ਸਾਹਿਬਾਨ ਦਾ ਸਾਰਾ ਰੋਲ ਤੇ ਨਿਰਪੱਖ ਕਾਰਵਾਈ ਦੀ ਰਿਪੋਰਟ ਆਮ ਸਿੱਖ ਸੰਗਤਾਂ ਤੱਕ ਪਹੁੰਚਦੀ ਹੈ, ਜਿਹੜੀ ਆਪਣੇ ਆਪਣੇ ਘਰ ਬੈਠੀ ਜਾਣਨ ਦੀ ਇੱਛਾਵਾਨ ਹੁੰਦੀ ਹੈ।

ਇਸ ਕਿਤਾਬ ਵਿਚ ਸਿੰਘ ਸਾਹਿਬ ਭਾਈ ਰਣਜੀਤ ਸਿੰਘ ਜੀ ਨੇ ਆਪਣੇ ਫੈਸਲੇ ਕਿਵੇਂ ਅਤੇ ਕਿਨ੍ਹਾਂ ਹਾਲਤਾਂ ਵਿਚ ਕੀਤੇ ਉਸ ਦੀ ਇੰਨ-ਬਿੰਨ ਜਾਣਕਾਰੀ ਦੇਣ ਦੀ ਕੋਸ਼ਿਸ਼ ਕੀਤੀ ਗਈ ਹੈ ਤਾਂ ਕਿ ਪਾਠਕ ਉਨ੍ਹਾਂ ਦੀ ਕਾਰਗੁਜ਼ਾਰੀ ਬਾਰੇ ਨਿਰਨਾ ਕਰ ਸਕਣ।

ਇਸ ਸਾਰੀ ਕਿਤਾਬ ਨੂੰ ਪੜ੍ਹਨ ਤੋਂ ਬਾਅਦ ਪਾਠਕ ਖ਼ੁਦ ਹੀ ਮਹਿਸੂਸ ਕਰਨਗੇ ਕਿ ਇਹ ਕਿਤਾਬ ਬਿਲਕੁਲ ਨਿਰਪੱਖ ਹੋ ਕੇ ਲਿਖੀ ਗਈ ਹੈ। ਸਾਰੀ ਲਿਖਤ ਵਿਚ ਆਪਣੀ ਨਿੱਜੀ

ਰਾਏ ਬਹੁਤ ਘੱਟ ਦਿੱਤੀ ਗਈ ਹੈ। ਕਿਸੇ ਘਟਨਾ ਪ੍ਰਤੀ ਪਾਠਕਾਂ 'ਤੇ ਕਿਸੇ ਤਰ੍ਹਾਂ ਦੇ ਹੱਕ ਜਾਂ ਵਿਰੋਧ ਵਿਚ ਮਾਨਸਿਕ ਪ੍ਰਭਾਵ ਪਾਉਣ ਦੀ ਕੋਸ਼ਿਸ਼ ਨਹੀਂ ਕੀਤੀ ਗਈ। ਸਿੰਘ ਸਾਹਿਬ ਭਾਈ ਰਣਜੀਤ ਸਿੰਘ ਜਥੇਦਾਰ ਸ੍ਰੀ ਅਕਾਲ ਤਖ਼ਤ ਨੂੰ ਮਿਤੀ 9 ਜੂਨ 1990 ਨੂੰ ਅਕਾਲ ਤਖ਼ਤ ਸਾਹਿਬ ਦਾ ਜਥੇਦਾਰ ਥਾਪ ਦਿੱਤਾ ਗਿਆ ਸੀ ਪਰ ਉਨ੍ਹਾਂ ਦੀ ਤਾਜਪੋਸ਼ੀ 31 ਦਸੰਬ 1996 ਨੂੰ ਹੋਈ ਜਦੋਂ ਉਹ ਨਿਰੰਕਾਰੀ ਬਾਬੇ ਗੁਰਬਚਨ ਸਿੰਘ ਤੇ ਉਸਦੇ ਸਾਥੀ ਨੂੰ ਮਾਰਨ ਦੀ ਤੇਰ੍ਹਾਂ ਸਾਲ ਦੀ ਸਜ਼ਾ ਕੱਟ ਕੇ ਤਿਹਾੜ ਜੇਲ੍ਹ ਤੋਂ ਬਾਹਰ ਆਏ। 10 ਫਰਵਰੀ 1999 ਨੂੰ ਉਨ੍ਹਾਂ ਨੂੰ ਜਥੇਦਾਰੀ ਤੋਂ ਲਾਹ ਦਿੱਤਾ ਗਿਆ। ਇਸ ਦੋ ਸਾਲ ਚਾਲ੍ਹੀ ਦਿਨ ਦੇ ਅਰਸੇ ਵਿਚ ਉਨ੍ਹਾਂ ਨੇ ਕੋਈ 12 ਕੁ ਹੁਕਮਨਾਮੇ ਜਾਰੀ ਕੀਤੇ ਪਰ ਸਿੱਖ ਸੰਗਤਾਂ ਵਿਚ ਆਮ ਪ੍ਰਭਾਵ ਇਹ ਬਣਾ ਦਿੱਤਾ ਗਿਆ ਕਿ ਜਥੇਦਾਰ ਸਾਹਿਬ ਨੇ ਇਸ ਥੋੜ੍ਹੇ ਜਹੇ ਸਮੇਂ ਵਿਚ ਹੀ ਬਹੁਤ ਜ਼ਿਆਦਾ ਹੁਕਮਨਾਮੇ ਜਾਰੀ ਕੀਤੇ ਹਨ ਜਦੋਂ ਕਿ ਪਹਿਲੇ ਜਥੇਦਾਰ ਇਸ ਹਿਸਾਬ ਨਾਲ ਬਹੁਤ ਘੱਟ ਹੁਕਮਨਾਮੇ ਜਾਰੀ ਕਰਦੇ ਰਹੇ ਹਨ। 'ਅਜੀਤ' ਅਖ਼ਬਾਰ ਦੇ ਸੰਪਾਦਕ ਨੇ ਤਾਂ ਇਥੋਂ ਤੱਕ ਕਿਹਾ ਕਿ, "ਇਸ ਜਥੇਦਾਰ ਨੇ ਅਕਾਲ ਤਖ਼ਤ ਨੂੰ ਥਾਣਾ ਬਣਾ ਕੇ ਰੱਖ ਦਿੱਤਾ ਹੈ"। ਕਿਸੇ ਹੋਰ ਨੇ ਕਿਹਾ, "ਸਿੱਖ ਕੌਮ ਦੋ ਭਾਗਾਂ ਵਿਚ ਵੰਡੀ ਗਈ ਹੈ, ਖਾਸ ਤੌਰ 'ਤੇ ਵਿਦੇਸ਼ਾਂ ਵਿਚ ਮੇਜ਼-ਕੁਰਸੀਆਂ ਦੀ ਥਾਂ ਭੁੰਜੇ ਬਹਿ ਕੇ ਲੰਗਰ ਛਕਣ ਵਾਲੇ ਹੁਕਮਨਾਮੇ ਕਰਕੇ।" 'ਜਥੇਦਾਰ ਟੌਹੜਾ-ਅਮਰਿੰਦਰ ਸਿੰਘ' ਵਿਵਾਦ ਬਾਰੇ ਵੀ ਕਈ ਲੋਕ ਕਹਿੰਦੇ ਹਨ ਕਿ ਭਾਈ ਰਣਜੀਤ ਸਿੰਘ ਨੇ ਜਥੇਦਾਰ ਟੌਹੜੇ ਦੀ ਰੁਈ ਕੀਤੀ ਹੈ। ਕਈਆਂ ਲੋਕਾਂ ਦਾ ਖਿਆਲ ਹੈ ਕਿ ਭਾਈ ਰਣਜੀਤ ਸਿੰਘ ਆਪਣੀ ਮਰਜੀ ਕਰਦੇ ਸਨ ਤੇ ਦੂਸਰੇ ਜਥੇਦਾਰਾਂ ਦੀ ਪ੍ਰਵਾਹ ਨਹੀਂ ਸਨ ਕਰਦੇ। ਇਸ ਸਮੇਂ ਵਿਚ ਉਨ੍ਹਾਂ ਦਾ ਦੋ ਤਖ਼ਤਾਂ ਦੇ ਜਥੇਦਾਰਾਂ ਨਾਲ ਸਿੱਧਾ ਵਿਰੋਧ ਵੀ ਪੈਦਾ ਹੋ ਗਿਆ ਸੀ ਤੇ ਇਨ੍ਹਾਂ ਦੋ ਸਿੰਘ ਸਾਹਿਬਾਨ ਨੂੰ ਉਨ੍ਹਾਂ ਨੇ ਮੁਰਾਦਾਬਾਦੀ ਲੋਟੇ ਤੇ ਚੰਟੂ ਫੰਟੂ ਦੀ ਜੋੜੀ ਵੀ ਆਖਿਆ ਤੇ ਇਹ ਵੀ ਐਲਾਨ ਕੀਤਾ ਸੀ ਕਿ ਤਖ਼ਤ ਦਮਦਮਾ ਸਾਹਿਬ ਤੇ ਕੇਸਗੜ੍ਹ ਸਾਹਿਬ ਦੇ ਜਥੇਦਾਰਾਂ ਨੂੰ ਅਕਾਲ ਤਖ਼ਤ 'ਤੇ ਨਹੀਂ ਵੜਨ ਦਿੱਤਾ ਜਾਵੇਗਾ ਤੇ ਜਿਸ ਸਮਾਗਮ ਵਿਚ ਇਹ ਦੋਵੇਂ ਸ਼ਾਮਿਲ ਹੋਣਗੇ ਓਥੇ ਮੈਂ ਨਹੀਂ ਜਾਵਾਂਗਾ। ਕਈਆਂ ਨੇ ਇਹ ਵੀ ਇਤਰਾਜ਼ ਕੀਤਾ ਕਿ ਦੋ ਤਖ਼ਤਾਂ ਹਜ਼ੂਰ ਸਾਹਿਬ ਤੇ ਪਟਨਾ ਸਾਹਿਬ ਦੇ ਜਥੇਦਾਰਾਂ ਨੂੰ ਕਦੇ ਭਰੋਸੇ ਵਿਚ ਹੀ ਨਹੀਂ ਲਿਆ ਗਿਆ। ਕਈ ਬੁੱਧੀਜੀਵੀਆਂ ਨੂੰ ਇਹ ਸ਼ਿਕਾਇਤ ਵੀ ਹੈ ਕਿ ਜਥੇਦਾਰ ਸਾਹਿਬ ਨੇ ਸਾਡੀ ਵਿਦਵਤਾ ਦੀ ਕਦਰ ਤਾਂ ਕੀ ਕਰਨੀ ਸੀ ਸਗੋਂ ਸਾਨੂੰ ਉਹ ਲੱਲੀ-ਛੱਲੀ ਵਿਦਵਾਨ, ਝੰਡੂ, ਭਾਗੂ ਤੇ ਭਾੜੇ ਦੇ ਭੌਂਕੇ ਕਹਿੰਦੇ ਰਹੇ ਹਨ।

ਦੂਜੇ ਪਾਸੇ ਸਿੰਘ ਸਾਹਿਬ ਭਾਈ ਰਣਜੀਤ ਸਿੰਘ ਦੇ ਹੱਕ ਵਿਚ ਖੜ੍ਹੇ ਲੋਕ ਕਹਿੰਦੇ ਹਨ ਕਿ ਸਿੰਘ ਸਾਹਿਬ ਨੇ ਜਿਨ੍ਹਾਂ ਜਿਨ੍ਹਾਂ ਲੋਕਾਂ ਬਾਰੇ ਜੋ ਜੋ ਕਿਹਾ ਹੈ ਉਹ ਬਿੱਲਕੁਲ ਠੀਕ ਹੈ, ਉਹ ਸਾਰੇ ਹੈ ਹੀ ਏਸੇ ਤਰ੍ਹਾਂ ਦੇ। ਹੋਰ ਤਾਂ ਸਾਰੇ ਲੋਕਾਂ ਦੀ ਉਹ ਬਹੁਤ ਹੀ ਕਦਰ ਤੇ ਇੱਜ਼ਤ ਕਰਦੇ ਹਨ ਪਰ ਜਿਹੜੇ ਹੋਣ ਹੀ ਮੁਰਾਦਾਬਾਦੀ ਲੋਟੇ ਤੇ ਭਾੜੇ ਦੇ ਭੌਂਕੇ ਉਨ੍ਹਾਂ ਨੂੰ ਹੋਰ ਕੀ ਆਖਿਆ ਜਾਵੇ। ਜਿਹੜੇ ਹੋਣ ਹੀ ਲੱਲੀ ਛੱਲੀ ਕੀ ਉਨ੍ਹਾਂ ਨੂੰ ਉਹ ਪੰਥ ਰਤਨ ਤੇ ਗੁਰਮਤਿ ਮਾਰਤੰਡ ਕਿਹਾ ਕਰਨ? ਕਈ ਲੋਕ ਜਦੋਂ ਆਪਣੀ ਔਕਾਤ ਤੋਂ ਵੱਧ ਪੰਗੇ ਲੈਂਦੇ ਹਨ ਤਾਂ ਹੀ ਫਿਰ ਉਹ ਝੰਡੂ ਭਾਗੂ ਅਖਵਾਉਂਦੇ ਹਨ। ਜੇ ਮਹਾਰਾਜਾ ਰਣਜੀਤ ਸਿੰਘ ਸਿੱਖ ਪ੍ਰੰਪਰਾਵਾਂ ਦੇ ਉਲਟ ਕੰਮ ਨਾ ਕਰਦਾ ਤਾਂ ਅਕਾਲੀ ਫੂਲਾ ਸਿੰਘ ਕੋਲੋਂ 'ਕਾਣਾ' ਨਾ ਅਖਵਾਉਂਦਾ। ਜੇ ਉਸ

ਵੇਲੇ ਦੇ ਜਥੇਦਾਰ ਅਕਾਲ ਤਖ਼ਤ ਦੀ ਮਹਾਰਾਜਾ ਰਣਜੀਤ ਸਿੰਘ ਨੂੰ 'ਕਾਣਾ' ਆਖਣ ਦੀ ਜੁਅਰਤ ਨਾ ਹੁੰਦੀ ਤਾਂ ਮਹਾਰਾਜਾ ਰਣਜੀਤ ਸਿੰਘ ਅਕਾਲੀ ਫੂਲਾ ਸਿੰਘ ਨੂੰ ਤੇ ਵਿਚੇ ਅਕਾਲ ਤਖ਼ਤ ਤੇ ਨਾਲੇ ਸਾਰੇ ਸਿੱਖਾਂ ਨੂੰ ਟਿੱਚ ਗਿਣਦਾ ਤੇ ਇਹ ਵੀ ਹੋ ਸਕਦਾ ਸੀ ਕਿ ਉਹ ਹਰ ਰੋਜ਼ ਹੀ ਮੋਰਾਂ ਕੰਜਰੀ ਦਾ ਹੱਥ ਫੜ ਕੇ ਦਰਬਾਰ ਸਾਹਿਬ ਮੱਥਾ ਟੇਕਣ ਜਾਇਆ ਕਰਦਾ ਤੇ ਕਿਸੇ ਨੂੰ ਵੀ ਉਸ ਨੂੰ ਰੋਕਣ ਦੀ ਜੁਅਰਤ ਨਾ ਹੁੰਦੀ। ਰਾਜ ਕਰ ਰਹੇ ਤਾਕਤਵਰ ਲੋਕਾਂ ਨੂੰ ਸਿਰਫ ਤੇ ਸਿਰਫ ਜਥੇਦਾਰ ਅਕਾਲ ਤਖ਼ਤ ਹੀ ਹੱਥ ਪਾ ਸਕਦਾ ਹੈ ਕਿਉਂਕਿ ਜੇ ਰਾਜ ਕਰਨ ਵਾਲੀ ਧਿਰ ਕੋਲ ਰਾਜਨੀਤਕ ਸ਼ਕਤੀ ਹੁੰਦੀ ਹੈ ਤਾਂ ਅਕਾਲ ਤਖ਼ਤ ਦੇ ਜਥੇਦਾਰ ਕੋਲ ਧਾਰਮਕ ਸ਼ਕਤੀ ਦੇ ਨਾਲ ਨਾਲ ਸਿੱਖ ਸੰਗਤ ਦੇ ਜਨਸਮੂਹ ਤੇ ਸਿਧਾਂਤ (ਪ੍ਰੰਪਰਾ) ਦੀ ਸ਼ਕਤੀ ਹੁੰਦੀ ਹੈ। ਨਤੀਜੇ ਵਜੋਂ ਧੱਕਾ ਤੇ ਸਿੱਖ ਵਿਰੋਧੀ ਕੰਮ ਕਰਨ ਵਾਲੇ ਨੂੰ ਅਖੀਰ ਗੋਡਿਆਂ ਭਾਰ ਰਿੜ੍ਹ ਕੇ ਅਕਾਲ ਤਖ਼ਤ 'ਤੇ ਆਉਣਾ ਹੀ ਪੈਂਦਾ ਹੈ। ਜਿਵੇਂ ਬੀਤੇ ਵਿਚ ਮਹਾਰਾਜਾ ਰਣਜੀਤ ਸਿੰਘ, ਕੇਂਦਰੀ ਮੰਤਰੀ ਬੂਟਾ ਸਿੰਘ, ਮੁਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਤੇ ਹੋਰ ਕਈਆਂ ਨੂੰ ਆਉਣਾ ਪਿਆ ਹੈ।

ਸਿੰਘ ਸਾਹਿਬ ਭਾਈ ਰਣਜੀਤ ਸਿੰਘ ਕਹਿੰਦੇ ਹਨ ਕਿ ਜੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਨੇ ਸਿੱਖੀ ਨੂੰ ਢਾਹ ਲਾਉਣ ਵਾਲੀਆਂ ਕੁਰੀਤੀਆਂ ਖਤਮ ਕਰਨ ਦੇ ਫੈਸਲੇ ਅਧੀਨ ਹੁਕਮਨਾਮੇ ਜਾਰੀ ਨਹੀਂ ਕਰਨੇ ਤਾਂ ਕੀ ਉਹ ਕੇਵਲ ਅਰਦਾਸਾਂ ਕਰਨ ਤੇ ਅਕਾਲੀਆਂ ਦੀਆਂ ਮੀਟਿੰਗਾਂ ਤੋਂ ਪਹਿਲਾਂ ਦਰੀਆਂ ਝਾੜ ਕੇ ਵਿਛਾਉਣ ਲਈ ਹੀ ਜਥੇਦਾਰ ਬਣੇ ਹਨ? ਦਾੜ੍ਹੀਆਂ ਰੰਗਣ ਵਾਲੇ ਲੋਕ ਵੀ ਅੱਜ ਅਕਾਲ ਤਖ਼ਤ ਨੂੰ ਸੁਝਾਅ ਦੇ ਰਹੇ ਹਨ। ਜਦੋਂ ਦਸਮੇਸ਼ ਪਿਤਾ ਖਾਲਸਾ ਪੰਥ ਸਾਜਣ ਲੱਗੇ ਸਨ ਤਾਂ ਏਹੋ ਜਹੇ ਬੁੱਧੀਜੀਵੀ ਆਪਣੀ ਜਾਨ ਬਚਾਉਣ ਲਈ ਮਾਤਾ ਗੁਜਰੀ ਜੀ ਕੋਲ ਦੌੜ ਗਏ ਸਨ। ਦਿੱਲੀ ਦੇ ਕਈ ਸਿੱਖ ਆਗੂਆਂ ਕੋਲੋਂ ਕਰੋੜਾਂ ਰੁਪਏ ਦੀ ਗੁਰਦੁਆਰਿਆਂ ਦੀ ਜਮੀਨ ਕਢਵਾਉਣ ਲਈ ਹੁਕਮਨਾਮਾ ਜਾਰੀ ਕਰਨ 'ਤੇ ਕਈ ਲੋਕਾਂ ਦੇ ਢਿੱਡ ਪੀੜ ਹੋਈ ਸੀ। ਭਾਈ ਰਣਜੀਤ ਸਿੰਘ ਦਾ ਆਖਣਾ ਹੈ ਕਿ "ਜੇ ਮੈਂ ਪ੍ਰੋ. ਮਨਜੀਤ ਸਿੰਘ ਕੋਲੋਂ ਵਿਸ਼ਵ ਸਿੱਖ ਕੌਂਸਲ ਦਾ ਕਰੋੜਾਂ ਰੁਪਈਆਂ ਦਾ ਹਿਸਾਬ ਮੰਗਾਂ ਤਾਂ ਮਾੜਾ ਜੇ ਨਾ ਮੰਗਾਂ ਤਾਂ ਚੰਗਾ। ਜੇ ਇਸਾਈਆਂ ਦੀ ਰੀਸੇ ਕਨੇਡਾ ਦੇ ਪੰਜ ਸੱਤ ਗੁਰਦੁਆਰੇ ਮੇਜਾਂ 'ਤੇ ਬਹਿ ਕੇ ਖਾਣਾ ਖਾਣ ਦੀ ਜਿਦ ਕਰਦੇ ਹਨ ਤਾਂ ਫਿਰ ਉਨ੍ਹਾਂ ਈਸਾਈਆਂ ਦੀ ਰੀਸੇ ਹੀ ਕਲ੍ਹ ਨੂੰ ਉਨ੍ਹਾਂ ਹੀ ਮੇਜਾਂ 'ਤੇ ਸ਼ਰਾਬ ਵੀ ਰੱਖ ਕੇ ਪੀਣਗੇ ਕਿਉਂਕਿ ਇਸਾਈ ਤਾਂ ਗਿਰਜਾ ਘਰਾਂ ਵਿਚ ਸ਼ਰਾਬ ਵੀ ਪੀਂਦੇ ਹਨ।" ਇਸ ਕਿਤਾਬ ਵਿਚ ਉਨ੍ਹਾਂ ਸਾਰੀਆਂ ਗੱਲਾਂ ਦਾ ਜ਼ਿਕਰ ਆਵੇਗਾ, ਜਿਨ੍ਹਾਂ ਦਾ ਸਿੱਖਾਂ ਵਿਚ ਚਰਚਾ ਹੈ।

ਸਿੰਘ ਸਾਹਿਬ ਭਾਈ ਰਣਜੀਤ ਸਿੰਘ ਦੇ ਪ੍ਰਸੰਸਕ ਕਹਿੰਦੇ ਹਨ ਕਿ ਸ: ਪ੍ਰਕਾਸ਼ ਸਿੰਘ ਬਾਦਲ ਆਪਣੀ ਪਾਰਟੀ ਤੇ ਸਰਕਾਰ ਦਾ ਪੂਰਾ ਜ਼ੋਰ ਲਾ ਕੇ, ਜਿਸ ਵਿਚ ਭਾਰਤੀ ਜਨਤਾ ਪਾਰਟੀ ਤੇ ਭਾਰਤ ਸਰਕਾਰ ਵੀ ਸ਼ਾਮਿਲ ਸੀ, ਅਨੰਦਪੁਰ ਸਾਹਿਬ ਵਿਖੇ ਖ਼ਾਲਸੇ ਦੀ ਤ੍ਰੈ-ਸ਼ਤਾਬਦੀ ਦੇ ਮੌਕੇ 'ਤੇ ਕਈ ਕਰੋੜ ਰੁਪਏ ਖਰਚ ਕੇ ਬਣਾਏ ਏਅਰ-ਕੰਡੀਸ਼ਨਡ ਹਾਲ ਵਿਚ ਕੁਝ ਹਜਾਰ ਬੰਦਾ ਵੀ ਇਕੱਠਾ ਕਰਕੇ ਨਹੀਂ ਸਨ ਬਿਠਾ ਸਕੇ ਤੇ ਖਾਲੀ ਹਾਲ ਵਿਚ ਕੁਰਸੀਆਂ ਜੋੜ ਕੇ ਲੋਕ ਦੁਪਹਿਰ ਨੂੰ ਗਰਮੀ ਦੇ ਬਚਾਅ ਤੋਂ ਠੰਡੇ ਹਾਲ ਵਿਚ ਸੁੱਤੇ ਪਏ ਸਨ। ਉਧਰ ਦੂਜੇ ਪਾਸੇ ਸਿੰਘ ਸਾਹਿਬ ਦੀ ਅਗਵਾਈ ਵਿਚ ਸਾਰਾ ਪੰਜਾਬ ਹੀ ਉਮੜ ਪਿਆ ਸੀ।

ਸਿੰਘ ਸਾਹਿਬ ਨੂੰ ਸੁਣਨ ਲਈ ਲੱਖਾਂ ਦੀ ਗਿਣਤੀ ਵਿਚ ਲੋਕ ਧੁੱਪੇ ਗਰਮੀ ਵਿਚ ਹੀ ਸਾਰੀ ਦੁਪਹਿਰ ਬੈਠੇ ਰਹੇ ਸਨ। ਇਹ ਪੰਜਾਬ ਅਤੇ ਵਿਦੇਸ਼ਾਂ ਵਿਚ ਵਸਦੇ ਸਿੱਖਾਂ ਦੀ ਭਾਈ ਸਾਹਿਬ ਨਾਲ ਪ੍ਰੇਮ ਦੀ ਮਿਸਾਲ ਹੈ। ਉਨ੍ਹਾਂ ਦਾ ਖਿਆਲ ਹੈ ਕਿ ਪੰਥਕ ਸਿੱਖਾਂ ਦਾ ਬੱਚਾ-ਬੱਚਾ ਸਿੰਘ ਸਾਹਿਬ ਦੀ ਬਰਖਾਸਤਗੀ ਲਈ ਪ੍ਰਕਾਸ਼ ਸਿੰਘ ਬਾਦਲ ਤੇ ਉਸਦੇ ਲਾਲਚੀ ਤੇ ਟੁਕੜਿਆਂ 'ਤੇ ਪਲਣ ਵਾਲੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰਾਂ ਦੀ ਨਿਖੇਧੀ ਕਰਦਾ ਹੈ। ਜਿਹੜੇ ਪ੍ਰੋ. ਮਨਜੀਤ ਸਿੰਘ ਨੂੰ ਸ: ਬਾਦਲ ਚੁੱਕੀ ਫਿਰਦਾ ਸੀ ਹੁਣ ਦੁਰੇ-ਦੁਰੇ ਕਰਕੇ ਲਾਹ ਕੇ ਪਰ੍ਹੇ ਮਾਰਿਆ ਹੈ। ਹੁਣ ਤੱਕ ਚਲੀਆਂ ਆਉਂਦੀਆਂ ਸਾਰੀਆਂ ਧਾਰਮਕ ਪ੍ਰੰਪਰਾਵਾਂ ਨੂੰ ਛਿੱਕੇ ਟੰਗ ਕੇ ਗਿਆਨੀ ਪੂਰਨ ਸਿੰਘ ਨੂੰ ਸਰਕਾਰੀ ਰੈਸਟ-ਹਾਊਸ ਵਿਚ ਮੀਟਿੰਗ ਕਰਕੇ ਜਥੇਦਾਰ ਅਕਾਲ ਤਖ਼ਤ ਥਾਪਿਆ ਗਿਆ। ਇਹ ਜੱਗੋਂ ਤੇਰ੍ਹਵੀਂ ਗੱਲ ਸੀ। ਫਿਰ ਉਸ ਨੂੰ ਵੀ ਜ਼ਲੀਲ ਕਰਕੇ ਅਹੁਦੇ ਤੋਂ ਲਾਹਿਆ ਗਿਆ ਤੇ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ, ਜਿਹੜਾ ਗ੍ਰੰਥੀ ਦੀ ਪਦਵੀ ਤੋਂ ਰਿਟਾਇਰ ਹੋ ਚੁੱਕਾ ਸੀ, ਦਾ ਸਮਾਂ ਵਧਾ ਕੇ ਦਿਹਾੜੀਦਾਰ ਮੁਲਾਜ਼ਮ ਦੇ ਤੌਰ 'ਤੇ ਜਥੇਦਾਰ ਅਕਾਲ ਤਖ਼ਤ ਥਾਪਿਆ ਗਿਆ ਕਿਉਂਕਿ ਇਹ ਪ੍ਰਕਾਸ਼ ਸਿੰਘ ਬਾਦਲ ਦਾ 'ਜੀ-ਹਜ਼ੂਰ' ਹੈ ਤੇ ਬਾਦਲ ਸਾਹਿਬ ਕੋਲੋਂ ਹਦਾਇਤ ਲੈਣ ਉਨ੍ਹਾਂ ਦੀ ਕੋਠੀ ਵੀ ਚਲਾ ਜਾਂਦਾ ਹੈ। ਇਹ ਗੱਲ ਹੁਣ ਲੋਕ ਵੇਖ ਹੀ ਚੁੱਕੇ ਹਨ ਕਿ ਕਿਵੇਂ ਉਸ ਨੇ ਸ. ਬਾਦਲ ਨੂੰ ਦੁੱਧ-ਧੋਤਾ ਕਰਾਰ ਦੇ ਕੇ ਸਾਰੇ ਗੁਨਾਹਾਂ ਤੋਂ ਬਰੀ ਕਰ ਦਿੱਤਾ ਹੈ। ਲੋਕਾਂ ਨੂੰ ਹੈਰਾਨੀ ਇਸ ਗੱਲ ਦੀ ਹੋਈ ਕਿ ਜਥੇਦਾਰ ਅਕਾਲ ਤਖ਼ਤ, ਸ. ਬਾਦਲ ਨੂੰ ਦੋਸ਼ ਮੁਕਤ ਕਰਨ ਲਈ ਏਨਾਂ ਕਾਹਲਾ ਸੀ ਕਿ ਉਸਨੇ ਅਰਦਾਸ ਪਹਿਲਾਂ ਹੀ ਕਰ ਦਿੱਤੀ ਤੇ ਕੜਾਹ ਪ੍ਰਸ਼ਾਦ ਦੀ ਦੇਗ ਦੋ ਘੰਟੇ ਬਾਅਦ ਵਿਚ ਆਈ। ਪੰਥਕ ਸਿੱਖਾਂ ਦਾ ਕਹਿਣਾ ਹੈ ਕਿ ਸ.ਪ੍ਰਕਾਸ਼ ਸਿੰਘ ਬਾਦਲ ਮੱਥੇ 'ਤੇ ਟਿੱਕਾ ਲਾਉਂਦਾ ਹੈ, ਮੁਕਟ ਪਹਿਨਦਾ ਹੈ ਤੇ ਦੋਹਾਂ ਡੌਲਿਆਂ ਨੂੰ ਤਵੀਤ ਬੰਨ੍ਹੀ ਫਿਰਦਾ ਹੈ, ਹਵਨ ਯੱਗ ਕਰਵਾਉਂਦਾ ਹੈ ਤੇ ਸਿਰ 'ਤੇ ਲਾਲ ਚੁੰਨੀ ਬੰਨ੍ਹ ਕੇ ਭੇਟਾਂ ਗਾਉਂਦਾ ਹੈ, ਉਨ੍ਹਾਂ ਦਾ ਪਰਿਵਾਰ ਸਿੱਖ ਧਰਮ ਦੇ ਦੁਸ਼ਮਣ ਤੇ ਵਿਰੋਧੀ ਆਸ਼ੂਤੋਸ਼ ਨੂੰ ਮੱਥੇ ਟੇਕਦਾ ਹੈ। ਇਸ ਲਈ ਇਨ੍ਹਾਂ ਲੋਕਾਂ ਦਾ ਖਿਆਲ ਹੈ ਕਿ ਸਿੱਖੀ ਦਾ ਅਸਲ ਦੁਸ਼ਮਣ ਸ. ਬਾਦਲ ਹੈ। ਏਸੇ ਕਰਕੇ ਹੀ ਸਿੰਘ ਸਾਹਿਬ ਭਾਈ ਰਣਜੀਤ ਸਿੰਘ ਨੇ ਉਸ ਨੂੰ 'ਸਿੱਖੀ ਦੇ ਬੂਟੇ 'ਤੇ ਪਈ ਅਮਰਵੇਲ' ਕਿਹਾ ਹੈ। ਏਸੇ ਤਰ੍ਹਾਂ ਹੀ ਕੋਈ ਕਹਿੰਦਾ ਹੈ ਜਥੇਦਾਰ ਟੌਹੜਾ ਨੂੰ ਸਜ਼ਾ ਮਿਲਣੀ ਚਾਹੀਦੀ ਸੀ, ਕੋਈ ਕਹਿੰਦਾ ਹੈ ਨਹੀਂ ਸਗੋਂ ਕੈਪਟਨ ਅਮਰਿੰਦਰ ਸਿੰਘ ਨੂੰ ਸਜ਼ਾ ਮਿਲਣੀ ਚਾਹੀਦੀ ਸੀ, ਜਿਸ ਨੇ ਅਕਾਲ ਤਖ਼ਤ ਵਰਗੇ ਰੂਹਾਨੀ ਅਸਥਾਨ 'ਤੇ ਝੂਠੀ ਫੋਟੋ ਪੇਸ਼ ਕਰਕੇ ਗੁਨਾਹ ਕੀਤਾ।

ਵਿਦੇਸ਼ਾਂ ਵਿਚ ਲੰਗਰ ਵਾਲੇ ਹੁਕਮਨਾਮੇ 'ਤੇ ਵੀ ਓਥੋਂ ਦੇ ਸਿੱਖਾਂ ਦੀਆਂ ਦੋ ਰਾਵਾਂ ਹਨ। ਭਾਵੇਂ ਸਾਰਿਆਂ ਨੇ ਇਹ ਹੁਕਮਨਾਮਾ ਮੰਨ ਲਿਆ ਹੈ ਪਰ ਥੋੜ੍ਹੇ ਜਹੇ ਲੋਕ ਇਸ ਦਾ ਅਜੇ ਵੀ ਵਿਰੋਧ ਕਰਦੇ ਹਨ।ਨਿਰਪੱਖ ਹੋ ਕੇ ਸਾਰੇ ਹੁਕਮਨਾਮੇ ਅਤੇ ਉਨ੍ਹਾਂ ਦਾ ਪਿਛੋਕੜ ਬਿਨਾਂ ਕਿਸੇ ਪੱਖਪਾਤ ਤੋਂ ਸਿੱਖ ਸੰਗਤਾਂ ਅੱਗੇ ਰੱਖ ਗਿਆ ਦਿੱਤਾ ਹੈ। ਜੇ ਇਹ ਕਿਤਾਬ ਨਿਰਪੱਖਤਾ ਕਾਇਮ ਰੱਖਣ ਵਿਚ ਸਫਲ ਹੋ ਗਈ ਤਾਂ ਇਹ ਹੀ ਮੇਰੀ ਕਾਮਯਾਬੀ ਹੋਵੇਗੀ। ਨਿਰਪੱਖਤਾ ਹੈ ਕਿ ਨਹੀਂ ਇਸ ਦਾ ਫੈਸਲਾ ਸਿੱਖ ਸੰਗਤਾਂ ਦੇ ਹੱਥ ਹੈ।

**ਕੁਲਬੀਰ ਸਿੰਘ ਕੌੜਾ**

■

# ਅਕਾਲ ਤਖ਼ਤ

ਅਕਾਲ ਪੁਰਖ ਦੇ ਦੁਨਿਆਵੀ ਤਖ਼ਤ ਵਜੋਂ ਹੋਂਦ ਵਿਚ ਆਇਆ ਅਕਾਲ ਤਖ਼ਤ ਸਿੱਖ ਪੰਥ ਦੀ ਆਨ ਤੇ ਸ਼ਾਨ ਦਾ ਪ੍ਰਤੀਕ ਹੈ। ਅਕਾਲ ਪੁਰਖ ਦੀ ਫੌਜ ਵਜੋਂ ਸਿਰਜਿਆ ਖ਼ਾਲਸਾ ਪੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਹਿਨੁਮਾਈ ਹੇਠ ਅਕਾਲ ਤਖ਼ਤ ਤੋਂ ਜਾਰੀ ਹੋਏ ਹਰ ਹੁਕਮ ਨੂੰ ਮੰਨਣ ਅਤੇ ਲਾਗੂ ਕਰਨ ਦਾ ਪਾਬੰਦ ਹੈ। ਇਸੇ ਲਈ ਅਕਾਲ ਤਖ਼ਤ ਸਿੱਖ ਪੰਥ ਦੀ ਸਰਬ-ਉੱਚ ਸੰਸਥਾ ਅਤੇ ਉਸਦੀ ਏਕਤਾ ਦਾ ਧੁਰਾ ਹੈ। ਅਕਾਲ ਤਖ਼ਤ ਅਕਾਲ ਪੁਰਖ ਦੇ ਅਦਲ ਦੀ ਅਦਾਲਤ ਹੈ। ਦੁਨੀਆਂ ਵਿਚ ਦੁਨਿਆਵੀ ਤਖ਼ਤਾਂ ਤੇ ਦੁਨਿਆਵੀ ਰਾਜਨੀਤੀ ਦਾ ਬੋਲਬਾਲਾ ਹੈ ਪਰ ਅਕਾਲ ਤਖ਼ਤ ਰੂਹਾਨੀ ਤਖ਼ਤ ਹੈ, ਜਿਹੜਾ ਅਕਾਲ ਪੁਰਖ ਦੇ ਸਹਿਜ (ਕੁਦਰਤੀ) ਮਰਿਆਦਾ ਦੇ ਪ੍ਰਤਾਪ ਨੂੰ ਪ੍ਰਗਟ ਕਰਦਾ ਹੈ। ਗੁਰੂ ਸਾਹਿਬ ਦੀਆਂ ਨਜ਼ਰਾਂ ਵਿਚ ਇਹ ਦੁਨਿਆਵੀ ਰਾਜੇ ਚਾਰ ਦਿਨਾਂ ਦੇ ਪ੍ਰਾਹੁਣੇ ਹਨ ਤੇ ਧਰਤੀ ਦੇ ਸੀਮਤ ਜਹੇ ਹਿੱਸੇ ਵਿਚ ਉਨ੍ਹਾਂ ਦਾ ਰਾਜ ਹੈ, ਇਹਨਾ ਦਾ ਰਾਜ਼ ਕੂੜ ਦੀ ਨੀਂਹ 'ਤੇ ਟਿਕਿਆ ਹੋਇਆ ਹੈ ਅਤੇ ਇਹ ਲੋਕਾਂ ਦਾ ਭਲਾ ਕਰਨ ਦੀ ਬਜਾਏ ਉਨ੍ਹਾਂ ਦੀ ਲੁੱਟ-ਖਸੁੱਟ ਕਰਦੇ ਹਨ ਪਰ ਸੱਚੇ ਪਾਤਸ਼ਾਹ ਅਕਾਲ ਪੁਰਖ ਦਾ ਰਾਜ ਸਦੀਵੀ ਹੈ ਅਤੇ ਇਹ ਸਰਬੱਤ ਦੇ ਭਲੇ ਦੀ ਨੀਂਹ 'ਤੇ ਟਿਕਿਆ ਹੋਇਆ ਹੈ, ਜਿਸਦੀ ਘਰ ਘਰ ਸਿਫ਼ਤ ਹੋ ਰਹੀ ਹੈ, ਜਿਸਨੂੰ ਧਰਤੀ ਦੇ ਚੌਹਾਂ ਕੋਨਿਆਂ 'ਚੋਂ ਸਲਾਮ ਹੋ ਰਹੀ ਹੈ। ਗੁਰੂ ਸਾਹਿਬ ਦਾ ਫੁਰਮਾਨ ਹੈ;

ਜੇ ਤੂ ਮੀਰ ਮਹੀਪਤਿ ਸਾਹਿਬੁ ਕੁਦਰਤਿ ਕਉਣ ਹਮਾਰੀ॥
ਚਾਰੇ ਕੁੰਟ ਸਲਾਮੁ ਕਰਹਿਗੇ ਘਰਿ ਘਰਿ ਸਿਫਤਿ ਤੁਮਾਰੀ॥

ਅਕਾਲ ਤਖ਼ਤ ਨੇ ਰਹਿੰਦੀ ਦੁਨੀਆਂ ਤੱਕ ਓਨਾਂ ਚਿਰ ਦੁਨਿਆਵੀ ਤਖ਼ਤਾਂ ਨੂੰ ਤੁੱਛ ਜਾਣਦਿਆਂ ਵੰਗਾਰਦੇ ਰਹਿਣਾ ਹੈ ਜਿਨਾਂ ਚਿਰ ਇਹ ਦੁਨਿਆਵੀ ਤਖ਼ਤ ਅਕਾਲ ਪੁਰਖ ਦੇ ਹੁਕਮ ਵਿਚ ਰਹਿ ਕੇ ਇਸ ਧਰਤੀ 'ਤੇ ਬੇਗਮਪੁਰੇ ਅਤੇ ਹਲੇਮੀ ਰਾਜ ਦੀ ਸਥਾਪਨਾ ਦੀ ਪੈਰੋਕਾਰੀ ਨਹੀਂ ਕਰਦੇ, ਜਿਨਾਂ ਚਿਰ ਇਸ ਦੁਨੀਆਂ ਅੰਦਰ ਬੰਦੇ ਹੱਥੋਂ ਬੰਦੇ ਦੀ ਕੀਤੀ ਜਾਂਦੀ ਲੁੱਟ ਖਤਮ ਨਹੀਂ ਹੁੰਦੀ ਤੇ ਜਿਨਾਂ ਚਿਰ ਕਿਰਤ ਕਰਨ ਤੇ ਵੰਡ ਛੱਕਣ ਦੇ ਵਿਧਾਨ ਦਾ ਬੋਲਬਾਲਾ ਨਹੀਂ ਹੁੰਦਾ। ਇਸ ਅਕਾਲ ਤਖ਼ਤ ਨੇ ਓਨਾਂ ਚਿਰ ਇਸ ਦੁਨਿਆਵੀ ਤਖ਼ਤਾਂ ਨੂੰ ਵੰਗਾਰਦੇ ਰਹਿਣਾ ਹੈ ਜਿਨਾਂ ਚਿਰ ਇਸ ਦੁਨੀਆਂ ਵਿਚ ਗਰੀਬਾਂ, ਨਿਤਾਣਿਆਂ, ਨਿਮਾਣਿਆਂ, ਨਿਆਸਰਿਆਂ, ਨਿਓਟਿਆਂ ਨਾਲ ਧੱਕਾ ਹੁੰਦਾ ਹੈ। ਅਕਾਲ ਪੁਰਖ ਦੀ ਸਾਜੀ ਇਸ ਫੌਜ ਭਾਵ ਖਾਲਸਾ ਪੰਥ ਨੇ ਓਨਾਂ ਚਿਰ ਚੁੱਪ ਕਰਕੇ ਨਹੀਂ ਬਹਿਣਾ ਜਿਨਾਂ ਚਿਰ ਕਿਸੇ ਵੀ ਬੰਦੇ ਨਾਲ ਇਸ ਦੁਨੀਆਂ 'ਤੇ ਧੱਕਾ ਅਤੇ ਵਿਤਕਰਾ ਹੁੰਦਾ ਹੈ ਤੇ ਉਸਨੂੰ ਸਹਿਜ ਅਦਲ ਤੋਂ ਵਾਂਝਿਆ ਰੱਖਿਆ ਜਾਂਦਾ ਹੈ। ਇਸ ਤਰ੍ਹਾਂ ਅਕਾਲ ਤਖ਼ਤ ਸਿੱਖ ਇਨਕਲਾਬ ਦੀ ਨਿਰੰਤਰਤਾ ਦਾ ਪ੍ਰਤੀਕ ਹੈ।

ਸਿੱਖਾਂ ਦੇ ਮਨਾਂ ਅੰਦਰ ਇਹ ਆਮ ਧਾਰਨਾ ਬਣੀ ਹੋਈ ਹੈ ਕਿ ਹਰਿਮੰਦਰ ਸਾਹਿਬ ਧਰਮ ਦਾ ਪ੍ਰਤੀਕ ਹੈ ਅਤੇ ਅਕਾਲ ਤਖ਼ਤ ਰਾਜਨੀਤੀ ਦਾ ਪ੍ਰਤੀਕ ਹੈ। ਪਰ ਧਿਆਨ ਦੇਣ ਯੋਗੰ ਗੱਲ ਇਹ ਹੈ ਕਿ ਅਕਾਲ ਤਖ਼ਤ ਕਿਹੜੀ ਰਾਜਨੀਤੀ ਦਾ ਪ੍ਰਤੀਕ ਹੈ? ਸੱਚੀ ਰਾਜਨੀਤੀ ਦਾ ਜਾਂ ਝੂਠੀ ਰਾਜਨੀਤੀ ਦਾ? ਧਰਮ ਤੋਂ ਰਹਿਤ ਮਨੁੱਖ ਦੀ ਰਾਜਨੀਤੀ ਦਾ ਜਾਂ ਧਰਮ ਨਾਲ ਭਰਪੂਰ ਮਨੁੱਖ ਦੀ ਰਾਜਨੀਤੀ ਦਾ? ਇਕ ਦੁਨੀਆਂ ਦਾ ਮੀਰ ਹੈ ਜਿਹੜਾ ਗਰੀਬਾਂ ਉੱਤੇ ਟੈਕਸ ਲਾ ਕੇ ਉਨ੍ਹਾਂ ਦੀ ਲੁੱਟ ਕਰਦਾ ਹੈ ਤੇ ਉਸ ਲੁੱਟ ਨਾਲ ਮੁੱਠੀ ਭਰ ਲੋਕ ਐਸ਼ ਕਰਦੇ ਹਨ ਪਰ ਇਕ ਮੀਰ ਅਕਾਲਪੁਰਖ ਹੈ, ਜਿਹੜਾ ਗਰੀਬਾਂ 'ਤੇ ਟੈਕਸ ਲਾਉਣ ਦੀ ਬਜਾਏ ਹਰ ਇਕ ਨੂੰ ਵੰਡ ਕੇ ਦੇਣ ਦਾ ਮੁਦੱਈ ਹੈ। ਹਰ ਕੋਈ ਕੁਦਰਤੀ ਭੰਡਾਰਿਆਂ ਵਿਚੋਂ ਰੱਜ ਕੇ ਖਾਵੇ, ਉਹ ਇਸ ਸਿਧਾਂਤ ਦਾ ਪਾਲਣਹਾਰ ਹੈ। ਅਕਾਲ ਤਖ਼ਤ ਉਸ ਸੱਚੇ ਪਾਤਸ਼ਾਹ ਅਕਾਲ ਪੁਰਖ ਦੀ ਸੱਚੀ ਰਾਜਨੀਤੀ ਦਾ ਪ੍ਰਤੀਕ ਹੈ। ਗੁਰੂ ਨਾਨਕ ਸਾਹਿਬ ਨੇ ਮੀਰੀ-ਪੀਰੀ ਦਾ ਇਹੀ ਸੰਕਲਪ ਦਿੱਤਾ, ਜਿਸਨੂੰ ਗੁਰੂ ਹਰਿਗੋਬਿੰਦ ਜੀ ਨੇ ਅਕਾਲ ਤਖ਼ਤ ਦੇ ਰੂਪ ਵਿਚ ਪ੍ਰਗਟ ਕੀਤਾ।

ਪਰ ਸਾਡੀ ਬਦਕਿਸਮਤੀ ਇਹ ਹੈ ਕਿ ਜਿਹੜੀ ਲੀਡਰਸ਼ਿਪ ਨੇ ਅਕਾਲ ਤਖਤ ਦੇ ਮੀਰੀ ਪੀਰੀ ਦੇ ਸੰਕਲਪ ਅਤੇ ਪੰਚ ਪ੍ਰਧਾਨੀ ਮਰਿਆਦਾ ਨੂੰ ਪ੍ਰਗਟ ਕਰਨਾ ਸੀ ਅਤੇ ਸਿੱਖ ਕੌਮ ਨੂੰ ਅਕਾਲ ਤਖ਼ਤ ਦੀ ਛਤਰਛਾਇਆ ਹੇਠ ਲਿਆ ਕੇ ਸਮੁੱਚੀ ਕੌਮ ਨੂੰ ਇਕਮੁੱਠ ਰਖਣਾ ਸੀ, ਉਸੇ ਲੀਡਰਸ਼ਿਪ ਨੇ ਅੱਜ ਮੀਰੀ ਪੀਰੀ ਦੇ ਸਿਧਾਂਤ ਅਤੇ ਪੰਚ ਪ੍ਰਧਾਨੀ ਮਰਿਆਦਾ ਦੀਆਂ ਧੱਜੀਆਂ ਉਡਾਈਆਂ ਅਤੇ ਅਕਾਲ ਤਖ਼ਤ ਦੀ ਬੇਪਤੀ ਕੀਤੀ।

ਕੁਝ ਮਹੀਨੇ ਪਹਿਲਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਇਹ ਕੋਸ਼ਿਸ਼ ਹੋਈ ਕਿ ਮੀਰੀ ਪੀਰੀ ਦੇ ਸਕੰਲਪ ਨੂੰ ਬਦਲ ਕੇ ਪੀਰੀ ਮੀਰੀ ਕਰ ਦਿੱਤਾ ਜਾਵੇ। ਇਹ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਗਈ ਕਿ ਗੁਰੂ ਸਾਹਿਬ ਇਸ ਮਾਮਲੇ ਵਿਚ ਭੁਲੇਖਾ ਖਾ ਗਏ ਸਨ ਤੇ ਗਲਤੀ ਕਰ ਗਏ ਸਨ। ਉਨ੍ਹਾਂ ਨੂੰ ਮੀਰੀ ਪੀਰੀ ਨਹੀਂ ਬਲਕਿ ਪੀਰੀ ਮੀਰੀ ਦਾ ਸਕੰਲਪ ਦੇਣਾ ਚਾਹੀਦਾ ਸੀ। ਕਿਉਂਕਿ ਜਦੋਂ ਅਸੀ ਸੰਤ ਸਿਪਾਹੀ ਕਹਿੰਦੇ ਹਾਂ ਤਾਂ ਸੰਤ ਪਹਿਲਾਂ ਆਉਂਦਾ ਹੈ ਅਤੇ ਸਿਪਾਹੀ ਬਾਅਦ ਵਿਚ, ਜਦੋਂ ਅਸੀਂ ਧਰਮ ਤੇ ਰਾਜਨੀਤੀ ਦੀ ਗੱਲ ਕਰਦੇ ਹਾਂ ਤਾਂ ਧਰਮ ਪਹਿਲਾਂ ਆਉਂਦਾ ਹੈ, ਜਦੋਂ ਅਸੀਂ ਭਗਤੀ ਸ਼ਕਤੀ ਦੀ ਗੱਲ ਕਰਦੇ ਹਾਂ ਤਾਂ ਭਗਤੀ ਸ਼ਬਦ ਪਹਿਲਾਂ ਆਉਂਦਾ ਹੈ, ਇਸ ਕਰਕੇ ਮੀਰੀ ਪੀਰੀ ਨਹੀਂ ਬਲਕਿ ਪੀਰੀ ਮੀਰੀ ਸ਼ਬਦ ਹੋਣਾ ਚਾਹੀਦਾ ਹੈ। ਸਿੱਖ ਕੌਮ ਅੰਦਰ ਚੇਤਨਾ ਦੀ ਘਾਟ ਹੋਣ ਕਰਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਛਾਪੇ ਜਾਂਦੇ ਆਪਣੇ ਪਰਚੇ 'ਗੁਰਮਤਿ ਪ੍ਰਕਾਸ਼' ਦੇ ਤਿੰਨ ਅੰਕ ਇਸ ਆਸ਼ੇ ਸਬੰਧੀ ਕੱਢੇ ਗਏ, ਜਿਸ ਵਿਚ ਅਕਾਲ ਤਖ਼ਤ ਸਾਹਿਬ ਦੀ ਫੋਟੋ ਦੇ ਕੇ, ਉਥੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੋਣ ਦੀ ਗੱਲ ਕੀਤੀ ਗਈ, ਜਿਥੇ ਗੁਰੂ ਸਾਹਿਬਾਨ ਦੇ ਸ਼ਸਤਰ ਮੌਜੂਦ ਹਨ ਤੇ ਨਾਲ ਹੀ ਲਿਖਿਆ ਹੋਇਆ ਸੀ ਪੀਰੀ ਮੀਰੀ ਅਤੇ ਦਲੀਲ ਇਹ ਦਿੱਤੀ ਗਈ ਕਿ ਗੁਰੂ ਗੁਰ-ਸ਼ਬਦ ਪੀਰ ਹੈ। ਪੀਰ ਸ਼ਬਦ ਪਹਿਲਾਂ ਤੇ ਮੀਰ ਸ਼ਬਦ ਬਾਦ 'ਚ ਆਉਣਾ ਚਾਹੀਦਾ ਹੈ ਕਿਉਂਕਿ ਮੀਰ ਸ਼ਬਦ ਰਾਜਨੀਤੀ ਦਾ ਪ੍ਰਤੀਕ ਹੈ ਅਤੇ ਉਸ ਰਾਜਨੀਤੀ ਦੇ ਸਦਕੇ ਅੱਜ ਸਾਡੀ (ਬਾਦਲ) ਸਰਕਾਰ ਕਾਇਮ ਹੈ। ਇਸ ਬੇਸਮਝ ਲਾਣੇ ਨੂੰ ਕੌਣ ਸਮਝਾਵੇ ਕਿ ਅਕਾਲ ਤਖ਼ਤ ਦੁਨਿਆਵੀ ਰਾਜਨੀਤੀ ਦਾ ਪ੍ਰਤੀਕ ਨਹੀਂ ਸਗੋਂ ਸੱਚੇ ਪਾਤਸ਼ਾਹ ਦੇ ਸੱਚੇ ਤਖ਼ਤ ਤੇ ਸੱਚੇ ਅਦਲ ਦਾ ਪ੍ਰਤੀਕ ਹੈ, ਜਿਸਦਾ ਹੋਰ ਕੋਈ ਸਾਨ੍ਹੀ ਨਹੀਂ। ਗੁਰੂ ਸਾਹਿਬ ਮੀਰ ਅਕਾਲ

ਪੁਰਖ ਨੂੰ ਮੰਨੀ ਬੈਠੇ ਹਨ ਪਰ ਸਾਡੇ ਲਾਲਚੀ ਤੇ ਖੁਦਗਰਜ ਲੀਡਰ ਮੀਰ ਬਾਦਲ ਨੂੰ ਮੰਨਦੇ ਹਨ। ਆਪਣੀ ਇਸ ਕੋਸ਼ਿਸ਼ ਵਿਚ ਉਨ੍ਹਾਂ ਨੂੰ ਕਾਮਯਾਬੀ ਤਾਂ ਨਹੀਂ ਮਿਲੀ ਤੇ ਉਹ ਖੁਆਰ ਹੋ ਰਹੇ ਹਨ ਤੇ ਖੁਆਰ ਹੋਏ ਸਭ ਮਿਲਹਿਗੇ ਦੇ ਕਥਨ ਅਨੁਸਾਰ ਇਕ ਦੂਜੇ ਦੇ ਗਲੇ ਮਿਲ ਰਹੇ ਹਨ ਪਰ ਸ਼ਰਨ ਵਿਚ ਆਉਣ ਕਰਕੇ ਬਚਾਅ ਕਿਸਦਾ ਹੁੰਦਾ ਹੈ ਇਹ ਭਵਿੱਖ ਹੀ ਦੱਸੇਗਾ।

ਕੁਝ ਕੁਰਬਾਨੀ ਤੇ ਸੂਝ ਬੂਝ ਵਾਲੇ ਸਿੱਖਾਂ ਨੇ ਸੰਘਰਸ਼ ਕਰਕੇ 1925 ਵਿਚ ਗੁਰਦੁਆਰਾ ਪ੍ਰਬੰਧਕ ਕਮੇਟੀ ਹੋਂਦ ਵਿਚ ਲਿਆਂਦੀ। ਉਸ ਕਮੇਟੀ ਦਾ ਕਾਰਜ ਖੇਤਰ ਕੇਵਲ ਗੁਰਦੁਆਰਿਆਂ ਦਾ ਪ੍ਰਬੰਧ ਕਰਨਾ ਸੀ ਪਰ ਸੁਆਰਥੀ ਲੀਡਰਸ਼ਿਪ ਨੇ ਪ੍ਰਬੰਧਕੀ ਦਾਇਰੇ ਤੋਂ ਚਾਰ ਕਦਮ ਅਗਾਂਹ ਲੰਘ ਕੇ ਗੁਰੂ ਘਰ ਦੀ ਮਰਿਆਦਾ ਤੇ ਪ੍ਰਪੰਰਾ ਨੂੰ ਵੀ ਗੁਰਦੁਆਰਿਆਂ ਦੇ ਪ੍ਰਬੰਧ ਕਰਨ ਲਈ ਬਣੇ ਐਕਟ ਦੇ ਅਧੀਨ ਲੈ ਆਂਦਾ ਅਤੇ ਸਾਡੇ ਸ਼ਾਨਾਮੱਤੇ ਗੁਰ ਇਤਿਹਾਸ ਨੂੰ ਆਪਣੇ ਸੁਆਰਥ ਲਈ ਕਲੰਕਤ ਕੀਤਾ। ਸਾਡੀ ਮਹਾਨ ਪ੍ਰੰਪਰਾ ਤਾਂ ਇਹ ਸੀ ਕਿ ਗੁਰੂ ਅਰਜਨ ਦੇਵ ਜੀ ਨੇ ਹਰਿਮੰਦਰ ਸਾਹਿਬ ਦੀ ਸਾਜਨਾ ਅਤੇ ਅਣਥੱਕ ਘਾਲਣਾ ਤੋਂ ਬਾਅਦ ਆਦਿ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕਰਕੇ ਗੁਰਸਿੱਖਾਂ ਵਿਚੋਂ ਕਿਸੇ ਅਜਿਹੀ ਮਹਾਨ ਹਸਤੀ ਦੀ ਭਾਲ ਕੀਤੀ ਜੋ ਇਸ ਮਹਾਨ ਅਸਥਾਨ 'ਤੇ ਸੁਸ਼ੋਭਤ ਹੋ ਕੇ ਰੱਬੀ ਬਾਣੀ ਦਾ ਪ੍ਰਚਾਰਕ ਬਣੇ ਭਾਵ ਹਰਿਮੰਦਰ ਸਾਹਿਬ ਦਾ ਗ੍ਰੰਥੀ ਕਿਸ ਨੂੰ ਥਾਪਿਆ ਜਾਵੇ ਤਾਂ ਗੁਰੂ ਅਰਜਨ ਦੇਵ ਜੀ ਦੀ ਨਿਗਾਹ ਗੁਰੂ ਨਾਨਕ ਸਾਹਿਬ ਜੀ ਦੇ ਸਮਕਾਲੀ ਬ੍ਰਹਮਗਿਆਨੀ ਬਾਬਾ ਬੁੱਢਾ ਜੀ 'ਤੇ ਗਈ, ਜਿਨ੍ਹਾਂ ਦੀ ਆਯੂ ਉਸ ਸਮੇਂ 98 ਸਾਲ ਸੀ। ਉਨ੍ਹਾਂ ਨੂੰ ਇਹ ਮਹਾਨ ਸੇਵਾ ਸੌਂਪੀ ਗਈ। ਇਹ ਸੀ ਸਾਡੀ ਪ੍ਰੰਪਰਾ ਅਤੇ ਗੁਰੂ ਇਤਿਹਾਸ ਪਰ ਅੱਜ ਜਦੋਂ ਹਰਿਮੰਦਰ ਸਾਹਿਬ ਦਾ ਗ੍ਰੰਥੀ 58 ਸਾਲਾਂ ਦਾ ਹੋਵੇ ਤਾਂ ਉਸਨੂੰ ਰੀਟਾਇਰਮੈਂਟ ਦੀ ਪਰਚੀ ਦੇ ਕੇ ਘਰ ਦਾ ਰਾਹ ਦਿਖਾ ਦਿੱਤਾ ਜਾਂਦਾ ਹੈ, ਜਿਵੇਂ ਗਿਆਨੀ ਮੋਹਣ ਸਿੰਘ ਨਾਲ ਕੀਤਾ ਗਿਆ। ਇਹ ਹੈ ਗੁਰਦੁਆਰਾ ਐਕਟ ਤੇ ਉਸਨੂੰ ਚਲਾਉਣ ਵਾਲਿਆਂ ਦੀ ਪ੍ਰੰਪਰਾ।

ਗੁਰੂ ਇਤਿਹਾਸ ਤੇ ਗੁਰੂ ਸਾਹਿਬ ਜੀ ਦੀ ਪ੍ਰੰਪਰਾਂ ਤਾਂ ਸਾਢੇ ਪੰਜ ਸਾਲ ਦੇ ਹਰਕਿਸ਼ਨ ਜੀ ਨੂੰ ਗੁਰੂ ਗੱਦੀ 'ਤੇ ਬਿਰਾਜਮਾਨ ਕਰਦੀ ਹੈ ਪਰ ਅੱਜ ਸਾਡੇ ਸੁਆਰਥੀ ਪ੍ਰਬੰਧਕ 18 ਸਾਲ ਤੋਂ ਇਕ ਦਿਨ ਵੀ ਉਮਰ ਘਟ ਹੋਵੇ ਤਾਂ ਨੌਜਵਾਨ ਨੂੰ ਉਮਰ ਦਾ ਬਹਾਨਾ ਬਣਾ ਕੇ ਸੇਵਾਦਾਰ ਦੀ ਨੌਕਰੀ ਨਹੀਂ ਦੇਂਦੇ। ਇਸ ਸੁਆਰਥੀ ਲੀਡਰਸ਼ਿਪ ਨੇ ਸਿੱਖ ਪੰਥ ਦੇ ਬੋਲਬਾਲੇ ਦੀ ਥਾਂ ਆਪਣੇ ਨਿੱਜ ਦੇ ਬੋਲਬਾਲੇ ਲਈ, ਕੌਮਪ੍ਰਸਤੀ ਤੋਂ ਹੱਟ ਕੇ ਨਿੱਜਪ੍ਰਸਤੀ ਲਈ, ਅਕਾਲ ਤਖ਼ਤ ਤੇ ਉਸਦੇ ਸਨਮਾਨ ਨੂੰ ਛੁਟਿਆ ਕੇ ਤੇ ਅਕਾਲ ਤਖ਼ਤ ਸਾਹਿਬ ਦੀ ਬਾਰ ਬਾਰ ਬੇਅਦਬੀ ਕਰਕੇ ਕੌਮ ਨੂੰ ਕੱਖੋਂ ਹੋਲਿਆਂ ਕਰ ਦਿੱਤਾ ਹੈ। ਕਦੀ ਅਕਾਲ ਤਖ਼ਤ ਸਾਹਿਬ ਦੇ ਸਿਰਜਣਹਾਰ ਗੁਰੂ ਹਰਗੋਬਿੰਦ ਪਾਤਸ਼ਾਹ ਨੇ ਕੌਮ ਦੀ ਅਣਖ ਨੂੰ ਵੰਗਾਰਨ ਵਾਲੇ ਮੁਗਲਾਂ ਤੇ ਦਿਲੀ ਤਖ਼ਤ ਨਾਲ ਚਾਰ ਲੜਾਈਆਂ ਲੜੀਆਂ, ਇਕ ਮਹਿਰਾਜ ਵਿਚ, ਦੂਜੀ ਅਮ੍ਰਿਤਸਰ ਵਿਚ, ਤੀਜੀ ਕਰਤਾਰਪੁਰ ਵਿਚ ਤੇ ਚੌਥੀ ਹਰਗੋਬਿੰਦਪੁਰ ਵਿਚ। ਇਨ੍ਹਾਂ ਚੌਹਾਂ ਲੜਾਈਆਂ ਵਿਚ ਗੁਰੂ ਸਾਹਿਬ ਜੀ ਦੇ ਹੱਥੋਂ ਪੰਜ ਜਰਨੈਲ (ਅੰਮ੍ਰਿਤਸਰ ਦੀ ਲੜਾਈ 'ਚ ਮੁਖਲਿਸ ਖਾਨ, ਹਰਗੋਬਿੰਦ ਪੁਰ ਦੀ ਲੜਾਈ 'ਚ ਜਲੰਧਰ ਦਾ ਗਵਰਨਰ ਅਬਦੁੱਲਾ ਖਾਂ ਤੇ ਨਾਲ ਚੰਦੂ ਦਾ ਪੁੱਤਰ, ਮਹਿਰਾਜ ਦੀ ਲੜਾਈ ਵਿਚ ਲੱਲਾ ਬੇਗ ਅਤੇ ਕਰਤਰਾਪੁਰ ਦੀ ਲੜਾਈ ਵਿਚ ਕਾਲੇ ਖਾਂ ਤੇ ਨਾਲ ਪੈਂਡੇ ਖਾਂ) ਮਾਰੇ ਗਏ ਤੇ ਜਿੱਤ ਗੁਰੂ ਸਾਹਿਬ ਦੀ ਹੋਈ। ਪਰ ਅੱਜ ਅਕਾਲ ਤਖ਼ਤ

ਦੇ ਜਥੇਦਾਰ ਦੀ ਸਥਾਪਤੀ ਲਈ ਪ੍ਰਵਾਨਗੀ ਦਿੱਲੀ ਦੇ ਤਖ਼ਤ ਤੋਂ ਲਈ ਜਾਂਦੀ ਹੈ।

ਕੁਝ ਸਮਾਂ ਪਹਿਲਾਂ ਗੁਰਦੁਆਰਾ ਚੋਣ ਕਮਿਸ਼ਨ ਤੋਂ ਸ. ਬਾਦਲ ਦੇ ਕਬਜੇ ਹੇਠਲੀ ਸ਼੍ਰੋਮਣੀ ਕਮੇਟੀ ਨੇ ਆਲ ਇੰਡੀਆ ਗੁਰਦੁਆਰਾ ਐਕਟ ਦਾ ਇਕ ਖਰੜਾ ਤਿਆਰ ਕਰਵਾਇਆ, ਜਿਸ ਵਿਚ ਅਕਾਲ ਤਖ਼ਤ ਦਾ ਜਥੇਦਾਰ ਨਿਯੁਕਤ ਕਰਨ ਤੇ ਲਾਹੁਣ ਦਾ ਪੈਮਾਨਾ ਮਿਥਿਆ ਗਿਆ। ਖਰੜੇ ਅਨੁਸਾਰ ਜਥੇਦਾਰ ਅਕਾਲ ਤਖ਼ਤ 45 ਸਾਲ ਤੋਂ ਘੱਟ ਉਮਰ ਦਾ ਨਾ ਹੋਵੇ, ਉਹ ਗਰੈਜੂਏਟ ਹੋਵੇ, ਉਸਨੇ ਕਦੀ ਕਤਲ ਨਾ ਕੀਤਾ ਹੋਵੇ ਅਤੇ ਉਸਨੇ ਕਦੀ ਕੈਦ ਨਾ ਕੱਟੀ ਹੋਵੇ। ਇਹ ਖਰੜਾ ਤਿਆਰ ਕਰਵਾ ਕੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਦਾ ਤਿੰਨ ਵਾਰੀ ਬਕਾਇਦਾ ਪ੍ਰੈਸ ਵਿਚ ਬਿਆਨ ਛਪਿਆ ਕਿ ਇਸ ਖਰੜੇ ਨੂੰ ਸ਼੍ਰੋਮਣੀ ਕਮੇਟੀ ਦੇ ਜਨਰਲ ਹਾਊਸ ਤੋਂ ਪਾਸ ਕਰਵਾ ਕੇ ਦਿੱਲੀ ਦੀ ਪਾਰਲੀਮੈਂਟ ਰਾਂਹੀ ਕਾਨੂੰਨ ਬਣਵਾ ਕੇ ਲਾਗੂ ਕਰਵਾਇਆ ਜਾਵੇਗਾ।

ਪਰ ਇਥੇ ਸੁਆਲ ਪੈਦਾ ਹੁੰਦਾ ਹੈ ਕਿ ਜੇ ਇਹ ਖਰੜਾ ਪਾਸ ਹੋ ਕੇ ਕਾਨੂੰਨ ਬਣ ਜਾਂਦਾ ਤਾਂ ਖੁਦਾ ਨਾ ਖਾਸਤਾ ਜੇ ਕਿਤੇ ਗੁਰੂ ਹਰਗੋਬਿੰਦ ਸਾਹਿਬ ਅਕਾਲ ਤਖ਼ਤ 'ਤੇ ਦੁਬਾਰਾ ਆਉਣਾ ਚਾਹੁਣ ਤਾਂ ਕੀ ਬਾਦਲ ਸਾਹਿਬ ਤੇ ਉਸਦੇ ਚਾਪਲੂਸ ਗੁਰੂ ਹਰਗੋਬਿੰਦ ਸਾਹਿਬ ਨੂੰ ਅਕਾਲ ਤਖ਼ਤ 'ਤੇ ਆਉਣ ਦੇਣਗੇ? ਕਿਉਂਕਿ ਗੁਰੂ ਹਰਗੋਬਿੰਦ ਸਾਹਿਬ ਨੇ ਚਾਰ ਲੜਾਈਆਂ ਵਿਚ ਪੰਜ ਸੈਨਾਪਤੀ ਤਾਂ ਆਪਣੇ ਹੱਥੀ ਝਟਕਾਏ ਤੇ ਛੇਵਾਂ ਪੈਂਡੇ ਖਾਂ ਢਾਲ ਮਾਰ ਕੇ ਮਾਰ ਦਿੱਤਾ ਸੀ ਤੇ ਗਿਆਰਾਂ ਮਹੀਨੇ ਕੈਦ ਵੀ ਗਵਾਲੀਅਰ ਦੇ ਕਿਲੇ ਵਿਚ ਕੱਟੀ ਸੀ।

ਆਖਰ ਇਹ ਬੇਈਮਾਨ ਸੁਆਰਥੀ ਲੀਡਰਸ਼ਿਪ ਆਪਣੇ ਸੁਆਰਥ ਲਈ ਕਿੰਨਾ ਕੁ ਚਿਰ ਸਿੱਖ ਕੌਮ ਨੂੰ ਵਰਤਦੀ ਰਹੇਗੀ? ਇਹ ਕੌਮ ਨੂੰ ਕਿਹੜੀ ਡੂੰਘੀ ਖੱਡ ਵਿਚ ਸੁਟਣਾ ਚਾਹੁੰਦੀ ਹੈ? ਇਹ ਲੀਡਰਸ਼ਿਪ ਕਦੋਂ ਤੱਕ ਸਿੱਖਾਂ ਦੇ ਸਿਰਾਂ ਦਾ ਮੁੱਲ ਵੱਟਦੀ ਰਹੇਗੀ? ਕਦੋਂ ਤੱਕ ਗਰੀਬ ਸਿੱਖਾਂ ਦੇ ਪੁੱਤਰ ਮਰਵਾ ਕੇ ਆਪਣੇ ਪੁੱਤਰਾਂ ਨੂੰ ਰਾਜ ਕਰਵਾਉਂਦੀ ਰਹੇਗੀ? ਇਕ ਸਾਡਾ ਉਹ ਲੀਡਰ ਸੀ, ਜਿਸਦਾ ਸਕੰਲਪ ਸੀ, 'ਇਨ ਗ਼ਰੀਬ ਸਿੱਖਨ ਕਉ ਮੈਂ ਦਿਉ ਪਾਤਸ਼ਾਹੀ, ਯਾਦ ਕਰੇ ਹਮਰੀ ਗੁਰਆਈ'। ਫੁੱਲਾਂ ਤੋਂ ਕੋਮਲ ਆਪਣੇ ਬੱਚੇ, ਮਾਤਾ ਪਿਤਾ, ਭੂਆ ਦੇ ਪੁੱਤਰ ਸ਼ਹੀਦ ਕਰਵਾ ਕੇ ਸਾਨੂੰ ਸਰਦਾਰੀਆਂ ਬਖਸ਼ਣ ਵਾਲੇ ਦਸਮ ਪਿਤਾ ਦੇ ਨਾਂਅ ਨੂੰ ਇਹ ਸੁਆਰਥੀ ਲੀਡਰਸ਼ਿਪ ਕਦੋਂ ਤੱਕ ਵੇਚਦੀ ਰਹੇਗੀ? ਇਹ ਓਨਾਂ ਚਿਰ ਵਾਪਰਦਾ ਰਹੇਗਾ, ਜਿਨਾਂ ਚਿਰ ਸਾਡੀ ਲੀਡਰਸ਼ਿੱਪ ਗੁਰੂ ਸਾਹਿਬ ਦੇ ਬਖਸ਼ੇ ਹੋਏ ਪਵਿੱਤਰ ਮਿਸ਼ਨ ਨੂੰ ਪੂਰਾ ਕਰਨ ਲਈ ਪਵਿੱਤਰ ਮਰਿਆਦਾ ਵਿਚ ਬੱਝ ਕੇ ਤੇ ਨਿਸ਼ਕਾਮ ਹੋ ਕੇ ਸੇਵਾ ਨਹੀਂ ਕਰਦੀ। ਆਪਣੇ ਆਪ ਅਨੁਭਵ ਕਰੋ ਕੌਮ ਉਸ ਦਿਨ ਕਿਨੀ ਕੁ ਚੜ੍ਹਦੀਕਲਾ ਵਿਚ ਤੇ ਉੱਚੇ ਇਖਲਾਕ ਵਿਚ ਮਹਿਸੂਸ ਕਰ ਰਹੀ ਹੋਵੇਗੀ, ਜਿਸ ਦਿਨ ਦਸਮ ਗੁਰੂ ਜੀ ਨੇ ਤਲਵਾਰ ਦੀ ਧਾਰ ਤੋਂ ਪੰਚ ਪ੍ਰਧਾਨੀ ਮਰਿਆਦਾ ਪ੍ਰਗਟ ਕਰਕੇ ਫਿਰ ਪੰਜਾ ਅਗੇ ਆਪ ਸੀਸ ਝੁਕਾ ਕੇ ਖੰਡੇ ਬਾਟੇ ਦੀ ਪਾਹੁਲ ਪ੍ਰਾਪਤ ਕੀਤੀ ਸੀ ਤੇ ਜਿਸ ਸਚਾਈ ਨੂੰ ਬਿਆਨਦਿਆਂ ਭਾਈ ਗੁਰਦਾਸ ਸਿੰਘ ਜੀ ਲਿਖਦੇ ਹਨ :-

ਵਹਿ ਪ੍ਰਗਟਿਓ ਮਰਦ ਅਗੰਮੜਾ ਵਰਿਆਮ ਅਕੇਲਾ॥
ਵਾਹੁ ਵਾਹੁ ਗੁਰੂ ਗੋਬਿੰਦ ਸਿੰਘ ਆਪੇ ਗੁਰ ਚੇਲਾ॥

ਪਰ ਸਿੱਖ ਕੌਮ ਦਾ ਸਿਰ ਉਦੋਂ ਸ਼ਰਮ ਨਾਲ ਝੁਕ ਗਿਆ ਜਦੋਂ 50 ਸਾਲ ਲਗਾਤਾਰ

ਸਿੱਖ ਕੌਮ ਨੂੰ ਬੇਵਕੂਫ ਬਨਾਉਣ ਲਈ ਤੇ ਆਪਣੇ ਅਕਾਲੀ ਭੇਖ ਦਾ ਆਡੰਬਰ ਰੱਚ ਕੇ ਕੌਮ ਨੂੰ ਇਖਲਾਕ ਤੋਂ ਡੇਗਣ ਵਾਲੇ ਸ. ਪ੍ਰਕਾਸ਼ ਸਿੰਘ ਬਾਦਲ ਨੇ ਇੱਛਾ ਪ੍ਰਗਟ ਕੀਤੀ ਕਿ ਮੈਂ ਵੀ ਖਾਲਸਾ ਪੰਥ ਦੇ 300 ਸਾਲਾ ਸਾਜਨਾ ਦਿਵਸ 'ਤੇ ਅਮ੍ਰਿਤ ਪਾਨ ਕਰਨਾ ਹੈ ਤਾਂ ਉਸਦੀ ਇੱਛਾ ਪੂਰਤੀ ਲਈ ਗਿਆਨੀ ਪੂਰਨ ਸਿੰਘ, ਜਿਨ੍ਹਾਂ ਨੂੰ ਸਰਕਟ ਹਾਊਸ ਵਿਚ ਮਤਾ ਪਾ ਕੇ ਜਥੇਦਾਰ ਬਣਾਇਆ ਗਿਆ ਸੀ, ਸਿਰ 'ਤੇ ਪੈਰ ਰੱਖ ਕੇ ਅਨੰਦਪੁਰ ਸਾਹਿਬ ਭੱਜੇ ਗਏ। ਉਹ ਏਨੀ ਜੁਅਰਤ ਵੀ ਨਾ ਕਰ ਸਕੇ ਕਿ ਸ. ਬਾਦਲ ਨੂੰ ਕਹਿ ਦੇਂਦੇ ਕਿ ਅਮ੍ਰਿਤ ਛਕਣ ਲਈ ਆਪਣੀ ਘਰ ਵਾਲੀ ਨੂੰ ਨਾਲ ਲੈ ਕੇ ਆਓ।

ਮੁਕਦੀ ਗੱਲ ਇਹ ਹੈ ਕਿ ਆਪਣਾ ਸਿਰ ਸੌਂਪ ਕੇ ਦਸਮ ਪਾਤਸ਼ਾਹ ਜੀ ਤੋਂ ਅਸੀਮ ਸ਼ਕਤੀ ਪ੍ਰਾਪਤ ਕਰਨ ਵਾਲੇ ਅਤੇ ਪੰਚ ਪ੍ਰਧਾਨੀ ਮਰਿਆਦਾ ਦੀ ਸਥਾਪਨਾ ਕਰਨ ਵਾਲੇ ਪੰਜ ਪਿਆਰਿਆਂ ਦੀ ਥਾਂ ਅੱਜ ਗੁਰੂ ਦੀ ਗੋਲਕ 'ਤੇ ਐਸ਼ ਲੁੱਟਣ ਵਾਲਿਆਂ ਨੇ ਕਬਜਾ ਕੀਤਾ ਹੋਇਆ ਹੈ ਅਤੇ ਆਪ ਗੁਰੂ ਦੀ ਤਾਬਿਆ ਰਹਿ ਕੇ ਪੰਥ ਨੂੰ ਆਪਣੀ ਤਾਬਿਆ ਕਰਨ ਦੀ ਥਾਂ, ਉਹ ਆਪ ਹੀ ਪ੍ਰਕਾਸ਼ ਸਿੰਘ ਬਾਦਲ ਦੀ ਤਾਬਿਆ ਬੈਠੇ ਨਜਰ ਆ ਰਹੇ ਹਨ। ਕੌਮ ਇਨ੍ਹਾਂ ਤੋਂ ਕੀ ਆਸ ਰੱਖ ਸਕਦੀ ਹੈ?

ਗੁਰੂ ਨਾਨਕ ਸਾਹਿਬ ਜੀ ਨੇ ਠੀਕ ਹੀ ਫੁਰਮਾਇਆ ਹੈ;

ਤਾਲ ਮਦੀਰੇ ਘਟ ਕੇ ਘਾਟ॥
ਦੋਲਕ ਦੁਨੀਆਂ ਵਾਜਹਿ ਵਾਜ॥
ਨਾਰਦੁ ਨਾਚੈ ਕਲਿ ਕਾ ਭਾਉ॥
ਜਤੀ ਸਤੀ ਕਹ ਰਾਖਹਿ ਪਾਉ॥

**ਗੁਰਬਚਨ ਸਿੰਘ (ਦੇਸ ਪੰਜਾਬ)**

■

# ਬੀਬੀ ਦਰਸ਼ਨ ਕੌਰ

ਸਿੰਘ ਸਾਹਿਬ ਭਾਈ ਰਣਜੀਤ ਸਿੰਘ ਜੀ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵਜੋਂ ਆਪਣੀ ਸਭ ਤੋਂ ਪਹਿਲੀ ਕਾਰਵਾਈ ਦਿੱਲੀ ਦੀ ਬੀਬੀ ਦਰਸ਼ਨ ਕੌਰ ਨੂੰ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕੁਝ ਅਹੁਦੇਦਾਰਾਂ ਵੱਲੋਂ ਇਤਿਹਾਸਕ ਗੁਰਦੁਆਰਾ ਮਾਤਾ ਸੁੰਦਰੀ ਵਿਖੇ ਕੀਤੀ ਗਈ ਕੁੱਟਮਾਰ ਦਾ ਨੋਟਿਸ ਲੈ ਕੇ ਆਰੰਭ ਕੀਤੀ। ਭਾਈ ਸਾਹਿਬ ਦੇ ਇਸ ਪਹਿਲੇ ਹੀ ਕੇਸ ਨੇ ਸਮੁੱਚੇ ਸਿੱਖ ਪੰਥ ਦਾ ਧਿਆਨ ਆਪਣੇ ਵੱਲ ਖਿੱਚਿਆ। ਉਨ੍ਹਾਂ ਨੇ ਇਸ ਸਬੰਧੀ ਇਸ ਘਟਨਾਂ ਲਈ ਜ਼ਿੰਮੇਵਾਰ ਅਹੁਦੇਦਾਰਾਂ ਨੂੰ ਚਿੱਠੀ ਲਿਖ ਕੇ ਅਕਾਲ ਤਖ਼ਤ 'ਤੇ ਤਲਬ ਕੀਤਾ।

ਇਸ ਚਿੱਠੀ ਦਾ ਮੂਲ ਪਾਠ ਹੇਠ ਲਿਖੇ ਅਨੁਸਾਰ ਹੈ;

*7 ਅਪ੍ਰੈਲ, 1997*

ਪ੍ਰਧਾਨ,
ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ,
ਦਫਤਰ, ਗੁਰਦੁਆਰਾ ਸ੍ਰੀ ਰਕਾਬ ਗੰਜ ਸਾਹਿਬ,
ਨਵੀਂ ਦਿੱਲੀ-10001

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਹਿ॥

ਮਿਤੀ 25.3.97 ਨੂੰ ਵਿਧਵਾ ਬੀਬੀ ਭਾਗੀ ਕੌਰ, ਵਿਧਵਾ ਬੀਬੀ ਗੋਪੀ ਕੌਰ ਅਤੇ ਵਿਧਵਾ ਬੀਬੀ ਸਤਨਾਮ ਕੌਰ ਆਦਿ ਵਲੋਂ ਲਿਖੇ ਸ਼ਿਕਾਇਤ ਪੱਤਰ ਤੇ ਅਖਬਾਰਾਂ ਦੇ ਬਿਆਨਾਂ ਅਨੁਸਾਰ ਕਿ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਦਫਤਰ ਵਿਖੇ, ਬੀਬੀ ਦਰਸ਼ਨ ਕੌਰ (ਜੋ ਦਿੱਲੀ ਸਿੱਖ ਕਤਲੇਆਮ ਦੇ ਮੁੱਖ ਦੋਸ਼ੀ ਐਚ.ਕੇ.ਐਲ. ਭਗਤ ਦੇ ਕੇਸ 'ਚ ਮੁੱਖ ਗਵਾਹ ਹੈ) 'ਤੇ ਜਾਨਲੇਵਾ ਹਮਲਾ ਕੀਤਾ ਗਿਆ ਹੈ, ਦੇ ਸਬੰਧ ਵਿਚ ਦੁਬਾਰਾ ਸਪੱਸ਼ਟੀਕਰਨ ਦੇਣ ਹਿਤ ਤੁਸੀਂ ਆਪ ਤੇ ਇਸ ਦੇ ਇਲਾਵਾ ਸੀਨੀਅਰ ਮੀਤ ਪ੍ਰਧਾਨ, ਜੂਨੀਅਰ ਮੀਤ ਪ੍ਰਧਾਨ, ਜਨਰਲ ਸਕੱਤਰ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਅਵਤਾਰ ਸਿੰਘ ਹਿਤ ਮੈਂਬਰ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ: ਇੰਦਰਪਾਲ ਸਿੰਘ ਖਾਲਸਾ ਮਿਤੀ 22.4.97 ਨੂੰ ਦਿਨ ਦੇ 11 ਵਜੇ ਦਫਤਰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹਾਜ਼ਰ ਹੋ ਕੇ ਸਪੱਸ਼ਟੀਕਰਨ ਦਿਓ।

ਗੁਰੂ ਪੰਥ ਦਾ ਦਾਸ,
*(ਰਣਜੀਤ ਸਿੰਘ)*
ਜਥੇਦਾਰ, ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ।

***

## ਸਿੰਘ ਸਾਹਿਬਾਨ ਵਲੋਂ ਦਿੱਲੀ ਦੇ ਸਿੱਖ ਆਗੂਆਂ ਦੀ ਖਿਚਾਈ

ਅੰਮ੍ਰਿਤਸਰ, 9 ਅਪ੍ਰੈਲ (ਹਰਕੰਵਲ ਕੋਰਪਾਲ, ਸੁਖਦੀਪ ਸਿੰਘ ਸਿੱਧੂ)-ਦਿੱਲੀ ਦੰਗਿਆਂ ਦੇ ਕਥਿਤ ਦੋਸ਼ੀ ਸ੍ਰੀ ਐਚ.ਕੇ.ਐਲ. ਭਗਤ ਦੇ ਵਿਰੁੱਧ ਮੁੱਖ ਗਵਾਹ ਬੀਬੀ ਦਰਸ਼ਨ ਕੌਰ 'ਤੇ ਹੋਏ ਹਮਲੇ ਦੇ ਮਾਮਲੇ 'ਚ ਸਪੱਸ਼ਟੀਕਰਨ ਲੈਣ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਤਲਬ ਕੀਤੇ ਗਏ ਦਿੱਲੀ ਦੇ ਪੰਜ ਪ੍ਰਮੁੱਖ ਅਕਾਲੀ ਆਗੂਆਂ ਦੀਆਂ ਅੱਜ ਦਲੀਲਾਂ ਸੁਣਨ ਉਪਰੰਤ ਪੰਜ ਸਿੰਘ ਸਾਹਿਬਾਨ ਨੇ ਉਨ੍ਹਾਂ ਨੂੰ ਆਪਣੀ ਸਫਾਈ ਵਿਚ ਕੁਝ ਹੋਰ ਤੱਥ ਪੇਸ਼ ਕਰਨ ਲਈ ਸਮਾਂ ਦਿੰਦਿਆਂ 22 ਅਪ੍ਰੈਲ ਨੂੰ ਮੁੜ ਪੇਸ਼ ਹੋਣ ਦਾ ਆਦੇਸ਼ ਦਿੱਤਾ ਹੈ।

ਸ੍ਰੀ ਅਕਾਲ ਤਖ਼ਤ ਸਾਹਿਬ ਦੀ ਉਸਾਰੀ ਅਧੀਨ ਇਮਾਰਤ ਦੀ ਖੱਬੀ ਬਾਹੀ 'ਚ ਸਥਿਤ ਕਮਰੇ ਵਿਚ ਅੱਜ ਪੱਤਰਕਾਰਾਂ ਦੇ ਸਾਹਮਣੇ ਹੋਈ ਸੁਣਵਾਈ ਦੀ ਕਾਰਵਾਈ ਵਿਚ ਕਾਫੀ ਗਰਮਾਗਰਮੀ ਹੁੰਦੀ ਰਹੀ। ਪੰਜ ਸਿੰਘ ਸਾਹਿਬਾਨ ਵਿਚ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਸਿੰਘ ਸਾਹਿਬ ਭਾਈ ਰਣਜੀਤ ਸਿੰਘ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਸ੍ਰੀ ਅਨੰਦਪੁਰ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਪ੍ਰੋ: ਮਨਜੀਤ ਸਿੰਘ, ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਦੇ ਜਥੇਦਾਰ ਗਿਆਨੀ ਕੇਵਲ ਸਿੰਘ, ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਹੈੱਡ ਗ੍ਰੰਥੀ ਗਿਆਨੀ ਮੋਹਣ ਸਿੰਘ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਭਗਵਾਨ ਸਿੰਘ ਸ਼ਾਮਲ ਸਨ। ਤਲਬ ਕੀਤੇ ਜਾਣ 'ਤੇ ਹਾਜ਼ਰ ਹੋਏ ਆਗੂਆਂ ਵਿਚ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ: ਮਹਿੰਦਰ ਸਿੰਘ ਮਠਾਰੂ, ਸੀਨੀਅਰ ਮੀਤ ਪ੍ਰਧਾਨ ਸ: ਗੁਰਚਰਨ ਸਿੰਘ ਸੱਭਰਵਾਲ, ਜੂਨੀਅਰ ਮੀਤ ਪ੍ਰਧਾਨ ਸ: ਸੰਤੋਖ ਸਿੰਘ, ਜਨਰਲ ਸਕੱਤਰ ਸ: ਇਕਬਾਲ ਸਿੰਘ ਅਤੇ ਸ਼੍ਰੋਮਣੀ ਅਕਾਲੀ ਦਲ (ਬ) ਦੀ ਦਿੱਲੀ ਇਕਾਈ ਦੇ ਸਾਬਕਾ ਪ੍ਰਧਾਨ ਸ: ਅਵਤਾਰ ਸਿੰਘ ਹਿਤ ਸ਼ਾਮਲ ਸਨ। ਅੱਜ ਸਵੇਰੇ ਪਹਿਲਾਂ ਮਾਮਲੇ ਦੀ ਸੁਣਵਾਈ ਸਬੰਧੀ ਪੰਜ ਸਿੰਘ ਸਾਹਿਬਾਨ ਨੇ ਬੰਦ ਕਮਰੇ ਵਿਚ ਕੁਝ ਸਮੇਂ ਲਈ ਆਪਸ ਵਿਚ ਸਲਾਹ-ਮਸ਼ਵਰਾ ਕੀਤਾ ਅਤੇ ਬਾਅਦ ਵਿਚ ਉਕਤ ਅਕਾਲੀ ਆਗੂਆਂ ਨੂੰ ਕਮਰੇ ਵਿਚ ਬੁਲਾਇਆ। ਪੰਥਕ ਮਾਮਲਿਆਂ ਦੀ ਸ੍ਰੀ ਅਕਾਲ ਤਖ਼ਤ ਵਿਖੇ ਸੁਣਵਾਈ ਦੇ ਇਤਿਹਾਸ 'ਚ ਸ਼ਾਇਦ ਇਹ ਪਹਿਲਾ ਮੌਕਾ ਸੀ ਕਿ ਕਿਸੇ ਸਿੱਖ ਕੋਲੋਂ ਉਸ ਦਾ ਪੱਖ ਸੁਣੇ ਜਾਣ ਵੇਲੇ ਪੱਤਰਕਾਰਾਂ ਨੂੰ ਅੰਦਰ ਆਉਣ ਦੀ ਆਗਿਆ ਦੇ ਕੇ ਸਾਰੀ ਕਾਰਵਾਈ ਨੂੰ ਪਾਰਦਰਸ਼ਤਾ ਬਖਸ਼ੀ ਗਈ। ਕਾਰਵਾਈ ਦਾ ਆਗਾਜ਼ ਸਿੰਘ ਸਾਹਿਬ ਭਾਈ ਰਣਜੀਤ ਸਿੰਘ ਨੇ ਕੀਤਾ, ਜੋ ਦਿੱਲੀ ਦੇ ਅਕਾਲੀ ਆਗੂਆਂ ਦੀ ਤਕੜੀ ਖਿਚਾਈ ਦੇ ਰੌਅ ਵਿਚ ਦਿਖਾਈ ਦੇ ਰਹੇ ਸਨ। ਸ: ਮਹਿੰਦਰ ਸਿੰਘ ਮਠਾਰੂ 'ਤੇ ਸਵਾਲਾਂ ਦੀ ਬੁਛਾੜ ਕਰਕੇ ਕਾਰਵਾਈ ਦਾ ਆਰੰਭ ਕਰਦਿਆਂ ਸਿੰਘ ਸਾਹਿਬ ਭਾਈ ਰਣਜੀਤ ਸਿੰਘ ਨੇ ਕਿਹਾ ਕਿ ਬੀਬੀ ਦਰਸ਼ਨ ਕੌਰ 'ਤੇ ਹਮਲੇ ਦੇ ਮਾਮਲੇ ਬਾਰੇ ਉਨ੍ਹਾਂ ਨੂੰ ਦੇਸ਼-ਵਿਦੇਸ਼ ਦੀਆਂ ਕਈ ਸਿੱਖ ਸੰਸਥਾਵਾਂ ਤੋਂ ਪੱਤਰ ਆਏ ਹਨ, ਜਿਸ ਕਾਰਨ ਇਹ ਜ਼ਰੂਰੀ ਹੋ ਗਿਆ ਸੀ ਕਿ ਪੰਥ ਨੂੰ ਸਾਰੇ ਮਾਮਲੇ ਤੋਂ ਜਾਣੂ ਕਰਵਾਇਆ ਜਾਵੇ। ਸਾਰੇ ਮਾਮਲੇ ਸਬੰਧੀ ਸੰਗਤ ਦੀ ਸੰਤੁਸ਼ਟੀ ਹੋਣੀ ਲਾਜ਼ਮੀ ਹੈ। ਉਨ੍ਹਾਂ ਕਿਹਾ ਕਿ ਭਾਵੇਂ ਉਨ੍ਹਾਂ ਦੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਨਿੱਜੀ ਮਤਭੇਦ ਨਹੀਂ ਹਨ ਪਰ ਫਿਰ ਵੀ ਦਿੱਲੀ ਦੰਗਿਆਂ ਦੇ ਦੋਸ਼ੀ ਐਚ.ਕੇ.ਐਲ. ਭਗਤ ਨੂੰ ਇਕ ਸਮਾਗਮ ਵਿਚ ਸਿਰੋਪਾ ਭੇਟ ਕਰਨ ਤੋਂ ਲੈ ਕੇ ਬੀਬੀ ਦਰਸ਼ਨ ਕੌਰ 'ਤੇ ਹਮਲਾ ਹੋਣ ਤੱਕ, ਜੋ ਵੀ ਵਾਪਰਿਆ

ਹੈ, ਉਹ ਬਰਦਾਸ਼ਤ ਦੀ ਹੱਦ ਤੋਂ ਬਾਹਰ ਹੈ। ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਸ: ਗੁਰਚਰਨ ਸਿੰਘ ਸਭਰਵਾਲ ਵੱਲ ਇਸ਼ਾਰਾ ਕਰਦਿਆਂ ਸਿੰਘ ਸਾਹਿਬ ਨੇ ਕਿਹਾ ਕਿ ਇਨ੍ਹਾਂ ਭਾਈ ਸਾਹਿਬ ਨੂੰ, ਐਚ.ਕੇ.ਐਲ. ਭਗਤ ਨੂੰ ਸਿਰੋਪਾ ਦੇਣ ਬਾਰੇ ਪਤਾ ਹੀ ਹੈ। ਭਾਈ ਰਣਜੀਤ ਸਿੰਘ ਨੇ ਕਿਹਾ ਕਿ ਸਤਨਾਮੀ ਬਾਈ ਦਾ ਬਿਆਨ ਬਦਲਵਾਉਣ ਤੋਂ ਲੈ ਕੇ ਬੀਬੀ ਦਰਸ਼ਨ ਕੌਰ 'ਤੇ ਹਮਲਾ ਹੋਣ ਦੀ ਸਾਰੀ ਜ਼ਿੰਮੇਵਾਰੀ ਤੋਂ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਿਸੇ ਤਰ੍ਹਾਂ ਵੀ ਭੱਜ ਨਹੀਂ ਸਕਦੀ। ਸਿੰਘ ਸਾਹਿਬ ਨੇ ਸ: ਮਠਾਰੂ ਨੂੰ ਜ਼ੋਰ ਦੇ ਕੇ ਪੁੱਛਿਆ ਕਿ ਕਮੇਟੀ ਨੇ ਹੁਣ ਤੱਕ ਬੀਬੀ ਦਰਸ਼ਨ ਕੌਰ ਦੀ ਮਦਦ ਲਈ ਅਤੇ ਹਮਲਾਵਰ ਆਤਮਾ ਸਿੰਘ ਲੁਬਾਣਾ ਦੇ ਖਿਲਾਫ ਕੀ ਕੀਤਾ ਹੈ?

ਇਸ ਦੇ ਜਵਾਬ 'ਚ ਸ: ਮਠਾਰੂ ਨੇ ਕਿਹਾ ਕਿ ਜਦੋਂ ਬੀਬੀ ਦਰਸ਼ਨ ਕੌਰ 'ਤੇ ਹਮਲਾ ਹੋਇਆ ਉਸ ਵਕਤ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕਾਫੀ ਸਾਰੇ ਮੈਂਬਰ, ਦਫਤਰ ਵਿਖੇ ਹੋ ਰਹੀ ਇਕ ਜ਼ਰੂਰੀ ਮੀਟਿੰਗ ਵਿਚ ਸ਼ਾਮਲ ਸਨ। ਆਤਮਾ ਸਿੰਘ ਲੁਬਾਣਾ ਵੀ ਮੀਟਿੰਗ ਵਿਚ ਸ਼ਾਮਲ ਹੋਣ ਲਈ ਦਫਤਰ ਅੰਦਰ ਆ ਕੇ ਬੈਠ ਗਿਆ। ਏਨੇ ਚਿਰ ਨੂੰ ਬੀਬੀ ਦਰਸ਼ਨ ਕੌਰ ਕੁਝ ਬੀਬੀਆਂ ਸਮੇਤ ਦਫਤਰ ਸਾਹਮਣੇ ਆ ਕੇ ਨਾਅਰੇਬਾਜ਼ੀ ਕਰਨ ਲੱਗੀ। ਬੀਬੀਆਂ ਦੀ ਮੰਗ ਸੀ ਕਿ ਆਤਮਾ ਸਿੰਘ ਨੂੰ ਮੀਟਿੰਗ 'ਚੋਂ ਬਾਹਰ ਕੱਢਿਆ ਜਾਵੇ ਕਿਉਂਕਿ ਬੀਬੀਆਂ ਅਨੁਸਾਰ ਉਹ ਸਤਨਾਮੀ ਬਾਈ ਨੂੰ ਗਵਾਹੀ ਤੋਂ ਮੁਕਰਾਉਣ ਅਤੇ ਬਾਕੀ ਗਵਾਹਾਂ ਨੂੰ ਮਨਾਉਣ ਲਈ ਐਚ.ਕੇ.ਐਲ. ਭਗਤ ਤੋਂ ਲੱਖਾਂ ਰੁਪਏ ਲੈ ਚੁੱਕਾ ਹੈ। ਸ: ਮਠਾਰੂ ਨੇ ਕਿਹਾ ਕਿ ਜਦੋਂ ਉਨ੍ਹਾਂ ਬੀਬੀਆਂ ਦੇ ਰੋਸ ਨੂੰ ਮੱਦੇਨਜ਼ਰ ਰਖਦਿਆਂ ਆਤਮਾ ਸਿੰਘ ਲੁਬਾਣਾ ਨੂੰ ਦਫਤਰ ਤੋਂ ਬਾਹਰ ਕੱਢ ਦਿੱਤਾ ਤਾਂ ਦੋ ਤਿੰਨ ਮਿੰਟਾਂ ਬਾਅਦ ਹੀ ਬਾਹਰ ਰੌਲਾ-ਰੱਪਾ ਪੈ ਗਿਆ। ਇਸ ਤੋਂ ਬਾਅਦ ਜਦੋਂ ਮੈਂ ਤੇ ਇੰਦਰਪਾਲ ਸਿੰਘ ਖਾਲਸਾ (ਕਮੇਟੀ ਮੈਂਬਰ) ਬਾਹਰ ਆਏ ਤਾਂ ਉਸ ਸਮੇਂ ਬੀਬੀ ਦਰਸ਼ਨ ਕੌਰ ਹੇਠਾਂ ਡਿੱਗੀ ਹੋਈ ਸੀ। ਉਸ ਨੂੰ ਕਮੇਟੀ ਦੇ ਇਕ ਅਹੁਦੇਦਾਰ ਵਲੋਂ ਤੁਰੰਤ ਹਸਪਤਾਲ ਲਿਜਾਇਆ ਗਿਆ। ਸ: ਮਠਾਰੂ ਨੇ ਮੰਨਿਆ ਕਿ ਬੀਬੀ ਨੂੰ ਸੱਟ ਲੱਗਣ ਤੋਂ ਬਾਅਦ ਉਹ ਅਜੇ ਤੱਕ ਹਸਪਤਾਲ ਉਸਦਾ ਪਤਾ ਲੈਂਣ ਨਹੀਂ ਗਏ ਪਰ ਹਸਪਤਾਲ ਦਾ ਤਕਰੀਬਨ ਸੱਤ ਹਜ਼ਾਰ ਰੁਪਏ ਦਾ ਬਿੱਲ ਕਮੇਟੀ ਨੇ ਅਦਾ ਕੀਤਾ ਹੈ। ਸਿੰਘ ਸਾਹਿਬ ਵੱਲੋਂ ਪੁੱਛੇ ਜਾਣ 'ਤੇ ਸ: ਮਠਾਰੂ ਨੇ ਇਹ ਵੀ ਮੰਨਿਆ ਕਿ ਉਨ੍ਹਾਂ ਨੂੰ ਪਤਾ ਸੀ ਕਿ ਆਤਮਾ ਸਿੰਘ ਲੁਬਾਣਾ 'ਤੇ ਐਚ.ਕੇ.ਐਲ. ਭਗਤ ਕੋਲੋਂ ਪੈਸੇ ਖਾ ਕੇ ਸਤਨਾਮੀ ਬਾਈ ਨਾਮਕ ਗਵਾਹ ਦੇ ਬਿਆਨ ਬਦਲਵਾਉਣ ਦੇ ਦੋਸ਼ ਲੱਗਦੇ ਰਹੇ ਹਨ। ਭਾਈ ਰਣਜੀਤ ਸਿੰਘ ਦੇ ਇਹ ਕਹੇ ਜਾਣ 'ਤੇ ਕਿ ਬੀਬੀ ਦਰਸ਼ਨ ਕੌਰ 'ਤੇ ਹਮਲਾ ਹੋਣ ਤੋਂ ਬਾਅਦ ਵੀ ਜਦੋਂ ਦੰਗਾ ਪੀੜਤ ਵਿਧਵਾਵਾਂ ਮਾਇਕ ਮਦਦ ਲਈ ਕਮੇਟੀ ਦੇ ਇਕ ਅਹੁਦੇਦਾਰ ਕੋਲ ਗਈਆਂ ਤਾਂ ਉਸ ਨੇ ਇਨ੍ਹਾਂ ਔਰਤਾਂ ਨੂੰ ਆਪਣੇ ਬੇਨਤੀ ਪੱਤਰਾਂ 'ਤੇ ਆਤਮਾ ਸਿੰਘ ਲੁਬਾਣਾ ਦੇ ਦਸਤਖਤ ਕਰਵਾ ਕੇ ਲਿਆਉਣ ਲਈ ਮਜਬੂਰ ਕੀਤਾ ਹੈ, ਸੁਣ ਕੇ ਸ: ਮਠਾਰੂ ਅਤੇ ਬਾਕੀ ਸਾਰੇ ਅਹੁਦੇਦਾਰ ਲਾਜਵਾਬ ਜਹੇ ਹੋ ਗਏ।

ਦੰਗਾ ਪੀੜਤਾਂ ਨੂੰ ਮਾਇਕ ਮਦਦ ਦਿੱਤੇ ਜਾਣ ਬਾਰੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਆਗੂਆਂ ਦੇ ਦਾਅਵਿਆਂ ਦੀ ਮਿੱਟੀ ਪਲੀਤ ਕਰਦਿਆਂ ਸਿੰਘ ਸਾਹਿਬ ਨੇ ਤਨਜ਼ ਨਾਲ ਕਿਹਾ ਕਿ ਕਮੇਟੀ ਤਾਂ ਉਨ੍ਹਾਂ ਵਿਅਕਤੀਆਂ ਦੀ ਮਾਇਕ ਮਦਦ ਕਰਦੀ ਹੈ, ਜਿਹੜੇ

ਰਕਾਬਗੰਜ ਗੁਰਦੁਆਰੇ ਦੇ ਇਕ ਸੇਵਾਦਾਰ ਮਨਜੀਤ ਸਿੰਘ ਦੇ ਕਾਤਲ ਹਨ ਅਤੇ ਜਿਹੜੇ ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਖਲਹਿਰੇ ਦੀ ਇਕ ਅੰਮ੍ਰਿਤਧਾਰੀ ਲੜਕੀ ਨਾਲ ਬਲਾਤਕਾਰ ਕਰਨ ਦੇ ਮਾਮਲੇ 'ਚ ਕਥਿਤ ਤੌਰ 'ਤੇ ਸ਼ਾਮਲ ਹਨ। ਸਿੰਘ ਸਾਹਿਬ ਨੇ ਕਿਹਾ ਕਿ ਸੰਗਤਾਂ ਨੇ ਟਕਾ-ਟਕਾ ਚੜ੍ਹਾਵਾ ਚੜ੍ਹਾ ਕੇ ਮਾਇਆ ਦੇ ਗੱਫੇ ਤੁਹਾਨੂੰ ਇਸ ਲਈ ਨਹੀਂ ਬਖਸ਼ੇ ਕਿ ਤੁਸੀਂ ਆਪ ਕਾਰਾਂ 'ਤੇ ਝੂਟੇ ਲੈਂਦੇ ਰਹੋ ਅਤੇ ਆਪਣੇ ਧੜੇ ਦੇ ਬੰਦਿਆਂ ਨੂੰ ਸਹੂਲਤਾਂ ਦਿੰਦੇ ਰਹੋ। ਭਾਈ ਰਣਜੀਤ ਸਿੰਘ ਨੇ ਕਮੇਟੀ ਦੇ ਅਹੁਦੇਦਾਰਾਂ ਕੋਲੋਂ ਪੁੱਛਿਆ ਕਿ ਬੀਬੀ ਦਰਸ਼ਨ ਕੌਰ ਦੀ, ਦੰਗਿਆਂ ਦੇ ਕੇਸ 'ਚ ਗਵਾਹੀ ਦੀ ਮਹੱਤਤਾ ਨੂੰ ਮੁੱਖ ਰਖਦਿਆ ਕਮੇਟੀ ਨੇ ਉਹਨੂੰ ਕੀ ਸਹੂਲਤ ਦਿੱਤੀ। ਕਮੇਟੀ ਦੇ ਅਹੁਦੇਦਾਰ ਸਿੰਘ ਸਾਹਿਬ ਵੱਲੋਂ ਇਹ ਪੁੱਛੇ ਜਾਣ 'ਤੇ ਕੁੜਿੱਕੀ ਵਿਚ ਫਸ ਗਏ ਕਿ ਕਮੇਟੀ ਨੇ ਚੰਡੀਗੜ੍ਹ ਤੋਂ ਪ੍ਰਕਾਸ਼ਤ ਹੁੰਦੇ ਇਕ ਪੰਜਾਬੀ ਅਖਬਾਰ ਦੇ ਦਿੱਲੀ ਸਥਿਤ ਪੱਤਰਕਾਰ ਨੂੰ ਤਿੰਨ ਹਜ਼ਾਰ ਰੁਪਏ ਪ੍ਰਤੀ ਮਹੀਨਾ ਤਨਖਾਹ, ਵਸੰਤ ਵਿਹਾਰ ਇਲਾਕੇ 'ਚ ਇਕ ਕਿਤਾਬਾਂ ਦੀ ਦੁਕਾਨ ਅਤੇ ਇਕ ਕੰਟੀਨ ਕਿਸ ਹੈਸੀਅਤ 'ਚ ਦਿੱਤੀ ਹੈ?

ਸਿੰਘ ਸਾਹਿਬ ਨੇ ਕਮੇਟੀ ਦੇ ਅਹੁਦੇਦਾਰਾਂ ਨੂੰ ਆੜੇ ਹੱਥੀਂ ਲੈਂਦਿਆਂ ਕਿਹਾ ਕਿ ਕਮੇਟੀ ਤਾਂ ਉਨ੍ਹਾਂ ਦੇ ਖਿਲਾਫ ਨਿਰੰਕਾਰੀ ਕਤਲ ਕੇਸ 'ਚ ਗਵਾਹੀ ਦੇਣ ਵਾਲੇ ਇਕ ਵਿਅਕਤੀ ਦੇ ਪਰਿਵਾਰ ਨੂੰ ਪੈਨਸ਼ਨ ਅਤੇ ਰਾਸ਼ਨ ਦਾ ਖਰਚਾ ਵੀ ਦੇ ਰਹੀ ਹੈ। ਸਿੰਘ ਸਾਹਿਬ ਨੇ ਤਲਬ ਕੀਤੇ ਗਏ ਆਗੂਆਂ ਨੂੰ ਇਹ ਪੁੱਛ ਕੇ ਨੀਵੀਂ ਪਾਉਣ ਲਈ ਮਜਬੂਰ ਕਰ ਦਿੱਤਾ ਕਿ ਜੇਕਰ ਤੁਹਾਡੇ ਵਿਚੋਂ ਕਿਸੇ ਦੇ ਪਰਿਵਾਰ ਦੀ ਔਰਤ ਦੀ ਮਾਰ-ਕੁਟਾਈ ਹੋ ਰਹੀ ਹੁੰਦੀ ਤਾਂ ਫਿਰ ਵੀ ਕੀ ਤੁਸੀਂ ਅੰਦਰ ਬੈਠੇ ਤਮਾਸ਼ਾ ਦੇਖਦੇ ਰਹਿੰਦੇ? ਇਕ ਸਮੇਂ ਤਾਂ ਦਿੱਲੀ ਦੇ ਅਕਾਲੀ ਆਗੂ ਸ: ਅਵਤਾਰ ਸਿੰਘ ਹਿਤ ਨੇ ਤੈਸ਼ ਵਿਚ ਆ ਕੇ ਆਪਣੇ ਬੱਚੇ ਦੀ ਕਸਮ ਚੁੱਕਦਿਆਂ ਆਪਣੇ ਆਪ ਨੂੰ ਬੇਕਸੂਰ ਸਾਬਤ ਕਰਨ ਦਾ ਯਤਨ ਕੀਤਾ ਅਤੇ ਇਹ ਵੀ ਕਿਹਾ ਕਿ ਉਹ ਆਤਮਾ ਸਿੰਘ ਲੁਬਾਣਾ ਨੂੰ ਮਿਲਣ ਲਈ ਥਾਣੇ ਨਹੀਂ ਗਏ। ਉਨ੍ਹਾਂ ਸਮੇਤ ਦਿੱਲੀ ਦੇ ਪੰਜ ਪ੍ਰਮੁੱਖ ਆਗੂਆਂ ਨੂੰ ਸ੍ਰੀ ਅਕਾਲ ਤਖ਼ਤ 'ਤੇ ਤਲਬ ਕਰਨ ਲਈ ਬੀਤੀ 25 ਮਾਰਚ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਸ਼ਿਕਾਇਤ ਪੱਤਰ ਲਿਖਣ ਵਾਲੀਆਂ ਬੀਬੀਆਂ ਵਿਚੋਂ ਦੋ ਬੀਬੀਆਂ ਬੀਬੀ ਭਾਗੀ ਕੌਰ ਅਤੇ ਗੋਪੀ ਕੌਰ ਦੇ ਕਿਰਦਾਰ ਦੀ ਪੂਰੀ ਜਾਂਚ ਕਰਵਾਏ ਜਾਣ ਦਾ ਮੁੱਦਾ ਉਠਾਉਂਦਿਆਂ ਸ: ਹਿਤ ਨੇ ਮੀਟਿੰਗ ਵਿਚ ਇਹ ਵੀ ਕਿਹਾ ਕਿ ਮਾਮਲੇ ਦੀ ਜਾਂਚ ਸੰਤੋਖਜਨਕ ਢੰਗ ਨਾਲ ਨਹੀਂ ਹੋ ਰਹੀ। ਉਨ੍ਹਾਂ ਨੇ ਕਿਹਾ ਕਿ ਸਿੰਘ ਸਾਹਿਬਾਨ ਅੱਗੇ ਉਨ੍ਹਾਂ ਦਾ ਕੋਈ ਜੋਰ ਨਹੀਂ ਅਤੇ ਉਹ ਜੋ ਵੀ ਸਜਾ ਉਨ੍ਹਾਂ ਨੂੰ ਲਾਉਣਗੇ ਉਹ ਉਸ ਨੂੰ ਖਿੜੇ ਮੱਥੇ ਮੰਨਣਗੇ ਪ੍ਰੰਤੂ ਜਾਂਚ ਵਿਚ ਤੱਥ ਅਤੇ ਤਰਕ ਵੇਖੇ ਜਾਣੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਬੀਬੀ ਦਰਸ਼ਨ ਕੌਰ 'ਤੇ ਹੋਏ ਹਮਲੇ ਮੌਕੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਵਿਚੋਂ ਕੁਲਦੀਪ ਸਿੰਘ ਭੋਗਲ, ਇੰਦਰਪਾਲ ਸਿੰਘ ਖਾਲਸਾ ਅਤੇ ਕੁਲਮੋਹਨ ਸਿੰਘ ਵੀ ਉਥੇ ਹਾਜ਼ਰ ਸਨ ਪ੍ਰੰਤੂ ਸਿੰਘ ਸਾਹਿਬਾਨ ਵਲੋਂ ਉਨ੍ਹਾਂ ਨੂੰ ਤਲਬ ਨਹੀਂ ਕੀਤਾ ਗਿਆ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ: ਮਹਿੰਦਰ ਸਿੰਘ ਮਠਾਰੂ ਨੇ ਸਿੰਘ ਸਾਹਿਬ ਭਾਈ ਰਣਜੀਤ ਸਿੰਘ ਦੀ ਗੜ੍ਹਕੇ ਵਾਲੀ ਪ੍ਰਸ਼ਨ ਸੁਰ ਅੱਗੇ ਜਵਾਬ ਦਿੰਦਿਆਂ ਇਹ ਸਪੱਸ਼ਟ ਕਰਨ ਦੀ ਕੋਸ਼ਿਸ਼ ਕੀਤੀ ਕਿ ਹਮਲਾ ਯੋਜਨਾਬੱਧ ਨਹੀਂ ਸੀ ਅਤੇ ਇਹ ਮੰਦਭਾਗੀ ਘਟਨਾ ਉਸ ਸਮੇਂ ਵਾਪਰੀ ਜਦੋਂ ਬੀਬੀ ਦਰਸ਼ਨ ਕੌਰ ਦੇ ਨਾਲ ਆਈਆਂ ਦੰਗਾ ਪੀੜਤ ਬੀਬੀਆਂ ਨੇ ਉਨ੍ਹਾਂ ਦੇ

ਦਫਤਰ ਅੱਗੇ ਆਤਮਾ ਸਿੰਘ ਵਿਰੁੱਧ ਧੂੰਆਂਧਾਰ ਨਾਅਰੇਬਾਜ਼ੀ ਕਰਦਿਆਂ ਉਸ ਨੂੰ ਦਫਤਰੋਂ ਬਾਹਰ ਕੱਢੇ ਜਾਣ ਦੀ ਮੰਗ ਬੁਲੰਦ ਕੀਤੀ। ਉਨ੍ਹਾਂ ਕਿਹਾ ਕਿ ਬੀਬੀਆਂ ਦੀ ਨਾਅਰੇਬਾਜ਼ੀ ਨੂੰ ਵੇਖਦਿਆਂ ਉਨ੍ਹਾਂ ਨੇ ਆਤਮਾ ਸਿੰਘ ਨੂੰ ਬਾਹਰ ਜਾਣ ਲਈ ਕਿਹਾ, ਆਤਮਾ ਸਿੰਘ ਦਿੱਲੀ ਗੁਰਦੁਆਰਾ ਕਮੇਟੀ ਦੇ ਦੋ ਮੈਂਬਰਾਂ ਕੁਲਮੋਹਨ ਸਿੰਘ ਅਤੇ ਕੁਲਦੀਪ ਸਿੰਘ ਭੋਗਲ ਨਾਲ ਬਾਹਰ ਚਲਾ ਗਿਆ, ਉਨ੍ਹਾਂ ਦਾ ਬਾਹਰ ਤਿੰਨ-ਚਾਰ ਮਿੰਟ ਬੀਬੀਆਂ ਨਾਲ ਝਗੜਾ ਹੋਇਆ ਅਤੇ ਇਸ ਪਿਛੋਂ ਜਦੋਂ ਉਹ ਅਤੇ ਇੰਦਰਪਾਲ ਸਿੰਘ ਭਾਟੀਆ ਬਾਹਰ ਗਏ ਤਾਂ ਬੀਬੀ ਦਰਸ਼ਨ ਕੌਰ ਉਥੇ ਡਿੱਗੀ ਹੋਈ ਸੀ।

ਸ਼੍ਰੋਮਣੀ ਅਕਾਲੀ ਦਲ (ਬ) ਦੇ ਦਿੱਲੀ ਦੇ ਪ੍ਰਮੁੱਖ ਆਗੂ ਸ: ਅਵਤਾਰ ਸਿੰਘ ਹਿਤ ਨੇ ਮੀਟਿੰਗ ਦੀ ਕਾਰਵਾਈ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਅੱਜ ਦੀ ਇਸ ਕਾਰਵਾਈ 'ਤੇ ਰੋਸ ਪ੍ਰਗਟ ਕਰਦਿਆਂ ਇਸ ਨੂੰ ਇਕ-ਪਾਸੜ ਕਾਰਵਾਈ ਕਰਾਰ ਦਿੱਤਾ। ਸ੍ਰੀ. ਅਕਾਲ ਤਖ਼ਤ ਸਾਹਿਬ 'ਤੇ ਚੱਲ ਰਹੀ ਜਾਂਚ ਕਾਰਵਾਈ ਪ੍ਰਤੀ ਅਸੰਤੁਸ਼ਟਤਾ ਜ਼ਾਹਰ ਕਰਦਿਆਂ ਉਨ੍ਹਾਂ ਕਿਹਾ ਕਿ ਜਿੰਨੀ ਦਖਲਅੰਦਾਜ਼ੀ ਦਿੱਲੀ ਦੰਗਿਆਂ ਨਾਲ ਸਬੰਧਤ ਮਾਮਲਿਆਂ ਬਾਰੇ ਅਕਾਲ ਤਖ਼ਤ ਦੀ ਹੁੰਦੀ ਜਾ ਰਹੀ ਹੈ, ਓਨੀ ਹੀ ਦਿੱਲੀ ਦੰਗਿਆਂ ਦੇ ਕਥਿਤ ਦੋਸ਼ੀ ਐਚ.ਕੇ.ਐਲ. ਭਗਤ ਦੀ ਅਚੇਚ ਤੌਰ 'ਤੇ ਮਦਦ ਹੋਏਗੀ।

ਜਿੰਨੀ ਦੇਰ ਦਿੱਲੀ ਦੇ ਸਿੱਖ ਆਗੂਆਂ ਦੇ ਸਪੱਸ਼ਟੀਕਰਨ ਹਿਤ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਦਫਤਰ ਵਿਚ ਪੰਜ ਸਿੰਘ ਸਾਹਿਬਾਨ ਅੱਗੇ ਅੱਜ ਸੁਣਵਾਈ ਲਈ ਕਾਰਵਾਈ ਜਾਰੀ ਰਹੀ, ਓਨੀ ਦੇਰ ਹੀ ਅਕਾਲ ਤਖ਼ਤ ਸਾਹਿਬ ਦੇ ਦਫਤਰ ਅੱਗੇ ਪੌੜੀਆਂ 'ਤੇ ਬੈਠੀਆਂ ਸਮਰਥਕ ਅਤੇ ਵਿਰੋਧੀ ਧਿਰਾਂ ਦੀ ਇਕ-ਦੂਸਰੇ ਵਿਰੁੱਧ ਤੋਹਮਤਬਾਜ਼ੀ ਦੀ ਜੰਗ ਕਾਵਾਂ ਰੌਲੀ ਦਾ ਨਜ਼ਾਰਾ ਸਿਰਜਦੀ ਰਹੀ। ਇਸ ਮੌਕੇ ਜਿਹੜੀਆਂ ਪ੍ਰਮੁੱਖ ਹਸਤੀਆਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਨਮੁੱਖ ਮੌਜੂਦ ਸਨ, ਉਨ੍ਹਾਂ ਵਿਚ ਗੁਰਦੁਆਰਾ ਰਕਾਬ ਗੰਜ (ਦਿੱਲੀ) ਦੇ ਸੀਨੀਅਰ ਮੀਤ ਪ੍ਰਧਾਨ ਸ: ਬਲਵਿੰਦਰ ਸਿੰਘ ਤਲਵੰਡੀ, ਜਨਰਲ ਸਕੱਤਰ ਸ: ਸਰਬਜੀਤ ਸਿੰਘ ਗੁੰਮਟਾਲਾ, ਸਕੱਤਰ ਸ: ਪ੍ਰੀਤਮ ਸਿੰਘ ਗਿੱਲ, ਫੈਡਰੇਸ਼ਨ ਦੇ ਸਾਬਕਾ ਪ੍ਰਧਾਨ ਸ: ਜਸਬੀਰ ਸਿੰਘ ਘੁੰਮਣ, ਦਿੱਲੀ ਦੇ ਪੱਤਰਕਾਰ ਰਾਜਿੰਦਰ ਸਿੰਘ ਸੀਤਲ, ਪੰਜਾਬੀ ਭਾਸ਼ਾ ਪ੍ਰਚਾਰ ਸਮਿਤੀ, ਦਿੱਲੀ ਦੇ ਜਨਰਲ ਸਕੱਤਰ ਸ੍ਰੀ ਹਰਭਜਨ ਸਿੰਘ ਬਤਰਾ ਆਦਿ ਦੇ ਨਾਂਅ ਵਰਨਣਯੋਗ ਹਨ।

ਬੀਬੀ ਦਰਸ਼ਨ ਕੌਰ 'ਤੇ ਹਮਲੇ ਦੀ ਘਟਨਾ ਦਾ ਮੌਕੇ ਦੇ ਚਸ਼ਮਦੀਦ ਗਵਾਹ ਹੋਣ ਦਾ ਦਾਅਵਾ ਕਰਨ ਵਾਲੇ ਅਤੇ ਆਲ ਇੰਡੀਆ ਲੁਬਾਣਾ ਸੰਸਥਾ ਦੇ ਜਨਰਲ ਸਕੱਤਰ ਸ: ਬਾਬੂ ਸਿੰਘ ਦੁਖੀਆ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਨੇੜੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਇਸ ਸਾਰੀ ਹੋਈ ਬੀਤੀ ਬਾਰੇ ਸਿੰਘ ਸਾਹਿਬ ਭਾਈ ਰਣਜੀਤ ਸਿੰਘ ਨੂੰ ਇਕ ਵਿਸਥਾਰਤ ਪੱਤਰ ਵੀ ਲਿਖਿਆ ਹੈ। ਉਨ੍ਹਾਂ ਕਿਹਾ ਕਿ ਜਸਟਿਸ ਸ਼ਿਵ ਨਰਾਇਣ ਢੀਂਗਰਾ ਦੀ ਅਦਾਲਤ ਨੇ ਜਦੋਂ ਸ੍ਰੀ ਐਚ.ਕੇ. ਐਲ. ਭਗਤ ਨੂੰ ਸਟੇਅ ਦੇ ਕੇ ਅੱਠ ਅਪ੍ਰੈਲ ਪੇਸ਼ੀ ਲਈ ਮੁਕੱਰਰ ਕੀਤੀ ਤਾਂ ਇਸ ਦੀ ਜਾਣਕਾਰੀ ਦੇਣ ਅਤੇ ਕੇਸ ਲੜਨ ਲਈ ਹੋਰ ਵਧੀਆ ਵਕੀਲ ਦੀ ਮੰਗ ਨੂੰ ਲੈ ਕੇ ਬੀਬੀ ਦਰਸ਼ਨ ਕੌਰ ਸਮੇਤ ਕਈ ਹੋਰ ਦੰਗਾ ਪੀੜਤ ਬੀਬੀਆਂ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਦਫਤਰ ਗਈਆਂ। ਉਨ੍ਹਾਂ ਕਿਹਾ ਕਿ ਸ:

ਮਠਾੜੂ ਨੇ ਮੀਟਿੰਗ ਦਾ ਬਹਾਨਾ ਲਾ ਕੇ ਉਨ੍ਹਾਂ ਨੂੰ ਜਦੋਂ ਇਹ ਦੋ-ਟੁੱਕ ਉੱਤਰ ਦਿੱਤਾ ਕਿ ਉਨ੍ਹਾਂ ਪਾਸ ਉਨ੍ਹਾਂ ਦੀ ਗੱਲ ਸੁਣਨ ਲਈ ਅਜੇ ਵਿਹਲ ਨਹੀਂ ਤਾਂ ਰੋਸ ਵਜੋਂ ਬੀਬੀਆਂ ਨੇ ਨਾਅਰੇਬਾਜ਼ੀ ਕੀਤੀ। ਉਨ੍ਹਾਂ ਕਿਹਾ ਕਿ ਇਸ ਮੌਕੇ ਆਤਮਾ ਸਿੰਘ ਲੁਬਾਣਾ ਨੇ ਦਫਤਰ ਵਿਚੋਂ ਬਾਹਰ ਨਿਕਲ ਕੇ ਡਾਂਗ ਨਾਲ ਬੀਬੀ ਦਰਸ਼ਨ ਕੌਰ ਦੇ ਸਿਰ ਵੱਖੀ ਅਤੇ ਪਿੱਠ 'ਤੇ ਜ਼ੋਰ ਨਾਲ ਵਾਰ ਕੀਤੇ ਅਤੇ ਉਹ ਚੌਫਾਲ ਥਾਏਂ ਡਿਗ ਪਈ। ਸ੍ਰੀ ਦੁਖੀਆ ਨੇ ਕਿਹਾ ਕਿ ਐਚ.ਕੇ.ਐਲ. ਭਗਤ ਦੇ ਖਿਲਾਫ ਪਹਿਲੀ ਗਵਾਹੀ ਦੇਣ ਤੋਂ ਪਿਛੋਂ ਹੁਣ ਤੀਕ ਬੀਬੀ ਦਰਸ਼ਨ ਕੌਰ 'ਤੇ ਚਾਰ ਵੇਰਾਂ ਜਾਨਲੇਵਾ ਹਮਲੇ ਹੋ ਚੁੱਕੇ ਹਨ ਪ੍ਰੰਤੂ ਆਪਣੇ ਸੁਆਰਥੀ ਕੰਮਾਂ 'ਚ ਰੁੱਝੇ ਦਿੱਲੀ ਗੁਰਦੁਆਰਾ ਕਮੇਟੀ ਦੇ ਅਹੁਦੇਦਾਰਾਂ ਪਾਸ ਅਜਿਹੇ ਨਾਜ਼ੁਕ ਮਾਮਲੇ ਬਾਰੇ ਸੋਚਣ ਦੀ ਵਿਹਲ ਨਹੀਂ।

ਬੀਬੀ ਦਰਸ਼ਨ ਕੌਰ 'ਤੇ ਹਮਲਾ ਕਰਨ ਵਾਲੇ ਆਤਮਾ ਸਿੰਘ ਲੁਬਾਣਾ ਦੇ ਸੱਜੇ ਹੱਥ ਮੰਨੇ ਜਾਂਦੇ ਸ: ਬਾਬੂ ਸਿੰਘ ਦੁਖੀਆ ਨੇ ਇਹ ਵੀ ਦੋਸ਼ ਲਾਇਆ ਕਿ ਆਤਮਾ ਸਿੰਘ ਨੇ ਸਤਨਾਮੀ ਬਾਈ ਨੂੰ ਗਵਾਹੀ ਤੋਂ ਮੁਕਰਾਉਣ ਲਈ ਸ੍ਰੀ ਭਗਤ ਪਾਸੋਂ ਬਾਰਾਂ ਲੱਖ ਰੁਪਏ ਲਏ ਅਤੇ ਬੀਬੀ ਦਰਸ਼ਨ ਕੌਰ ਨੂੰ ਵੀ ਗਵਾਹੀ ਤੋਂ ਬਿਠਾਉਣ ਲਈ ਪੰਝੀ ਲੱਖ ਰੁਪਏ ਲਏ।

ਉਨ੍ਹਾਂ ਕਿਹਾ ਕਿ ਭਗਤ ਵੱਲੋਂ ਆਈ ਮਾਇਆ ਦੇ ਗੱਫੇ ਲੈਣ ਵਿਚ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕਈ ਹੋਰ ਮੈਂਬਰ ਵੀ ਸ਼ਾਮਲ ਹਨ ਅਤੇ ਅਫਸੋਸਨਾਕ ਪਹਿਲੂ ਇਹ ਵੀ ਹੈ ਕਿ ਅਜੇ ਵੀ ਉਹ ਭਗਤ ਪਾਸੋਂ ਮਦਦ ਲੈ ਰਹੇ ਹਨ।

ਦਿੱਲੀ ਦੇ ਸਿੱਖ ਨੇਤਾ ਸ: ਅਵਤਾਰ ਸਿੰਘ ਹਿੱਤ ਸਿੰਘ ਸਾਹਿਬਾਨ ਅੱਗੇ ਸਪੱਸ਼ਟੀਕਰਨ ਲਈ ਪੇਸ਼ ਹੋਣ ਪਿਛੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਦਫਤਰ ਤੋਂ ਬਾਹਰ ਆਉਣ ਸਮੇਂ ਇਸ ਕਦਰ ਹਤਾਸ਼ ਅਤੇ ਨਿਰਾਸ਼ ਵੇਖੇ ਗਏ ਕਿ ਉਨ੍ਹਾਂ ਨੇ ਕੁਝ ਪੱਤਰਕਾਰਾਂ ਨੂੰ ਐਚ.ਕੇ. ਐਲ. ਭਗਤ ਦੀ ਇਕ ਉਹ ਤਸਵੀਰ ਵਿਖਾਈ ਜਿਸ ਵਿਚ ਸਿੰਘ ਸਾਹਿਬ ਭਾਈ ਰਣਜੀਤ ਸਿੰਘ ਦੇ ਗਤਕੇਬਾਜ਼ੀ ਦੇ ਉਸਤਾਦ ਸ: ਗੁਰਚਰਨ ਸਿੰਘ ਗਤਕੇਵਾਲੇ ਭਗਤ ਦੇ ਨਾਲ ਬੈਠੇ ਨਜ਼ਰ ਆ ਰਹੇ ਹਨ। ਸ: ਹਿਤ ਨੇ ਕਿਹਾ ਕਿ 22 ਅਪ੍ਰੈਲ ਨੂੰ ਮੁੜ ਪੇਸ਼ੀ ਸਮੇਂ ਉਹ ਇਸ ਤਸਵੀਰ ਨੂੰ ਵੀ ਸਿੰਘ ਸਾਹਿਬ ਦੀ ਨਜ਼ਰ ਕਰਨਗੇ।

***(ਰੋਜ਼ਾਨਾ 'ਅਜੀਤ', 10 ਅਪ੍ਰੈਲ 1997)***

***

**ਬੀਬੀ ਦਰਸ਼ਨ ਕੌਰ 22 ਅਪ੍ਰੈਲ ਨੂੰ ਖਾਮੋਸ਼ ਜਲੂਸ ਦੀ ਸ਼ਕਲ ਵਿਚ ਪੁੱਜੇਗੀ**

ਨਵੀਂ ਦਿੱਲੀ, 9 ਅਪ੍ਰੈਲ (ਭੁੱਲਰ)-1984 ਦੇ ਸਿੱਖ ਵਿਰੋਧੀ ਦੰਗਿਆਂ ਦੇ ਦੋਸ਼ੀ ਸਾਬਕਾ ਕੇਂਦਰੀ ਮੰਤਰੀ ਐਚ.ਕੇ.ਐਲ. ਭਗਤ ਦੇ ਕੇਸ ਦੀ ਮੁੱਖ ਗਵਾਹ ਦੰਗਾ ਪੀੜਤ ਵਿਧਵਾ ਦਰਸ਼ਨ ਕੌਰ 'ਤੇ ਗੁਰਦੁਆਰਾ ਮਾਤਾ ਸੁੰਦਰੀ ਵਿਖੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਹਿੰਦਰ ਸਿੰਘ ਮਠਾੜੂ ਦੇ ਦਫਤਰ ਦੇ ਬਾਹਰ ਹੋਏ ਕਾਤਲਾਨਾ ਹਮਲੇ ਦੇ ਸਬੰਧ 'ਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਭਾਈ ਰਣਜੀਤ ਸਿੰਘ ਪਾਸ ਕੀਤੀ ਫਰਿਆਦ ਤੋਂ ਬਾਅਦ ਪੰਜ ਸਿੰਘ ਸਾਹਿਬਾਨ ਵੱਲੋਂ ਪ੍ਰਾਪਤ ਹੁਕਮਨਾਮੇ ਅਨੁਸਾਰ ਵਿਧਵਾ ਦਰਸ਼ਨ ਕੌਰ ਆਪਣੀਆਂ ਸੈਂਕੜੇ ਵਿਧਵਾ ਭੈਣਾਂ ਨਾਲ 22 ਅਪ੍ਰੈਲ ਨੂੰ ਸਵੇਰੇ ਗੁਰਦੁਆਰਾ ਬਾਬਾ ਦੀਪ ਸਿੰਘ ਸ਼ਹੀਦ ਤੋਂ ਇਕ ਖਾਮੋਸ਼ ਜਲੂਸ ਦੀ ਸ਼ਕਲ 'ਚ ਸ੍ਰੀ ਅਕਾਲ

ਤਖ਼ਤ ਸਾਹਿਬ 'ਤੇ ਪੁੱਜ ਕੇ ਸਿੰਘ ਸਾਹਿਬਾਨ ਨੂੰ ਪਿਛਲੇ 14 ਸਾਲਾਂ ਦੌਰਾਨ ਬੇਸਹਾਰਾ ਵਿਧਵਾਵਾਂ ਦੀ ਦਰਦਮਈ ਦਾਸਤਾਨ, ਐਚ.ਕੇ.ਐਲ. ਭਗਤ ਕੇਸ 'ਚ ਸਿੱਖ ਨੇਤਾਵਾਂ ਵੱਲੋਂ ਦੋਸ਼ੀਆਂ ਨੂੰ ਬਚਾਉਣ ਲਈ ਲਏ ਗਏ ਪੈਸਿਆਂ ਅਤੇ ਗੁਰਦੁਆਰੇ 'ਚ ਕੀਤੇ ਗਏ ਕਾਤਲਾਨਾ ਹਮਲੇ ਬਾਰੇ ਸੱਚਾਈ ਪੇਸ਼ ਕਰੇਗੀ।

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਭਾਈ ਰਣਜੀਤ ਸਿੰਘ ਨੂੰ ਭੇਜੀ ਇਕ ਤਾਰ 'ਚ ਬੀਬੀ ਦਰਸ਼ਨ ਕੌਰ ਨੇ ਕਿਹਾ ਹੈ ਕਿ ਕੱਲ੍ਹ ਸਵੇਰੇ ਅਖਬਾਰਾਂ 'ਚ ਪ੍ਰਕਾਸ਼ਤ ਹੋਏ ਤੁਹਾਡੇ ਹੁਕਮਨਾਮੇ ਨੂੰ ਇਕ ਸੱਚੀ ਸਿੱਖ ਵਜੋਂ ਕਬੂਲਦੀ ਹੋਈ ਮੈਂ 22 ਅਪ੍ਰੈਲ ਨੂੰ ਸਵੇਰੇ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਜੋ ਵੀ ਹੁਕਮਨਾਮਾ ਹੋਵੇਗਾ, ਸਿਰ ਮੱਥੇ ਕਬੂਲ ਕਰਾਂਗੀ। ਜ਼ਿਕਰਯੋਗ ਹੈ ਕਿ ਦਰਸ਼ਨ ਕੌਰ ਹਾਲੇ ਪੂਰਨ ਰੂਪ 'ਚ ਸਰੀਰਕ ਤੌਰ 'ਤੇ ਠੀਕ ਨਹੀਂ ਹੋਈ।

ਅਜੀਤ ਦੇ ਪੱਤਰਕਾਰ ਦੁਆਰਾ ਅੱਜ ਸਵੇਰੇ ਦੰਗਾ ਪੀੜਤ ਕਲੋਨੀਆਂ ਦਾ ਦੌਰਾ ਕਰਨ 'ਤੇ ਉਨ੍ਹਾਂ ਨੇ ਵਿਧਵਾਵਾਂ 'ਚ ਇਕ ਨਵਾਂ ਜੋਸ਼ ਤੇ ਖ਼ੁਸ਼ੀ ਦੀ ਲਹਿਰ ਦੇਖੀ। ਸਿੰਘ ਸਾਹਿਬਾਨ ਵਲੋਂ ਇਸ ਮਾਮਲੇ ਪ੍ਰਤੀ ਅਪਨਾਈ ਗਈ ਗੰਭੀਰਤਾ ਤੋਂ ਵਿਧਵਾਵਾਂ ਪ੍ਰਸੰਨ ਹਨ। ਵਿਧਵਾਵਾਂ ਨੇ ਕਿਹਾ ਕਿ ਇਹ ਖ਼ੁਸ਼ੀ ਕਈ ਸਾਲ ਬਾਅਦ ਪ੍ਰਾਪਤ ਹੋਈ ਹੈ ਜਦਕਿ ਸਾਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਇਕ ਅਰਸੇ ਤੋਂ ਉਮੀਦਾਂ ਸਨ।

ਵਿਧਵਾਵਾਂ ਨੇ ਕਿਹਾ ਕਿ ਇਸ ਨਾਲ ਪੰਥ ਨਾਲ ਗੱਦਾਰੀ ਨੂੰ ਠੱਲ੍ਹ ਪਏਗੀ। ਹੁਣ ਵਿਧਵਾਵਾਂ ਮਹਿਸੂਸ ਕਰਦੀਆਂ ਹਨ ਕਿ ਸਾਡੀ ਕੋਈ ਫਰਿਆਦ ਸੁਣਨ ਵਾਲਾ ਹੈ। ਇਕ ਵਿਧਵਾ ਜਿਸ ਦੇ ਪਤੀ ਤੇ ਬੱਚਿਆਂ ਨੂੰ ਉਸ ਦੀਆਂ ਅੱਖਾਂ ਸਾਹਮਣੇ ਕਤਲ ਕੀਤਾ ਗਿਆ ਸੀ, ਨੇ ਰੋਂਦੀ ਹੋਈ 'ਅਜੀਤ' ਨੂੰ ਕਿਹਾ ਕਿ ਹੁਣ ਅਸੀਂ ਉਸ ਥਾਂ 'ਤੇ ਪਹੁੰਚ ਗਏ ਹਾਂ ਜਿਥੇ ਸਾਡੀ ਸੁਣਵਾਈ ਜ਼ਰੂਰ ਹੋਵੇਗੀ। ਵਿਧਵਾਵਾਂ ਨੇ ਰੋਹ ਭਰੇ ਲਹਿਜ਼ੇ ਵਿਚ ਕਿਹਾ ਕਿ ਦਿੱਲੀ ਗੁਰਦੁਆਰਾ ਕਮੇਟੀ ਵਾਲੇ ਕਹਿ ਰਹੇ ਸਨ ਕਿ ਆਤਮਾ ਸਿੰਘ ਲੁਬਾਣਾ ਗੁਰਦੁਆਰਾ ਕਮੇਟੀ ਦਾ ਮੈਂਬਰ ਹੈ, ਅਸੀਂ ਕੁਝ ਨਹੀਂ ਕਰ ਸਕਦੇ। ਹੁਣ ਸਾਨੂੰ ਪੂਰਨ ਆਸ ਹੈ ਕਿ ਦੋਸ਼ੀਆਂ ਵਿਰੁੱਧ ਜ਼ਰੂਰ ਕਾਰਵਾਈ ਹੋਵੇਗੀ। ਇਸ ਦੇ ਨਾਲ ਹੀ ਵਿਧਵਾਵਾਂ ਨੇ ਕਿਹਾ ਹੈ ਕਿ ਦਿੱਲੀ ਗੁਰਦੁਆਰਾ ਕਮੇਟੀ ਨੇ, ਜਿਹੜੀ ਜਾਂਚ ਕਮੇਟੀ ਬਣਾਈ ਹੈ, ਅਸੀਂ ਉਸ ਦਾ ਬਾਈਕਾਟ ਕਰਦੀਆਂ ਹਾਂ ਕਿਉਂਕਿ ਦਰਸ਼ਨ ਕੌਰ 'ਤੇ ਹੋਏ ਹਮਲੇ 'ਚ ਪ੍ਰਧਾਨ ਸਮੇਤ ਬਾਕੀ ਵੀ ਦੋਸ਼ੀ ਹਨ, ਇਸ ਲਈ ਦੋਸ਼ੀਆਂ ਨੂੰ ਕੋਈ ਹੱਕ ਨਹੀਂ ਕਿ ਉਹ ਪੜਤਾਲ ਕਰਨ। ਅਸੀਂ ਦੋਸ਼ੀਆਂ ਤੋਂ ਨਿਰਪੱਖ ਜਾਂਚ ਦੀ ਕੋਈ ਆਸ ਨਹੀਂ ਰੱਖਦੇ।

ਇਸ ਦੌਰਾਨ ਦਿੱਲੀ ਦੇ ਪ੍ਰਮੁੱਖ ਅਕਾਲੀ ਨੇਤਾਵਾਂ ਸਮੇਤ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਨੇ ਸਿੰਘ ਸਾਹਿਬਾਨ ਵੱਲੋਂ ਦੋਸ਼ੀਆਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਤਲਬ ਕਰਨ ਤੇ ਕੀਤੀ ਗਈ ਪੁੱਛਗਿੱਛ ਦਾ ਸਵਾਗਤ ਕੀਤਾ ਹੈ। 'ਅਜੀਤ' ਨਾਲ ਗੱਲਬਾਤ ਕਰਦਿਆਂ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਕਿਹਾ ਹੈ ਕਿ ਪੰਜਾਂ ਸਿੱਖ ਨੇਤਾਵਾਂ ਕੋਲੋਂ ਜੋ ਵੀ ਗੱਲਾਂ ਸਿੰਘ ਸਾਹਿਬਾਨ ਵੱਲੋਂ ਪੁੱਛੀਆਂ ਗਈਆਂ ਸੌ ਫੀਸਦੀ ਠੀਕ ਹਨ। ਉਨ੍ਹਾਂ ਨੇ ਕੋਈ ਪੱਖਪਾਤੀ ਰਵੱਈਆ ਨਹੀਂ ਅਪਨਾਇਆ। ਉਨ੍ਹਾਂ ਮਠਾਰੂ ਦੇ ਉਸ ਬਿਆਨ, ਜਿਸ ਵਿਚ ਉਸ ਨੇ ਕਿਹਾ ਹੈ ਕਿ ਸਾਨੂੰ

ਇਕ ਸਾਜ਼ਿਸ਼ ਦੇ ਤਹਿਤ ਘਸੀਟਿਆ ਗਿਆ ਹੈ, ਦੀ ਸਖਤ ਨਿੰਦਾ ਕੀਤੀ।

ਪਰਮਜੀਤ ਸਿੰਘ ਸਰਨਾ ਨੇ ਕਿਹਾ ਕਿ ਜਿਸ ਵੇਲੇ ਆਤਮਾ ਸਿੰਘ ਲੁਬਾਣਾ ਨੇ ਭਗਤ ਕੋਲੋਂ ਸਤਨਾਮੀ ਬਾਈ ਦਾ ਬਿਆਨ ਬਦਲਵਾਉਣ ਲਈ ਪੈਸੇ ਲਏ ਤਾਂ ਅਸੀਂ ਉਸ ਨੂੰ ਆਪਣੇ ਗਰੁੱਪ 'ਚੋਂ ਕੱਢ ਦਿੱਤਾ। ਪੈਸੇ ਲੈਣ 'ਤੇ ਵਿਧਵਾਵਾਂ ਨੇ ਆਤਮਾ ਸਿੰਘ ਦਾ ਵਿਰੋਧ ਕੀਤਾ ਤੇ ਲੁਬਾਣਾ ਬਰਾਦਰੀ ਨੇ ਵੀ ਉਸ ਨੂੰ ਆਪਣੀ ਬਰਾਦਰੀ 'ਚੋਂ ਛੇਕ ਦਿੱਤਾ। ਮਠਾਰੂ ਗਰੁੱਪ ਨੇ ਇਸ ਨੂੰ ਗਲੇ ਲਗਾਇਆ। ਇਹ ਲੋਕ ਆਤਮਾ ਸਿੰਘ ਦੀਆਂ ਕਰਨੀਆਂ 'ਤੇ ਪਰਦਾ ਪਾਉਂਦੇ ਰਹੇ। ਉਨ੍ਹਾਂ ਕਿਹਾ ਕਿ ਗਲਤੀਆਂ ਮਠਾਰੂ ਗੁੱਟ ਕਰੇ ਤੇ ਹੱਥ ਸਾਡਾ ਹੋ ਗਿਆ, ਜਦਕਿ ਸਬ-ਕਮੇਟੀਆਂ 'ਚ ਸਾਡਾ ਕੋਈ ਮੈਂਬਰ ਵੀ ਨਹੀਂ।

ਜਸਬੀਰ ਸਿੰਘ ਕਾਕਾ, ਜੋ ਮਠਾਰੂ ਦੇ ਨਾਲ ਅਕਾਲ ਤਖ਼ਤ 'ਤੇ ਹਾਜ਼ਰ ਹੋਏ, ਨੇ 'ਅਜੀਤ' ਨੂੰ ਕਿਹਾ ਕਿ ਗੁਰਦੁਆਰੇ 'ਚ ਦਰਸ਼ਨ ਕੌਰ ਨੂੰ ਮਾਰਨ ਤੋਂ ਵੱਡਾ ਗੁਨਾਹ ਹੋਰ ਕੋਈ ਨਹੀਂ। ਉਨ੍ਹਾਂ ਕਿਹਾ ਕਿ ਇਕੱਲੀ ਦਰਸ਼ਨ ਕੌਰ ਨੇ 12 ਸਾਲ ਕੇਸ ਲੜਨ ਤੋਂ ਬਾਅਦ ਸਾਢੇ ਤਿੰਨ ਲੱਖ ਰੁਪਿਆ ਹਰ ਵਿਧਵਾ ਨੂੰ ਸਰਕਾਰ ਕੋਲੋਂ ਦਿਵਾਇਆ ਹੈ। ਉਸ ਨੂੰ ਮਾਰਕੁੱਟ ਕੇ ਖਤਮ ਕਰਨ ਦੀ ਕੋਸ਼ਿਸ਼ ਅਤਿ ਨਿੰਦਣਯੋਗ ਹੈ।

ਦਿੱਲੀ ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਹਰਿੰਦਰਪਾਲ ਸਿੰਘ ਨੇ ਸਿੰਘ ਸਾਹਿਬਾਨ ਦੇ ਉਸ ਕਦਮ ਦਾ ਭਰਵਾਂ ਸਵਾਗਤ ਕੀਤਾ ਹੈ, ਜਿਸ ਵਿਚ ਉਨ੍ਹਾਂ ਸੁਣਵਾਈ ਪੱਤਰਕਾਰਾਂ ਦੇ ਸਾਹਮਣੇ ਕੀਤੀ।

ਵਿਧਵਾ ਭਾਗੀ ਕੌਰ, ਜਿਸ ਨੇ ਸਿੰਘ ਸਾਹਿਬ ਪਾਸ ਇਸ ਮਾਮਲੇ ਪ੍ਰਤੀ ਸੁਣਵਾਈ ਲਈ ਫਰਿਆਦ ਕੀਤੀ ਸੀ, ਨੇ ਅੱਜ 'ਅਜੀਤ' ਨਾਲ ਗੱਲਬਾਤ ਕਰਦਿਆਂ ਕਿਹਾ ਕਿ ਅਸੀਂ ਅਕਾਲ ਤਖ਼ਤ 'ਤੇ ਜਾ ਕੇ ਖੁਦ ਸੱਚਾਈ ਸਿੰਘ ਸਾਹਿਬ ਨੂੰ ਦੱਸਾਂਗੀਆਂ।

ਦੂਜੇ ਪਾਸੇ ਨੌਜੁਆਨ ਸਿੱਖ ਸਮਾਜ ਦੇ ਪ੍ਰਧਾਨ ਪਰਮਜੀਤ ਸਿੰਘ ਪੰਮਾ ਨੇ ਸਿੰਘ ਸਾਹਿਬ ਨੂੰ ਅਪੀਲ ਕੀਤੀ ਹੈ ਕਿ ਦਰਸ਼ਨ ਕੌਰ ਪੂਰੇ ਸਿੱਖ ਪੰਥ ਦੀ ਅਮਾਨਤ ਹੈ ਤੇ ਲੋਕ ਪੈਸੇ ਦੇ ਲਾਲਚ 'ਚ ਇਸ ਨੂੰ ਖਤਮ ਕਰਨਾ ਚਾਹੁੰਦੇ ਹਨ, ਦਰਸ਼ਨ ਕੌਰ ਦੀ ਗਵਾਹੀ ਨੇ ਹੀ ਪੂਰੇ ਪੰਥ ਦੀ ਲਾਜ ਰੱਖਣੀ ਹੈ, ਨਹੀਂ ਤਾਂ ਦੰਗਿਆਂ ਦੇ ਦੋਸ਼ੀ ਅਸਾਨੀ ਨਾਲ ਬਚ ਜਾਣਗੇ।

***(ਰੋਜ਼ਾਨਾ 'ਅਜੀਤ', 10 ਅਪ੍ਰੈਲ 1997)***

***

## ਬੀਬੀ ਦਰਸ਼ਨ ਕੌਰ ਵਲੋਂ ਸਿੰਘ ਸਾਹਿਬ ਨੂੰ ਲਿਖੀ ਚਿੱਠੀ ਦਾ ਮੂਲ ਪਾਠ

***22 ਅਪ੍ਰੈਲ 1997***

**ੴ ਸਤਿਗੁਰ ਪ੍ਰਸਾਦਿ**

ਸੇਵਾ ਵਿਖੇ,
ਪਰਮ ਸਤਿਕਾਰ ਯੋਗ ਸਿੰਘ ਸਾਹਿਬ,
ਜਥੇਦਾਰ ਭਾਈ ਸਾਹਿਬ ਭਾਈ ਰਣਜੀਤ ਸਿੰਘ ਜੀ,
ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਹਿ॥

ਜਦ ਤੋਂ ਮੈਂ ਕਾਣੇ ਭਗਤ ਦੇ ਖਿਲਾਫ ਅਦਾਲਤ ਵਿਚ ਬਿਆਨ ਦਿੱਤਾ, ਉਸਦੇ ਦੋ ਦਿਨ ਬਾਅਦ ਤੋਂ ਹੀ ਆਤਮਾ ਸਿੰਘ ਲੁਬਾਣਾ ਮੈਨੂੰ ਬਿਆਨ ਵਾਪਸ ਲੈਣ ਲਈ ਮਜ਼ਬੂਰ

ਕਰਨ ਲੱਗ ਪਿਆ। ਆਤਮਾ ਸਿੰਘ ਨੇ ਮੈਨੂੰ 25 ਲੱਖ ਰੁਪਏ ਦਾ ਲਾਲਚ ਵੀ ਦਿੱਤਾ। ਇਕ ਦਿਨ ਆਤਮਾ ਸਿੰਘ ਅੱਧੀ ਰਾਤ ਨੂੰ ਮੇਰੇ ਘਰ ਆਇਆ ਅਤੇ ਮੈਨੂੰ ਬਿਆਨ ਬਦਲਣ ਲਈ ਮਜਬੂਰ ਕਰਨ ਲੱਗ ਪਿਆ। ਜਦ ਮੈਂ ਉਸਦੀ ਗੱਲ ਨਾ ਮੰਨੀ ਤਾਂ ਉਹ ਜਬਰਦਸਤੀ ਮੇਰੇ ਘਰ ਪੇਸ਼ਗੀ ਇਕ ਲੱਖ ਰੁਪਿਆ ਰੱਖ ਕੇ ਚਲਾ ਗਿਆ ਅਤੇ ਸਵੇਰ ਤੱਕ ਸੋਚਣ ਵਾਸਤੇ ਕਹਿ ਗਿਆ ਕਿ ਜੇ ਤੂੰ ਹਾਂ ਕਰ ਦੇਂਗੀ ਤਾਂ ਬਾਕੀ ਦੇ 24 ਲੱਖ ਰੁਪਏ ਜਿੱਥੇ ਕਹੇਂਗੀ, ਉੱਥੇ ਦੇ ਦਿਆਂਗੇ। ਉਸ ਵਕਤ ਮੈਂ ਬਹੁਤ ਘਬਰਾ ਗਈ। ਅੱਧੀ ਰਾਤ ਦਾ ਵਕਤ ਸੀ ਅਤੇ ਉਸ ਵਕਤ ਮੇਰੀ ਸਮਝ ਵਿਚ ਕੁੱਝ ਨਹੀਂ ਆਇਆ। ਅਗਲੇ ਦਿਨ ਸਵੇਰੇ ਸਵੇਰੇ ਪ੍ਰਭਾਤ ਦੇ ਵਕਤ ਮੈਂ ਆਤਮਾ ਸਿੰਘ ਦੇ ਘਰ ਗਈ। ਜਿਹੜੇ ਪੈਸੇ ਉਹ ਮੇਰੇ ਘਰ ਰੱਖ ਗਿਆ ਸੀ, ਉਹ ਮੈਂ ਉਸਨੂੰ ਵਾਪਸ ਸੁੱਟ ਆਈ। ਇਸ ਤੋਂ ਬਾਅਦ ਆਤਮਾ ਸਿੰਘ ਨੇ ਮੇਰੇ ਗੁਆਂਢ ਵਿਚ ਫੋਨ ਕਰਕੇ ਮੈਨੂੰ ਤੇ ਮੇਰੇ ਬੱਚਿਆਂ ਨੂੰ ਮਾਰਨ ਦੀ ਧਮਕੀ ਦਿੱਤੀ, ਜਿਸ ਦੀ ਰਿਪੋਰਟ ਮੈਂ ਥਾਣੇ ਵਿਚ ਕਰ ਦਿੱਤੀ। ਜਿਸ ਹਿੰਦੂ ਗੁਆਂਢੀ ਨੇ ਇਹ ਫੋਨ ਸੁਣਿਆਂ ਸੀ, ਉਸਨੇ ਵੀ ਪੁਲਿਸ ਨੂੰ ਦੱਸ ਦਿੱਤਾ। ਇਸਦੇ ਬਾਅਦ ਪੁਲਿਸ ਨੇ ਮੇਰੀ ਸੁੱਰਖਿਆ ਦਾ ਇੰਤਜਾਮ ਕਰ ਦਿੱਤਾ। ਇਸ ਦੌਰਾਨ ਪੁਲਿਸ ਦੀ ਮੌਜੂਦਗੀ ਵਿਚ ਮੇਰੇ 'ਤੇ ਤਿੰਨ ਵਾਰ ਹਮਲਾ ਹੋਇਆ, ਜਿਸ ਦੀ ਰਿਪੋਰਟ ਮੈਂ ਥਾਣੇ ਵਿਚ ਵੀ ਕਰਵਾਈ। ਇਹ ਹਮਲਾ ਵੀ ਆਤਮਾ ਸਿੰਘ ਲੁਬਾਣਾ ਦੇ ਇਸ਼ਾਰੇ 'ਤੇ ਹੋਇਆ। ਜਦ ਪੁਲਿਸ ਨੇ ਕੋਈ ਕਾਰਵਾਈ ਨਹੀਂ ਕੀਤੀ ਤਾਂ ਮੈਂ ਆਪਣੀਆਂ ਕੁਝ ਵਿਧਵਾ ਭੈਣਾਂ ਨੂੰ ਨਾਲ ਲੈ ਕੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਦਫਤਰ ਮਦਦ ਲੈਣ ਗਈ। ਉਥੇ ਮੈਨੂੰ ਅਵਤਾਰ ਸਿੰਘ ਹਿਤ ਮਿਲਿਆ। ਮੈਂ ਉਸਨੂੰ ਗੁਰਦੁਆਰਾ ਕਮੇਟੀ ਦਾ ਨੇਤਾ ਸਮਝ ਕੇ ਮਦਦ ਲਈ ਕਿਹਾ। ਉਸਨੇ ਇਕਦਮ ਮੈਨੂੰ ਤੇ ਮੇਰੀਆਂ ਵਿਧਵਾ ਭੈਣਾਂ ਨੂੰ ਗਾਲ੍ਹਾਂ ਕੱਢਣੀਆਂ ਸ਼ੁਰੂ ਕਰ ਦਿੱਤੀਆਂ। ਉਸਨੇ ਕਿਹਾ, "ਤੁਸੀਂ ਰੰਡੀਆਂ ਨੂੰ ਹਰ ਵਕਤ ਮਦਦ ਹੀ ਚਾਹੀਦੀ ਹੈ, ਦਸ ਦਸ ਖਸਮ ਰੱਖੇ ਨੇ ਭੈਣ-......ਨੇ। ਅਸੀਂ ਆਤਮਾ ਸਿੰਘ ਦਾ ਕੁਝ ਨਹੀਂ ਕਰ ਸਕਦੇ, ਉਹ ਚੁਣਿਆ ਹੋਇਆ ਮੈਂਬਰ ਹੈ ਅਤੇ ਹੁਣ ਅਸੀਂ ਰੰਡੀਆਂ ਨੂੰ ਪੈਨਸ਼ਨ ਵੀ ਨਹੀਂ ਦੇਣੀ"। ਇਸ ਤੋਂ ਇਲਾਵਾ ਵੀ ਉਸਨੇ ਸਾਨੂੰ ਬੜੀਆਂ ਗੰਦੀਆਂ ਗਾਲ੍ਹਾਂ ਕੱਢੀਆਂ, ਅਸੀਂ ਰੋਂਦੇ ਪਿੱਟਦੇ ਘਰ ਵਾਪਸ ਆ ਗਏ।

ਜਿਸ ਦਿਨ ਗੁਰਦੁਆਰਾ ਵਿਖੇ ਮੇਰੇ ਉੱਤੇ ਹਮਲਾ ਹੋਇਆ, ਉਸ ਦਿਨ ਮੇਰੀ ਅਦਾਲਤ ਵਿਚ ਐਚ. ਕੇ. ਐਲ. ਭਗਤ ਦੇ ਖਿਲਾਫ ਗਵਾਹੀ ਸੀ। ਜਦ ਮੈਂ ਅਦਾਲਤ 'ਚ ਪਹੁੰਚੀ ਤਾਂ ਉਥੇ ਮੈਨੂੰ ਪਤਾ ਚਲਿਆ ਕਿ ਐਚ. ਕੇ. ਐਲ. ਭਗਤ ਨੇ ਹਾਈਕੋਰਟ ਤੋਂ ਸਟੇਅ ਲੈ ਲਿਆ ਹੈ। ਇਹ ਸੁਣ ਕੇ ਮੈਨੂੰ ਬੜਾ ਦੁੱਖ ਲੱਗਿਆ। ਮੈਂ ਉੱਥੋ ਸਿੱਧਾ ਗੁਰਦੁਆਰਾ ਕਮੇਟੀ ਦੇ ਦਫਤਰ ਮਾਤਾ ਸੁੰਦਰੀ ਚਲੀ ਗਈ। ਮੇਰੇ ਨਾਲ ਮੇਰੀਆਂ ਵਿਧਵਾ ਭੈਣਾਂ ਵੀ ਸਨ। ਮੀਟਿੰਗ ਤੋਂ ਬਾਦ ਮੈਂ (ਪ੍ਰਧਾਨ) ਦਿੱਲੀ ਗੁਰਦੁਆਰਾ ਕਮੇਟੀ ਸ. ਮਹਿੰਦਰ ਸਿੰਘ ਮਠਾਰੂ ਨੂੰ ਮਿਲੀ ਤੇ ਉਨ੍ਹਾਂ ਤੋਂ ਚੰਗੇ ਵਕੀਲਾਂ ਦੀ ਮੰਗ ਕੀਤੀ। ਮੈਂ ਅਜੇ ਗੱਲ ਕਰ ਹੀ ਰਹੀ ਸੀ ਕਿ ਮੇਰੇ ਸਾਹਮਣੇ ਆਤਮਾ ਸਿੰਘ ਲੁਬਾਣਾ ਆ ਗਿਆ। ਉਸਨੂੰ ਦੇਖਦਿਆਂ ਹੀ ਮੈਂ ਪ੍ਰਧਾਨ ਨੂੰ ਕਿਹਾ ਕਿ ਤੁਸੀਂ ਇਸ ਨੂੰ ਕਹੋ ਕਿ ਇਹ ਮੇਰਾ ਪਿੱਛਾ ਛੱਡੇ ਅਤੇ ਗਵਾਹੀ ਬਦਲਣ ਵਾਸਤੇ ਮੈਨੂੰ ਮਜਬੂਰ ਨਾ ਕਰੇ। ਮੇਰੇ ਇਤਨਾ ਕਹਿੰਦਿਆਂ ਹੀ ਆਤਮਾ ਸਿੰਘ ਲੁਬਾਣਾ ਨੇ ਆਪਣੇ ਛੇ ਸਾਥੀਆਂ ਨਾਲ ਮੈਨੂੰ ਪ੍ਰਧਾਨ ਦੇ ਦਫਤਰ ਦੀ ਚੌਖਟ 'ਤੇ ਹੀ ਡੰਡਿਆਂ ਨਾਲ ਮਾਰਨਾ ਸ਼ੁਰੂ ਕਰ ਦਿੱਤਾ। ਮੈਂ

ਮਦਦ ਲਈ ਪੁਕਾਰਦੀ ਰਹੀ ਪਰ ਪ੍ਰਧਾਨ ਸਮੇਤ ਕਿਸੇ ਨੇ ਵੀ ਮੈਨੂੰ ਨਹੀਂ ਬਚਾਇਆ। ਫਿਰ ਮੈਂ ਬੇਹੋਸ਼ ਹੋ ਗਈ। ਬਾਅਦ ਵਿਚ ਮੈਨੂੰ ਹਸਪਤਾਲ ਵਿਚ ਹੋਸ਼ ਆਇਆ।

ਇਸ ਦੌਰਾਨ ਗੁਰਦੁਆਰਾ ਕਮੇਟੀ ਦਾ ਕੋਈ ਵੱਡਾ ਮੈਂਬਰ ਮੇਰਾ ਹਾਲ ਪੁੱਛਣ ਨਹੀਂ ਆਇਆ। ਮੇਰੇ ਨਾਲ ਹਸਪਤਾਲ ਵਿਚ ਬੈਠੀਆਂ ਵਿਧਵਾ ਭੈਣਾਂ ਗੁਰਦੁਆਰਾ ਬੰਗਲਾ ਸਾਹਿਬ ਤੋਂ ਸਵੇਰੇ ਸ਼ਾਮ ਲੰਗਰ ਛੱਕਣ ਵਾਸਤੇ ਜਾਂਦੀਆਂ ਸਨ। ਮੇਰਾ ਇਲਾਜ ਸਰਕਾਰੀ ਹਸਪਤਾਲ ਵਿਚ ਹੋਇਆ। ਇਸ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਪ੍ਰਕਾਸ਼ ਸਿੰਘ ਬਾਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੁਰਚਰਨ ਸਿੰਘ ਟੌਹੜਾ, ਸੁਰਜੀਤ ਸਿੰਘ ਬਰਨਾਲਾ ਅਤੇ ਅਕਾਲੀ ਐਮ. ਪੀ. ਵੀ ਦਿੱਲੀ ਵਿਚ ਹੋਣ ਦੇ ਬਾਵਜੂਦ ਮੇਰੀ ਖਬਰ ਲੈਣ ਨਹੀਂ ਆਏ। ਹਾਰ ਕੇ ਮੇਰੀਆਂ ਵਿਧਵਾ ਭੈਣਾਂ ਨੇ ਆਪ ਜੀ ਨੂੰ ਚਿੱਠੀ ਭੇਜੀ। ਸਾਨੂੰ ਸਾਰੀਆਂ ਵਿਧਵਾਵਾਂ ਨੂੰ ਤਸੱਲੀ ਹੋਈ ਹੈ ਕਿ ਤੁਸੀਂ ਸਾਡੀ ਫਰਿਆਦ ਤਾਂ ਸੁਣੀ। ਅਸੀਂ ਇਸ ਗੱਲ 'ਤੇ ਸਾਰੀਆਂ ਵਿਧਵਾ ਭੈਣਾਂ ਤੁਹਾਡੀਆਂ ਰਿਣੀ ਹਾਂ।

ਧੰਨਵਾਦ ਸਹਿਤ

*ਵਿਧਵਾ ਦਰਸ਼ਨ ਕੌਰ*

***

22 ਅਪ੍ਰੈਲ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਸਿੰਘ ਸਾਹਿਬਾਨ ਦੀ ਹੋਈ ਬੈਠਕ ਵਿਚ ਹੇਠ ਲਿਖੀ ਕਾਰਵਾਈ ਕੀਤੀ ਗਈ;

*22 ਅਪ੍ਰੈਲ 1997*

## ਗੁਰਮਤਾ

ਪਿਛਲੇ ਦਿਨੀਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਦਫਤਰ ਵਿਖੇ ਬੀਬੀ ਦਰਸ਼ਨ ਕੌਰ ਦੀ ਮਾਰਕੁੱਟ ਦੀ ਦੁਖਦਾਈ ਘਟਨਾ ਨੇ ਸਾਰੇ ਮਨੁੱਖੀ ਹਿਰਦਿਆਂ ਨੂੰ ਭਾਰੀ ਠੇਸ ਪਹੁੰਚਾਈ ਹੈ। ਸਰਬੱਤ ਦਾ ਭਲਾ ਮੰਗਣ ਵਾਲੇ ਗੁਰੂ ਕਿਆਂ ਲਈ ਇਹ ਘਟਨਾ ਅਤਿਅੰਤ ਘਿਨਾਉਣੀ ਅਤੇ ਸ਼ਰਮਿੰਦਗੀ ਵਾਲੀ ਹੈ। ਇਸ ਤੋਂ ਬੇਚੈਨ ਹੋ ਕੇ ਸਿੱਖ ਸੰਗਤਾਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸਿੰਘ ਸਾਹਿਬਾਨ ਕੋਲ ਗੁਰਮਤਿ ਸਿਧਾਂਤਾਂ ਅਨੁਸਾਰ ਲੋੜੀਂਦੀ ਕਾਰਵਾਈ ਲਈ ਵੇਦਨਾ ਪ੍ਰਗਟ ਕੀਤੀ। ਸਿੰਘ ਸਾਹਿਬਾਨ ਨੇ ਗੁਰਸਿੱਖਾਂ ਦੀ ਭਾਵਨਾ ਨੂੰ ਧਿਆਨ ਵਿਚ ਰਖਦਿਆਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਹੁਦੇਦਾਰਾਂ ਸਮੇਤ ਸਾਰੀਆਂ ਸਬੰਧਤ ਧਿਰਾਂ, ਜੋ ਇਸ ਹਿਰਦੇਵੇਦਕ ਘਟਨਾ ਸਮੇਂ ਹਾਜ਼ਰ ਸਨ, ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਬੁਲਾਇਆ। ਇਨ੍ਹਾਂ ਸਾਰਿਆਂ ਵਿਅਕਤੀਆਂ ਕੋਲੋਂ ਵਿਸਥਾਰ ਸਹਿਤ ਸਪੱਸ਼ਟੀਕਰਨ ਲੈਣ ਉਪਰੰਤ ਹੇਠ ਲਿਖਿਆਂ ਨੂੰ ਲਾਹਪ੍ਰਵਾਹੀ ਲਈ ਜ਼ਿੰਮੇਵਾਰ ਸਮਝਿਆ ਗਿਆ;

1. ਸ: ਮਹਿੰਦਰ ਸਿੰਘ, ਪ੍ਰਧਾਨ
2. ਸ: ਗੁਰਬਚਨ ਸਿੰਘ, ਸੀਨੀਅਰ ਮੀਤ ਪ੍ਰਧਾਨ
3. ਸ: ਸੰਤੋਖ ਸਿੰਘ, ਜੂਨੀਅਰ ਮੀਤ ਪ੍ਰਧਾਨ
4. ਸ: ਇਕਬਾਲ ਸਿੰਘ, ਜਨਰਲ ਸਕੱਤਰ
5. ਸ: ਇੰਦਰਪਾਲ ਸਿੰਘ, ਮੈਂਬਰ

6. ਸ: ਕੁਲਮੋਹਨ ਸਿੰਘ, ਮੈਂਬਰ

7. ਸ: ਪ੍ਰੀਤਮ ਸਿੰਘ, ਮੈਂਬਰ

8. ਸ: ਤਨਵੰਤ ਸਿੰਘ, ਮੈਂਬਰ

9. ਸ: ਸੁੱਚਾ ਸਿੰਘ, ਮੈਂਬਰ

10. ਸ: ਕੁਲਦੀਪ ਸਿੰਘ, ਮੈਂਬਰ

ਆਤਮਾ ਸਿੰਘ ਅਤੇ ਅਵਤਾਰ ਸਿੰਘ ਹਿਤ ਨੂੰ ਇਸ ਮੰਦਭਾਗੀ ਘਟਨਾ ਅਤੇ ਇਸ ਦੇ ਪਿਛੋਕੜ ਨਾਲ ਜੁੜੀਆਂ ਸਰਗਰਮੀਆਂ ਵਿਚ ਸਿੱਖ ਵਿਧਵਾਵਾਂ ਅਤੇ 1984 ਦੇ ਘਲੂਘਾਰੇ ਦੀਆਂ ਪੀੜਤ ਬੀਬੀਆਂ ਦੀ ਤਰਸਯੋਗ ਹਾਲਤ ਲਈ ਸਭ ਤੋਂ ਵਧੇਰੇ ਦੋਸ਼ੀ ਪਾਇਆ ਗਿਆ ਹੈ। ਸੋ ਇਨ੍ਹਾਂ ਵਿਅਕਤੀਆਂ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਹੇਠ ਲਿਖੇ ਅਨੁਸਾਰ ਫੈਸਲਾ ਸੁਣਾਇਆ ਜਾਂਦਾ ਹੈ। ਆਤਮਾ ਸਿੰਘ ਨੂੰ ਇਸ ਦੋਸ਼ ਕਾਰਨ ਗੁਰੂ ਪੰਥ ਦਾ ਤਨਖਾਹੀਆ ਕਰਾਰ ਦਿੱਤਾ ਜਾਂਦਾ ਹੈ। ਜੇਲ੍ਹ ਤੋਂ ਰਿਹਾਅ ਹੋਣ ਉਪਰੰਤ ਇਹ ਵਿਅਕਤੀ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੇਸ਼ ਹੋ ਕੇ ਤਨਖਾਹ ਲੁਆਵੇ।

ਅਵਤਾਰ ਸਿੰਘ ਹਿੱਤ ਨੂੰ ਹੁਕਮ ਹੈ ਕਿ ਉਹ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਮੈਂਬਰੀ ਤੋਂ ਤੁਰੰਤ ਤਿਆਗ-ਪੱਤਰ ਦੇਵੇ। ਨਾਲ ਹੀ ਇਸ ਵਿਅਕਤੀ ਨੂੰ ਕਿਸੇ ਵੀ ਪੰਥਕ ਜਥੇਬੰਦੀ ਵਿਚ ਆਉਂਦੇ ਤਿੰਨ ਸਾਲ ਕੋਈ ਵੀ ਅਹੁਦਾ ਨਾ ਦਿੱਤਾ ਜਾਵੇ।

ਦਿੱਲੀ ਸਰਕਾਰ ਵਲੋਂ ਸੰਨ 1984 ਦੇ ਸਿੱਖ ਪੀੜਤ ਪਰਿਵਾਰਾਂ ਅਤੇ ਗਰੀਬ ਬੱਚਿਆਂ ਲਈ ਵਿਸ਼ੇਸ਼ ਸਹੂਲਤਾਂ ਅਧੀਨ ਅਲਾਟ ਕੀਤੀ ਗਈ ਗੁਰੂ ਨਾਨਕ ਖਾਲਸਾ ਸਕੂਲ ਐਮ.ਐਸ. ਬਲਾਕ ਹਰੀ ਨਗਰ (ਦਿੱਲੀ) ਦੀ ਜ਼ਮੀਨ ਅਤੇ ਮਲਕੀਅਤ ਅਤੇ ਪ੍ਰਬੰਧ ਨਾਲ ਸਬੰਧਤ ਸਾਰੇ ਕਾਗਜ਼ਾਤ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹਵਾਲੇ ਕਰੇ। ਇਸ ਦੀ ਕਾਨੂੰਨੀ ਕਾਰਵਾਈ ਲਈ ਆਪਣੀ ਹੀ ਚੇਅਰਮੈਨੀ ਹੇਠ ਬਣਾਈ ਗਈ ਸਬੰਧਤ ਐਜੂਕੇਸ਼ਨ ਕਮੇਟੀ ਅਵਤਾਰ ਸਿੰਘ ਹਿੱਤ ਦੇ ਨਾਲ ਇਸ ਕਾਰਵਾਈ ਵਿਚ ਪੂਰੀ ਤਰ੍ਹਾਂ ਸ਼ਾਮਲ ਹੋਵੇ।

ਇਸ ਹੁਕਮ ਦੀ ਪਾਲਣਾ ਉਪਰੰਤ ਹੀ ਅਵਤਾਰ ਸਿੰਘ ਹਿਤ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਦੋਸ਼ ਮੁਕਤ ਕਰਾਰ ਦਿੱਤਾ ਜਾਵੇਗਾ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਹੁਦੇਦਾਰਾਂ ਸ: ਮਹਿੰਦਰ ਸਿੰਘ, ਸ: ਗੁਰਬਚਨ ਸਿੰਘ, ਸ: ਸੰਤੋਖ ਸਿੰਘ ਅਤੇ ਸ: ਇਕਬਾਲ ਸਿੰਘ ਨੂੰ ਤੁਰੰਤ ਆਪੋ-ਆਪਣੇ ਅਹੁਦਿਆਂ ਤੋਂ ਆਪਣੀ ਜਥੇਬੰਦੀ ਦੇ ਪ੍ਰਧਾਨ ਨੂੰ ਅਸਤੀਫੇ ਭੇਜ ਦੇਣ ਦਾ ਆਦੇਸ਼ ਦਿੱਤਾ ਜਾਂਦਾ ਹੈ। ਨਵੀਂ ਪ੍ਰਬੰਧਕ ਕਮੇਟੀ ਦੇ ਗਠਨ ਲਈ ਜਥੇਬੰਦੀ ਦੇ ਜ਼ਿੰਮੇਵਾਰ ਵਿਅਕਤੀਆਂ ਰਾਹੀਂ ਤੁਰਤ ਲੋੜੀਂਦੀ ਕਾਰਵਾਈ ਕੀਤੀ ਜਾਵੇ। ਅਜਿਹਾ ਕਰਨ ਉਪਰੰਤ ਹੀ ਇਹ ਵਿਅਕਤੀ ਸ੍ਰੀ ਅਕਾਲ ਤਖ਼ਤ ਸਾਹਿਬ ਰਾਹੀਂ ਬਖਸ਼ੇ ਜਾਣਗੇ। ਇਨ੍ਹਾਂ ਉਪਰੋਕਤ ਵਿਅਕਤੀਆਂ ਸਮੇਤ ਸ: ਇੰਦਰਪਾਲ ਸਿੰਘ, ਸ: ਕੁਲਮੋਹਨ ਸਿੰਘ, ਸ: ਪ੍ਰੀਤਮ ਸਿੰਘ, ਸ: ਤਨਵੰਤ ਸਿੰਘ, ਸ: ਸੁੱਚਾ ਸਿੰਘ ਅਤੇ ਸ: ਕੁਲਦੀਪ ਸਿੰਘ ਨੂੰ ਇਸ ਦੁਖਦਾਈ ਘਟਨਾ ਸਮੇਂ ਹਾਜ਼ਰ ਹੋਣ ਦੇ ਬਾਵਜੂਦ ਅਵੇਸਲਾਪਣ ਦਿਖਾਉਣ ਕਾਰਨ ਦੋ ਹਫਤੇ ਲਈ ਹੇਠ ਲਿਖੀ ਤਨਖਾਹ ਲਾਈ ਜਾਂਦੀ ਹੈ। ਇਹ ਤਨਖਾਹ ਇਕ ਹਫਤਾ ਸ੍ਰੀ ਅੰਮ੍ਰਿਤਸਰ ਸ੍ਰੀ ਦਰਬਾਰ ਸਾਹਿਬ ਵਿਖੇ ਅਤੇ ਇਕ ਹਫਤਾ ਗੁਰਦੁਆਰਾ ਬੰਗਲਾ ਸਾਹਿਬ ਨਵੀਂ ਦਿੱਲੀ ਵਿਖੇ ਇਨ੍ਹਾਂ ਵਿਅਕਤੀਆਂ ਵਲੋਂ ਨਿਭਾਈ ਜਾਵੇਗੀ।

ਹਰ ਰੋਜ਼ ਇਕ ਘੰਟਾ ਜੋੜਿਆਂ ਦੀ ਸੇਵਾ ਕਰਨੀ। ਰੋਜ਼ਾਨਾ ਇਕ ਘੰਟਾ ਲੰਗਰ ਦੇ ਭਾਂਡਿਆਂ ਦੀ ਸੇਵਾ ਕਰਨੀ। ਇਕ ਘੰਟਾ ਗੁਰਬਾਣੀ ਪਾਠ ਅਤੇ ਕੀਰਤਨ ਸੁਣਨਾ। ਇਕ ਘੰਟਾ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਪ੍ਰਕਰਮਾ ਦੇ ਇਸ਼ਨਾਨ ਦੀ ਸੇਵਾ ਕਰਨੀ।

ਇਸ ਸਮੁੱਚੀ ਸੇਵਾ ਉਪਰੰਤ ਉਪਰੋਕਤ ਸਾਰੇ ਵਿਅਕਤੀ 1100/1100 ਰੁਪਏ ਦੀ ਕੜਾਹ ਪ੍ਰਸ਼ਾਦਿ ਦੀ ਦੇਗ ਲੈ ਕੇ ਆਪਣੀਆਂ ਭੁੱਲਾਂ ਬਖਸ਼ਵਾਉਣ ਹਿਤ ਅਰਦਾਸ ਕਰਵਾਉਣ ਲਈ ਹਾਜ਼ਰ ਹੋਣ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਮੈਂਬਰ ਬੀਬੀ ਦਲਜੀਤ ਕੌਰ ਨੂੰ ਵੀ ਭਵਿੱਖ ਵਿਚ ਸੰਗਤਾਂ ਵਲੋਂ ਲਾਈ ਗਈ ਪੰਥਕ ਜ਼ਿੰਮੇਵਾਰੀ ਨੂੰ ਪੂਰਨ ਸੁਹਿਰਦਤਾ ਅਤੇ ਗੁਰੂ ਦੀ ਭੈ ਭਾਵਨੀ ਵਿਚ ਨਿਭਾਉਣ ਲਈ ਸੁਚੇਤ ਕੀਤਾ ਜਾਂਦਾ ਹੈ।

ਦਸਤਖਤ : ਰਣਜੀਤ ਸਿੰਘ, ਮੋਹਣ ਸਿੰਘ,
ਮਨਜੀਤ ਸਿੰਘ, ਕੇਵਲ ਸਿੰਘ, ਭਗਵਾਨ ਸਿੰਘ

***

ਇਸ ਕਾਰਵਾਈ ਦੇ ਜੁਆਬ ਵਿਚ ਹੇਠ ਲਿਖੇ ਅਹੁਦੇਦਾਰਾਂ ਨੇ ਆਪਣੀ ਗਲਤੀ ਦੀ ਮੁਆਫੀ ਮੰਗੀ ਅਤੇ ਇਸ ਸਬੰਧੀ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਲਿਖਿਆ;

*16 ਜੂਨ 1997*

ੴ ਸਤਿਗੁਰ ਪ੍ਰਸਾਦਿ॥
ਪਰਮ ਸਤਿਕਾਰਯੋਗ,
ਸਿੰਘ ਸਾਹਿਬ ਭਾਈ ਰਣਜੀਤ ਸਿੰਘ,
ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਜੀਓ,
ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਹਿ॥

ਸਨਿਮਰ ਬੇਨਤੀ ਹੈ ਕਿ ਅਸੀਂ ਆਪ ਜੀ ਦੇ ਹੁਕਮ ਅਨੁਸਾਰ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਹੁਦਿਆਂ ਤੋਂ ਆਪਣੇ ਅਸਤੀਫੇ ਦੇ ਚੁੱਕੇ ਹਾਂ ਜੀ। ਕੁਝ ਮੈਂਬਰਾਂ ਨੇ ਹਾਈਕੋਰਟ ਤੋਂ ਸਟੇਆਰਡਰ ਲੈ ਆਂਦਾ ਹੈ ਜੋ ਬਹੁਤ ਹੀ ਨਿੰਦਣਯੋਗ ਹੈ। ਅਸੀਂ ਆਪ ਜੀ ਨੂੰ ਯਕੀਨ ਦਿਵਾਉਂਦੇ ਹਾਂ ਕਿ ਇਸ ਮੌਜੂਦਾ ਕਮੇਟੀ ਵਿਚ ਕੋਈ ਅਹੁਦਾ ਨਹੀਂ ਲਵਾਂਗੇ। ਕ੍ਰਿਪਾ ਕਰਕੇ ਸਾਡੇ ਲਈ ਸਤਿਗੁਰੂ ਜੀ ਪਾਸ ਅਰਦਾਸ ਬੇਨਤੀ ਕਰਵਾ ਕੇ ਸਾਨੂੰ ਮੁਆਫ ਕੀਤਾ ਜਾਵੇ। ਦਾਸ ਆਪ ਜੀ ਦੇ ਅਤੀ ਧੰਨਵਾਦੀ ਹੋਵਾਂਗੇ।

1. ਗੁਰਬਚਨ ਸਿੰਘ ਸਭਰਵਾਲ,
2. ਜਥੇਦਾਰ ਸੰਤੋਖ ਸਿੰਘ,
3. ਇਕਬਾਲ ਸਿੰਘ।

***

*16 ਜੂਨ 1997*

## ਗੁਰਮਤਾ

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਹਿ॥

ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਹੁਦੇਦਾਰਾਂ ਸ: ਗੁਰਬਚਨ ਸਿੰਘ, ਸ: ਇਕਬਾਲ ਸਿੰਘ ਅਤੇ ਸ: ਸੰਤੋਖ ਸਿੰਘ ਨੂੰ ਕੁਝ ਹੋਰ ਅਹੁਦੇਦਾਰਾਂ ਸਮੇਤ ਸ੍ਰੀ ਅਕਾਲ ਤਖ਼ਤ

ਸਾਹਿਬ ਵਲੋਂ ਮਿਤੀ 22 ਅਪ੍ਰੈਲ 1997 ਨੂੰ ਤਨਖਾਹ ਲਾਈ ਗਈ ਸੀ, ਜਿਸ ਨੂੰ ਉਪਰੋਕਤ ਵਿਅਕਤੀਆਂ ਨੇ ਆਦੇਸ਼ਾਂ ਅਨੁਸਾਰ ਪੂਰਾ ਕਰ ਲਿਆ ਹੈ। ਨਾਲ ਹੀ ਦਿੱਲੀ ਕਮੇਟੀ ਦੇ ਕੁਝ ਹੋਰ ਅਹੁਦੇਦਾਰਾਂ ਵਲੋਂ ਹਾਈਕੋਰਟ ਵਿਚੋਂ ਜੋ ਕਮੇਟੀ ਦੀ ਬਹਾਲੀ ਲਈ ਸਟੇਅ ਆਰਡਰ ਲਿਆਂਦਾ ਹੈ, ਉਸ ਨਾਲੋਂ ਇਨ੍ਹਾਂ ਨੇ ਪੂਰਨ ਰੂਪ ਵਿਚ ਨਿਖੇਧੀ ਕਰਦਿਆਂ ਨਿਖੇੜਾ ਕੀਤਾ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਇਨ੍ਹਾਂ ਦੀ ਅਰਦਾਸ ਕਰਦਿਆਂ ਇਨ੍ਹਾਂ ਨੂੰ ਦੋਸ਼ ਮੁਕਤ ਕਰਾਰ ਦਿੱਤਾ ਜਾਂਦਾ ਹੈ।

ਦਸਤਖਤ : ਰਣਜੀਤ ਸਿੰਘ, ਮੋਹਣ ਸਿੰਘ,
ਮਨਜੀਤ ਸਿੰਘ, ਕੇਵਲ ਸਿੰਘ, ਭਗਵਾਨ ਸਿੰਘ

***

*16 ਜੂਨ 1997*

## ਹੁਕਮਨਾਮਾ

ਮਹਿੰਦਰ ਸਿੰਘ, ਪ੍ਰਧਾਨ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਅਵਤਾਰ ਸਿੰਘ ਹਿਤ ਨੂੰ ਮਿਤੀ 22 ਅਪ੍ਰੈਲ 1997 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਅਸਤੀਫੇ ਦੇ ਕੇ ਗੁਰਮਤਿ ਮਰਯਾਦਾ ਅਨੁਸਾਰ ਲੱਗੀ ਤਨਖਾਹ ਪੂਰੀ ਕਰਕੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਅਰਦਾਸ ਕਰਵਾਉਣ ਦਾ ਆਦੇਸ਼ ਦਿੱਤਾ ਗਿਆ ਸੀ ਪਰ ਇਨ੍ਹਾਂ ਵਿਅਕਤੀਆਂ ਵਲੋਂ ਇਨ੍ਹਾਂ ਆਦੇਸ਼ਾਂ ਦੀ ਪੂਰਨਭਾਂਤ ਪਾਲਣਾ ਨਹੀਂ ਕੀਤੀ ਗਈ। ਇਸੇ ਤਰ੍ਹਾਂ ਆਤਮਾ ਸਿੰਘ, ਮੈਂਬਰ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਵੀ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੇਸ਼ ਹੋ ਕੇ ਆਪਣੀਆਂ ਭੁੱਲਾਂ ਲਈ ਤਨਖਾਹ ਲੁਆਉਣ ਦਾ ਆਦੇਸ਼ ਦਿੱਤਾ ਗਿਆ ਸੀ, ਜਿਸ ਨੂੰ ਉਸ ਨੇ ਨਹੀਂ ਮੰਨਿਆ। ਜਿਸ ਕਾਰਨ ਇਨ੍ਹਾਂ ਸਾਰੇ ਵਿਅਕਤੀਆਂ ਨੂੰ ਗੁਰੂ ਪੰਥ ਵਿਚੋਂ ਛੇਕਿਆ ਜਾਂਦਾ ਹੈ। ਸਭ ਗੁਰਸਿੱਖ ਮਾਈ ਭਾਈ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਇਹ ਸੰਦੇਸ਼ ਹੈ ਕਿ ਇਹ ਵਿਅਕਤੀ ਜਦੋਂ ਤੱਕ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੇਸ਼ ਹੋ ਕੇ ਆਪਣੀਆਂ ਭੁੱਲਾਂ ਨਹੀਂ ਬਖਸ਼ਵਾ ਲੈਂਦੇ ਉਦੋਂ ਤੱਕ ਇਨ੍ਹਾਂ ਵਿਚੋਂ ਕਿਸੇ ਨਾਲ ਵੀ ਕਿਸੇ ਪ੍ਰਕਾਰ ਦਾ ਮਿਲਵਰਤਣ ਨਾ ਰੱਖਿਆ ਜਾਵੇ ਅਤੇ ਇਨ੍ਹਾਂ ਨੂੰ ਕਿਸੇ ਵੀ ਪੰਥਕ ਸਰਗਰਮੀ ਵਿਚ ਸਿੱਧੇ ਜਾਂ ਅਸਿੱਧੇ ਤੌਰ 'ਤੇ ਸ਼ਾਮਲ ਨਾ ਕੀਤਾ ਜਾਵੇ ਅਤੇ ਨਾ ਹੀ ਇਨ੍ਹਾਂ ਨਾਲ ਕਿਸੇ ਤਰ੍ਹਾਂ ਦੀ ਰੋਟੀ ਬੇਟੀ ਦੀ ਸਾਂਝ ਰੱਖੀ ਜਾਵੇ। ਗੁਰੂ ਪੰਥ ਦੀ ਚੜ੍ਹਦੀਕਲਾ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਇਸ ਆਦੇਸ਼ ਦੀ ਪੂਰਨ ਰੂਪ ਵਿਚ ਸਖਤੀ ਨਾਲ ਪਾਲਣਾ ਕੀਤੀ ਜਾਵੇ।

ਦਸਤਖਤ : ਰਣਜੀਤ ਸਿੰਘ, ਮੋਹਣ ਸਿੰਘ,
ਮਨਜੀਤ ਸਿੰਘ, ਕੇਵਲ ਸਿੰਘ, ਭਗਵਾਨ ਸਿੰਘ

***

## ਹਿਤ ਨੇ 60 ਕਰੋੜ ਦੀ ਜਾਇਦਾਦ ਹੜੱਪੀ

ਬੰਗਾ, 25 ਜੂਨ (ਪੱਤਰ ਪ੍ਰੇਰਕ) – ਸ੍ਰੀ ਅਕਾਲ ਤਖ਼ਤ ਦੀ ਮਰਿਆਦਾ ਨੂੰ ਠੇਸ ਪਹੁੰਚਾਉਣ ਵਾਲੇ ਅਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ 60 ਕਰੋੜ ਰੁਪਏ ਦੀ ਜਾਇਦਾਦ 'ਤੇ ਕਬਜਾ ਕਰਨ ਵਾਲੇ ਅਵਤਾਰ ਸਿੰਘ ਹਿੱਤ ਨੂੰ ਬਖਸ਼ਿਆ ਨਹੀਂ ਜਾਵੇਗਾ।

ਇਹ ਵਿਚਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਭਾਈ ਰਣਜੀਤ ਸਿੰਘ ਨੇ ਇਥੋਂ ਪੰਜ ਕਿਲੋਮੀਟਰ ਦੂਰ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ ਗੁਰਮਤਿ ਬਾਲ ਸਿਖਲਾਈ ਕੈਂਪ ਦਾ ਉਦਘਾਟਨ ਕਰਨ ਤੋਂ ਪਹਿਲਾਂ ਪੱਤਰਕਾਰਾਂ ਵਲੋਂ ਸ੍ਰੀ ਅਵਤਾਰ ਸਿੰਘ ਹਿਤ ਦੇ ਅਖ਼ਬਾਰਾਂ ਵਿਚ ਛਪੇ ਬਿਆਨ ਬਾਰੇ ਟਿੱਪਣੀ ਕਰਨ ਲਈ ਪੁੱਛੇ ਸਵਾਲ ਦੇ ਜਵਾਬ ਦਿੰਦਿਆਂ ਪ੍ਰਗਟ ਕੀਤੇ।

ਉਨ੍ਹਾਂ ਕਿਹਾ ਕਿ ਸ੍ਰੀ ਅਵਤਾਰ ਸਿੰਘ ਹਿਤ ਨੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹੁੰਦਿਆਂ ਆਪਣੀ ਤਾਕਤ ਦਾ ਨਜਾਇਜ ਫਾਇਦਾ ਉਠਾਇਆ ਅਤੇ 60 ਕਰੋੜ ਦੀ ਜਮੀਨ ਉੱਤੇ ਕਬਜਾ ਕੀਤਾ ਹੋਇਆ ਹੈ। ਜਦੋਂ ਸ੍ਰੀ ਹਿਤ ਨੂੰ ਅਸਤੀਫਾ ਦੇਣ ਲਈ ਕਿਹਾ ਗਿਆ ਅਤੇ ਹੜੱਪੀ ਤਿੰਨ ਏਕੜ ਜਮੀਨ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸੌਂਪਣ (ਵਾਪਸ) ਲਈ ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਹੁਕਮ ਕੀਤਾ ਗਿਆ ਤਾਂ ਉਸਨੇ ਸਕੂਲ ਦਾ ਆਪਣੇ ਘਰਦਿਆਂ ਦਾ ਇਕ ਨਿੱਜੀ ਟਰੱਸਟ ਕਾਇਮ ਕਰਕੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਨੂੰ ਹਾਈਕੋਰਟ ਵਿਚ ਸਟੇਅ ਲੈਣ ਲਈ ਭੇਜ ਦਿੱਤਾ, ਜਿਸ ਕਰਕੇ ਸ੍ਰੀ ਅਕਾਲ ਤਖ਼ਤ ਦੀ ਮਰਿਆਦਾ ਨੂੰ ਠੇਸ ਲੱਗੀ ਹੈ। ਉਨ੍ਹਾਂ ਕਿਹਾ ਕਿ ਹੁਣ ਸ੍ਰੀ ਹਿਤ ਨੂੰ ਰਾਹਤ ਹਾਈਕੋਰਟ ਹੀ ਦੇਵੇਗੀ, ਸ੍ਰੀ ਅਕਾਲ ਤਖ਼ਤ ਸਾਹਿਬ ਨਹੀਂ।

ਇਕ ਸਵਾਲ ਦੇ ਜਵਾਬ, ਜਿਸ ਵਿਚ ਸ੍ਰੀ ਅਵਤਾਰ ਸਿੰਘ ਹਿਤ ਨੇ ਕਿਹਾ ਸੀ ਕਿ ਉਨ੍ਹਾਂ ਦਾ ਪੱਖ ਨਹੀਂ ਸੁਣਿਆ ਗਿਆ, ਬਾਰੇ ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਪੱਖ ਅੰਮ੍ਰਿਤਸਰ ਵਿਖੇ ਪੰਜਾਬ ਦੀ ਪੂਰੀ ਪ੍ਰੈਸ ਦੇ ਸਾਹਮਣੇ ਸੁਣਿਆ ਗਿਆ ਸੀ, ਜਿਸ ਦੀਆਂ ਵੀਡੀਓ ਫਿਲਮਾਂ ਵੀ ਮੌਜੂਦ ਹਨ। ਉਨ੍ਹਾਂ ਕਿਹਾ ਕਿ ਅਵਤਾਰ ਸਿੰਘ ਹਿਤ ਸ੍ਰੀ ਅਕਾਲ ਤਖ਼ਤ ਤੋਂ ਬਾਗੀ ਹੋ ਕੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਜਮੀਨ ਹੜੱਪਣਾ ਚਾਹੁੰਦਾ ਹੈ। ਇਸ ਕਰਕੇ ਗਲਤ ਬਿਆਨ ਦੇਈ ਜਾ ਰਿਹਾ ਹੈ। ਜਦੋਂ ਕਿ ਸੁਖੋ ਖਾਲਸਾ ਪ੍ਰਾਇਮਰੀ ਸਕੂਲ ਦੀ ਪ੍ਰਬੰਧਕ ਕਮੇਟੀ ਉਸਨੇ ਆਪਣੀ ਨਿਜੀ ਬਣਾ ਲਈ ਹੈ ਅਤੇ ਗੁਰਦੁਆਰੇ ਦੇ ਨਾਂ ਉੱਤੇ ਖਰੀਦੀ ਗਈ ਜਮੀਨ, ਜਿਸ ਵਿਚ ਦਿਲੀ ਡਿਵੈਲਪਮੈਂਟ ਅਥਾਰਟੀ (ਡੀ.ਡੀ.ਏ.) ਨੂੰ 90 ਹਜ਼ਾਰ ਰੁਪਏ ਰੋਜ਼ਾਨਾ ਆਮਦਨ ਹੋਣ ਦਾ ਗਲਤ ਸਰਟੀਫਿਕੇਟ ਦਿੱਤਾ ਗਿਆ ਸੀ, ਟਰੱਸਟ ਦੇ ਨਾਂਅ ਕਰਵਾ ਲਈ ਹੈ। ਉਨ੍ਹਾਂ ਕਿਹਾ ਕਿ ਕਮੇਟੀ ਦਾ ਪ੍ਰਧਾਨ 500 ਰੁਪਏ ਤੱਕ ਇਕੱਲਾ ਖਰਚ ਕਰ ਸਕਦਾ ਹੈ, ਜਦੋਂ ਕਿ ਉਸ ਨੇ ਲੱਖਾਂ ਰੁਪਏ ਆਪਣੀ ਕੁਰਸੀ ਦੇ ਨਜਾਇਜ ਅਧਿਕਾਰਾਂ ਦੀ ਵਰਤੋਂ ਕਰਕੇ ਖਰਚ ਕੀਤੇ। ਜਥੇਦਾਰ ਰਣਜੀਤ ਸਿੰਘ ਨੇ ਸ੍ਰੀ ਅਵਤਾਰ ਸਿੰਘ ਹਿਤ ਦੇ ਪੰਥ ਵਿਚੋਂ ਛੇਕੇ ਜਾਣ ਨੂੰ ਜਾਇਜ ਕਰਾਰ ਦਿੱਤਾ। ਉਨ੍ਹਾਂ ਸਿੱਖ ਕੌਮ ਨੂੰ ਅਪੀਲ ਕੀਤੀ ਕਿ ਸ੍ਰੀ ਅਕਾਲ ਤਖ਼ਤ ਤੋਂ ਭਗੌੜਿਆ ਨੂੰ ਕੋਈ ਵੀ ਮੂੰਹ ਨਾ ਲਾਵੇ।

*(ਰੋਜ਼ਾਨਾ 'ਪੰਜਾਬੀ ਟ੍ਰਿਬਿਊਨ' 26 ਜੂਨ 1997)*

***

## ਹਿੱਤ ਵਿਰੁੱਧ ਹੋਰ ਸਬੂਤ ਵੀ ਹਨ

ਅੰਮ੍ਰਿਤਸਰ, 26 ਜੂਨ (ਸੋਨੀ)- ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਭਾਈ ਰਣਜੀਤ ਸਿੰਘ ਨੇ ਕਿਹਾ ਹੈ ਕਿ ਪੰਥ ਵਿਚੋਂ ਛੇਕੇ ਦਿੱਲੀ ਦੇ ਅਕਾਲੀ ਆਗੂ ਅਵਤਾਰ ਸਿੰਘ ਹਿਤ ਵਲੋਂ ਉਨ੍ਹਾਂ ਵਿਰੁੱਧ ਕੀਤੀ ਜਾ ਰਹੀ ਬਿਆਨਬਾਜ਼ੀ ਨਾਲ ਉਨ੍ਹਾਂ ਦਾ ਅਕਸ ਪ੍ਰਭਾਵਤ

ਹੋਣ ਵਾਲਾ ਨਹੀਂ। ਪੱਤਰਕਾਰਾਂ ਨਾਲ ਗੈਰਰਸਮੀ ਗੱਲਬਾਤ ਦੌਰਾਨ ਉਨ੍ਹਾਂ ਕਿਹਾ ਕਿ ਸ਼੍ਰੀ ਹਿਤ ਵਿਰੁੱਧ ਉਨ੍ਹਾਂ ਕੋਲ ਹੋਰ ਸਬੂਤ ਵੀ ਹਨ, ਜਿਨ੍ਹਾਂ ਨੂੰ ਸਮਾਂ ਆਉਣ 'ਤੇ ਜੱਗ ਜਾਹਰ ਕੀਤਾਂ ਜਾਵੇਗਾ। ਉਨ੍ਹਾਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਫੈਸਲੇ ਤੇ ਆਦੇਸ਼ ਅਟੱਲ ਹਨ ਅਤੇ ਇਨ੍ਹਾਂ ਨੂੰ ਲਾਗੂ ਕਰਵਾਉਣ ਲਈ ਤਾਕਤ ਤੇ ਦੰਡ ਦੀ ਨੀਤੀ ਵੀ ਅਪਣਾਈ ਜਾ ਸਕਦੀ ਹੈ। ਉਨ੍ਹਾਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਜਾਂ ਤਾਂ ਸਜਾ ਦਿੱਤੀ ਜਾਂਦੀ ਹੈ ਜਾਂ ਖਿਮਾਂ, ਇਥੇ ਸਮਝੌਤੇ ਨਹੀਂ ਹੁੰਦੇ।

*(ਰੋਜ਼ਾਨਾ 'ਪੰਜਾਬੀ ਟ੍ਰਿਬਿਊਨ' 27 ਜੂਨ 1997)*

ਸ. ਅਵਤਾਰ ਸਿੰਘ ਹਿਤ ਨੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਅਰਜ਼ੀ ਦੇ ਕੇ ਸਕੂਲ ਵਾਸਤੇ ਅਲਾਟ ਕਰਵਾਈ ਜ਼ਮੀਨ ਨੂੰ ਆਪਣੇ ਬਣਾਏ ਟਰਸੱਟ ਦੇ ਨਾਂਅ ਕਰਵਾ ਲਿਆ ਅਤੇ ਉਸ ਜ਼ਮੀਨ 'ਤੇ ਬਣੇ ਸਕੂਲ ਦਾ ਮਾਲਕ ਬਣ ਬੈਠਾ, ਜਿਸਨੂੰ ਸਿੰਘ ਸਾਹਿਬ਼ ਭਾਈ ਰਣਜੀਤ ਸਿੰਘ ਜੀ ਨੇ ਦੁਬਾਰਾ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹਵਾਲੇ ਕਰਵਾਇਆ। ਜਿਨ੍ਹਾਂ ਚਿਰ ਉਨ੍ਹਾਂ ਨੇ ਇਸ ਸਕੂਲ ਦੇ ਸਾਰੇ ਕਾਗਜ਼ਾਤ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਦੇਣ ਦੀ ਪੂਰੀ ਤਸੱਲੀ ਨਹੀਂ ਕਰ ਲਈ ਓਨਾਂ ਚਿਰ ਉਨ੍ਹਾਂ ਨੇ ਸ. ਅਵਤਾਰ ਸਿੰਘ ਹਿਤ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਮੁਆਫੀ ਨਹੀਂ ਦਿੱਤੀ।

***

**9 ਦਸੰਬਰ 1997**

ੴ

ਸਤਿਕਾਰਯੋਗ ਸਿੰਘ ਸਾਹਿਬ ਜੀ,

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਹਿ॥

ਸਨਿਮਰ ਬੇਨਤੀ ਹੈ ਕਿ ਪਿੱਛੇ ਜਹੇ ਮੇਰੇ ਵਲੋਂ ਜਾਣੇ-ਅਣਜਾਣੇ ਕੋਈ ਭੁੱਲ ਹੋ ਗਈ ਸੀ, ਜਿਸ ਕਾਰਨ ਸਿੰਘ ਸਾਹਿਬਾਨ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਮੈਨੂੰ ਪੰਥ ਨਾਲੋਂ ਨਿਖੇੜ ਦੇਣ ਦਾ ਹੁਕਮਨਾਮਾ ਜਾਰੀ ਕਰ ਦਿੱਤਾ ਸੀ।

ਮੇਰੇ ਵਲੋਂ ਹੋਈ ਭੁੱਲ 'ਤੇ ਮੈਨੂੰ ਬਹੁਤ ਹੀ ਦੁੱਖ ਤੇ ਪਸ਼ਚਾਤਾਪ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਪਵਿੱਤਰ ਬਖਸ਼ਿਸ਼ਾਂ ਦਾ ਮਹਾਨ ਤੇ ਸਰਵਉੱਚ ਅਸਥਾਨ ਹੈ। ਇਸ ਲਈ ਮੈਂ ਚਾਹੁੰਦਾ ਹਾਂ ਕਿ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਪੰਜ ਸਿੰਘ ਸਾਹਿਬਾਨ ਦੀ ਹਜ਼ੂਰੀ ਵਿਚ ਆਪਣੀ ਭੁੱਲ ਲਈ ਖਿਮਾਂ ਮੰਗਾਂ ਤਾਂ ਜੋ ਮੈਂ ਕਲਗੀਧਰ ਪਿਤਾ ਦੇ ਸਾਜੇ ਪੰਥ ਦਾ ਮੁੜ ਕੇ ਅੰਗ ਬਣਾਇਆ ਜਾ ਸਕਾਂ।

ਮੈਂ ਭਰੋਸਾ ਦਿਵਾਉਂਦਾ ਹਾਂ ਕਿ ਮੈਂ ਇਕ ਨਿਮਾਣੇ ਸਿੱਖ ਵਾਂਗ ਬਿਨਾਂ ਕਿਸੇ ਕਿੰਤੂ-ਪੰਤੂ ਦੇ ਸਿੰਘ ਸਾਹਿਬਾਨ ਦੇ ਹਰ ਹੁਕਮ ਦੀ ਪਾਲਣਾ ਕਰਾਂਗਾ।

ਗੁਰੂ ਪੰਥ ਬਖਸ਼ਣਹਾਰ ਹੈ। ਮੈਨੂੰ ਆਸ ਹੈ ਕਿ ਸਿੰਘ ਸਾਹਿਬਾਨ ਮੇਰੀ ਬੇਨਤੀ ਪ੍ਰਵਾਨ ਕਰਕੇ ਮੇਰੀ ਭੁੱਲ ਬਖਸ਼ਵਾਉਣ ਲਈ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਆਪਣੀ ਹਜ਼ੂਰੀ ਵਿਚ ਹਾਜ਼ਰ ਹੋਣ ਦੀ ਆਗਿਆ ਬਖਸ਼ਣਗੇ।

ਗੁਰੂ ਪੰਥ ਦਾ ਨਿਮਾਣਾ ਸੇਵਕ,
ਅਵਤਾਰ ਸਿੰਘ ਹਿਤ,

ਬੀ 307, ਹਰੀ ਨਗਰ ਘੰਟਾ ਘਰ, ਨਵੀਂ ਦਿੱਲੀ 64

***

### ਅਵਤਾਰ ਸਿੰਘ ਹਿਤ ਦਾ ਸਕੂਲ ਕਮੇਟੀ ਨੂੰ ਸੌਂਪਣ ਦਾ ਫੈਸਲਾ

*9 ਦਸੰਬਰ 1997*

ਸੇਵਾ ਵਿਖੇ
ਸਕੱਤਰ ਸਾਹਿਬ ਜੀ,
ਗੁਰੂ ਨਾਨਕ ਖਾਲਸਾ ਸਕੂਲ,
ਐਮ.ਐਸ. ਬਲਾਕ ਹਰੀ ਨਗਰ, ਨਵੀਂ ਦਿੱਲੀ।
ਸ੍ਰੀਮਾਨ ਜੀ,

ਦਾਸ, ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਹੁਕਮ ਅਨੁਸਾਰ ਆਪਣੀ ਸਕੂਲ ਦੀ ਚੇਅਰਮੈਨਸ਼ਿਪ ਤੇ ਮੁਢਲੀ ਮੈਂਬਰਸ਼ਿਪ ਤੋਂ ਆਪਣਾ ਅਸਤੀਫਾ ਆਪ ਜੀ ਨੂੰ ਭੇਜ ਰਿਹਾ ਹੈ। ਇਸ ਨੂੰ ਮਨਜ਼ੂਰ ਕਰਨ ਦੀ ਕ੍ਰਿਪਾਲਤਾ ਕਰਨੀ।

ਦਾਸ, ਆਪ ਜੀ ਨੂੰ ਵੀ ਬੇਨਤੀ ਕਰਦਾ ਹੈ ਕਿ ਆਪ ਜੀ ਨੇ ਸਕੂਲ ਤੇ ਸਾਰੀ ਜਾਇਦਾਦ ਦੇ ਕਾਗਜ਼ ਕਾਨੂੰਨੀ ਕਾਰਵਾਈ ਕਰਕੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸੌਂਪਣ ਦੀ ਖੇਚਲ ਕਰਨੀ।

ਗੁਰੂ ਪੰਥ ਦਾ ਨਿਮਾਣਾ ਸੇਵਕ,
ਅਵਤਾਰ ਸਿੰਘ ਹਿਤ,
ਬੀ 307, ਹਰੀ ਨਗਰ ਘੰਟਾ ਘਰ,
ਨਵੀਂ ਦਿੱਲੀ।

***

*9 ਦਸੰਬਰ 1997*

ਸੇਵਾ ਵਿਖੇ
ਮੈਨੇਜਰ ਸਾਹਿਬ,
ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ,
ਸ੍ਰੀਮਾਨ ਜੀ,

ਦਾਸ, ਅਕਾਲ ਤਖ਼ਤ ਸਾਹਿਬ ਜੀ ਦੇ ਹੁਕਮ ਅਨੁਸਾਰ ਆਪਣੀ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਮੁਢਲੀ ਮੈਂਬਰਸ਼ਿਪ ਤੋਂ ਅਸਤੀਫਾ ਆਪ ਜੀ ਨੂੰ ਭੇਜ ਰਿਹਾ ਹੈ। ਕ੍ਰਿਪਾ ਕਰਕੇ ਮੇਰਾ ਅਸਤੀਫਾ ਮਨਜ਼ੂਰ ਕਰਨ ਦੀ ਕ੍ਰਿਪਾਲਤਾ ਕਰਨੀ ਜੀ।

ਗੁਰੂ ਪੰਥ ਦਾ ਦਾਸ,
ਅਵਤਾਰ ਸਿੰਘ ਹਿਤ,
ਬੀ 307, ਹਰੀ ਨਗਰ, ਘੰਟਾ ਘਰ,
ਨਵੀਂ ਦਿੱਲੀ 64

***

*24 ਜਨਵਰੀ 1998*

## ਗੁਰਮਤਾ

ਅੱਜ ਮਿਤੀ 24 ਜਨਵਰੀ 1998 ਨੂੰ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹੋਈ, ਜਿਸ ਵਿਚ ਅਵਤਾਰ ਸਿੰਘ ਹਿਤ ਦੀ ਮਿਤੀ 9 ਦਸੰਬਰ 1997 ਦੀ ਆਈ ਚਿੱਠੀ 'ਤੇ ਵਿਚਾਰ ਕੀਤਾ ਗਿਆ। ਸਰਬਸੰਮਤੀ ਨਾਲ ਇਹ ਪ੍ਰਵਾਨ ਹੋਇਆ ਕਿ ਅਵਤਾਰ ਸਿੰਘ ਹਿਤ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪਹਿਲਾਂ ਜਾਰੀ ਹੋਏ ਹੁਕਮਨਾਮੇ ਮੁਤਾਬਕ ਸੁਖੋ ਖਾਲਸਾ ਹਾਇਰ ਸੈਕੰਡਰੀ ਸਕੂਲ ਦੀ ਪ੍ਰਾਇਮਰੀ ਬਰਾਂਚ, ਐਮ.ਐਸ. ਬਲਾਕ, ਹਰੀ ਨਗਰ, ਨਵੀਂ ਦਿੱਲੀ ਦੇ ਨਾਮ 'ਤੇ ਅਲਾਟ ਹੋਈ ਜ਼ਮੀਨ ਨੂੰ ਲਿਖਤ ਰੂਪ ਵਿਚ ਗੁਰੂ ਘਰ (ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ) ਨੂੰ ਵਾਪਸ ਕਰੇ, ਉਸ ਤੋਂ ਬਾਅਦ ਹੀ ਸ: ਅਵਤਾਰ ਸਿੰਘ ਵਲੋਂ ਭੇਜੇ ਗਏ ਬੇਨਤੀ ਪੱਤਰ 'ਤੇ ਵਿਚਾਰ ਹੋ ਸਕਦੀ ਹੈ।

ਦਸਤਖਤ : ਰਣਜੀਤ ਸਿੰਘ, ਮੋਹਣ ਸਿੰਘ,
ਮਨਜੀਤ ਸਿੰਘ, ਕੇਵਲ ਸਿੰਘ, ਭਗਵਾਨ ਸਿੰਘ

***

## ਸ: ਮੰਗਲ ਸਿੰਘ ਦੀ ਮੁਆਫੀ ਦਾ ਫੈਸਲਾ

*16 ਮਾਰਚ 1998*

ਅੱਜ ਮਿਤੀ 16 ਮਾਰਚ 1998 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਹੋਈ ਜਿਸ ਵਿਚ ਸ: ਮੰਗਲ ਸਿੰਘ ਮੈਂਬਰ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਬੇਨਤੀ ਪੱਤਰ 'ਤੇ ਵਿਚਾਰ ਹੋਇਆ। ਜਿਸ ਪੱਤਰ ਵਿਚ ਉਨ੍ਹਾਂ ਨੇ ਅਵਤਾਰ ਸਿੰਘ ਹਿਤ (ਜਿਸ ਨੂੰ ਪੰਥ 'ਚੋਂ ਛੇਕਿਆ ਹੋਇਆ ਹੈ) ਦੇ ਨਗਰ ਕੀਰਤਨ ਦੀ ਅਗਵਾਈ ਕਰਨ ਵਾਸਤੇ ਇਸ਼ਤਿਹਾਰ ਛਾਪਣ ਦੀ ਗਲਤੀ ਸਵੀਕਾਰ ਕੀਤੀ ਹੈ ਤੇ ਭੁੱਲ ਦੀ ਖਿਮਾ ਮੰਗੀ ਹੈ ਅਤੇ ਅੱਗੇ ਤੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹਰ ਹੁਕਮ ਨੂੰ ਪਾਲਣ ਦਾ ਲਿਖਤੀ ਪ੍ਰਣ ਕੀਤਾ ਹੈ। ਉਪਰੰਤ ਪੰਜ ਸਿੰਘ ਸਾਹਿਬਾਨ ਨੇ ਇਹ ਫੈਸਲਾ ਲਿਆ ਕਿ ਮੰਗਲ ਸਿੰਘ 11000 ਰੁਪਿਆ ਗੁਰੂ ਰਾਮਦਾਸ ਜੀ ਦੇ ਲੰਗਰ ਦੀ ਸੇਵਾ ਵਾਸਤੇ ਜਮ੍ਹਾਂ ਕਰਵਾਏ ਤੇ ਦੋ ਘੰਟੇ ਭਾਂਡੇ ਮਾਂਜਣ ਉਪਰੰਤ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਅਰਦਾਸ ਕਰਵਾਏ।

ਦਸਤਖਤ : ਰਣਜੀਤ ਸਿੰਘ, ਮੋਹਣ ਸਿੰਘ,
ਮਨਜੀਤ ਸਿੰਘ, ਕੇਵਲ ਸਿੰਘ, ਭਗਵਾਨ ਸਿੰਘ

***

*30 ਮਾਰਚ 1998*

ਸਤਿਕਾਰਯੋਗ ਸਿੰਘ ਸਾਹਿਬਾਨ ਜੀ,
ਸ੍ਰੀ ਅਕਾਲ ਤਖ਼ਤ ਸਾਹਿਬ,
ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਹਿ॥

ਸਨਿਮਰ ਬੇਨਤੀ ਹੈ ਕਿ ਦਾਸ ਕੋਲੋਂ ਬਹੁਤ ਭੁੱਲਾਂ ਹੋਈਆਂ ਹਨ। ਉਨ੍ਹਾਂ ਸਾਰੀਆਂ ਭੁੱਲਾਂ ਲਈ ਖਿਮਾ ਦਾ ਜਾਚਕ ਹਾਂ। ਗੁਰੂ ਪੰਥ ਵਿਚ ਦਾਸ ਨੂੰ ਸ਼ਾਮਲ ਕਰਨ ਦੀ ਦਾਤ ਦਾ ਅਭਿਲਾਸ਼ੀ ਹਾਂ। ਬਖਸ਼ਿਸ਼ ਕੀਤੀ ਜਾਵੇ। ਸਦਾ ਰਿਣੀ ਰਹਾਂਗਾ। ਆਪ ਜੀ ਦੇ ਅਤੇ ਗੁਰੂ ਪੰਥ ਦੇ ਹਰ ਹੁਕਮ ਦੀ ਪਾਲਣਾ ਕਰਾਂਗਾ।

ਦਾਸ

ਮਹਿੰਦਰ ਸਿੰਘ ਮਠਾਰੂ

***

*30 ਮਾਰਚ 1998*

## ਗੁਰਮਤਾ

ਅੱਜ ਮਿਤੀ 30.3.98 ਨੂੰ ਪਾਵਨ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਹੋਈ। ਜਿਸ ਵਿਚ ਮਹਿੰਦਰ ਸਿੰਘ ਸਾਬਕਾ ਪ੍ਰਧਾਨ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁਆਫੀਨਾਮੇ 'ਤੇ ਵਿਚਾਰ ਹੋਈ। ਉਪਰੰਤ ਹੇਠ ਲਿਖੇ ਅਨੁਸਾਰ ਤਨਖਾਹ ਲਾਉਣ ਦਾ ਫੈਸਲਾ ਹੋਇਆ।

ਮਹਿੰਦਰ ਸਿੰਘ 11 ਦਿਨ ਗੁਰਦੁਆਰਾ ਸ੍ਰੀ ਬੰਗਲਾ ਸਾਹਿਬ ਵਿਖੇ ਇਕ ਘੰਟਾ ਜੋੜੇ ਸਾਫ ਕਰਨ ਅਤੇ ਇਕ ਘੰਟਾ ਹਰ ਰੋਜ਼ ਲੰਗਰ ਵਿਚ ਜੂਠੇ ਬਰਤਨ ਸਾਫ ਕਰਨ ਅਤੇ ਇਕ ਘੰਟਾ ਗੁਰਬਾਣੀ ਦਾ ਕੀਰਤਨ ਸਰਵਣ ਕਰੇ। ਉਪਰੰਤ 31 ਹਜ਼ਾਰ ਰੁਪਿਆ ਪਿੰਗਲਵਾੜੇ, 31 ਹਜ਼ਾਰ ਰੁਪਿਆ ਸੈਂਟਰਲ ਯਤੀਮਖਾਨਾ ਅੰਮ੍ਰਿਤਸਰ, 31 ਹਜ਼ਾਰ ਰੁਪਿਆ ਸ੍ਰੀ ਗੁਰੂ ਰਾਮਦਾਸ ਜੀ ਦੇ ਲੰਗਰ ਲਈ ਪਰਚੀ ਕਟਵਾਏ ਤੇ 501 ਰੁਪਏ ਦੀ ਦੇਗ ਲੈ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹਾਜ਼ਰ ਹੋ ਕੇ ਆਪਣੀਆਂ ਭੁੱਲਾਂ ਦੀ ਮੁਆਫੀ ਲਈ ਅਰਦਾਸ ਕਰਵਾਏ।

ਨੋਟ: ਤਨਖਾਹ ਭੁਗਤਣ ਉਪਰੰਤ ਹੀ ਮਹਿੰਦਰ ਸਿੰਘ ਪੰਥ ਵਿਚ ਸ਼ਾਮਲ ਹੋਣ ਦਾ ਅਧਿਕਾਰੀ ਹੋਵੇਗਾ।

ਗੁਰੂ ਪੰਥ ਦਾ ਦਾਸ,

ਦਸਤਖਤ : ਰਣਜੀਤ ਸਿੰਘ, ਮੋਹਣ ਸਿੰਘ,

ਕੇਵਲ ਸਿੰਘ, ਭਗਵਾਨ ਸਿੰਘ, ਜੋਗਿੰਦਰ ਸਿੰਘ ਵੇਦਾਂਤੀ

***

## ਸਕੂਲ ਦੀ ਪ੍ਰਾਪਤੀ

*6 ਜੂਨ 1998*

ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ, ਭਾਈ ਰਣਜੀਤ ਸਿੰਘ ਜੀ

ਆਪ ਜੀ ਦੇ ਆਦੇਸ਼ ਮੁਤਾਬਕ ਗੁਰੂ ਨਾਨਕ ਸਕੂਲ ਐਮ.ਐਸ. ਬਲਾਕ, ਹਰੀ ਨਗਰ ਅਤੇ ਸੁਖੋ ਖਾਲਸਾ ਪ੍ਰਾਇਮਰੀ ਐਜੂਕੇਸ਼ਨਲ ਸੁਸਾਇਟੀ ਦਾ ਮੁਕੰਮਲ ਚਾਰਜ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਅਮਲੀ ਤੌਰ 'ਤੇ ਲੈ ਲਿਆ ਹੈ। ਉਸ ਸਬੰਧੀ ਸਾਰੇ ਕਾਗਜ਼ਾਤ ਦੀ ਫੋਟੋ ਕਾਪੀ, ਚਿੱਠੀ ਨੰਬਰ 3136/10-2 ਮਿਤੀ 8.5.1998 ਰਾਹੀਂ ਆਪ ਜੀ ਦੀ ਸੇਵਾ ਵਿਚ ਭੇਜ ਦਿੱਤੀ ਗਈ ਹੈ। ਆਪ ਜੀ ਨੇ ਇਸ ਸਬੰਧ ਵਿਚ ਲੋੜੀਂਦੀ ਕਾਰਵਾਈ ਕਰਨ ਦੀ ਕ੍ਰਿਪਾਲਤਾ ਕਰਨੀ।

ਸਤਿਕਾਰ ਸਹਿਤ,

ਸ਼ੁਭਚਿੰਤਕ

*(ਜਸਵੰਤ ਸਿੰਘ ਸੇਠੀ)*

ਪ੍ਰਧਾਨ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ,

*(ਭਜਨ ਸਿੰਘ ਵਾਲੀਆ)*

ਜਨਰਲ ਸਕੱਤਰ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ।

ਨੋਟ : ਮਿਤੀ 8.5.1998 ਤੋਂ ਬਾਅਦ ਦੀ ਕਾਰਵਾਈ ਵੱਖਰੇ ਤੌਰ 'ਤੇ ਆਪ ਜੀ ਦੀ ਸੇਵਾ ਵਿਚ ਭੇਜੀ ਜਾ ਰਹੀ ਹੈ।

***

ਸੇਵਾ ਵਿਖੇ

ਪਵਿੱਤਰ ਅਕਾਲ ਤਖ਼ਤ ਸਾਹਿਬ,

ਸ੍ਰੀ ਅੰਮ੍ਰਿਤਸਰ ਸਾਹਿਬ।

ਨਿਮਰਤਾ ਸਹਿਤ ਬੇਨਤੀ ਹੈ ਕਿ ਅਕਾਲ ਤਖ਼ਤ ਸਾਹਿਬ ਜੀ ਦੇ ਹੁਕਮ ਮੁਤਾਬਕ ਸੁੱਖੋ ਖਾਲਸਾ ਪ੍ਰਾਇਮਰੀ ਐਜੂਕੇਸ਼ਨ ਸੋਸਾਇਟੀ ਅਤੇ ਗੁਰੂ ਨਾਨਕ ਖਾਲਸਾ ਸਕੂਲ, ਐਮ.ਐਸ. ਬਲਾਕ ਹਰੀ ਨਗਰ ਅਤੇ ਇਨ੍ਹਾਂ ਦੋਵਾਂ ਸੰਸਥਾਵਾਂ ਨਾਲ ਸਮੁੱਚੀ ਜਾਇਦਾਦ ਅਸੀਂ ਅਮਲੀ ਰੂਪ ਵਿਚ ਹਾਸਲ ਕਰ ਲਈ ਹੈ ਅਤੇ ਇਸ ਕਾਰਵਾਈ ਨਾਲ ਸਬੰਧਤ ਕਾਗਜ਼ਾਤ ਲਿਖਤੀ ਰੂਪ ਵਿਚ ਅਸੀਂ ਹਾਸਲ ਕਰ ਲਏ ਹਨ। ਜਿਨ੍ਹਾਂ ਵਿਚ ਸੁੱਖੋ ਖਾਲਸਾ ਐਜੂਕੇਸ਼ਨ ਸੁਸਾਇਟੀ ਦੇ ਪੈਂਤੀ ਮੈਂਬਰਾਂ ਦੇ ਅਸਤੀਫੇ ਅਤੇ ਚੇਅਰਮੈਨ ਅਵਤਾਰ ਸਿੰਘ ਹਿਤ ਦਾ ਅਸਤੀਫਾ ਤੇ ਅਦਾਲਤ ਵਿਚ ਦਿੱਤਾ ਹਲਫੀਆ ਬਿਆਨ ਵੀ ਸ਼ਾਮਲ ਹੈ। ਇਸ ਤੋਂ ਇਲਾਵਾ ਅਦਾਲਤ ਵਿਚ ਇਸ ਜਾਇਦਾਦ ਸਬੰਧੀ ਮੁਕੱਦਮੇ ਬਾਰੇ ਵੀ ਅਵਤਾਰ ਸਿੰਘ ਹਿਤ ਕੋਲੋਂ ਲਿਖਤ ਹਲਫੀਆ ਬਿਆਨ ਪ੍ਰਾਪਤ ਕਰ ਲਿਆ ਹੈ।

ਇਹ ਅਦਾਲਤ ਦੀ ਤਰੀਕ 28.8.98 ਨੂੰ ਪੇਸ਼ ਕਰ ਦਿੱਤਾ ਜਾਵੇਗਾ। ਇਸ ਸਾਰੀ ਕਾਰਵਾਈ ਤੋਂ ਅਸੀਂ ਦੋਵੇਂ (ਪ੍ਰਧਾਨ ਅਤੇ ਜਨਰਲ ਸਕੱਤਰ ਪ੍ਰਬੰਧਕ ਕਮੇਟੀ) ਪੂਰੀ ਤਰ੍ਹਾਂ ਸੰਤੁਸ਼ਟ ਹਾਂ।

ਧੰਨਵਾਦ ਸਹਿਤ

ਜਸਵੰਤ ਸਿੰਘ ਸੇਠੀ (ਪ੍ਰਧਾਨ)

ਭਜਨ ਸਿੰਘ ਵਾਲੀਆ (ਜਨਰਲ ਸਕੱਤਰ)

***

**ਮੁਆਫੀ ਲਈ ਬੇਨਤੀ**

ਜੇਤਾ ਸਮੁੰਦੁ ਸਾਗਰੁ ਨੀਰਿ ਭਰਿਆ ਤੇਤੇ ਅਉਗਣ ਹਮਾਰੇ।<br>
ਦਇਆ ਕਰਹੁ ਕਿਛੁ ਮੇਹਰ ਉਪਾਵਹੁ, ਡੁਬਦੇ ਪਥਰ ਤਾਰੇ।

***24 ਜੂਨ 98***

ੴ

ਪਰਮ ਸਤਿਕਾਰਯੋਗ ਸਿੰਘ ਸਾਹਿਬ,

ਭਾਈ ਰਣਜੀਤ ਸਿੰਘ ਜੀ,

ਜਥੇਦਾਰ, ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ।

ਪਰਮ ਕਿਰਪਾਲੂ ਜੀਓ,

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਮਿਲੇ ਆਦੇਸ਼ ਮੁਤਾਬਕ ਦਾਸ ਨੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਮੈਂਬਰੀ ਤੋਂ ਅਸਤੀਫਾ ਦੇ ਦਿੱਤਾ ਸੀ, ਜਿਸ ਦੀ ਕਾਪੀ ਨੱਥੀ ਹੈ। ਗੁਰੂ ਨਾਨਕ ਖਾਲਸਾ ਸਕੂਲ ਐਮ.ਐਸ. ਬਲਾਕ, ਹਰੀ ਨਗਰ, ਦਿੱਲੀ ਦੀ ਜ਼ਮੀਨ ਅਤੇ ਮਲਕੀਅਤ ਨਾਲ ਸਬੰਧਤ ਸਾਰੇ ਕਾਗਜ਼ਾਤ ਅਮਲੀ ਰੂਪ ਵਿਚ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹਵਾਲੇ ਕਰ ਦਿੱਤੇ ਹਨ। ਇਸ ਸਬੰਧ ਵਿਚ ਗੁਰਦੁਆਰਾ ਕਮੇਟੀ ਵੱਲੋਂ ਆਪ ਜੀ ਨੂੰ ਭੇਜੀ ਗਈ ਚਿੱਠੀ ਦੀ ਕਾਪੀ ਵੀ ਨਾਲ ਨੱਥੀ ਹੈ।

ਕਿਸੇ ਵੀ ਪੰਥਕ ਜਥੇਬੰਦੀ ਵਿਚ ਆਉਂਦੇ ਤਿੰਨ ਸਾਲ ਲਈ ਕੋਈ ਅਹੁਦਾ ਨਾ ਦਿੱਤੇ ਜਾਣ ਦੀ ਲਾਈ ਹੋਈ ਪਾਬੰਦੀ ਦੇ ਸਬੰਧ ਵਿਚ ਬਿਨੈ ਹੈ ਕਿ ਦਾਸ ਨੇ ਪਿਛਲਾ ਡੇਢ ਸਾਲ ਦਾ ਸਮਾਂ ਬਹੁਤ ਹੀ ਮੁਸ਼ਕਲਾਂ ਭਰਿਆ ਬਤੀਤ ਕੀਤਾ ਹੈ। ਇਸ ਲਈ ਨਿਮਰਤਾ ਸਹਿਤ ਬੇਨਤੀ ਹੈ ਕਿ ਬਾਕੀ ਦਾ ਰਹਿੰਦਾ ਡੇਢ ਸਾਲ ਦਾ ਸਮਾਂ ਮੁਆਫ ਕਰਨ ਅਤੇ ਪੰਥ ਵਿਚ ਮੁੜ ਕੇ ਸ਼ਾਮਲ ਕਰਨ ਦੀ ਕ੍ਰਿਪਾਲਤਾ ਕੀਤੀ ਜਾਵੇ ਤਾਂ ਜੋ ਦਾਸ ਪਹਿਲਾਂ ਦੀ ਤਰ੍ਹਾਂ ਪੰਥ ਅਤੇ ਕੌਮ ਦੀ ਚੜ੍ਹਦੀਕਲਾ ਦੇ ਕੰਮਾਂ ਵਿਚ ਆਪਣਾ ਹਿੱਸਾ ਪਾ ਸਕੇ।

ਆਸ ਹੈ ਦਾਸ ਦੀ ਬੇਨਤੀ ਪ੍ਰਵਾਨ ਕਰਕੇ ਸਾਰੇ ਮਾਮਲੇ 'ਤੇ ਹਮਦਰਦੀ ਨਾਲ ਵਿਚਾਰ ਕਰਨ ਉਪਰੰਤ ਜਲਦੀ ਤੋਂ ਜਲਦੀ ਦਾਸ ਨੂੰ ਇਸ ਤੋਂ ਮੁਕਤ ਕਰਨ ਦੀ ਕ੍ਰਿਪਾਲਤਾ ਕਰੋਗੇ।

ਦਾਸ,

*(ਅਵਤਾਰ ਸਿੰਘ ਹਿਤ)*

ਬੀ-307, ਹਰੀ ਨਗਰ, ਨਵੀਂ ਦਿੱਲੀ-110064.

ਨੱਥੀ: ਸਬੰਧਤ ਦਸਤਾਵੇਜ਼

***

ਸਤਿਕਰਾਯੋਗ, ਸਿੰਘ ਸਾਹਿਬ ਜੀ,
ਸ੍ਰੀ ਅਕਾਲ ਤਖ਼ਤ ਸਾਹਿਬ ਸ੍ਰੀ ਅੰਮ੍ਰਿਤਸਰ।
ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

ਨਿਮਰਤਾ ਸਹਿਤ ਬੇਨਤੀ ਹੈ ਕਿ ਦਾਸ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਮਿਤੀ 24.6.98 ਨੂੰ ਮੁਆਫੀਨਾਮਾ ਦੇ ਚੁੱਕਾ ਹੈ ਪਰ ਮੈਨੂੰ ਅਜੇ ਬੁਲਾਇਆ ਨਹੀਂ ਗਿਆ। ਦਾਸ ਫਿਰ ਬੇਨਤੀ ਕਰਦਾ ਹੈ ਕਿ ਮੈਨੂੰ ਮਿਤੀ 16.6.97 ਨੂੰ ਬੀਬੀ ਦਰਸ਼ਨ ਕੌਰ ਦੇ ਮੁਆਮਲੇ ਨਾਲ ਸਬੰਧਤ ਹੋਣ ਕਾਰਨ ਅਤੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸੁੱਖ ਖਾਲਸਾ ਪ੍ਰਾਇਮਰੀ ਸਕੂਲ ਨਾ ਸੌਂਪਣ ਕਾਰਨ ਪੰਥ ਵਿਚੋਂ ਛੇਕ ਦਿੱਤਾ ਗਿਆ ਸੀ। ਮੈਂ ਅਗਿਆਨਤਾ ਵੱਸ ਸਕੂਲ ਦੇਣ ਤੋਂ ਇਨਕਾਰੀ ਹੋਇਆ ਅਤੇ ਜਥੇਦਾਰ ਸ੍ਰੀ ਅਕਾਲ ਤਖ਼ਤ ਵਿਰੁੱਧ ਅਪ-ਸ਼ਬਦ ਵੀ ਕਹੇ। ਅਖਬਾਰਾਂ ਵਿਚ ਇਸ ਸਬੰਧੀ ਸ੍ਰੀ ਅਕਾਲ ਤਖ਼ਤ ਤੋਂ ਜਾਰੀ ਹੋਏ ਹੁਕਮਨਾਮੇ ਦੀ ਵਿਰੋਧਤਾ ਵੀ ਕੀਤੀ। ਹੁਣ ਮੈਨੂੰ ਆਪਣੀ ਗਲਤੀ ਦਾ ਅਹਿਸਾਸ ਹੋਇਆ ਹੈ। ਇਸ ਗਲਤੀ ਨੂੰ ਅਨੁਭਵ ਕਰਦਿਆਂ ਮੈਂ ਸੁਖੋ ਖਾਲਸਾ ਪ੍ਰਾਇਮਰੀ ਸਕੂਲ, ਹਰੀ ਨਗਰ ਅਤੇ ਸਕੂਲ ਨਾਲ ਸਬੰਧਤ ਜ਼ਮੀਨ ਜਾਇਦਾਦ ਦਿੱਲੀ ਗੁਰਦੁਆਰਾ ਕਮੇਟੀ ਨੂੰ ਸੌਂਪ ਚੁੱਕਾ ਹਾਂ, ਜਿਸ ਦੀ ਜਾਣਕਾਰੀ ਆਪ ਜੀ ਨੂੰ ਦਿੱਲੀ ਕਮੇਟੀ ਦੇ ਪ੍ਰਧਾਨ ਸਾਹਿਬ ਅਤੇ ਸਕੱਤਰ ਸਾਹਿਬ 17.8.98

ਨੂੰ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਹਾਜ਼ਰ ਹੋ ਕੇ ਦੇ ਚੁੱਕੇ ਹਨ। ਹੁਕਮਨਾਮੇ ਦੀ ਪਾਲਣਾ ਕਰਦਾ ਹੋਇਆ ਇਹ ਸਕੂਲ ਕਮੇਟੀ ਨੂੰ ਵਾਪਸ ਕਰਨਾ ਸੀ ਉਹ ਮੈਂ ਵਾਪਸ ਕਰ ਦਿੱਤਾ ਹੈ। ਹੁਕਮਨਾਮੇ ਅਨੁਸਾਰ ਮੈਨੂੰ ਤਿੰਨ ਸਾਲ ਲਈ ਕਿਸੇ ਅਹੁਦੇ 'ਤੇ ਨਾ ਰਹਿਣ ਦੀ ਵੀ ਪਾਬੰਦੀ ਸੀ।

ਮੇਰੀ ਆਪ ਜੀ ਅੱਗੇ ਹੱਥ ਜੋੜ ਕੇ ਬੇਨਤੀ ਹੈ ਕਿ ਦਾਸ ਨੂੰ ਰਾਜਨੀਤਕ ਜੀਵਨ ਸ਼ੁਰੂ ਕਰਨ ਦਾ ਮੌਕਾ ਦਿੱਤਾ ਜਾਵੇ। ਮੈਂ ਹੁਕਮਨਾਮੇ ਵਾਲੇ ਦਿਨ ਤੋਂ ਲੈ ਕੇ ਹੁਣ ਤੱਕ ਆਪਣੇ ਆਪ ਨੂੰ ਸਿੱਖ ਸੰਗਤਾਂ ਨਾਲੋਂ ਟੁੱਟਾ ਹੋਇਆ ਮਹਿਸੂਸ ਕਰਦਾ ਹਾਂ। ਮੈਂ ਸਮਝਦਾ ਹਾਂ ਕਿ ਮੇਰੇ ਗੁਨਾਹਾਂ ਦੀ ਸਜ਼ਾ ਮੈਨੂੰ ਮਿਲ ਚੁੱਕੀ ਹੈ। ਇਸ ਨੂੰ ਕਾਫੀ ਸਮਝਦੇ ਹੋਏ ਮੈਨੂੰ ਮੁਆਫ ਕਰ ਦਿੱਤਾ ਜਾਵੇ ਤੇ ਰਾਜਨੀਤਕ ਜੀਵਨ ਸ਼ੁਰੂ ਕਰਨ ਦੀ ਆਗਿਆ ਦੇਣ ਦੀ ਕ੍ਰਿਪਾਲਤਾ ਕਰੋ ਤਾਂ ਕਿ ਮੈਂ ਸਿੱਖ ਸੰਗਤ ਦੀ ਸੇਵਾ ਕਰ ਸਕਾਂ। ਮੈਨੂੰ ਪੂਰਨ ਆਸ ਹੈ ਕਿ ਮੇਰੀ ਉਪਰੋਕਤ ਬੇਨਤੀ ਪੰਜ· ਸਿੰਘ ਸਾਹਿਬਾਨ ਵੱਲੋਂ ਹਮਦਰਦੀ ਨਾਲ ਵਿਚਾਰਦਿਆਂ ਸਿੱਖ ਪੰਥ ਪ੍ਰਤੀ ਸੇਵਾ ਕਰਨ ਦਾ ਮੌਕਾ ਦਿਓਗੇ। ਪੰਜ ਸਿੰਘ ਸਾਹਿਬਾਨ ਨੂੰ ਮੈਂ ਗੁਰੂ ਰੂਪ ਜਾਣ ਕੇ ਵਚਨ ਦਿੰਦਾ ਹਾਂ ਕਿ ਅੱਗੇ ਤੋਂ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਹੁਕਮਨਾਮਾ ਮੰਨਾਂਗਾ ਅਤੇ ਕਦੇ ਸ਼ਿਕਾਇਤ ਦਾ ਮੌਕਾ ਨਹੀਂ ਦਿਆਂਗਾ।

ਆਪ ਜੀ ਦਾ ਦਾਸ,

***(ਅਵਤਾਰ ਸਿੰਘ ਹਿੱਤ)***

***

## ਭੁੱਲ ਦੀ ਖਿਮਾ ਲਈ ਬੇਨਤੀ

***14 ਸਤੰਬਰ 1997***

ਸਤਿਕਾਰਯੋਗ ਸਿੰਘ ਸਾਹਿਬ ਜਥੇਦਾਰ ਰਣਜੀਤ ਸਿੰਘ ਜੀ
ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ,
ਪ੍ਰਮ ਕਿਰਪਾਲੂ ਜੀਓ,
ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਹਿ॥

ਸਤਿਕਾਰਯੋਗ ਸਿੰਘ ਸਾਹਿਬ ਜੀ ਬੀਤੇ ਸਮੇਂ ਵਿਚ ਬੀਬੀ ਦਰਸ਼ਨ ਕੌਰ ਜੀ ਨਾਲ ਜੋ ਘਟਨਾ ਹੋਈ ਸੀ ਉਸ ਸਬੰਧ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਦਾਸ ਨੂੰ ਪੰਥ ਵਿਚੋਂ ਛੇਕਿਆ ਗਿਆ ਸੀ। ਮੈਂ ਆਪ ਜੀ ਅੱਗੇ ਸਨਿਮਰ ਬੇਨਤੀ ਕਰਦਾ ਹਾਂ ਕਿ ਦਾਸ ਨੂੰ ਪੰਥ ਵਿਚ ਸ਼ਾਮਲ ਕੀਤਾ ਜਾਵੇ। ਮੈਂ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸਮੂਹ ਤਖ਼ਤ ਸਾਹਿਬਾਨ ਦੇ ਜਥੇਦਾਰਾਂ ਦਾ ਸਤਿਕਾਰ ਕਰਦਾ ਹਾਂ। ਮੈਂ ਅਤੇ ਮੇਰਾ ਪਰਿਵਾਰ ਹਮੇਸ਼ਾ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਅੱਗੇ ਝੁਕਿਆ ਰਿਹਾ ਹੈ। ਮੈਂ ਆਪ ਜੀ ਦੇ ਸਨਮੁੱਖ ਹੋ ਕੇ ਆਪਣੀ ਬੇਨਤੀ ਕਰਨੀ ਚਾਹੁੰਦਾ ਹਾਂ। ਮੇਰੀ ਬੇਨਤੀ ਸੁਣਨ ਤੋਂ ਬਾਅਦ ਜੋ ਵੀ ਸ੍ਰੀ ਅਕਾਲ ਤਖ਼ਤ ਸਾਹਿਬ ਦਾਸ ਨੂੰ ਸੇਵਾ ਲਾਏਗਾ, ਮੈਂ ਸਿਰ ਮੱਥੇ ਉਹ ਸੇਵਾ ਨਿਭਾਵਾਂਗਾ।

ਮੈਂ ਆਪ ਜੀ ਦੇ ਸਨਮੁੱਖ ਪਹਿਲਾਂ ਹਾਜ਼ਰ ਹੋਣਾ ਚਾਹੁੰਦਾ ਸੀ ਪ੍ਰੰਤੂ ਘਰ ਵਿਚ ਪਿਤਾ ਜੀ ਦੇ ਸਵਰਗਵਾਸ ਹੋ ਜਾਣ ਕਰਕੇ ਅਤੇ ਹੋਰ ਘਰੇਲੂ ਪ੍ਰੇਸ਼ਾਨੀਆਂ ਕਰਕੇ ਹਾਜ਼ਰ ਨਹੀਂ ਹੋ ਸਕਿਆ।

ਸਤਿਕਾਰਯੋਗ ਸਿੰਘ ਸਾਹਿਬ ਜੀ ਮੇਰੀ ਉਹ ਦਸ਼ਾ ਬਣੀ ਹੋਈ ਹੈ ਕਿ
"ਕਿਸੁ ਪਹਿ ਖੋਲਹੁ ਗੰਠੜੀ ਦੂਖੀ ਭਰ ਆਇਆ॥"

ਦਾਸ ਜਿਨ੍ਹਾਂ ਕਾਰਨਾਂ ਵਸ ਸ੍ਰੀ ਅਕਾਲ ਤਖ਼ਤ 'ਤੇ ਆਪਣੇ ਆਪ ਨੂੰ ਪੇਸ਼ ਨਹੀਂ ਕਰ ਸਕਿਆ ਉਸ ਦੀ ਮੈਂ ਖਿਮਾਂ ਚਾਹੁੰਦਾ ਹਾਂ। ਮੈਂ ਆਪ ਜੀ ਨੂੰ ਨਿਮਰਤਾ ਸਹਿਤ ਬੇਨਤੀ ਕਰਦਾ ਹਾਂ ਕਿ ਦਾਸ ਤੋਂ ਦਰਸ਼ਨ ਕੌਰ ਦੇ ਨਾਲ ਬਦਸਲੂਕੀ ਦੀ ਭੁੱਲ ਦੀ ਖਿਮਾ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪੇਸ਼ ਹੋਣ ਲਈ ਸਮੇਂ ਦੀ ਬਖਸ਼ਿਸ਼ ਕੀਤੀ ਜਾਵੇ।

ਗੁਰੂ ਪੰਥ ਦਾ ਦਾਸ
*ਆਤਮਾ ਸਿੰਘ ਲੁਬਾਣਾ,*
ਮੈਂਬਰ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ।
ਸੀ-127 ਏ, ਤਿਲਕ ਵਿਹਾਰ, ਨਵੀਂ ਦਿੱਲੀ।

***

***26 ਜੂਨ 1998***

ਸਤਿਕਾਰਯੋਗ ਸਿੰਘ ਸਾਹਿਬ,
ਭਾਈ ਰਣਜੀਤ ਸਿੰਘ ਜੀ,
ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ,
ਪਰਮ ਕਿਰਪਾਲੂ ਜੀਓ,
ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਹਿ॥

ਆਪ ਜੀ ਦੀ ਸੇਵਾ ਵਿਚ ਨਿਮਰਤਾ ਸਹਿਤ ਬੇਨਤੀ ਹੈ ਕਿ ਦਾਸ ਨੂੰ ਪਿਛਲੇ ਕੁਝ ਸਮੇਂ ਤੋਂ ਸ੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਦੇ ਆਦੇਸ਼ ਮੁਤਾਬਕ ਪੰਥ ਵਿਚੋਂ ਛੇਕਿਆ ਹੋਇਆ ਹੈ। ਇਸ ਸਬੰਧ ਵਿਚ ਦਾਸ ਵਲੋਂ ਪਹਿਲਾਂ ਵੀ ਆਪ ਜੀ ਨੂੰ ਬੇਨਤੀ ਪੱਤਰ ਭੇਜੇ ਗਏ ਹਨ।

ਦਾਸ ਨੂੰ ਅੱਜ ਤਕ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸਿੱਖ ਪੰਥ ਵਲੋਂ ਜੋ ਵੀ ਸੇਵਾ ਸੌਂਪੀ ਗਈ ਹੈ ਉਸ ਨੂੰ ਪੂਰੀ ਇਮਾਨਦਾਰੀ, ਲਗਨ ਅਤੇ ਤਨਦੇਹੀ ਨਾਲ ਨਿਭਾਇਆ ਹੈ ਅਤੇ ਮੈਂ ਆਪ ਜੀ ਨੂੰ ਯਕੀਨ ਦਿਵਾਉਂਦਾ ਹਾਂ ਕਿ ਭਵਿੱਖ ਵਿਚ ਵੀ ਜੋ ਸੇਵਾ ਦਾਸ ਨੂੰ ਲਾਈ ਜਾਵੇਗੀ, ਉਸ ਨੂੰ ਖਿੜੇ ਮੱਥੇ ਪ੍ਰਵਾਨ ਕਰਾਂਗਾ।

ਮੇਰੀ ਹਾਰਦਿਕ ਇੱਛਾ ਹੈ ਕਿ ਆਪ ਜੀ ਦੇ ਸਨਮੁਖ ਹਾਜ਼ਰ ਹੋ ਕੇ ਸਾਰੇ ਹਾਲਾਤ ਬਾਰੇ ਆਪ ਜੀ ਨੂੰ ਜਾਣਕਾਰੀ ਦੇਵਾਂ। ਆਸ ਹੈ ਆਪ ਜੀ ਦਾਸ ਨੂੰ ਸ਼ੀਘਰ ਹੀ ਆਪਣੀ ਸੇਵਾ ਵਿਚ ਹਾਜ਼ਰ ਹੋਣ ਦਾ ਮੌਕਾ ਦੇਣ ਦੀ ਕ੍ਰਿਪਾਲਤਾ ਕਰੋਗੇ।

ਸਤਿਕਾਰ ਸਹਿਤ।

ਸ਼ੁਭਚਿੰਤਕ,
*(ਆਤਮਾ ਸਿੰਘ)*
ਮੈਂਬਰ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ।
ਸੀ-127 ਏ, ਤਿਲਕ ਵਿਹਾਰ, ਨਵੀਂ ਦਿੱਲੀ-110018.

***

## ਹੁਕਮਨਾਮਾ

*14 ਸਤੰਬਰ 1998*

• ਅੱਜ ਮਿਤੀ 14 ਸਤੰਬਰ 1998 ਨੂੰ ਪਾਵਨ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਹੋਈ। ਜਿਸ ਵਿਚ ਮਿਤੀ 16 ਜੂਨ 1997 ਨੂੰ ਬੀਬੀ ਦਰਸ਼ਨ ਕੌਰ ਨੂੰ ਕੁੱਟਮਾਰ ਕਰਨ ਨਾਲ ਸਬੰਧਤ ਮਾਮਲੇ 'ਤੇ ਪੰਥ ਵਿਚੋਂ ਛੇਕੇ ਗਏ ਅਵਤਾਰ ਸਿੰਘ ਹਿਤ ਅਤੇ ਆਤਮਾ ਸਿੰਘ ਲੁਬਾਣਾ ਵਲੋਂ ਦਿੱਤੇ ਗਏ ਮੁਆਫੀਨਾਮਿਆਂ 'ਤੇ ਵਿਚਾਰ ਹੋਈ। ਉਪਰੋਕਤ ਦੋਨਾਂ ਬਿਨੈਕਾਰਾਂ ਦੀਆਂ ਅਰਜ਼ੀਆਂ ਨੂੰ ਵਿਚਾਰਦਿਆਂ ਇਹ ਪ੍ਰਵਾਨ ਹੋਇਆ ਕਿ :

ਅਵਤਾਰ ਸਿੰਘ ਹਿਤ ਨੂੰ ਤਨਖਾਹ ਲਾ ਕੇ ਪੰਥ ਵਿਚ ਸ਼ਾਮਲ ਕਰ ਲਿਆ ਜਾਵੇ। ਕਿਉਂਕਿ ਉਸ ਵਲੋਂ ਪ੍ਰਬੰਧਕ ਕਮੇਟੀ ਦਿੱਲੀ ਦੀ ਜਾਇਦਾਦ ਜੋ ਕਿ ਤਕਰੀਬਨ ਬਾਰਾਂ ਤੇਰਾਂ ਸਾਲ ਪਹਿਲਾਂ ਹੜੱਪ ਕੀਤੀ ਗਈ ਸੀ, ਹੁਣ ਵਾਪਸ ਮੋੜ ਦਿੱਤੀ ਗਈ ਹੈ। ਸੁਖੋ ਖਾਲਸਾ ਪ੍ਰਾਇਮਰੀ ਸਕੂਲ, ਐਮ.ਐਸ. ਬਲਾਕ, ਹਰੀ ਨਗਰ, ਦਿੱਲੀ ਨਾਲ ਸਬੰਧਤ ਜਾਇਦਾਦ ਦੀ ਵੇਰਵੇ ਸਹਿਤ ਫਾਈਲ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਤੇ ਸਕੱਤਰ ਮਿਤੀ 17 ਅਗਸਤ 1998 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਹਾਜ਼ਰ ਹੋ ਕੇ ਪੰਜ ਸਿੰਘ ਸਾਹਿਬਾਨ ਸਾਹਮਣੇ ਸੌਂਪ ਚੁੱਕੇ ਹਨ। ਇਸ ਤੋਂ ਇਲਾਵਾ ਅਵਤਾਰ ਸਿੰਘ ਹਿਤ ਵਲੋਂ ਸੁਖੋ ਖਾਲਸਾ ਪ੍ਰਾਇਮਰੀ ਸਕੂਲ ਪ੍ਰਬੰਧਕ ਕਮੇਟੀ ਨੂੰ ਸੌਂਪਣ ਬਾਰੇ ਮਿਤੀ 5 ਅਗਸਤ 1998 ਨੂੰ ਦਿੱਤਾ ਗਿਆ ਦਿੱਲੀ ਅਦਾਲਤ ਵਿਚ ਹਲਫੀਆ ਬਿਆਨ ਅਤੇ ਪ੍ਰਬੰਧਕ ਕਮੇਟੀ ਦਿੱਲੀ ਦੇ ਪ੍ਰਧਾਨ ਤੇ ਸਕੱਤਰ ਵਲੋਂ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਫਾਈਲ ਦੇ ਨਾਲ ਦਿੱਤੇ ਗਏ ਬਿਆਨ ਪੁਰ ਸਿੰਘ ਸਾਹਿਬਾਨ ਨੇ ਪੂਰੀ ਤਰ੍ਹਾਂ ਸੰਤੁਸ਼ਟੀ ਦਾ ਪ੍ਰਗਟਾਵਾ ਕਰਦਿਆਂ ਮਿਤੀ 16 ਜੂਨ 1997 ਤੋਂ ਲੈ ਕੇ ਅੱਜ ਤੱਕ ਅਵਤਾਰ ਸਿੰਘ ਹਿੱਤ ਨੂੰ ਮਿਲੀ ਸਜ਼ਾ ਕਾਫੀ ਸਮਝਦੇ ਹੋਏ ਅਵਤਾਰ ਸਿੰਘ ਹਿਤ ਨੂੰ ਗਿਆਰਾਂ ਦਿਨ ਵਾਸਤੇ ਗੁਰਦੁਆਰਾ ਬੰਗਲਾ ਸਾਹਿਬ ਵਿਖੇ ਰੋਜ਼ਾਨਾ ਇਕ ਘੰਟਾ ਜੂਠੇ ਬਰਤਨ ਸਾਫ ਕਰਨ, ਇਕ ਘੰਟਾ ਜੋੜੇ ਸਾਫ ਕਰਨ ਤੇ ਇਕ ਘੰਟਾ ਕੀਰਤਨ ਸੁਣਨ ਦੀ ਤਨਖਾਹ ਲਾਈ ਹੈ। ਇਸ ਤੋਂ ਇਲਾਵਾ 31000/-ਰੁਪਏ ਸੈਂਟਰਲ ਖਾਲਸਾ ਯਤੀਮਖਾਨਾ, 31000/-ਰੁਪਏ ਪਿੰਗਲਵਾੜਾ ਵਿਖੇ ਜਮ੍ਹਾਂ ਕਰਵਾ ਕੇ 101/- ਰੁਪਏ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਕੜਾਹ ਪ੍ਰਸ਼ਾਦਿ ਦੀ ਦੇਗ ਅਰਦਾਸ ਕਰਵਾਏ। ਅਰਦਾਸ ਉਪਰੰਤ ਹੀ ਅਵਤਾਰ ਸਿੰਘ ਹਿਤ ਨੂੰ ਸਿੱਖ ਸੰਗਤਾਂ ਪੰਥ ਵਿਚ ਸ਼ਾਮਲ ਸਮਝਣ।

ਇਸੇ ਤਰ੍ਹਾਂ ਆਤਮਾ ਸਿੰਘ ਲੁਬਾਣਾ ਗਿਆਰਾਂ ਦਿਨ ਰੋਜ਼ਾਨਾ ਗੁਰਦੁਆਰਾ ਬੰਗਲਾ ਸਾਹਿਬ ਵਿਖੇ ਇਕ ਘੰਟਾ ਭਾਂਡੇ ਮਾਂਜਣ, ਇਕ ਘੰਟਾ ਜੋੜੇ ਸਾਫ ਕਰਨ ਤੇ ਇਕ ਘੰਟਾ ਕੀਰਤਨ ਸੁਣਨ ਉਪਰੰਤ 5100/- ਅੱਖਰੀਂ ਇਕਵੰਜਾ ਸੌ ਰੁਪਏ ਕੇਵਲ ਗੁਰੂ ਰਾਮਦਾਸ ਲੰਗਰ ਵਿਚ ਪਾਵੇ ਤੇ 101/- ਰੁਪਏ ਦੀ ਕੜਾਹ ਪ੍ਰਸ਼ਾਦਿ ਦੀ ਦੇਗ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਲੈ ਕੇ ਅਰਦਾਸ ਕਰਵਾਏ। ਅਰਦਾਸ ਉਪਰੰਤ ਹੀ ਆਤਮਾ ਸਿੰਘ ਲੁਬਾਣਾ ਨੂੰ ਸਿੱਖ ਸੰਗਤਾਂ ਪੰਥ ਵਿਚ ਸ਼ਾਮਲ ਸਮਝਣ।

ਦਸਤਖਤ : ਰਣਜੀਤ ਸਿੰਘ, ਮੋਹਣ ਸਿੰਘ,
ਭਗਵਾਨ ਸਿੰਘ, ਚਰਨ ਸਿੰਘ, ਗੁਰਬਚਨ ਸਿੰਘ ■

# ਸਤਨਾਮੀ ਬਾਈ

*6 ਮਈ 1997*

ਬੀਬੀ ਸਤਨਾਮੀ ਬਾਈ ਜੀ,

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਹਿ॥

ਮੇਰੇ ਨੋਟਿਸ ਵਿਚ ਦੈਨਿਕ 'ਜਾਗਰਣ' ਅਤੇ ਦੈਨਿਕ 'ਪੰਜਾਬ ਕੇਸਰੀ' ਅਖਬਾਰਾਂ ਦੀਆਂ ਖਬਰਾਂ ਦੀਆਂ ਕਾਤਰਾਂ, ਰਿਪੂਦਮਨ ਸਿੰਘ ਪ੍ਰਧਾਨ, ਦਿੱਲੀ ਗੁਰਦੁਆਰਾ ਪ੍ਰਬੰਧ ਸੁਧਾਰ ਕਮੇਟੀ ਨੇ ਫੈਕਸ ਰਾਹੀਂ ਦਿੱਲੀ ਤੋਂ ਭੇਜੀਆਂ ਹਨ। ਜਿਨ੍ਹਾਂ ਵਿਚ ਤੁਹਾਡੇ ਵਲੋਂ ਇਹ ਬਿਆਨ ਦਿੱਤਾ ਗਿਆ ਹੈ ਕਿ ਮਿਤੀ 13 ਨਵੰਬਰ 1996 ਨੂੰ ਜਦੋਂ ਮੇਰੀ ਅਦਾਲਤ ਵਿਚ ਗਵਾਹੀ ਸੀ, ਪਰਮਜੀਤ ਸਿੰਘ ਸਰਨਾ ਨੇ ਆਪਣੀ ਗੱਡੀ ਨਹੀਂ ਸੀ ਭੇਜੀ ਅਤੇ ਮੈਂ ਆਟੋ ਰਿਕਸ਼ਾ ਲੈ ਕੇ ਅਦਾਲਤ ਵੱਲ ਚੱਲ ਪਈ। 11 ਮੂਰਤੀ ਲੇਨ ਦੇ ਨਜ਼ਦੀਕ ਗੁਰਚਰਨ ਸਿੰਘ ਊਸ਼ਾ ਪਾਰਕ ਮੈਨੂੰ ਮਿਲਿਆ ਤੇ ਉਸ ਨੇ ਮੈਨੂੰ ਆਪਣੀ ਕਾਰ ਵਿਚ ਬਿਠਾ ਲਿਆ। ਇਸ ਪਿਛੋਂ ਪੂਰੇ ਰਸਤੇ ਵਿਚ ਉਹ ਮੋਬਾਈਲ ਫੋਨ 'ਤੇ ਕਿਸੇ ਨਾਲ ਗੱਲ ਕਰਦਾ ਰਿਹਾ ਕਿ ਅਸੀਂ ਕਿੰਨੇ ਵਜੇ ਅਦਾਲਤ ਵਿਚ ਪੁੱਜ ਰਹੇ ਹਾਂ। ਗੁਰਚਰਨ ਸਿੰਘ ਨੇ ਮੈਨੂੰ ਆਖਿਆ ਕਿ ਤੂੰ ਆਪਣੇ ਬਿਆਨ ਤੋਂ ਮੁੱਕਰ ਜਾਹ ਅਤੇ (ਐਚ.ਕੇ.ਐਲ.) ਭਗਤ ਦੇ ਖਿਲਾਫ ਬਿਆਨ ਨਾ ਦੇ, ਨਹੀਂ ਤਾਂ ਤੂੰ ਘਰ ਨਹੀਂ ਪੁੱਜੇਗੀ ਤੇ ਤੇਰੇ ਬੱਚੇ ਵੀ ਚੁੱਕ ਲਵਾਂਗੇ। ਇਸ ਕਰਕੇ ਮਾਰੇ ਡਰ ਦੇ ਮੈਂ ਆਪਣੇ ਬਿਆਨਾਂ ਤੋਂ ਮੁੱਕਰ ਗਈ।

ਅਗਰ ਤੁਹਾਡਾ ਬਿਆਨ ਸੱਚਾ ਹੈ ਤਾਂ ਇਹ ਬਹੁਤ ਹੀ ਚਿੰਤਾ ਦਾ ਵਿਸ਼ਾ ਅਤੇ ਗੰਭੀਰ ਮਾਮਲਾ ਹੈ ਕਿਉਂਕਿ ਗੁਰਚਰਨ ਸਿੰਘ ਊਸ਼ਾ ਪਾਰਕ ਮੇਰਾ ਵੱਡਾ ਭਰਾ ਹੈ, ਇਸ ਲਈ ਮੇਰੀ ਇਹ ਹੋਰ ਵੀ ਜ਼ਿੰਮੇਵਾਰੀ ਬਣ ਜਾਂਦੀ ਹੈ ਕਿ ਅਸਲੀਅਤ ਸੰਗਤਾਂ ਦੇ ਸਾਹਮਣੇ ਲਿਆਵਾਂ।

ਤੁਸੀਂ ਪੰਜਾਬੀ ਟ੍ਰਿਬਿਊਨ ਵਿਚਲੇ ਬਿਆਨ ਵਿਚ ਇਹ ਵਿਸ਼ਵਾਸ ਪ੍ਰਗਟ ਕੀਤਾ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਭਾਈ ਰਣਜੀਤ ਸਿੰਘ ਦੋਸ਼ੀਆਂ ਨੂੰ ਜ਼ਰੂਰ ਸਜ਼ਾ ਦੇਣਗੇ। ਸੋ ਮੈਂ ਤੁਹਾਨੂੰ ਮਿਤੀ 13 ਮਈ 1997 ਦਿਨ ਦੇ 1 ਵਜੇ ਆਪਣਾ ਪੱਖ ਪੇਸ਼ ਕਰਨ ਲਈ ਬੁਲਾ ਰਿਹਾ ਹਾਂ ਤੇ ਤੁਸੀਂ ਇਸ ਦਿਨ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪਹੁੰਚ ਕੇ ਆਪਣਾ ਪੱਖ ਪੇਸ਼ ਕਰੋ।

ਧੰਨਵਾਦ ਸਹਿਤ,

ਗੁਰੂ ਪੰਥ ਦਾ ਦਾਸ,

*ਰਣਜੀਤ ਸਿੰਘ*
ਜਥੇਦਾਰ, ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ।

ਬੀਬੀ ਸਤਨਾਮੀ ਬਾਈ,
ਸੀ-83 ੳ, ਨੇੜੇ ਪੁਲਿਸ ਚੌਕੀ,
ਤਿਲਕ ਵਿਹਾਰ, ਨਵੀਂ ਦਿੱਲੀ-18

***

*6 ਮਈ 1997*

ਸ: ਰਿਪੂਦਮਨ ਸਿੰਘ ਜੀ,
ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਹਿ॥

ਤੁਹਾਡੀ ਭੇਜੀ ਫੈਕਸ ਮਿਲੀ ਜਿਸ ਵਿਚ ਤੁਸਾਂ ਬੀਬੀ ਸਤਨਾਮੀ ਬਾਈ ਦੇ ਬਿਆਨ ਵਿਚ ਪਰਮਜੀਤ ਸਿੰਘ ਸਰਨਾ ਤੇ ਗੁਰਚਰਨ ਸਿੰਘ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਬੁਲਾ ਕੇ ਸਖਤ ਸਜ਼ਾਵਾਂ ਦੇਣ ਦੀ ਮੰਗ ਕੀਤੀ ਹੈ। ਇਸ ਸਬੰਧ ਵਿਚ ਤੁਸੀਂ ਮਿਤੀ 13 ਮਈ 1997 ਨੂੰ ਦਿਨ ਦੇ 1 ਵਜੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਪੇਸ਼ ਹੋਵੋ।

ਧੰਨਵਾਦ ਸਹਿਤ,

ਗੁਰੂ ਪੰਥ ਦਾ ਦਾਸ,
*ਰਣਜੀਤ ਸਿੰਘ*
ਜਥੇਦਾਰ, ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ।

***

*6 ਮਈ 1997*

ਸ: ਗੁਰਚਰਨ ਸਿੰਘ ਜੀ,
ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਹਿ॥

ਸਤਨਾਮੀ ਬਾਈ ਨੇ ਅਖਬਾਰਾਂ ਵਿਚ ਜੋ ਆਪ ਦੇ ਖਿਲਾਫ ਬਿਆਨ ਦਿੱਤੇ ਹਨ ਉਸ ਸਬੰਧੀ ਆਪਣਾ ਪੱਖ ਪੇਸ਼ ਕਰਨ ਲਈ 13 ਮਈ 1997 ਨੂੰ ਦਿਨ ਦੇ 1 ਵਜੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੇਸ਼ ਹੋਵੋ।

ਧੰਨਵਾਦ ਸਹਿਤ

ਗੁਰੂ ਪੰਥ ਦਾ ਦਾਸ,
*ਰਣਜੀਤ ਸਿੰਘ*
ਜਥੇਦਾਰ, ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ

ਸ: ਗੁਰਚਰਨ ਸਿੰਘ ਜੀ
ਯੂ.ਸੀ.-5, ਊਸ਼ਾ ਪਾਰਕ, ਜੇਲ੍ਹ ਰੋਡ,
ਨਵੀਂ ਦਿੱਲੀ-110064.

***

*6 ਮਈ 1997*

ਸ: ਪ੍ਰਮਜੀਤ ਸਿੰਘ ਜੀ,
ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਹਿ॥

ਬੀਬੀ ਸਤਨਾਮੀ ਬਾਈ ਨੇ ਅਖਬਾਰਾਂ ਵਿਚ ਆਪ ਦੇ ਖਿਲਾਫ ਜੋ ਬਿਆਨ ਦਿੱਤੇ ਹਨ, ਉਸ ਸਬੰਧੀ ਆਪਣਾ ਪੱਖ ਪੇਸ਼ ਕਰਨ ਲਈ ਮਿਤੀ 13 ਮਈ 1997 ਨੂੰ ਦਿਨ ਦੇ 1

ਵਜੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੇਸ਼ ਹੋਵੇ।

ਧੰਨਵਾਦ ਸਹਿਤ

ਗੁਰੂ ਪੰਥ ਦਾ ਦਾਸ,

*ਰਣਜੀਤ ਸਿੰਘ*

ਜਥੇਦਾਰ, ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ।

ਸ: ਪਰਮਜੀਤ ਸਿੰਘ 'ਸਰਨਾ'
ਸਾਬਕਾ ਪ੍ਰਧਾਨ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ,
23/41, ਪੰਜਾਬੀ ਬਾਗ, ਨਵੀਂ ਦਿੱਲੀ-110026.

***

***8 ਮਈ 1997***

ਪਰਮ ਸਤਿਕਾਰਯੋਗ ਸਿੰਘ ਸਾਹਿਬ, ਜਥੇਦਾਰ ਰਣਜੀਤ ਸਿੰਘ ਜੀ
ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਹਿ॥

ਬੇਨਤੀ ਹੈ ਕਿ ਅਖਬਾਰਾਂ ਰਾਹੀਂ ਦਾਸ ਨੂੰ ਪਤਾ ਲੱਗਾ ਹੈ ਕਿ ਸ: ਪਰਮਜੀਤ ਸਿੰਘ ਨੂੰ ਸਤਨਾਮੀ ਬਾਈ ਦੇ ਸਬੰਧ ਵਿਚ ਸ੍ਰੀ ਅਕਾਲ ਤਖ਼ਤ 'ਤੇ 13 ਮਈ ਨੂੰ ਤਲਬ ਕੀਤਾ ਗਿਆ ਹੈ। ਇਸ ਸਬੰਧ ਵਿਚ ਆਪ ਜੀ ਨੂੰ ਸਨਿਮਰ ਬੇਨਤੀ ਹੈ ਕਿ ਇਸ ਜਾਣਕਾਰੀ ਤੋਂ ਪਹਿਲਾਂ ਹੀ ਸ: ਪਰਮਜੀਤ ਸਿੰਘ ਵਪਾਰ ਦੇ ਸਬੰਧ ਵਿਚ ਪਹਿਲਾਂ ਤੋਂ ਮਿਥੇ ਪ੍ਰੋਗਰਾਮ ਅਨੁਸਾਰ ਕਰੀਬ ਇਕ ਮਹੀਨੇ ਲਈ ਵਿਦੇਸ਼ ਗਏ ਹੋਏ ਹਨ।

ਇਸ ਕਰਕੇ 13 ਮਈ 1997 ਨੂੰ ਸ: ਪਰਮਜੀਤ ਸਿੰਘ ਸ੍ਰੀ ਅਕਾਲ ਤਖ਼ਤ 'ਤੇ ਹਾਜ਼ਰ ਨਾ ਹੋ ਸਕਣ ਲਈ ਖਿਮਾਂ ਦੇ ਜਾਚਕ ਹਨ। ਜਦੋਂ ਵੀ ਸ: ਪਰਮਜੀਤ ਸਿੰਘ 20-25 ਦਿਨਾਂ ਤੱਕ ਵਾਪਸ ਆਉਣਗੇ ਆਪ ਅੱਗੇ ਪੇਸ਼ ਹੋ ਜਾਣਗੇ ਪਰ ਇਸ ਸਬੰਧ ਵਿਚ ਦਾਸ ਕੋਲ ਕੁਝ ਜਾਣਕਾਰੀ ਸਬੂਤਾਂ ਸਹਿਤ ਹੈ। ਅਗਰ ਆਪ ਜੀ ਦਾ ਹੁਕਮ ਹੋਵੇ ਤਾਂ ਉਹ ਜਾਣਕਾਰੀ ਦਾਸ ਰਾਹੀਂ ਪੇਸ਼ ਕੀਤੀ ਜਾ ਸਕਦੀ ਹੈ।

ਆਪ ਜੀ ਦੇ ਹੁਕਮ ਦੀ ਉਡੀਕ ਵਿਚ।

ਸਤਿਕਾਰ ਸਹਿਤ

ਦਾਸ

*ਹਰਵਿੰਦਰ ਸਿੰਘ ਸਰਨਾ*

***

## ਮੈਨੂੰ ਮਜਬੂਰ ਕਰਨ ਵਾਲਿਆਂ ਨੂੰ ਅਕਾਲ ਤਖ਼ਤ 'ਤੇ ਤਲਬ ਕਰੋ

ਨਵੀਂ ਦਿੱਲੀ, 8 ਮਈ (ਭਾਸ਼ਾ)-1984 ਦੇ ਦਿੱਲੀ ਦੰਗਿਆਂ ਦੇ ਸਬੰਧ ਵਿਚ ਸਾਬਕਾ ਕੇਂਦਰੀ ਮੰਤਰੀ ਐਚ.ਕੇ.ਐਲ. ਭਗਤ ਵਿਰੁੱਧ ਕੇਸ ਦਰਜ ਕਰਨ ਵਾਲਿਆਂ ਵਿਚੋਂ ਇਕ ਬੀਬੀ ਸਤਨਾਮੀ ਬਾਈ ਨੇ ਅਪੀਲ ਕੀਤੀ ਹੈ ਕਿ ਜਿਨ੍ਹਾਂ ਵਿਅਕਤੀਆਂ ਨੇ ਮੈਨੂੰ ਅਦਾਲਤ ਵਿਚ ਭਗਤ ਵਿਰੁੱਧ ਬਿਆਨ ਬਦਲਣ ਲਈ ਮਜਬੂਰ ਕੀਤਾ, ਉਨ੍ਹਾਂ ਸਭ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਅੱਗੇ ਤਲਬ ਕੀਤਾ ਜਾਵੇ।

ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਭਾਈ ਰਣਜੀਤ ਸਿੰਘ ਨੂੰ ਲਿਖੇ ਪੱਤਰ ਵਿਚ

ਬੀਬੀ ਸਤਨਾਮੀ ਬਾਈ ਨੇ ਆਖਿਆ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਇਕ ਲਾਚਾਰ ਔਰਤ ਦੀ ਬੇਨਤੀ ਉਤੇ ਵਿਚਾਰ ਕੀਤੇ ਜਾਣ ਤੇ ਉਨ੍ਹਾਂ ਸਾਰਿਆਂ ਕੋਲੋਂ ਸਪੱਸ਼ਟੀਕਰਨ ਮੰਗਿਆ ਜਾਵੇ, ਜਿਨ੍ਹਾਂ ਨੇ ਮੈਨੂੰ ਆਪਣਾ ਬਿਆਨ ਬਦਲਣ ਲਈ ਮਜਬੂਰ ਕਰ ਦਿੱਤਾ ਸੀ।

ਜਿਨ੍ਹਾਂ ਹਾਲਾਤ ਵਿਚ ਉਸ ਨੂੰ ਮਜਬੂਰ ਕੀਤਾ ਗਿਆ, ਉਨ੍ਹਾਂ ਦਾ ਜ਼ਿਕਰ ਕਰਦਿਆਂ ਬੀਬੀ ਨੇ ਦੱਸਿਆ ਕਿ ਉਸ ਨੂੰ ਉਸ ਦੇ ਘਰੋਂ ਕੁਝ ਵਿਅਕਤੀਆਂ ਵਲੋਂ ਅਮਲੀ ਤੌਰ 'ਤੇ ਚੁੱਕ ਲਿਆ ਗਿਆ ਤੇ ਭਗਤ ਦੇ ਬੰਦਿਆਂ ਹਵਾਲੇ ਕਰ ਦਿੱਤਾ ਗਿਆ, ਜਿਨ੍ਹਾਂ ਨੇ ਮੈਨੂੰ ਕੁਝ ਦਿਨਾਂ ਤੱਕ ਸ਼ਾਹਦਰਾ ਕਚਹਿਰੀਆਂ ਦੇ ਇਕ ਕਮਰੇ ਵਿਚ ਰੱਖਿਆ। ਭਗਤ ਦੇ ਬੰਦਿਆਂ ਨੇ ਮੈਨੂੰ ਧਮਕਾ ਕੇ ਇਕ ਕੋਰੇ ਕਾਗਜ਼ ਉਤੇ ਅੰਗੂਠਾ ਲਾਉਣ ਲਈ ਕਿਹਾ ਤੇ ਚਿਤਾਵਨੀ ਦਿੱਤੀ ਕਿ ਮੈਂ ਅਦਾਲਤ ਵਿਚ ਭਗਤ ਵਿਰੁੱਧ ਬਿਆਨ ਨਾ ਦੇਵਾਂ। ਭਗਤ ਦੇ ਬੰਦਿਆਂ ਕੋਲੋਂ ਮੈਨੂੰ ਪੁਲਿਸ ਨੇ ਛੁਡਾਇਆ ਸੀ।

ਬੀਬੀ ਸਤਨਾਮੀ ਬਾਈ ਨੇ ਪੱਤਰ ਵਿਚ ਅੱਗੇ ਲਿਖਿਆ ਹੈ ਕਿ ਉਕਤ ਸਭ ਤਰ੍ਹਾਂ ਦੀਆਂ ਧਮਕੀਆਂ ਦੇ ਬਾਵਜੂਦ ਜਦੋਂ ਮੈਂ ਅਦਾਲਤ ਵਿਚ ਆਪਣਾ ਬਿਆਨ ਦੇਣ ਜਾ ਰਹੀ ਸੀ ਤਾਂ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਗੁਰਚਰਨ ਸਿੰਘ, ਮੈਨੂੰ ਰਾਹ ਵਿਚੋਂ ਹੀ ਰੋਕ ਕੇ, ਜ਼ਬਰਦਸਤੀ ਆਪਣੀ ਕਾਰ ਵਿਚ ਬਿਠਾ ਕੇ ਲੈ ਤੁਰਿਆ ਤੇ ਮੈਨੂੰ ਅਦਾਲਤ ਵਿਚ ਆਪਣੇ ਬਿਆਨ ਬਦਲਣ ਲਈ ਕਿਹਾ।

ਬੀਬੀ ਨੇ ਜਿਨ੍ਹਾਂ ਹੋਰ ਵਿਅਕਤੀਆਂ ਦੇ ਨਾਂ ਇਸ ਸੰਦਰਭ ਵਿਚ ਲਏ ਹਨ ਉਨ੍ਹਾਂ ਵਿਚ ਮੋਹਨ ਸਿੰਘ, ਬਾਬੂ ਸਿੰਘ, ਇਕ ਹੋਰ ਮੋਹਨ ਸਿੰਘ, ਭਾਗੀ ਕੌਰ, ਸੀ. ਕੌਰ, ਗੋਪੀ ਕੌਰ, ਪਰਮਜੀਤ ਸਿੰਘ ਸਰਨਾ ਅਤੇ ਐਮ.ਐਸ. ਬੁਤਾਲੀਆ ਵਕੀਲ ਸ਼ਾਮਲ ਹਨ।

*(ਰੋਜ਼ਾਨਾ 'ਜਗਬਾਣੀ', 9 ਮਈ 1997)*

***

***13 ਮਈ 1997***

**ਗੁਰਮਤਾ**

ਅੱਜ ਮਿਤੀ 13 ਮਈ 1997 ਨੂੰ ਬੀਬੀ ਸਤਨਾਮੀ ਬਾਈ, ਜਿਸ ਨੇ ਸ: ਪਰਮਜੀਤ ਸਿੰਘ ਤੇ ਸ: ਗੁਰਚਰਨ ਸਿੰਘ ਊਸ਼ਾ ਪਾਰਕ ਦੇ ਖਿਲਾਫ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੱਤਰ ਲਿਖਿਆ ਸੀ, ਕੋਲੋਂ ਪੰਜ ਸਿੰਘ ਸਾਹਿਬਾਨ ਨੇ ਲੰਬੀ ਪੁੱਛਗਿੱਛ ਕੀਤੀ। ਉਪਰੰਤ ਸ: ਗੁਰਚਰਨ ਸਿੰਘ ਤੇ ਸ: ਪਰਮਜੀਤ ਸਿੰਘ ਕੋਲੋਂ ਵੀ ਉਨ੍ਹਾਂ 'ਤੇ ਲਾਏ ਗਏ ਦੋਸ਼ਾਂ ਸਬੰਧੀ ਸਪੱਸ਼ਟੀਕਰਨ ਲਿਆ। ਸ: ਗੁਰਚਰਨ ਸਿੰਘ ਊਸ਼ਾ ਪਾਰਕ ਨੇ ਆਪਣੇ ਉੱਪਰ ਲਾਏ ਗਏ ਇਲਜ਼ਾਮਾਂ ਬਾਰੇ ਵੀਡੀਓ ਕੈਸੇਟ ਅਤੇ ਰੇਲਵੇ ਟਿਕਟ ਅਥਵਾ ਹੋਰ ਸਬੂਤਾਂ 'ਤੇ ਅਧਾਰਤ 10 ਨਵੰਬਰ ਤੋਂ ਲੈ ਕੇ 16 ਨਵੰਬਰ ਤਕ ਦਿੱਲੀ ਵਿਚ ਨਾ ਹੋਣ ਦੇ ਅਤੇ ਇਨ੍ਹਾਂ ਦਿਨਾਂ ਵਿਚ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਤਾਗੱਦੀ ਪੁਰਬ 'ਤੇ ਹਾਜ਼ਰੀ ਭਰਨ ਦੇ ਪ੍ਰਮਾਣ ਦਿੱਤੇ। ਇਸੇ ਤਰ੍ਹਾਂ ਸ: ਪਰਮਜੀਤ ਸਿੰਘ ਜੋ ਕਿ ਵਪਾਰ ਦੇ ਸਬੰਧ ਵਿਚ ਵਿਦੇਸ਼ ਹੋਣ ਕਾਰਨ ਉਨ੍ਹਾਂ ਦੇ ਭਰਾ ਸ: ਹਰਵਿੰਦਰ ਸਿੰਘ ਨੇ ਪਾਸਪੋਰਟ ਅਤੇ ਹੋਰ ਕਾਗਜ਼ਾਤ ਅਥਵਾ ਵੀਡੀਓ ਕੈਸੇਟ ਦੇ ਅਧਾਰ 'ਤੇ ਆਪਣਾ ਪੱਖ ਪੇਸ਼ ਕੀਤਾ। ਇਸ ਸਪੱਸ਼ਟੀਕਰਨ ਉਪਰੰਤ ਸਿੰਘ ਸਾਹਿਬਾਨ ਨੇ ਇਹ ਫੈਸਲਾ ਲਿਆ ਹੈ ਕਿ ਉਪਰੋਕਤ ਦੋਹਾਂ ਗੁਰਸਿੱਖਾਂ ਉੱਪਰ

ਲਾਏ ਗਏ ਇਲਜ਼ਾਮ ਪੂਰਨ ਤੌਰ 'ਤੇ ਨਿਰਾਧਾਰ ਤੇ ਝੂਠੇ ਹਨ। ਨਾਲ ਹੀ ਇਨ੍ਹਾਂ ਇਲਜ਼ਾਮਾਂ ਦੇ ਪਿਛੋਕੜ ਨੂੰ ਸਤਨਾਮੀ ਬਾਈ ਦੇ ਬਿਆਨਾਂ ਦੀ ਰੌਸ਼ਨੀ ਵਿਚ ਵਿਚਾਰਦਿਆਂ ਇਹ ਮਹਿਸੂਸ ਕੀਤਾ ਗਿਆ ਕਿ ਇਹ ਇਲਜ਼ਾਮ ਆਪਸੀ ਧੜੇਬਾਜ਼ੀ ਕਾਰਨ, ਸ: ਪਰਮਜੀਤ ਸਿੰਘ ਅਤੇ ਸ: ਗੁਰਚਰਨ ਸਿੰਘ ਨੂੰ ਸਿੱਖ ਸੰਗਤਾਂ ਵਿਚ ਬਦਨਾਮ ਕਰਨ ਲਈ ਹੀ ਲਾਏ ਗਏ ਹਨ। ਇਹ ਬੜੀ ਦੁਖਦਾਈ ਗੱਲ ਹੈ ਕਿ 22 ਅਪ੍ਰੈਲ 1997 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸ: ਅਵਤਾਰ ਸਿੰਘ ਹਿਤ ਅਤੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹੋਰ ਪ੍ਰਬੰਧਕਾਂ ਸਬੰਧੀ ਸੁਣਾਏ ਗਏ ਫੈਸਲੇ ਤੋਂ ਬਾਅਦ ਐਸੀਆਂ ਮਨਮਤੀ ਸਰਗਰਮੀਆਂ ਰਾਹੀਂ ਸਿੱਖ ਸੰਗਤਾਂ ਵਿਚ ਦੁਬਿਧਾ ਪੈਦਾ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ।

ਸਿੰਘ ਸਾਹਿਬਾਨ, ਅੱਜ ਦੋ ਉਪਰੋਕਤ ਵਿਅਕਤੀਆਂ ਅਤੇ ਸਤਨਾਮੀ ਬਾਈ ਕੋਲੋਂ ਕੀਤੀ ਪੁੱਛ-ਪੜਤਾਲ ਉਪਰੰਤ, ਸ: ਪਰਮਜੀਤ ਸਿੰਘ ਅਤੇ ਸ: ਗੁਰਚਰਨ ਸਿੰਘ ਨੂੰ ਪੂਰਨ ਤੌਰ 'ਤੇ ਉਨ੍ਹਾਂ ਉੱਪਰ ਲਾਏ ਗਏ ਦੋਸ਼ਾਂ ਤੋਂ ਬਰੀ ਕਰਦੇ ਹਨ ਅਤੇ ਨਾਲ ਹੀ ਐਸੀਆਂ ਈਰਖਾਲੂ ਅਤੇ ਮਨਮਤੀ ਸਰਗਰਮੀਆਂ ਵਾਲਿਆਂ ਨੂੰ ਭਵਿੱਖ ਵਿਚ ਐਸੀ ਬਿਰਤੀ ਤਿਆਗਣ ਲਈ ਚਿਤਾਵਨੀ ਵੀ ਦਿੰਦੇ ਹਨ। ਇਸ ਦੇ-ਨਾਲ ਹੀ ਸ: ਰਿਪੁਦਮਨ ਸਿੰਘ, ਜੋ ਆਪਣੇ ਆਪ ਨੂੰ ਦਿੱਲੀ ਗੁਰਦੁਆਰਾ ਪ੍ਰਬੰਧ ਸੁਧਾਰ ਕਮੇਟੀ ਦਾ ਪ੍ਰਧਾਨ ਸਦਵਾਉਂਦਾ ਹੈ, ਜਿਸ ਨੇ ਬਿਨਾਂ ਸੋਚੇ ਸਮਝੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਉਪਰੋਕਤ ਨਿਰਦੋਸ਼ ਵਿਅਕਤੀਆਂ ਦੇ ਖਿਲਾਫ ਸਖਤ ਸਜ਼ਾ ਦੇਣ ਲਈ ਪੱਤਰ ਭੇਜਿਆ ਸੀ, ਬਾਰੇ ਸਮੂਹ ਸਿੱਖ ਸੰਗਤਾਂ ਨੂੰ ਸਿੰਘ ਸਾਹਿਬਾਨ ਵਲੋਂ ਸੰਦੇਸ਼ ਹੈ ਕਿ ਐਸੇ ਧੜੇਬਾਜ਼ ਲੋਕਾਂ ਤੋਂ ਸੁਚੇਤ ਰਿਹਾ ਜਾਵੇ ਤੇ ਕਿਸੇ ਵੀ ਤਰ੍ਹਾਂ ਦੀ ਧੜੇਬੰਦੀ ਤੋਂ ਬਚ ਕੇ ਨਿਰੋਲ ਧਾਰਮਕ ਤੇ ਪੰਥਕ ਸੋਚ ਦਾ ਧਾਰਨੀ ਬਣਿਆ ਜਾਵੇ।

ਦਸਤਖਤ : ਰਣਜੀਤ ਸਿੰਘ

***

## ਸਰਨਾ ਤੇ ਗੁਰਚਰਨ ਸਿੰਘ ਦੋਸ਼-ਮੁਕਤ ਕਰਾਰ

ਅੰਮ੍ਰਿਤਸਰ, 13 ਮਈ- (ਸਟਾਫ ਰਿਪੋਰਟਰ, ਵਿਸ਼ੇਸ਼ ਪ੍ਰਤੀਨਿਧ) ਦਿੱਲੀ ਦੰਗਿਆਂ ਦੇ ਕਥਿਤ ਦੋਸ਼ੀ ਐਚ. ਕੇ. ਐਲ. ਭਗਤ ਦੇ ਵਿਰੁੱਧ ਗਵਾਹੀ ਦੇਣ ਅਤੇ ਬਾਅਦ ਵਿਚ ਸ੍ਰੀ ਭਗਤ ਨੂੰ ਪਛਾਨਣ ਤੋਂ ਇਨਕਾਰ ਕਰਨ ਵਾਲੀ ਸਿੱਖ ਬੀਬੀ ਸਤਨਾਮੀ ਬਾਈ ਵਲੋਂ ਉਸ ਨੂੰ ਬਿਆਨ ਬਦਲਣ ਲਈ ਮਜਬੂਰ ਕਰਨ ਸਬੰਧੀ ਲਾਏ ਗਏ ਦੋਸ਼ਾਂ ਦੇ ਮਾਮਲੇ 'ਚੋਂ ਅੱਜ ਪੰਜ ਸਿੰਘ ਸਾਹਿਬਾਨ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੇਸ਼ ਹੋਏ ਸ. ਪਰਮਜੀਤ ਸਿੰਘ ਸਰਨਾ ਅਤੇ ਸ. ਗੁਰਚਰਨ ਸਿੰਘ, ਊਸ਼ਾ ਪਾਰਕ ਵਾਲੇ ਨੂੰ ਦੋਸ਼ ਮੁਕਤ ਕਰਾਰ ਦੇ ਦਿੱਤਾ।

ਅੱਜ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਨਵ-ਉਸਰੀ ਇਮਾਰਤ ਦੀ ਤੀਸਰੀ ਮੰਜ਼ਿਲ ਦੇ ਖੁੱਲ੍ਹੇ ਹਾਲ ਵਿਚ ਪੱਤਰਕਾਰਾਂ ਦੀ ਮੌਜੂਦਗੀ 'ਚ ਤਕਰੀਬਨ 5 ਘੰਟੇ ਤੱਕ ਚੱਲੀ ਸੁਣਵਾਈ ਦੀ ਕਾਰਵਾਈ ਉਪਰੰਤ ਭਾਈ ਰਣਜੀਤ ਸਿੰਘ ਨੇ ਪੰਜ ਸਾਹਿਬਾਨ ਦਾ ਲਿਖਤੀ ਫੈਸਲਾ ਪੜ੍ਹ ਕੇ ਸੁਣਾਇਆ। ਤ੍ਰਿਨ ਸਫਿਆਂ ਦਾ ਇਹ ਹੁਕਮਨਾਮਾ ਪੜ੍ਹਦਿਆਂ ਭਾਈ ਰਣਜੀਤ ਸਿੰਘ ਨੇ ਕਿਹਾ ਕਿ 'ਅੱਜ 13 ਮਈ, 1997 ਨੂੰ ਬੀਬੀ ਸਤਨਾਮੀ ਬਾਈ, ਜਿਸ ਨੇ ਸ. ਪਰਮਜੀਤ ਸਿੰਘ ਸਰਨਾ ਅਤੇ ਸ. ਗੁਰਚਰਨ ਸਿੰਘ ਊਸ਼ਾ ਪਾਰਕ ਖਿਲਾਫ, ਉਸ ਨੂੰ ਸ੍ਰੀ ਭਗਤ ਖਿਲਾਫ ਗਵਾਹੀ ਨਾ ਦੇਣ ਲਈ ਧਮਕਾਉਣ ਸਬੰਧੀ ਦੋਸ਼ ਲਾਏ ਸਨ, ਕੋਲੋਂ ਪੰਜ

ਸਿੰਘ ਸਾਹਿਬਾਨ ਨੇ ਕਾਫੀ ਲੰਮੀ ਪੁੱਛਗਿੱਛ ਕੀਤੀ, ਜਿਸ ਦੌਰਾਨ ਬੀਬੀ ਸਤਨਾਮੀ ਬਾਈ ਵੱਲੋਂ ਲਾਏ ਗਏ ਦੋਸ਼ਾਂ ਸਬੰਧੀ ਸ. ਪਰਮਜੀਤ ਸਿੰਘ ਸਰਨਾ ਅਤੇ ਸ. ਗੁਰਚਰਨ ਸਿੰਘ ਕੋਲੋਂ ਸਪੱਸ਼ਟੀਕਰਨ ਲਿਆ ਗਿਆ। ਸ. ਗੁਰਚਰਨ ਸਿੰਘ ਊਸ਼ਾ ਪਾਰਕ ਨੇ ਆਪਣੇ 'ਤੇ ਲਾਏ ਗਏ ਇਲਜ਼ਾਮਾਂ ਸਬੰਧੀ ਵੀਡੀਓ ਕੈਸੇਟ, ਰੇਲਵੇ ਟਿਕਟ ਅਤੇ ਰੇਲ ਰਾਂਹੀ ਸਫਰ ਕਰਨ ਵਾਲੇ ਵਿਭਾਗ ਤੋਂ ਸਰਟੀਫਿਕੇਟ ਲੈ ਕੇ ਤੇ ਹੋਰ ਸਬੂਤਾਂ ਦੇ ਆਧਾਰ 'ਤੇ 10 ਨਵੰਬਰ ਤੋਂ 16 ਨਵੰਬਰ ਤੱਕ ਦਿੱਲੀ ਵਿਚ ਮੌਜੂਦ ਨਾ ਹੋਣ ਅਤੇ ਇਨ੍ਹਾਂ ਦਿਨਾਂ ਵਿਚ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਗੁਰਗੱਦੀ ਸਮਾਰੋਹ ਵਿਖੇ ਮੌਜੂਦ ਹੋਣ ਦੇ ਪ੍ਰਮਾਣ ਦਿੱਤੇ। ਇਸੇ ਤਰ੍ਹਾਂ ਸ. ਪਰਮਜੀਤ ਸਿੰਘ ਸਰਨਾ, ਜੋ ਵਪਾਰ ਦੇ ਸਿਲਸਿਲੇ 'ਚ ਵਿਦੇਸ਼ ਗਏ ਹੋਏ ਸਨ, ਦੇ ਛੋਟੇ ਭਰਾ ਸ. ਹਰਵਿੰਦਰ ਸਿੰਘ ਸਰਨਾ ਨੇ ਪਾਸਪੋਰਟ ਦੀਆਂ ਨਕਲਾਂ ਅਤੇ ਹੋਰ ਕਾਗਜ਼ਾਤ ਅਤੇ ਵੀਡੀਓ ਕੈਸੇਟ ਦੇ ਅਧਾਰ 'ਤੇ ਆਪਣਾ ਪੱਖ ਪੇਸ਼ ਕੀਤਾ। ਇਨ੍ਹਾਂ ਸਪੱਸ਼ਟੀਕਰਨਾਂ ਉਪਰੰਤ ਸਿੰਘ ਸਾਹਿਬਾਨ ਨੇ ਫੈਸਲਾ ਲਿਆ ਕਿ ਉਪਰੋਕਤ ਦੋਨਾਂ ਗੁਰਸਿੱਖਾਂ ਉਪਰ ਲਾਏ ਗਏ ਇਲਜਾਮ ਪੂਰਨ ਤੌਰ 'ਤੇ ਨਿਰਅਧਾਰ ਅਤੇ ਝੂਠੇ ਹਨ ਅਤੇ ਇਨ੍ਹਾਂ ਇਲਜ਼ਾਮਾਂ ਦੇ ਪਿਛੋਕੜ ਨੂੰ ਸਤਨਾਮੀ ਬਾਈ ਦੇ ਬਿਆਨਾਂ ਦੀ ਰੋਸ਼ਨੀ ਵਿਚ ਵਿਚਾਰ ਕੇ ਇਹ ਮਹਿਸੂਸ ਕੀਤਾ ਗਿਆ ਕਿ ਇਹ ਇਲਜ਼ਾਮ ਆਪਸੀ ਧੜੇਬੰਦੀ ਕਾਰਨ ਸ. ਪਰਮਜੀਤ ਸਰਨਾ ਅਤੇ ਸ. ਗੁਰਚਰਨ ਸਿੰਘ ਨੂੰ ਸਿੱਖ ਸੰਗਤਾਂ 'ਚ ਬਦਨਾਮ ਕਰਨ ਲਈ ਲਾਏ ਗਏ ਹਨ। ਇਹ ਬੜਾ ਦੁੱਖਦਾਈ ਰੁਝਾਨ ਹੈ ਕਿ 22 ਅਪ੍ਰੈਲ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸ. ਅਵਤਾਰ ਸਿੰਘ ਹਿੱਤ ਅਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਹੁਦੇਦਾਰਾਂ ਅਤੇ ਮੈਂਬਰਾਂ ਸਬੰਧੀ ਸੁਣਾਏ ਗਏ ਫੈਸਲੇ ਉਪਰੰਤ ਅਜਿਹੀਆਂ ਮਨਮਤੀ ਕਾਰਵਾਈਆਂ ਰਾਹੀਂ ਸਿੱਖ ਸੰਗਤਾਂ 'ਚ ਦੁਬਿਧਾ ਪੈਦਾ ਕਰਨ ਦੇ ਸੁਚੇਤ ਯਤਨ ਕੀਤੇ ਜਾ ਰਹੇ ਹਨ। ਸਿੰਘ ਸਾਹਿਬਾਨ ਵਲੋਂ ਅੱਜ ਉਪਰੋਕਤ ਵਿਅਕਤੀਆਂ ਅਤੇ ਸਤਨਾਮੀ ਬਾਈ ਕੋਲੋਂ ਕੀਤੀ ਗਈ ਪੁੱਛ-ਪੜਤਾਲ ਉਪਰੰਤ ਸ. ਪਰਮਜੀਤ ਸਿੰਘ ਸਰਨਾ ਅਤੇ ਸ. ਗੁਰਚਰਨ ਸਿੰਘ ਨੂੰ ਪੂਰਨ ਤੌਰ 'ਤੇ ਦੋਸ਼ ਮੁਕਤ ਕੀਤਾ ਜ਼ਾਂਦਾ ਹੈ ਅਤੇ ਨਾਲ ਅਜਿਹੀਆਂ ਈਰਖਾਲੂ ਅਤੇ ਮਨਮਤੀ ਸਰਗਰਮੀਆਂ ਕਰਨ ਵਾਲਿਆਂ ਨੂੰ ਭਵਿੱਖ 'ਚ ਅਜਿਹੀ ਬਿਰਤੀ ਤਿਆਗਣ ਲਈ ਚਿਤਾਵਨੀ ਦਿੱਤੀ ਜਾਂਦੀ ਹੈ। ਇਸ ਦੇ ਨਾਲ ਹੀ ਸ. ਰਿਪੂਦਮਨ ਸਿੰਘ, ਜੋ ਆਪਣੇ ਆਪ ਨੂੰ ਦਿੱਲੀ ਗੁਰਦੁਆਰਾ ਪ੍ਰਬੰਧ ਸੁਧਾਰ ਕਮੇਟੀ ਦਾ ਪ੍ਰਧਾਨ ਅਖਵਾਉਂਦਾ ਹੈ ਅਤੇ ਜਿਸ ਨੇ ਬਿਨਾਂ ਸੋਚੇ ਸਮਝੇ ਤੇ ਪੜਤਾਲ ਕੀਤਿਆਂ ਉਪਰੋਕਤ ਨਿਰਦੋਸ਼ ਵਿਅਕਤੀਆਂ ਦੇ ਖਿਲਾਫ ਸ੍ਰੀ ਅਕਾਲ ਤਖ਼ਤ ਵਿਖੇ ਪੱਤਰ ਭੇਜ ਕੇ ਸਖਤ ਸਜ਼ਾਵਾਂ ਦੇਣ ਦੀ ਮੰਗ ਕੀਤੀ ਹੈ ਲਈ ਸਮੂਹ ਸਿੱਖ ਸੰਗਤਾਂ ਨੂੰ ਸਿੰਘ ਸਾਹਿਬਾਨ ਵਲੋਂ ਸੰਦੇਸ਼ ਹੈ ਕਿ ਅਜਿਹੇ ਧੜੇਬਾਜਾਂ ਤੋਂ ਸੁਚੇਤ ਰਿਹਾ ਜਾਵੇ।

ਸ. ਪਰਮਜੀਤ ਸਿੰਘ ਸਰਨਾ ਅਤੇ ਸ. ਗੁਰਚਰਨ ਸਿੰਘ ਨੂੰ ਦੋਸ਼ ਮੁਕਤ ਕਰਾਰ ਦੇਣ ਉਪਰੰਤ ਬੀਬੀ ਸਤਨਾਮੀ ਬਾਈ ਵਲੋਂ ਸਿੰਘ ਸਾਹਿਬਾਨ ਸਾਹਮਣੇ ਗਲਤ-ਬਿਆਨੀ ਕੀਤੇ ਜਾਣ ਕਾਰਨ ਉਸ ਦੇ ਖਿਲਾਫ ਕਾਰਵਾਈ ਕੀਤੇ ਜਾਣ ਬਾਰੇ ਪੁੱਛੇ ਜਾਣ 'ਤੇ ਸਿੰਘ ਸਾਹਿਬ ਭਾਈ ਰਣਜੀਤ ਸਿੰਘ ਨੇ ਕਿਹਾ ਕਿ ਸਿੰਘ ਸਾਹਿਬਾਨ ਅਕਾਲ ਪੁਰਖ ਅੱਗੇ ਅਰਦਾਸ ਕਰਨਗੇ ਕਿ ਸਤਨਾਮੀ ਬਾਈ ਅਜਿਹੀ ਬਿਆਨਬਾਜੀ ਬੰਦ ਕਰੇ ਅਤੇ ਅਕਾਲ ਪੁਰਖ ਉਸ ਨੂੰ ਅਜਿਹਾ ਕਰਨ ਦੀ ਸੁਮੱਤ ਬਖਸ਼ੇ। ਭਾਈ ਰਣਜੀਤ ਸਿੰਘ ਨੇ ਕਿਹਾ ਕਿ ਬੀਬੀ

ਵਾਰ-ਵਾਰ ਆਪਣਾ ਬਿਆਨ ਬਦਲ ਕੇ ਪਹਿਲਾਂ ਹੀ ਵਿਸ਼ਵਾਸਯੋਗਤਾ ਗੁਆ ਚੁੱਕੀ ਹੈ ਅਤੇ ਸਿੱਖ ਸੰਗਤਾਂ ਉਸਦੇ ਅਜਿਹੇ ਗੁੰਮਰਾਹਕੁੰਨ ਬਿਆਨਾਂ ਤੋਂ ਸੁਚੇਤ ਰਹਿਣ। ਸਿੰਘ ਸਾਹਿਬ ਨੇ ਕਿਹਾ ਕਿ ਸਤਨਾਮੀ ਬਾਈ ਦੇ ਬਿਆਨ ਦੀਆਂ ਅਖਬਾਰੀ-ਕਾਤਰਾਂ ਦੇ ਅਧਾਰ 'ਤੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਚਿੱਠੀ ਲਿੱਖ ਕੇ ਸਖ਼ਤ ਸਜਾਵਾਂ ਦੀ ਮੰਗ ਕਰਨ ਵਾਲੇ ਸ. ਰਿਪੁਦਮਨ ਸਿੰਘ ਨੇ ਵੀ ਆਪਣੀ ਗਲਤੀ ਮੰਨ ਕੇ ਮੁਆਫੀ ਮੰਗ ਲਈ ਹੈ।

ਇਸ ਤੋਂ ਪਹਿਲਾਂ ਅੱਜ ਬਾਅਦ ਦੁਪਹਿਰ 1 ਵਜੇ ਦੇ ਕਰੀਬ ਪੰਜ ਸਿੰਘ ਸਾਹਿਬਾਨ ਨੇ ਬੀਬੀ ਸਤਨਾਮੀ ਬਾਈ ਨੂੰ ਆਪਣਾ ਪੱਖ ਪੇਸ਼ ਕਰਨ ਲਈ ਬੁਲਾਇਆ ਅਤੇ ਪੱਤਰਕਾਰਾਂ ਦੀ ਮੌਜਦੂਗੀ ਵਿਚ ਸਤਨਾਮੀ ਬਾਈ ਨੇ ਸ. ਪਰਮਜੀਤ ਸਿੰਘ ਸਰਨਾ ਅਤੇ ਸਿੰਘ ਸਾਹਿਬ ਭਾਈ ਰਣਜੀਤ ਸਿੰਘ ਦੇ ਵੱਡੇ ਭਰਾ ਸ. ਗੁਰਚਰਨ ਸਿੰਘ ਊਸ਼ਾ ਪਾਰਕ 'ਤੇ ਲਗਾਇਆ ਦੋਸ਼ ਮੁੜ ਦੁਹਰਾਇਆ ਕਿ ਉਕਤ ਦੋਹਾਂ ਵਿਅਕਤੀਆਂ ਨੇ ਉਸ 'ਤੇ ਸ੍ਰੀ ਐਚ. ਕੇ. ਐਲ. ਭਗਤ ਦੇ ਖਿਲਾਫ ਗਵਾਹੀ ਦੇਣ ਤੋਂ ਮੁਕਰ ਜਾਣ ਲਈ ਦਬਾਅ ਪਾਇਆ ਸੀ। ਸਤਨਾਮੀ ਬਾਈ ਨੇ ਇਹ ਵੀ ਮੰਨਿਆ ਕਿ ਹੁਣ ਉਹ ਵਿਧਵਾ ਨਹੀਂ ਹੈ ਅਤੇ ਉਸਨੇ ਦੂਸਰਾ ਵਿਆਹ ਕਰਵਾ ਲਿਆ ਹੈ ਅਤੇ ਜਿਸ ਕਰਕੇ ਪਿਛਲੇ ਸਮੇਂ 'ਚ ਉਸ ਦੀ ਸ਼ਾਦੀ-ਸ਼ੁਦਾ ਲੜਕੀ ਬਬਲੀ ਕੌਰ ਨਾਲ ਵੀ ਉਸ ਦੀ ਅਣਬਣ ਰਹੀ ਸੀ। ਸਤਨਾਮੀ ਬਾਈ ਨੇ ਇਹ ਵੀ ਮੰਨਿਆ ਕਿ ਸਰਕਾਰ ਵਲੋਂ ਮਿਲਣ ਵਾਲੇ ਮੁਆਵਜੇ ਦੀ ਰਕਮ (ਤਕਰੀਬਨ ਸਾਢੇ ਤਿੰਨ ਲੱਖ ਰੁਪਏ) ਵੰਡਣ ਸਬੰਧੀ ਉਸ ਦਾ ਹੁਣ ਆਪਣੀ ਲੜਕੀ ਨਾਲ ਸਮਝੌਤਾ ਹੋ ਚੁੱਕਾ ਹੈ ਜਦਕਿ ਪਹਿਲਾਂ ਉਸਨੇ ਦਿੱਲੀ ਪੁਲਿਸ, ਦਿਲੀ ਦੇ ਰਾਜਪਾਲ ਅਤੇ ਕਈ ਹੋਰ ਉੱਚ ਅਧਿਕਾਰੀਆਂ ਨੂੰ ਮੰਗ ਪੱਤਰ ਲਿੱਖ ਕੇ ਕਿਹਾ ਸੀ ਕਿ ਕਿਉਂਕਿ ਉਸਦੀ ਮਾਂ ਸਤਨਾਮੀ ਬਾਈ ਨੇ ਬਾਬੂ ਸਿੰਘ ਨਾਮਕ ਇਕ ਹੋਰ ਵਿਅਕਤੀ ਨਾਲ ਦੂਸਰਾ ਵਿਆਹ ਕਰਵਾ ਲਿਆ ਹੈ, ਇਸ ਕਰਕੇ ਉਸ ਦੇ ਬਾਪ ਦੀ ਦਿੱਲੀ ਦੰਗਿਆਂ ਵਿਚ ਹੋਈ ਮੌਤ ਕਾਰਨ, ਮੁਆਵਜੇ ਦੀ ਰਕਮ ਉਸ (ਬਬਲੀ ਕੌਰ) ਨੂੰ ਦਿੱਤੀ ਜਾਵੇ। ਸਤਨਾਮੀ ਬਾਈ ਨੇ ਕਿਹਾ ਕਿ 13 ਨਵੰਬਰ ਨੂੰ ਕੜਕੜਡੂੰਮਾ ਅਦਾਲਤ ਵਿਚ ਆਖਰੀ ਤਰੀਕ ਭੁਗਤਣ ਵਾਸਤੇ ਜਾਣ ਸਮੇਂ ਰਸਤੇ 'ਚ ਸ. ਪਰਮਜੀਤ ਸਿੰਘ ਸਰਨਾ ਅਤੇ ਸ. ਗੁਰਚਰਨ ਸਿੰਘ ਨੇ ਉਸ ਨੂੰ ਧਮਕਾਇਆ। ਸਤਨਾਮੀ ਬਾਈ ਨੇ ਮੰਨਿਆ ਕਿ ਤਿਲਕ ਵਿਹਾਰ ਵਿਚਲੇ ਉਸਦੇ ਘਰ ਤੋਂ ਕੜਕੜਡੂੰਮਾ ਅਦਾਲਤ ਨੂੰ ਸਿੱਧਾ ਰਸਤਾ ਭਾਵੇਂ ਕੋਈ ਹੋਰ ਸੀ ਪਰ ਅਕਸਰ ਉਹ 11 ਮੂਰਤੀ ਲੇਨ ਵਾਲੇ ਰਸਤੇ ਰਾਹੀਂ ਹੀ ਆਉਂਦੀ ਜਾਂਦੀ ਸੀ।

ਸਤਨਾਮੀ ਬਾਈ ਦੇ ਇਸ ਬਿਆਨ ਉਪਰੰਤ ਸਿੰਘ ਸਾਹਿਬ ਨੇ ਉਸ ਵਲੋਂ 29 ਦਸੰਬਰ 1996 ਨੂੰ ਇਕ ਹਿੰਦੀ ਅਖਬਾਰ ਨੂੰ ਦਿੱਤੀ ਇੰਟਰਵਿਊ ਦਾ ਹਵਾਲਾ ਦਿੱਤਾ, ਜਿਸ ਵਿਚ ਸਤਨਾਮੀ ਬਾਈ ਨੇ ਕਿਹਾ ਸੀ ਕਿ 13 ਨਵੰਬਰ ਨੂੰ ਗਵਾਹੀ ਦੇਣ ਸਮੇਂ ਸ਼ੱਕਰਪੁਰ ਰੋਡ 'ਤੇ ਭਗਤ ਦੇ ਬੰਦਿਆਂ ਨੇ ਉਸ ਨੂੰ ਘੇਰ ਕੇ ਧਮਕੀਆਂ ਦਿੱਤੀਆਂ। ਉਕਤ ਹਵਾਲੇ ਦੇ ਸਬੰਧ ਵਿਚ ਸਿੰਘ ਸਾਹਿਬ ਵਲੋਂ ਪੁੱਛੇ ਗਏ ਸਵਾਲ ਕਿ ਦੋਹਾਂ ਬਿਆਨਾਂ ਵਿਚੋਂ ਸਹੀ ਕਿਹੜਾ ਹੈ, ਦੇ ਜਵਾਬ ਵਿਚ ਸਤਨਾਮੀ ਬਾਈ ਕੋਈ ਸਪਸ਼ਟ ਉੱਤਰ ਨਾ ਦੇ ਸਕੀ। ਸਿੰਘ ਸਾਹਿਬ ਨੇ ਕਿਹਾ ਕਿ 11 ਮੂਰਤੀ ਲੇਨ ਅਤੇ ਸ਼ੱਕਰਪੁਰ ਰੋਡ ਵਿਚ ਕਈ ਕਿਲੋਮੀਟਰਾਂ ਦਾ ਫਰਕ ਹੈ ਅਤੇ ਦੋਹਾਂ ਬਿਆਨਾਂ ਵਿਚ ਧਮਕੀਆਂ ਦਿੱਤੇ ਜਾਣ ਵਾਲੀ ਜਗ੍ਹਾ ਦਾ ਏਡਾ ਵੱਡਾ ਭੁਲੇਖਾ ਕਿਵੇਂ ਪੈ ਸਕਦਾ ਹੈ? ਭਾਈ ਰਣਜੀਤ ਸਿੰਘ ਨੇ ਸਤਨਾਮੀ ਬਾਈ ਨੂੰ ਉਸ ਵਲੋਂ 20 ਨਵੰਬਰ ਨੂੰ

ਅੰਗਰੇਜ਼ੀ ਦੀ ਇਕ ਅਖਬਾਰ ਦੀ ਰਿਪੋਰਟਰ ਤਰਿਪਤੀ ਨਾਥ ਨੂੰ ਦਿੱਤੀ ਗਈ ਇੰਟਰਵਿਊ ਦਾ ਹਵਾਲਾ ਵੀ ਦਿੱਤਾ, ਜਿਸ ਵਿਚ ਸਤਨਾਮੀ ਬਾਈ ਨੇ ਕਿਹਾ ਸੀ ਕਿ 12 ਨਵੰਬਰ ਨੂੰ ਗਵਾਹੀ ਦੇਣ ਤੋਂ ਇਕ ਦਿਨ ਪਹਿਲਾਂ ਆਤਮਾ ਸਿੰਘ ਲੁਬਾਣਾ ਅਤੇ ਮਿੰਟੂ ਸਿੰਘ ਨਾਮਕ ਵਿਅਕਤੀ ਉਸ ਨੂੰ ਸ੍ਰੀ ਭਗਤ ਦੇ ਵਕੀਲ ਕੋਲ ਲੈ ਗਏ, ਜਿਥੇ ਉਸ ਕੋਲੋਂ ਕੋਰੇ ਕਾਗਜ਼ਾਂ 'ਤੇ ਦਸਤਖਤ ਕਰਵਾਏ ਗਏ। ਇਸ ਤੋਂ ਬਾਅਦ ਅਗਲੇ ਦਿਨ 13 ਨਵੰਬਰ ਨੂੰ ਤਰੀਕ ਭੁਗਤਣ ਜਾਣ ਵੇਲੇ ਮਿੰਟੂ ਸਿੰਘ (ਜੋ ਕਿ ਭਗਤ ਦੇ ਲੜਕੇ ਦੀਪਕ ਦਾ ਗੂੜ੍ਹਾ ਦੋਸਤ ਹੈ) ਅਤੇ ਠਾਕਰੀ ਬਾਈ (ਇਕ ਹੋਰ ਵਿਧਵਾ ਬੀਬੀ) ਵੀ ਮੇਰੇ ਨਾਲ ਗਏ ਅਤੇ ਰਸਤੇ 'ਚ ਦੋਹਾਂ ਨੇ ਧਮਕੀਆਂ ਦਿੱਤੀਆਂ ਕਿ ਜੇਕਰ ਉਸ ਨੇ ਸ੍ਰੀ ਭਗਤ ਨੂੰ ਪਛਾਨਣ ਤੋਂ ਇਨਕਾਰ ਨਾ ਕੀਤਾ ਤਾਂ ਉਸ ਨੂੰ ਖਤਮ ਕਰ ਦਿੱਤਾ ਜਾਵੇਗਾ।

ਸਿੰਘ ਸਾਹਿਬ ਵਲੋਂ ਦਿੱਤੇ ਉਕਤ ਹਵਾਲੇ ਦੇ ਉੱਤਰ ਵਿਚ ਇਸ ਇੰਟਰਵਿਊ ਤੋਂ ਸਾਫ ਮੁਕਰਦਿਆਂ ਸਤਨਾਮੀ ਬਾਈ ਨੇ ਕਿਹਾ ਕਿ ਇਹ ਬਿਆਨ ਅਖਬਾਰ ਦੀ ਰਿਪੋਰਟਰ ਨੂੰ ਉਸ ਕੋਲੋਂ ਚਮਤੀ ਬਾਈ (ਸਤਨਾਮੀ ਬਾਈ ਦੇ ਮ੍ਰਿਤਕ ਪਤੀ ਦੀ ਭੈਣ) ਨੇ ਜਬਰੀ ਆਪਣੇ ਘਰ ਵਿਚ ਬੰਦ ਰੱਖ ਕੇ ਦਿਵਾਏ ਸਨ।

ਸਤਨਾਮੀ ਬਾਈ ਵਲੋਂ ਵਾਰ ਵਾਰ ਬਿਆਨ ਬਦਲੇ ਜਾਣ ਤੋਂ ਬਾਅਦ ਪੰਜ ਸਿੰਘ ਸਾਹਿਬਾਨ ਨੇ ਸ. ਪਰਮਜੀਤ ਸਿੰਘ ਸਰਨਾ, ਜੋ ਵਪਾਰ ਦੇ ਸਬੰਧ ਵਿਚ ਵਿਦੇਸ਼ ਗਏ ਹਨ, ਦੇ ਛੋਟੇ ਭਰਾ ਸ. ਹਰਵਿੰਦਰ ਸਿੰਘ ਨੂੰ ਬੁਲਾਇਆ, ਜਿਸ ਨੇ ਕਿਹਾ ਕਿ ਅਸਲ ਵਿਚ ਸਤਨਾਮੀ ਬਾਈ ਨੇ ਮਿੰਟੂ ਸਿੰਘ ਦਲਾਲ ਰਾਹੀਂ ਸ੍ਰੀ ਭਗਤ ਕੋਲੋਂ ਮੋਟੀ ਰਕਮ ਲੈ ਕੇ ਬਿਆਨ ਬਦਲੇ ਹਨ ਅਤੇ ਹੁਣ ਵੀ ਉਹ ਸ. ਅਵਤਾਰ ਸਿੰਘ ਹਿਤ ਅਤੇ ਆਤਮਾ ਸਿੰਘ ਲੁਬਾਣਾ ਦੇ ਹੱਥਾਂ 'ਚ ਖੇਡ ਕੇ ਦੂਸਰਿਆਂ 'ਤੇ ਇਲਜ਼ਾਮ ਲਾ ਰਹੀ ਹੈ। ਸਿੰਘ ਸਾਹਿਬ ਭਾਈ ਰਣਜੀਤ ਸਿੰਘ ਦੇ ਵੱਡੇ ਭਰਾ ਸ. ਗੁਰਚਰਨ ਸਿੰਘ ਨੇ ਆਪਣੀ ਸਫਾਈ ਵਿਚ ਕਿਹਾ ਕਿ ਇਕ ਤਾਂ ਉਹ 10 ਨਵੰਬਰ ਤੋਂ 16 ਨਵੰਬਰ ਤੱਕ ਸ੍ਰੀ ਹਜ਼ੂਰ ਸਾਹਿਬ ਵਿਖੇ ਸੀ, ਦੂਸਰਾ ਉਸ ਦੇ ਕੋਲ ਮੋਬਾਈਲ ਫੋਨ ਹੀ ਨਹੀਂ ਹੈ। 12 ਅਤੇ 13 ਨਵੰਬਰ, 1996 ਦੀਆਂ ਦੋਨੋ ਰਾਤਾਂ ਨੂੰ ਹੋਏ ਸਮਾਰੋਹਾਂ ਵਿਚ ਬੈਠੇ ਤੇ ਸਨਮਾਨਿਤ ਹੁੰਦੇ ਦਿਖਾਈ ਦੇ ਰਹੇ ਸ. ਗੁਰਚਰਨ ਸਿੰਘ ਨੇ ਸਮਾਰੋਹਾਂ ਦੀਆਂ ਤਸਵੀਰਾਂ ਵੀ ਪੱਤਰਕਾਰਾਂ ਤੇ ਸਿੰਘ ਸਾਹਿਬਾਨ ਨੂੰ ਦਿਖਾਈਆਂ।

ਸਤਨਾਮੀ ਬਾਈ ਦੇ ਮਾਮਲੇ ਦੀ ਸੁਣਵਾਈ ਦੇ ਤਕਰੀਬਨ 5 ਘੰਟੇ ਲੰਮੇ ਚਲੇ ਡਰਾਮੇ ਦਾ ਡਰਾਪਸੀਨ ਉਸ ਵਕਤ ਹੋਇਆ ਜਦੋਂ ਸ. ਪਰਮਜੀਤ ਸਿੰਘ ਸਰਨਾ ਦੇ ਛੋਟੇ ਭਰਾ ਸ. ਹਰਵਿੰਦਰ ਸਿੰਘ ਸਰਨਾ ਨੇ ਸਿੰਘ ਸਾਹਿਬਾਨ ਸਾਹਮਣੇ ਉਹ ਵੀਡੀਓ ਕੈਸੇਟ ਪੇਸ਼ ਕਰ ਦਿੱਤੀ ਜਿਸ ਵਿਚ ਸਤਨਾਮੀ ਬਾਈ ਨੂੰ ਆਪਣੇ ਵਕੀਲ ਕੋਲ ਉਹ ਬਿਆਨ ਕਲਮਬੰਦ ਕਰਵਾਉਂਦੀ ਦਿਖਾਇਆ ਗਿਆ ਸੀ, ਜਿਸ ਵਿਚ ਸਤਨਾਮੀ ਬਾਈ ਨੇ ਦਸਿਆ ਕਿ ਕਿਵੇਂ 12 ਅਤੇ 13 ਨਵੰਬਰ ਨੂੰ ਆਤਮਾ ਸਿੰਘ ਲੁਬਾਣਾ, ਮਿੰਟੂ ਸਿੰਘ ਅਤੇ ਠਾਕਰੀ ਬਾਈ ਉਸ 'ਤੇ ਸ੍ਰੀ ਭਗਤ ਦੀ ਪਛਾਣ ਕਰਨ ਤੋਂ ਇਨਕਾਰ ਕਰ ਦੇਣ ਸਬੰਧੀ ਦਬਾਅ ਪਾਉਂਦੇ ਰਹੇ। ਸਤਨਾਮੀ ਬਾਈ ਦੇ ਵਕੀਲ ਦੇ ਕੈਬਿਨ ਵਿਚ ਫਿਲਮਾਈ ਗਈ ਇਸ ਵੀਡੀਓ ਫਿਲਮ ਵਿਚ ਅੰਗਰੇਜ਼ੀ ਅਖਬਾਰ ਦੀ ਰਿਪੋਰਟਰ ਤਰਿਪਤੀ ਨਾਥ ਵੀ ਬੈਠੀ ਦਿਖਾਈ ਦੇ ਰਹੀ ਹੈ।

ਵੀਡੀਓ ਫਿਲਮ ਵਿਚ ਸਤਨਾਮੀ ਬਾਈ ਨੇ ਦਸਿਆ ਕਿ 12 ਨਵੰਬਰ ਨੂੰ ਠਾਕਰੀ

ਬਾਈ ਉਸ ਨੂੰ ਇਹ ਕਹਿ ਕੇ ਮਿੰਟੂ ਸਿੰਘ ਦੇ ਘਰ ਲੈ ਗਈ ਸੀ ਕਿ ਆਤਮਾ ਸਿੰਘ ਓਥੇ ਬੈਠਾ ਉਡੀਕ ਰਿਹਾ ਹੈ। ਉਸ ਦਿਨ ਆਤਮਾ ਸਿੰਘ ਨੇ ਉਸ ਕੋਲੋਂ ਕੋਰੇ ਕਾਗਜ਼ਾਂ 'ਤੇ ਦਸਤਖਤ ਕਰਵਾਏ। ਅਗਲੇ ਦਿਨ ਉਹ ਮਿਥੇ ਸਮੇਂ ਮੁਤਾਬਕ ਸਵੇਰੇ 7 ਵਜੇ ਘਰੋਂ ਨਿਕਲੀ ਅਤੇ ਆਤਮਾ ਸਿੰਘ ਦੀ ਕਾਲੇ ਸ਼ੀਸ਼ਿਆਂ ਵਾਲੀ ਕਾਰ, ਜਿਸਨੂੰ ਉਹ ਖੁਦ ਚਲਾ ਰਿਹਾ ਸੀ, ਵਿਚ ਮਿੰਟੂ ਸਿੰਘ, ਠਾਕਰੀ ਬਾਈ ਤੇ ਦਰਸ਼ਨੀ (ਦਰਸ਼ਨ ਕੌਰ ਜਿਸ ਉਪਰ ਹਮਲਾ ਕਰਨ ਦਾ ਮਾਮਲਾ ਕੁਝ ਦਿਨ ਪਹਿਲਾਂ ਤੱਕ ਚਰਚਿਤ ਰਿਹਾ ਸੀ) ਸਮੇਤ ਸਵੇਰੇ 8 ਵਜੇ ਸ੍ਰੀ ਭਗਤ ਦੇ ਵਕੀਲ ਦੇ ਘਰ ਗਈ। ਓਥੇ ਫਿਰ ਉਸ ਕੋਲੋਂ ਉਕਤ ਦੋਹਾਂ ਵਿਅਕਤੀਆਂ ਨੇ ਧਮਕਾ ਕੇ ਕੋਰੇ ਕਾਗਜਾਂ 'ਤੇ ਦਸਤਖਤ ਕਰਵਾਏ। ਇਸ ਤੋਂ ਬਾਅਦ ਅਦਾਲਤ ਨੇ ਉਸ ਨੂੰ ਪੁਛਿਆ ਕਿ ਜਦੋਂ ਉਸ ਦੇ ਪਤੀ ਦਾ ਕਤਲ ਹੋਇਆ ਤਾਂ 'ਐਮ. ਪੀ.' ਓਥੇ ਆਇਆ ਸੀ। ਸਤਨਾਮੀ ਬਾਈ ਨੇ ਵੀਡੀਓ ਫਿਲਮ ਵਿਚ ਕਿਹਾ ਕਿ ਕਿਉਂਕਿ ਉਸਨੂੰ ਪਤਾ ਨਹੀਂ ਸੀ ਕਿ ਐਮ. ਪੀ. ਕੀ ਹੁੰਦਾ ਹੈ ਇਸ ਕਰਕੇ ਉਸਨੇ ਕਹਿ ਦਿੱਤਾ ਕਿ ਨਹੀਂ ਜੇਕਰ ਉਸਨੂੰ ਪਤਾ ਹੁੰਦਾ ਕਿ ਅਦਾਲਤ ਉਸ ਕੋਲੋਂ ਸ੍ਰੀ ਭਗਤ ਬਾਰੇ ਪੁੱਛ ਰਹੀ ਹੈ ਤਾਂ ਉਹ ਤੁਰੰਤ ਹਾਂ ਕਰ ਦੇਂਦੀ, ਕਿਉਂਕਿ ਉਹ ਉਸ ਆਦਮੀ (ਭਗਤ) ਨੂੰ ਕਿਵੇਂ ਭੁੱਲ ਸਕਦੀ ਹੈ, ਜਿਸ ਕਾਰਨ ਉਸ ਦੀ ਦੁਨੀਆਂ ਉੱਜੜ ਗਈ ਹੈ।

ਅੱਜ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸਥਿਤੀ ਉਸ ਵਕਤ ਕਾਫੀ ਤਣਾਅਪੂਰਨ ਹੋ ਗਈ ਜਦੋਂ ਸਤਨਾਮੀ ਬਾਈ ਆਪਣੇ ਬਿਆਨਾ ਵਾਲੀ ਵੀਡੀਓ ਫਿਲਮ ਵੇਖਣ ਉਪਰੰਤ ਫਿਰ ਮੁਕਰ ਗਈ ਕਿ ਇਹ ਬਿਆਨ ਵੀ ਉਸ ਕੋਲੋਂ ਧਮਕਾ ਕੇ ਲਏ ਗਏ ਹਨ। ਪੱਤਰਕਾਰਾਂ ਵਲੋਂ ਸਤਨਾਮੀ ਬਾਈ ਦੁਆਰਾ ਵਾਰ-ਵਾਰ ਬਿਆਨ ਬਦਲਣ ਕਾਰਨ ਉਸ ਦੇ ਖਿਲਾਫ ਕਾਰਵਾਈ ਕੀਤੇ ਜਾਣ ਦੀ ਸੰਭਾਵਨਾਂ ਬਾਰੇ ਪੁੱਛੇ ਜਾਣ 'ਤੇ ਭਾਈ ਰਣਜੀਤ ਸਿੰਘ ਨੇ ਕਿਹਾ ਕਿ ਇਸ ਵਾਰ ਕਿਉਂਕਿ ਉਨ੍ਹਾਂ ਦੇ ਭਰਾ ਗੁਰਚਰਨ ਸਿੰਘ ਉੱਪਰ ਵੀ ਇਲਜਾਮ ਲਾਇਆ ਗਿਆ ਸੀ, ਸੋ, ਐਤਕੀਂ ਉਹ ਸਤਨਾਮੀ ਬਾਈ ਦੇ ਖਿਲਾਫ ਕੋਈ ਸਖਤ ਕਦਮ ਨਹੀਂ ਚੁੱਕ ਰਹੇ ਅਤੇ ਸਤਨਾਮੀ ਬਾਈ ਨੂੰ ਸੁਮੱਤ ਬਖਸ਼ੇ ਜਾਣ ਲਈ ਉਹ ਸਿਰਫ ਅਕਾਲ ਪੁਰਖ ਸਾਹਮਣੇ ਅਰਦਾਸ ਹੀ ਕਰਨਗੇ।

***(ਰੋਜ਼ਾਨਾ 'ਅਜੀਤ', 14 ਮਈ 1997)***

***

## ਸਰਨਾ ਦੇ ਵਿਦੇਸ਼ ਜਾਣ ਦਾ ਮਾਮਲਾ
## ਕੀ ਸਿੰਘ ਸਾਹਿਬ ਨੂੰ ਗੁੰਮਰਾਹ ਕੀਤਾ ਗਿਆ ਹੈ?

ਨਵੀਂ ਦਿੱਲੀ, 16 ਮਈ-(ਸਟਾਫ ਰਿਪੋਰਟਰ)-ਕੀ ਸਤਨਾਮੀ ਬਾਈ ਦੇ ਮਾਮਲੇ 'ਤੇ ਸ: ਹਰਵਿੰਦਰ ਸਿੰਘ ਸਰਨਾ ਨੇ ਆਪਣੇ ਭਰਾ ਸ: ਪਰਮਜੀਤ ਸਿੰਘ ਸਰਨਾ ਸਾਬਕਾ ਪ੍ਰਧਾਨ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨਵੰਬਰ ਵਿਚ ਵਿਦੇਸ਼ ਹੋਣ ਬਾਰੇ ਕਥਿਤ ਦਸਤਾਵੇਜ਼ ਪੇਸ਼ ਕਰਕੇ ਸਿੰਘ ਸਾਹਿਬਾਨ ਨੂੰ ਗੁੰਮਰਾਹ ਕੀਤਾ ਹੈ? ਇਹ ਸੁਆਲ ਉਸ ਸਮੇਂ ਪੈਦਾ ਹੋਇਆ, ਜਦੋਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸੂਤਰਾਂ ਅਤੇ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਵਸੰਤ ਵਿਹਾਰ ਦੇ ਸਟਾਫ ਦੇ ਕੁਝ ਮੈਂਬਰਾਂ ਨੇ ਦੈਨਿਕ ਰਾਸ਼ਟਰੀ

ਸਹਾਰਾ (14 ਨਵੰਬਰ, 1996), ਇੰਡੀਅਨ ਐਕਸਪ੍ਰੈਸ (16 ਨਵੰਬਰ), ਰੋਜ਼ਾਨਾ 'ਅਜੀਤ' (16 ਨਵੰਬਰ) ਅਤੇ ਜਨਸੱਤਾ (17 ਅਤੇ 18 ਨਵੰਬਰ) ਵਿਚ ਛਪੀਆਂ ਕੁਝ ਖਬਰਾਂ ਦੀਆਂ ਫੋਟੋ ਕਾਪੀਆਂ ਪੱਤਰਕਾਰਾਂ ਦੇ ਸਾਹਮਣੇ ਪੇਸ਼ ਕਰਦਿਆਂ ਹੋਇਆਂ ਦਾਅਵਾ ਕੀਤਾ ਕਿ ਸ: ਪਰਮਜੀਤ ਸਿੰਘ ਸਰਨਾ 13 ਨਵੰਬਰ, 1996 ਅਤੇ ਉਸ ਤੋਂ ਪਹਿਲਾਂ ਤੇ ਬਾਅਦ ਦਿੱਲੀ ਵਿਚ ਹੀ ਮੌਜੂਦ ਸਨ। ਜਦ ਕਿ ਸ: ਹਰਵਿੰਦਰ ਸਿੰਘ ਸਰਨਾ ਨੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਪੰਜ ਪਿਆਰਿਆਂ ਦੇ ਸਾਹਮਣੇ ਕੁਝ ਦਸਤਾਵੇਜ਼ ਪੇਸ਼ ਕਰਕੇ ਇਹ ਦੱਸਿਆ ਸੀ ਕਿ ਸ: ਸਰਨਾ ਉਨ੍ਹਾਂ ਦਿਨਾਂ ਵਿਚ ਵਿਦੇਸ਼ ਗਏ ਹੋਏ ਸਨ।

ਉਪਰੋਕਤ ਅਖਬਾਰਾਂ ਵਿਚ ਛਪੀਆਂ ਖਬਰਾਂ ਅਨੁਸਾਰ ਉਨ੍ਹਾਂ ਦਿਨਾਂ ਵਿਚ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ: ਮਹਿੰਦਰ ਸਿੰਘ ਮਠਾਰੂ ਨੇ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਵਸੰਤ ਵਿਹਾਰ ਦੇ ਪ੍ਰਿੰਸੀਪਲ ਸ: ਇੰਦਰਜੀਤ ਸਿੰਘ ਨਾਰੰਗ ਦਾ ਤਬਾਦਲਾ ਸਕੂਲ ਦੀ ਇੰਡੀਆ ਗੇਟ ਸ਼ਾਖਾ ਵਿਚ ਕਰ ਦਿੱਤਾ ਸੀ, ਜਿਸ ਦਾ ਪ੍ਰਿੰਸੀਪਲ ਨਾਰੰਗ, ਸਕੂਲ ਦੇ ਸਟਾਫ ਦੇ ਮੈਂਬਰਾਂ ਅਤੇ ਗੁਰਦੁਆਰਾ ਕਮੇਟੀ ਵਿਚਲੇ ਸਰਨਾ ਗੁੱਟ ਨੇ ਤਿੱਖਾ ਵਿਰੋਧ ਕੀਤਾ ਸੀ। ਇਸ ਸਬੰਧ ਵਿਚ ਜੋ ਧਰਨੇ ਦਿੱਤੇ ਗਏ ਅਤੇ ਮੁਜ਼ਾਹਰੇ ਕੀਤੇ ਗਏ ਉਨ੍ਹਾਂ ਵਿਚੋਂ ਕਈਆਂ ਦੀ ਅਗਵਾਈ ਸ: ਪਰਮਜੀਤ ਸਿੰਘ ਸਰਨਾ ਨੇ ਕੀਤੀ ਸੀ ਅਤੇ ਉਨ੍ਹਾਂ ਨੇ ਪ੍ਰਿੰਸੀਪਲ ਨਾਰੰਗ ਦੇ ਹੱਕ ਵਿਚ ਕੁਝ ਬਿਆਨ ਵੀ ਜਾਰੀ ਕੀਤੇ ਸਨ।

ਇਹ ਦਾਅਵਾ ਵੀ ਕੀਤਾ ਗਿਆ ਹੈ ਕਿ 17 ਨਵੰਬਰ, 1996 ਨੂੰ ਸਿੰਘ ਸਾਹਿਬ ਭਾਈ ਰਣਜੀਤ ਸਿੰਘ ਦੇ ਸਨਮਾਨ ਵਿਚ ਯੂਥ ਕਾਂਗਰਸ ਦੇ ਸਾਬਕਾ ਜਾਇੰਟ ਸਕੱਤਰ ਅਤੇ ਸਾਬਕਾ ਕੇਂਦਰੀ ਮੰਤਰੀ ਸ: ਬੂਟਾ ਸਿੰਘ ਦੇ ਨਜ਼ਦੀਕੀ ਸ: ਤਰਵਿੰਦਰ ਸਿੰਘ ਮਰਵਾਹ ਨੇ ਗੁਰਦੁਆਰਾ ਬਾਲਾ ਸਾਹਿਬ ਵਿਖੇ ਜੋ ਸਮਾਗਮ ਕੀਤਾ ਸੀ, ਉਸ ਵਿਚ ਸ: ਪਰਮਜੀਤ ਸਿੰਘ ਸਰਨਾ ਨੇ ਵੀ ਨਾ ਕੇਵਲ ਸਿੰਘ ਸਾਹਿਬ ਦਾ ਸਨਮਾਨ ਕੀਤਾ, ਸਗੋਂ ਭਾਸ਼ਨ ਵੀ ਦਿੱਤਾ ਸੀ।

ਦਿੱਲੀ ਗੁਰਦੁਆਰਾ ਕਮੇਟੀ ਦੇ ਇਕ ਮੈਂਬਰ ਅਤੇ ਅਕਾਲੀ ਆਗੂ ਸ: ਹਰਮਨਜੀਤ ਸਿੰਘ ਨੇ ਇਸ ਸਬੰਧ ਵਿਚ ਟਿੱਪਣੀ ਕਰਦਿਆਂ ਹੋਇਆਂ ਆਖਿਆ ਕਿ ਜਿਸ ਤਰ੍ਹਾਂ ਸ: ਪਰਮਜੀਤ ਸਿੰਘ ਸਰਨਾ ਦੇ ਵਿਦੇਸ਼ ਹੋਣ ਸਬੰਧੀ ਕਥਿਤ ਦਸਤਾਵੇਜ਼ ਪੇਸ਼ ਕਰਕੇ ਸਿੰਘ ਸਾਹਿਬਾਨ ਨੂੰ 'ਗੁੰਮਰਾਹ' ਕੀਤਾ ਗਿਆ ਹੈ, ਉਸ ਤੋਂ ਸ਼ੰਕਾ ਪੈਦਾ ਹੁੰਦੀ ਹੈ ਕਿ ਕਥਿਤ ਰੂਪ ਵਿਚ ਕਿਸੇ ਵਕੀਲ ਦੇ ਚੈਂਬਰ ਵਿਚ ਸਤਨਾਮੀ ਬਾਈ ਦੇ ਬਿਆਨ ਦੀ ਰਿਕਾਰਡ ਕੀਤੀ ਜੋ ਕੈਸੇਟ ਸਿੰਘ ਸਾਹਿਬਾਨ ਨੂੰ ਵਿਖਾਈ ਗਈ ਹੈ, ਉਹ ਵੀ ਇਸ ਤਰ੍ਹਾਂ 'ਸੰਪਾਦਤ' ਕੀਤੀ ਗਈ ਹੋਵੇਗੀ, ਜਿਸ ਨਾਲ ਸ: ਪਰਮਜੀਤ ਸਿੰਘ ਸਰਨਾ ਬਾਰੇ ਸਤਨਾਮੀ ਬਾਈ ਵੱਲੋਂ ਆਖੀਆਂ ਗਈਆਂ ਗੱਲਾਂ ਨਾ ਆ ਸਕਣ। ਆਪਣੀ ਇਸ ਸ਼ੰਕਾ ਦਾ ਕਾਰਨ ਸ: ਹਰਮਨਜੀਤ ਸਿੰਘ ਨੇ ਇਹ ਦੱਸਿਆ ਕਿ ਜਿਨ੍ਹਾਂ ਦਿਨਾਂ ਵਿਚ ਸਤਨਾਮੀ ਬਾਈ ਨੇ ਸ੍ਰੀ ਹਰਕਿਸ਼ਨ ਲਾਲ ਭਗਤ ਨੂੰ ਪਛਾਨਣ ਤੋਂ ਇਨਕਾਰ ਕੀਤਾ ਸੀ, ਉਸ ਸਮੇਂ ਸ: ਆਤਮਾ ਸਿੰਘ ਸ: ਸਰਨਾ ਦੇ ਗੁੱਟ ਨਾਲ ਸਬੰਧਤ ਸਨ ਤੇ ਸ: ਸਰਨਾ ਦੇ ਸਹਿਯੋਗ ਨਾਲ ਹੀ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਸ: ਮਹਿੰਦਰ ਸਿੰਘ ਮਠਾਰੂ ਦੇ ਨਿਵਾਸ ਦੇ ਬਾਹਰ ਉਨ੍ਹਾਂ ਵਿਰੁੱਧ ਮੁਜ਼ਾਹਰੇ ਕਰਦੇ ਤੇ ਉਨ੍ਹਾਂ ਦੇ ਪੁਤਲੇ ਸਾੜਦੇ ਰਹੇ ਸਨ।

ਸਥਾਨਕ ਅਕਾਲੀਆਂ ਦੇ ਇਕ ਗੁੱਟ ਦੇ ਗੁਰਦੁਆਰਾ ਕਮੇਟੀ ਦੇ ਇਕ ਮੈਂਬਰ ਨੇ

ਆਖਿਆ ਕਿ ਸਤਨਾਮੀ ਬਾਈ ਦਾ ਜੋ ਬਿਆਨ ਅਖਬਾਰਾਂ ਵਿਚ ਛਪਿਆ ਸੀ, ਉਸ ਵਿਚ ਉਸ ਨੇ ਇਹ ਨਹੀਂ ਸੀ ਆਖਿਆ ਕਿ ਸ: ਸਰਨਾ ਗੁਰਦੁਆਰਾ ਕਮੇਟੀ ਤੋਂ ਮਦਦ ਦੁਆਉਂਦੇ ਸਨ, ਸਗੋਂ ਉਸ ਨੇ ਇਹ ਆਖਿਆ ਸੀ ਕਿ ਉਹ ਆਪਣੇ ਪਾਸੋਂ ਇਕ ਹਜ਼ਾਰ ਰੁਪਿਆ ਮਹੀਨਾ ਦਿੰਦੇ ਸਨ, ਜੋ ਅੱਠ ਨੌਂ ਮਹੀਨੇ ਦੇਣ ਤੋਂ ਬਾਅਦ ਬੰਦ ਕਰ ਦਿੱਤਾ। ਇਸ ਮੈਂਬਰ ਅਨੁਸਾਰ ਗੁਰਦੁਆਰਾ ਕਮੇਟੀ ਦੇ ਕਈ ਮੈਂਬਰ ਅੱਜ ਵੀ ਸ: ਪਰਮਜੀਤ ਸਿੰਘ ਸਰਨਾ ਨੂੰ ਪ੍ਰਧਾਨ ਸਾਹਿਬ ਆਖ ਕੇ ਬੁਲਾਉਂਦੇ ਹਨ। ਜੇ ਸਤਨਾਮੀ ਬਾਈ ਨੇ ਉਨ੍ਹਾਂ ਨੂੰ ਪ੍ਰਧਾਨਗੀ ਤੋਂ ਹਟ ਜਾਣ ਤੋਂ ਬਾਅਦ ਵੀ ਪ੍ਰਧਾਨ ਆਖਿਆ ਤਾਂ ਇਸ ਵਿਚ ਕੋਈ ਹੈਰਾਨੀ ਵਾਲੀ ਗੱਲ ਨਹੀਂ।

***(ਰੋਜ਼ਾਨਾ 'ਅਜੀਤ' 17 ਮਈ 1997)***

***

## ਸ. ਹਰਮਨਜੀਤ ਸਿੰਘ ਦੀ ਸ਼ਿਕਾਇਤ

ਪਰਮ ਸਤਿਕਾਰਯੋਗ ਸਿੰਘ ਸਾਹਿਬ ਜਥੇਦਾਰ ਰਣਜੀਤ ਸਿੰਘ ਜੀ,

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਹਿ॥

ਦਾਸ ਆਪ ਜੀ ਦੇ ਚਰਨਾਂ ਵਿਚ ਮਿਤੀ 13 ਮਈ 1997 ਨੂੰ ਸ: ਪਰਮਜੀਤ ਸਿੰਘ ਸਬੰਧੀ ਸਪੱਸ਼ਟੀਕਰਨ ਦੇਣ ਲਈ ਹਾਜ਼ਰ ਹੋਇਆ ਸੀ ਅਤੇ ਸਾਰੇ ਸਪੱਸ਼ਟੀਕਰਨ ਲਿਖਤੀ ਤੌਰ 'ਤੇ ਆਪ ਜੀ ਨੂੰ ਪੇਸ਼ ਕੀਤੇ ਗਏ ਸਨ। ਸਾਰੀ ਪੁੱਛਤਾਛ ਤੋਂ ਉਪਰੰਤ ਆਪ ਸਭ ਸਿੰਘ ਸਾਹਿਬਾਨ ਨੇ ਸ: ਪਰਮਜੀਤ ਸਿੰਘ ਅਤੇ ਸ: ਗੁਰਚਰਨ ਸਿੰਘ ਜੀ ਨੂੰ ਪੂਰਨ ਤੌਰ 'ਤੇ ਦੋਸ਼-ਮੁਕਤ ਕੀਤਾ ਅਤੇ ਸੰਗਤਾਂ ਨੂੰ ਇਹ ਸੰਦੇਸ਼ ਦਿੱਤਾ ਕਿ ਕਿਸੇ ਵੀ ਤਰ੍ਹਾਂ ਦੀ ਧੜੇਬਾਜ਼ੀ ਤੋਂ ਬਚ ਕੇ ਨਿਰੋਲ ਧਾਰਮਕ ਤੇ ਪੰਥਕ ਸੋਚ ਦਾ ਧਾਰਨੀ ਬਣਿਆ ਜਾਵੇ ਪ੍ਰੰਤੂ ਇਸ ਸੰਦੇਸ਼ ਅਤੇ ਆਦੇਸ਼ ਦੇ ਬਾਵਜੂਦ ਦਿੱਲੀ ਗੁਰਦੁਆਰਾ ਕਮੇਟੀ ਦੇ ਮਾਨਯੋਗ ਮੈਂਬਰ ਸ: ਹਰਮਨਜੀਤ ਸਿੰਘ ਵਲੋਂ ਅਖਬਾਰਾਂ ਵਿਚ ਅੱਜ ਦਿੱਤਾ ਗਿਆ ਬਿਆਨ ਜਿਸਦਾ ਅਨੁਵਾਨ ਹੈ "ਕੀ ਸਿੰਘ ਸਾਹਿਬ ਨੂੰ ਗੁੰਮਰਾਹ ਕੀਤਾ ਗਿਆ ਹੈ?" ਆਪਣੇ ਆਪ ਵਿਚ ਹੀ ਸੰਗਤਾਂ ਨੂੰ ਗੁੰਮਰਾਹ ਕਰਨ ਦੀ ਕੋਝੀ ਹਰਕਤ ਹੈ ਕਿਉਂਕਿ ਇਸ ਬਿਆਨ ਵਿਚ ਸ: ਹਰਮਨਜੀਤ ਸਿੰਘ ਵਲੋਂ ਕੀਤੀ ਗਈ ਟਿੱਪਣੀ ਵਿਚ ਪੱਤਰਕਾਰਾਂ ਨੂੰ ਇਹ ਦੱਸਿਆ ਗਿਆ ਹੈ ਕਿ ਪਰਮਜੀਤ ਸਿੰਘ ਦੇ ਵਿਦੇਸ਼ ਹੋਣ ਸਬੰਧੀ ਕਥਿਤ ਦਸਤਾਵੇਜ਼ ਪੇਸ਼ ਕਰਕੇ ਸਿੰਘ ਸਾਹਿਬਾਨ ਨੂੰ ਗੁੰਮਰਾਹ ਕੀਤਾ ਗਿਆ ਹੈ ਅਤੇ 13 ਨਵੰਬਰ 1996 ਅਤੇ ਉਸ ਤੋਂ ਪਹਿਲਾਂ ਤੇ ਬਾਅਦ ਦਿੱਲੀ ਵਿਚ ਸ: ਪਰਮਜੀਤ ਸਿੰਘ ਦੇ ਮੌਜੂਦ ਹੋਣ ਦਾ ਦਾਅਵਾ ਕੀਤਾ ਗਿਆ। ਇਸ ਵਿਸ਼ੇ ਵਿਚ ਬੇਨਤੀ ਹੈ ਕਿ ਦਾਸ ਨੇ ਆਪ ਜੀ ਦੇ ਪਾਸ ਜੋ ਲਿਖਤ ਸਬੂਤ ਅਤੇ ਬਿਆਨ ਪੇਸ਼ ਕੀਤੇ ਸਨ ਉਨ੍ਹਾਂ ਵਿਚ ਦਾਸ ਵਲੋਂ ਸ: ਪਰਮਜੀਤ ਸਿੰਘ ਦੇ 13 ਨਵੰਬਰ ਦੌਰਾਨ ਦਿੱਲੀ ਵਿਚ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨਾ ਹੋਣ ਦਾ ਹੀ ਦਾਅਵਾ ਕੀਤਾ ਗਿਆ ਸੀ ਅਤੇ ਸਪੱਸ਼ਟ ਰੂਪ ਵਿਚ ਲਿਖਿਆ ਸੀ ਕਿ ਉਹ 18 ਜੁਲਾਈ ਤੋਂ ਲੈ ਕੇ ਤਕਰੀਬਨ ਇਕ ਮਹੀਨੇ ਲਈ ਵਿਦੇਸ਼ ਗਏ ਹਨ। 13 ਨਵੰਬਰ 1996 ਬਾਰੇ ਉਨ੍ਹਾਂ ਦੇ ਵਿਦੇਸ਼ ਹੋਣ ਦਾ ਨਾ ਕੋਈ ਦਾਅਵਾ ਕੀਤਾ ਗਿਆ ਸੀ ਨਾ ਹੀ ਕੋਈ ਸਬੂਤ ਪੇਸ਼ ਕੀਤਾ ਗਿਆ ਸੀ। ਇਸ ਪ੍ਰਕਾਰ ਦੀਆਂ ਕੋਝੀਆਂ ਹਰਕਤਾਂ ਨਾਲ ਸੰਗਤਾਂ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਇਸ ਗੱਲ ਨੂੰ ਪੁਖਤਾ ਕਰਦੀ ਹੈ ਕਿ ਇਸ ਸਾਰੇ ਮਾਮਲੇ ਦੀ ਜੜ੍ਹ ਵਿਚ ਕੌਣ ਹਨ ਅਤੇ ਉਨ੍ਹਾਂ ਦੀਆਂ ਸੋਚਾਂ ਕੀ ਹਨ। ਕਿਉਂਕਿ

ਬਜਾਏ ਆਪ ਪਾਸੋਂ ਜਾਣਕਾਰੀ ਲੈਣ ਦੇ ਇਸ ਤਰ੍ਹਾਂ ਪ੍ਰੈਸ ਵਿਚ ਬਿਆਨ ਦੇ ਕੇ ਇਨ੍ਹਾਂ ਨੇ ਸੰਗਤਾਂ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਦੇ ਨਾਲ-ਨਾਲ ਫਿਰ ਸ: ਪਰਮਜੀਤ ਸਿੰਘ ਉੱਪਰ ਚਿੱਕੜ ਉਛਾਲਣ ਦੀ ਕੋਸ਼ਿਸ਼ ਕੀਤੀ ਹੈ। ਆਪ ਜੀ ਦੀ ਜਾਣਕਾਰੀ ਲਈ ਇਸ ਤੋਂ ਪਹਿਲਾਂ ਵੀ ਇਸੇ ਸ਼ਖਸ਼ ਨੇ ਮਿਤੀ 7.5.97 ਦੀ ਰਾਤ ਨੂੰ ਪੰਜਾਬ ਭਵਨ ਅੰਦਰ ਇਕ ਮੀਟਿੰਗ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਬਾਰੇ ਘੋਰ ਨਿਰਾਦਰ ਭਰੇ ਲਫਜ਼ ਕਹੇ ਸਨ ਅਤੇ ਹਾਜ਼ਰ ਮੈਂਬਰਾਂ ਨੇ ਇਸ ਗੱਲ ਦਾ ਸਖਤ ਨੋਟਿਸ ਵੀ ਲਿਆ ਸੀ। ਇਸ ਸਬੰਧ ਵਿਚ ਜਥੇਦਾਰ ਬਲਦੇਵ ਸਿੰਘ ਰਾਣੀਬਾਗ ਮੈਂਬਰ ਦੀ ਲਿਖਤੀ ਸ਼ਿਕਾਇਤ ਵੀ ਪ੍ਰਧਾਨ ਨੂੰ ਕੀਤੀ ਗਈ ਸੀ। ਉਸ ਦੀ ਕਾਪੀ ਵੀ ਆਪ ਨੂੰ ਫੈਕਸ ਰਾਹੀਂ ਭੇਜ ਰਿਹਾ ਹਾਂ ਜੀ। ਆਪ ਦੇ ਚਰਨਾਂ ਵਿਚ ਸਨਿਮਰ ਬੇਨਤੀ ਹੈ ਕਿ ਇਸ ਮਾਮਲੇ ਵਿਚ ਉੱਚਿਤ ਕਾਰਵਾਈ ਕਰਨ ਦੀ ਕ੍ਰਿਪਾਲਤਾ ਕੀਤੀ ਜਾਵੇ ਤਾਂ ਕਿ ਇਹ ਲੋਕ ਸੰਗਤਾਂ ਨੂੰ ਵਾਰ-ਵਾਰ ਗੁੰਮਰਾਹ ਨਾ ਕਰਨ।

ਧੰਨਵਾਦ ਸਹਿਤ

ਆਪ ਦਾ ਦਾਸ

ਹਰਵਿੰਦਰ ਸਿੰਘ ਸਰਨਾ

***

## ਸ. ਹਰਮਨਜੀਤ ਸਿੰਘ ਤਲਬ

*26 ਮਈ 1997*

ਸ: ਹਰਮਨਜੀਤ ਸਿੰਘ,

ਵਾਹਿਗੁਰੂ ਜੀ ਕਾ ਖ਼ਾਲਸਾ। ਵਾਹਿਗੁਰੂ ਜੀ ਕੀ ਫਤਹਿ॥

ਮਿਤੀ 17 ਮਈ 1997 ਦੀ ਰੋਜ਼ਾਨਾ ਅਜੀਤ ਅਖਬਾਰ ਵਿਚ ਤੁਹਾਡੇ ਵਲੋਂ ਇਹ ਬਿਆਨ ਦਿਤਾ ਗਿਆ ਹੈ ਕਿ ਸ. ਪਰਮਜੀਤ ਸਿੰਘ ਸਰਨਾ ਦੇ ਵਿਦੇਸ਼ ਹੋਣ ਸਬਧੀ ਕਥਿਤ ਦਸਤਾਵੇਜ਼ ਪੇਸ਼ ਕਰਕੇ ਸਿੰਘ ਸਾਹਿਬਾਨ ਨੂੰ ਗੁੰਮਰਾਹ ਕੀਤਾ ਗਿਆ ਹੈ। ਤੁਹਾਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਪੁਰ ਤਲਬ ਕੀਤਾ ਜਾਂਦਾ ਹੈ। ਤੁਸੀਂ ਮਿਤੀ 5 ਜੂਨ 1997 ਨੂੰ ਸਵੇਰੇ 11 ਵਜੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੇਸ਼ ਹੋ ਕੇ ਇਹ ਸਾਬਤ ਕਰੋ ਕਿ ਸਿੰਘ ਸਾਹਿਬਾਨ ਨੂੰ ਕਿਵੇਂ ਗੁੰਮਰਾਹ ਕੀਤਾ ਗਿਆ ਹੈ।

ਗੁਰੂ ਪੰਥ ਦਾ ਦਾਸ

ਰਣਜੀਤ ਸਿੰਘ

ਜਥੇਦਾਰ, ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅਮ੍ਰਿਤਸਰ।

ਸ੍ਰ. ਹਰਮਨਜੀਤ ਸਿੰਘ ਜੀ,

3-ਰਜੌਰੀ ਗਾਰਡਨ, ਦਿੱਲੀ - 26

***

*4 ਜੂਨ 1997*

ਸਤਿਕਰਾਯੋਗ ਸਿੰਘ ਸਾਹਿਬ ਭਾਈ ਰਣਜੀਤ ਸਿੰਘ ਜੀ,

ਸਨਿਮਰ ਬੇਨਤੀ ਹੈ ਕਿ ਆਪ ਜੀ ਨੇ ਦਾਸ ਨੂੰ ਮਿਤੀ 17 ਮਈ 1997 ਦੀ ਰੋਜ਼ਾਨਾ 'ਅਜੀਤ' ਅਖਬਾਰ ਵਿਚ ਆਏ ਇਕ ਬਿਆਨ ਦੇ ਸਬੰਧ ਵਿਚ ਸ੍ਰੀ ਅਕਾਲ ਤਖ਼ਤ

ਸਾਹਿਬ ਵਿਖੇ ਮਿਤੀ 5 ਜੂਨ 1997 ਨੂੰ 11 ਵਜੇ ਹਾਜ਼ਰ ਹੋ ਕੇ ਸਪੱਸ਼ਟੀਕਰਨ ਦੇਣ ਦਾ ਆਦੇਸ਼ ਦਿੱਤਾ ਹੈ। ਪਰ ਮਿਤੀ 3 ਜੂਨ 1997 ਨੂੰ ਅਚਾਨਕ ਬਿਮਾਰੀ (Hypertension ਅਤੇ Heamaturia) ਦੀ ਸ਼ਿਕਾਇਤ ਹੋ ਜਾਣ ਕਾਰਨ ਮੈਨੂੰ 2 ਵਜੇ 'ਸ੍ਰੀ ਮਹੰਤ ਗੁਰਮੁਖ ਸਿੰਘ ਜੀ ਚੈਰੀਟੇਬਲ ਹਸਪਤਾਲ' (ਕਮਰਾ ਨੰ. 11) ਵਿਚ ਦਾਖਲ ਹੋਣਾ ਪਿਆ ਹੈ। ਮੈਨੂੰ ਰੀੜ੍ਹ ਦੀ ਹੱਡੀ ਦੀ ਤਕਲੀਫ ਵੀ ਸੀ ਜੋ ਕਿ ਅਚਾਨਕ ਵਧ ਗਈ ਜਿਸ ਕਾਰਨ ਮੈਨੂੰ ਤੁਰਨ-ਫਿਰਨ ਵਿਚ ਵੀ ਤਕਲੀਫ ਹੋ ਰਹੀ ਹੈ। ਇਸ ਕਰਕੇ ਮੈਂ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹਾਜ਼ਰ ਹੋਣ ਵਿਚ ਅਸਮਰੱਥ ਹਾਂ। ਮੈਂ ਹਸਪਤਾਲ ਦੇ ਸਰਜਰੀ ਵਿਭਾਗ ਦੇ ਇਲਾਜ ਅਧੀਨ ਹਾਂ, ਜਿਨ੍ਹਾਂ ਨੇ ਮੈਨੂੰ ਕਿਤੇ ਵੀ ਜਾਣ ਦੀ ਇਜਾਜ਼ਤ ਨਹੀਂ ਦਿੱਤੀ।

ਬੇਨਤੀ ਹੈ ਕਿ ਮੈਨੂੰ ਸ: ਜਸਵੰਤ ਸਿੰਘ 'ਅਜੀਤ' ਜੋ ਕਿ ਅਜੀਤ ਅਖਬਾਰ ਦੇ ਦਿੱਲੀ ਦੇ ਪੱਤਰਪ੍ਰੇਰਕ ਹਨ, ਉਨ੍ਹਾਂ ਦਾ ਟੈਲੀਫੋਨ ਆਇਆ ਕਿ 'ਪਰਮਜੀਤ ਸਿੰਘ ਸਰਨਾ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਇਹ ਸਿੱਧ ਕੀਤਾ ਹੈ ਕਿ ਉਹ ਉਨ੍ਹਾਂ ਦਿਨਾਂ ਵਿਚ ਵਿਦੇਸ਼ ਵਿਚ ਸਨ ਪਰ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸੂਤਰਾਂ ਅਤੇ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ, ਵਸੰਤ ਵਿਹਾਰ ਦੇ ਸਟਾਫ ਨੇ ਦੈਨਿਕ 'ਰਾਸ਼ਟਰੀ ਸਹਾਰਾ' (14 ਨਵੰਬਰ 1996), ਇੰਡੀਅਨ ਐਕਸਪ੍ਰੈਸ (16 ਨਵੰਬਰ), ਰੋਜ਼ਾਨਾ ਅਜੀਤ (16 ਨਵੰਬਰ) ਅਤੇ ਜਨਸੱਤਾ (17 ਅਤੇ 18 ਨਵੰਬਰ) ਵਿਚ ਛਪੀਆਂ ਖਬਰਾਂ ਦੀਆਂ ਫੋਟੋ ਕਾਪੀਆਂ ਦੇ ਕੇ ਸਾਬਤ ਕੀਤਾ ਹੈ ਕਿ ਉਹ ਇਨ੍ਹਾਂ ਦਿਨਾਂ ਵਿਚ ਦਿੱਲੀ ਵਿਚ ਹੀ ਸਨ। ਕੀ ਉਨ੍ਹਾਂ ਨੇ ਇਸ ਤਰ੍ਹਾਂ ਅਕਾਲ ਤਖ਼ਤ 'ਤੇ ਝੂਠ ਬੋਲ ਕੇ ਸਿੰਘ ਸਾਹਿਬਾਨ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਨਹੀਂ ਕੀਤੀ?' ਇਸ 'ਤੇ ਮੈਂ ਆਖਿਆ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਸਰਵਉੱਚ ਧਾਰਮਕ ਅਸਥਾਨ ਹੈ, ਜਿਸ 'ਤੇ ਹਰ ਕਿਸੇ ਨੂੰ, ਜੋ ਸਤਿਗੁਰਾਂ ਵਿਚ ਸ਼ਰਧਾ ਤੇ ਵਿਸ਼ਵਾਸ ਰੱਖਦਾ ਹੈ, ਝੂਠ ਨਹੀਂ ਬੋਲਣਾ ਚਾਹੀਦਾ।

ਆਪ ਜੀ ਜਾਣਦੇ ਹੋ ਕਿ ਮੈਂ ਕੋਈ ਰਾਜਸੀ ਵਿਅਕਤੀ ਨਹੀਂ ਹਾਂ। ਇਕ ਸਧਾਰਣ ਵਿਅਕਤੀ ਹੋਣ ਕਰਕੇ ਸਿੱਧੇ ਸਾਦੇ ਸ਼ਬਦਾਂ ਵਿਚ ਮੈਂ ਆਪਣੇ ਵਿਚਾਰ ਪ੍ਰਗਟ ਕੀਤੇ ਸਨ। ਮੇਰੀ ਸ੍ਰੀ ਅਕਾਲ ਤਖ਼ਤ ਅਤੇ ਸਿੰਘ ਸਾਹਿਬਾਨ ਪ੍ਰਤੀ ਅਪਾਰ ਸ਼ਰਧਾ ਹੈ। ਮੈਂ ਉਨ੍ਹਾਂ ਦੀ ਅਵੱਗਿਆ ਕਰਨ ਬਾਰੇ ਕਦੀ ਵੀ ਸੋਚ ਹੀ ਨਹੀਂ ਸਕਦਾ। ਜੇ ਅਣਜਾਣੇ ਵਿਚ ਮੇਰੇ ਪਾਸੋਂ ਕੋਈ ਅਵੱਗਿਆ ਹੋ ਗਈ ਹੋਵੇ ਤਾਂ ਮੈਂ ਖਿਮਾ ਦਾ ਜਾਚਕ ਹਾਂ।

ਆਸ ਹੈ ਕਿ ਆਪ ਜੀ ਦਾਸ ਨੂੰ ਭੁੱਲਣਹਾਰ ਜਾਣ ਕੇ ਖਿਮਾ ਕਰੋਗੇ।

ਦਾਸ<br>
ਹਰਮਨਜੀਤ ਸਿੰਘ,<br>
ਡੀ-3, ਰਾਜੌਰੀ ਗਾਰਡਨ,<br>
ਨਵੀਂ ਦਿੱਲੀ। ਫੋਨ 5104520

***

***5 ਜੂਨ 1997***

ਸ: ਹਰਮਨਜੀਤ ਸਿੰਘ ਜੀ,

ਤੁਹਾਡਾ ਮਿਤੀ 4 ਜੂਨ 1997 ਨੂੰ ਲਿਖਿਆ ਪੱਤਰ ਮਿਲਿਆ। ਇਸ ਵਿਚ ਤੁਸਾਂ

ਹਸਪਤਾਲ ਵਿਚ ਦਾਖਲ ਹੋਣ ਬਾਰੇ ਜਾਣਕਾਰੀ ਦਿੱਤੀ ਹੈ। ਤੁਸੀਂ ਆਪਣਾ ਸਪੱਸ਼ਟੀਕਰਨ ਮਿਤੀ 16 ਜੂਨ 1997 ਨੂੰ ਸਵੇਰੇ 11 ਵਜੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਦੇਣ ਲਈ ਹਾਜ਼ਰ ਹੋਵੋ।

ਗੁਰੂ ਪੰਥ ਦਾ ਦਾਸ,

*ਰਣਜੀਤ ਸਿੰਘ*

ਜਥੇਦਾਰ, ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ।

***

ਸਿੰਘ ਸਾਹਿਬ ਭਾਈ ਰਣਜੀਤ ਸਿੰਘ ਜੀ,

ਦਾਸ ਸਿੱਖ ਪੰਥ ਦੇ ਚਾਨਣ ਮੁਨਾਰੇ, ਏਕਤਾ, ਇਕਸੁਰਤਾ, ਸ਼ਕਤੀ ਦੇ ਸਰੋਤ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਅੱਗੇ ਸਨਿਮਰ ਸਿਰ ਝੁਕਾਉਂਦਾ ਹੋਇਆ ਅਤਿਅੰਤ ਨਿਮਰਤਾ ਸਹਿਤ ਬੇਨਤੀ ਕਰਦਾ ਹੈ ਕਿ ਇਕ ਅਖਬਾਰ ਵਿਚਲੀ ਖਬਰ ਦੀ ਰੋਸ਼ਨੀ ਵਿਚ ਦਾਸ ਨੂੰ ਕਸੂਰਵਾਰ ਠਹਿਰਾਇਆ ਗਿਆ ਹੈ ਕਿ ਦਾਸ ਨੇ ਅਕਾਲ ਤਖ਼ਤ ਦੇ ਜਥੇਦਾਰ ਸਾਹਿਬ ਤੇ ਸਿੰਘ ਸਾਹਿਬਾਨ ਪ੍ਰਤੀ ਇਤਰਾਜ਼ਯੋਗ ਬਿਆਨ ਦਿੱਤਾ ਸੀ ਜੋ ਕਿ 'ਅਜੀਤ' ਅਖਬਾਰ ਵਿਚ ਛਪਿਆ ਸੀ। ਦਾਸ ਨਿਮਰਤਾ ਸਹਿਤ ਆਪਣੀ ਗਲਤੀ ਕਬੂਲ ਕਰਦਾ ਹੈ।

ਮੈਂ ਬੇਹੱਦ ਅਦਬ ਸਤਿਕਾਰ ਸਹਿਤ ਆਪ ਦੀ ਸੇਵਾ ਵਿਚ ਬੇਨਤੀ ਕਰਦਾ ਹਾਂ ਕਿ ਮੈਂ ਭਵਿੱਖ ਵਿਚ ਕਿਸੇ ਵੀ ਤਰ੍ਹਾਂ ਦੀ ਧੜੇਬੰਦੀ ਤੋਂ ਉੱਪਰ ਉੱਠ ਕੇ ਸਿੱਖ ਕੌਮ ਦੀ ਚੜ੍ਹਦੀਕਲਾ ਵਾਸਤੇ ਜੀਵਨ ਗੁਜ਼ਾਰਾਂਗਾ। ਦਾਸ ਆਪ ਜੀ ਦੇ ਹਰ ਹੁਕਮ ਜਾਂ ਫੈਸਲੇ ਨੂੰ ਪਰਵਾਨ ਕਰੇਗਾ ਅਤੇ ਸਿੱਖ ਧਰਮ ਅਤੇ ਸਿੱਖ ਕੌਮ ਦੀ ਸ਼ਾਨੋ-ਸ਼ੌਕਤ ਲਈ ਕੁਰਬਾਨੀ ਕਰਨ ਲਈ ਹਮੇਸ਼ਾ ਤਿਆਰ ਰਹੇਗਾ। ਮੈਨੂੰ ਪੂਰੀ ਉਮੀਦ ਹੈ ਕਿ ਆਪ ਜੀ ਦਾਸ ਉੱਤੇ ਬਖਸ਼ਿਸ਼ ਕਰਦਿਆਂ ਹੋਇਆਂ ਸਿੱਖ ਕੌਮ ਦੀ ਸੇਵਾ ਵਿਚ ਜੁਟਿਆ ਰਹਿਣ ਲਈ ਆਪਣਾ ਪਿਆਰ ਭਰਿਆ ਹੱਥ ਮੇਰੇ ਸਿਰ ਉੱਪਰ ਰੱਖੋਗੇ।

ਆਪ ਜੀ ਦਾ ਦਾਸ,

*ਹਰਮਨਜੀਤ ਸਿੰਘ*

***

## ਜਥੇਦਾਰ 'ਤੇ ਸਿੱਖ ਸਿਆਸਤ 'ਚ ਬੇਚੈਨੀ ਫੈਲਾਉਣ ਦਾ ਦੋਸ਼

ਨਵੀਂ ਦਿੱਲੀ, 25 ਜੂਨ (ਨਿੱਜੀ ਪੱਤਰ ਪ੍ਰੇਰਕ)-ਦਿੱਲੀ ਗੁਰਦੁਆਰਾ ਪ੍ਰਬੰਧ ਸੁਧਾਰ ਕਮੇਟੀ ਦੇ ਪ੍ਰਧਾਨ ਰਿਪੁਦਮਨ ਸਿੰਘ ਨੇ ਦਾਅਵਾ ਕੀਤਾ ਹੈ ਕਿ ਅਕਾਲ ਤਖ਼ਤ ਦੇ ਜਥੇਦਾਰ ਭਾਈ ਰਣਜੀਤ ਸਿੰਘ ਦੇ ਰਵੱਈਏ ਤੇ ਕਾਰਜਸ਼ੈਲੀ ਨਾਲ ਪੰਜਾਬ ਦੀ ਸਿੱਖ ਸਿਆਸਤ 'ਚ ਬੇਚੈਨੀ ਅਤੇ ਰਾਜ ਵਿਚ ਬਹਾਲ ਹੋਏ ਅਮਨ ਸ਼ਾਂਤੀ ਲਈ ਖਤਰਾ ਪੈਦਾ ਹੋ ਗਿਆ ਹੈ।

ਇਥੇ ਪ੍ਰੈਸ ਕਲੱਬ ਆਫ ਇੰਡੀਆ ਦੇ ਖਚਾਖਚ ਭਰੇ ਹਾਲ ਵਿਚ ਇਹ ਦੋਸ਼ ਲਾਉਂਦਿਆਂ ਉਨ੍ਹਾਂ ਕਿਹਾ ਕਿ ਅਕਾਲ ਤਖ਼ਤ ਦਾ ਜਥੇਦਾਰ ਭਾਈ ਰਣਜੀਤ ਸਿੰਘ ਅਪਰਾਧੀ ਪ੍ਰਵਿਰਤੀ ਦਾ ਵਿਅਕਤੀ ਹੈ, ਜਿਸ ਨੇ ਅਕਾਲ ਤਖ਼ਤ ਦਾ ਜਥੇਦਾਰ ਬਣਦੇ ਸਾਰ ਹੀ ਸਿੱਖਾਂ ਵਿਚ ਫੁੱਟ ਪਾਉਣ ਅਤੇ ਦੇਸ਼ ਨੂੰ ਤੋੜਨ ਸਬੰਧੀ ਸਰਗਰਮੀਆਂ ਸ਼ੁਰੂ ਕਰ ਦਿੱਤੀਆਂ ਹਨ।

ਉਨ੍ਹਾਂ ਕਿਹਾ ਕਿ ਅਕਾਲ ਤਖ਼ਤ ਦੇ ਜਥੇਦਾਰ ਦੇ ਜ਼ੁਲਮਾਂ ਦਾ ਉਹ ਸ਼ਿਕਾਰ ਹੋ

ਚੁੱਕੇ ਹਨ। ਅਕਾਲ ਤਖ਼ਤ ਜਿਹੇ ਪਵਿੱਤਰ ਸਥਾਨ ਦੀ ਦੁਰਵਰਤੋਂ ਕਰਦਿਆਂ ਉਨ੍ਹਾਂ ਨੂੰ ਬੰਦੀ ਹੀ ਨਹੀਂ ਬਣਾਇਆ ਗਿਆ ਸਗੋਂ ਆਪਣੇ ਹਥਿਆਰਬੰਦ ਲੋਕਾਂ ਦੁਆਰਾ ਸਰੀਰਕ ਤੇ ਮਾਨਸਿਕ ਤਸੀਹੇ ਵੀ ਦਿੱਤੇ ਗਏ। ਉਨ੍ਹਾਂ ਨੇ ਸਿੱਖ ਭਾਈਚਾਰੇ ਨੂੰ ਅਪੀਲ ਕੀਤੀ ਕਿ ਸਿੱਖ ਪੰਥ ਨੂੰ ਬਚਾਉਣ ਲਈ ਭਾਈ ਰਣਜੀਤ ਸਿੰਘ ਨੂੰ ਹਟਾ ਕੇ ਕਿਸੇ ਧਾਰਮਕ ਵਿਅਕਤੀ ਨੂੰ ਅਕਾਲ ਤਖ਼ਤ ਦਾ ਜਥੇਦਾਰ ਨਿਯੁਕਤ ਕੀਤਾ ਜਾਵੇ।

ਉਨ੍ਹਾਂ ਕਿਹਾ ਕਿ ਅਕਾਲ ਤਖ਼ਤ ਸਿੱਖਾਂ ਦੀ ਸਰਬਉੱਚ ਸੰਸਥਾ ਹੈ ਜਿਸ ਦੀ ਪੂਰੇ ਵਿਸ਼ਵ ਵਿਚ ਮਾਨਤਾ ਹੈ ਪਰ ਇਸ ਅਹੁਦੇ 'ਤੇ ਅਪਰਾਧੀ ਪ੍ਰਵਿਰਤੀ ਦੇ ਵਿਅਕਤੀ ਨੂੰ ਬਿਠਾਉਣ ਨਾਲ ਅਕਾਲ ਤਖ਼ਤ ਦੀ ਬਦਨਾਮੀ ਹੋ ਰਹੀ ਹੈ। ਅਕਾਲ ਤਖ਼ਤ ਦੇ ਜਥੇਦਾਰ ਦੇ ਪੱਖਪਾਤੀ ਰਵੱਈਏ ਬਾਰੇ ਚਰਚਾ ਕਰਦਿਆਂ ਉਨ੍ਹਾਂ ਕਿਹਾ ਕਿ ਦਿੱਲੀ ਗੁਰਦੁਆਰਾ ਕਮੇਟੀ ਦੇ ਸਾਬਕਾ ਪ੍ਰਧਾਨ ਪਰਮਜੀਤ ਸਿੰਘ ਸਰਨਾ ਅਤੇ ਅਕਾਲ ਤਖ਼ਤ ਦੇ ਜਥੇਦਾਰ ਭਾਈ ਰਣਜੀਤ ਸਿੰਘ ਦੇ ਭਰਾ ਗੁਰਚਰਨ ਸਿੰਘ ਦੇ ਖਿਲਾਫ ਸਤਨਾਮੀ ਬਾਈ ਵਲੋਂ ਅਖਬਾਰਾਂ ਵਿਚ ਛਪੇ ਬਿਆਨਾਂ ਤੋਂ ਮੈਨੂੰ ਬੜਾ ਸਦਮਾ ਪਹੁੰਚਿਆ ਕਿ ਉਨ੍ਹਾਂ ਨੇ ਐਚ.ਕੇ.ਐਲ. ਭਗਤ ਵਿਰੁੱਧ ਗਵਾਹੀ ਨਾ ਦੇਣ ਲਈ ਸਤਨਾਮੀ ਬਾਈ ਨੂੰ ਮਜਬੂਰ ਕੀਤਾ ਸੀ। ਇਸ ਕਾਰਨ ਉਨ੍ਹਾਂ ਨੇ ਸਿੱਖ ਹੋਣ ਦੇ ਨਾਤੇ ਅਕਾਲ ਤਖ਼ਤ ਨੂੰ ਪੱਤਰ ਲਿਖ ਕੇ ਮੁਲਜ਼ਿਮ ਵਿਰੁੱਧ ਕਾਰਵਾਈ ਕਰਨ ਦੀ ਮੰਗ ਕੀਤੀ ਸੀ ਤਾਂ ਕਿ ਕੌਮ ਦੀ ਬਦਨਾਮੀ ਨਾ ਹੋਵੇ।

ਸ੍ਰੀ ਰਿਪੁਦਮਨ ਸਿੰਘ ਨੇ ਕਿਹਾ ਕਿ ਜਥੇਦਾਰ ਨੇ ਉਸ ਨੂੰ 13 ਮਈ ਨੂੰ ਅਕਾਲ ਤਖ਼ਤ 'ਤੇ ਇਸੇ ਸਬੰਧੀ ਤਲਬ ਕੀਤਾ ਸੀ ਪਰ ਜਦੋਂ ਉਹ ਉਥੇ ਜਥੇਦਾਰ ਸਾਹਿਬਾਨ ਦੇ ਸਨਮੁੱਖ ਹੋਏ ਤਾਂ ਭਾਈ ਰਣਜੀਤ ਸਿੰਘ ਨੇ ਤਲਖ ਲਹਿਜੇ ਵਿਚ ਪੁੱਛਿਆ, "ਇਹ ਫੈਕਸ ਤੂੰ ਕਿਸ ਅਧਾਰ 'ਤੇ ਭੇਜੀ ਹੈ। ਤੂੰ ਕੋਈ ਵੱਡਾ ਮੈਂਬਰ ਹੈ ਜਾਂ ਬਹੁਤ ਵੱਡਾ ਆਦਮੀ...ਦੁਬਾਰਾ ਇਸ ਤਰ੍ਹਾਂ ਦਾ ਕੰਮ ਕਰਨ ਦੀ ਹਿੰਮਤ ਕੀਤੀ ਤਾਂ ਤੈਨੂੰ ਖਤਮ ਕਰ ਦਿੱਤਾ ਜਾਵੇਗਾ।"

ਉਨ੍ਹਾਂ ਕਿਹਾ ਕਿ ਇਸ ਤੋਂ ਕੁਝ ਦੇਰ ਬਾਅਦ ਇਕ ਅੰਗ ਰਖਿਅਕ ਮੈਨੂੰ ਹਾਲ ਤੋਂ ਬਾਹਰ ਲੈ ਗਿਆ ਤੇ ਰਿਵਾਲਵਰ ਵਿਖਾ ਕੇ ਜਾਨ ਤੋਂ ਮਾਰ ਦੇਣ ਦੀਆਂ ਧਮਕੀਆਂ ਦਿੱਤੀਆਂ। ਉਨ੍ਹਾਂ ਕਿਹਾ ਕਿ ਦੁਪਹਿਰ ਤੋਂ ਲੈ ਕੇ ਸ਼ਾਮ ਦੇ 6 ਵਜੇ ਤੱਕ ਮੈਨੂੰ ਪਾਣੀ ਤੱਕ ਪੀਣ ਲਈ ਨਹੀਂ ਦਿੱਤਾ ਗਿਆ। ਉਨ੍ਹਾਂ ਦੋਸ਼ ਲਾਇਆ ਕਿ ਬੜੀ ਮੁਸ਼ਕਲ ਨਾਲ ਮੇਰੇ ਨਾਲ ਗਏ ਕੁਝ ਨਜ਼ਦੀਕੀ ਲੋਕਾਂ ਤੇ ਰਿਸ਼ਤੇਦਾਰਾਂ ਨੇ ਪੈਸਾ ਦੇ ਕੇ ਮੇਰੀ ਜਾਨ ਛੁਡਾਈ।

ਉਨ੍ਹਾਂ ਇਲਜ਼ਾਮ ਲਾਇਆ ਕਿ ਅਕਾਲ ਤਖ਼ਤ 'ਤੇ ਤਲਬ ਹੋਣ ਤੋਂ ਬਾਅਦ ਉਨ੍ਹਾਂ ਨੂੰ ਲਗਾਤਾਰ ਧਮਕੀਆਂ ਮਿਲ ਰਹੀਆਂ ਹਨ। ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਕਿ ਉਨ੍ਹਾਂ ਦੀ ਪਰਿਵਾਰ ਸਮੇਤ ਜਾਨ-ਮਾਲ ਦੀ ਹਿਫਾਜ਼ਤ ਕੀਤੀ ਜਾਵੇ।

*('ਪੰਜਾਬੀ ਟ੍ਰਿਬਿਊਨ' 25 ਜੂਨ 1997)*

***

*16 ਜੂਨ 1997*

## ਗੁਰਮਤਾ

ਸ: ਹਰਮਨਜੀਤ ਸਿੰਘ ਤੁਸੀਂ ਮਿਤੀ 13 ਮਈ 1997 ਦੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਅਹੁਦੇਦਾਰਾਂ ਸਬੰਧੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਫੈਸਲੇ ਪ੍ਰਤੀ

ਅਪਮਾਨਜਨਕ ਅਤੇ ਝੂਠੀਆਂ ਅਖਬਾਰੀ ਟਿੱਪਣੀਆਂ ਕੀਤੀਆਂ ਅਤੇ ਸਿੱਖ ਸੰਗਤਾਂ ਵਿਚ ਭੜਕਾਹਟ ਪੈਦਾ ਕਰਨ ਦਾ ਯਤਨ ਕੀਤਾ, ਜਿਸ ਕਾਰਨ ਤੁਹਾਨੂੰ ਗੁਰੂ ਪੰਥ ਦਾ ਤਨਖਾਹੀਆ ਕਰਾਰ ਦਿੱਤਾ ਜਾਂਦਾ ਹੈ। ਇਸ ਸਬੰਧੀ ਤੁਹਾਨੂੰ ਆਦੇਸ਼ ਹੈ ਕਿ ਤੁਸੀਂ ਆਪਣੀਆਂ ਅਖਬਾਰੀ ਟਿੱਪਣੀਆਂ ਸਬੰਧੀ ਵਿਸਥਾਰ ਸਹਿਤ ਸਪੱਸ਼ਟੀਕਰਣ ਦਿਉ ਕਿ ਤੁਸੀਂ ਇਹ ਕਾਰਵਾਈ ਕਿਉਂ ਕੀਤੀ ਅਤੇ ਇਸ ਦਾ ਕੀ ਪਿਛੋਕੜ ਹੈ। ਜਾਂ ਫਿਰ ਜੇ ਤੁਸੀਂ ਇਸ ਬਿਆਨਬਾਜ਼ੀ ਨਾਲ ਸਬੰਧਤ ਨਹੀਂ ਤਾਂ ਤੁਹਾਡੇ ਨਾਮ 'ਤੇ ਬਿਆਨ ਦੇਣ ਵਾਲੇ ਪੱਤਰਕਾਰ ਦੇ ਖਿਲਾਫ ਤੁਰੰਤ ਕਾਰਵਾਈ ਕਰਕੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਆਪ ਪੇਸ਼ ਹੋ ਕੇ ਸਿੰਘ ਸਾਹਿਬਾਨ ਨੂੰ ਸੂਚਿਤ ਕਰੋ। ਇਸ ਸਬੰਧੀ ਤੁਹਾਨੂੰ ਅੱਜ ਮਿਤੀ 16 ਜੂਨ 1997 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੇਸ਼ ਹੋਣ ਦਾ ਆਦੇਸ਼ ਦਿੱਤਾ ਗਿਆ ਸੀ। ਤਸੀਂ ਆਪਣੇ ਪ੍ਰਤੀ ਸਪੱਸ਼ਟੀਕਰਣ ਦਿੱਤਾ ਪਰ ਇਹ ਸੰਤੁਸ਼ਟੀਜਨਕ ਨਹੀਂ ਹੈ।

ਦਸਤਖਤ : ਰਣਜੀਤ ਸਿੰਘ ਤੇ ਬਾਕੀ ਸਿੰਘ ਸਾਹਿਬਾਨ?

***

*25 ਫਰਵਰੀ 1998*

## ਗੁਰਮਤਾ

ਅੱਜ ਮਿਤੀ 25 ਫਰਵਰੀ 1998 ਨੂੰ ਪਾਵਨ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਹੋਈ ਜਿਸ ਵਿਚ ਪੰਥਕ ਮਸਲਿਆਂ ਨੂੰ ਵਿਚਾਰਿਆ ਗਿਆ ਅਤੇ ਨਾਲ ਹੀ ਹਰਮਨਜੀਤ ਸਿੰਘ ਦਿੱਲੀ ਨਿਵਾਸੀ ਵਲੋਂ ਮਿਤੀ 29.12.97 ਨੂੰ ਦਿੱਤੇ ਲਿਖਤੀ ਮੁਆਫੀਨਾਮੇ 'ਤੇ ਵਿਚਾਰ ਕੀਤੀ ਗਈ। ਸਿੰਘ ਸਾਹਿਬਾਨ ਵਲੋਂ ਇਹ ਫੈਸਲਾ ਲਿਆ ਗਿਆ ਕਿ ਹਰਮਨਜੀਤ ਸਿੰਘ ਇਕ ਘੰਟਾ ਦਰਬਾਰ ਸਾਹਿਬ ਨਾਲ ਸਬੰਧਤ ਬਾਹਰ ਬਣੇ ਜੋੜੇ ਘਰ ਵਿਚ ਸੇਵਾ ਕਰੇ। ਉਪਰੰਤ ਗੁਰੂ ਰਾਮਦਾਸ ਸਾਹਿਬ ਦੇ ਲੰਗਰ ਲਈ 31000-ਅੱਖਰੀਂ ਇਕੱਤੀ ਹਜ਼ਾਰ ਰੁਪਏ ਕੇਵਲ ਦੀ ਰਸੀਦ ਕਟਾਵੇ।.ਉਪਰੰਤ ਸ੍ਰੀ ਅਕਾਲ ਤਖ਼ਤ ਸਾਹਿਬ ਵਿਚ ਹਾਜ਼ਰ ਹੋ ਕੇ ਆਪਣੀਆਂ ਭੁਲਾਂ ਦੀ ਮੁਆਫੀ ਲਈ ਅਰਦਾਸ ਕਰਵਾਏ।

ਦਸਤਖਤ : ਰਣਜੀਤ ਸਿੰਘ ਤੇ ਬਾਕੀ ਸਿੰਘ ਸਾਹਿਬਾਨ?

***

ਦਿੱਲੀ ਦੇ ਬਹੁਤੇ ਸਿੱਖ ਆਪਣੇ ਆਰਥਕ ਲਾਭ ਦੀ ਬੁਰਕੀ ਨੂੰ ਵੇਖਦੇ ਸਾਰ ਹੀ ਸਭ ਸ਼ਰਮ ਹਯਾ ਭੁੱਲ ਜਾਂਦੇ ਹਨ ਤੇ ਫਿਰ ਕੋਈ ਵੀ ਬਿਆਨ ਦਾਗ ਦੇਂਦੇ ਹਨ। ਸਤਨਾਮੀ ਬਾਈ ਦਾ ਸਾਰਾ ਕੇਸ ਹੀ ਖਤਮ ਹੋ ਚੁੱਕਾ ਸੀ ਪਰ ਹਰਮਨਜੀਤ ਸਿੰਘ ਨੇ ਐਸੀ ਚਿੰਜੜੀ ਛੇੜੀ ਤੇ ਐਸਾ ਬਿਆਨ ਦਿੱਤਾ ਜੋ ਬਿਲਕੁਲ ਝੂਠਾ ਅਤੇ ਬਿਨਾਂ ਸਿਰ ਪੈਰ ਤੋਂ ਸੀ। ਮਜਬੂਰਨ ਸਿੰਘ ਸਾਹਿਬ ਨੂੰ ਉਸਨੂੰ ਅਕਾਲ ਤਖ਼ਤ ਸਾਹਿਬ 'ਤੇ ਬੁਲਾਉਣਾ ਪਿਆ। ਅਕਾਲ ਤਖ਼ਤ 'ਤੇ ਆਉਂਦਾ ਹੀ ਉਹ ਬੀਬੇ ਬੱਚਿਆਂ ਵਾਂਗ ਆਪਣੀ ਭੁੱਲ ਦੀ ਮੁਆਫੀ ਮੰਗ ਗਿਆ ਤੇ ਇਸ ਤਰ੍ਹਾਂ ਇਹ ਕੇਸ ਖਤਮ ਹੋ ਗਿਆ। ਏਸੇ ਤਰ੍ਹਾਂ ਹੀ ਰੀਪੁਦਮਨ ਸਿੰਘ ਨੇ ਪ੍ਰੈਸ ਕਾਨਫਰੰਸ ਕਰਕੇ ਝੂਠਾ ਹੀ ਬਕੜਵਾਹ ਕਰ ਦਿੱਤਾ ਅਖੇ ਸਿੰਘ ਸਾਹਿਬ ਨੇ ਮੈਨੂੰ ਮਾਰਿਆ ਕੁਟਿਆ ਸੀ, ਜਦੋਂ ਕਿ ਸਾਰੀ ਕਾਰਵਾਈ ਅਕਾਲ ਤਖ਼ਤ ਸਾਹਿਬ 'ਤੇ ਸਭ ਲੋਕਾਂ ਤੇ ਪ੍ਰੈਸ ਦੇ ਸਾਹਮਣੇ ਹੋਈ ਸੀ ਤੇ ਇਸਦੀ ਵੀਡੀਓ ਫਿਲਮ ਹੁਣ ਵੀ ਵੇਖੀ ਜਾ ਸਕਦੀ ਹੈ। ■

# ਰਛਪਾਲ ਸਿੰਘ ਦਿੱਲੀ

ਰਛਪਾਲ ਸਿੰਘ ਦਿੱਲੀ ਵਾਲੇ ਦਾ ਕੇਸ 1984 ਦਾ ਹੈ। ਇਸ ਕੇਸ ਨੂੰ ਨਿਪਟਾਉਂਦਿਆਂ ਤੇ ਮੁਕਾਉਂਦਿਆਂ ਤੇਰ੍ਹਾਂ ਸਾਲ ਲਗ ਗਏ ਤੇ ਅਕਾਲ ਤਖ਼ਤ ਸਾਹਿਬ ਦੇ ਤਿੰਨ ਜਥੇਦਾਰਾਂ ਨੇ ਤਿੰਨ ਹੁਕਮਨਾਮੇ ਇਸ ਕੇਸ ਵਿਚ ਜਾਰੀ ਕੀਤੇ ਕਿਉਂਕਿ ਰਛਪਾਲ ਸਿੰਘ ਮੁੱਕਰ ਜਾਂਦਾ ਸੀ ਤੇ ਤਨਖਾਹ ਭੁਗਤਦਾ-ਭੁਗਤਦਾ ਵਿਚੇ ਹੀ ਛੱਡ ਦੇਂਦਾ ਸੀ।

***

*23 ਜੁਲਾਈ 1984*

ਜਥੇਦਾਰ ਰਛਪਾਲ ਸਿੰਘ ਜੀ,

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਹਿ॥

ਅੱਜ ਦੀਆਂ ਅਖਬਾਰਾਂ ਵਿਚ ਆਪ ਵਲੋਂ ਸਿੰਘ ਸਾਹਿਬਾਨ ਪੁਰ ਨੁਕਤਾਚੀਨੀ ਕੀਤੀ ਗਈ ਹੈ। ਇਹ ਨੁਕਤਾਚੀਨੀ ਬਿਲਕੁਲ ਗ਼ਲਤ ਹੈ। ਸਿੰਘ ਸਾਹਿਬਾਨ ਨੇ ਆਪਣਾ ਸਟੈਂਡ ਕਦੀ ਨਹੀਂ ਬਦਲਿਆ ਅਤੇ ਨਾ ਹੀ ਬਦਲਣ ਦਾ ਸਵਾਲ ਪੈਦਾ ਹੁੰਦਾ ਹੈ। ਆਪ ਆਪਣੇ ਭੁਲੇਖਾਪਾਊ ਬਿਆਨ ਦੀ ਤਰਦੀਦ ਕਰੋ। ਨਹੀਂ ਤਾਂ ਆਪ ਵਿਰੁੱਧ ਸਿੰਘ ਸਾਹਿਬਾਨ ਐਕਸ਼ਨ ਲੈਣ ਲਈ ਮਜਬੂਰ ਹੋਣਗੇ।

ਕਿਰਪਾਲ ਸਿੰਘ

ਜਥੇਦਾਰ, ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ।

ਜਥੇਦਾਰ ਰਛਪਾਲ ਸਿੰਘ ਜੀ,
ਗਲੀ ਬੇਦੀਆਂ, ਕਸ਼ਮੀਰੀ ਗੇਟ, ਦਿੱਲੀ।

***

*29 ਅਗਸਤ1984*

ਜਥੇਦਾਰ, ਕਰਤਾਰ ਸਿੰਘ ਟੱਕਰ, ਅੰਬਾਲਾ
ਜਥੇਦਾਰ, ਰਛਪਾਲ ਸਿੰਘ, ਦਿੱਲੀ

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਹਿ॥

ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਮਿਤੀ 19.7.1984 ਨੂੰ ਜਾਰੀ ਕੀਤੇ ਗਏ ਹੁਕਮਨਾਮੇ ਦੀ ਉਲੰਘਣਾ ਕਰਨ ਦੇ ਦੋਸ਼ ਵਿਚ ਮਿਤੀ 22.7.1984 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਜਾਰੀ ਕੀਤੇ ਗਏ ਹੁਕਮਨਾਮੇ ਵਿਚ ਨਿਹੰਗ ਸੰਤਾ ਸਿੰਘ ਨੂੰ ਸਿੱਖ ਪੰਥ ਵਿਚੋਂ ਖਾਰਜ ਕੀਤਾ ਗਿਆ ਸੀ। ਸੰਗਤਾਂ ਨੂੰ ਉਸ ਨਾਲ ਕਿਸੇ ਪ੍ਰਕਾਰ ਦਾ ਵੀ ਸਹਿਯੋਗ ਕਰਨ ਤੋਂ ਵਰਜਿਆ ਗਿਆ ਸੀ। ਪਰ ਤੁਸਾਂ ਨੇ ਸਿੱਖ ਪੰਥ ਵਿਚੋਂ ਖਾਰਜ ਨਿਹੰਗ ਸੰਤਾ ਸਿੰਘ ਵਲੋਂ

ਅੰਮ੍ਰਿਤਸਰ ਵਿਖੇ ਮਿਤੀ 11.8.1984 ਨੂੰ ਬੁਲਾਈ ਗਈ ਕਨਵੈਨਸ਼ਨ ਵਿਚ ਸ਼ਾਮਲ ਹੋ ਕੇ ਤੇ ਉਸ ਨੂੰ ਪੂਰਾ ਸਹਿਯੋਗ ਦੇ ਕੇ ਉਕਤ ਹੁਕਮਨਾਮੇ ਦੀ ਉਲੰਘਣਾ ਕੀਤੀ ਹੈ ਅਤੇ ਸਿੰਘ ਸਾਹਿਬਾਨ ਦੀ ਸ਼ਾਨ ਵਿਚ ਬੜੇ ਅਪਮਾਨਜਨਕ ਸ਼ਬਦ ਵਰਤ ਕੇ ਸਿੰਘ ਸਾਹਿਬਾਨ ਦੀ ਸਰਬ-ਉੱਚ ਪਦਵੀ ਦਾ ਨਿਰਾਦਰ ਕੀਤਾ ਹੈ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਪੰਜ ਸਿੰਘ ਸਾਹਿਬਾਨ ਦੀ ਅਥਾਰਟੀ ਨੂੰ ਚੈਲਿੰਜ ਕੀਤਾ ਹੈ। ਇਸ ਸਬੰਧੀ ਤੁਸੀਂ ਮਿਤੀ 11.9.1984 ਦਿਨ ਮੰਗਲਵਾਰ ਨੂੰ ਸਵੇਰੇ 7-00 ਵਜੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਖ਼ੁਦ ਹਾਜ਼ਰ ਹੋ ਕੇ ਲਿਖਤੀ ਸਪੱਸ਼ਟੀਕਰਨ ਦਿਓ। ਨਾ ਹਾਜ਼ਰ ਹੋਣ ਜਾਂ ਤਸੱਲੀਬਖਸ਼ ਸਪੱਸ਼ਟੀਕਰਨ ਨਾ ਦੇ ਸਕਣ ਦੀ ਸੂਰਤ ਵਿਚ ਆਪ ਦੇ ਵਿਰੁੱਧ ਖਾਲਸਈ ਮਰਯਾਦਾ ਅਨੁਸਾਰ ਕਾਰਵਾਈ ਕੀਤੀ ਜਾਵੇਗੀ।

ਕਿਰਪਾਲ ਸਿੰਘ

ਜਥੇਦਾਰ, ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ।

***

*9 ਸਤੰਬਰ 1984*

ੴ ਵਾਹਿਗੁਰੂ ਜੀ ਕੀ ਫਤਹਿ॥

ਪਰਮ ਸਤਿਕਾਰਯੋਗ ਪਰਮ ਕਿਰਪਾਲੂ ਸਿੰਘ ਸਾਹਿਬ,

ਜਥੇਦਾਰ ਕਿਰਪਾਲ ਸਿੰਘ ਜੀ,

ਸ੍ਰੀਮਾਨ ਜੀਓ,

ਆਪ ਜੀ ਵਲੋਂ ਲਿਖੇ ਪੱਤਰ ਮਿਤੀ 29.8.1984 ਦੇ ਸਬੰਧ ਵਿਚ ਬੇਨਤੀ ਹੈ ਕਿ ਜੋ ਦੋਸ਼ ਇਸ ਵਿਚ ਮੇਰੇ 'ਤੇ ਲੱਗੇ ਹਨ ਉਹ ਸਚਾਈ ਦੇ ਉਲਟ ਹਨ। ਅਸਲੀਅਤ ਇਹ ਹੈ ਕਿ 11.8.84 ਦੀ ਕਨਵੈਨਸ਼ਨ ਦੇਸ਼ ਭਰ ਦੇ 50 ਦੇ ਲਗਭਗ ਉੱਘੇ ਵਿਅਕਤੀਆਂ ਵਲੋਂ ਸੱਦੀ ਗਈ ਸੀ। ਸੱਦੇ ਪੱਤਰ ਦਾ ਇਸ਼ਤਿਹਾਰ ਆਪ ਜੀ ਨੂੰ ਭੇਜ ਰਿਹਾ ਹਾਂ। ਕਨਵੈਨਸ਼ਨ ਵਿਚ ਮੈਂ ਕਿਤੇ ਵੀ ਸਿੰਘ ਸਾਹਿਬਾਨ ਦੀ ਸ਼ਾਨ ਵਿਚ ਅਪਮਾਨਜਨਕ ਸ਼ਬਦ ਨਹੀਂ ਵਰਤੇ।

ਪੰਜ ਸਿੰਘ ਸਾਹਿਬਾਨ ਦੀ ਸਰਬਉੱਚ ਪਦਵੀ ਦਾ ਮੈਂ ਨਿਰਾਦਰ ਵੀ ਨਹੀਂ ਕੀਤਾ। ਸ੍ਰੀ ਅਕਾਲ ਤਖ਼ਤ ਸਾਹਿਬ ਤੇ ਪੰਜ ਸਿੰਘ ਸਾਹਿਬਾਨ ਦੀ ਅਥਾਰਟੀ ਨੂੰ ਵੀ ਮੈਂ ਕਨਵੈਨਸ਼ਨ ਵਿਚ ਅਤੇ ਨਾ ਕਦੇ ਅੱਗੇ ਪਿੱਛੇ ਚੈਲਿੰਜ ਕੀਤਾ ਹੈ ਅਤੇ ਨਾ ਹੀ ਕਦੇ ਕਰਾਂਗਾ। ਤੁਹਾਡੇ ਹੁਕਮ ਅਨੁਸਾਰ ਮੈਂ 11.9.1984 ਨੂੰ ਸਵੇਰੇ 7-00 ਵਜੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਖ਼ੁਦ ਹਾਜ਼ਰ ਹੋ ਕੇ ਲਿਖਤੀ ਸਪੱਸ਼ਟੀਕਰਨ ਦਿਆਂਗਾ। ਐਸਾ ਇਸ ਲਈ ਕਿਉਂਕਿ ਮੈਂ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਸਰਬਉੱਚ ਅਥਾਰਟੀ ਮੰਨਦਾ ਹਾਂ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹਰ ਹੁਕਮ ਅੱਗੇ ਸਿਰ ਝੁਕਾਉਣਾ ਆਪਣਾ ਮੁੱਖ ਕਰਤੱਵ ਸਮਝਦਾ ਹਾਂ। ਮੈਂ ਕਿਸੇ ਨੂੰ ਇਹ ਕਹਿਣ ਦਾ ਸਮਾਂ ਨਹੀਂ ਦੇਣਾ ਚਾਹੁੰਦਾ ਕਿ ਰਛਪਾਲ ਸਿੰਘ ਨੇ ਕਿਸੇ ਵੀ ਹਾਲਤ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ ਦੀ ਉਲੰਘਣਾ ਕੀਤੀ ਹੈ।

ਗੁਰੂ ਪੰਥ ਦਾ ਦਾਸ,

ਰਛਪਾਲ ਸਿੰਘ

***

*11 ਸਤੰਬਰ 1984*

## ਹੁਕਮਨਾਮਾ

ਅੱਜ ਮਿਤੀ 11.9.1984 ਨੂੰ ਸਵੇਰੇ 7-00 ਵਜੇ ਸ: ਰਛਪਾਲ ਸਿੰਘ ਦਿੱਲੀ ਅਤੇ ਜਥੇਦਾਰ ਕਰਤਾਰ ਸਿੰਘ ਟੱਕਰ ਅੰਬਾਲਾ ਵਲੋਂ ਦਿੱਤਾ ਗਿਆ ਸਪੱਸ਼ਟੀਕਰਨ ਨਾ-ਤਸੱਲੀਬਖਸ਼ ਹੈ। ਕਿਉਂਕਿ ਪੰਜ ਸਿੰਘ ਸਾਹਿਬਾਨ ਵਲੋਂ ਭੇਜੇ ਗਏ ਨੋਟਿਸ ਵਿਚ ਲਾਏ ਗਏ ਦੋਸ਼ਾਂ ਨੂੰ ਨਾ ਤਾਂ ਇਨ੍ਹਾਂ ਨੇ ਮੰਨਿਆ ਹੈ ਤੇ ਨਾ ਹੀ ਉਨ੍ਹਾਂ ਦੋਸ਼ਾਂ ਦੀ ਮੁਆਫੀ ਮੰਗੀ ਹੈ ਸਗੋਂ ਉਲਟਾ ਸਿੰਘ ਸਾਹਿਬਾਨ ਨੂੰ ਆਪਣੇ ਵਲੋਂ ਉਪਦੇਸ਼ ਦੇਣ ਦਾ ਯਤਨ ਕੀਤਾ ਹੈ ਅਤੇ ਸਿੰਘ ਸਾਹਿਬਾਨ ਉੱਪਰ ਨੁਕਤਾਚੀਨੀ ਕੀਤੀ ਹੈ। ਇਸ ਲਈ ਜਥੇਦਾਰ ਰਛਪਾਲ ਸਿੰਘ ਦਿੱਲੀ ਅਤੇ ਜਥੇਦਾਰ ਕਰਤਾਰ ਸਿੰਘ ਟੱਕਰ ਅੰਬਾਲਾ ਨੂੰ ਸਿੰਘ ਸਾਹਿਬਾਨ ਦੇ ਫੈਸਲੇ ਅਨੁਸਾਰ ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਤਨਖਾਹੀਏ ਕਰਾਰ ਦਿੱਤਾ ਜਾਂਦਾ ਹੈ। ਇਹ ਦੋਵੇਂ ਸੱਜਣ 20.9.1984 ਨੂੰ ਸਵੇਰੇ 8-00 ਵਜੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਖੁਦ ਹਾਜ਼ਰ ਹੋ ਕੇ ਆਪਣੀ ਭੁੱਲ ਦੀ ਮੁਆਫੀ ਮੰਗਣ ਅਤੇ ਤਨਖਾਹ ਲੁਆਉਣ। ਐਸਾ ਨਾ ਕਰਨ ਦੀ ਸੂਰਤ ਵਿਚ ਖਾਲਸਈ ਮਰਯਾਦਾ ਅਨੁਸਾਰ ਅਗਲੀ ਕਾਰਵਾਈ ਕੀਤੀ ਜਾਵੇਗੀ। ਜਦ ਤਕ ਇਹ ਦੋਵੇਂ ਗੁਰ-ਮਰਯਾਦਾ ਅਨੁਸਾਰ ਭੁੱਲ ਬਖਸ਼ਵਾ ਕੇ ਤਨਖਾਹ ਨਹੀਂ ਲਵਾ ਲੈਂਦੇ ਉਦੋਂ ਤਕ ਸਿੱਖ ਸੰਗਤਾਂ ਇਨ੍ਹਾਂ ਨਾਲ ਕਿਸੇ ਪ੍ਰਕਾਰ ਦਾ ਮਿਲਵਰਤਣ ਨਾ ਕਰਨ।

ਦਸਤਖਤ : ਕਿਰਪਾਲ ਸਿੰਘ , ਸਾਹਿਬ ਸਿੰਘ, ਹਰਿਚਰਨ ਸਿੰਘ ਮਹਾਲੋਂ,
ਪ੍ਰੀਤਮ ਸਿੰਘ, ਸੋਹਣ ਸਿੰਘ

***

## ਬੇਨਤੀ ਪੱਤਰ

ੴ

*20 ਸਤੰਬਰ 1984*

ਮੈਂ ਅੱਜ ਮਿਤੀ 20.9.84 ਨੂੰ ਸਿੰਘ ਸਾਹਿਬਾਨ ਦੇ ਆਦੇਸ਼ ਅਨੁਸਾਰ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਹਾਜ਼ਰ ਹੋ ਕੇ ਸੰਤਾ ਸਿੰਘ ਨਿਹੰਗ ਜਿਸ ਨੂੰ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਸਿੱਖ ਪੰਥ ਵਿਚੋਂ ਖਾਰਜ ਕੀਤਾ ਹੋਇਆ ਹੈ, ਨਾਲੋਂ ਆਪਣੇ ਸਬੰਧ ਤੋੜ ਲੈਣ ਦਾ ਐਲਾਨ ਕਰਦਾ ਹਾਂ ਅਤੇ ਸੰਤਾ ਸਿੰਘ ਨਿਹੰਗ ਵੱਲੋਂ ਸੱਦੀ ਗਈ ਅਖੌਤੀ ਕਨਵੈਨਸ਼ਨ ਵਿਚ ਸ਼ਾਮਲ ਹੋਣ ਅਤੇ ਉਸ ਇਕੱਤਰਤਾ ਵਿਚ ਸਿੰਘ ਸਾਹਿਬਾਨ ਦੀ ਸ਼ਾਨ ਦੇ ਵਿਰੁੱਧ ਗੁਸਤਾਖੀ ਭਰੇ ਸ਼ਬਦ ਬੋਲਣ ਦੀ ਖਿਮਾ ਮੰਗਦਾ ਹਾਂ। ਮੈਂ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਸਭ ਤੋਂ ਸੁਪਰੀਮ ਮੰਨਦਾ ਹਾਂ ਤੇ ਪੰਜਾਂ ਸਿੰਘ ਸਾਹਿਬਾਨਾਂ ਦੀ ਅਥਾਰਟੀ ਨੂੰ ਮੰਨਦਾ ਹੋਇਆ ਉਨ੍ਹਾਂ ਦੇ ਹਰ ਫੈਸਲੇ ਅੱਗੇ ਸਿਰ ਨਿਵਾਉਂਦਾ ਹਾਂ। ਸਿੰਘ ਸਾਹਿਬਾਨ ਨੂੰ ਬਿਨੈ ਕਰਦਾ ਹਾਂ ਕਿ ਉਹ ਮੇਰੀਆਂ ਭੁੱਲਾਂ ਤੇ ਗੁਨਾਹ ਨੂੰ ਬਖਸ਼ ਦੇਣ ਤੇ ਖਿਮਾਂ ਕਰ ਦੇਣ। ਸਿੰਘ ਸਾਹਿਬਾਨ ਇਨ੍ਹਾਂ ਗੁਨਾਹਾਂ ਬਦਲੇ ਮੈਨੂੰ ਜੋ ਵੀ ਤਨਖਾਹ ਲਾਉਣਗੇ ਉਹ ਮੈ ਭੁਗਤਣ ਲਈ ਤਿਆਰ ਹਾਂ।

ਦਾਸ,
ਰਛਪਾਲ ਸਿੰਘ ਦਿੱਲੀ

***

20 ਸਤੰਬਰ 1984

## ਹੁਕਮਨਾਮਾ

• ਅੱਜ ਮਿਤੀ 20.9.1984 ਨੂੰ ਭਾਈ ਰਛਪਾਲ ਸਿੰਘ ਦਿੱਲੀ ਅਤੇ ਭਾਈ ਕਰਤਾਰ ਸਿੰਘ ਟੱਕਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਸਿੰਘ ਸਾਹਿਬਾਨ ਦੇ ਸਾਹਮਣੇ ਤਨਖਾਹ ਲੁਆਉਣ ਲਈ ਹਾਜ਼ਰ ਹੋਏ। ਇਨ੍ਹਾਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਨਾਮੇ ਦੀ ਕੀਤੀ ਉਲੰਘਣੇ ਅਤੇ ਸਿੰਘ ਸਾਹਿਬਾਨ ਦੀ ਸ਼ਾਨ ਵਿਰੁੱਧ ਵਰਤੇ ਸ਼ਬਦਾਂ ਦੀ ਲਿਖਤੀ ਮੁਆਫੀ ਮੰਗ ਲਈ ਹੈ ਤੇ ਪੰਜ ਸਿੰਘ ਸਾਹਿਬਾਨ ਵਲੋਂ ਲਾਈ ਜਾਣ ਵਾਲੀ ਤਨਖਾਹ ਨੂੰ ਪ੍ਰਵਾਨ ਕਰ ਲਿਆ ਹੈ।

ਇਨ੍ਹਾਂ ਦੋਹਾਂ ਨੂੰ ਹੇਠ ਲਿਖੇ ਅਨਸੁਾਰ ਤਨਖਾਹ ਲਾਈ ਜਾਂਦੀ ਹੈ :

1. ਆਪਣੇ ਨਿਤਨੇਮ ਤੋਂ ਇਲਾਵਾ 21 ਦਿਨਾਂ ਲਈ ਹਰ ਰੋਜ਼ ਇਕ ਪਾਠ ਜਾਪ ਸਾਹਿਬ ਅਤੇ ਇਕ ਪਾਠ ਬੇਨਤੀ ਚੌਪਈ ਦਾ ਕਰਿਆ ਕਰਨ।

2. ਸਥਾਨਕ ਗੁਰਦੁਆਰਾ ਸਾਹਿਬ ਵਿਖੇ ਇਕ ਹਫਤਾ ਸੰਗਤਾਂ ਦੇ ਜੂਠੇ ਬਰਤਨ ਸਾਫ ਕਰਨ ਦੀ ਸੇਵਾ ਕਰਨ।

3. ਸਥਾਨਕ ਗੁਰਦੁਆਰਾ ਸਾਹਿਬ ਵਿਖੇ ਇਕ ਹਫਤਾ ਜੋੜੇ ਸਾਫ ਕਰਨ ਦੀ ਸੇਵਾ ਕਰਨ।

4. ਸਥਾਨਕ ਗੁਰਦੁਆਰਾ ਸਾਹਿਬ ਵਿਖੇ 10 ਦਿਨ ਝਾੜੂ ਫੇਰਨ ਦੀ ਸੇਵਾ ਕਰਨ।

5. ਗੁਰੂ ਦੀ ਗੋਲਕ ਵਿਖੇ 250/- ਰੁਪਏ ਜਮ੍ਹਾਂ ਕਰਵਾ ਕੇ ਰਸੀਦ ਪ੍ਰਾਪਤ ਕਰਨ।

ਉਪਰੋਕਤ ਸਾਰੀਆਂ ਤਨਖ਼ਾਹਾਂ ਪੂਰੀਆਂ ਕਰਨ ਤੋਂ ਬਾਅਦ ਕੜਾਹ ਪ੍ਰਸ਼ਾਦਿ ਦੀ ਦੇਗ ਲੈ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹਾਜ਼ਰ ਹੋ ਕੇ ਗ੍ਰੰਥੀ ਸਿੰਘ ਪਾਸੋਂ ਅਰਦਾਸ ਕਰਵਾਉਣ।

ਦਸਤਖਤ : ਕਿਰਪਾਲ ਸਿੰਘ, ਸਾਹਿਬ ਸਿੰਘ, ਹਰਿਚਰਨ ਸਿੰਘ ਮਹਾਲੋਂ,
ਪ੍ਰੀਤਮ ਸਿੰਘ, ਸੰਤ ਲੱਖਾ ਸਿੰਘ

(ਇਸ ਦੀ ਇਕ-ਇਕ ਕਾਪੀ ਸਾਰੇ ਸਿੰਘ ਸਾਹਿਬਾਨ ਨੂੰ ਦੇ ਦਿੱਤੀ ਗਈ ਹੈ ਅਤੇ ਇਕ ਪੀ.ਏ. ਸਾਹਿਬ ਨੂੰ ਦੇ ਦਿੱਤੀ ਗਈ ਹੈ।)

***

3 ਅਕਤੂਬਰ 1984

ੴ ਵਾਹਿਗੁਰੂ ਜੀ ਕੀ ਫਤਹਿ॥

ਪਰਮ ਸਤਿਕਾਰਯੋਗ ਪਰਮ ਕ੍ਰਿਪਾਲੂ ਸਿੰਘ ਸਾਹਿਬ,
ਗਿਆਨੀ ਕਿਰਪਾਲ ਸਿੰਘ ਜੀ,
ਜਥੇਦਾਰ ਸਾਹਿਬ ਤਖ਼ਤ ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ।

ਬੇਨਤੀ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਅਰਦਾਸ ਲਈ ਮੈਂ 13.10.84 ਨੂੰ ਸਵੇਰੇ ਹਾਜ਼ਰ ਹੋਵਾਂਗਾ, ਆਪ ਜੀ ਨੇ ਗਰੰਥੀ ਸਾਹਿਬ ਜੀ ਨੂੰ ਅਰਦਾਸ ਲਈ ਕਹਿ ਦੇਣਾ। 12.10.84 ਨੂੰ ਸਵੇਰੇ ਆਪ ਜੀ ਵਲੋਂ ਦਿੱਤੀ ਗਈ ਸੇਵਾ ਤੇ ਪਾਠ ਪੂਰਾ ਹੋ ਜਾਣਾ ਹੈ। ਆਪ ਨੇ ਦੱਸਣ ਦੀ ਕ੍ਰਿਪਾਲਤਾ ਕਰਨੀ ਕਿ 251 ਰੁਪਏ ਦਿੱਲੀ ਜਮ੍ਹਾਂ ਕਰਾਉਣੇ ਹਨ

ਜਾਂ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਜਾਂ ਦੋ ਥਾਵੇਂ।

11.9.84 ਅਤੇ 10.9.84 ਨੂੰ ਜੋ ਫੈਸਲੇ ਆਪ ਜੀ ਨੇ ਸਾਡੇ ਲਈ ਸੁਣਾਏ ਹਨ ਜੇ ਉਨ੍ਹਾਂ ਦੀ ਕਾਪੀ ਭੇਜ ਸਕੋ ਤਾਂ ਅਤੀ ਕਿਰਪਾ ਹੋਵੇਗੀ।

ਗੁਰੂ ਪੰਥ ਦਾ ਦਾਸ,
ਰਛਪਾਲ ਸਿੰਘ,
516, ਡਾਕਟਰ ਮੁਕਰਜੀ ਨਗਰ, ਦਿੱਲੀ।

***

*8 ਅਕਤੂਬਰ 1984*

ਜਥੇਦਾਰ ਰਛਪਾਲ ਸਿੰਘ,
ਡਾਕਟਰ ਮੁਕਰਜੀ ਨਗਰ, ਦਿੱਲੀ
ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਹਿ॥

ਆਪ ਦਾ ਪੱਤਰ ਮਿਤੀ 3.10.84 ਇਸ ਦਫਤਰ ਵਿਚ ਅੱਜ ਮਿਤੀ 8.10.1984 ਨੂੰ ਬਾਅਦ ਦੁਪਹਿਰ ਪੁੱਜ ਗਿਆ ਹੈ। ਉੱਤਰ ਵਿਚ ਲਿਖਿਆ ਜਾਂਦਾ ਹੈ ਕਿ ਗਰੰਥੀ ਸਾਹਿਬ ਨੂੰ ਅਰਦਾਸ ਕਰਨ ਲਈ ਕਹਿ ਦਿੱਤਾ ਗਿਆ ਹੈ। 250/-ਰੁਪਏ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਗੋਲਕ ਵਾਸਤੇ ਜਮ੍ਹਾਂ ਕਰਵਾ ਕੇ ਰਸੀਦ ਕਟਵਾਈ ਜਾਵੇ।

11.9.1984 ਤੇ 20.9.1984 ਦੇ ਸਿੰਘ ਸਾਹਿਬਾਨ ਵਲੋਂ ਹੋਏ ਫੈਸਲਿਆਂ ਦੀਆਂ ਕਾਪੀਆਂ ਇਸ ਪੱਤਰਕਾ ਨਾਲ ਨੱਥੀ ਕਰਕੇ ਆਪ ਨੂੰ ਭੇਜੀਆਂ ਜਾਂਦੀਆਂ ਹਨ।

*ਕਿਰਪਾਲ ਸਿੰਘ,*
ਜਥੇਦਾਰ, ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ।

***

*11 ਫਰਵਰੀ 1987*

**ਹੁਕਮ**

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮ ਦਾ ਉਲੰਘਣ ਕਰਕੇ ਜਿਨ੍ਹਾਂ ਧੜਿਆਂ ਦੇ ਮੁਖੀਆਂ ਨੇ ਅਸਤੀਫੇ ਨਹੀਂ ਭੇਜੇ ਉਨ੍ਹਾਂ ਦਲਾਂ ਦੇ ਸਮੂਹ ਅਹੁਦੇਦਾਰਾਂ, ਮੈਂਬਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਐਮ.ਐਲ.ਏਜ਼, ਐਮ.ਪੀਜ਼ ਆਦਿ ਨੂੰ ਆਦੇਸ਼ ਦਿੱਤਾ ਜਾਂਦਾ ਹੈ ਕਿ ਉਹ 14 ਫਰਵਰੀ 1987 ਨੂੰ ਦੁਪਹਿਰ 12-00 ਵਜੇ ਤੀਕ ਸ਼੍ਰੋਮਣੀ ਅਕਾਲੀ ਦਲ ਦੀ ਵਫ਼ਾਦਾਰੀ ਦਾ ਹਲਫਨਾਮਾ ਭਰ ਕੇ ਭੇਜਣ। ਸ੍ਰੀ ਅਕਾਲ ਤਖ਼ਤ ਸਾਹਿਬ ਦਾ ਹੁਕਮ ਨਾ ਮੰਨਣ ਕਾਰਨ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਅਤੇ ਸਿੰਘ ਸਾਹਿਬਾਨ ਵਿਰੁੱਧ ਕੂੜ ਤੇ ਨਿਰਮੂਲ ਪ੍ਰਚਾਰ ਕਰਨ ਲਈ ਦਿੱਲੀ ਦਾ ਰਛਪਾਲ ਸਿੰਘ ਜੋ ਆਪਣੇ ਆਪ ਨੂੰ ਅਕਾਲੀ ਦਲ (ਮਾਸਟਰ) ਦਾ ਪ੍ਰਧਾਨ ਅਖਵਾਉਂਦਾ ਹੈ, ਤਨਖਾਹੀਆ ਕਰਾਰ ਦਿੱਤਾ ਜਾਂਦਾ ਹੈ ਅਤੇ ਆਦੇਸ਼ ਦਿੱਤਾ ਜ਼ਾਂਦਾ ਹੈ ਕਿ ਉਹ 14 ਫਰਵਰੀ 1987 ਨੂੰ ਦੁਪਹਿਰ 12-00 ਵਜੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹਜ਼ੂਰ ਲਿਖਤੀ ਸਪੱਸ਼ਟੀਕਰਨ ਲੈ ਕੇ ਪੇਸ਼ ਹੋਵੇ।

ਦਸਤਖ਼ਤ : ਦਰਸ਼ਨ ਸਿੰਘ, ਪੂਰਨ ਸਿੰਘ,
ਕਸ਼ਮੀਰ ਸਿੰਘ, ਜਸਵੰਤ ਸਿੰਘ, ਸਵਿੰਦਰ ਸਿੰਘ

ਸ੍ਰੀ ਅਕਾਲ ਜੀ ਸਹਾਇ

## ਹੁਕਮਨਾਮਾ ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ

ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਸਿੱਖੀ ਦੇ ਵਾਧੇ ਲਈ ਤੇ ਪੰਥਕ ਹਿਤਾਂ ਨੂੰ ਸਨਮੁੱਖ ਰੱਖ ਕੇ ਸਿੱਖ ਕੌਮ ਵਿਚ ਪਈ ਫੁੱਟ ਤੇ ਦੁਫੇੜ ਖਤਮ ਕਰਨ ਅਤੇ ਜਥੇਬੰਦਕ ਏਕਤਾ ਦੇ ਮਨੋਰਥ ਨਾਲ ਸ਼੍ਰੋਮਣੀ ਅਕਾਲੀ ਦਲ ਦੇ ਵੱਖ-ਵੱਖ ਧੜਿਆਂ ਦੇ ਪ੍ਰਧਾਨਾਂ ਨੂੰ ਅਹੁਦੇ ਤਿਆਗਣ ਦਾ ਆਦੇਸ਼ ਜਾਰੀ ਕੀਤਾ ਗਿਆ ਸੀ, ਜਿਸ ਨੂੰ ਮੰਨਣ ਤੋਂ ਦਿੱਲੀ ਦਾ ਰਛਪਾਲ ਸਿੰਘ ਇਨਕਾਰੀ ਹੋਇਆ।

ਇਸ 'ਤੇ 11 ਫਰਵਰੀ 1987 ਨੂੰ ਜਾਰੀ ਕੀਤੇ ਹੁਕਮ ਅਨੁਸਾਰ ਰਛਪਾਲ ਸਿੰਘ ਤਨਖਾਹੀਆ ਕਰਾਰ ਦਿੱਤਾ ਗਿਆ ਸੀ ਅਤੇ ਉਹ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹਜ਼ੂਰ 14 ਫਰਵਰੀ 1987 ਦੁਪਹਿਰ 12-00 ਵਜੇ ਲਿਖਤੀ ਸਪੱਸ਼ਟੀਕਰਨ ਲੈ ਕੇ ਆਪ ਹਾਜ਼ਰ ਹੋਣ ਦੇ ਹੁਕਮ ਦੀ ਉਲੰਘਣਾ ਦਾ ਦੋਸ਼ੀ ਹੈ।

ਸ੍ਰੀ ਅਕਾਲ ਤਖ਼ਤ ਸਾਹਿਬ ਦੀ ਹਸਤੀ ਤੇ ਅਧਿਕਾਰ ਨੂੰ ਚੁਣੌਤੀ ਦੇਣ ਲਈ ਜੋ ਕੂੜਪ੍ਰਚਾਰ ਸਰਕਾਰੀ ਸਾਧਨਾਂ ਰਾਹੀਂ ਆਰੰਭਿਆ ਹੈ, ਰਛਪਾਲ ਸਿੰਘ ਦਿੱਲੀ ਸਰਕਾਰ ਵਲੋਂ ਉਸਦਾ ਮੋਹਰੀ ਹੋਣ ਦਾ ਦੋਸ਼ੀ ਹੈ।

"ਸਤਿਗੁਰੁ ਸਾਹਿਬੁ ਛਡਿ ਕੈ ਮਨਮੁਖੁ ਹੋਇ ਬੰਦੇ ਦਾ ਬੰਦਾ"

ਇਸ ਤੋਂ ਪਹਿਲਾਂ ਵੀ ਉਹ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਅਵੱਗਿਆ ਕਰਨ ਦੀ ਭੁੱਲ ਬਖਸ਼ਵਾ ਕੇ ਤਨਖਾਹ ਭੁਗਤ ਚੁੱਕਾ ਹੈ।

ਹੁਣ ਪ੍ਰਮਾਣਤ ਹੈ ਕਿ ਦਿੱਲੀ ਦਾ ਰਛਪਾਲ ਸਿੰਘ :

1. ਆਪਣੇ ਧੜੇ ਦੀ ਪ੍ਰਧਾਨਗੀ ਤੋਂ ਅਸਤੀਫਾ ਨਾ ਦੇ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮ ਉਲੰਘਣ ਦਾ ਦੋਸ਼ੀ ਹੈ।

2. ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਬਉੱਚਤਾ ਤੇ ਅਧਿਕਾਰ ਘਟਾਉਣ ਅਤੇ ਸਿੰਘ ਸਾਹਿਬਾਨ ਦੀ ਮਾਨਹਾਨੀ ਕਰਨ ਦਾ ਦੋਸ਼ੀ ਹੈ।

3. ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਪੇਸ਼ ਹੋਣ ਤੇ ਇਨਕਾਰੀ ਹੋ ਕੇ ਹੁਕਮ ਉਲੰਘਣ ਦਾ ਦੋਸ਼ੀ ਹੈ। ਆਪਣੇ ਧੜੇ ਦੀ ਹੋਂਦ ਤੇ ਪ੍ਰਧਾਨਗੀ ਕਾਇਮ ਰੱਖ ਕੇ ਦਿੱਲੀ ਸਰਕਾਰ ਦੀ ਖੁਸ਼ਨੂਦੀ ਲੈਣ ਲਈ ਸਿੱਖਾਂ ਵਿਚ ਫੁੱਟ ਤੇ ਦੁਫੇੜ ਪਾਉਣ ਦਾ ਘੋਰ ਅਪਰਾਧ ਕਮਾ ਰਿਹਾ ਹੈ ਅਤੇ ਗੁਰੂ ਪੰਥ ਤੋਂ ਬੇਮੁੱਖ ਹੋ ਚੁੱਕਾ ਹੈ।

"ਨਾਨਕ ਮਨਮੁਖਾ ਨਾਲੋਂ ਤੁਟੀ ਭਲੀ ਜਿਨ ਮਾਇਆ ਮੋਹ ਪਿਆਰੁ॥"

ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮੋਹਰ ਅਧਿਕਾਰ ਹੇਠ ਰਛਪਾਲ ਸਿੰਘ ਨੂੰ ਪੰਥ ਵਿਚੋਂ ਖਾਰਜ ਕੀਤਾ ਜਾਂਦਾ ਹੈ। ਸਮੂਹ ਸਿੰਘ ਮਾਈ ਭਾਈ ਨੂੰ ਹੁਕਮ ਹੈ ਕਿ ਉਹ ਦਿੱਲੀ ਦੇ ਰਛਪਾਲ ਸਿੰਘ ਨਾਲ ਰੋਟੀ-ਬੇਟੀ ਦੀ ਸਾਂਝ ਨਾ ਰੱਖਣ, ਪੰਥਕ ਸਟੇਜ ਤੋਂ ਨਾ ਬੋਲਣ ਦਿੱਤਾ ਜਾਵੇ, ਹਰ ਯੋਗ ਤਰੀਕੇ ਨਾਲ ਵਿਰੋਧ ਕੀਤਾ ਜਾਵੇ, ਕੋਈ ਮਿਲਵਰਤਣ ਤੇ ਸਹਿਯੋਗ ਨਾ ਕਰਨ। ਜੋ ਕੋਈ ਹੁਕਮ ਦੀ ਉਲੰਘਣਾ ਕਰੇਗਾ ਪੰਥ ਦਾ ਦੋਖੀ ਹੋਵੇਗਾ।

ਇਹ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਹੁਕਮਨਾਮਾ ਹੈ,

ਜੋ ਮੰਨੇਗਾ ਨਿਹਾਲ ਹੋਵੇਗਾ ਅਤੇ ਸਤਿਗੁਰੂ ਉਸ ਦੇ ਹਲਤ ਪਲਤ ਸਹਾਈ ਹੋਣਗੇ।

ਦਸਤਖਤ : ਦਰਸ਼ਨ ਸਿੰਘ, ਪੂਰਨ ਸਿੰਘ, ਕਸ਼ਮੀਰ ਸਿੰਘ, ਜਸਵੰਤ ਸਿੰਘ, ਸਵਿੰਦਰ ਸਿੰਘ

ਮਿਤੀ 3 ਫਗਣ ਸੰਮਤ ਨਾਨਕਸ਼ਾਹੀ 518,
ਤਥਾ ਸੰਮਤ ਬਿਕਰਮੀ 2033,

***

## ਗੁਨਾਹ ਦਾ ਇਕਬਾਲ

*24 ਮਈ 1994*

ੴ ਵਾਹਿਗੁਰੂ ਜੀ ਕੀ ਫਤਹਿ

ਮੈਂ ਰਛਪਾਲ ਸਿੰਘ, ਅੱਜ ਮੀਰੀ ਪੀਰੀ ਦੇ ਦਾਤੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਾਜੇ ਪਾਵਨ ਤਖ਼ਤ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹਾਜ਼ਰ ਹੋ ਕੇ ਗੁਰੂ ਸੰਗਤਾਂ ਦੀ ਹਜ਼ੂਰੀ ਵਿਚ ਇਹ ਇਕਬਾਲ ਕਰਦਾ ਹਾਂ ਕਿ ਮੈਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮ ਨੂੰ ਨਾ ਮੰਨਣ ਦਾ ਦੋਸ਼ੀ ਹਾਂ। ਮੈਂ ਜਾਤੀ ਗਰਜ਼ਾਂ ਕਰਕੇ, ਹਉਮੈ ਹੰਕਾਰ ਅੰਦਰ ਗ੍ਰਸਤ ਹੋ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਹੁਕਮ-ਅਦੂਲੀ ਕੀਤੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬ, ਬਾਕੀ ਸਿੰਘ ਸਾਹਿਬਾਨਾਂ ਦੇ ਪ੍ਰਤੀ ਅਪਮਾਨਜਨਕ ਸ਼ਬਦ ਬੋਲ ਕੇ ਘੋਰ ਨਿਰਾਦਰ ਕੀਤਾ। ਮੈਂ ਆਪਣੇ ਸਾਰੇ ਗੁਨਾਹ ਸਵੀਕਾਰ ਕਰਦਾ ਹੋਇਆ ਨਿਮਾਣੇ ਸਿੱਖ ਵਜੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਗੁਰੂ ਖਾਲਸਾ ਪੰਥ ਅੱਗੇ ਜੋਦੜੀ ਕਰਦਾ ਹਾਂ ਕਿ ਮੈਂ ਗੁਨਾਹਗਾਰ ਹਾਂ, ਮੈਂ ਗੁਨਾਹਗਾਰ ਹਾਂ, ਮੈਨੂੰ ਬਖਸ਼ ਦਿੱਤਾ ਜਾਵੇ, ਮੈਨੂੰ ਬਖਸ਼ ਦਿੱਤਾ ਜਾਵੇ। ਅੱਗੇ ਤੋਂ ਮੈਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਾਣ ਮਰਯਾਦਾ ਅਤੇ ਪੰਜ ਸਿੰਘ ਸਾਹਿਬਾਨ ਦੇ ਹਰ ਹੁਕਮ ਅੱਗੇ ਸਿਰ ਝੁਕਾਵਾਂਗਾ ਅਤੇ ਤਨ ਮਨ ਤੋਂ ਹਰ ਪੱਖ ਤੋਂ ਅਦਬ ਸਤਿਕਾਰ ਕਾਇਮ ਰੱਖਾਂਗਾ।

*ਰਛਪਾਲ ਸਿੰਘ*

***

*10 ਮਈ 1994*

## ਗੁਰਮਤਾ

ਰਛਪਾਲ ਸਿੰਘ,

1. ਤੁਸੀਂ ਆਪਣਾ ਧੜਾ, ਜਿਸ ਦੇ ਨਾਲ ਮਿਲ ਕੇ ਤੁਸੀਂ ਪੰਥ ਵਿਰੋਧੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਜਥੇਦਾਰ ਸਾਹਿਬਾਨ ਦੇ ਵਿਰੁੱਧ ਕਾਰਵਾਈਆਂ ਕਰਦੇ ਰਹੇ ਹੋ, ਉਸ ਨੂੰ ਬਿਨਾਂ ਦੇਰੀ ਤੋਂ ਭੰਗ ਕਰਕੇ ਪੰਥਕ ਮੁਖ ਧਾਰਾ ਵਿਚ ਸ਼ਾਮਲ ਹੋਇਆ ਜਾਵੇ।

2. ਅੱਜ ਤੋਂ ਬਾਅਦ ਕੋਈ ਵੀ ਐਸੀ ਰਾਜਸੀ ਜਾਂ ਹੋਰ ਸਰਗਰਮੀ ਸਿੱਧੇ ਜਾਂ ਅਸਿੱਧੇ ਤੌਰ 'ਤੇ ਨਹੀਂ ਕਰਨੀ, ਜਿਸ ਨਾਲ ਗੁਰੂ ਪੰਥ ਨੂੰ ਨਮੋਸ਼ੀ ਅਥਵਾ ਅਪਮਾਨ ਦਾ ਸਾਹਮਣਾ ਕਰਨਾ ਪਵੇ।

3. ਬਾਕੀ ਰਹਿੰਦੀ ਜ਼ਿੰਦਗੀ ਮਨ, ਬਚਨ, ਕਰਮ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ

ਅਤੇ ਗੁਰੂ ਪੰਥ ਦਾ ਸੇਵਕ ਬਣ ਕੇ ਸੇਵਾ ਨਿਭਾਉਣੀ ਹੋਵੇਗੀ।

4. ਪਿਛਲੀਆਂ ਭੁੱਲਾਂ ਦੀ ਪਸ਼ਚਾਤਾਪ ਭਾਵਨਾ ਵਜੋਂ ਰੋਜ਼ਾਨਾ ਇਕ ਘੰਟਾ ਇਕ ਹਫਤੇ ਲਈ ਸ੍ਰੀ ਹਰਿਮੰਦਰ ਸਾਹਿਬ ਵਿਖੇ ਕੀਰਤਨ ਸੁਣਨਾ ਹੋਵੇਗਾ।

5. ਰੋਜ਼ਾਨਾ ਇਕ ਘੰਟਾ ਇਕ ਹਫਤੇ ਲਈ ਜੋੜੇ ਝਾੜਨ ਦੀ ਸੇਵਾ ਕਰਨੀ।

6. ਰੋਜ਼ਾਨਾ ਇਕ ਘੰਟਾ ਇਕ ਹਫਤੇ ਲਈ ਗੁਰੂ ਕੇ ਲੰਗਰ ਵਿਚ ਭਾਂਡੇ ਮਾਂਜਣ ਦੀ ਸੇਵਾ ਕਰਨੀ।

7. ਉਪਰੋਕਤ ਸਾਰੀ ਸੇਵਾ ਦੋ ਹਫਤੇ ਲਈ ਦਿੱਲੀ ਦੇ ਦੋ ਇਤਿਹਾਸਕ ਗੁਰਦਆਰਾ ਸਾਹਿਬਾਨ ਵਿਖੇ ਨਿਭਾਉਣੀ।

8. ਇਹ ਸਾਰੀ ਸੇਵਾ ਸਮਾਪਤ ਹੋਣ ਉਪਰੰਤ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸ੍ਰੀ ਅਖੰਡਪਾਠ ਕਰਵਾਉਣਾ।

9. ਸ੍ਰੀ ਅਖੰਡ ਪਾਠ ਸਾਹਿਬ ਦੀ ਸਮਾਪਤੀ ਉਪਰੰਤ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਆਪਣੀਆਂ ਪਿਛਲੀਆਂ ਭੁੱਲਾਂ ਦੀ ਖਿਮਾ ਜਾਚਨਾ ਅਤੇ ਭਵਿੱਖ ਵਿਚ ਗੁਰੂ ਦਾ ਨਿਰਮਲ ਭੈਅ ਅਤੇ ਬਿਬੇਕ ਬੁਧੀ ਦੀ ਪ੍ਰਾਪਤੀ ਲਈ ਸੰਗਤ ਵਿਚ 1100/- ਦੀ ਦੇਗ ਸਹਿਤ ਹਾਜ਼ਰ ਹੋ ਕੇ ਅਰਦਾਸ ਕਰਵਾਉਣੀ।

ਦਸਤਖਤ : ਮਨਜੀਤ ਸਿੰਘ, ਮੋਹਣ ਸਿੰਘ, ਕੇਵਲ ਸਿੰਘ,
ਜੋਗਿੰਦਰ ਸਿੰਘ ਵੇਦਾਂਤੀ, ਭਗਵਾਨ ਸਿੰਘ

***

*2 ਜੂਨ 1994*

## ਸਮੁੱਚੇ ਸਿੱਖ ਪੰਥ ਦੇ ਨਾਂਅ ਸੰਦੇਸ਼

1. ਰਛਪਾਲ ਸਿੰਘ ਨਾਂਅ ਦਾ ਵਿਅਕਤੀ ਮਿਤੀ 14 ਫਰਵਰੀ 1987 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੰਜ ਸਿੰਘ ਸਾਹਿਬਾਨ ਵਲੋਂ ਸਿੱਖ ਪੰਥ ਵਿਚੋਂ ਖਾਰਜ ਕੀਤਾ ਗਿਆ ਸੀ। ਪੰਥ ਵਿਚੋਂ ਖਾਰਜ ਕਰਨ ਦਾ ਕਾਰਨ ਹੇਠ ਲਿਖਿਆ ਸੀ :

1. ਆਪਣੇ ਧੜੇ ਦੀ ਪ੍ਰਧਾਨਗੀ ਤੋਂ ਅਸਤੀਫਾ ਨਾ ਦੇ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮ ਉਲੰਘਣ ਦਾ ਦੋਸ਼ੀ ਹੈ।

2. ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਬਉੱਚਤਾ ਤੇ ਅਧਿਕਾਰ ਘਟਾਉਣ ਅਤੇ ਸਿੰਘ ਸਾਹਿਬਾਨ ਦੀ ਮਾਨਹਾਨੀ ਕਰਨ ਦਾ ਦੋਸ਼ੀ ਹੈ।

3. ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਪੇਸ਼ ਹੋਣ 'ਤੇ ਇਨਕਾਰੀ ਹੋ ਕੇ ਹੁਕਮ ਉਲੰਘਣ ਦਾ ਦੋਸ਼ੀ ਹੈ। ਆਪਣੇ ਧੜੇ ਦੀ ਹੋਂਦ ਤੇ ਪ੍ਰਧਾਨਗੀ ਕਾਇਮ ਰੱਖ ਕੇ ਦਿੱਲੀ ਸਰਕਾਰ ਦੀ ਖੁਸ਼ਨੂਦੀ ਲੈਣ ਲਈ ਸਿੱਖਾਂ ਵਿਚ ਫੁੱਟ ਤੇ ਦੁਫੇੜ ਪਾਉਣ ਦਾ ਘੋਰ ਅਪਰਾਧ ਕਮਾ ਰਿਹਾ ਹੈ ਅਤੇ ਗੁਰੂ ਪੰਥ ਤੋਂ ਬੇਮੁੱਖ ਹੋ ਚੁੱਕਾ ਹੈ।

ਸੱਤ ਸਾਲ ਤੋਂ ਪਿਛੋਂ ਇਸ ਨੇ ਆਪਣੇ ਆਪ ਨੂੰ ਸਿੱਖ ਪੰਥ ਵਿਚ ਸ਼ਾਮਲ ਕਰਨ ਲਈ ਮਿਤੀ 10 ਮਈ ਨੂੰ ਬੇਨਤੀ ਪੱਤਰ ਲਿਖਿਆ ਸੀ, ਜਿਸ ਵਿਚ ਇਸ ਨੇ ਲਿਖਿਆ ਸੀ ਕਿ ਮੈਂ ਸਿੰਘ ਸਾਹਿਬਾਨ ਦੇ ਹਰ ਹੁਕਮ ਦਾ ਪਾਲਣ ਕਰਾਂਗਾ।

ਰਛਪਾਲ ਸਿੰਘ ਦੇ ਇਸ ਬੇਨਤੀ ਪੱਤਰ ਨੂੰ ਧਿਆਨ ਵਿਚ ਰਖਦਿਆਂ ਪੰਜ ਸਿੰਘ

ਸਾਹਿਬਾਨ ਨੇ ਵਿਚਾਰ-ਵਟਾਂਦਰਾ ਕੀਤਾ ਅਤੇ ਇਸ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਤਲਬ ਕੀਤਾ। ਇਸ ਦੀਆਂ ਪਿਛਲੀਆਂ ਪੰਥ ਵਿਰੋਧੀ ਸਰਗਰਮੀਆਂ ਬਾਰੇ ਸਪੱਸ਼ਟੀਕਰਨ ਲਿਆ ਗਿਆ। ਇਸ ਪਿਛੋਂ ਇਸ ਕੋਲੋਂ ਪੁੱਛਿਆ ਗਿਆ ਕਿ ਪੰਜ ਸਿੰਘ ਸਾਹਿਬਾਨ ਵਲੋਂ ਜੋ ਵੀ ਹੁਕਮ ਲਾਇਆ ਗਿਆ ਉਹ ਪ੍ਰਵਾਨ ਕਰੋਗੇ ਤਾਂ ਇਸ ਨੇ ਪ੍ਰਵਾਨ ਕਰਨ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਵਚਨਬੱਧਤਾ ਪ੍ਰਗਟਾਈ। ਇਸ ਉਪਰੰਤ ਸਿੰਘ ਸਾਹਿਬਾਨ ਨੇ ਜਿੰਨੀ ਕੁ ਬੁਧੀ ਗੁਰੂ ਨੇ ਬਖਸ਼ਿਸ਼ ਕੀਤੀ, ਗੁਰੂ ਭੈ ਵਿਚ ਰਹਿੰਦਿਆਂ ਸਰਬ-ਸੰਮਤੀ ਨਾਲ ਫੈਸਲਾ ਲਿਆ, ਜਿਹੜਾ ਰਛਪਾਲ ਸਿੰਘ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਜੁੜ ਬੈਠੀ ਸੰਗਤ ਦੀ ਹਾਜ਼ਰੀ ਵਿਚ ਪ੍ਰਵਾਨ ਕੀਤਾ।

ਪਿਛਲੇ ਦਿਨੀਂ ਪੰਜ ਦਿਨ ਦਿੱਲੀ ਵਿਖੇ ਇਸ ਵਿਅਕਤੀ ਨੇ ਇਸ ਆਦੇਸ਼ ਦੀ ਪਾਲਣਾ ਬਿਨਾਂ ਹੀਲ-ਹੁੱਜਤ ਦੇ ਕੀਤੀ ਪਰ ਉਸ ਪਿਛੋਂ ਇਸ ਦੀ ਬੁੱਧੀ ਦੇ ਭ੍ਰਿਸ਼ਟ ਹੋ ਜਾਣ ਕਾਰਨ ਇਹ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਗੁਰੂ ਸਾਹਿਬ ਅਤੇ ਗੁਰੂ ਸੰਗਤ ਦੀ ਹਜ਼ੂਰੀ ਵਿਚ ਕੀਤੇ ਪ੍ਰਣ ਤੋਂ ਬੇਮੁੱਖ ਹੋ ਗਿਆ।

ਗੁਰੂ ਸਵਾਰੇ ਖਾਲਸਾ ਜੀਓ!

ਇਹ ਵਿਅਕਤੀ ਪਹਿਲਾਂ ਵੀ ਪੰਥ ਵਿਰੋਧੀ ਸਰਗਰਮੀਆਂ ਕਾਰਨ ਸਿੱਖ ਸੰਗਤਾਂ ਵਿਚ ਬਦਨਾਮ ਸੀ। ਸਿੰਘ ਸਾਹਿਬਾਨ ਨੇ ਫਿਰ ਵੀ ਗੁਰੂ ਹੁਕਮ ਕਿ "ਗੁਰੂ ਸ਼ਰਣ ਆਏ ਨੂੰ ਬਖਸ਼ਣ ਸਮੇਂ ਹੱਠ ਨਹੀਂ ਕਰਨਾ" ਦੀ ਪਾਲਣਾ ਕਰਦਿਆਂ ਇਸ ਦੇ ਪਿਛਲੇ ਕੁਕਰਮਾਂ ਅਤੇ ਉਸ ਸਮੇਂ ਦੇ ਸਿੰਘ ਸਾਹਿਬਾਨ ਵਲੋਂ ਲਏ ਫੈਸਲਿਆਂ ਨੂੰ ਧਿਆਨ ਵਿਚ ਰਖਦਿਆਂ ਇਹ ਆਦੇਸ਼ ਜਾਰੀ ਕੀਤਾ ਸੀ। ਜਿਸ ਨੂੰ ਨਾ ਮੰਨ ਕੇ ਇਹ ਵਿਅਕਤੀ ਗੁਰੂ ਅਤੇ ਪੰਥ ਵੱਲੋਂ ਫਿਟਕਾਰਿਆ ਗਿਆ ਹੈ।

ਗੁਰੂ ਹੁਕਮ ਹੈ:

ਧੁਰਿ ਮਾਰੇ ਪੂਰੇ ਸਤਿਗੁਰੂ ਸੇਈ ਹੁਣਿ ਸਤਿਗੁਰਿ ਮਾਰੇ॥
ਜੇ ਮੇਲਣ ਨੋ ਬਹੁਤੇਰਾ ਲੋਚੀਐ, ਨ ਦੇਈ ਮਿਲਣ ਕਰਤਾਰੇ॥
ਸਤ ਸੰਗਤਿ ਢੋਈ ਨ ਲਹਨਿ, ਵਿਚਿ ਸੰਗਤਿ ਗੁਰਿ ਵੀਚਾਰੇ॥
ਕੋਈ ਜਾਇ ਮਿਲੈ ਹੁਣਿ ਓਨਾ ਨੋ, ਤਿਸੁ ਮਾਰੇ ਜਮੁ ਜੰਦਾਰੇ॥ (ਗਉੜੀ ਮ: ੪)

ਸੋ ਗੁਰੂ ਹੁਕਮ ਅਨੁਸਾਰ ਸਮੁੱਚੀ ਸਿੱਖ ਸੰਗਤ ਪ੍ਰਤੀ ਇਹ ਸੰਦੇਸ਼ ਹੈ ਕਿ ਇਸ ਗੁਰੂ ਫਿਟਕੇ ਬੇਮੁਖ ਵਿਅਕਤੀ ਨੂੰ ਮੂੰਹ ਨਾ ਲਾਉਣ। ਸਾਰੀਆਂ ਗੁਰੂ ਨਾਨਕ ਨਾਮ ਲੇਵਾ ਸੰਗਤਾਂ, ਸਿੱਖ ਜਥੇਬੰਦੀਆਂ ਇਸ ਨੂੰ ਕਿਸੇ ਵੀ ਧਾਰਮਕ ਜਾਂ ਪੰਥਕ ਸਰਗਰਮੀ ਵਿਚ ਕਿਸੇ ਵੀ ਅਸਥਾਨ 'ਤੇ ਸ਼ਾਮਲ ਨਾ ਹੋਣ ਦੇਣ। ਪਹਿਲੇ ਸਿੰਘ ਸਾਹਿਬਾਨ ਦੇ ਫੈਸਲੇ ਨੂੰ ਬਰਕਰਾਰ ਰੱਖਦਿਆਂ ਇਸ ਦੀ ਹਰ ਪੰਥਕ ਸਟੇਜ ਤੋਂ ਨਿਖੇਧੀ ਕਰਕੇ ਸਖਤੀ ਨਾਲ ਛੇਕ ਦਿੱਤਾ ਜਾਵੇ। ਇਸ ਨਾਲ ਹਰ ਤਰ੍ਹਾਂ ਦੀ ਰੋਟੀ ਬੇਟੀ ਦੀ ਸਾਂਝ ਤੋੜ ਦਿੱਤੀ ਜਾਵੇ। ਇਸ ਵਿਅਕਤੀ ਦੇ ਨਾਲ ਦੇ ਕੁਝ ਕੁ ਸੰਸਾਰਕ ਬਿਰਤੀਆਂ ਵਾਲੇ ਟੁੱਕੜਬੋਚ ਗੁਰੂ ਦੋਖੀਆਂ ਨੂੰ ਵੀ ਚਿਤਾਵਨੀ ਹੈ ਕਿ ਉਹ ਆਪਣੀਆਂ ਪੰਥ ਵਿਰੋਧੀ ਬਿਆਨਬਾਜ਼ੀਆਂ ਅਤੇ ਸਰਗਰਮੀਆਂ ਤੋਂ ਬਾਜ਼ ਆ ਜਾਣ, ਨਹੀਂ ਤਾਂ ਗੁਰੂ ਪੰਥ ਦੀ ਕਰੋਪੀ ਤੋਂ ਕਿਸੇ ਤਰ੍ਹਾਂ ਵੀ ਬਚ ਨਹੀਂ ਸਕਣਗੇ।

ਦਸਤਖਤ : ਮਨਜੀਤ ਸਿੰਘ, ਮੋਹਣ ਸਿੰਘ,

ਕੇਵਲ ਸਿੰਘ, ਜੋਗਿੰਦਰ ਸਿੰਘ ਵੇਦਾਂਤੀ, ਭਗਵਾਨ ਸਿੰਘ

***

*19 ਜਨਵਰੀ 1997*

ੴ ਵਾਹਿਗੁਰੂ ਜੀ ਕੀ ਫਤਹਿ।

ਪਰਮ ਸਤਿਕਾਰਯੋਗ ਪਰਮ ਕਿਰਪਾਲੂ ਸਿੰਘ ਸਾਹਿਬ,

ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ।

ਸ੍ਰੀਮਾਨ ਜੀ, ਜਥੇਦਾਰ ਰਣਜੀਤ ਸਿੰਘ ਜੀਓ।

ਬੇਨਤੀ ਹੈ ਕਿ ਆਪ ਜੀ ਨੂੰ ਬਹੁਤ-ਬਹੁਤ ਵਧਾਈ ਹੋਵੇ ਜੋ ਆਪ ਜੀ ਅਕਾਲ ਤਖ਼ਤ ਸਾਹਿਬ ਦੀ ਇਸ ਮਹਾਨ ਪਦਵੀ 'ਤੇ ਸੁਸ਼ੋਭਿਤ ਹੋਏ ਹੋ। ਆਪ ਜੀ ਦੇ ਇਸ ਪਦਵੀ 'ਤੇ ਆਉਣ ਨਾਲ ਇਸ ਪਦਵੀ ਦੀ ਸ਼ਾਨ ਹੋਰ ਉੱਚੀ ਹੋਈ ਹੈ। ਜਿਥੇ ਕਰੋੜਾਂ ਗੁਰੂ ਨਾਨਕ ਨਾਮ ਲੇਵਾ ਨੂੰ ਆਪ ਜੀ ਦੇ ਇਸ ਪਦਵੀ 'ਤੇ ਸੁਸ਼ੋਭਿਤ ਹੋਣ ਨਾਲ ਖੁਸ਼ੀ ਹੋਈ ਹੈ ਉਥੇ ਮੈਂ ਵੀ ਉਹ ਖੁਸ਼ੀ ਬਿਆਨ ਨਹੀਂ ਕਰ ਸਕਦਾ ਜੋ ਮੈਨੂੰ ਹੋਈ ਹੈ।

ਸਿੰਘ ਸਾਹਿਬ ਜੀਓ,

ਮੈਂ ਬੜੀ ਦੇਰ ਤੋਂ ਅਰਦਾਸ ਕੀਤੀ ਹੋਈ ਹੈ ਕਿ ਸਤਿਗੁਰੂ ਸੱਚੇ ਪਾਤਸ਼ਾਹ ਕਦੇ ਮੇਰ ਪਾਸੋਂ ਪੰਥ ਨਾਲ ਗਦਾਰੀ ਨਾ ਕਰਾਉਣ ਜੇ ਕਿਤੇ ਪੁਰਾਣੇ ਕਰਮਾਂ ਕਰਕੇ ਗਦਾਰੀ ਮੇਰੇ ਮੱਥ 'ਤੇ ਲਿਖੀ ਹੋਈ ਹੈ ਤਾਂ ਉਹ ਗ਼ਦਾਰੀ ਤੋਂ ਇਕ ਮਿੰਟ ਪਹਿਲੇ ਹੀ ਸੰਸਾਰ ਤੋਂ ਚੁੱਕ ਲੈਣ।

ਮੈਂ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦਾ ਪੂਰਾ-ਪੂਰਾ ਸਤਿਕਾਰ ਕਰਦਾ ਹਾਂ ਅਤੇ ਇਸ ਦੇ ਹਰ ਹੁਕਮ 'ਤੇ ਸਿਰ ਨਿਵਾਉਂਦਾ ਹਾਂ। ਜੇ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਨਜ਼ਰ ਵਿਚ ਪਿਛਲੇ ਸਮੇਂ ਵਿਚ ਜਾਣੇ ਜਾਂ ਅਣਜਾਣੇ ਵਿਚ ਮੇਰੇ ਪਾਸੋਂ ਭੁੱਲ ਹੋ ਗਈ ਹੈ ਤਾਂ ਮੈਂ ਉਸ ਦੀ ਮੁਆਫੀ ਮੰਗਦਾ ਹਾਂ।

ਆਸ ਹੈ ਕਿ ਆਪ ਜੀ ਮੁਆਫ ਕਰ ਦਿਓਗੇ। ਮਨੁੱਖ ਭੁੱਲਣਹਾਰ ਹੈ, ਮੇਰੇ ਪਾਸੋਂ ਵੀ ਕਈ ਭੁੱਲਾਂ ਹੋ ਗਈਆਂ ਹਨ, ਆਪ ਬਖਸ਼ਣਹਾਰ ਹੋ।

ਆਪ ਜੀ 'ਤੇ ਪੂਰਾ-ਪੂਰਾ ਮਾਣ ਹੈ ਕਿ ਮੇਰੇ ਨਾਲ ਇਨਸਾਫ ਕਰੋਗੇ। ਮੈਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹਰ ਹੁਕਮ ਨੂੰ ਮੰਨਣ ਲਈ ਤਿਆਰ ਹਾਂ ਅਤੇ ਪੰਥ ਦੇ ਹਿੱਤ ਵਿਚ ਹਰ ਕੰਮ ਲਈ ਤਿਆਰ ਹਾਂ।

ਗੁਰੂ ਪੰਥ ਦਾ ਦਾਸ,<br>
***ਰਛਪਾਲ ਸਿੰਘ***<br>
10, ਜਮਨਾ ਮਾਰਗ,<br>
ਸਿਵਲ ਲਾਇਨ ਦਿੱਲੀ-110054.

***

*22 ਅਪ੍ਰੈਲ 1997*

ੴ ਵਾਹਿਗੁਰੂ ਜੀ ਕੀ ਫਤਹਿ॥

ਪਰਮ ਸਤਿਕਾਰਯੋਗ ਪਰਮ ਕਿਰਪਾਲੂ ਸਿੰਘ ਸਾਹਿਬ ਜੀ,

ਜਥੇਦਾਰ, ਸ੍ਰੀ ਅਕਾਲ ਤਖ਼ਤ ਸਾਹਿਬ ਜੀ, ਅੰਮ੍ਰਿਤਸਰ।

ਭਾਈ ਸਾਹਿਬ ਭਾਈ ਰਣਜੀਤ ਸਿੰਘ ਜੀਓ,

ਬੇਨਤੀ ਹੈ ਕਿ ਆਪ ਜੀ ਦਾ ਹੁਕਮਨਾਮਾ ਮਿਲਿਆ ਜਿਸ ਵਿਚ ਆਪ ਜੀ ਨੇ ਦਾਸ ਨੂੰ 22 ਅਪ੍ਰੈਲ ਨੂੰ 11 ਵਜੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਹਾਜ਼ਰ ਹੋ ਕੇ ਲਿਖਤੀ ਰੂਪ ਵਿਚ ਸਪੱਸ਼ਟੀਕਰਨ ਦੇਣ ਲਈ ਫ਼ੁਰਮਾਇਆ ਹੈ ਕਿ ਜੋ ਤੁਹਾਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸਜ਼ਾ ਮਿਲੀ ਉਹ ਅਧੂਰੀ ਕਿਉਂ ਛੱਡੀ।

ਸ੍ਰੀਮਾਨ ਸਤਿਕਾਰਯੋਗ ਸਿੰਘ ਸਾਹਿਬ ਜੀਓ,

ਆਪ ਜੀ ਦੇ ਹੁਕਮ ਅਨੁਸਾਰ ਅੱਜ 22.4.1997 ਦਿਨ ਮੰਗਲਵਾਰ ਸਵੇਰੇ 11 ਵਜੇ ਦਾਸ ਸਿੱਖ ਪੰਥ ਦੀ ਸਰਬਉੱਚ ਅਦਾਲਤ ਸਾਹਮਣੇ ਹਾਜ਼ਰ ਹੋਇਆ ਹੈ।

ਆਪ ਜੀ ਜੈਸੇ ਸੂਝਵਾਨ, ਬੁਧੀਮਾਨ, ਹਰ ਪ੍ਰਕਾਰ ਦਾ ਗਿਆਨ ਤੇ ਸੋਝੀ ਰੱਖਣ ਵਾਲੇ ਅਤੇ ਦਸਮੇਸ਼ ਪਿਤਾ ਜੀ ਦੇ ਗੁਰਸਿੱਖ ਕੁਰਬਾਨੀ ਦੇ ਪੁੰਜ ਨੂੰ ਸੇਵਕ ਕਿਤੇ ਸਪੱਸ਼ਟੀਕਰਨ ਦੇਣ ਦੀ ਜੁਰਅਤ ਕਰ ਸਕਦਾ ਹੈ? ਮੈਂ ਪਹਿਲਾਂ ਵੀ ਭੁੱਲਣਹਾਰ ਸਾਂ ਤੇ ਹੁਣ ਵੀ ਭੁੱਲਣਹਾਰ ਹਾਂ, ਆਪ ਜੀ ਦੇ ਹੁਕਮ ਦਾ ਸਤਿਕਾਰ ਸਹਿਤ ਆਦਰ ਕਰਦਾ ਹਾਂ।

ਹੁਣ ਮੇਰਾ ਸਪੱਸ਼ਟੀਕਰਨ ਇਹੀ ਹੈ ਕਿ ਮੈਂ ਭੁੱਲਣਹਾਰ ਸਾਂ ਤੇ ਭੁੱਲਣਹਾਰ ਹਾਂ। ਆਪ ਜੀ ਇਨਸਾਫ ਲਈ ਬੈਠੇ ਹੋ ਅਤੇ ਬਖਸ਼ਣਹਾਰ ਦੀ ਪੋਜੀਸ਼ਨ ਵਿਚ ਹੋ, ਇਸ ਲਈ ਮੁਆਫੀ ਦੀ ਬਖ਼ਸ਼ਿਸ਼ ਦਿਓ।

ਗੁਰੂ ਪੰਥ ਦਾ ਦਾਸ,

***ਰਛਪਾਲ ਸਿੰਘ,***

10 ਜਮਨਾ ਮਾਰਗ ਸਿਵਲ ਲਾਈਨ, ਦਿੱਲੀ-110054

***

***13 ਮਈ 1997***

ਰਛਪਾਲ ਸਿੰਘ ਤੁਸੀਂ ਮਿਤੀ 22.4.1997 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਆਪਣੀਆਂ ਪਿਛਲੀਆਂ ਭੁੱਲਾਂ ਦੀ ਮੁਆਫੀ ਲਈ ਬੇਨਤੀ ਪੱਤਰ ਭੇਜਿਆ ਸੀ।

ਤੁਹਾਨੂੰ ਆਦੇਸ਼ ਹੈ ਕਿ ਇਸ ਤੋਂ ਪਹਿਲਾਂ ਕਿ ਤੁਹਾਡੀ ਇਸ ਪੱਤ੍ਰਿਕਾ ਤੇ ਅਗਲੀ ਵਿਚਾਰ ਕੀਤੀ ਜਾਵੇ, ਪਹਿਲਾਂ ਮਿਤੀ 24.5.94 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪੰਜ ਸਿੰਘ ਸਾਹਿਬਾਨ ਵਲੋਂ ਸੁਣਾਈ ਗਈ ਤਨਖਾਹ ਪੂਰੀ ਕੀਤੀ ਜਾਵੇ। ਉਪਰੰਤ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਦੁਬਾਰਾ ਬੇਨਤੀ ਪੱਤਰ ਲੈ ਕੇ ਹਾਜ਼ਰ ਹੋਵੋ।

ਦਸਤਖਤ : ਰਣਜੀਤ ਸਿੰਘ

***

***20 ਮਈ 1997***

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਹਿ॥

ਪਰਮ ਸਤਿਕਾਰਯੋਗ ਭਾਈ ਰਣਜੀਤ ਸਿੰਘ ਜੀਓ,

ਜਥੇਦਾਰ, ਸ੍ਰੀ ਅਕਾਲ ਤਖ਼ਤ ਸਾਹਿਬ ਜੀ, ਅੰਮ੍ਰਿਤਸਰ ਜੀ।

ਬੇਨਤੀ ਹੈ ਕਿ ਆਪ ਜੀ ਤੇ ਬਾਕੀ ਸਿੰਘ ਸਾਹਿਬਾਨ ਦੇ ਹੁਕਮ ਅਨੁਸਾਰ ਅੱਜ ਗੁਰਦੁਆਰਾ ਸੀਸ ਗੰਜ ਸਾਹਿਬ ਵਿਖੇ ਇਕ ਹਫਤਾ ਕੀਰਤਨ ਸੁਣਨ ਦੀ, ਜੋੜੇ ਝਾੜਨ ਦੀ

ਅਤੇ ਲੰਗਰ ਵਿਚ ਬਰਤਨ ਸਾਫ ਕਰਨ ਦੀ ਤਨਖਾਹ ਪੂਰੀ ਹੋ ਗਈ ਹੈ।

ਕਲ੍ਹ ਸਵੇਰੇ ਗੁਰਦੁਆਰਾ ਬੰਗਲਾ ਸਾਹਿਬ ਵਿਖੇ ਵੀ ਇਸੇ ਹੀ ਤਰ੍ਹਾਂ ਤਨਖਾਹ ਪੂਰੀ ਕਰੰਨ ਦਾ ਕੰਮ ਸ਼ੁਰੂ ਹੋ ਜਾਏਗਾ। ਕਲ੍ਹ ਸਵੇਰੇ ਸ੍ਰੀ ਹਰਿਮੰਦਰ ਸਾਹਿਬ ਜੀ ਅੰਮ੍ਰਿਤਸਰ ਵਿਖੇ ਵੀ ਤਨਖਾਹ ਪੂਰੀ ਕਰਨ ਦਾ ਕੰਮ ਸ਼ੁਰੂ ਹੋ ਜਾਏਗਾ। 3 ਜੂਨ ਨੂੰ ਸਵੇਰੇ 11 ਕੁ ਵਜੇ ਸ੍ਰੀ ਅਕਾਲ ਤਖ਼ਤ ਸਾਹਿਬ ਸ੍ਰੀ ਅਖੰਡ ਪਾਠ ਦਾ ਭੋਗ ਵੀ ਪੈ ਜਾਏਗਾ।

ਆਪ ਜੀ ਹੁਕਮ ਕਰਨ ਦੀ ਕ੍ਰਿਪਾਲਤਾ ਕਰਨੀ ਕਿ ਤਿੰਨ ਜੂਨ ਨੂੰ ਆਪ ਜੀ ਪਾਸ ਕਿਸ ਸਮੇਂ ਹਾਜ਼ਰ ਹੋਇਆ ਜਾਵੇ ਤਾਂ ਜੋ ਪਿਛਲੀਆਂ ਭੁੱਲਾਂ ਦੀ ਮੁਆਫੀ ਮਿਲ ਜਾਵੇ।

ਗੁਰੂ ਪੰਥ ਦਾ ਦਾਸ,

***ਰਛਪਾਲ ਸਿੰਘ,***

10, ਜਮਨਾ ਮਾਰਗ, ਸਿਵਲ ਲਾਈਨ, ਦਿੱਲੀ-110054.

(ਜਰਾ ਰਛਪਾਲ ਸਿੰਘ ਦੀ ਬੋਲੀ ਵਲ ਧਿਆਨ ਮਾਰੋ ਕਿਵੇਂ ਹਰ ਗਲ ਨਾਲ ਜੀ ਲਾ ਰਿਹਾ ਹੈ ਪਰ ਏਸੇ ਹੀ ਰਛਪਾਲ ਸਿੰਘ ਨੂੰ ਜਦੋਂ ਦਿੱਲੀ ਦਰਬਾਰ ਦੀ ਸ਼ਹਿ ਸੀ ਤਾਂ ਇਸ ਨੇ ਉਸ ਵੇਲੇ ਦੇ ਜਥੇਦਾਰ ਨੂੰ ਸੰਤਾ ਸਿੰਘ ਦੀ ਸਟੇਜ ਤੋਂ ਕਿਲ੍ਹ ਕਿਲ੍ਹ ਕੇ ਕਮੀਨਾ, ਲਾਲਚੀ, ਡਰਪੋਕ, ਮੂਰਖ ਤੇ ਅਨਪੜ੍ਹ ਵਰਗੇ ਲਫਜ਼ ਵਰਤੇ ਸਨ। ਲਗਭਗ ਸਾਰੇ ਹੀ ਲੀਡਰਾਂ ਦੀ ਇਹੀ ਗੱਲ ਹੈ। ਜਦੋਂ ਲਾਲਚਵੱਸ ਹੋ ਕੇ ਪੰਥ ਅਤੇ ਸਿੱਖੀ ਵਿਰੁੱਧ ਬੋਲਦੇ ਹਨ ਤਾਂ ਅੱਗਾ ਪਿੱਛਾ ਨਹੀਂ ਵੇਖਦੇ ਪਰ ਜਦੋਂ ਅਗਲੇ ਚੂਪੇ ਹੋਏ ਅੰਬ ਦੀ ਗਿਟਕ ਵਾਂਗ ਵਗਾਹ ਕੇ ਪਰ੍ਹਾਂ ਮਾਰਦੇ ਹਨ ਤਾਂ ਫਿਰ ਚੌਫਾਲ ਲੰਮੇ ਪੈ ਜਾਂਦੇ ਹਨ।)

***

***3 ਜੂਨ 1997***

ਪਰਮ ਸਤਿਕਾਰਯੋਗ,
ਪਰਮ ਕ੍ਰਿਪਾਲੂ ਸਿੰਘ ਸਾਹਿਬਾਨ ਜੀਓ,
ਭਾਈ ਸਾਹਿਬ ਭਾਈ ਰਣਜੀਤ ਸਿੰਘ ਜੀ,
ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ।
ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ॥
ਸ੍ਰੀਮਾਨ ਜੀਓ,

ਬੇਨਤੀ ਹੈ ਕਿ 13 ਮਈ 1997 ਨੂੰ ਆਪ ਜੀ ਵਲੋਂ ਜੋ ਹੁਕਮ ਹੋਇਆ ਸੀ ਕਿ ਮੈਂ 24.5.94 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪੰਜ ਸਿੰਘ ਸਾਹਿਬਾਨ ਵਲੋਂ ਸੁਣਾਈ ਗਈ ਤਨਖਾਹ ਪਹਿਲਾਂ ਪੂਰੀ ਕਰਾਂ। ਉਸ ਅਨੁਸਾਰ ਅਕਾਲ ਪੁਰਖ ਦੀ ਮਿਹਰ ਤੇ ਸਤਿਗੁਰਾਂ ਦੀ ਬਖਸ਼ਿਸ਼ ਸਦਕੇ ਅੱਜ ਮਿਤੀ 3.6.97 ਨੂੰ ਸੁਣਾਈ ਗਈ ਤਨਖਾਹ ਮੁਕੰਮਲ ਕਰ ਲਈ ਹੈ।

ਜੇ ਪਿਛਲੇ ਸਮੇਂ ਦੌਰਾਨ ਜਾਣੇ-ਅਣਜਾਣੇ ਵਿਚ ਮੇਰੇ ਪਾਸੋਂ ਭੁੱਲਾਂ ਹੋਈਆਂ ਹਨ ਤਾਂ ਗੁਰੂ ਪੰਥ ਪਾਸੋਂ ਉਸ ਦੀ ਮੁਆਫੀ ਮੰਗਦਾ ਹਾਂ, ਆਸ ਹੈ ਕਿ ਆਪ ਮੁਆਫ ਕਰੋਗੇ।

ਗੁਰੂ ਪੰਥ ਦਾ ਦਾਸ,

***ਰਛਪਾਲ ਸਿੰਘ,***

ਦਿੱਲੀ (ਹਾਲ ਜੰਮੂ ਕਸ਼ਮੀਰ ਹਾਊਸ, ਕੋਰਟ ਰੋਡ, ਸ੍ਰੀ ਅੰਮ੍ਰਿਤਸਰ)

16 ਜੂਨ 1997

**ਗੁਰਮਤਾ**

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਹਿ॥

ਸ: ਰਛਪਾਲ ਸਿੰਘ ਤੁਸੀਂ ਪਿਛਲੇ ਸਮੇਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ਾਂ ਦੀ ਹੁਕਮ-ਅਦੂਲੀ ਦੀ ਮਨਮਤੀ ਕਾਰਵਾਈ ਕੀਤੀ ਜਿਸ 'ਤੇ ਤੁਹਾਨੂੰ ਪੰਥ ਵਿਚੋਂ ਛੇਕ ਦਿੱਤਾ ਗਿਆ। ਫਿਰ ਦੁਬਾਰਾ ਤੁਹਾਡੇ ਵਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਬੇਨਤੀ ਪੱਤਰ ਦਿੱਤਾ ਗਿਆ ਕਿ ਮੈਨੂੰ ਮੇਰੀਆਂ ਭੁੱਲਾਂ ਲਈ ਖਿਮਾਂ ਦੇ ਕੇ ਪੰਥ ਵਿਚ ਸ਼ਾਮਲ ਕੀਤਾ ਜਾਵੇ। ਤੁਹਾਡੇ ਬੇਨਤੀ ਪੱਤਰ ਅਤੇ ਨਿਮਰਤਾ ਸਹਿਤ ਆਤਮ ਸਮਰਪਣ ਨੂੰ ਧਿਆਨ ਵਿਚ ਰਖਦਿਆਂ ਸਿੰਘ ਸਾਹਿਬਾਨ ਵਲੋਂ ਹੇਠ ਲਿਖੀ ਤਨਖਾਹ ਲਾਈ ਗਈ ਹੈ : ਤੁਸੀਂ ਇਕ ਹਫਤੇ ਲਈ ਸ੍ਰੀ ਹਰਿਮੰਦਰ ਸਾਹਿਬ ਵਿਖੇ ਇਕ ਘੰਟੇ ਲਈ ਕੀਰਤਨ ਸੁਣਨਾ ਹੈ।

ਇਕ ਘੰਟੇ ਲਈ ਸੰਗਤਾਂ ਦੇ ਜੋੜੇ ਝਾੜਨੇ ਹਨ।

ਇਕ ਘੰਟੇ ਲਈ ਲੰਗਰ ਦੇ ਜੂਠੇ ਭਾਂਡੇ ਮਾਂਜਣੇ ਹਨ।

ਉਪਰੰਤ 31000/- ਰੁਪਏ ਦੀ ਦੇਗ ਦੀ ਮਾਇਆ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਜਮ੍ਹਾਂ ਕਰਵਾ ਕੇ ਆਪਣੀਆਂ ਭੁੱਲਾਂ ਦੀ ਖਿਮਾ ਜਾਚਨਾ ਲਈ ਅਰਦਾਸ ਕਰਵਾਉਣੀ ਹੈ।

*ਦਸਤਖਤ : ਰਣਜੀਤ ਸਿੰਘ ਤੇ ਬਾਕੀ ਸਿੰਘ ਸਾਹਿਬਾਨ*

***

ਇਹ ਕੇਸ ਪੜ੍ਹਨ ਤੋਂ ਬਾਦ ਕੋਈ ਸ਼ੱਕ ਨਹੀਂ ਰਹਿ ਜਾਂਦੀ ਕਿ ਅੱਜ ਸਿੱਖ ਕਿਸ ਤਰ੍ਹਾਂ ਦੀ ਬੇਈਮਾਨ ਤੇ ਭ੍ਰਿਸ਼ਟ ਰਾਜਨੀਤੀ ਕਰ ਰਿਹਾ ਹੈ। ਰਛਪਾਲ ਸਿੰਘ ਨਾਂਅ ਦੇ ਇਸ ਬੰਦੇ ਨੇ 1984 ਤੋਂ ਲੈ ਕੇ 1997 ਤਕ ਕਿੰਨੇ ਪੈਂਤੜੇ ਬਦਲੇ ਹਨ। ਭ੍ਰਿਸ਼ਟ ਤੇ ਬੇਈਮਾਨ ਰਾਜਨੀਤੀ ਕਾਰਨ ਤਿੰਨ ਵਾਰ ਤਨਖਾਹ ਲਵਾ ਕੇ ਸੇਵਾ ਅੱਧ ਵਿਚ ਛੱਡ ਦੇਂਦਾ ਰਿਹਾ ਹੈ। ਜਦੋਂ ਵੀ ਇਹ ਵਿਅਕਤੀ ਸਿੱਖ ਮੁੱਖਧਾਰਾ ਵਿਚ ਮੁੜਨ ਲਗਦਾ ਸੀ ਭਾਰਤ ਸਰਕਾਰ ਤੇ ਉਸ ਦੀਆਂ ਏਜੰਸੀਆਂ ਝੱਟ ਇਸ ਦੀ ਢਿੰਬਰੀ ਮਰੋੜ ਕੇ ਸੇਵਾ ਕਰਨ ਤੋਂ ਆਕੀ ਕਰਵਾ ਦੇਂਦੀਆਂ ਸਨ। ਏਸੇ ਬੇਈਮਾਨ ਰਾਜਨੀਤੀ ਕਾਰਨ ਹੀ ਸ: ਸੁਰਜੀਤ ਸਿੰਘ ਬਰਨਾਲੇ ਨੇ ਵੀ ਆਪਣਾ ਅਕਾਲੀ ਦਲ ਭੰਗ ਨਹੀਂ ਸੀ ਕੀਤਾ ਪਰ ਉਸ ਨੇ ਤਾਂ ਹੱਦ ਹੀ ਮੁਕਾ ਦਿੱਤੀ ਸੀ ਤੇ ਭਾਰਤੀ ਏਜੰਸੀਆਂ ਦੇ ਢਹੇ ਚੜ੍ਹ ਕੇ ਦੁਬਾਰਾ ਪੁਲਿਸ ਦਰਬਾਰ ਸਾਹਿਬ ਦੇ ਅੰਦਰ ਭੇਜ ਦਿੱਤੀ ਸੀ। ਪਰ ਪ੍ਰਕਾਸ਼ ਸਿੰਘ ਬਾਦਲ ਤਾਂ ਸਾਰੇ ਹੀ ਹੱਦਾਂ ਬੰਨੇ ਟੱਪ ਗਿਆ ਹੈ। ਉਸਨੇ ਤਾਂ 1920 ਦੇ ਬਣੇ ਅਕਾਲੀ ਦਲ ਦੇ ਸੰਵਿਧਾਨ ਵਿਚੋਂ 'ਖਾਲਸਾ' ਤੇ 'ਪੰਥ' ਦੋ ਸ਼ਬਦ ਹੀ ਮੋਗਾ ਕਾਨਫਰੰਸ ਕਰਕੇ ਕੱਟ ਦਿੱਤੇ ਹਨ। ਅਕਾਲੀ ਦਲ ਦਾ ਮੁਖ ਧੁਰਾ ਇਹ ਦੋ ਹੀ ਸ਼ਬਦ ਸਨ। ਸਿੱਖਾਂ ਦੇ ਵੋਟ ਲੈਣ ਲਈ ਗੱਲਾਂ ਫਿਰ ਪੰਥ ਤੇ ਖਾਲਸਾ ਦੀਆਂ ਹੀ ਕਰਦੇ ਹਨ। ਕਿਥੇ ਤਾਂ ਸੰਵਿਧਾਨ ਦੀ ਧਾਰਾ 25 ਬੀ 2 ਵਿਚੋਂ ਸ਼ਬਦ ਪਾੜਦੇ ਤੇ ਸਾੜਦੇ ਸਨ ਤੇ ਕਿਥੇ ਰਾਜ ਕਰਨ ਲਈ ਸਿੱਖ ਹੋਂਦ ਨੂੰ ਹੀ ਖਤਮ ਕਰਨ 'ਤੇ ਤੁਲੇ ਹੋਏ ਹਨ। ਇਸ ਤੋਂ ਵੱਧ ਭ੍ਰਿਸ਼ਟ ਰਾਜਨੀਤੀ ਹੋਰ ਕੀ ਹੋ ਸਕਦੀ ਹੈ?

■

# ਮਹੰਤ ਮਨਜੀਤ ਸਿੰਘ

ਮਹੰਤ ਮਨਜੀਤ ਸਿੰਘ ਜੰਮੂ ਸ਼ਹਿਰ ਦੇ ਡਿਗਿਆਣਾ ਆਸ਼ਰਮ, ਕਸ਼ਮੀਰ ਦੇ ਬਾਰਾ ਮੂਲਾ ਵਿਖੇ ਇਤਹਾਸਕ ਗੁਰਦੁਆਰੇ, ਪੁਣਛ ਦੇ ਡੇਰਾ ਨੰਗਾਲੀ ਸਾਹਿਬ ਤੇ ਜੰਮੂ ਕਸ਼ਮੀਰ ਸੂਬੇ ਦੇ ਹੋਰ ਕਈ ਧਾਰਮਕ ਅਸਥਾਨਾਂ ਦੇ ਪ੍ਰਮੁਖ ਹਨ। ਇਹ ਸਾਰੇ ਅਸਥਾਨ ਇਤਿਹਾਸਕ ਹਨ ਤੇ ਏਥੇ ਸਿੱਖਾਂ ਦੇ ਬਹੁਤ ਕਰਨੀ ਵਾਲੇ ਤੇ ਤਪਸਵੀ ਸੰਤ ਹੋਏ ਹਨ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਤੋਂ ਲੈ ਕੇ ਹੁਣ ਤੱਕ ਇਨ੍ਹਾਂ ਅਸਥਾਨਾਂ ਦੀ ਬਹੁਤ ਮਾਨਤਾ ਹੈ। ਏਥੇ ਬੇਸ਼ੁਮਾਰ ਸੰਗਤ ਦਰਸ਼ਨਾਂ ਲਈ ਜਾਂਦੀ ਹੈ ਤੇ ਬੇਅੰਤ ਚੜ੍ਹਾਵਾ ਚੜ੍ਹਦਾ ਹੈ। ਜੰਮੂ ਕਸ਼ਮੀਰ ਵਿਚ ਸਿੱਖੀ ਦਾ ਜਿੰਨਾ ਵੀ ਪ੍ਰਚਾਰ ਹੁਣ ਤੱਕ ਹੋਇਆ ਹੈ ਉਹ ਸਾਰਾ ਇਨ੍ਹਾਂ ਅਸਥਾਨਾਂ ਦੇ ਸਿੱਖ ਸੰਤਾਂ ਦੇ ਕਰਕੇ ਹੀ ਹੋਇਆ ਹੈ। ਬਾਕੀ ਦੇ ਭਾਰਤ ਨਾਲੋਂ ਜੰਮੂ ਕਸ਼ਮੀਰ ਸੂਬੇ ਵਿਚ ਸਿੱਖ, ਸਿੱਖੀ ਵਿਚ ਬਹੁਤ ਹੀ ਪ੍ਰਪੱਕ ਹਨ ਤੇ ਅੰਮ੍ਰਿਤਧਾਰੀ ਸਿੱਖਾਂ ਦੀ ਗਿਣਤੀ ਵੀ ਏਥੇ ਕਾਫੀ ਹੈ। ਰਹਿਤ ਬਹਿਤ ਵਿਚ ਪੂਰੇ ਸਿੱਖ ਸਾਰੇ ਜੰਮੂ ਕਸ਼ਮੀਰ ਤੇ ਉਸ ਦੀਆਂ ਉੱਚੀਆਂ ਤੇ ਬਰਫਾਨੀ ਪਹਾੜੀਆਂ ਵਿਚ ਵੀ ਵੇਖੇ ਜਾ ਸਕਦੇ ਹਨ। ਜੰਮੂ ਕਸ਼ਮੀਰ ਸੂਬੇ ਵਿਚ ਰਾਜ ਭਾਵੇਂ ਕਾਂਗਰਸ ਦਾ ਹੋਵੇ ਤੇ ਭਾਵੇਂ ਨੈਸ਼ਨਲ ਕਾਨਫਰੰਸ ਦਾ, ਜਾਂ ਕਿਸੇ ਵੀ ਹੋਰ ਰਾਜਨੀਤਕ ਪਾਰਟੀ ਦਾ ਇਕ ਜਾਂ ਦੋ ਸਿੱਖ ਵਜ਼ਾਰਤ ਵਿਚ ਜਰੂਰ ਹੀ ਲਏ ਜਾਂਦੇ ਹਨ। ਫੌਜ ਵਿਚ ਗ੍ਰੰਥੀ ਸਿੰਘ ਵੀ ਲੱਗਪੱਗ ਪੁਣਛ ਦੇ ਸਿੱਖ ਹੀ ਹਨ। ਪਹਿਲਾਂ ਪਹਿਲ ਤਾਂ ਕਸ਼ਮੀਰੀ ਖਾੜਕੂ ਵੀ ਭਾਵੇਂ ਓਥੋਂ ਦੇ ਰਹਿਣ ਵਾਲੇ ਕਸ਼ਮੀਰੀ ਪੰਡਤਾਂ ਨੂੰ ਵਾਦੀ ਵਿਚੋਂ ਬਾਹਰ ਭਜਾਉਣ ਲਈ ਉਨ੍ਹਾਂ ਦਾ ਜਾਨੀ ਜਾਂ ਮਾਲੀ ਨੁਕਸਾਨ ਕਰਦੇ ਸਨ ਪਰ ਕਿਸੇ ਸਿੱਖ ਪਰਿਵਾਰ ਨੂੰ ਉਨ੍ਹਾਂ ਨੇ ਕਦੀ ਉਂਗਲੀ ਤੱਕ ਨਹੀਂ ਸੀ ਲਾਈ। ਹੁਣ ਕਈ ਥਾਵਾਂ 'ਤੇ ਜਿਵੇਂ ਚਿੱਠੀ ਸਿੰਘ ਪੁਰਾ ਤੇ ਹੋਰ ਕਈ ਥਾਵਾਂ 'ਤੇ ਸਿੱਖਾਂ ਦਾ ਜਾਨੀ ਨੁਕਸਾਨ ਹੋਇਆ ਹੈ ਪਰ ਉਸ ਵਿਚ ਵੀ ਦਸਦੇ ਹਨ ਕਿ ਸਿੱਖਾਂ ਦਾ ਵੀ ਕੁਝ ਕਸੂਰ ਸੀ।

ਮਹੰਤ ਮਨਜੀਤ ਸਿੰਘ ਦੇ ਪ੍ਰਬੰਧ ਹੇਠ ਜੰਮੂ ਵਿਚ ਇਕ ਬਹੁਤ ਵੱਡਾ ਹਾਇਰ ਸੈਕੰਡਰੀ ਸਕੂਲ ਚੱਲ ਰਿਹਾ ਹੈ ਤੇ ਇਕ ਇੰਜੀਨੀਅਰਿੰਗ ਕਾਲਜ ਵੀ ਮਹੰਤ ਮਨਜੀਤ ਸਿੰਘ ਦੀ ਕੋਸ਼ਿਸ਼ ਸਦਕਾ ਹੀ ਬਣ ਰਿਹਾ ਹੈ। ਧਾਰਮਕ ਅਸਥਾਨਾਂ ਦਾ ਮੁਖੀ ਹੋਣ ਕਰਕੇ ਜਾਂ ਆਂਪਣੇ ਅਸਰ ਰਸੂਖ ਕਰਕੇ ਮਹੰਤ ਜੀ ਦੀ ਸਰਕਾਰ ਤੇ ਜੰਮੂ ਕਸ਼ਮੀਰ ਪ੍ਰਸ਼ਾਸਨ ਵਿਚ ਚੰਗੀ ਘੂੰ ਘਾਂ ਹੈ। ਮਹੰਤ ਮਨਜੀਤ ਸਿੰਘ ਦੀ ਗੱਡੀ ਉੱਤੇ ਲਾਲ ਬੱਤੀ ਲੱਗੀ ਹੋਈ ਹੈ ਤੇ ਪੂਰੇ ਜੰਮੂ ਕਸ਼ਮੀਰ ਵਿਚ ਉਹ ਕਿਤੇ ਵੀ ਘੁੰਮਣ ਫਿਰਨ ਉਨ੍ਹਾਂ ਨੂੰ ਫੌਜ ਜਾਂ ਸਿਵਲ ਪੁਲਿਸ ਵਲੋਂ ਕੋਈ ਰੋਕ ਟੋਕ ਨਹੀਂ। ਏਸੇ ਕਰਕੇ ਹੀ ਜੰਮੂ ਕਸ਼ਮੀਰ ਦੇ ਸਿੱਖਾਂ ਵਿਚ ਅਕਸਰ ਘੁਸਰ ਮੁਸਰ ਹੁੰਦੀ ਰਹਿੰਦੀ ਹੈ ਕਿ ਮਹੰਤ ਭਾਰਤ ਦੀ ਕਿਸੇ ਖੁਫੀਆ ਏਜੰਸੀ ਨਾਲ ਸਬੰਧਤ ਹੈ ਨਹੀਂ ਤਾਂ ਕਿਸੇ ਵਿਅਕਤੀ ਨੂੰ ਏਨੀ ਖੁਲ੍ਹ ਕਿਵੇਂ ਹੋ ਸਕਦੀ ਹੈ? ਮਹੰਤ ਮਨਜੀਤ ਸਿੰਘ ਆਪ ਵੀ

ਇੰਜੀਨੀਅਰਿੰਗ ਦਾ ਡਿਪਲੋਮਾ ਪਾਸ ਹਨ। ਜਦੋਂ ਉਨ੍ਹਾਂ ਨੇ ਜੰਮੂ ਵਿਚ ਇਕ ਇੰਜੀਨੀਅਰਿੰਗ ਕਾਲਜ ਬਨਾਉਣ ਬਾਰੇ ਕੋਸ਼ਿਸ਼ਾਂ ਆਰੰਭੀਆਂ ਤਾਂ ਉਨ੍ਹਾਂ ਨੂੰ ਬੜੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਪ੍ਰਸ਼ਾਸਨ ਨੇ ਪਹਿਲਾਂ ਤਾਂ ਕਾਲਜ ਬਨਾਉਣ ਦੀ ਮਨਜ਼ੂਰੀ ਦੇਣ ਲਈ ਇਕ ਟੱਕ ਨਾਂਹ ਕਰ ਦਿੱਤੀ ਤੇ ਕਿਹਾ ਕਿ ਜੋ ਏਨੇ ਇੰਜੀਨੀਅਰ ਹਰ ਸਾਲ ਬਣਨਗੇ ਤਾਂ ਜੰਮੂ ਕਸ਼ਮੀਰ ਸਰਕਾਰ ਉਨ੍ਹਾਂ ਨੂੰ ਨੌਕਰੀਆਂ ਕਿਥੋਂ ਦੇਵੇਗੀ? ਪਰ ਮਹੰਤ ਜੀ ਦੀ ਓਥੋਂ ਦੇ ਮੁੱਖ ਮੰਤਰੀ ਫਾਰੂਖ ਅਬਦੁੱਲਾ ਨਾਲ ਚੰਗੀ ਬਣਦੀ ਸੀ ਇਸ ਲਈ ਸੂਬਾ ਪੱਧਰ ਉਤੇ ਤਾਂ ਉਨ੍ਹਾਂ ਨੇ ਮਨਜ਼ੂਰੀ ਲੈ ਲਈ ਪਰ ਕੇਂਦਰ ਸਰਕਾਰ ਦੀ ਮਨਜ਼ੂਰੀ ਲੈਣ ਵੇਲੇ ਕੰਮ ਫਿਰ ਅੜ ਗਿਆ। ਪਰ ਫਿਰ ਮਹੰਤ ਮਨਜੀਤ ਸਿੰਘ ਫਾਰੂਖ ਅਬਦੁੱਲਾ ਨੂੰ ਭਾਰਤ ਦੇ ਮਨੁੱਖੀ ਸਾਧਨ ਵਿਕਾਸ ਮੰਤਰੀ ਮੁਰਲੀ ਮਨੋਹਰ ਜੋਸ਼ੀ ਕੋਲ ਦਿੱਲੀ ਲੈ ਗਿਆ ਤੇ ਇਸ ਤਰ੍ਹਾਂ ਫਾਰੂਖ ਅਬਦੁੱਲਾ ਨੇ ਬੜੇ ਜ਼ੋਰ ਨਾਲ ਮੁਰਲੀ ਮਨੋਹਰ ਜੋਸ਼ੀ ਕੋਲੋਂ ਕਾਲਜ ਬਨਾਉਣ ਦੀ ਮਨਜ਼ੂਰੀ ਲਈ। ਉਹ ਕਾਲਜ ਹੁਣ ਬਣ ਚੁੱਕਾ ਹੈ। ਕਹਿੰਦੇ ਹਨ ਜਿਸ ਮਨੁੱਖ ਵਿਚ ਗੁਣ ਹੋਣ ਓਥੇ ਉਸ ਵਿਚ ਔਗੁਣ ਵੀ ਜ਼ਰੂਰ ਹੁੰਦੇ ਹਨ। ਉਨ੍ਹਾਂ ਔਗੁਣਾਂ ਕਰਕੇ ਹੀ ਜੰਮੂ ਕਸ਼ਮੀਰ ਦੀ ਸੰਗਤ ਉਨ੍ਹਾਂ ਨੂੰ ਅਕਾਲ ਤਖ਼ਤ 'ਤੇ ਖਿੱਚ ਲਿਆਈ।

ਇਹ ਮਸਲਾ ਸਿੰਘ ਸਾਹਿਬ ਭਾਈ ਰਣਜੀਤ ਸਿੰਘ ਜੀ ਦੇ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਬਣਨ ਤੋਂ ਬਹੁਤ ਪਹਿਲਾਂ ਦਾ ਹੈ। ਜੰਮੂ ਕਸ਼ਮੀਰ ਦੀਆਂ ਸੰਗਤਾਂ ਨੇ ਉਸ ਵੇਲੇ ਦੇ ਜਥੇਦਾਰ ਅਕਾਲ ਤਖ਼ਤ ਭਾਈ ਮਨਜੀਤ ਸਿੰਘ ਜੀ ਕੋਲ ਹੇਠ ਲਿਖੀਆਂ ਸ਼ਿਕਾਇਤਾਂ ਭੇਜੀਆਂ। **'ਕੀ ਜਵਾਬ ਹੈ? ਮਹੰਤ ਮਨਜੀਤ ਸਿੰਘ ਅਤੇ ਉਸਦੇ ਸਮਰਥਕਾਂ ਪਾਸ'** ਸਿਰਲੇਖ ਥਲੇ ਇਕ ਦੋਸ਼-ਪੱਤਰ, ਜਿਸ ਵਿਚ ਉਸ ਵਲੋਂ ਕੀਤੇ ਗਏ ਸਾਰੇ ਮਾੜੇ ਕੰਮਾਂ ਦਾ ਵੇਰਵਾ ਦਰਜ ਸੀ, ਇਸ਼ਤਿਹਾਰ ਦੇ ਰੂਪ ਵਿਚ ਸਾਰੇ ਜੰਮੂ-ਕਸ਼ਮੀਰ ਵਿਚ ਵੀ ਵੰਡਿਆ ਤੇ ਸਿੰਘ ਸਾਹਿਬ ਨੂੰ ਵੀ ਭੇਜਿਆ ਗਿਆ। ਦੋਸ਼ ਬਹੁਤ ਹੀ ਸੰਗੀਨ ਸਨ ਜੋ ਇੰਨ-ਬਿੰਨ ਹੇਠਾਂ ਦਿੱਤੇ ਜਾਂਦੇ ਹਨ।

1. ਸਤਿਕਾਰਯੋਗ ਮਹੰਤ ਬਚਿੱਤਰ ਸਿੰਘ ਜੀ ਨੂੰ ਹਨੇਰੇ ਵਿਚ ਰੱਖ ਕੇ ਗ਼ੈਰਕਾਨੂੰਨੀ ਧੰਦੇ ਕਰਨਾ; ਜੰਗਲਾਤ ਦੀ ਲੱਕੜੀ ਨਜਾਇਜ਼ ਢੰਗ ਨਾਲ ਕਟਾਉਣੀ; ਸੀਮੇਂਟ ਆਦਿ ਦੀ ਬਲੈਕ ਕਰਨਾ; ਗ਼ੈਰਕਾਨੂੰਨੀ ਹਥਿਆਰਾਂ ਦੀ ਸਮਗਲਿੰਗ ਕਰਨਾ; ਨੌਜਵਾਨ ਬੱਚਿਆਂ ਨੂੰ ਗਲਤ ਮਾਇਕ ਸਹਾਇਤਾ ਰਾਹੀਂ ਗ਼ੈਰਕਾਨੂੰਨੀ ਕੰਮਾਂ ਵਿਚ ਮਦਦ ਕਰਨੀ ਅਤੇ ਦੁਰਅਚਾਰੀ ਬਨਾਉਣਾ ਆਦਿ। ਇਹ ਸਭ ਕੁਝ ਇਸ ਢੰਗ ਨਾਲ ਚੱਲਦਾ ਸੀ ਕਿ ਉਪਰੋਂ ਮਨਜੀਤ ਸਿੰਘ ਬਿਲਕੁਲ ਭੋਲਾ-ਭਾਲਾ ਅਤੇ ਸਾਫ ਸੁਥਰੇ ਜੀਵਨ ਵਾਲਾ ਹੀ ਦਿਸਦਾ ਰਹੇ।

2. ਮਹੰਤ ਬਣਨ ਤੋਂ ਪਹਿਲਾਂ ਪੁਲਿਸ ਨੇ ਮਨਜੀਤ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਸੀ ਪਰ ਬਾਬਾ ਬਚਿੱਤਰ ਸਿੰਘ ਜੀ ਅਤੇ ਡਿਗਿਆਣਾ ਆਸ਼ਰਮ ਜਾਂ ਨੰਗਾਲੀ ਸਾਹਿਬ ਦੀ ਇੱਜ਼ਤ ਦਾ ਖਿਆਲ ਰੱਖ ਕੇ ਸ: ਹਰਬੰਸ ਸਿੰਘ (ਸਾਬਕਾ ਮੰਤਰੀ) ਨੇ ਦਖਲਅੰਦਾਜ਼ੀ ਕਰਕੇ ਇਸ ਨੂੰ ਛੁਡਾ ਲਿਆ। ਇਸ ਸਮੇਂ ਆਮ ਸਿੱਖ ਜਨਤਾ ਨੂੰ ਸਰਕਾਰ ਦੀ ਨੀਅਤ 'ਤੇ ਹੀ ਸ਼ੱਕ ਰਿਹਾ ਅਤੇ ਜੋ ਇਸ ਸਚਾਈ ਨੂੰ ਸਮਝਦੇ ਸਨ, ਉਨ੍ਹਾਂ ਵਿਚ ਏਨਾ ਜ਼ੋਰ ਨਹੀਂ ਸੀ ਕਿ ਉਹ ਲੋਕਾਂ ਸਾਹਮਣੇ ਸੱਚ ਦੱਸ ਸਕਦੇ।

3. ਸਤਿਕਾਰਯੋਗ ਮਹੰਤ ਬਚਿੱਤਰ ਸਿੰਘ ਜੀ ਦੇ ਸਾਹਮਣੇ ਜਦੋਂ ਇਹ ਪੋਲ

ਖੁਲ੍ਹਿਆ ਤਾਂ ਉਹ ਇਸ ਦੁਖ ਨੂੰ ਬਰਦਾਸ਼ਤ ਨਾ ਕਰ ਸਕੇ ਅਤੇ ਚੁੱਪਚਾਪ ਨੰਗਾਲੀ ਸਾਹਿਬ (ਪੁਣਛ) ਚਲੇ ਗਏ, ਜਿਥੇ ਉਨ੍ਹਾਂ ਆਪਣਾ ਸਰੀਰ ਤਿਆਗ ਆਤਮਾ ਪ੍ਰਮਾਤਮਾ ਵਿਚ ਲੀਨ ਕਰ ਲਈ। ਉਨ੍ਹਾਂ ਪਿਛੋਂ ਸੰਗਤਾਂ ਨੇ ਸ਼ਰਾਫਤ ਦੀ ਮੂਰਤ ਦਿਸਣ ਵਾਲੇ ਮਨਜੀਤ ਸਿੰਘ ਨੂੰ ਡੇਰੇ ਦੀ ਵਾਗਡੋਰ ਸੰਭਾਲ ਦਿੱਤੀ। ਇਸ ਤਰ੍ਹਾਂ ਉਹ ਦਿਨ ਰਿਆਸਤ ਦੀਆਂ ਸਿੱਖ ਸੰਗਤਾਂ ਲਈ ਇਕ ਬਦਕਿਸਮਤੀ ਦੀ ਘੜੀ ਸਾਬਤ ਹੋਇਆ ਜਦੋਂ ਬਾਬਾ ਬਚਿੱਤਰ ਸਿੰਘ ਜੀ ਅਕਾਲ ਚਲਾਣਾ ਕਰ ਗਏ ਅਤੇ ਮਨਜੀਤ ਸਿੰਘ ਵਰਗੇ ਨੂੰ ਡੇਰੇ ਦਾ ਆਗੂ ਨਿਯੁਕਤ ਕੀਤਾ ਗਿਆ।

ਮਹੰਤ ਬਣਦੇ ਹੀ ਇਹ ਮਨਜੀਤ ਸਿੰਘ ਗੁਰਸਿੱਖੀ ਕਰਮਾਂ ਨੂੰ ਛੱਡ ਕੇ ਝੂਠੇ ਅਤੇ ਸਰਕਾਰੀ ਢੰਗ ਤਰੀਕਿਆਂ ਨਾਲ ਆਪਣੀ ਸ਼ੋਹਰਤ ਵਧਾਉਣ ਵਿਚ ਰੁਝ ਗਿਆ।

ਡੇਰਾ ਨੰਗਾਲੀ ਸਾਹਿਬ ਦੇ ਤਪੋ ਅਸਥਾਨ ਜਿਥੇ ਪਹਿਲੇ ਮਹਾਂਪੁਰਸ਼ ਤਪ ਕਰਦੇ ਹੁੰਦੇ ਸਨ, ਉਸ ਵਿਚ ਬਿਜਲੀ ਅਤੇ ਟੈਲੀਫੋਨ ਲਵਾ ਕੇ ਮਨਜੀਤ ਸਿੰਘ 40 ਦਿਨਾਂ ਦੇ ਚਲੀਹੇ ਲਈ ਬੈਠ ਗਿਆ। ਟੈਲੀਫੋਨ 'ਤੇ ਬਾਹਰ ਦੀ ਦੁਨੀਆਂ ਨਾਲ ਜੁੜਿਆ ਰਹਿੰਦਾ ਅਤੇ ਆਪਣੀ ਸ਼ੋਹਰਤ ਵਧਾਉਣ ਲਈ ਨਿੱਤ ਨਵਾਂ ਸ਼ੋਸ਼ਾ ਛਡਦਾ ਰਹਿੰਦਾ।

4. ਚਲੀਹੇ ਦੇ ਆਖਰੀ ਦਿਨ ਉਸ ਨੇ ਆਪਣੇ ਕੁਝ ਸਾਥੀਆਂ ਨੂੰ ਕਿਹਾ ਕਿ ਉਹ ਇਕ ਸੁਨਹਿਰੀ ਪਾਲਕੀ ਵਿਚ ਬੈਠ ਕੇ ਤਪ ਅਸਥਾਨ ਤੋਂ ਨਿੱਜ ਅਸਥਾਨ ਤੱਕ ਜਾਣਗੇ ਪਰ ਉਸ ਨੂੰ ਕੁਝ ਸੁਲਝੇ ਹੋਏ ਵਿਅਕਤੀਆਂ ਨੇ ਇਸ ਤਰ੍ਹਾਂ ਕਰਨ ਤੋਂ ਮਨ੍ਹਾਂ ਕੀਤਾ।

5. ਜੰਮੂ ਆ ਕੇ ਮਹੰਤ ਮਨਜੀਤ ਸਿੰਘ ਨੇ ਸਮਾਜ ਸੁਧਾਰ ਲਈ ਕੁਝ ਫੈਸਲੇ ਲਏ; ਅਰਦਾਸ ਕੀਤੀ ਅਤੇ ਫਿਰ ਪਾਸ ਕੀਤੇ ਅਸੂਲਾਂ ਦੀ ਪ੍ਰਤੱਗਿਆ ਸ੍ਰੀ ਗੁਰੂ ਗ੍ਰੰਥ ਸਾਹਿਬ ਸਾਹਮਣੇ ਕੀਤੀ ਪਰ ਫਿਰ ਇਸ ਸਭ ਦੇ ਬਾਵਜੂਦ ਆਪੇ ਹੀ ਆਪਣੀ ਅਰਦਾਸ ਅਤੇ ਅਸੂਲਾਂ ਦੀ ਇਕ-ਇਕ ਕਰਕੇ ਉਲੰਘਣਾ ਕਰੀ ਗਿਆ। ਇਕ ਪਾਸੇ ਲੋਕਾਂ ਨੂੰ ਛਿਮਾਹੀਆਂ, ਬਰਸੀਆਂ ਨਾ ਕਰਨ ਲਈ ਕਹਿੰਦਾ ਅਤੇ ਦੂਜੇ ਪਾਸੇ ਖੁਦ ਆਸ਼ਰਮ ਵਿਚ ਛਿਮਾਹੀਆਂ, ਬਰਸੀਆਂ ਦੇ ਪਾਠਾਂ ਦੇ ਭੋਗ ਪੁਆਉਂਦਾ। ਇਸ ਤੋਂ ਇਲਾਵਾ ਬਾਕੀ ਅਸੂਲਾਂ 'ਤੇ ਵੀ ਕੋਈ ਪਹਿਰਾ ਨਾ ਦਿੱਤਾ। ਸੰ: ਮੰਨਾ ਸਿੰਘ ਨੇ, 'ਮਹੰਤ ਮਨਜੀਤ ਸਿੰਘ ਦੀ ਅਰਦਾਸ ਉਲੰਘਣਾ' ਦੇ ਸਿਰਲੇਖ ਥੱਲੇ ਇਕ ਇਸ਼ਤਿਹਾਰ ਰਾਹੀਂ ਵੀ ਇਸ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਪਰ ਸਭ ਵਿਅਰਥ ਗਿਆ। ਇਸ ਤਰ੍ਹਾਂ ਮਨਜੀਤ ਸਿੰਘ ਆਪਣੀ ਅਰਦਾਸ ਦੀਆਂ ਆਪ ਹੀ ਧੱਜੀਆਂ ਉਡਾਉਂਦਾ ਰਿਹਾ। ਮਹੰਤ ਮਨਜੀਤ ਸਿੰਘ ਪਾਸ ਇਸ ਗੱਲ ਦਾ ਕੋਈ ਜਵਾਬ ਨਹੀਂ ਕਿ ਇਹ ਡੇਰੇ ਦੇ ਮੁਖੀ ਵਜੋਂ ਆਪਣੀ ਹੀ ਅਰਦਾਸ ਦੀ ਉਲੰਘਣਾ ਕਿਉਂ ਕਰਦਾ ਸੀ।

ਜੁਰਮ ਦੀ ਦੁਨੀਆਂ ਦਾ ਇਕ ਮਾਮੂਲੀ ਕਰਿੰਦਾ ਮਹੰਤ ਬਣਦੇ ਹੀ ਪੈਸੇ ਅਤੇ ਸ਼ੋਹਰਤ ਦੇ ਨਾਲ-ਨਾਲ ਜੁਰਮਾਂ ਦੀ ਦੁਨੀਆਂ ਦਾ ਵੀ ਬਾਦਸ਼ਾਹ ਬਣ ਗਿਆ। ਪਹਿਲਾਂ ਉਹ ਕਿਸੇ ਹੋਰ ਧੜੇ ਦਾ ਹਮਾਇਤੀ ਸੀ ਪਰ ਉਸ ਦੇ ਆਗੂ ਦੀ ਮੌਤ ਪਿਛੋਂ ਮਨਜੀਤ ਸਿੰਘ ਉਸ ਧੜੇ ਦੇ ਵਿਰੋਧੀਆਂ 'ਚ ਜਾ ਸ਼ਾਮਲ ਹੋਇਆ ਅਤੇ ਡਾਕਾਜ਼ਨੀਆਂ ਕਤਲ ਅਤੇ ਲੁੱਟ ਖਸੁੱਟ ਕਰਵਾਉਣ ਲੱਗ ਪਿਆ।

ਪਿਛਲੇ ਦਿਨਾਂ ਤੋਂ ਜੋ ਵੀ ਧਮਕੀਆਂ ਭਰੇ ਪੱਤਰ ਜੰਮੂ ਦੇ ਸਰਮਾਏਦਾਰਾਂ (ਸਿੱਖਾਂ ਜਾਂ ਗ਼ੈਰ ਸਿੱਖਾਂ) ਨੂੰ ਮਿਲੇ ਉਨ੍ਹਾਂ ਵਿਚ ਲੱਖਾਂ ਰੁਪਏ ਦੀ ਮੰਗ ਹੋਇਆ ਕਰਦੀ ਸੀ ਤੇ ਧਮਕੀ

ਦੇਣ ਵਾਲੇ ਇਹ ਪੈਸੇ ਮਹੰਤ ਮਨਜੀਤ ਸਿੰਘ ਪਾਸ ਪੁਚਾਉਣ ਲਈ ਕਿਹਾ ਕਰਦੇ ਸਨ। ਇਸ ਸਬੰਧ ਵਿਚ ਬਹੁਤ ਲੋਕੀ ਜਾਨ ਬਚਾਉਣ ਖਾਤਰ ਚੁੱਪ ਚਾਪ ਪੈਸੇ ਪੁਚਾ ਵੀ ਆਉਂਦੇ ਸਨ ਤੇ ਕੁਝ ਨੇ ਪੁਲਿਸ ਪਾਸ ਵੀ ਰਿਪੋਰਟ ਦਰਜ ਕਰਵਾਈ। ਮਹੰਤ ਮਨਜੀਤ ਸਿੰਘ ਆਪਣੇ ਡੇਰੇ ਵਿਚ ਇਸ ਤਰ੍ਹਾਂ ਦੇ ਮਸਲੇ ਨਜਿੱਠਣ ਦੀ ਸਾਲਸੀ ਕਰਦੇ ਸਨ ਤੇ ਵਸੂਲ ਕੀਤੀ ਰਕਮ ਵਿਚੋਂ ਹਿੱਸਾ ਲੈਂਦੇ ਸਨ।

6. ਨੇਪਾਲ ਵਿਖੇ ਸ. ਆਸਾ ਸਿੰਘ ਦਾ ਕਤਲ ਇਸੇ ਕਰਕੇ ਹੋਇਆ ਕਿਉਂਕਿ ਉਹ ਮਹੰਤ ਦੀਆਂ ਕਰਤੂਤਾਂ ਤੋਂ ਜਾਣੂ ਸੀ। ਜੰਮੂ ਵਿਖੇ ਮੁਜਿਰਮਾਨਾ ਵਾਰਦਾਤਾਂ ਕਰਕੇ ਜਦੋਂ ਉਹ ਨੇਪਾਲ ਜਾਂਦੇ ਸਨ ਤਾਂ ਉਨ੍ਹਾਂ ਨੂੰ ਸੁਧਾਰਨ ਲਈ ਸ: ਆਸਾ ਸਿੰਘ ਉਨ੍ਹਾਂ ਵਿਰੁਧ ਇਸ਼ਤਿਹਾਰ ਲਾਉਂਦੇ ਸਨ, ਇਸ ਲਈ ਮਹੰਤ ਉਨ੍ਹਾਂ ਨੂੰ ਆਪਣਾ ਦੁਸ਼ਮਣ ਸਮਝਦਾ ਸੀ।

7. ਜੰਮੂ ਵਿਖੇ ਸ: ਹਰਨਾਮ ਸਿੰਘ ਦੇ ਕਤਲ ਦੀ ਸਾਜ਼ਸ਼ ਰਚੀ ਗਈ ਤੇ ਜਥੇਦਾਰ ਹਰਨਾਮ ਸਿੰਘ ਦੇ ਮਿਤੀ 24.6.94 ਨੂੰ ਅਖਬਾਰ ਵਿਚ ਦਿੱਤੇ ਬਿਆਨ ਦੇ ਪ੍ਰਤੀਕਰਮ ਵਿਚ ਗੁਰਦੁਆਰਾ ਟਾਹਲੀ ਸਾਹਿਬ ਵਿਚ ਮਹੰਤ ਨੇ ਖੁਲ੍ਹੇਆਮ ਹਰਨਾਮ ਸਿੰਘ ਨੂੰ ਸੋਧਣ ਦੀ ਅਰਦਾਸ ਕੀਤੀ।

8. ਅੰਬਿਕਾ ਅਤੇ ਗੜ੍ਹਵਈ ਬਿੱਲੇ ਨੇ ਪੁਲਿਸ ਪਾਸ ਦਿੱਤੇ ਬਿਆਨਾਂ ਵਿਚ ਮੰਨਿਆ ਹੈ ਕਿ ਇਸ ਕਤਲ ਦੀ ਸਾਜ਼ਿਸ਼ ਵਿਚ ਮਹੰਤ ਮਨਜੀਤ ਸਿੰਘ ਦਾ ਸਿੱਧਾ ਹੱਥ ਹੈ।

9. ਮਹੰਤ ਮਨਜੀਤ ਸਿੰਘ ਅਤੇ ਉਸ ਦੇ ਕਿਰਾਏ ਦੇ ਗੁੰਡੇ ਲਗਾਤਾਰ ਜੋ ਵੀ ਮਹੰਤ ਦੇ ਕਾਲੇ ਕਾਰਨਾਮਿਆਂ ਵਿਰੁੱਧ ਆਵਾਜ਼ ਚੁੱਕਦਾ ਹੈ, ਉਸ ਨੂੰ ਜਾਨ ਤੋਂ ਮਾਰਨ ਦੀਆਂ ਧਮਕੀਆਂ ਦੇਂਦੇ ਰਹਿੰਦੇ ਹਨ। ਕਿੰਨੇ ਹੀ ਦਾਨਿਸ਼ਵਰ ਅਥਵਾ ਸੱਚ ਤੇ ਹੱਕ 'ਚ ਬੋਲਣ ਵਾਲਿਆਂ ਨੂੰ ਧਮਕੀ ਭਰੇ ਟੈਲੀਫੂਨ ਆ ਚੁੱਕੇ ਹਨ ਅਤੇ ਮਹੰਤ ਮਨਜੀਤ ਸਿੰਘ ਆਪ ਖੁਲ੍ਹੇਆਮ ਸੋਧਣ ਦੀਆਂ ਧਮਕੀਆਂ ਦੇ ਕੇ ਜਜ਼ਬਾਤ ਭੜਕਾ ਰਿਹਾ ਹੈ।

10. ਮਹੰਤ ਬਣਦੇ ਹੀ ਇੰਜੀਨੀਅਰਿੰਗ ਕਾਲਜ ਦੇ ਨਾਂਅ 'ਤੇ ਜ਼ਬਰਦਸਤੀ ਉਗਰਾਹੀ ਕੀਤੀ ਤੇ ਹਰ ਇਕ ਮੁਲਾਜ਼ਮ ਤੋਂ ਉਸ ਦੀ ਇਕ ਮਹੀਨੇ ਦੀ ਤਨਖਾਹ ਲਈ ਅਤੇ ਹਰ ਵਪਾਰੀ ਜਾਂ ਟਰਾਂਸਪੋਰਟਰ ਪਾਸੋਂ ਜਬਰਦਸਤੀ ਮੋਟੀਆਂ ਰਕਮਾਂ ਇਕੱਠੀਆਂ ਕੀਤੀਆਂ, ਮਹੰਤ ਮਨਜੀਤ ਸਿੰਘ ਦੇ ਸਰੀਰ ਵਿਚ ਕਿਸੇ ਮਸੰਦ ਦੀ ਰੂਹ ਆ ਗਈ ਲਗਦੀ ਹੈ।

11. ਮਹੰਤ ਸ਼ਰਾਫਤ ਅਤੇ ਨੇਕੀ ਦੀ ਕਮਾਈ 'ਤੇ ਯਕੀਨ ਰੱਖਣ ਵਾਲਿਆਂ ਨੂੰ ਚੋਰੀ, ਠੱਗੀ ਅਤੇ ਦੋ ਨੰਬਰ ਦੇ ਕੰਮ ਦੀ ਪ੍ਰੇਰਨਾ ਦੇਂਦਾ ਹੈ ਤੇ ਉਸ ਵਿਚੋਂ ਆਪਣਾ ਹਿੱਸਾ ਮੰਗਦਾ ਹੈ। ਕੀ ਇਹ ਲੱਛਣ ਕਿਸੇ ਗੁਰਸਿੱਖ ਸੰਤ ਦੇ ਹਨ?

ਮਹੰਤ ਮਨਜੀਤ ਸਿੰਘ ਪਾਸ ਆਪਣੇ ਆਚਰਣ ਪ੍ਰਤੀ ਹੇਠ ਲਿਖੇ ਪ੍ਰਸ਼ਨਾਂ ਦਾ ਕੀ ਜਵਾਬ ਹੈ? ਜੰਮੂ ਵਿਚ ਅੰਬਿਕਾ ਰਖੇਲ, ਬੰਗਲੌਰ ਦੇ ਹੋਟਲ ਵਿਚ ਪਤਨੀ ਤੇ ਅਕਾਲ ਤਖ਼ਤ ਸਾਹਿਬ 'ਤੇ ਧੀ

1. ਕੀ ਉਸ ਦੇ ਮਹੰਤ ਬਣਨ ਤੋਂ ਪਹਿਲਾਂ ਕੁਝ ਔਰਤਾਂ ਨਾਲ ਨਜਾਇਜ਼ ਸਬੰਧ ਨਹੀਂ ਸਨ?

2. ਕੀ ਮਹੰਤ ਬਣਨ ਤੋਂ ਬਾਅਦ ਵੀ ਉਸਦੇ ਇਹ ਨਜਾਇਜ਼ ਸਬੰਧ ਨਹੀਂ ਰਹੇ?

3. ਕੀ ਗੁਰਸਿੱਖੀ ਆਚਰਣ ਅਤੇ ਪਵਿੱਤਰ ਡੇਰੇ ਦੀ ਮਰਯਾਦਾ ਅਨੁਸਾਰ ਕਿਸੇ

ਔਰਤ ਨੂੰ ਮਹੰਤ ਸਾਹਿਬ ਪਾਸ ਕੰਪਲੈਕਸ ਵਿਚ ਰਹਿਣ ਦੀ ਆਗਿਆ ਹੈ?

4. ਕੀ ਅੱਜ ਤੱਕ ਕਿਸੇ ਹੋਰ ਔਰਤ ਨੇ ਮਹੰਤ ਸਾਹਿਬ ਦੇ ਕਮਰੇ ਨਾਲ ਲਗਦੇ ਕਮਰੇ ਵਿਚ ਚਲੀਹਾ ਸਾਧਨਾ ਕੀਤੀ ਹੈ? ਜੇ ਨਹੀਂ ਤਾਂ ਫਿਰ ਅੰਬਿਕਾ ਲਈ ਡੇਰੇ ਦੀਆਂ ਸਾਰੀਆਂ ਪ੍ਰੰਪਰਾਵਾਂ ਕਿਉਂ ਛਿੱਕੇ ਟੰਗੀਆਂ ਗਈਆਂ?

5. ਕੀ ਮਨਜੀਤ ਸਿੰਘ ਦੇ ਕਮਰੇ 'ਚੋਂ ਅੰਬਿਕਾ ਦੇ ਚਲੀਹੇ ਵਾਲੇ ਕਮਰੇ ਵਿਚ ਟੈਲੀਫੋਨ ਐਕਸਟੈਨਸ਼ਨ ਨਹੀਂ ਸੀ?

6. ਕੀ ਅੰਬਿਕਾ ਮਹੰਤ ਮਨਜੀਤ ਸਿੰਘ ਨਾਲ ਉਸ ਦੇ ਕਮਰੇ ਵਿਚ ਹੀ ਨਹੀਂ ਸੀ ਰਹਿੰਦੀ?

7. ਕੀ ਉਨ੍ਹਾਂ ਦੇ ਨਜਾਇਜ਼ ਸਬੰਧ ਨਹੀਂ ਸਨ?

8. ਕੀ ਅੰਬਿਕਾ ਦੇ ਬਿਊਟੀ ਪਾਰਲਰ ਦਾ ਉਦਘਾਟਨ ਮਹੰਤ ਮਨਜੀਤ ਸਿੰਘ ਨੇ ਨਹੀਂ ਸੀ ਕੀਤਾ?

9. ਕੀ ਅੰਬਿਕਾ ਨੇ ਬੰਗਲੌਰ ਵਿਖੇ ਸੈਂਟਰਲ ਬੈਂਕ ਆਫ ਇੰਡੀਆ ਦੇ ਆਪਣੇ ਬੈਂਕ ਖਾਤੇ ਵਿਚ ਮਹੰਤ ਮਨਜੀਤ ਸਿੰਘ ਨੂੰ ਆਪਣਾ ਪਤੀ ਨਹੀਂ ਲਿਖਵਾਇਆ?

10. ਕੀ ਸਿੱਖ ਪੰਥ ਦੇ ਸਰਬ-ਉੱਚ ਅਸਥਾਨ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਮਹੰਤ ਨੇ ਝੂਠ ਨਹੀਂ ਬੋਲਿਆ ਕਿ ਅੰਬਿਕਾ ਮੇਰੀ ਧੀ ਹੈ...?

11. ਕੀ ਮਹੰਤ ਮਨਜੀਤ ਸਿੰਘ ਬੰਗਲੌਰ ਦੇ ਆਦਰਸ਼ ਹੋਟਲ ਦੇ ਕਮਰਾ ਨੰ. 303 ਵਿਚ ਅੰਬਿਕਾ ਨਾਲ ਨਹੀਂ ਰਿਹਾ?

12. ਕੀ ਬੰਗਲੌਰ ਦੇ ਹੋਟਲ ਵਿਚ ਮਹੰਤ ਦੀ ਰੋਟੀ ਪਕਾਉਣ ਵਾਲਾ ਲਾਂਗਰੀ ਉਸ ਨਾਲ ਸੀ ਜਾਂ ਉਹ ਹੋਟਲ 'ਤੇ ਰੋਟੀ ਖਾਂਦਾ ਸੀ?

13. ਜੇਕਰ ਅੰਬਿਕਾ ਨੇ ਪੁਲਿਸ ਪਾਸ ਉਪਰੋਕਤ ਸਾਰੀ ਗਲਤ-ਬਿਆਨੀ ਕੀਤੀ ਹੈ ਅਤੇ ਮਨਜੀਤ ਸਿੰਘ ਨੂੰ ਆਪਣਾ ਪਤੀ ਦੱਸਿਆ ਹੈ (ਜਦੋਂ ਕਿ ਉਸ ਦੇ ਚੈਕਾਂ ਉੱਪਰ ਮਹੰਤ ਦੇ ਆਪਣੇ ਦਸਖਤ ਵੀ ਮੌਜੂਦ ਹਨ) ਤਾਂ ਮਹੰਤ ਮਨਜੀਤ ਸਿੰਘ ਨੇ ਇਸ ਦੀ ਤਰਦੀਦ ਜਾਂ ਸੋਧ ਕਿਉਂ ਨਹੀਂ ਕਰਵਾਈ?

14. ਕੀ ਮਹੰਤ ਮਨਜੀਤ ਸਿੰਘ ਨੇ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਸੰਗਤਾਂ ਦੀ ਮੌਜੂਦਗੀ ਵਿਚ ਝੂਠ ਨਹੀਂ ਬੋਲਿਆ ਕਿ ਉਹ ਸ੍ਰੀ ਹਜ਼ੂਰ ਸਾਹਿਬ ਗਿਆ ਹੋਇਆ ਸੀ?

15. ਕੀ ਅੰਬਿਕਾ ਨੇ ਅੰਮ੍ਰਿਤ ਛਕਿਆ ਹੈ? ਅਗਰ ਐਸਾ ਹੈ ਤਾਂ ਉਹ ਆਪਣਾ ਨਾਮ ਅੰਬਿਕਾ ਕੌਰ ਦੀ ਬਜਾਏ ਅੰਬੀਕਾ ਬੜਗੋਤਰਾ ਕਿਉਂ ਲਿਖਦੀ ਹੈ?

16. ਜੇਕਰ ਮਹੰਤ ਸੱਚਮੁੱਚ ਉਸ ਨੂੰ ਆਪਣੀ ਧੀ ਮੰਨਦਾ ਹੈ ਤਾਂ ਉਹ ਪੁਲਿਸ ਪਾਸੋਂ ਰਿਹਾ ਹੋਣ ਤੋਂ ਬਾਅਦ ਮਨਜੀਤ ਸਿੰਘ ਨੂੰ ਛੁਪ-ਛੁਪ ਕੇ ਕਿਉਂ ਮਿਲਦੀ ਹੈ?

ਮਹੰਤ ਮਨਜੀਤ ਸਿੰਘ ਡੇਰੇ ਦੇ ਫੰਡ ਦੀ ਦੁਰਵਰਤੋਂ ਲਈ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦੇਵੇ :

1. ਕੀ ਮਹੰਤ ਮਨਜੀਤ ਸਿੰਘ ਨੇ 10.8.94 ਨੂੰ ਆਪਣੀ ਚਿੱਠੀ ਪੰਜਾਬ ਨੈਸ਼ਨਲ ਬੈਂਕ, ਗੰਗਿਆਲ ਜੰਮੂ ਦੇ ਮੈਨੇਜਰ ਨੂੰ ਦੇਸ਼ ਬੰਧੂ ਦੇ ਖਾਤੇ ਵਿਚ 30 ਲੱਖ ਰੁਪਏ ਜਮ੍ਹਾਂ ਕਰਨ ਲਈ ਨਹੀਂ ਲਿਖੀ?

2. 11.8.94 ਨੂੰ ਦੇਸ਼ ਬੰਧੂ ਦੇ ਖਾਤਾ ਨੰਬਰ 11231 ਵਿਚ ਜਮ੍ਹਾਂ ਕੀਤੀ ਰਕਮ = 11 ਲੱਖ ਰੁਪਏ।

3. 11.8.94 ਨੂੰ ਹੀ ਤਿੰਨ ਮਿਆਦੀ ਖਾਤਿਆਂ 'ਚ ਪੈਸੇ ਜਮਾਂ ਕਰਵਾਏ ਗਏ, ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ ;

1) ਦੇਸ਼ ਬੰਧੂ ਦੇ ਖਾਤਾ ਨੰਬਰ 3921 ਵਿਚ 4 ਲੱਖ ਰੁਪਏ।

2) ਦੇਸ਼ ਬੰਧੂ ਦੀ ਕੁੜੀ ਪੂਰਨਿਮਾ ਦੇ ਖਾਤਾ ਨੰਬਰ 3919 ਵਿਚ 3 ਲੱਖ ਰੁਪਏ।

3) ਦੇਸ਼ ਬੰਧੂ ਦੀ ਦੂਜੀ ਕੁੜੀ ਪਾਇਲ ਦੇ ਖਾਤਾ ਨੰਬਰ 3920 ਵਿਚ 3 ਲੱਖ ਰੁਪਏ।

4) 12.8.94 ਨੂੰ ਫਿਰ ਦੇਸ਼ ਬੰਧੂ ਦੇ ਖਾਤੇ ਵਿਚ ਜਮ੍ਹਾਂ ਹੋਏ 9 ਲੱਖ ਰੁਪਏ।

5) 12.8.94 ਨੂੰ ਫਿਰ ਦੇਸ਼ ਬੰਧੂ ਦੇ ਨਾਂ ਜਮ੍ਹਾਂ ਹੋਏ 50 ਹਜ਼ਾਰ ਰਪਏ।

6) 16.8.94 ਨੂੰ ਦੇਸ਼ ਬੰਧੂ ਦੇ ਨਾਂ ਜਮ੍ਹਾਂ ਹੋਏ 4 ਲੱਖ ਰੁਪਏ।

7) 22.8.94 ਨੂੰ ਦੇਸ਼ ਬੰਧੂ ਦੇ ਨਾਮ ਜਮ੍ਹਾਂ 1 ਲੱਖ 10 ਹਜ਼ਾਰ ਰੁਪਏ।

8) 24.8.94 ਨੂੰ ਦੇਸ਼ ਬੰਧੂ ਦੇ ਖਾਤਾ ਨੰਬਰ 5057 ਵਿਚ 1 ਲੱਖ ਰੁਪਏ।

9) 24.8.94 ਨੂੰ ਹੀ ਦੇਸ਼ ਬੰਧੂ ਦੀ ਕੁੜੀ ਦੇ ਖਾਤਾ ਨੰਬਰ 4202 ਵਿਚ 1 ਲੱਖ 35 ਹਜ਼ਾਰ ਰੁਪਏ।

10) 24..8.94 ਨੂੰ ਹੀ ਦੇਸ਼ ਬੰਧੂ ਦੀ ਦੂਜੀ ਕੁੜੀ ਦੇ ਖਾਤਾ ਨੰਬਰ 4974 ਵਿਚ 1 ਲੱਖ 35 ਹਜ਼ਾਰ ਰੁਪਏ।

ਇਸ ਤਰ੍ਹਾਂ ਕੁਲ ਜਮ੍ਹਾਂ ਹੋਏ 39 ਲੱਖ 30 ਹਜ਼ਾਰ ਰੁਪਏ।

ਉਪਰੋਕਤ ਸਾਰੇ ਵੇਰਵੇ ਤੋਂ ਇਲਾਵਾ ਬੰਗਲੌਰ ਵਿਖੇ ਮਹੰਤ ਅਤੇ ਅੰਬਿਕਾ ਨੇ ਜੋ ਡੇਰੇ ਦੇ ਪੈਸੇ ਦੀ ਦੁਰਵਰਤੋਂ ਕੀਤੀ ਉਸਦਾ ਵੇਰਵਾ ਇਸ ਪ੍ਰਕਾਰ ਹੈ।

19.8.94 ਨੂੰ ਅੰਬਿਕਾ ਦੇ ਨਾਂ ਬੰਗਲੌਰ ਸੈਂਟਰਲ ਬੈਂਕ ਵਿਚ ਜਮ੍ਹਾਂ ਕਰਵਾਏ 3 ਲੱਖ 50 ਹਜ਼ਾਰ ਰੁਪਏ।

23.8.94 ਨੂੰ ਇਸੇ ਵਿਚ ਜਮ੍ਹਾਂ ਕੀਤੀ ਰਕਮ 4 ਲੱਖ 50 ਹਜ਼ਾਰ ਰੁਪਏ।

25.8.94 ਨੂੰ ਅੰਬਿਕਾ ਨੇ ਮਹੰਤ ਨੂੰ ਇਕ ਲੱਖ ਰੁਪਏ ਦਾ ਚੈੱਕ ਨੰਬਰ 61062 ਦਿੱਤਾ।

25.8.94 ਨੂੰ ਅੰਬਿਕਾ ਨੇ ਸੈਲਫ ਚੈੱਕ ਨੰਬਰ 61063 ਦੁਆਰਾ 6 ਲੱਖ 80 ਹਜ਼ਾਰ ਰੁਪਏ ਕਢਵਾਏ।

(ਉਪਰੋਕਤ ਦੋਵਾਂ ਚੈਕਾਂ ਪਿਛੇ ਅੰਬਿਕਾ ਅਤੇ ਮਹੰਤ ਦੇ ਇਕੱਠੇ ਦਸਤਖਤ ਬੈਂਕ ਰਿਕਾਰਡ ਵਿਚ ਮੌਜੂਦ ਹਨ)

8.9.94 ਨੂੰ ਫੇਰ ਅੰਬਿਕਾ ਦੇ ਇਸ ਖਾਤੇ ਵਿਚ 15 ਲੱਖ ਰੁਪਏ ਦਾ ਡਰਾਫਟ ਜਮ੍ਹਾਂ ਕਰਵਾਇਆ ਗਿਆ, ਜੋ ਹਾਲੇ ਵੀ ਪੁਲਿਸ ਵਲੋਂ ਸੀਲ ਕੀਤਾ ਹੋਇਆ ਹੈ।

ਮਹੰਤ ਮਨਜੀਤ ਸਿੰਘ ਸੰਗਤਾਂ ਨੂੰ ਜਵਾਬ ਦੇਵੇ ਕਿ ਉਸਨੇ ਡੇਰੇ ਦੇ ਇਸ ਸਾਰੇ ਧਨ ਜਾਂ ਸਰਮਾਏ ਨੂੰ ਖੁਰਦ-ਬੁਰਦ ਕਿਉਂ ਕੀਤਾ?

ਇਸ ਸਾਰੇ ਪੈਸੇ ਤੋਂ ਇਲਾਵਾ ਕੁਝ ਹੀਰੇ ਅਤੇ ਹੋਰ ਕੀਮਤੀ ਜਵਾਹਰਾਤ ਜੋ ਕਿ

ਮਹਾਰਾਜਾ ਰਣਜੀਤ ਸਿੰਘ ਅਤੇ ਮਹਾਰਾਜਾ ਗੁਲਾਬ ਸਿੰਘ ਵਲੋਂ ਇਸ ਡੇਰੇ ਦੇ ਮਹਾਂਪੁਰਖ ਸੰਤ ਮੇਲਾ ਸਿੰਘ ਜੀ ਨੂੰ ਭੇਟ ਕੀਤੇ ਗਏ ਸਨ, ਉਹ ਵੀ ਸਾਰੇ ਇਹ ਮਨਜੀਤ ਸਿੰਘ ਖਾ ਕੇ ਡਕਾਰ ਗਿਆ ਹੈ।

ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਇਹ ਪਹਿਲੀ ਵਾਰ ਹੋਇਆ ਹੈ ਕਿ ਕਿਸੇ ਜੰਮੂ-ਕਸ਼ਮੀਰ ਦੇ ਸਿੱਖ ਨੂੰ ਤਨਖਾਹੀਆ ਕਰਾਰ ਦਿੱਤਾ ਗਿਆ ਹੈ ਅਤੇ ਉਹ ਵੀ ਡੇਰਾ ਨੰਗਾਲੀ ਸਾਹਿਬ ਦੇ ਮੁਖੀ ਨੂੰ। ਜਦੋਂ ਆਪਣੇ ਧਾਰਮਕ ਦੋਸ਼ਾਂ ਬਾਰੇ ਸਪੱਸ਼ਟੀਕਰਨ ਦੇਣ ਸਬੰਧੀ ਪਹਿਲੀ ਵਾਰ ਮਹੰਤ ਨੂੰ ਅਕਾਲ ਤਖ਼ਤ ਸਾਹਿਬ 'ਤੇ ਪੇਸ਼ ਹੋਣ ਲਈ ਬੁਲਾਇਆ ਗਿਆ ਤਾਂ ਇਸ ਨੇ ਬਹਾਨੇਬਾਜ਼ੀ ਕਰਨ ਦੀ ਕੋਸ਼ਿਸ਼ ਕੀਤੀ ਕਿ ਮੈਂ ਸੁਰੱਖਿਆ ਕਾਰਨਾਂ ਕਰਕੇ ਹਾਜ਼ਰ ਨਹੀਂ ਹੋ ਸਕਦਾ।

ਬਾਅਦ ਵਿਚ ਜਦੋਂ ਇਹ ਹਾਜ਼ਰ ਵੀ ਹੋਇਆ ਤਾਂ ਇਸ ਨੇ ਆਪਣੇ ਖਿਲਾਫ ਸਾਰੇ ਦਸਤਾਵੇਜ਼ੀ ਸਬੂਤ ਹੋਣ ਦੇ ਬਾਵਜੂਦ ਵੀ ਸ੍ਰੀ ਅਕਾਲ ਤਖ਼ਤ ਸਾਹਿਬ ਉੱਪਰ ਝੂਠ ਬੋਲਿਆ ਤੇ ਆਖਰ ਸਿੰਘ ਸਾਹਿਬ ਨੇ ਇਸ ਨੂੰ ਧਾਰਮਕ ਦੋਸ਼ੀ ਠਹਿਰਾਉਂਦੇ ਹੋਏ ਚਾਲ੍ਹੀ ਦਿਨਾਂ ਦੀ ਸਜ਼ਾ ਵੀ ਲਾਈ ਜੋ ਇਸ ਨੇ ਨਹੀਂ ਨਿਭਾਈ ਜਿਸ ਕਾਰਨ ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਅਜੇ ਤੱਕ ਮਹੰਤ ਮਨਜੀਤ ਸਿੰਘ ਨੂੰ ਦੋਸ਼ ਮੁਕਤ ਕਰਕੇ ਪੰਥ ਵਿਚ ਸ਼ਾਮਲ ਨਹੀਂ ਕੀਤਾ ਗਿਆ।

1. ਮਹੰਤ ਮਨਜੀਤ ਸਿੰਘ ਕਾਰਨ ਹੀ ਦਿੱਲੀ ਵਿਖੇ ਸੰਤ ਬਾਬਾ ਮਾਨ ਸਿੰਘ ਜੀ ਦੇ ਡੇਰੇ ਵਿਚ ਪੁਲਿਸ ਗਈ ਅਤੇ ਓਥੋਂ ਮਨਜੀਤ ਸਿੰਘ ਦੇ ਗੜਵਈ ਸੁਰਿੰਦਰ ਸਿੰਘ ਬਿੱਲਾ ਨੂੰ ਗ੍ਰਿਫਤਾਰ ਕੀਤਾ ਗਿਆ।

2. ਮਹੰਤ ਦੂਜੇ ਧਰਮਾਂ ਦੇ ਅਸਥਾਨਾਂ 'ਤੇ ਜਾ ਕੇ ਆਪਣੀ ਹੇਠੀ ਕਰਵਾਉਂਦਾ ਹੈ।

3. ਕਾਂਗਰਸ ਪਾਰਟੀ ਨਾਲ ਮਹੰਤ ਨੇ ਵਾਅਦਾ ਕੀਤਾ ਹੋਇਆ ਹੈ ਕਿ ਉਹ ਉਸ ਨੂੰ ਕਾਨੂੰਨੀ ਕੇਸਾਂ 'ਚੋਂ ਬਚਾਵੇ ਤਾਂ ਉਸਦੇ ਬਦਲੇ ਵਿਚ ਮਹੰਤ ਉਸ ਨੂੰ ਵੋਟਾਂ ਦਵਾਏਗਾ।

4. ਡਿਗਿਆਣਾ ਆਸ਼ਰਮ ਜਾਂ ਨੰਗਾਲੀ ਸਾਹਿਬ ਨੂੰ ਸਿੱਖਾਂ ਦੇ ਧਾਰਮਕ ਅਸਥਾਨ ਦੀ ਬਜਾਏ ਕਾਂਗਰਸ ਪਾਰਟੀ ਦਾ ਅੱਡਾ ਬਣਾਇਆ ਹੋਇਆ ਹੈ।

5. ਮਹੰਤ ਮਨਜੀਤ ਸਿੰਘ ਦੇ ਉਪਰੋਕਤ ਡੇਰੇ ਦੇ ਪੈਸੇ ਦੀ ਦੁਰਵਰਤੋਂ ਨੂੰ ਝੂਠਾ ਸਾਬਤ ਕਰਨ ਵਾਲੇ ਲਈ ਜੋ 2 ਲੱਖ ਰੁਪਏ ਇਨਾਮ ਦੇਣ ਦਾ ਐਲਾਨ ਇਸ਼ਤਿਹਾਰ ਰਾਹੀਂ ਕੀਤਾ ਗਿਆ ਹੈ, ਉਸ ਨੂੰ ਝੂਠਾ ਸਾਬਤ ਕਰਕੇ ਮਹੰਤ ਦੇ ਸਮਰਥਕ ਉਹ ਦੋ ਲੱਖ ਰੁਪਈਆ ਲੈਂਦੇ ਕਿਉਂ ਨਹੀਂ?

ਉਪਰੋਕਤ ਸਾਰੇ ਪ੍ਰਸ਼ਨਾਂ ਦੇ ਉੱਤਰ ਇਸ ਲਈ ਜ਼ਰੂਰੀ ਨਹੀਂ ਕਿ ਅਸੀਂ ਮਹੰਤ ਮਨਜੀਤ ਸਿੰਘ ਦੇ ਵਿਰੋਧੀ ਹਾਂ ਬਲਕਿ ਅਸੀਂ ਸ੍ਰੀ ਨੰਗਾਲੀ ਸਾਹਿਬ ਦੇ ਹਿਤੈਸ਼ੀ ਹਾਂ ਇਸ ਲਈ ਕਿਸੇ ਐਸੇ ਉੱਚੇ ਆਚਰਣ ਜਾਂ ਆਦਰਸ਼ ਵਾਲੇ ਪੂਰਨ ਗੁਰਸਿੱਖ ਸੰਤ ਦੀ ਲੋੜ ਮਹਿਸੂਸ ਕਰਦੇ ਹਾਂ ਜੋ ਸਿੱਖੀ ਦਾ ਪ੍ਰਭਾਵ ਰੱਖਦਾ ਹੋਵੇ ਅਤੇ ਨਾਲ ਹੀ ਅਸੀਂ ਮਹੰਤ ਮਨਜੀਤ ਸਿੰਘ ਨੂੰ ਵੀ ਬੇਨਤੀ ਕਰਦੇ ਹਾਂ ਕਿ ਇਨਸਾਨ ਭੁੱਲਣਹਾਰ ਹੈ ਅਤੇ ਆਪਣੀ ਭੁੱਲ ਨੂੰ ਸਵੀਕਾਰ ਕਰਨ ਵਿਚ ਵੀ ਉਸਦਾ ਵੱਡਪਣ ਹੈ। ਤੁਸੀਂ ਆਪਣੇ ਅੰਦਰ ਆਪ ਝਾਤੀ ਮਾਰ ਕੇ ਵੇਖੋ। ਕੀ ਤੁਸੀਂ ਆਪਣੇ ਆਪ ਨੂੰ ਇਸ ਯੋਗ ਸਮਝਦੇ ਹੋ ਕਿ ਤੁਸੀਂ ਇਸ ਡੇਰੇ ਦੀ ਅਗਵਾਈ ਕਰ ਸਕੋ। ਕੀ ਸ੍ਰੀ ਨੰਗਾਲੀ ਸਾਹਿਬ ਦੇ ਤੁਸੀਂ ਯੋਗ ਹੋ? ਨਿਸਚੇ ਹੀ ਤੁਹਾਡੀ ਆਤਮਾ

ਤੁਹਾਨੂੰ ਕੋਸੇਗੀ। ਡੇਰੇ ਦੇ ਪਿਛਲੇ ਸਾਰੇ ਮਹਾਂਪੁਰਖਾਂ ਦੀ ਘਾਲਣਾ ਅਤੇ ਸੇਵਾ ਨੂੰ ਮੁੱਖ ਰੱਖ ਕੇ ਤੁਸੀਂ ਆਪ ਹੀ ਇਸ ਡੇਰੇ ਦੀ ਜ਼ਿੰਮੇਵਾਰੀ ਕਿਸੇ ਹੋਰ ਯੋਗ ਵਿਅਕਤੀ ਨੂੰ ਸੌਂਪ ਦਿਓ ਨਹੀਂ ਤਾਂ ਇਤਿਹਾਸ ਤੁਹਾਨੂੰ ਕਦੀ ਵੀ ਮੁਆਫ ਨਹੀਂ ਕਰੇਗਾ।

*ਸ੍ਰੀ ਨੰਗਾਲੀ ਸਾਹਿਬ ਦੇ ਹਿਤੈਸ਼ੀ*

***

ਉਪਰੋਕਤ ਇਸ਼ਤਿਹਾਰ ਤੋਂ ਇਲਾਵਾ ਜੰਮੂ ਕਸ਼ਮੀਰ ਦੀ ਸੰਗਤ ਨੇ ਇਕ ਹੋਰ ਹੇਠ ਲਿਖਿਆ ਇਸ਼ਤਿਹਾਰ ਵੀ ਕਢਿਆ ਤੇ ਉਹ ਵੀ ਜਥੇਦਾਰ ਅਕਾਲ ਤਖ਼ਤ ਨੂੰ ਭੇਜਿਆ ਗਿਆ। ਜਿਸ ਦਾ ਮੂਲ ਪਾਠ ਇਸ ਤਰ੍ਹਾਂ ਹੈ;

### ਨਗਰ ਕੀਰਤਨ ਨਾਂ ਨਿਕਲਣ ਦੇਣ ਦਾ ਅਸਲ ਦੋਸ਼ੀ ਕੌਣ?

ਰਿਆਸਤ ਦੀਆਂ ਸਮੂਹ ਸਿੱਖ ਸੰਗਤਾਂ ਇਸ ਸਾਲ ਦਸਮੇਸ਼ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਆਗਮਨ ਦੀ ਖੁਸ਼ੀ ਵਿਚ ਜੰਮੂ ਵਿਚ ਨਿਕਲਣ ਵਾਲੇ ਨਗਰ ਕੀਰਤਨ ਤੋਂ ਵਾਂਝੀਆਂ ਰਹਿ ਗਈਆਂ, ਜਿਸ ਦੇ ਅਸਲ ਕਾਰਨ ਸੰਗਤਾਂ ਦੀ ਜਾਣਕਾਰੀ ਲਈ ਦੱਸਣੇ ਬਹੁਤ ਜ਼ਰੂਰੀ ਹਨ ਤਾਂ ਕਿ ਸੰਗਤਾਂ ਵਿਚ ਪਾਏ ਜਾ ਰਹੇ ਭਰਮ-ਭੁਲੇਖੇ ਦੂਰ ਹੋ ਸਕਣ ਅਤੇ ਨਗਰ ਕੀਰਤਨ ਨਾ ਨਿਕਲਣ ਦਾ ਅਸਲ ਦੋਸ਼ੀ (ਜ਼ਿੰਮੇਵਾਰ) ਕੌਣ ਹੈ, ਦਾ ਵੀ ਸੰਗਤਾਂ ਨਿਰਣਾ ਕਰ ਸਕਣ।

ਮਿਤੀ 2 ਜਨਵਰੀ 1997 ਨੂੰ ਜ਼ਿਲ੍ਹਾ ਗੁਰਦੁਆਰਾ ਪ੍ਰਬੰਧਕ ਕਮੇਟੀ ਜੰਮੂ ਵਲੋਂ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਜੰਮੂ ਵਿਖੇ ਨਗਰ ਕੀਰਤਨ ਸਬੰਧੀ ਡਿਊਟੀਆਂ ਲਾਉਣ ਲਈ ਸ਼ੱਦੀ ਗਈ ਮੀਟਿੰਗ ਵਿਚ ਸਰਬਸੰਮਤੀ ਨਾਲ ਸ੍ਰੀ ਗੁਰੂ ਗ੍ਰੰਥ.ਸਾਹਿਬ ਦੀ ਪਾਲਕੀ ਸਜਾਉਣ ਦੀ ਸੇਵਾ ਸ: ਹਰਜਿੰਦਰ ਸਿੰਘ ਰੈਨਾ ਦੀ ਲਗਾਈ ਗਈ ਜੋ ਕਿ ਰਿਆਸਤੀ ਅਕਾਲੀ ਦਲ ਦੇ ਚੀਫ ਆਰਗੇਨਾਈਜ਼ਰ ਵੀ ਹਨ।

ਇਸ ਤੋਂ ਬਾਅਦ ਮਿਤੀ 5 ਜਨਵਰੀ 1997 ਨੂੰ ਮਹੰਤ ਮਨਜੀਤ ਸਿੰਘ ਦੀ ਅਖੌਤੀ 'ਸਿੱਖ ਵੈਲਫੇਅਰ ਫੋਰਮ' ਦੇ ਨਾਂਅ ਹੇਠ ਬਣੀ ਜਥੇਬੰਦੀ ਨੇ ਸ: ਹਰਬੰਸ ਸਿੰਘ 'ਅਸਨੀਜੀ' ਦੀ ਪ੍ਰਧਾਨਗੀ ਹੇਠ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਗੁਰੂ ਨਾਨਕ ਨਗਰ ਵਿਖੇ ਆਪਣੀ ਇਕ ਵੱਖਰੀ ਮੀਟਿੰਗ ਕਰਕੇ ਫੈਸਲਾ ਕੀਤਾ ਕਿ ਇਸ ਵਾਰੀ ਨਗਰ ਕੀਰਤਨ ਵਿਚ ਮਹੰਤ ਮਨਜੀਤ ਸਿੰਘ (ਜੋ ਕਿ ਹਾਲੇ ਤੱਕ ਤਨਖਾਹੀਆ ਹੈ) ਨੂੰ ਜ਼ਬਰਦਸਤੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਵਿਚ ਬਿਠਾਇਆ ਜਾਵੇਗਾ ਭਾਵੇਂ ਇਸ ਲਈ ਕਿੰਨੇ ਲੋਕ ਮਾਰਨੇ ਵੀ ਕਿਉਂ ਨਾ ਪੈ ਜਾਣ। ਇਸ ਮੀਟਿੰਗ ਵਿਚ ਮੌਜੂਦ ਕੁਝ ਮਹੰਤ ਪੱਖੀ ਲੋਕਾਂ ਨੇ ਇਕੱਠੇ ਹੋ ਕੇ ਜ਼ਿਲ੍ਹਾ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧਕਾਂ 'ਤੇ ਦਬਾਅ ਪਾਇਆ ਕਿ ਉਹ ਖੁਦ ਮਹੰਤ ਨੂੰ ਨਗਰ ਕੀਰਤਨ ਵਿਚ ਲਿਆਉਣ ਅਤੇ ਤਾਬਿਆ ਵਿਚ ਬਿਠਾਉਣ ਨਹੀਂ ਤਾਂ ਭਿਆਨਕ ਸਿੱਟੇ ਨਿਕਲਣਗੇ। ਇਸ ਮੀਟਿੰਗ ਦੇ ਫੈਸਲੇ ਅਤੇ ਗੁੰਡਾਗਰਦੀ ਦੇ ਮਾਹੌਲ ਨੂੰ ਦੇਖ ਕੇ ਹਰ ਸਿੱਖ ਇਹ ਸੋਚਦਾ ਸੀ ਕਿ 1978 ਵਿਚ ਜਿਸ ਤਰ੍ਹਾਂ ਨਿਰੰਕਾਰੀਆਂ ਨੇ ਵਿਸਾਖੀ ਵਾਲੇ ਦਿਨ ਅੰਮ੍ਰਿਤਸਰ ਵਿਖੇ ਨਿਹੱਥੇ ਸਿੱਖਾਂ ਨੂੰ ਸ਼ਹੀਦ ਕੀਤਾ ਸੀ ਅਤੇ ਜਿਸ ਦਾ ਸੰਤਾਪ ਹਾਲੇ ਤੱਕ ਪੂਰੀ ਕੌਮ ਅਤੇ ਦੇਸ ਭੋਗ ਰਹੇ ਹਨ, ਸ਼ਾਇਦ ਇਸੇ ਤਰ੍ਹਾਂ ਹੀ ਮਹੰਤ ਮਨਜੀਤ ਸਿੰਘ ਵੀ ਆਪਣੇ ਸਮਰਥਕਾਂ ਸਮੇਤ ਨਗਰ ਕੀਰਤਨ ਵਿਚ ਸੰਗਤਾਂ 'ਤੇ ਹਮਲਾ ਕਰ ਦੇਵੇਗਾ ਅਤੇ

ਜ਼ਬਰਦਸਤੀ ਤਾਬਿਆ ਵਿਚ ਬੈਠਣ ਲਈ ਪਤਾ ਨਹੀਂ ਕਿੰਨੇ ਲੋਕਾਂ ਨੂੰ ਮੌਤ ਦੇ ਘਾਟ ਉਤਾਰ ਦੇਵੇਗਾ। ਇਸ ਮੀਟਿੰਗ ਦੇ ਫੈਸਲੇ ਤੋਂ ਬਾਅਦ ਆਮ ਸਿੱਖ ਸੰਗਤਾਂ ਵਿਚ ਇਹ ਚਰਚਾ ਸੀ ਕਿ ਇਸ ਵਾਰੀ ਕੋਈ ਵੀ ਆਪਣੇ ਛੋਟੇ ਬੱਚੇ ਨਗਰ ਕੀਰਤਨ ਵਿਚ ਲੈ ਕੇ ਨਾ ਜਾਵੇ ਪਤਾ ਨਹੀਂ ਕੀ ਹੋ ਜਾਵੇਗਾ।

ਉਪਰੋਕਤ ਸਾਰੇ ਹਾਲਾਤਾਂ ਨੂੰ ਦੇਖਦੇ ਹੋਏ ਰਿਆਸਤੀ ਅਕਾਲੀ ਦਲ ਦੇ ਇਕ ਮੈਂਬਰ ਨੇ ਸਿੱਖ ਵੈਲਫੇਅਰ ਫੋਰਮ ਦੇ ਪ੍ਰਧਾਨ ਸ: ਹਰਬੰਸ ਸਿੰਘ 'ਅਸਨੀਜੀ' ਨੂੰ ਬੇਨਤੀ ਕੀਤੀ ਕਿ ਆਓ ਅਸੀਂ ਦੋਵਾਂ ਪਾਰਟੀਆਂ ਦੇ ਪੰਜ-ਪੰਜ ਸਿੰਘ, ਸਿੰਘ ਸਾਹਿਬ ਕੋਲ ਚੱਲੀਏ ਅਤੇ ਮਹੰਤ ਮਨਜੀਤ ਸਿੰਘ ਨੂੰ ਵੀ ਲੈ ਚੱਲੋ ਅਤੇ ਓਥੇ ਆਪਸ ਵਿਚ ਬੈਠ ਕੇ ਸਾਰਾ ਵਿਵਾਦ ਹੱਲ ਕਰਕੇ ਸਾਰੀਆਂ ਸਿੱਖ ਸੰਗਤਾਂ ਨੂੰ ਦੱਸ ਦਿੱਤਾ ਜਾਏ ਤਾਂ ਕਿ ਨਗਰ ਕੀਰਤਨ 'ਤੇ ਕੋਈ ਵੀ ਗਲਤਫਹਿਮੀ ਝਗੜੇ ਦਾ ਕਾਰਨ ਨਾ ਬਣ ਸਕੇ ਪਰ ਉਨ੍ਹਾਂ ਕਿਹਾ ਕਿ ਮਹੰਤ ਸਾਹਿਬ ਆਖਦੇ ਹਨ ਕਿ ਨਾ ਮੈਂ ਸਿੰਘ ਸਾਹਿਬ ਪਾਸ ਜਾਵਾਂ ਅਤੇ ਨਾ ਹੀ ਮੈਂ ਉਨ੍ਹਾਂ ਨੂੰ ਮੰਨਦਾ ਹਾਂ। ਇਸ ਤਰ੍ਹਾਂ ਸੰਭਾਵੀ ਝਗੜੇ ਨੂੰ ਟਾਲਣ ਦਾ ਯਤਨ ਫੇਲ੍ਹ ਹੋ ਗਿਆ। ਇਸ ਸਾਰੇ ਹਾਲਾਤ ਅਤੇ 5 ਜਨਵਰੀ 1997 ਦੀ ਮਹੰਤ ਸਮਰਥਕਾਂ ਦੀ ਮੀਟਿੰਗ ਦੇ ਫੈਸਲੇ ਬਾਅਦ ਜਦੋਂ ਕਿ ਹਰ ਪਾਸੇ ਖੌਫ ਦਾ ਮਾਹੌਲ ਬਣਦਾ ਦਿਸ ਰਿਹਾ ਸੀ ਅਤੇ ਡਿਗਿਆਣਾ ਆਸ਼ਰਮ ਵਿਚ ਇਕ ਵਾਰੀ ਫਿਰ ਗਲਤ ਲੋਕ ਜਮ੍ਹਾਂ ਹੋਣੇ ਸ਼ੁਰੂ ਹੋ ਗਏ ਤਾਂ ਅਸੀਂ ਇਸ ਸਬੰਧੀ ਐਡਮਨਿਸਟਰੇਟਰ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਚਿੱਠੀ ਲਿਖੀ ਕਿ ਉਹ ਪੁਰਅਮਨ ਨਗਰ ਕੀਰਤਨ ਨੂੰ ਕਾਮਯਾਬ ਬਨਾਉਣ ਲਈ ਜ਼ਰੂਰੀ ਕਾਰਵਾਈ ਕਰੇ ਅਤੇ ਮਹੰਤ ਦੇ ਸਮਰਥਕਾਂ ਪਾਸੋਂ ਨਗਰ ਕੀਰਤਨ ਵਿਚ ਸ਼ਾਮਲ ਹੋਣ ਵਾਲੇ ਨਿੱਕੇ-ਨਿੱਕੇ ਸਕੂਲੀ ਬੱਚਿਆਂ ਨੂੰ ਬਚਾਉਣ ਲਈ ਸਰਕਾਰ ਦੀ ਸਹਾਇਤਾ ਲਏ।

ਰਿਆਸਤੀ ਸਰਕਾਰ ਨੇ ਨਗਰ ਕੀਰਤਨ ਵਿਚ ਮਹੰਤ ਮਨਜੀਤ ਸਿੰਘ ਵਲੋਂ ਜ਼ਬਰਦਸਤੀ ਕਰਨ ਅਤੇ ਸਿੱਖਾਂ ਦੀ ਆਪਸੀ ਖਾਨਾਜੰਗੀ ਦੀ ਸੰਭਾਵਨਾ ਨੂੰ ਟਾਲਣ ਲਈ ਨਗਰ ਕੀਰਤਨ ਦੀ ਇਜਾਜ਼ਤ ਹੀ ਨਾ ਦਿੱਤੀ। ਇਸ ਤਰ੍ਹਾਂ ਮਹੰਤ ਨੇ ਆਪਣੀ ਅਸਲੀਅਤ ਦਾ ਸਬੂਤ ਖੁਦ ਆਪਣਾ ਹੀ ਜਲੂਸ ਕਢਵਾ ਕੇ ਦਿੱਤਾ ਹੈ। ਪਰ ਜਿਨ੍ਹਾਂ ਸਿੱਖ ਸੰਗਤਾਂ ਦੀ ਸ਼ਰਧਾ ਅਤੇ ਧਾਰਮਕ ਭਾਵਨਾ ਨੂੰ ਠੇਸ ਪਹੁੰਚੀ ਹੈ ਉਹ ਵਿਚਾਰ ਕਰ ਸਕਦੀਆਂ ਹਨ ਕਿ ਪਿਛਲੇ ਸਾਲ ਅਗਰ ਮਹੰਤ ਨਹੀਂ ਸੀ ਤਾਂ ਇਕ ਲੱਖ ਦੇ ਕਰੀਬ ਸੰਗਤਾਂ ਨਗਰ ਕੀਰਤਨ ਵਿਚ ਸ਼ਾਮਲ ਹੋਈਆਂ ਸਨ ਜੋ ਇਸ ਸਾਲ ਕੇਵਲ ਇਕ ਵਿਅਕਤੀ (ਮਹੰਤ ਮਨਜੀਤ ਸਿੰਘ) ਦੀ ਖੁਦਗਰਜ਼ੀ ਕਾਰਨ ਬਹੁਤ ਨਿਰਾਸ਼ ਹੋਈਆਂ ਹਨ। ਅੰਤ ਵਿਚ ਸੰਗਤਾਂ ਆਪਣੀ ਅੰਤਰ-ਆਤਮਾ ਵਿਚ ਜ਼ਰੂਰ ਵਿਚਾਰ ਕਰਨ ਕਿ ਜੇਕਰ ਮਹੰਤ ਤਨਖਾਹੀਆ ਨਹੀਂ ਤਾਂ ਸਿੰਘ ਸਾਹਿਬ ਪਾਸ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਆਪਸ ਵਿਚ ਥੋੜ੍ਹੇ ਥੋੜ੍ਹੇ ਸਿੰਘ ਆਹਮਣੇ ਸਾਹਮਣੇ ਬੈਠ ਕੇ ਸਾਰੀ ਗੱਲ ਨਿਬੇੜਨ ਅਤੇ ਫੈਸਲਾ ਕਰਨ ਤੋਂ ਮੁਨਕਰ ਕਿਉਂ ਹੈ?

ਜੇਕਰ ਨਗਰ ਕੀਰਤਨ ਵਿਚ ਝਗੜਾ ਹੋ ਜਾਂਦਾ ਤਾਂ ਕੀ ਸਿੱਖ ਸੰਗਤਾਂ ਆਪਣੇ ਗੁਰੂ ਦੇ ਆਗਮਨ ਪੁਰਬ ਦੀ ਖੁਸ਼ੀ ਮਨਾਉਂਦੀਆਂ ਜਾਂ ਆਪਣੇ ਹੀ ਸਿੱਖਾਂ ਦਾ ਮਾਤਮ, ਮਨਾਉਂਦੀਆਂ। ਜਿਨ੍ਹਾਂ ਸੰਗਤਾਂ ਨੇ ਬਾਅਦ ਵਿਚ ਮਹਾਰਾਣੀ ਚੰਦ ਕੌਰਾਂ ਦੀ ਸਮਾਧ 'ਤੇ ਗੁਰਪੁਰਬ ਵਾਲੇ ਦਿਨ ਸ਼ਮੂਲੀਅਤ ਕੀਤੀ ਉਨ੍ਹਾਂ ਨੇ ਮਹੰਤ ਅਤੇ ਉਸ ਦੇ ਹਮਾਇਤੀਆਂ ਦੀ

ਗੁੰਡਾਗਰਦੀ ਦਾ ਮਾਹੌਲ ਆਪਣੇ ਅੱਖੀਂ ਜ਼ਰੂਰ ਦੇਖ ਲਿਆ ਹੋਵੇਗਾ ਕਿ ਕਿਸ ਤਰ੍ਹਾਂ ਹਥਿਆਰਬੰਦ ਗੁੰਡੇ ਗਲਤ ਕਿਸਮ ਦੀ ਇਸ਼ਤਿਹਾਰਬਾਜ਼ੀ ਦਾ ਮੁਜ਼ਾਹਰਾ ਕਰ ਰਹੇ ਸਨ ਪਰ ਆਮ ਸੰਜੀਦਾ ਲੋਕਾਂ ਨੇ ਤਾਂ ਅੰਦਾਜ਼ਾ ਲਾ ਹੀ ਲਿਆ ਹੋਵੇਗਾ ਕਿ ਇਹ ਵਿਅਕਤੀ ਕਿੰਨੀ ਕੁ ਧਾਰਮਕ ਸੋਚਣੀ ਦਾ ਮਾਲਕ ਹੈ।

ਹੁਣ ਫੈਸਲਾ ਆਪ ਸਮੂਹ ਸਿੱਖ ਸੰਗਤਾਂ ਨੇ ਕਰਨਾ ਹੈ ਕਿ ਨਗਰ ਕੀਰਤਨ ਨਾ ਨਿਕਲਣ ਦਾ ਅਸਲ ਦੋਸ਼ੀ ਕੌਣ ਹੈ।

ਗੁਰੂ ਸੰਗਤਾਂ ਦੇ ਦਾਸ

*ਰਿਆਸਤੀ ਅਕਾਲੀ ਦਲ ਜੰਮੂ ਕਸ਼ਮੀਰ*

***

ਓਧਰ ਮਹੰਤ ਦੇ ਸਮਰਥਕਾਂ ਵਲੋਂ ਵੀ ਕੁਝ ਇਸ਼ਤਿਹਾਰ ਤੇ ਪ੍ਰਚਾਰ ਸਮਗਰੀ ਵੰਡੀ ਗਈ ਜਿਸ ਦਾ ਜੁਆਬ ਜੰਮੂ ਕਸ਼ਮੀਰ ਦੀ ਸੰਗਤ ਨੇ ਹੇਠ ਲਿਖੇ ਅਨੁਸਾਰ ਦਿੱਤਾ।

**ਸਚ ਆਖਣ ਦੀ ਜੁਰਅਤ ਕਰੋ ਭੁਲੜ ਵੀਰੋ !**

ਚਿੱਤ ਨਹੀਂ ਸੀ ਚਾਹੁੰਦਾ ਕਿ ਇਸ਼ਤਿਹਾਰਾਂ ਦੇ ਚੱਕਰ ਵਿਚ ਪਿਆ ਜਾਵੇ ਪਰ ਕੁਝ ਇਕ ਇਸ਼ਤਿਹਾਰ ਪੜ੍ਹਨ ਵਿਚ ਆਏ, ਜਿਨ੍ਹਾਂ ਨੂੰ ਪੜ੍ਹ ਕੇ ਮੁਨਾਸਬ ਸਮਝਿਆ ਗਿਆ ਹੈ ਕਿ ਅਸਲੀਅਤ ਨੂੰ ਲਿਖ ਦਿੱਤਾ ਜਾਵੇ। ਇਸ ਆਸ਼ੇ ਨੂੰ ਮੁੱਖ ਰੱਖ ਕੇ ਕੁਝ ਅਖਰ ਲਿਖੇ ਹਨ।

ਇਹ ਠੀਕ ਹੈ ਕਿ ਸੱਚ ਆਖਣ ਲਈ ਬੜੀ ਜੁਰਅਤ ਦੀ ਲੋੜ ਹੈ। ਅੱਜ ਤੱਕ ਦਾ ਇਤਿਹਾਸ ਇਹ ਹੀ ਦੱਸ ਰਿਹਾ ਹੈ ਕਿ ਸੱਚ ਆਖਣ 'ਤੇ ਕਈਆਂ ਨੂੰ ਬਹਤ ਕਸ਼ਟ ਝੱਲਣੇ ਪਏ, ਗੋਲੀਆਂ ਖਾਣੀਆਂ ਪਈਆਂ, ਫਾਂਸੀਆਂ ਦੇ ਤਖਤੇ 'ਤੇ ਵੀ ਚੜ੍ਹਨਾ ਪਿਆ। ਸੱਚ ਆਖਣ ਵਾਲੇ ਮਰ ਕੇ ਵੀ ਜਿੰਦਾ ਹਨ, ਮਗਰ ਝੂਠ ਬੋਲਣ ਵਾਲੇ ਜ਼ਿੰਦਾ ਵੀ ਮੁਰਦੇ ਸਮਾਨ ਹਨ। ਝੂਠੇ ਬੰਦੇ ਨੂੰ ਸਮਾਜ ਤੇ ਭਾਈਚਾਰਾ ਘਿਰਣਾ ਦੀ ਨਜ਼ਰ ਨਾਲ ਹੀ ਨਹੀਂ ਦੇਖਦਾ ਸਗੋਂ ਲਾਨ੍ਹਤਾਂ ਵੀ ਪਾਉਂਦਾ ਹੈ।

ਵਾਈਟ ਪੇਪਰ ਇਸ਼ਤਿਹਾਰ, ਬੱਸਾਂ, ਕਾਰਾਂ ਦੇ ਕਾਫਲੇ, ਜਲੂਸ, ਰਸਾਲਿਆਂ ਦੇ ਲੇਖ ਭੁੱਲੜ ਵੀਰੋ ਸੁਚੇਤ, 'ਸੇਵਾ ਕਰਤ ਹੋਇ ਨਿਹਕਾਮੀ' ਦੇ ਲੇਖ ਲਿਖ ਕੇ ਆਪਣੀ ਅਣਖ ਨੂੰ ਕਦ ਤਕ ਮਾਰੋਗੇ। ਆਖਰ ਸੱਚ ਕਈ ਪੜਦੇ ਪਾੜ ਕੇ ਜਨਤਾ ਦੇ ਸਾਹਮਣੇ ਆ ਜਾਂਦਾ ਹੈ। ਹੁਣ ਤਕ ਸੱਚ ਨੇ ਵੀ ਕਈ ਪੜਦੇ ਫਾਸ਼ ਕੀਤੇ ਹਨ ਅਤੇ ਅੱਗੋਂ ਵੀ ਕਰਨੇ ਹਨ। ਤਖ਼ਤ 'ਤੇ ਬੋਲੇ ਗਏ ਝੂਠ ਨੇ ਪਤਾ ਨਹੀਂ ਕੀ ਕ੍ਰਿਸ਼ਮਾ ਦੱਸਣਾ ਹੈ (ਮਨ ਜਾਨਤ ਸਭ ਬਾਤ ਜਾਨਤ ਹੀ ਔਗਣ ਕਰੇ। ਕਾਹੇ ਕੀ ਕੁਸਲਾਤ ਹਾਥ ਦੀਪ ਕੁਏ ਪਰੇ।)

ਇਹ ਠੀਕ ਹੈ 'ਜਿਸ ਦਾ ਨਮਕ ਖਾਈਏ ਉਸ ਦੇ ਗੀਤ ਗਾਈਏ'। ਮਹੰਤ ਦੇ ਚਿਮਚਿਓ ਤੁਸੀਂ ਆਪਣਾ ਰੋਲ ਇਸੇ ਤਰ੍ਹਾਂ ਹੀ ਨਿਭਾਉਣਾ ਹੈ। ਮਾਰੂਤੀ ਕਾਰਾਂ, ਲੱਖਾਂ ਰੁਪਏ ਨੇ ਤੁਹਾਡੀ ਜ਼ਮੀਰ ਕੋਲੋਂ ਨੀਵੇਂ ਤੋਂ ਨੀਵਾਂ ਕੰਮ ਕਰਵਾਉਣਾ ਹੈ। ਇਸ ਲਈ ਆਪਣਾ ਪੱਖ ਪੂਰਦਿਆਂ ਤੁਸੀਂ ਸਿੱਖ ਸੰਗਤਾਂ ਨੂੰ ਦੱਸਿਆ ਹੈ ਕਿ ਤੁਹਾਡਾ ਦਿੱਤਾ ਹੋਇਆ ਪੈਸਾ ਪੁਣਛ ਗੁਰਦੁਆਰਾ ਸਾਹਿਬ ਅਤੇ ਜੰਮੂ ਵਿਚ ਬਣ ਰਹੇ ਇੰਜਨੀਅਰ ਕਾਲਜ 'ਤੇ ਲੱਗਾ ਹੈ। ਦੋ ਮਦਾਂ ਦਾ ਜ਼ਿਕਰ ਕੀਤਾ ਹੈ, ਕਿਆ ਚੰਗਾ ਹੁੰਦਾ ਜੇ ਅੰਬਿਕਾ ਅਤੇ ਉਸ ਦੇ ਪਰਿਵਾਰ ਦੇ ਖਾਤੇ, ਮਹੰਤ ਦੇ ਨਿੱਜੀ ਪਰਿਵਾਰ ਦੀ ਕਾਇਆਕਲਪ ਦੇ ਖਾਤੇ, ਇਕ ਸੇਵਕ ਦੀ ਕੋਠੀ ਬਨਾਉਣ

ਦੇ ਖਾਤੇ, ਬੜੇ ਬੜੇ ਐਡਵਾਈਜ਼ਰਾਂ ਦੇ ਖਾਤੇ, ਵਕੀਲਾਂ ਦੇ ਖਾਤੇ, ਬੰਗਲੌਰ ਆਦਰਸ਼ ਪੈਲਸ ਹੋਟਲ ਦਾ ਜਿਥੇ ਸੱਤ ਦਿਨ ਅੰਬਿਕਾ ਸਣੇ ਨਿਵਾਸ ਰੱਖਿਆ ਉਸ ਦਾ ਬਿੱਲ ਖਾਤਾ, ਸ਼ਿਮਲੇ ਦੇ ਹੋਟਲਾਂ ਦਾ ਖਾਤਾ, ਨੇਪਾਲ ਤੋਂ ਅੰਬਿਕਾ ਲਈ ਬਿਊਟੀ ਪਾਰਲਰ ਲਈ ਖਰੀਦੇ ਗਏ ਮੇਕਅੱਪ ਦਾ ਸਮਾਨ, ਜਿਸ ਨੂੰ ਮਹੰਤ ਜੀ ਨੇ ਆਪਣੇ ਅਟੈਚੀ ਵਿਚ ਬੰਦ ਕਰਕੇ ਕਸਟਮ ਪਾਰ ਕੀਤਾ, ਦੇ ਖਰਚੇ ਦਾ ਵੇਰਵਾ ਲਿਖਦੇ ਤਾਂ ਕਿ ਸਿੱਖ ਸੰਗਤਾਂ ਨੂੰ ਪੂਰੀ ਪੂਰੀ ਜਾਣਕਾਰੀ ਮਿਲ ਜਾਂਦੀ ਕਿ ਸਾਡੀ ਦਿੱਤੀ ਹੋਈ ਮਾਇਆ ਕਿਹੜੇ-ਕਿਹੜੇ ਯੋਗ ਥਾਵਾਂ 'ਤੇ ਲੱਗੀ ਹੈ। ਇਹ ਸਭ ਕੁਝ ਦੇਖਣ ਸੁਣਨ ਦੇ ਬਾਵਜੂਦ ਤੁਹਾਡੀ ਇਹ ਜੁਰਅਤ ਨਹੀਂ ਪੈ ਰਹੀ ਕਿ ਤੁਸੀਂ ਸੱਚ ਆਖਣ ਦੀ ਜੁਰਅਤ ਕਰੋ। 'ਆਪ ਕੁਚੱਜੀ ਦੋਸ਼ ਗੁਆਂਢੀਆਂ' ਵਾਲੀਆਂ ਗੱਲਾਂ ਨਾ ਕਰੋ। ਜ਼ਰਾ ਖੁੱਲ੍ਹੇ ਸਮਾਜ ਅੰਦਰ ਬੈਠ ਕੇ ਦੇਖੋ, ਤੁਸਾਂ ਨੂੰ ਲੋਕ ਕਿੰਨ੍ਹਾਂ ਸ਼ਬਦਾਂ ਨਾਲ ਯਾਦ ਕਰ ਰਹੇ ਹਨ। ਆਪ ਦੀ ਐਡਵਾਈਜ਼ਰੀ ਮਹੰਤ ਤੋਂ ਭਾਂਡੇ ਮੰਜਵਾ ਰਹੀ ਹੈ; ਜੁੱਤੀਆਂ ਸਾਫ ਕਰਵਾ ਰਹੀ ਹੈ। ਹੁਣ ਇਹ ਲਿਖ ਕੇ ਕਿ "ਸੇਵਾ ਕਰਤ ਹੋਇ ਨਿਹਕਾਮੀ ਤਿਸ ਕੋ ਹੋਤ ਪ੍ਰਾਪਤ ਸੁਆਮੀ" ਦੀ ਲੰਬੀ ਲੇਖਣੀ ਨਾਲ ਮਹੰਤ ਦੇ ਅਥਰੂ ਨਾ ਪੂੰਝੇ ਅਤੇ ਆਪਣੀ ਜ਼ਮੀਰ ਨੂੰ ਬਿਲਕੁਲ ਹੀ ਨਾ ਮਾਰੋ, ਇਹਨਾਂ ਬੋਗਸ ਦਲੀਲਾਂ ਨਾਲ। ਇਕ ਪਾਸੇ ਮਹੰਤ ਦੀ ਹਾਸੋਹੀਣੀ ਘਿਰਣਾਯੋਗ ਹਾਲਤ ਤੇ ਦੂਜੇ ਪਾਸੇ ਬਣੇ ਆਪੂ ਲੇਖਕ ਗੁਰੂ ਗੋਬਿੰਦ ਸਿੰਘ ਜੀ ਦੀ ਇਹ ਦੇਣ ਵੀ ਲਿਖ ਰਹੇ ਹੋ। ਬਹੁਤ ਹੀ ਪ੍ਰਸ਼ੰਸਾਯੋਗ ਗੱਲ ਸੀ ਜੇ ਤੁਸੀਂ ਅਗਲਾ ਚੈਪਟਰ ਵੀ ਲਿਖਦੇ ਕਿ ਗੁਰੂ ਜੀ ਨੇ ਮਰਯਾਦਾ ਦੀ ਉਲੰਘਣਾ ਕਰਨ ਵਾਲਿਆਂ ਦਾ ਕੀ ਹਸ਼ਰ ਕੀਤਾ ਸੀ। ਆਖਰ ਇਹ ਅਖੌਤੀ ਨਾਮਨਿਹਾਦ ਨਾਂਅ 'ਤੇ ਨਿਕਲੇ ਇਸ਼ਤਿਹਾਰ ਲੇਖਕ ਆਪਣੇ ਇਨ੍ਹਾਂ ਲੇਖਾਂ ਨੂੰ ਪੜ੍ਹ ਕੇ ਪਛਤਾਪ ਕਰਨਗੇ। ਬਾਣੀ ਅੰਦਰ ਕਥਨ ਹੈ, ਕੂੜ ਬੋਲ ਮੁਰਦਾਰ ਖਾਇ, ਅਵਰੀ ਨੋ ਸਮਝਾਵਣ ਜਾਇ, ਮੁਠਾ ਆਪਿ ਮੁਹਾਏ ਸਾਥੈ, ਨਾਨਕ ਐਸਾ ਆਗੂ ਜਾਪੈ। ਹਾਲਾਂ ਸੱਚ ਦੀਆਂ ਹੋਰ ਕਈ ਗੁਥਲੀਆਂ ਭਰੀਆਂ ਪਈਆਂ ਹਨ। ਉਨ੍ਹਾਂ ਦੇ ਖੁੱਲ੍ਹਣ 'ਤੇ ਪਤਾ ਨਹੀਂ ਆਪ ਨੂੰ ਹੋਰ ਕਿੰਨਾ ਕੁਝ ਝੂਠ ਨੂੰ ਸੱਚ ਬਨਾਉਣ ਲਈ ਬੋਲਣਾ ਪਵੇਗਾ। ਬਾਣੀ ਵਿਚ ਲਿਖਿਆ ਹੈ, ਖਨਲੀ ਧੋਤੀ ਉਜਲੀ ਨ ਹੋਵਈ ਜੇ ਸੌ ਧੋਵਨ ਪਾਓ, ਜਿਸ ਨੂੰ ਧੋਣ ਲਈ ਬੜੇ ਵਿਦਵਾਨ ਆਪਣੀ ਵਿੱਦਿਆਂ ਨੂੰ ਪੱਠੇ ਪਾਉਂਦੇ ਹੋਏ ਲੈਕਚਰਾਂ ਕਥਾਵਾਂ ਰਾਹੀਂ ਧੋਣ ਦਾ ਯਤਨ ਕਰ ਰਹੇ ਹਨ। ਏਥੋਂ ਤੱਕ ਕਿ ਗੁਰੂ ਹਰਗੋਬਿੰਦ ਸਾਹਿਬ ਜੀ ਪ੍ਰਤੀ ਇਹ ਸ਼ਬਦ ਕਹਿਣੇ ਤੇ ਲਿਖਣੇ ਕਿ ਉਨ੍ਹਾਂ ਨੇ ਕਾਜ਼ੀ ਦੀ ਲੜਕੀ ਕੌਲਾਂ ਅਗਵਾ ਕਰਕੇ ਲੈ ਆਂਦੀ ਸੀ। ਗੁਰੂ ਸਾਹਿਬਾਨ ਪ੍ਰਤੀ ਕਿਸੇ ਦੀ ਖੁਸ਼ਾਮਦ ਦੀ ਧਾਰਨਾ ਰੱਖ ਕੇ ਇਹ ਸ਼ਬਦ ਕਹਿਣੇ ਤੇ ਲਿਖਣੇ ਸ਼ਰਮ ਦੀ ਗੱਲ ਹੈ। ਇਹ ਗੁੰਮਰਾਹਕੁੰਨ ਪ੍ਰਚਾਰ ਤੁਹਾਡੇ ਵਲੋਂ ਇਸ਼ਤਿਹਾਰਾਂ ਸਟੇਜਾਂ ਰਾਹੀਂ ਕੀਤਾ ਜਾ ਰਿਹਾ ਹੈ ਕਿ ਗੁਰਦੁਆਰਾ ਬੋਰਡ ਕਮੇਟੀ ਆਦਿ ਡੇਰਾ ਨੰਗਾਲੀ ਸਾਹਿਬ ਦੀ ਵਿਰੋਧਤਾ ਕਰ ਰਹੇ ਹਨ। ਇਹ ਸਰਾਸਰ ਝੂਠਾ ਪ੍ਰਚਾਰ ਕੀਤਾ ਜਾ ਰਿਹਾ ਹੈ, ਡੇਰੇ ਦਾ ਕੋਈ ਵੀ ਵਿਰੋਧੀ ਨਹੀਂ ਅਤੇ ਨਾ ਹੀ ਕਿਸੇ ਵਿਚ ਇਹ ਸ਼ਕਤੀ ਹੈ।

ਖਾਲਸਾ ਜੀ ਡੇਰਾ ਨੰਗਾਲੀ ਸਾਹਿਬ ਦੀ ਮਾਨ ਮਰਯਾਦਾ ਨੂੰ ਬਹਾਲ ਰੱਖਣ ਲਈ ਸੱਚ ਆਖਣ ਤੋਂ ਨਾ ਡਰੋ। ਸੱਚ ਆਖਰ ਸੱਚ ਹੈ।

ਗੁਰੂ ਪੰਥ ਦੇ ਦਾਸ

***ਡੇਰਾ ਨੰਗਾਲੀ ਸਾਹਿਬ ਦੇ ਹਿਤੇਸ਼ੀ***

ਜਦੋਂ ਮਹੰਤ ਮਨਜੀਤ ਸਿੰਘ ਬਾਹਰ ਘੁੰਮਦਾ ਫਿਰਦਾ ਸੀ ਤਾਂ ਉਸ ਨੇ ਆਪਣੇ ਇਕ ਖਾਸ ਇਤਬਾਰੀ ਬੰਦੇ ਨੂੰ ਹੇਠ ਲਿਖੀ ਚਿੱਠੀ ਲਿਖੀ। ਇਹ ਚਿੱਠੀ ਜੰਮੂ ਕਸ਼ਮੀਰ ਦੇ ਲੋਕਾਂ ਨੇ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਅੱਗੇ ਪੇਸ਼ ਕੀਤੀ।

ਨਿਹੰਗ ਹਰਭਜਨ ਸਿੰਘ ਜੀ, ਗੁਰੂ ਫਤਹਿ

ਨਿਹੰਗ ਸਿੰਘ ਜੀ ਮੈਂ ਆਪ ਜੀ ਨੂੰ ਡਿਗਿਆਣਾ ਆਸ਼ਰਮ ਅਤੇ ਬਾਰਾਮੂਲਾ ਆਸ਼ਰਮ ਦੀ ਦੇਖ ਭਾਲ ਲਈ ਰੱਖਿਆ ਹੈ। ਆਪ ਜੀ ਆਸ਼ਰਮ ਦੀ ਹਰ ਚੀਜ਼ ਦੀ ਦੇਖ ਭਾਲ ਚੰਗੀ ਤਰ੍ਹਾਂ ਤੇ ਤਨਦੇਹੀ ਨਾਲ ਕਰਨੀ। ਜਦ ਤੱਕ ਮੈਂ ਵਾਪਸ ਨਹੀਂ ਆਉਂਦਾ ਜਾਂ ਮੇਰਾ ਅਗਲਾ ਹੁਕਮ ਨਹੀਂ ਆਉਂਦਾ, ਸਟਾਫ ਨੂੰ ਆਪਣੇ ਆਪਣੇ ਕੰਮਾਂ 'ਤੇ ਲਗਾ ਰੱਖਣਾ। ਆਸ਼ਰਮ ਦਾ ਕੰਮ ਤੇ ਗੁਰਦੁਆਰੇ ਦਾ ਕੰਮ ਠੀਕ ਚੱਲਣਾ ਚਾਹੀਦਾ ਹੈ, ਬੱਚੀਆਂ ਦੀ ਦੇਖਭਾਲ ਕਰਨੀ, ਗਿ: ਹਰਨਾਮ ਸਿੰਘ ਨੂੰ ਉਗਰਾਹੀ ਦੇ ਕੰਮਾਂ 'ਤੇ ਲਗਾ ਦੇਣਾ ਜੀ। ਮਹਿੰਦਰ ਸਿੰਘ ਕੰਮ ਜਾਣਦਾ ਹੈ ਬਾਕੀ ਆਪ ਸਿਆਣੇ ਹੋ ਜੋ ਕਰਨਾ ਤੇ ਕੰਮ ਚਲਾਉਣਾ ਹੈ। ਮੇਰੀ ਇਹ ਆਖਰੀ ਚਿਠੀ ਹੈ।

*ਮਨਜੀਤ ਸਿੰਘ ਮਹੰਤ*

ਨੋਟ– 1. ਮੇਰੀ ਲੋਹੇ ਵਾਲੀ ਅਲਮਾਰੀ ਵਿਚ 2,90,500 ਰੁਪਿਆ ਕੈਸ਼ ਲਖਮੀਰ ਸਿੰਘ ਦਾ ਹੈ ਤੇ ਉਸ ਨੂੰ ਕੇਵਲ 1,10,000 ਰੁਪਏ ਦੇਣਾ ਹੈ ਬਾਕੀ ਮੋਦੀਖਾਨੇ ਵਿਚ ਦੇਣਾ ਜੀ। ਦੂਸਰੀ ਅਲਮਾਰੀ ਨਹੀਂ ਖੋਲ੍ਹਣੀ।

2. ਉਥੇ ਸੋਨੇ ਦੀ ਇਕ ਗੁਥਲੀ ਹੈ ਉਹ ਕਸ਼ਮੀਰੀ ਸਿੰਘਪੁਰੇ ਵਾਲੇ ਦੀ ਹੈ ਉਨ੍ਹਾਂ ਨੂੰ ਦੇਣੀ ਜੀ। ਇਹ ਗ੍ਰੰਥੀਆਂ ਤੋਂ ਲਿਆਂਦਾ ਸੋਨਾ ਹੈ।

3. ਮੇਰੀ ਡੇਰੇ ਦੀ ਕੈਸ਼ ਜਾਂ ਐਫ.ਡੀਆਂ ਤੋੜਨੀਆਂ ਨਹੀਂ, ਜਦੋਂ ਤੱਕ ਮੈਂ ਆਪ ਜੀ ਨੂੰ ਲਿਖਾਂ ਨਾ। ਮੇਰੇ ਕਮਰੇ ਨਹੀਂ ਖੋਲ੍ਹਣੇ ਜਿਥੇ ਮੈਂ ਰਹਿੰਦਾ ਬਹਿੰਦਾ ਹਾਂ।

4. ਤੁਸੀਂ ਆਸ਼ਰਮ ਦੀ ਆਮਦਨ ਨਾਲ ਆਸ਼ਰਮ ਦਾ ਕੰਮ ਚਲਾਉਣਾ। ਦੱਤ ਤੋਂ 7000 ਰੁਪਿਆ ਸੂਦ ਲੈਣਾ ਮਹੀਨੇ ਦਾ।

5. 4 ਲੱਖ ਰੁਪਿਆ ਉਨ੍ਹਾਂ ਕਾਲਜ ਦਾ ਉਸ ਦਾ ਹਿਸਾਬ ਕਰਕੇ ਲੈਣਾ ਤੇ ਕਾਲਜ ਨੂੰ ਦੇਣਾ ਬਾਕੀ ਕੋਈ ਰਕਮ ਕਾਲਜ ਦੇ ਖਾਤੇ ਵਿਚ ਜਮ੍ਹਾਂ ਨਹੀਂ ਕਰਨੀ।

ਇਹ ਮੇਰੀਆਂ ਬੇਨਤੀਆਂ ਹਨ।

*ਮਨਜੀਤ ਸਿੰਘ ਮਹੰਤ*

***

ਉਪਰੋਕਤ ਸਾਰੇ ਤੱਥਾਂ ਨੂੰ ਵਿਚਾਰ ਕੇ ਪੰਜ ਸਿੰਘ ਸਾਹਿਬਾਨ ਨੇ ਮਹੰਤ ਮਨਜੀਤ ਸਿੰਘ ਨੂੰ 18 ਜਨਵਰੀ 1995 ਦਿਨ ਬੁਧਵਾਰ ਨੂੰ ਸਪੱਸ਼ਟੀਕਰਨ ਦੇਣ ਲਈ ਸੱਦ ਲਿਆ ਤੇ ਓਸੇ ਹੀ ਦਿਨ ਅਰਥਾਤ 9 ਜਨਵਰੀ 1995 ਨੂੰ ਪੰਜੇ ਸਿੰਘ ਸਾਹਿਬਾਨ ਨੇ ਮਹੰਤ ਮਨਜੀਤ ਸਿੰਘ ਵਿਰੋਧੀ ਸੰਗਤ ਨੂੰ ਸ਼ਾਂਤ ਰਹਿਣ ਦਾ ਇਕ ਸਾਂਝਾ ਸੰਦੇਸ਼ ਵੀ ਦਿੱਤਾ ਤਾਂ ਕਿ ਕਿਸੇ ਕਿਸਮ ਦਾ ਖ਼ੂਨਖਰਾਬਾ ਤੇ ਲੜਾਈ ਝਗੜਾ ਨਾ ਹੋਵੇ। ਮਹੰਤ ਮਨਜੀਤ ਸਿੰਘ ਨੂੰ ਪੰਜ ਸਿੰਘ ਸਾਹਿਬਾਨ ਵਲੋਂ ਲਿਖੀ ਗਈ ਚਿੱਠੀ ਦਾ ਮੂਲ ਪਾਠ ਇਹ ਹੈ;

*9 ਜਨਵਰੀ 1995*

ਮਹੰਤ ਮਨਜੀਤ ਸਿੰਘ,

ਤੁਹਾਡੇ ਬਾਰੇ ਜੰਮੂ-ਕਸ਼ਮੀਰ ਦੀਆਂ ਸਿੱਖ ਸੰਗਤਾਂ ਵਲੋਂ ਪਿਛਲੇ ਕੁਝ ਅਰਸੇ ਤੋਂ ਜੋ ਜਾਣਕਾਰੀ ਪ੍ਰਾਪਤ ਹੋਈ ਹੈ ਉਹ ਅਤਿ-ਦੁਖਦਾਈ ਅਤੇ ਘਿਨਾਉਣੀ ਹੈ ਜਿਸ ਦਾ ਅੰਸ਼ਕ ਵੇਰਵਾ ਇਸ ਪ੍ਰਕਾਰ ਹੈ। ਸਿੱਖ ਪੰਥ ਨਾਲ ਸਬੰਧਤ ਇਸ ਪਵਿੱਤਰ ਇਤਿਹਾਸਕ ਅਸਥਾਨ ਦਾ ਮੁਖੀ ਹੋਣ ਦੇ ਰੂਪ ਵਿਚ ਐਸੀਆਂ ਮਨਮਤੀ ਕਾਰਵਾਈਆਂ ਨਾਲ ਸਿੱਖ ਸੰਗਤਾਂ ਦੇ ਹਿਰਦੇ ਬਹੁਤ ਦੁਖੀ ਹੋਏ ਹਨ।

1. ਇਸ ਗੁਰਦੁਆਰੇ ਵਿਚ ਇਕ ਗੈਰਸਿੱਖ ਇਸਤਰੀ ਨੂੰ ਗੈਰ ਮਰਯਾਦਕ ਰੂਪ ਵਿਚ ਪਨਾਹ ਦੇ ਕੇ ਆਪਣੇ ਕੋਲ ਰੱਖਿਆ।

2. ਤੁਸੀਂ ਇਸ ਅਸਥਾਨ ਦੀ ਬਹੁਤ ਸਾਰੀ ਮਾਇਆ ਨਜਾਇਜ਼ ਢੰਗ ਨਾਲ ਬੈਂਕਾਂ ਵਿਚ ਜਮ੍ਹਾਂ ਕਰਵਾਈ ਅਤੇ ਫਿਰ ਉਸ ਨੂੰ ਨਿੱਜੀ ਲਾਭਾਂ ਵਿਚ ਕਢਵਾ ਕੇ ਵਰਤਿਆ।

3. ਤੁਸੀਂ ਪੰਜਾਂ ਪਿਆਰਿਆਂ ਦੀ ਹਾਜ਼ਰੀ ਵਿਚ ਅੰਮ੍ਰਿਤ ਸੰਚਾਰ ਸਮੇਂ ਗਲਤ ਢੰਗ ਨਾਲ ਸ਼ਾਮਲ ਹੋ ਕੇ ਪੰਥਕ ਮਰਯਾਦਾ ਦਾ ਘੋਰ ਉਲੰਘਣ ਕੀਤਾ।

ਇਸ ਹਾਲਤ ਵਿਚ ਤੁਹਾਡੀਆਂ ਇਨ੍ਹਾਂ ਹਰਕਤਾਂ ਨੂੰ ਕਿਸੇ ਤਰ੍ਹਾਂ ਵੀ ਅਣਗੌਲਿਆਂ ਨਹੀਂ ਕੀਤਾ ਜਾ ਸਕਦਾ। ਸੋ ਤੁਸੀਂ ਇਸ ਸਬੰਧੀ ਆਪਣਾ ਸਪੱਸ਼ਟੀਕਰਨ ਦੇਣ ਲਈ ਮਿਤੀ 18 ਜਨਵਰੀ 1995 ਦਿਨ ਬੁੱਧਵਾਰ ਨੂੰ ਦੁਪਹਿਰ ਦੋ ਵਜੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੰਜ ਸਿੰਘ ਸਾਹਿਬਾਨ ਸਨਮੁਖ ਪੇਸ਼ ਹੋਵੋ। ਐਸਾ ਨਾ ਕਰਨ ਦੀ ਸੂਰਤ ਵਿਚ ਪੰਥਕ ਕਾਰਵਾਈ ਕੀਤੀ ਜਾਵੇਗੀ।

ਦਸਤਖਤ : ਮਨਜੀਤ ਸਿੰਘ, ਮੋਹਣ ਸਿੰਘ,
ਕੇਵਲ ਸਿੰਘ, ਭਗਵਾਨ ਸਿੰਘ, ਜੋਗਿੰਦਰ ਸਿੰਘ ਵੇਦਾਂਤੀ

***

## ਸਮੂਹ ਗੁਰੂ ਨਾਨਕ ਨਾਮ ਲੇਵਾ ਸਿੱਖ ਸੰਗਤ ਦੇ ਨਾਮ ਸੰਦੇਸ਼

*9 ਜਨਵਰੀ 1995*

ਜੰਮੂ ਨਗਰ ਵਿਖੇ ਸਥਿਤ ਸ਼੍ਰੋਮਣੀ ਡੇਰਾ ਨੰਗਾਲੀ ਸਾਹਿਬ ਅਤੇ ਡਿਗਿਆਣਾ ਆਸ਼ਰਮ ਨਾਂਅ ਦੇ ਗੁਰਅਸਥਾਨ ਪੁਰਾਤਨ ਸਮੇਂ ਤੋਂ ਗੁਰੂ ਨਾਨਕ ਨਾਮ ਲੇਵਾ ਸਿੱਖ ਸੰਗਤਾਂ ਦੀ ਸੁੱਚੀ ਸ਼ਰਧਾ ਤੇ ਸਤਿਕਾਰ ਦੇ ਕੇਂਦਰ ਚਲੇ ਆਏ ਹਨ, ਜਿਥੋਂ ਕਿ ਗੁਰੂ ਸਾਹਿਬਾਨ ਦੀ ਬਖਸ਼ੀ ਗੁਰਮਤਿ ਦਾ ਪ੍ਰਚਾਰ ਤੇ ਪ੍ਰਸਾਰ ਹੁੰਦਾ ਆਇਆ ਹੈ। ਕੁਝ ਸਾਲਾਂ ਤੋਂ ਓਥੇ ਮਨਜੀਤ ਸਿੰਘ ਨਾਂ ਦਾ ਵਿਅਕਤੀ ਇਸ ਅਸਥਾਨ ਦੇ ਮੁਖੀ ਦੇ ਰੂਪ ਵਿਚ ਸਿੱਖ ਸੰਗਤਾਂ ਵਿਚ ਵਿਚਰਦਾ ਆ ਰਿਹਾ ਹੈ। ਗੁਰੂ ਪਿਆਰਿਆਂ ਨੇ ਉਸ ਨੂੰ ਹਰ ਤਰ੍ਹਾਂ ਦਾ ਮਾਣ ਸਤਿਕਾਰ ਦੇ ਕੇ ਨਿਵਾਜਿਆ ਹੈ। ਪਰ ਪਿਛਲੇ ਕੁਝ ਅਰਸੇ ਤੋਂ ਇਸ ਵਿਅਕਤੀ ਦੀਆਂ ਮਨਮਤੀ ਕਾਰਵਾਈਆਂ ਬਾਰੇ ਸਿੱਖ ਸੰਗਤਾਂ ਵਿਚ ਚਰਚਾ ਸ਼ੁਰੂ ਹੋਈ, ਜਿਸ ਦਾ ਵੇਰਵਾ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਵੀ ਗੁਰੂ ਕੇ ਸਿੱਖਾਂ ਨੇ ਆ ਕੇ ਦਿੱਤਾ ਹੈ। ਪਿਛਲੇ ਦਿਨੀਂ ਇਸ ਸਬੰਧੀ ਠੋਸ ਸਬੂਤ ਸੰਗਤਾਂ ਦੇ ਸਨਮੁੱਖ ਆਏ, ਜਿਸ ਨੇ ਗੁਰਸਿੱਖ ਹਿਰਦਿਆਂ ਨੂੰ ਬਹੁਤ ਦੁਖੀ ਕੀਤਾ ਹੈ। ਇਸ

ਸਬੰਧੀ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਗੁਰੂ ਪਿਆਰਿਆਂ ਦੀਆਂ ਭਾਵਨਾਵਾਂ ਦੇ ਪ੍ਰਗਟਾਵੇ ਨੂੰ ਦੇਖਦਿਆਂ ਮਹੰਤ ਮਨਜੀਤ ਸਿੰਘ ਨਾਂਅ ਦੇ ਇਸ ਵਿਅਕਤੀ ਸਬੰਧੀ ਪੰਥਕ ਮਰਯਾਦਾ ਅਨੁਸਾਰ ਕਾਰਵਾਈ ਕਰਨ ਦਾ ਫੈਸਲਾ ਸਿੰਘ ਸਾਹਿਬਾਨ ਨੇ ਲਿਆ ਹੈ। ਮਿਤੀ 18 ਜਨਵਰੀ 1995 ਨੂੰ ਇਸ ਸਬੰਧੀ ਕਾਰਵਾਈ ਲਈ ਇਸ ਵਿਅਕਤੀ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਤਲਬ ਕੀਤਾ ਗਿਆ ਹੈ।

ਸੋ ਸਮੂਹ ਗੁਰੂ ਨਾਨਕ ਨਾਮ ਲੇਵਾ ਸਿੱਖ ਸੰਗਤਾਂ ਪ੍ਰਤੀ ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਇਹੋ ਸੰਦੇਸ਼ ਹੈ ਕਿ ਇਸ ਅਸਥਾਨ ਦੀ ਇਤਿਹਾਸਕ ਮਹੱਤਤਾ ਅਤੇ ਮਾਨਤਾ ਨੂੰ ਧਿਆਨ ਵਿਚ ਰਖਦਿਆਂ ਹਰ ਤਰ੍ਹਾਂ ਦਾ ਸਹਿਯੋਗ ਦੇਣ ਅਤੇ ਐਸੇ ਵਿਅਕਤੀ ਅਤੇ ਉਸ ਦੇ ਸਾਥੀਆਂ ਤੋਂ ਸੁਚੇਤ ਰਹਿਣ। ਨਾਲ ਹੀ ਆਪਣੇ ਆਪ ਨੂੰ ਪੰਥਕ ਜ਼ਾਬਤੇ ਵਿਚ ਰੱਖਣ ਤਾਂ ਕਿ ਗੁਰੂ ਦੋਖੀਆਂ ਨੂੰ ਕਿਸੇ ਢੰਗ ਨਾਲ ਵੀ ਵਾਤਾਵਰਣ ਨੂੰ ਖਰਾਬ ਕਰਨ ਦਾ ਮੌਕਾ ਨਾ ਮਿਲ ਸਕੇ।

ਦਸਤਖਤ : ਮਨਜੀਤ ਸਿੰਘ, ਮੋਹਣ ਸਿੰਘ,
ਕੇਵਲ ਸਿੰਘ, ਭਗਵਾਨ ਸਿੰਘ, ਜੋਗਿੰਦਰ ਸਿੰਘ ਵੇਦਾਂਤੀ

***

ਮਹੰਤ ਮਨਜੀਤ ਸਿੰਘ ਨੇ ਸਿੰਘ ਸਾਹਿਬਾਨ ਵਲੋਂ ਭੇਜੇ ਹੁਕਮ ਦੀ ਕੋਈ ਪ੍ਰਵਾਹ ਨਾ ਕੀਤੀ ਤੇ 18 ਜਨਵਰੀ ਨੂੰ ਆਪਣੀ ਅਸੁਰੱਖਿਆ ਦਾ ਬਹਾਨਾ ਬਣਾ ਕੇ ਅਕਾਲ ਤਖ਼ਤ 'ਤੇ ਪੇਸ਼ ਨਾ ਹੋਇਆ। ਸਿੰਘ ਸਾਹਿਬਾਨ ਨੇ ਉਸਦੇ ਅਸੁਰੱਖਿਆ ਵਾਲੇ ਬਹਾਨੇ ਨੂੰ ਰੱਦ ਕਰ ਦਿੱਤਾ ਤੇ ਪੇਸ਼ ਹੋਣ ਲਈ ਅਗਲੇ ਦਿਨ 19 ਜਨਵਰੀ ਦੀ ਤਾਰੀਖ ਪਾ ਦਿੱਤੀ ਪਰ ਉਸਦੇ ਹਾਜ਼ਰ ਨਾ ਹੋਣ 'ਤੇ ਉਸ ਨੂੰ ਤਨਖਾਹੀਆ ਕਰਾਰ ਦੇ ਦਿੱਤਾ ਗਿਆ ਤੇ ਪੇਸ਼ ਹੋਣ ਲਈ ਅਗਲੀ ਪੇਸ਼ੀ ਤਿੰਨ ਫਰਵਰੀ ਪਾ ਦਿੱਤੀ। ਇਸ ਦਿਨ ਮਹੰਤ ਨੇ ਆਪਣੇ 'ਤੇ ਲੱਗੇ ਸਾਰੇ ਦੋਸ਼ ਮੰਨ ਲਏ।

***

*3 ਫਰਵਰੀ 1995*

ਮੈਂ ਮਹੰਤ ਮਨਜੀਤ ਸਿੰਘ ਮੁਖੀ ਪ੍ਰਬੰਧਕ, ਡਿਗਿਆਣਾ ਆਸ਼ਰਮ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਨਮੁਖ, ਪੰਜ ਸਿੰਘ ਸਾਹਿਬਾਨ ਦੀ ਹਾਜ਼ਰੀ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹਾਜ਼ਰ ਹੋ ਕੇ ਅੱਜ ਮਿਤੀ 3 ਫਰਵਰੀ 1995 ਨੂੰ ਇਹ ਸਪਸ਼ਟ ਕਰਦਾ ਹਾਂ ਕਿ ਜੋ ਭੁੱਲਾਂ ਮੈਨੂੰ ਸਿੰਘ ਸਾਹਿਬਾਨ ਵੱਲੋਂ ਦੱਸੀਆਂ ਗਈਆਂ ਹਨ, ਉਨ੍ਹਾਂ ਨੂੰ ਮੈਂ ਪ੍ਰਵਾਨ ਕਰਦਾ ਹਾਂ ਅਤੇ ਨਾਲ ਹੀ ਪ੍ਰਣ ਕਰਦਾ ਹਾਂ ਕਿ ਇਸ ਸਬੰਧੀ ਜੋ ਵੀ ਹੁਕਮ ਸਿੰਘ ਸਾਹਿਬਾਨ ਮੈਨੂੰ ਦੇਣਗੇ ਮੈਂ ਉਸਦਾ ਮਨ, ਬਚਨ, ਕਰਮ ਕਰਕੇ ਪਾਲਣ ਕਰਾਂਗਾ।

*ਮਨਜੀਤ ਸਿੰਘ ਮਹੰਤ,*
ਡਿਗਿਆਣਾ ਆਸ਼ਰਮ

***

ਮਹੰਤ ਮਨਜੀਤ ਸਿੰਘ,

ਪਿਛਲੇ ਦਿਨੀਂ ਜੰਮੂ ਕਸ਼ਮੀਰ ਦੀਆਂ ਕੁਝ ਸਿੱਖ ਸੰਗਤਾਂ ਵਲੋਂ ਤੁਹਾਡੇ ਸਬੰਧੀ

ਧਾਰਮਕ ਮਰਯਾਦਾ ਦੀ ਉਲੰਘਣਾ ਦੀ ਜਾਣਕਾਰੀ ਪਹੁੰਚੀ ਸੀ। ਜਿਸ ਸਬੰਧੀ ਸਪੱਸ਼ਟੀਕਰਨ ਦੇਣ ਲਈ ਤੁਹਾਨੂੰ 9 ਜਨਵਰੀ 1995 ਨੂੰ ਪੰਜ ਸਿੰਘ ਸਾਹਿਬਾਨ ਰਾਹੀਂ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ 18 ਜਨਵਰੀ ਨੂੰ ਹਾਜ਼ਰ ਹੋਣ ਦਾ ਲਿਖਤੀ ਆਦੇਸ਼ ਦਿੱਤਾ ਸੀ। ਤੁਹਾਡੇ ਨਿਯਤ ਸਮੇਂ 'ਤੇ ਨਾ ਪਹੁੰਚਣ ਕਰਕੇ ਤੁਹਾਨੂੰ ਫਿਰ ਦੁਬਾਰਾ 19 ਜਨਵਰੀ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹਾਜ਼ਰ ਹੋਣ ਦਾ ਲਿਖਤੀ ਆਦੇਸ਼ ਭੇਜਿਆ ਗਿਆ। ਪਰ ਤਹਾਡੇ ਫਿਰ ਵੀ ਹਾਜ਼ਰ ਨਾ ਹੋਣ ਕਰਕੇ ਤੁਹਾਨੂੰ ਹੁਕਮ ਅਦੂਲੀ ਲਈ ਤਨਖਾਹੀਆ ਕਰਾਰ ਦਿੱਤਾ ਗਿਆ ਸੀ ਅਤੇ ਮਿਤੀ 3 ਫਰਵਰੀ ਨੂੰ ਹਾਜ਼ਰ ਹੋਣ ਦਾ ਹੁਕਮ ਕੀਤਾ ਗਿਆ ਸੀ। ਅੱਜ ਤੁਹਾਡੇ ਹਾਜ਼ਰ ਹੋਣ 'ਤੇ ਤੁਹਾਡੇ ਅਤੇ ਤੁਹਾਡੇ ਨਾਲ ਅੰਮ੍ਰਿਤ ਸੰਚਾਰ ਵਿਚ ਸ਼ਾਮਲ ਹੋਣ ਵਾਲੇ ਵਿਅਕਤੀਆਂ ਨਾਲ ਵਿਚਾਰ-ਵਟਾਂਦਰਾ ਕਰਨ ਉਪਰੰਤ ਇਹ ਸਪੱਸ਼ਟ ਹੋਇਆ ਕਿ ਤੁਸੀਂ ਹੇਠ ਲਿਖੀਆਂ ਗੱਲਾਂ ਕਰਕੇ ਗੁਰੂ ਪੰਥ ਦੀ ਮਰਯਾਦਾ ਦੀ ਉਲੰਘਣਾ ਦੇ ਦੋਸ਼ੀ ਹੋ।

1. ਤੁਸੀਂ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪੰਜ ਸਿੰਘ ਸਾਹਿਬਾਨ ਦੀ ਹੁਕਮ ਅਦੂਲੀ ਦੇ ਦੋਸ਼ੀ ਹੋ।

2. ਤੁਸੀਂ ਗੁਰੂ ਖਾਲਸਾ ਪੰਥ ਵਲੋਂ ਨਿਰਧਾਰਤ ਅੰਮ੍ਰਿਤ ਤਿਆਰ ਕਰਨ ਅਤੇ ਅੰਮ੍ਰਿਤ ਅਭਿਲਾਖੀਆਂ ਨੂੰ ਅੰਮ੍ਰਿਤ ਛਕਾਉਣ ਦੀ ਮਰਯਾਦਾ ਦੀ ਉਲੰਘਣਾ ਦੇ ਦੋਸ਼ੀ ਹੋ।

3. ਬੀਬੀ ਅੰਬਿਕਾ ਸਿੰਘ ਜਿਹੜੀ ਕਿ ਤੁਹਾਡੇ ਦੱਸਣ ਅਨੁਸਾਰ ਅੰਮ੍ਰਿਤਧਾਰੀ ਹੈ ਪਰ ਤਹਾਡੇ ਨਾਲ ਹੀ ਡੇਰੇ 'ਚ ਤੁਹਾਡੇ ਬਿਆਨ ਅਨੁਸਾਰ, ਤੁਹਾਡੀ ਧੀ ਦੇ ਰੂਪ ਵਿਚ ਰਹਿੰਦੀ ਹੈ, ਉਹ 'ਬਿਊਟੀ ਪਾਰਲਰ' ਭਾਵ ਨਾਈ ਦੀ ਦੁਕਾਨ ਚਲਾ ਰਹੀ ਹੈ, ਜੋ ਕਿ ਉਸ ਇਤਿਹਾਸਕ ਧਾਰਮਕ ਅਸਥਾਨ ਦੀ ਧਾਰਮਿਕ ਮਾਣ-ਮਰਯ਼ਾਦਾ ਦੀ ਉਲੰਘਣਾ ਹੈ ਅਤੇ ਸਿੱਖ ਸੰਗਤਾਂ ਲਈ ਵੀ ਨਮੋਸ਼ੀ ਦਾ ਕਾਰਨ ਹੈ, ਤੁਸੀਂ ਹੁਣ ਤੱਕ ਉਸ ਨੂੰ ਇਸ ਤਰ੍ਹਾਂ ਕਰਨ ਦੀ ਆਗਿਆ ਦੇਣ ਦੇ ਦੋਸ਼ੀ ਹੋ।

ਤੁਹਾਡੇ ਇਨ੍ਹਾਂ ਦੋਸ਼ਾਂ ਵਿਚ ਹੋਰ ਵੀ ਵਾਧਾ ਹੋ ਜਾਂਦਾ ਹੈ ਜਦੋਂ ਤੁਸੀਂ ਸਿੱਖ ਪੰਥ ਦੇ ਅਸਥਾਨ ਦੇ ਮੁਖੀ ਪ੍ਰਬੰਧਕ ਹੋਣ ਦੇ ਨਾਤੇ ਇਨ੍ਹਾਂ ਦੋਸ਼ਾਂ ਦੇ ਭਾਗੀ ਹੋ। ਤੁਹਾਡੇ ਇਨ੍ਹਾਂ ਦੋਸ਼ਾਂ ਕਾਰਨ ਤੁਹਾਨੂੰ ਪੰਜ ਸਿੰਘ ਸਾਹਿਬਾਨ ਵਲੋਂ ਹੇਠ ਲਿਖੀ ਤਨਖਾਹ ਲਾਈ ਜਾਂਦੀ ਹੈ।

1. ਤੁਸੀਂ ਇਕ ਹਫਤੇ ਲਈ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ ਵਿਖੇ ਰੋਜ਼ਾਨਾ ਇਕ ਘੰਟਾ ਕੀਰਤਨ ਸੁਣਨਾ ਹੋਵੇਗਾ।

2. ਤੁਸੀਂ ਇਸੇ ਹੀ ਸਮੇਂ ਦੌਰਾਨ ਰੋਜ਼ਾਨਾ ਇਕ ਘੰਟੇ ਲਈ ਗੁਰੂ ਰਾਮਦਾਸ ਲੰਗਰ ਵਿਖੇ ਬਰਤਨਾਂ ਦੀ ਸੇਵਾ ਕਰਨੀ ਹੋਵੇਗੀ।

3. ਤੁਸੀਂ ਇਸੇ ਸਮੇਂ ਦੌਰਾਨ ਇਕ ਘੰਟਾ ਜੋੜਿਆਂ ਦੀ ਸੇਵਾ ਕਰਨੀ ਹੋਵੇਗੀ।

4. ਇਸ ਉਪਰੰਤ ਜੰਮੂ ਕਸ਼ਮੀਰ ਦੇ ਗੁਰਅਸਥਾਨਾਂ 'ਤੇ ਤੇਤੀ ਦਿਨ ਇਹੋ ਸੇਵਾ ਨੇਮ ਨਾਲ ਕਰਨੀ ਹੋਵੇਗੀ।

ਇਸ ਉਪਰੰਤ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹਾਜ਼ਰ ਹੋ ਕੇ ਆਪਣੀਆਂ ਪਿਛਲੀਆਂ ਭੁੱਲਾਂ ਦੀ ਖਿਮਾਂ ਜਾਚਨਾ ਲਈ ਅਰਦਾਸ ਕਰਵਾਉਣੀ ਹੋਵੇਗੀ।

ਇਨ੍ਹਾਂ ਚਾਲੀ ਦਿਨਾਂ ਵਿਚ ਡੇਰੇ ਦੇ ਮੁਖੀ ਪ੍ਰਬੰਧਕ ਜਾਂ ਧਾਰਮਕ ਮੁਖੀ ਵਜੋਂ ਕੋਈ ਧਾਰਮਕ ਸਰਗਰਮੀ ਕਰਨ ਦੀ ਆਗਿਆ ਨਹੀਂ ਹੋਵੇਗੀ।

ਦਸਤਖਤ : ਮਨਜੀਤ ਸਿੰਘ ਤੇ ਬਾਕੀ ਸਿੰਘ ਸਾਹਿਬਾਨ

***

ਇਹ ਹੁਕਮਨਾਮਾ ਜਾਰੀ ਹੋ ਜਾਣ ਤੋਂ ਬਾਅਦ ਮਹੰਤ ਮਨਜੀਤ ਸਿੰਘ ਨੇ ਖਚਰ ਵਿਦਿਆ ਇਹ ਖੇਡੀ ਕਿ ਲੱਗੀ ਤਨਖਾਹ ਤੇ ਨਾ ਭੁਗਤੀ ਪਰ ਅਕਾਲ ਤਖ਼ਤ ਸਾਹਿਬ 'ਤੇ ਇਕ ਅਖੰਡ ਪਾਠ ਬੁੱਕ ਕਰਵਾ ਲਿਆ ਤਾਂ ਕਿ ਉਸ ਅਖੰਡ ਪਾਠ ਦੀ ਅਰਦਾਸ ਨੂੰ ਹੀ ਲੋਕਾਂ ਵਿਚ ਪ੍ਰਚਾਰ ਕੇ ਤਨਖਾਹ ਲੱਗੀ ਵਾਲੀ ਅਰਦਾਸ ਦਾ ਭੁਲੇਖਾ ਪਾਇਆ ਜਾ ਸਕੇ ਪਰ ਇਹ ਯੋਜਨਾ ਵੀ ਸਿਰੇ ਨਾ ਚੜ੍ਹ ਸਕੀ ਸਗੋਂ ਮਸਲਾ ਹੋਰ ਵੀ ਵਿਗੜ ਗਿਆ।

*7 ਮਾਰਚ 1995*

ਸਤਿਕਾਰਯੋਗ ਮਹੰਤ ਮਨਜੀਤ ਸਿੰਘ ਜੀ,

ਸਿੰਘ ਸਾਹਿਬ ਪ੍ਰੋ: ਮਨਜੀਤ ਸਿੰਘ ਜੀ, ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਸ੍ਰੀ ਅੰਮ੍ਰਿਤਸਰ ਦੇ ਆਦੇਸ਼ 'ਤੇ ਆਪ ਜੀ ਨੂੰ ਸੂਚਿਤ ਕੀਤਾ ਜਾ ਰਿਹਾ ਹੈ ਕਿ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦਾ ਭੋਗ 15 ਮਾਰਚ ਦੀ ਬਜਾਏ 18 ਮਾਰਚ ਲਈ ਅੱਗੇ ਪਾ ਲਿਆ ਜਾਵੇ। ਰੁਝੇਵਿਆਂ ਕਾਰਨ ਅਜਿਹਾ ਕਰਨਾ ਜ਼ਰੂਰੀ ਹੋ ਗਿਆ ਹੈ।

ਧੰਨਵਾਦ ਸਹਿਤ,

ਸ਼ੁਭਚਿੰਤਕ

*ਹਰਬੇਅੰਤ ਸਿੰਘ*

***

*9 ਮਾਰਚ 1995*

ਮਹੰਤ ਮਨਜੀਤ ਸਿੰਘ ਜੀ,

ਸਿੰਘ ਸਾਹਿਬ ਪ੍ਰੋ: ਮਨਜੀਤ ਸਿੰਘ ਜੀ, ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਸ੍ਰੀ ਅੰਮ੍ਰਿਤਸਰ ਵਲੋਂ ਹੋਏ ਆਦੇਸ਼ ਮੁਤਾਬਕ ਆਪ ਜੀ ਨੂੰ ਸੂਚਿਤ ਕੀਤਾ ਜਾ ਰਿਹਾ ਹੈ ਕਿ ਤੁਸੀਂ ਜੋ ਅਖੰਡ ਪਾਠ 16 ਮਾਰਚ ਨੂੰ ਪ੍ਰਕਾਸ਼ ਕਰਕੇ 18 ਮਾਰਚ ਨੂੰ ਭੋਗ ਪਾਉਣਾ ਸੀ, ਉਹ ਹੁਣ 20 ਮਾਰਚ ਨੂੰ ਪ੍ਰਕਾਸ਼ ਕਰਕੇ 22 ਮਾਰਚ 1995 ਨੂੰ ਭੋਗ ਪਾਇਆ ਜਾਵੇਗਾ। ਸਿੰਘ ਸਾਹਿਬ ਦੇ ਜ਼ਰੂਰੀ ਰੁਝੇਵਿਆਂ ਕਾਰਨ ਅਜਿਹਾ ਕਰਨਾ ਜ਼ਰੂਰੀ ਹੋ ਗਿਆ ਹੈ।

ਸ਼ੁਭਚਿੰਤਕ

*ਹਰਬੇਅੰਤ ਸਿੰਘ*

ਮਹੰਤ ਮਨਜੀਤ ਸਿੰਘ ਵਾਲਾ ਮਸਲਾ ਕਿਸੇ ਸਿਰੇ ਨਹੀਂ ਲੱਗ ਰਿਹਾ ਸੀ ਤੇ ਉਧਰ ਜੰਮੂ ਕਸ਼ਮੀਰ ਦੀਆਂ ਸੰਗਤਾਂ ਸ਼ਕਾਇਤਾਂ 'ਤੇ ਸ਼ਕਾਇਤਾਂ ਕਰ ਰਹੀਆਂ ਸਨ। ਗੱਲ ਕਿਸੇ ਪਾਸੇ ਨਾ ਲਗਦੀ ਵੇਖ ਕੇ ਜਥੇਦਾਰ ਅਕਾਲ ਤਖ਼ਤ ਨੇ ਜੰਮੂ ਕਸ਼ਮੀਰ ਦੇ ਦੋ ਉੱਘੇ ਸਿੱਖਾਂ ਸ: ਅਮਰਜੀਤ ਸਿੰਘ ਰਿਟਾਇਰਡ ਕੈਪਟਨ ਡਾਕਖਾਨਾ ਕਟੜਾ ਜੰਮੂ ਤੇ ਬਾਬਾ ਸੰਤਾ ਸਿੰਘ ਰਘੂਨਾਥ ਬਜ਼ਾਰ ਜੰਮੂ ਨੂੰ ਆਪਣੇ ਪੀ.ਏ. ਰੂਪ ਸਿੰਘ ਕੋਲੋਂ ਚਿੱਠੀਆਂ ਲਿਖਵਾਈਆਂ ਜਿਨ੍ਹਾਂ ਦਾ ਮਜਮੂਨ ਹੇਠ ਲਿਖੇ ਅਨੁਸਾਰ ਹੈ ;

*9 ਮਾਰਚ 1995*

ਗੁਰੂ ਸਵਾਰੇ ਸ. ਅਮਰਜੀਤ ਸਿੰਘ ਅਤੇ ਬਾਬਾ ਸੰਤਾ ਸਿੰਘ ਜੀ

ਜਿਵੇਂ ਕਿ ਆਪ ਜੀ ਨੂੰ ਪਤਾ ਹੀ ਹੈ ਕਿ ਡਿਗਿਆਣਾ ਆਸ਼ਰਮ ਜੰਮੂ ਦੇ ਸਬੰਧ ਵਿਚ ਸੰਗਤਾਂ ਅੰਦਰ ਪਈ ਦੁਬਿਧਾ, ਆਪਸੀ ਧੜੇਬੰਦੀ ਤੇ ਵੈਰ-ਵਿਰੋਧ ਦਾ ਕਾਰਨ ਬਣਦੀ ਜਾ ਰਹੀ ਹੈ, ਜਿਹੜੀ ਕੇਵਲ ਜੰਮੂ ਕਸ਼ਮੀਰ ਦੀਆਂ ਸਿੱਖ ਸੰਗਤਾਂ ਵਾਸਤੇ ਹੀ ਨਹੀਂ ਬਲਕਿ ਹਰ ਗੁਰੂ ਨਾਨਕ ਨਾਮ ਲੇਵਾ ਗੁਰਸਿੱਖਾਂ ਲਈ ਚਿੰਤਾ ਦਾ ਕਾਰਨ ਹੈ। ਇਸ ਮਾਮਲੇ ਨੂੰ ਗੁਰਮਤਿ ਮਰਯਾਦਾ ਅਨੁਸਾਰ ਨਜਿੱਠਣ ਲਈ ਤੁਹਾਨੂੰ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਹਾਜ਼ਰ ਹੋਣ ਲਈ ਸਿੰਘ ਸਾਹਿਬਾਨ ਵਲੋਂ ਸੱਦਾ ਭੇਜਿਆ ਜਾ ਰਿਹਾ ਹੈ। ਇਹ ਸੱਦਾ ਤੁਹਾਨੂੰ ਇਸ ਵਿਸ਼ਵਾਸ ਨਾਲ ਭੇਜਿਆ ਜਾ ਰਿਹਾ ਹੈ ਕਿ ਤੁਸੀਂ ਜੰਮੂ ਕਸ਼ਮੀਰ ਦੀਆਂ ਸਿੱਖ ਸੰਗਤਾਂ ਵਿਚ ਸਤਿਕਾਰਯੋਗ ਥਾਂ ਰੱਖਦੇ ਹੋਏ ਇਸ ਮਾਮਲੇ ਨੂੰ ਸੁਲਝਾਉਣ ਲਈ ਵਡਮੁੱਲਾ ਯੋਗਦਾਨ ਪਾ ਸਕਦੇ ਹੋ। ਸੋ ਕ੍ਰਿਪਾ ਕਰਕੇ ਆਪ ਜੀ ਨੇ ਮਿਤੀ 20 ਮਾਰਚ 1995 ਦਿਨ ਸੋਮਵਾਰ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਬਾਅਦ ਦੁਪਹਿਰ ਇਕ ਵਜੇ ਹਾਜ਼ਰ ਹੋਣ ਦੀ ਖੇਚਲ ਕਰਨੀ ਜੀ।

ਖੇਚਲ ਲਈ ਖਿਮਾ। ਪੂਰਨ ਸਹਿਯੋਗ ਦੀ ਆਸ ਹਿਤ।

ਸ਼ੁਭਚਿੰਤਕ

*(ਰੂਪ ਸਿੰਘ)*

ਵਾਸਤੇ ਸਿੰਘ ਸਾਹਿਬ ਪ੍ਰੋ. ਮਨਜੀਤ ਸਿੰਘ,

ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ।

***

ਮਿਥੀ ਹੋਈ ਤਾਰੀਖ 'ਤੇ ਜੰਮੂ ਕਸ਼ਮੀਰ ਦੇ ਚਾਲੀ ਬਤਾਲੀ ਮੋਹਤਬਰ ਸਿੰਘਾਂ ਨੇ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਹੇਠ ਲਿਖਿਆ ਪੱਤਰ ਦਿੱਤਾ ਜੋ ਇਸ ਤਰ੍ਹਾਂ ਹੈ :

ਅਸੀਂ ਅੱਜ ਆਪ ਜੀ ਦੇ ਹੁਕਮ ਅਤੇ ਦਿੱਤੀ ਤਾਰੀਖ 20 ਮਾਰਚ ਮੁਤਾਬਕ ਜਿਸ ਬਾਰੇ ਆਪ ਜੀ ਵਲੋਂ ਸ: ਰੂਪ ਸਿੰਘ ਜੀ ਦੀਆਂ ਚਿੱਠੀਆਂ ਮਿਲਣ ਅਨੁਸਾਰ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਆਪ ਜੀ ਦੇ ਦਫਤਰ ਹਾਜ਼ਰ ਹੋ ਕੇ ਜੰਮੂ ਦੇ ਧਾਰਮਕ ਗੁਰ ਅਸਥਾਨ ਸ੍ਰੀ ਨੰਗਾਲੀ ਸਾਹਿਬ ਅਤੇ ਡਿਗਿਆਣਾ ਆਸ਼ਰਮ ਦੇ ਮਹੰਤ ਮਨਜੀਤ ਸਿੰਘ ਬਾਰੇ ਰਿਆਸਤ ਦੀਆਂ ਸੰਗਤਾਂ ਵਿਚ ਛਿੜੇ ਵਿਵਾਦ ਬਾਰੇ ਕੁਝ ਜ਼ਰੂਰੀ ਵਿਚਾਰਾਂ ਸਾਂਝੀਆਂ ਕਰਨ ਲਈ ਪਹੁੰਚੇ ਹਾਂ। ਆਪ ਜੀ ਦੇ ਗਿਆਨ ਲਈ ਇਸ ਸਬੰਧੀ ਸਚਾਈ ਦੇ ਠੋਸ ਤੱਥਾਂ 'ਤੇ ਅਧਾਰਤ ਇਸ਼ਤਿਹਾਰ ਵੀ ਚਿੱਠੀ ਦੇ ਨਾਲ ਹੀ ਭੇਜ ਰਹੇ ਹਾਂ ਜਿਨ੍ਹਾਂ ਵਿਚ ਅਸੀਂ ਸਾਰਿਆਂ ਨੇ ਆਪਣੇ ਵਲੋਂ ਰਿਆਸਤ ਦੀਆਂ ਸਮੂਹ ਸੰਗਤਾਂ ਸਾਹਮਣੇ 2 ਲੱਖ ਰੁਪਏ ਦੇ ਇਨਾਮ ਦਾ ਐਲਾਨ ਕੀਤਾ ਹੈ ਕਿ ਮਹੰਤ ਨੇ ਜੋ ਅਕਾਲ ਤਖ਼ਤ ਸਾਹਿਬ 'ਤੇ ਝੂਠ ਬੋਲਿਆ ਹੈ ਕਿ ਅੰਬਿਕਾ ਮੇਰੀ ਬੱਚੀ ਹੈ ਅਤੇ ਬੰਗਲੌਰ ਦੇ ਬੈਂਕ ਦਾ ਰਿਕਾਰਡ ਝੂਠਾ ਹੈ।

ਮੌਜੂਦਾ ਹਾਲਾਤ ਵਿਚ ਸੰਗਤਾਂ ਇਹ ਚੰਗੀ ਤਰ੍ਹਾਂ ਸਮਝਦੀਆਂ ਹਨ ਕਿ ਇਹ ਮਹੰਤ ਕੁਕਰਮੀ ਅਤੇ ਝੂਠਾ ਹੈ। ਇਸ ਤੋਂ ਇਲਾਵਾ ਇਹ ਆਪਣੀਆਂ ਮੁਖਾਲਿਫ ਸੰਗਤਾਂ ਬਾਰੇ ਮਨਮਤੀ ਪ੍ਰਚਾਰ ਬਹੁਤ ਜ਼ੋਰ ਸ਼ੋਰ ਨਾਲ ਫੈਲਾਉਣ ਲੱਗ ਪਿਆ ਹੈ। ਡੇਰੇ ਦੇ ਮੁਖੀ ਬਾਰੇ ਛਿੜੇ ਵਿਵਾਦ ਬਾਰੇ ਸਹੀ ਹਾਲਾਤ ਵੀ ਅਸੀਂ ਆਪਣੇ ਵਲੋਂ ਇਸ਼ਤਿਹਾਰ ਵਿਚ ਲਿਖ ਦਿੱਤੇ ਹਨ ਜੀ।

ਹੁਣ ਆਪ ਜੀ ਨੂੰ ਸਾਡੀ ਸਾਰਿਆਂ ਦੀ ਇਹ ਸਨਿਮਰ ਬੇਨਤੀ ਹੈ ਕਿ ਮਹੰਤ ਮਨਜੀਤ ਸਿੰਘ ਬਾਰੇ ਛਿੜੇ ਵਿਵਾਦ ਅਤੇ ਡੇਰੇ ਦੇ ਅਗਲੇ ਕਿਸੇ ਯੋਗ ਵਿਅਕਤੀ ਦੀ ਨਿਯੁਕਤੀ ਬਾਰੇ ਆਪ ਜੀ ਕ੍ਰਿਪਾ ਕਰਕੇ ਗੁਰਮਤਿ ਦੇ ਸਿਧਾਂਤ ਅਨੁਸਾਰ ਕੁਝ ਨਿਰਨਾ ਜ਼ਰੂਰ ਕਰੋ ਜੀ। ਅਸੀਂ ਆਪ ਜੀ ਨੂੰ ਇਹ ਵਿਸ਼ਵਾਸ ਵੀ ਦੁਆਉਂਦੇ ਹਾਂ ਕਿ ਅਸੀਂ ਆਪ ਜੀ ਦੇ ਫੈਸਲੇ 'ਤੇ ਪਹਿਰਾ ਦੇਵਾਂਗੇ ਜੀ। ਇਹ ਹੀ ਸਮਾਂ ਹੈ ਜੇਕਰ ਆਪ ਜੀ ਇਸ ਪਾਖੰਡੀ ਅਤੇ ਧਾਰਮਕ ਅਪਰਾਧੀ ਨੂੰ ਹਟਾ ਕੇ ਕੌਮ ਨੂੰ ਗੁਰਮਤਿ ਅਨੁਸਾਰ ਸੇਧ ਬਖਸ਼ੋ ਜੀ।

ਗੁਰੂ ਪੰਥ ਦੇ ਦਾਸ:

1. ਬਾਬੂ ਸੰਤ ਸਿੰਘ, 2. ਬਲਵੰਤ ਸਿੰਘ ਗਿਆਨੀ, 3. ਈਸ਼ਰ ਸਿੰਘ, 4. ਗੁਰਦੇਵ ਸਿੰਘ, 5. ਹਰਜਿੰਦਰ ਸਿੰਘ...... ਅਤੇ 37 ਹੋਰ ਨਾਂ।

***

ਇਸੇ ਸਮੇਂ ਮਹੰਤ ਦੇ ਰਖਾਏ ਹੋਏ ਅਖੰਡ ਪਾਠ ਦਾ ਭੋਗ ਵੀ ਪੈ ਗਿਆ ਤੇ ਜੋ ਵਾਕ ਆਇਆ ਉਹ ਮਹੰਤ ਮਨਜੀਤ ਸਿੰਘ ਨੂੰ ਭੇਜ ਦਿੱਤਾ ਗਿਆ। ਭੋਗ ਦੀ ਚਿੱਠੀ ਇਸ ਤਰ੍ਹਾਂ ਹੈ।

ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ

*22 ਮਾਰਚ 1995*

ਸ੍ਰੀਮਾਨ ਮਹੰਤ ਮਨਜੀਤ ਸਿੰਘ
ਡਿਗਿਆਣਾ ਆਸ਼ਰਮ

ਆਪ ਜੀ ਵਲੋਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ 20 ਮਾਰਚ 1995 ਨੂੰ ਜੁਗੋ ਜੁਗ ਅਟੱਲ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸ੍ਰੀ ਅਖੰਡ ਪਾਠ ਕਰਵਾਇਆ ਗਿਆ, ਜਿਸ ਦਾ ਭੋਗ 22 ਮਾਰਚ 1995 ਨੂੰ ਪਿਆ।

ਭੋਗ ਸਮੇਂ ਸਤਿਗੁਰੂ ਜੀ ਦਾ ਫੁਰਮਾਨ ਹੋਇਆ : ਸੋਰਠਿ ਮਹਲਾ ੫॥
ਅਪਣਾ ਗੁਰੂ ਧਿਆਏ॥ ਮਿਲਿ ਕੁਸ਼ਲ ਸੇਤੀ ਘਰਿ ਆਏ॥
ਬਾਕੀ ਸ਼ਬਦ ਦਾ ਪਾਠ ਪੰਨਾ : ੬੨੭ ਤੋਂ ਕਰੋ।

ਸ਼ੁਭਚਿੰਤਕ
*ਜਗਤਾਰ ਸਿੰਘ ਗ੍ਰੰਥੀ*
ਸ੍ਰੀ ਅਕਾਲ ਤਖ਼ਤ ਸਾਹਿਬ,
ਮੀਤ ਮੈਨੇਜਰ, ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ।

***

ਜਦੋਂ ਅਕਾਲ ਤਖ਼ਤ ਸਾਹਿਬ 'ਤੇ ਮਹੰਤ ਦੁਆਰਾ ਰਖਾਏ ਅਖੰਡ ਪਾਠ ਸਾਹਿਬ ਦਾ ਭੋਗ ਪੈ ਰਿਹਾ ਸੀ ਤਾਂ ਮਹੰਤ ਦੇ ਵਿਰੋਧੀ ਕੁਝ ਬੰਦੇ ਵੀ ਓਥੇ ਮੌਜੂਦ ਸਨ। ਉਨ੍ਹਾਂ ਨੇ ਜੰਮੂ ਜਾਂਦਿਆਂ ਹੀ ਰੌਲਾ ਪਾ ਦਿੱਤਾ ਕਿ ਅਰਦਾਸ ਖੁਸ਼ੀ ਨਾਲ ਰਖਾਏ ਹੋਏ ਪਾਠ ਦੀ ਸੀ, ਤਨਖਾਹ ਲੱਗੀ ਵਾਲੇ ਪਾਠ ਦੀ ਨਹੀਂ। ਇਹ ਸ਼ਿਕਾਇਤ ਫਿਰ ਸਿੰਘ ਸਾਹਿਬਾਨ ਕੋਲ ਆਈ ਤਾਂ ਗਿਆਨੀ ਕੇਵਲ ਸਿੰਘ ਜਥੇਦਾਰ ਤਖ਼ਤ ਦਮਦਮਾ ਸਾਹਿਬ ਨੇ ਪੱਤਰ ਲਿਖ ਕੇ ਹੈੱਡ ਗ੍ਰੰਥੀ ਅਕਾਲ ਤਖ਼ਤ ਸਾਹਿਬ ਨੂੰ ਅਰਦਾਸ ਦੀ ਅਸਲੀਅਤ ਪੁੱਛੀ।

*25 ਮਾਰਚ 1995*

ਸਤਿਕਾਰਯੋਗ ਸਿੰਘ ਸਾਹਿਬ ਭਾਈ ਭਗਵਾਨ ਸਿੰਘ ਜੀ,

ਹੈੱਡ ਗ੍ਰੰਥੀ, ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ।

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ॥

ਸਿੰਘ ਸਾਹਿਬ ਜੀ ਆਪ ਜੀ ਨੇ ਮਹੰਤ ਮਨਜੀਤ ਸਿੰਘ ਲਈ ਅਰਦਾਸ ਦੇ ਜੋ ਸ਼ਬਦ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਸੰਪੂਰਨਤਾ ਵੇਲੇ ਵਰਤੇ ਸਨ, ਉਨ੍ਹਾਂ ਦੀ ਜਾਣਕਾਰੀ ਲਿਖਤੀ ਦੇਣ ਦੀ ਕ੍ਰਿਪਾਲਤਾ ਕਰਨੀ। ਜ਼ਰੂਰੀ ਹੈ ਜੀ।

ਗੁਰੂ ਪੰਥ ਦਾ ਦਾਸ,

*ਕੇਵਲ ਸਿੰਘ,*

ਜਥੇਦਾਰ, ਤਖ਼ਤ ਸ੍ਰੀ ਦਮਦਮਾ ਸਾਹਿਬ, ਤਲਵੰਡੀ ਸਾਬੋ, ਬਠਿੰਡਾ।

ਅੱਗੋਂ ਉੱਤਰ ਮਿਲਿਆ :

ਸ੍ਰੀਮਾਨ ਜੀ ਗ੍ਰੰਥੀ ਸਿੰਘ ਨੇ ਕੇਵਲ ਅਖੰਡਪਾਠ ਸਾਹਿਬ ਦੀ ਅਰਦਾਸ ਹੀ ਕੀਤੀ ਹੈ, ਪੰਥ ਵਿਚ ਸ਼ਾਮਲ ਹੋਣ ਦੀ ਅਰਦਾਸ ਨਹੀਂ ਕੀਤੀ।

*ਭਗਵਾਨ ਸਿੰਘ,*

ਹੈੱਡ ਗ੍ਰੰਥੀ, ਅਕਾਲ ਤਖ਼ਤ ਸਾਹਿਬ।

***

ਅਰਦਾਸ ਹੋ ਜਾਣ ਤੋਂ ਬਾਅਦ ਮਹੰਤ ਵਲੋਂ ਇਹ ਗੱਲ ਪੂਰੇ ਜ਼ੋਰ-ਸ਼ੋਰ ਨਾਲ ਪ੍ਰਚਾਰੀ ਗਈ ਕਿ ਉਸ ਨੇ ਲੱਗੀ ਤਨਖਾਹ ਭੁਗਤ ਲਈ ਹੈ ਅਤੇ ਸਬੂਤ ਵਜੋਂ ਅਕਾਲ ਤਖ਼ਤ ਵਲੋਂ ਭੇਜੀ ਗਈ ਪਵਿੱਤਰ ਵਾਕ ਵਾਲੀ ਚਿੱਠੀ ਵਿਖਾ ਦੇਂਦਾ। ਇਸ ਦਬੜੂ-ਘੁਸੜੂ ਵਿਚ ਹੀ ਲਗਪਗ ਦੋ-ਢਾਈ ਸਾਲ ਲੰਘ ਗਏ। ਇਸ ਸੁਲਗਦੀ ਅੱਗ ਨੂੰ ਹਵਾ 6 ਅਪ੍ਰੈਲ ਨੂੰ ਜੰਮੂ ਵਿਖੇ ਹੋਏ ਗੁਰਮਤਿ ਚੇਤਨਾ ਸਮਾਗਮ ਵੇਲੇ ਪਈ ਤੇ ਇਹ ਦੱਬੀ ਬੁਝੀ ਜਹੀ ਅੱਗ ਫਿਰ ਭੜਕ ਪਈ। ਸਿੰਘ ਸਾਹਿਬ ਭਾਈ ਰਣਜੀਤ ਸਿੰਘ ਹੁਣ ਪ੍ਰੋ: ਮਨਜੀਤ ਸਿੰਘ ਦੀ ਜਗ੍ਹਾ ਅਕਾਲ ਤਖ਼ਤ ਦੇ ਜਥੇਦਾਰ ਸਨ। 31 ਦਸੰਬਰ 1996 ਨੂੰ ਉਨ੍ਹਾਂ ਦੀ ਤਾਜਪੋਸ਼ੀ ਹੋਈ ਸੀ ਤੇ ਉਨ੍ਹਾਂ ਦੇ ਅਹੁਦਾ ਸੰਭਾਲਣ ਤੋਂ ਤਿੰਨ ਮਹੀਨੇ ਛੇ ਦਿਨ ਬਾਅਦ ਹੀ ਮਹੰਤ ਮਨਜੀਤ ਸਿੰਘ ਵਾਦ-ਵਿਵਾਦ ਜੰਮੂ ਕਸ਼ਮੀਰ ਦੀਆਂ ਸਿੱਖ ਸੰਗਤਾਂ ਨੇ ਫਿਰ ਭਖਦਾ ਮਸਲਾ ਬਣਾ ਲਿਆ। ਜੇ ਜਰਾ ਪਿਛੇ ਧਿਆਨ ਮਾਰ ਕੇ ਵੇਖਿਆ ਜਾਵੇ ਤਾਂ ਸਵਾਲ ਇਹ ਪੈਦਾ ਹੁੰਦਾ ਹੈ ਕਿ ਜਿਸ ਬੰਦੇ ਨੂੰ 3 ਫਰਵਰੀ 1995 ਨੂੰ ਪੰਥ ਵਿਚੋਂ ਛੇਕਿਆ ਗਿਆ ਹੋਵੇ ਤੇ ਜਿਸ ਨਾਲ ਸਿੱਖ ਹੋਣ ਦੇ ਨਾਤੇ ਸਾਰੇ ਸਬੰਧ ਤੋੜ ਲਏ ਗਏ ਹੋਣ ਉਸ ਤਨਖਾਹੀਏ ਬੰਦੇ ਨੇ ਓਸੇ ਹੀ ਅਕਾਲ ਤਖ਼ਤ 'ਤੇ ਜਿਸ ਨੇ ਉਸ ਨੂੰ ਛੇਕਿਆ ਸੀ, ਕੁਝ ਦਿਨਾਂ ਬਾਅਦ ਹੀ ਅਖੰਡ ਪਾਠ ਕਿਵੇਂ ਰਖਵਾ ਦਿੱਤਾ? ਕੀ ਅਕਾਲ ਤਖ਼ਤ ਦਾ ਹੈੱਡ ਗ੍ਰੰਥੀ ਜਿਹੜਾ ਜਥੇਦਾਰ ਦੇ ਤੌਰ 'ਤੇ ਵੀ ਪੰਜ ਜਥੇਦਾਰਾਂ ਵਿਚ ਬੈਠ ਕੇ ਫੈਸਲਾ ਕਰਨ ਵਾਲਾ ਸੀ ਤੇ ਜਥੇਦਾਰ ਅਕਾਲ ਤਖ਼ਤ ਨੂੰ ਇਹ ਪਤਾ ਹੀ ਨਾ ਲੱਗਾ ਕਿ ਇਹ ਬੰਦਾ ਤਨਖਾਹੀਆ ਹੈ ਤੇ ਇਸ ਦਾ ਅਖੰਡ ਪਾਠ ਨਹੀਂ ਰੱਖਿਆ ਜਾ ਸਕਦਾ। ਮਹੰਤ ਮਨਜੀਤ ਸਿੰਘ ਇਸ ਅਖੰਡ ਪਾਠ ਦੀ ਆੜ ਵਿਚ ਹੀ ਲਗਪਗ ਦੋ ਸਾਲ ਤਨਖਾਹ ਭੁਗਤਣ ਤੋਂ ਬਚਿਆ ਰਿਹਾ ਤੇ ਲੋਕਾਂ ਨੂੰ ਬੇਵਕੂਫ ਬਣਾਉਂਦਾ ਰਿਹਾ। ਹੁਣ ਲੋਕ ਇਨ੍ਹਾਂ

ਪਹਿਲੇ ਜਥੇਦਾਰਾਂ ਤੋਂ ਬੇਉਮੀਦ ਹੋ ਚੁੱਕੇ ਸਨ ਤੇ ਦਬਵੀਂ ਜ਼ਬਾਨ ਵਿਚ ਇਹ ਗੱਲਾਂ ਵੀ ਹੋਣ ਲੱਗ ਪਈਆਂ ਸਨ ਕਿ ਪ੍ਰੋ: ਮਨਜੀਤ ਸਿੰਘ ਤੇ ਦੂਜੇ ਜਥੇਦਾਰਾਂ ਦੀ ਮਹੰਤ ਨੇ ਮੁੱਠੀ ਗਰਮ ਕਰ ਦਿੱਤੀ ਹੈ ਨਹੀਂ ਤਾਂ ਜਥੇਦਾਰ ਭਗਵਾਨ ਸਿੰਘ ਦੇ ਤਨਖਾਹੀਏ ਵਾਲੀ ਅਰਦਾਸ ਨਹੀਂ ਹੋਈ ਵਾਲੇ ਭੇਦ ਖੋਲ੍ਹ ਦੇਣ 'ਤੇ ਵੀ ਉਸ ਨੂੰ ਦੁਬਾਰਾ ਅਕਾਲ ਤਖ਼ਤ 'ਤੇ ਕਿਉਂ ਨਾ ਬੁਲਾਇਆ ਗਿਆ। ਇਸ ਗੱਲ ਵਿਚ ਬਹੁਤ ਹੀ ਦਮ ਹੈ ਤੇ ਇਕ ਵਾਰ ਤਾਂ ਸੁਣਨ ਵਾਲਾ ਜ਼ਰੂਰ ਸੋਚਣ 'ਤੇ ਮਜਬੂਰ ਹੋ ਜਾਂਦਾ ਹੈ। ਮਹੰਤ ਮਨਜੀਤ ਸਿੰਘ ਜਦੋਂ ਪਹਿਲੀ ਵਾਰ ਅਕਾਲ ਤਖ਼ਤ 'ਤੇ ਪੇਸ਼ ਹੋਇਆ ਤਾਂ ਘੱਟ ਤੋਂ ਘੱਟ ਤਿੰਨ ਚਾਰ ਸੌ ਬੱਸ ਬੰਦਿਆਂ ਜਨਾਨੀਆਂ ਦੀ ਭਰ ਕੇ ਲਿਆਇਆ ਤੇ ਲਗਪਗ ਛੇ ਸੱਤ ਹਜ਼ਾਰ ਬੰਦਾ ਉਸ ਨੇ ਅਕਾਲ ਤਖ਼ਤ ਅੱਗੇ ਆਪਣੀ ਹਮਾਇਤ ਵਿਚ ਖਲੋਤਾ ਵਿਖਾ ਦਿੱਤਾ। ਦੂਜੇ ਪਾਸੇ ਵਿਰੋਧ ਵਾਲੀ ਵੀ ਬਹੁਤ ਸੰਗਤ ਸੀ ਤੇ ਇਨ੍ਹਾਂ ਦੇ ਛੇ-ਸੱਤ ਗਰੁੱਪ ਬਣੇ ਹੋਏ ਸਨ। ਹਰ ਕੋਈ ਅਗਾਂਹ ਹੋ-ਹੋ ਕੇ ਆਪਣੀ ਗੱਲ ਕਰਨੀ ਚਾਹੁੰਦਾ ਸੀ ਤੇ ਅਕਾਲ ਤਖ਼ਤ ਦੀ ਉੱਪਰਲੀ ਮੰਜ਼ਲ ਦਾ ਹਾਲ ਇਕ ਤਰ੍ਹਾਂ ਨਾਲ ਸ਼ੋਰ-ਸ਼ਰਾਬੇ ਕਾਰਨ ਮੱਛੀ ਮੰਡੀ ਬਣਿਆ ਹੋਇਆ ਸੀ। ਪੰਜੇ ਸਿੰਘ ਸਾਹਿਬਾਨ ਨੂੰ ਇਹ ਵੀ ਪਤਾ ਨਹੀਂ ਸੀ ਲੱਗ ਰਿਹਾ ਕਿ ਕੌਣ ਮਹੰਤ ਮਨਜੀਤ ਸਿੰਘ ਦੇ ਹੱਕ ਵਿਚ ਹੈ ਤੇ ਕੌਣ ਵਿਰੁਧ। ਮਹੰਤ ਦੇ ਬੰਦਿਆਂ ਨੇ ਅਕਾਲ ਤਖ਼ਤ 'ਤੇ ਬਹੁਤ ਹੁੱਲੜ ਮਚਾਇਆ ਸੀ ਇਸ ਕਰਕੇ ਸਿੰਘ ਸਾਹਿਬ ਵੀ ਓਦੋਂ ਦੇ ਡਰੇ ਹੋਏ ਸਨ।

ਸਿੰਘ ਸਾਹਿਬ ਭਾਈ ਰਣਜੀਤ ਸਿੰਘ ਨੇ ਬਾਕੀ ਜਥੇਦਾਰਾਂ ਨੂੰ ਪੁੱਛਿਆ ਕਿ ਕੀ ਇਹ ਬੰਦਾ ਤਨਖਾਹੀਆ ਹੈ ਕਿ ਤਨਖਾਹ ਭੁਗਤ ਚੁੱਕਾ ਹੈ? ਜੇ ਇਸ ਨੇ ਤਨਖਾਹ ਨਹੀਂ ਭੁਗਤੀ ਤਾਂ ਸੰਗਤਾਂ ਦੀਆਂ ਏਨੀਆਂ ਸ਼ਕਾਇਤਾਂ 'ਤੇ ਵੀ ਇਸ ਨੂੰ ਦੁਬਾਰਾ ਅਕਾਲ ਤਖ਼ਤ 'ਤੇ ਕਿਉਂ ਨਹੀਂ ਬੁਲਾਇਆ ਗਿਆ? ਗਿਆਨੀ ਭਗਵਾਨ ਸਿੰਘ ਨੇ ਕਿਹਾ, "ਛਡੋ ਦਫ਼ਾ ਕਰੋ ਉਹਨੂੰ ਦੁਬਾਰਾ ਅਕਾਲ ਤਖ਼ਤ 'ਤੇ ਕੀ ਬੁਲਾਉਣਾ ਹੈ, ਪਿਛਲੀ ਵਾਰੀ ਈ ਮਸਾਂ ਪੱਗਾਂ ਬਚਾਈਆਂ ਸੀ, ਲਾਹ ਕੇ ਈ ਲੈ ਚਲਿਆ ਸੀ ਛੋਕਰਵਾਧਾ।" ਗਿਆਨੀ ਭਗਵਾਨ ਸਿੰਘ ਨੇ ਇਹ ਵੀ ਕਿਹਾ ਕਿ "ਪ੍ਰੋ: ਮਨਜੀਤ ਸਿੰਘ ਤੇ ਪਿਛਲੀ ਵਾਰੀ ਜਾ ਕੇ ਆਪਣੀ ਭੈਣ ਦੇ ਘਰ ਬਹਿ ਗਿਆ ਸੀ ਤੇ ਮੇਰੀ ਉਹ ਜੰਮੂ ਵਾਲੇ ਧੀ ਦੀ ਭੈਣ ਦੀ ਇਕ ਕਰ ਕੇ ਗਏ ਸਨ।" ਏਥੋਂ ਪਾਠਕ ਅੰਦਾਜ਼ਾ ਲਾ ਸਕਦੇ ਹਨ ਕਿ ਉਸ ਨੇ ਤੇ ਉਸ ਦੇ ਹਮਾਇਤੀਆਂ ਨੇ ਕਿੰਨੀ ਕੁ ਉੱਧੜ ਧੁੰਮੀ ਚੁੱਕੀ ਹੋਵੇਗੀ।

ਇਸ ਤੋਂ ਪਹਿਲਾਂ ਵੀ ਸੰਨ 1994 ਵਿਚ ਜਦੋਂ ਪ੍ਰੋ: ਮਨਜੀਤ ਸਿੰਘ ਨੇ ਛੇ ਅਕਾਲੀ ਧੜਿਆਂ ਦੀ ਏਕਤਾ ਕਰਵਾਈ ਸੀ ਤਾਂ ਪ੍ਰਕਾਸ਼ ਸਿੰਘ ਬਾਦਲ ਉਸ ਏਕਤਾ ਵਿਚ ਸ਼ਾਮਲ ਨਹੀਂ ਸਨ ਹੋਏ ਤੇ ਉਨ੍ਹਾਂ ਦੇ ਹਮਾਇਤੀ ਰਣਜੀਤ ਸਿੰਘ ਬ੍ਰਹਮਪੁਰਾ ਤੇ ਰਣਜੀਤ ਸਿੰਘ ਛੱਜਲਵੱਡੀ ਅਕਾਲ ਤਖ਼ਤ ਦੇ ਦਰਵਾਜ਼ੇ ਭੰਨ ਕੇ ਗਏ ਸਨ।

ਅਕਾਲ ਤਖ਼ਤ ਦਾ ਜਥੇਦਾਰ ਕਿਸੇ ਸਿੱਖ ਨੂੰ ਸਿਰਫ ਏਸ ਕਰਕੇ ਹੀ ਅਕਾਲ ਤਖ਼ਤ 'ਤੇ ਨਾ ਬੁਲਾਵੇ ਕਿ ਉਸ ਦੇ ਮਗਰ ਬੰਦੇ ਬਹੁਤ ਹਨ ਤਾਂ ਫਿਰ ਅਕਾਲੀ ਫੂਲਾ ਸਿੰਘ ਤਾਂ ਕਦੀ ਵੀ ਮਹਾਰਾਜਾ ਰਣਜੀਤ ਸਿੰਘ ਨੂੰ ਨੰਗਾ ਕਰਕੇ ਦਰਖਤ ਨਾਲ ਨਹੀਂ ਸੀ ਬੰਨ੍ਹ ਸਕਦਾ ਕਿਉਂਕਿ ਉਹ ਤਾਂ ਰਾਜਾ ਸੀ ਤੇ ਉਸ ਕੋਲ ਬੇਸ਼ੁਮਾਰ ਹਥਿਆਰਬੰਦ ਫੌਜਾਂ ਸਨ ਤੇ ਬੇਪਨਾਹ ਸ਼ਕਤੀ ਸੀ। ਜੇ ਉਹ ਚਾਹੁੰਦਾ ਤਾਂ ਅਕਾਲੀ ਫੂਲਾ ਸਿੰਘ ਨੂੰ ਗ੍ਰਿਫਤਾਰ ਵੀ ਕਰ ਸਕਦਾ ਸੀ।

ਅਕਾਲੀ ਫੂਲਾ ਸਿੰਘ ਤਾਂ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਦਾ ਹੀ ਇਕ ਛੋਟਾ ਜਿਹਾ ਜਰਨੈਲ ਸੀ। ਪਰ ਅਕਾਲ ਤਖ਼ਤ ਸਾਹਿਬ ਦਾ ਜਥੇਦਾਰ ਹੋਣਾ ਵੀ ਸਿੱਖ ਕੌਮ ਲਈ ਛੋਟੀ ਗੱਲ ਨਹੀਂ। ਕਹਿੰਦੇ ਹਨ ਜਦੋਂ ਮੋਰਾਂ ਕੰਜਰੀ ਨਾਲ ਕੀਤਾ ਵਾਅਦਾ ਨਿਭਾਉਣ ਖਾਤਰ ਮਹਾਰਾਜਾ ਰਣਜੀਤ ਸਿੰਘ ਉਸਦਾ ਹੱਥ ਫੜ ਕੇ ਦਰਬਾਰ ਸਾਹਿਬ ਦੀ ਪ੍ਰਕਰਮਾ ਉਤੋਂ ਦੀ ਹੁੰਦਾ ਹੋਇਆ ਦਰਸ਼ਨੀ ਡਿਓਢੀ ਤੱਕ ਆਇਆ ਤਾਂ ਉਸ ਨੇ ਇਕ ਝਟਕੇ ਨਾਲ ਆਪਣਾ ਹੱਥ ਛੁਡਾ ਲਿਆ ਸੀ ਤੇ ਕਿਹਾ ਸੀ, "ਬੱਸ ਹੁਣ ਵਾਅਦਾ ਪੂਰਾ ਹੋ ਗਿਆ, ਛਿੱਤਰ ਪਵਾ ਕੇ ਹਟੇਂਗੀ, ਮੈਨੂੰ ਜਥੇਦਾਰ ਅਕਾਲ ਤਖ਼ਤ ਕੋਲੋਂ।" ਇਹ ਗੱਲ ਸੁਣ ਕੇ ਉਹ ਕੰਜਰੀ ਵੀ ਮਹਾਰਾਜੇ ਨੂੰ ਇਹ ਨਾ ਪੁੱਛ ਸਕੀ ਕਿ ਕੀ ਉਹ ਜਥੇਦਾਰ ਮਹਾਰਾਜ ਤੋਂ ਵੀ ਵੱਡਾ ਹੈ? ਉਸ ਨੂੰ ਹੱਥ ਛੁਡਾਉਣ ਦੇ ਝਟਕੇ ਤੋਂ ਈ ਪਤਾ ਲੱਗ ਗਿਆ ਸੀ ਕਿ ਭਾਵੇਂ ਇਹ ਮਹਾਰਾਜਾ ਹੈ ਪਰ ਜਥੇਦਾਰ ਅਕਾਲ ਤਖ਼ਤ ਤੋਂ ਵੱਡਾ ਨਹੀਂ।" ਅਕਾਲੀ ਫੂਲਾ ਸਿੰਘ ਨੇ ਮਹਾਰਾਜੇ ਨੂੰ ਜਵਾਬ ਦੇਣ ਲਈ ਹੁਕਮ ਭੇਜੇ ਪਰ ਉਹ ਮਹੰਤ ਮਨਜੀਤ ਸਿੰਘ ਵਾਂਗ ਦੜ ਵੱਟ ਗਿਆ ਕਿ ਚਲੋ ਕੁਝ ਦਿਨਾਂ ਤੱਕ ਗੱਲ ਆਪੇ ਠੰਡੀ ਹੋ ਜਾਵੇਗੀ ਪਰ ਅਕਾਲੀ ਫੂਲਾ ਸਿੰਘ ਨੇ ਸਭ ਤੋਂ ਪਹਿਲਾ ਹੁਕਮਨਾਮਾ ਜਾਰੀ ਕੀਤਾ ਕਿ ਜਿਹੜੀ ਕੜਾਹ ਪ੍ਰਸ਼ਾਦ ਦੀ ਦੇਗ ਮਹਾਰਾਜੇ ਵਲੋਂ ਅਕਾਲ ਤਖ਼ਤ ਸਾਹਿਬ 'ਤੇ ਆਉਂਦੀ ਹੈ ਉਸਦੀ ਅਰਦਾਸ ਅੱਜ ਤੋਂ ਬੰਦ ਤੇ ਕੋਈ ਸਿੱਖ ਇਸ ਨੂੰ ਫਤਹਿ ਨਾ ਬੁਲਾਵੇ। ਮਹਾਰਾਜਾ ਫਿਰ ਵੀ ਆਪਣੇ ਹਠ 'ਤੇ ਹੀ ਕਾਇਮ ਰਿਹਾ। ਦੂਜੇ ਦਿਨ ਸਵੇਰੇ ਜਦੋਂ ਮਹਾਰਾਜਾ ਸੌਂ ਕੇ ਉੱਠਿਆ ਤਾਂ ਚੋਬਦਾਰ ਜੋ ਸਭ ਤੋਂ ਪਹਿਲਾਂ ਮੱਥੇ ਲਗਦਾ ਸੀ, ਨੇ ਫਤਹਿ ਹੀ ਨਾ ਬੁਲਾਈ ਸਗੋਂ ਮੂੰਹ ਫੇਰ ਕੇ ਪਰ੍ਹਾਂ ਨੂੰ ਵੇਖਣ ਲੱਗ ਪਿਆ। ਮਹਾਰਾਜੇ ਨੂੰ ਸਮਝ ਲੱਗ ਗਈ ਕਿ ਹੁਣ ਹੋਰ ਅੜਿਆ ਰਿਹਾ ਤਾਂ ਫੌਜ ਬਗ਼ਾਵਤ ਵੀ ਕਰ ਸਕਦੀ ਹੈ। ਫਿਰ ਬਿਨਾਂ ਹੀਲਹੁਜਤ ਤੋਂ ਉਹ ਅਕਾਲ ਤਖ਼ਤ 'ਤੇ ਜਾ ਪੇਸ਼ ਹੋਇਆ।

ਇਤਿਹਾਸ ਇਹ ਵੀ ਦੱਸਦਾ ਹੈ ਕਿ ਮਹਾਰਾਜਾ ਪੇਸ਼ ਹੋਣ ਗਿਆ ਰਵਾਂ ਰਵੀਂ ਅਗਾਂਹ ਤੁਰਿਆ ਜਾ ਰਿਹਾ ਸੀ ਪਰ ਇਕ ਕੜਕਵੀਂ ਆਵਾਜ਼ ਨੇ ਉਹਦੇ ਹੋਸ਼ ਗੁੰਮ ਕਰ ਦਿੱਤੇ। ਅਕਾਲੀ ਫੂਲਾ ਸਿੰਘ ਨੇ ਗਰਜਵੀਂ ਅਵਾਜ਼ ਵਿਚ ਕਿਹਾ, "ਰਣਜੀਤ ਸਿੰਘ ਤੂੰ ਦੋਸ਼ੀ ਹੈਂ, ਅਗਾਂਹ ਕਿਧਰ ਭੱਜਾ ਆਉਂਦਾ ਹੈਂ, ਓਧਰ ਸੰਗਤਾਂ ਦੇ ਜੋੜਿਆਂ ਵਿਚ ਖਲੋ।" ਮਹਾਰਾਜਾ ਰਣਜੀਤ ਸਿੰਘ ਨੇ ਸੀ ਨਹੀਂ ਕੀਤੀ ਤੇ ਬਿਨਾਂ ਕਿਸੇ ਚੂੰ-ਚਰਾਂ ਦੇ ਚੁੱਪਚਾਪ ਜੋੜਿਆਂ ਵਿਚ ਜਾ ਖਲੋਤਾ। ਇਮਲੀ ਦੇ ਦਰਖ਼ਤ ਨਾਲ ਬੱਝ ਚੁੱਕੇ ਮਹਾਰਾਜੇ ਦੇ ਕੋਰੜੇ ਵਜਣੇ ਸ਼ੁਰੂ ਹੋਣ ਈ ਲੱਗੇ ਸਨ ਜਦੋਂ ਮੁਕੱਦਮਾ ਸੁਣਨ ਆਈ ਸੰਗਤ ਰਹਿਮ-ਰਹਿਮ ਪੁਕਾਰ ਉੱਠੀ। ਸੰਗਤ ਦਾ ਤਰਕ ਬਹੁਤ ਮਜ਼ਬੂਤ ਸੀ। ਉਨ੍ਹਾਂ ਨੇ ਜਥੇਦਾਰ ਨੂੰ ਬੇਨਤੀ ਕੀਤੀ ਕਿ ਭਾਵੇਂ ਮਹਾਰਾਜਾ ਦੋਸ਼ੀ ਹੈ ਪਰ ਫਿਰ ਵੀ ਸਾਡਾ ਮਹਾਰਾਜਾ ਹੈ, ਕੋਰੜੇ ਵੱਜਣ ਤੋਂ ਬਾਅਦ ਮਹਾਰਾਜੇ ਦਾ ਉਹ ਗੜਕਾ ਤੇ ਤੜ ਨਹੀਂ ਰਹਿਣੀ ਜੋ ਇਕ ਮਹਾਰਾਜੇ ਵਿਚ ਹੋਣੀ ਜ਼ਰੂਰੀ ਹੁੰਦੀ ਹੈ। ਨਾਲੇ ਹੁਣ ਕੋਰੜੇ ਵੱਜਣ ਨਾਲੋਂ ਕਿਹੜੀ ਕਸਰ ਬਾਕੀ ਰਹਿ ਗਈ ਹੈ। ਜਿਹੜਾ ਹੁਕਮ ਮੰਨ ਕੇ ਬਿਨਾਂ ਕਿਸੇ ਹੀਲ ਹੁਜਤ ਦੇ ਰੱਸਿਆਂ ਨਾਲ ਬੱਝ ਹੀ ਗਿਆ ਹੈ, ਕੋਰੜੇ ਖਾਣ ਤੋਂ ਉਹ ਕਿਹੜਾ ਆਕੀ ਹੈ। ਸ਼ਾਇਦ ਏਹੋ ਹੀ ਵਜ੍ਹਾ ਹੈ ਕਿ ਉਸ ਤੋਂ ਬਾਅਦ ਅੱਜ ਤੱਕ ਕਿਸੇ ਦੋਸ਼ੀ ਨੂੰ ਅਕਾਲ ਤਖ਼ਤ ਤੋਂ ਜਿਸਮਾਨੀ ਕੁੱਟਮਾਰ ਦੀ ਸਜ਼ਾ ਨਹੀਂ ਮਿਲੀ। ਅਕਾਲ ਤਖ਼ਤ ਦਾ ਕੰਮ ਭੁੱਲ ਕੇ ਪਰ੍ਹਾਂ ਗਏ ਹੋਏ ਨੂੰ ਮੁੜ ਆਪਣੇ ਵਿਚ ਸਮੋਣਾ ਹੈ, ਸਦਾ ਲਈ ਦੂਰ ਕਰਨਾ ਨਹੀਂ ਪਰ ਇਹ ਗੱਲ ਦੋਸ਼ੀ ਦੀ

ਨਿਮਰਤਾ ਨਾਲ ਸਬੰਧ ਰੱਖਦੀ ਹੈ, ਉਸ ਦੀ ਆਕੜ ਨਾਲ ਨਹੀਂ।

ਜੰਮੂ ਕਸ਼ਮੀਰ ਦਆਂ ਸੰਗਤਾਂ ਦੀਆਂ ਸ਼ਿਕਾਇਤਾਂ ਨੂੰ ਗੰਭੀਰਤਾ ਨਾਲ ਲੈਂਦਿਆਂ ਹੋਇਆਂ ਸਿੰਘ ਸਾਹਿਬ ਭਾਈ ਰਣਜੀਤ ਸਿੰਘ ਨੇ ਦੁਬਾਰਾ 5 ਜੂਨ 1997 ਨੂੰ ਮਹੰਤ ਮਨਜੀਤ ਸਿੰਘ ਨੂੰ ਅਕਾਲ ਤਖ਼ਤ 'ਤੇ ਤਲਬ ਕੀਤਾ। ਸ਼ਿਕਾਇਤ ਵਾਲੀ ਚਿੱਠੀ ਅੱਗੇ ਦਰਜ ਹੈ। ਇਸ ਚਿੱਠੀ ਵਿਚ ਵੀ ਓਸੇ ਤਰ੍ਹਾਂ ਦੀ ਹੀ ਸ਼ਿਕਾਇਤ ਹੈ ਫਿਰ ਵੀ ਪਾਠਕਾਂ ਦੀ ਜਾਣਕਾਰੀ ਲਈ ਉਸ ਦਾ ਕੁਝ ਭਾਗ ਦਿੱਤਾ ਗਿਆ ਹੈ। ਓਧਰ ਦੋ-ਢਾਈ ਸਾਲ ਦੇ ਅਰਸੇ ਵਿਚ ਵੀ ਮਹੰਤ ਮਨਜੀਤ ਸਿੰਘ ਦੇ ਸੰਗਤਾਂ ਨਾਲ ਸਬੰਧ ਪਹਿਲਾਂ ਵਾਂਗ ਹੀ ਕੁੜੱਤਣ ਭਰੇ ਸਨ ਪਰ ਇਸ ਸਮੇਂ ਵਿਚ ਉਸ ਨੇ ਜੰਮੂ ਕਸ਼ਮੀਰ ਦੇ ਕਈ ਇਤਿਹਾਸਕ ਗੁਰਦੁਆਰੇ, ਜਿਨ੍ਹਾਂ ਦਾ ਪ੍ਰਬੰਧ ਮਹੰਤ ਮਨਜੀਤ ਸਿੰਘ ਕੋਲ ਸੀ, ਦੇ ਬੇਸ਼ੁਮਾਰ ਚੜ੍ਹਾਵੇ ਦੇ ਪੈਸਿਆਂ ਨਾਲ ਕਾਫੀ ਲੋਕ ਆਪਣੇ ਨਾਲ ਲਾ ਲਏ ਸਨ। ਵੈਸੇ ਵੀ ਪੁਰਾਤਨ ਧਾਰਮਕ ਅਸਥਾਨਾਂ ਨਾਲ ਸਬੰਧਤ ਹੋਣ ਕਰਕੇ ਕਈ ਲੋਕ ਆਪਣੇ ਧਾਰਮਕ ਵਿਸ਼ਵਾਸ ਕਰਕੇ ਵੀ ਉਸ ਨਾਲ ਬੱਝੇ ਹੋਏ ਸਨ।

6 ਅਪ੍ਰੈਲ 1997 ਦੇ ਗੁਰਮਤਿ ਚੇਤਨਾ ਸਮਾਗਮ ਵਿਚ ਪ੍ਰੋ: ਮਨਜੀਤ ਸਿੰਘ ਬਤੌਰ ਜਥੇਦਾਰ ਤਖ਼ਤ ਕੇਸਗੜ੍ਹ ਸਾਹਿਬ ਗਏ ਸਨ, ਕੁਝ ਲੋਕਾਂ ਨੇ ਉਨ੍ਹਾਂ ਦੇ ਲੰਗਰ ਵਿਚ ਪ੍ਰਸ਼ਾਦਾ ਨਾ ਛਕਣ ਤੇ ਕਿਸੇ ਦੇ ਘਰ ਜਾ ਕੇ ਪ੍ਰਸ਼ਾਦਾ ਛਕਣ ਦਾ ਬੁਰਾ ਮਨਾਇਆ ਤੇ ਏਸੇ ਤਰ੍ਹਾਂ ਦਾ ਹੀ ਰੋਸਾ ਉਨ੍ਹਾਂ ਨੂੰ ਭਾਈ ਕੇਵਲ ਸਿੰਘ ਨਾਲ ਵੀ ਸੀ ਜੋ ਖੁਲ੍ਹੀ ਚਿੱਠੀ ਦੇ ਰੂਪ ਵਿਚ ਅੱਗੇ ਦਰਜ ਹੈ।

***

*5 ਮਈ 1997*

ਸਤਿਕਾਰਯੋਗ ਸਿੰਘ ਸਾਹਿਬ,
ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ, ਭਾਈ ਰਣਜੀਤ ਸਿੰਘ ਜੀ,
ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਹਿ॥
ਸ੍ਰੀਮਾਨ ਜੀਓ,

ਸ੍ਰੀ ਗੁਰੂ ਨਾਨਕ ਨਗਰ ਜੰਮੂ ਵਿਖੇ ਹੋਏ ਇਤਿਹਾਸਕ ਅਤੇ ਬੇਮਿਸਾਲ ਮਿਤੀ 6 ਅਪ੍ਰੈਲ 1997 ਦੇ ਗੁਰਮਤਿ ਚੇਤਨਾ ਸਮਾਗਮ ਦੀ ਆਪ ਜੀ ਨੂੰ ਬਹੁਤ-ਬਹੁਤ ਵਧਾਈ ਹੋਵੇ ਜੀ। ਸੱਚਮੁਚ ਗੁਰਮਤਿ ਤੋਂ ਸਖਣੇ ਅਤੇ ਅੰਧਵਿਸ਼ਵਾਸ ਦੇ ਵਹਿਮਾਂ-ਭਰਮਾਂ ਵਿਚ ਫਸੀ ਏਥੋਂ ਦੀ ਸਿੱਖ ਸੰਗਤ ਲਈ ਇਹੋ ਜਹੇ ਚੇਤਨਾ ਸਮਾਗਮਾਂ ਦੀ ਬਹੁਤ ਲੋੜ ਹੈ ਜੀ।

ਆਪ ਜੀ ਦੇ ਹੁਕਮ ਅਨੁਸਾਰ ਅੱਜ ਅਸੀਂ ਮਹੰਤ ਮਨਜੀਤ ਸਿੰਘ ਦੇ ਗੁਨਾਹਾਂ ਦੇ ਸਬੂਤਾਂ ਦੀ ਫਾਈਲ ਆਪ ਜੀ ਨੂੰ ਪਹੁੰਚਾਉਣ ਆਏ ਹਾਂ। ਆਪ ਜੀ ਇਸ ਫਾਈਲ ਦੀ ਪੂਰੀ ਪੜਤਾਲ ਅਤੇ ਤਸੱਲੀ ਕਰ ਸਕਦੇ ਹੋ ਜੀ। ਜੇਕਰ ਮਹੰਤ ਮਨਜੀਤ ਸਿੰਘ ਨੂੰ ਸਾਡੇ ਸਾਹਮਣੇ ਬੁਲਾਇਆ ਜਾਵੇ ਤਾਂ ਅਸੀਂ ਇਹ ਸਾਰੇ ਸਬੂਤ ਸਹੀ ਸਾਬਤ ਵੀ ਕਰ ਸਕਦੇ ਹਾਂ। ਬਾਕੀ ਇਕ ਸਚਾਈ ਇਹ ਵੀ ਹੈ ਕਿ ਮਹੰਤ ਦੇ ਸੁਧਰਨ ਅਤੇ ਮਹੰਤੀ ਪਖੰਡ ਛੱਡਣ ਦੀ ਹੁਣ ਸਾਨੂੰ ਕੋਈ ਉਮੀਦ ਨਹੀਂ ਹੈ। ਜੇਕਰ ਆਪ ਜੀ ਆਪਣੇ ਕਿਸੇ ਖੁਫੀਆ ਤਰੀਕੇ ਜਾਂਚ ਕਰਵਾਓ ਤਾਂ ਆਪ ਜੀ ਨੂੰ ਵੀ ਯਕੀਨ ਹੋ ਜਾਵੇਗਾ ਕਿ ਮਹੰਤ ਕਿੰਨਾ ਕੁ ਗੁਰਮਤਿ ਦੇ ਅਸੂਲਾਂ ਦਾ ਧਾਰਨੀ ਹੈ। ਉਹ ਅਤੇ ਉਸ ਦੇ ਹਮਾਇਤੀ ਆਪਣੇ ਆਪ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਵੀ ਉੱਚਾ

ਸਮਝਦੇ ਹਨ ਅਤੇ ਆਪਣੇ ਭਾਸ਼ਨਾਂ ਵਿਚ ਅਕਸਰ ਸਿੰਘ ਸਾਹਿਬਾਨ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮੁਖ਼ਾਲਫਤ ਵੀ ਕਰਦੇ ਹਨ। ਸਾਡੀ ਤਾਂ ਕੇਵਲ ਏਨੀ ਇੱਛਾ ਹੈ ਕਿ ਸਿੱਖ ਸੰਗਤਾਂ ਵਿਅਕਤੀ ਪੂਜਾ ਤੋਂ ਹਟ ਕੇ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਲੜ ਲੱਗਣੀਆਂ ਚਾਹੀਦੀਆਂ ਹਨ। ਹੋਰ ਸਾਡਾ ਮਹੰਤ ਨਾਲ ਕੋਈ ਜਾਤੀ ਝਗੜਾ ਨਹੀਂ ਹੈ। ਇਹ ਲੜਾਈ ਕੇਵਲ ਸਿੱਖੀ ਸਿਧਾਂਤਾਂ ਦੀ ਹੈ ਅਤੇ ਮਹੰਤ ਆਪਣੇ ਪਖੰਡ ਅਤੇ ਝੂਠ ਛੱਡ ਨਹੀਂ ਸਕਦਾ ਜਿਸ ਕਰਕੇ ਸਾਡਾ ਉਸ ਨਾਲ ਵਿਰੋਧ ਹੈ। ਅਸੀਂ ਪਹਿਲਾਂ ਉਨ੍ਹਾਂ ਨੂੰ ਬਹੁਤ ਪਿਆਰ ਨਾਲ ਸਮਝਾਉਣ ਦੀ ਪੂਰੀ ਕੋਸ਼ਿਸ਼ ਕੀਤੀ ਕਿ ਤੁਸੀਂ ਆਪਣੇ ਪੈਰੀਂ ਮੱਥਾ ਨਾ ਟਿਕਾਓ, ਰਛਿਆ ਜਾਂ ਤਾਵੀਜ਼ ਨਾ ਲਿਖ-ਲਿਖ ਦਿਓ, ਸੰਗਤ ਵਿਚ ਵਿਸ਼ੇਸ਼ ਆਸਣ ਲਾ ਕੇ ਨਾ ਬੈਠੋ ਜਾਂ ਗੁਰੂ ਮਹਾਰਾਜ ਦੀ ਤਾਬਿਆ ਵਿਚ ਬੈਠੇ ਗੁਰੂ ਕੇ ਵਜ਼ੀਰ (ਗ੍ਰੰਥੀ) ਨੂੰ ਉਠਾ ਕੇ ਨਾ ਬੈਠੋ ਅਤੇ ਆਪਣਾ ਜੂਠਾ ਛੱਡਿਆ ਲੰਗਰ ਸੰਗਤਾਂ ਵਿਚ ਪ੍ਰਸ਼ਾਦਿ ਕਹਿ ਕੇ ਨਾ ਵਰਤਾਓ ਕਿਉਂਕਿ ਅੰਮ੍ਰਿਤਧਾਰੀ ਸਿੰਘਾਂ ਜਾਂ ਸੰਗਤਾਂ ਨੂੰ ਆਪਣਾ ਜੂਠਾ ਲੰਗਰ ਛਕਾਉਣਾ ਮਨ੍ਹਾਂ ਹੈ ਪਰ ਮਹੰਤ ਅਤੇ ਉਸ ਦੇ ਉਪਾਸ਼ਕ ਇਹ ਸਭ ਛੱਡਣ ਲਈ ਤਿਆਰ ਨਹੀਂ ਹਨ ਅਤੇ ਇਸ ਕਾਰਨ ਸਾਡੀ ਉਨ੍ਹਾਂ ਨਾਲ ਏਕਤਾ ਹੋ ਸਕਣੀ ਬਹੁਤ ਮੁਸ਼ਕਿਲ ਹੀ ਨਹੀਂ, ਨਾਮੁਮਕਿਨ ਵੀ ਹੈ।

ਸ਼ਹੀਦ ਸ: ਹਰਨਾਮ ਸਿੰਘ ਜੋ ਕਿ ਅਕਾਲੀ ਦਲ ਦੇ ਪ੍ਰਧਾਨ ਵੀ ਸਨ, ਦਾ ਕਤਲ ਵੀ ਮਹੰਤ ਨੇ ਇਸੇ ਕਰਕੇ ਕਰਵਾਇਆ ਕਿਉਂਕਿ ਉਹ ਸਟੇਜ ਤੋਂ ਮਹੰਤ ਦੀਆਂ ਇਨ੍ਹਾਂ ਸਾਰੀਆਂ ਕਰਤੂਤਾਂ ਦੀ ਮੁਖਾਲਫਤ ਕਰਦਾ ਸੀ। ਉਨ੍ਹਾਂ ਦਾ ਕਤਲ ਕਰਵਾਉਣ ਤੋਂ ਬਾਅਦ ਸਾਨੂੰ ਵੀ ਮੌਤ ਦੀਆਂ ਧਮਕੀਆਂ ਦੇ ਕੇ ਡਰਾਉਣ ਅਤੇ ਖ਼ਾਮੋਸ਼ ਰੱਖਣ ਦੀ ਇਸ ਨੇ ਬਹੁਤ ਕੋਸ਼ਿਸ਼ ਕੀਤੀ ਪਰ ਅਸੀਂ ਸਾਰਿਆਂ ਜੋ ਮਹੰਤ ਦੇ ਮੁਖਾਲਫ ਹਾਂ ਚੁੱਪ ਰਹਿ ਕੇ ਬੇਗੈਰਤ ਹੋ ਕੇ ਮਰਨ ਨਾਲੋਂ ਮਹੰਤ ਦੀਆਂ ਕਰਤੂਤਾਂ ਖਿਲਾਫ ਲੜਨ ਦਾ ਫੈਸਲਾ ਕਰ ਲਿਆ ਹੈ ਭਾਵੇਂ ਇਸ ਵਿਚ ਸਾਡੀ ਜਾਨ ਵੀ ਕਿਉਂ ਨਾ ਚਲੀ ਜਾਵੇ। ਫਿਰ ਗੁਰੂ ਕ੍ਰਿਪਾ ਨਾਲ ਹੌਲੀ-ਹੌਲੀ ਸਿੱਖ ਸੰਗਤਾਂ ਨੇ ਵੀ ਮਹਿਸੂਸ ਕੀਤਾ ਕਿ ਮਹੰਤ ਗ਼ਲਤ ਹੈ ਅਤੇ ਹੋਰ ਗ਼ਲਤੀਆਂ ਹੀ ਗ਼ਲਤੀਆਂ ਕਰੀ ਜਾਂਦਾ ਹੈ। ਇਸ ਤਰ੍ਹਾਂ ਸਾਨੂੰ ਸੰਗਤਾਂ ਦਾ ਬਹੁਤ ਸਹਿਯੋਗ ਵੀ ਹਾਸਲ ਹੋਇਆ ਹੈ। ਮਹੰਤ ਦੀਆਂ ਕਈ ਕਰਤੂਤਾਂ ਜੋ ਆਪ ਜੀ ਤੋਂ ਪਹਿਲਾਂ ਸਿੰਘ ਸਾਹਿਬ ਪ੍ਰੋਫੈਸਰ ਮਨਜੀਤ ਸਿੰਘ ਜੀ ਅਤੇ ਸਿੰਘ ਸਾਹਿਬ ਗਿਆਨੀ ਕੇਵਲ ਸਿੰਘ ਜੀ ਨੇ ਆਪ ਦੇਖੀਆਂ ਅਤੇ ਹੋਰ ਕਈ ਸਿੱਖ ਸੰਸਥਾਵਾਂ ਦੇ ਆਗੂਆਂ ਪਾਸੋਂ ਸੁਣੀਆਂ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਤਲਬ ਕਰ ਕੇ ਤਨਖਾਹੀਆ ਐਲਾਨ ਕੀਤਾ ਅਤੇ ਸਜ਼ਾ ਲਗਾਈ, ਉਸ ਨਾਲ ਵੀ ਸੰਗਤਾਂ ਵਿਚ ਮਹੰਤ ਦੇ ਖਿਲਾਫ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੱਕ ਵਿਚ ਬਹੁਤ ਉਤਸ਼ਾਹ ਪੈਦਾ ਹੋਇਆ ਹੈ। ਮਹੰਤ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਸਿੰਘ ਸਾਹਿਬ ਸਾਹਮਣੇ ਝੂਠ ਬੋਲਣ ਅਤੇ ਲੱਗੀ ਸਜ਼ਾ (ਸੇਵਾ) ਪੂਰੀ ਤਰ੍ਹਾਂ ਨਾ ਨਿਭਾਉਣ ਕਾਰਨ ਹਾਲੇ ਤੱਕ ਪੰਥ ਵਿਚ ਮੁੜ ਸ਼ਾਮਲ ਕਰਨ ਦੀ ਅਰਦਾਸ ਜਾਂ ਐਲਾਨ ਨਹੀਂ ਕੀਤਾ ਗਿਆ ਜਿਸ ਕਾਰਨ ਉਹ ਹਾਲੇ ਤੱਕ ਤਨਖਾਹੀਆ ਹੀ ਚੱਲ ਰਿਹਾ ਹੈ। ਪਰ ਇਥੇ ਸੰਗਤਾਂ ਵਿਚ ਝੂਠ ਬੋਲ-ਬੋਲ ਸ੍ਰੀ ਅਕਾਲ ਤਖ਼ਤ ਸਾਹਿਬ ਬਾਰੇ ਅਤੇ ਸਾਡੇ ਖਿਲਾਫ ਬਹੁਤ ਭੜਕਾਹਟ ਪੈਦਾ ਕਰ ਰਿਹਾ ਹੈ। ਜੇਕਰ ਆਪ ਜੀ ਕ੍ਰਿਪਾ ਕਰਕੇ ਮਹੰਤ ਦੇ ਤਨਖਾਹੀਆ ਹੋਣ ਬਾਰੇ ਕੋਈ ਸਪੱਸ਼ਟ ਆਦੇਸ਼ ਸੰਗਤਾਂ ਲਈ ਜਾਰੀ

ਕਰ ਦਿਓ ਤਾਂ ਅਸੀਂ ਯਕੀਨ ਨਾਲ ਕਹਿ ਸਕਦੇ ਹਾਂ ਕਿ ਮਹੰਤ ਦੇ ਪਖੰਡ ਤੋਂ ਸੰਗਤਾਂ ਨੂੰ ਹਮੇਸ਼ਾ ਲਈ ਛੁਟਕਾਰਾ ਮਿਲ ਸਕਦਾ ਹੈ ਜੀ। ਐਸਾ ਕਰਨ ਲਈ ਅਸੀਂ ਆਪ ਜੀ ਦੇ ਬਹੁਤ-ਬਹੁਤ ਧੰਨਵਾਦੀ ਹੋਵਾਂਗੇ ਜੀ। (ਤੇ ਬਾਕੀ ਸਭ ਉਹ ਹੀ ਪੁਰਾਣੀਆਂ ਸ਼ਿਕਾਇਤਾਂ ਸਨ ਜਿਹੜੀਆਂ ਪਹਿਲੇ ਸਿੰਘ ਸਾਹਿਬ ਕੋਲ ਕੀਤੀਆਂ ਗਈਆਂ ਸਨ।)

***

ੴ ਸਤਿਗੁਰ ਪ੍ਰਸਾਦਿ

ਜੰਮੂ ਕਸ਼ਮੀਰ ਦੀਆਂ ਸੰਗਤਾਂ ਦੀ ਜਥੇਦਾਰ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਅਤੇ ਜਥੇਦਾਰ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਨਾਮ ਖੁੱਲ੍ਹੀ ਚਿੱਠੀ ਹੇਠ ਲਿਖੇ ਅਨੁਸਾਰ ਹੈ:

ਗੁਰਮੁਖ ਪਿਆਰੇ

1. ਪ੍ਰੋਫੈਸਰ ਮਨਜੀਤ ਸਿੰਘ ਜੀ, ਜਥੇਦਾਰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਜੀ,
2. ਗਿਆਨੀ ਕੇਵਲ ਸਿੰਘ ਜੀ, ਜਥੇਦਾਰ ਤਖ਼ਤ ਸ੍ਰੀ ਦਮਦਮਾ ਸਾਹਿਬ ਜੀ

ਮਿਤੀ 6.4.1997 ਨੂੰ ਗੁਰਦੁਆਰਾ ਸਿੰਘ ਸਭਾ ਗੁਰੂ ਨਾਨਕ ਨਗਰ ਜੰਮੂ ਵਿਖੇ ਇਕ ਵਿਸ਼ੇਸ਼ ਗੁਰਮਤਿ ਸਮਾਗਮ ਵਿਚ ਆਪ ਜੀ ਦੇ ਗੁਰਮਤਿ ਵਿਚਾਰ ਸੁਣੇ। ਵਿਸ਼ਾ ਗੁਰਮਤਿ ਚੇਤਨਾ ਲਹਿਰ ਬਾਰੇ ਸੰਗਤਾਂ ਨੂੰ ਅਨੁਭਵ ਕਰਾਉਣਾ ਸੀ।

ਜਥੇਦਾਰ ਗਿਆਨੀ ਕੇਵਲ ਸਿੰਘ ਜੀ ਆਪ ਜੀ ਨੇ ਜਦੋਂ ਸੰਗਤਾਂ ਨੂੰ ਕਿਸੇ ਵਿਅਕਤੀ ਅੱਗੇ ਮੱਥਾ ਨਾ ਟੇਕਣ ਵਾਲੀ ਗੱਲ ਕੀਤੀ ਮਨ ਪ੍ਰਸੰਨ ਹੋਇਆ। ਗੱਲ ਬਿਲਕੁਲ ਗੁਰਮਤਿ ਆਸ਼ੇ ਅਨੁਸਾਰ ਸੀ ਪਰ ਆਪ ਜੀ ਨੇ ਪੀਰਾਂ ਦੀਆਂ ਕਬਰਾਂ 'ਤੇ ਮੱਥਾ ਟੇਕਣ ਵਾਲਿਆਂ ਬਾਰੇ ਕੁਝ ਨਹੀਂ ਬੋਲਿਆ। ਜਿਨ੍ਹਾਂ ਦੇ ਸੱਦੇ ਤੋਂ ਆਪ ਜੀ ਇਥੇ ਆਏ। ਉਨ੍ਹਾਂ ਨੇ ਆਪ ਜੀ ਨੂੰ ਸਹੀ ਰਿਪੋਰਟ ਨਹੀਂ ਦਿੱਤੀ। ਸੱਚ ਤਾਂ ਇਹ ਹੈ ਕਿ ਜੇ ਇਥੇ ਕਿਸੇ ਵਿਅਕਤੀ ਨੂੰ ਮੱਥਾ ਟੇਕਣ ਵਾਲੇ ਹਨ ਤਾਂ ਪੀਰਾਂ ਦੀਆਂ ਕਬਰਾਂ 'ਤੇ ਮੱਥਾ ਟੇਕਣ ਵਾਲੇ ਕਿਤੇ ਜ਼ਿਆਦਾ ਹੀ ਹਨ। ਮੈਂ ਇਹ ਵੀ ਲਿਖਣ ਤੋਂ ਸੰਕੋਚ ਨਹੀਂ ਕਰਾਂਗਾ ਕਿ ਪੰਜਾਬ ਦੀ ਧਰਤੀ 'ਤੇ ਹਰ ਦੋ ਕਿਲੋਮੀਟਰ ਵਰਗ ਖੇਤਰ ਵਿਚ ਤਾਂ ਪੈਰਾਂ 'ਤੇ ਮੱਥੇ ਟਿਕਾਉਣ ਵਾਲੇ ਬੈਠੇ ਹਨ ਅਤੇ ਉਨ੍ਹਾਂ ਵਿਚੋਂ ਬਹੁਤੇ ਮਨਮਤੀਏ, ਬੇ-ਅੰਮ੍ਰਿਤੀਏ, ਕਕਾਰਹੀਣ ਸੰਤ ਹਨ ਅਤੇ ਉਨ੍ਹਾਂ ਦੀ ਕੋਈ ਵੀ ਗੱਲ ਅਕਾਲ ਤਖ਼ਤ ਦੀ ਮਾਨ ਮਰਯਾਦਾ ਨਾਲ ਨਹੀਂ ਮਿਲਦੀ। ਜੰਮੂ ਕਸ਼ਮੀਰ ਵਿਚ ਜੋ ਸੰਤ ਜੀ ਹਨ ਉਹ ਬਿਲਕੁਲ ਅਕਾਲ ਤਖ਼ਤ ਦੀ ਮਾਨ ਮਰਯਾਦਾ ਦੇ ਪ੍ਰਚਾਰਕ ਹਨ ਅਤੇ ਅਕਾਲ ਤਖ਼ਤ ਤੋਂ ਜਾਰੀ ਕੀਤੇ ਹੁਕਮਨਾਮੇ ਨੂੰ ਪੂਰਨ ਸਤਿਕਾਰ ਨਾਲ ਪ੍ਰਵਾਨ ਕਰ ਕੇ ਅਕਾਲ ਤਖ਼ਤ ਦੀ ਮਾਨ ਮਰਯਾਦਾ ਦੇ ਅਧੀਨ ਰਹਿਣ ਦੀ ਪ੍ਰੰਪਰਾ ਨੂੰ ਪੂਰਨ ਦ੍ਰਿੜ੍ਹਤਾ ਨਾਲ ਨਿਭਾਉਣ ਦੇ ਸਮਰੱਥ ਵੀ ਹਨ। ਸਿੰਘ ਸਾਹਿਬ ਪ੍ਰੋਫੈਸਰ ਮਨਜੀਤ ਸਿੰਘ ਜੀ ਆਪ ਜੀ ਨੇ ਜੋ ਗੁਰਮਤਿ ਵਿਚਾਰ ਸੰਗਤਾਂ ਵਿਚ ਧਰਮ ਪ੍ਰਚਾਰ ਵਿਸ਼ੇ ਹੇਠ ਰੱਖੇ। ਗੁਰਬਾਣੀ ਦਾ ਉਚਾਰਣ ਹੋਇਆ। ਗੁਰੂ ਮਹਾਰਾਜ ਦੀ ਪਵਿੱਤਰ ਬਾਣੀ ਦੀ ਇਕ ਤੁਕ 'ਤੇ ਬਹੁਤ ਵਾਰੀ ਉਚਾਰਣ ਆਪ ਜੀ ਨੇ ਕੀਤਾ: "ਖਰੇ ਖਜ਼ਾਨੇ ਪਾਈਅਹਿ, ਖੋਟੇ ਸਟੀਅਹਿ ਬਾਹਰਵਾਰਿ॥"

ਇਸ ਪਵਿੱਤਰ ਸ਼ਬਦ ਦਾ ਭਾਵਅਰਥ ਆਪ ਜੀ ਨੇ ਬੜੇ ਸਰਲ ਸ਼ਬਦਾਂ ਰਾਹੀਂ ਸਮਝਾਇਆ। ਸੱਚਮੱਚ ਹੀ ਬਹੁਤ ਅਨੰਦ ਆਇਆ। ਪਰ ਆਪ ਜੀ ਸਮਾਗਮ ਦੀ ਸਮਾਪਤੀ ਉਪਰੰਤ ਗੁਰੂ ਕੇ ਲੰਗਰ ਤੋਂ ਮੂੰਹ ਮੋੜ ਕੇ ਇਕ ਗੁਰਮੰਤਰ ਹੀਣ ਪ੍ਰਾਣੀ (ਵਿਅਕਤੀ) ਦੇ ਘਰ

ਜਾ ਵੜੇ। ਆਪ ਜੀ ਖੋਟੇ ਨੂੰ ਬਾਹਰ ਸੁੱਟਦੇ ਸੁੱਟਦੇ ਆਪ ਹੀ ਇਕ ਲੱਖਪਤੀ ਵਿਅਕਤੀ ਦੇ ਘਰ ਮਾਲ੍ਹ-ਪੂੜੇ ਤੇ ਛੱਤੀ ਪ੍ਰਕਾਰ ਦੇ ਭੋਜਨ ਛਕਣ ਲਈ ਜਾ ਵੜੇ। ਕੀ ਆਪ ਜੀ ਜਦੋਂ ਗੁਰੂ ਦਰਬਾਰ ਦੀ ਸੰਗਤ ਨਾਲ ਪੰਗਤ ਵਿਚ ਬੈਠ ਕੇ ਗੁਰੂ ਕਾ ਲੰਗਰ ਛਕਣ ਨੂੰ ਤਿਆਗਦੇ ਹੋਏ ਵੰਨ-ਸੁਵੰਨੇ ਬੰਗਲੇ ਦੇ ਭੋਜਨ ਹਾਲ ਵੱਲ ਗਏ (ਕਿਉਂਕਿ ਉਹ ਇਕ ਲੱਖਪਤੀ ਦਾ ਘਰ ਸੀ) ਤਾਂ ਗੁਰੂ ਮਹਾਰਾਜ ਦਾ ਮਹਾਂਵਾਕ ਜੋ ਮਾਰੂ ਰਾਗ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 1003 'ਤੇ ਸਾਨੂੰ ਉਪਦੇਸ਼ ਦਿੰਦਾ ਹੈ, ਆਪ ਜੀ ਨੂੰ ਚੇਤੇ ਨਹੀਂ ਰਿਹਾ?

"ਕੋਟਿ ਲਾਖ ਸਰਬ ਕੋ ਰਾਜਾ, ਜਿਸ ਹਿਰਦੈ ਨਾਮ ਤੁਮਾਰਾ॥
ਜਾ ਕਉ ਨਾਮ ਨ ਦੀਆ ਮੇਰੈ ਸਤਿਗੁਰਿ ਸੇ ਮਰਿ ਜਨਮਹਿ ਗਾਵਾਰਾ॥"

ਸਿੰਘ ਸਾਹਿਬ ਜੀ ਇਵੇਂ ਲੱਗਿਆ ਜਿਵੇਂ ਆਪ ਜੀ ਉਸ ਵਿਅਕਤੀ ਦੇ ਨਿਓਤੇ 'ਤੇ ਆਏ ਸੀ ਨਾ ਕਿ ਗੁਰਮਤਿ ਚੇਤਨਾ ਲਹਿਰ ਵਿਚ ਵਾਧਾ ਕਰਨ ਲਈ। ਆਪ ਜੀ ਘੱਟੋ-ਘੱਟ ਅੱਧਾ ਪ੍ਰਸ਼ਾਦਾ ਹੀ ਸੰਗਤਾਂ ਵਿਚ ਬੈਠ ਕੇ ਛਕ ਲੈਂਦੇ ਤਾਂ ਵੇਖਦੇ ਕਿੰਨਾ ਅਨੰਦ ਸੀ ਗੁਰੂ ਕੇ ਲੰਗਰ ਵਿਚ, ਜਿਹੜਾ ਚੇਤਨਾ ਲਹਿਰ ਵਾਲੇ ਬੱਚਿਆਂ ਨੇ ਤਿਆਰ ਕੀਤਾ ਸੀ।

ਇਕ ਹੋਰ ਵਿਸ਼ਾ ਆਪ ਜੀ ਨੇ ਛੇੜਿਆ ਹੈ ਉਹ ਹੈ ਕਿਸੇ ਵਿਅਕਤੀ ਪਿੱਛੇ ਨਹੀਂ ਭੱਜਣਾ। ਗੁਰੂ ਪਿੱਛੇ ਭੱਜਣਾ ਹੈ ਪਰ ਅਫਸੋਸ ਕਿ ਜਦੋਂ ਆਪ ਜੀ ਮਾਲ੍ਹ-ਪੂੜੇ ਛਕਣ ਲਈ ਜਾ ਰਹੇ ਸੀ ਤਾਂ ਆਪ ਜੀ ਪਿੱਛੇ ਕੁਝ ਗੁਰਮੁਖ ਪਿਆਰੇ ਭੱਜਦੇ-ਭੱਜਦੇ ਗਏ। ਉਨ੍ਹਾਂ ਨੂੰ ਆਪਣੇ ਪਿੱਛੇ ਭੱਜਦਿਆਂ ਰੋਕ ਦਿੰਦੇ ਤਾਂ ਉਹ ਵਾਪਸ ਮੁੜ ਜਾਂਦੇ ਅਤੇ ਗੁਰੂ ਕੇ ਸੁਆਦਲੇ ਲੰਗਰ ਤੋਂ ਵਾਂਝੇ ਨਾ ਰਹਿ ਜਾਂਦੇ। ਕਿੰਨਾ ਚੰਗਾ ਹੁੰਦਾ ਜੇ ਆਪ ਜੀ ਗੁਰੂ ਕੇ ਲੰਗਰ ਵਿਚ ਨਹੀਂ ਸੀ ਛਕਣਾ ਚਾਹੁੰਦੇ ਤਾਂ ਗੁਰਮੰਤ੍ਰਹੀਣ ਪ੍ਰਾਣੀ ਦੇ ਘਰ ਵੀ ਨਾ ਜਾ ਵੜਦੇ ਅਤੇ ਵਾਦਵਿਵਾਦ ਦੇ ਘੇਰੇ ਵਿਚ ਵੀ ਨਾ ਆਉਂਦੇ। ਸ਼ਾਇਦ ਆਪ ਜੀ ਨੂੰ ਉਸ ਸਮੇਂ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਇਹ ਮਹਾਂਵਾਕ ਚੇਤੇ ਨਹੀਂ ਰਿਹਾ।

"ਗੁਰਮੰਤ੍ਰ ਹੀਣਸ ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਸਟਣਹ॥
ਕੂਕਰਹ ਸੂਕਰਹ ਗਰਧਭਹ ਕਾਕਹ ਸਰਪਨਹ ਤੁਲਿ ਖਲਹ॥"

ਕਿਆ ਕਮਾਲ ਹੈ ਭਾਈ ਸਾਹਿਬ ਭਾਈ ਰਣਜੀਤ ਸਿੰਘ ਜੀ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਜੋ ਕੇਵਲ ਗੁਰੂ ਵਾਲੀ ਗੱਲ ਕਰਕੇ ਭਾਵ ਗੁਰਬਾਣੀ ਦੇ ਅਰਥ ਕਰਕੇ ਸੰਗਤਾਂ ਨੂੰ ਗੁਰੂ ਦੇ ਲੜ ਲਾਉਣ ਦਾ ਯਤਨ ਕਰਦੇ ਹੋਏ ਬੜੇ ਹੀ ਭਾਵੁਕ ਵੱਸ ਸੰਕੋਚ ਵਿਚ ਹੀ ਆਪਾ ਸੰਭਾਲ ਕੇ ਬੇਦਾਗ਼ ਹੋ ਕੇ ਇਥੋਂ ਚਲੇ ਗਏ।

ਸਿੰਘ ਸਾਹਿਬ ਪ੍ਰੋਫੈਸਰ ਮਨਜੀਤ ਸਿੰਘ ਜੀ ਜਿਥੇ ਹੋਰ ਕਈ ਪ੍ਰਕਾਰ ਦੇ ਦੋਸ਼ ਆਪ ਜੀ 'ਤੇ ਸਮੇਂ-ਸਮੇਂ ਸਿਰ ਅਖਬਾਰਾਂ ਰਸਾਲਿਆਂ ਵਿਚ ਪੜ੍ਹਦੇ ਰਹੇ ਹਾਂ ਉਨ੍ਹਾਂ ਵਿਚ ਹੀ ਲੰਗਰ ਵਾਲਾ ਇਹ ਦੋਸ਼ ਆਪ ਜੀ 'ਤੇ ਕੋਈ ਨਵਾਂ ਨਹੀਂ ਹੈ। ਬਹੁਤ ਜ਼ਿਆਦਾ ਵਿਦੇਸ਼ ਯਾਤਰਾਵਾਂ ਕਰਕੇ ਇਹ ਆਪ ਜੀ ਦਾ ਇਕ ਸੁਭਾਓ ਹੀ ਬਣ ਚੁੱਕਿਆ ਹੈ, ਜਿਸ ਦੀ ਗਵਾਹੀ ਫਰਵਰੀ 1997 ਦੇ ਸੰਤ ਸਿਪਾਹੀ ਰਸਾਲੇ ਦੇ ਪੰਨਾ 18 'ਤੇ ਮਿਲਦੀ ਹੈ। ਆਪ ਜੀ ਮੇਜ਼ ਕੁਰਸੀਆਂ 'ਤੇ ਬੈਠ ਕੇ ਗੁਰੂ ਕਾ ਲੰਗਰ ਛਕਣ ਵਿਚ ਭਾਗੀਦਾਰ ਹੋ ਕੇ ਕਿਹੜੇ ਗੁਰੂ ਸਾਹਿਬ ਦੀ ਮਰਯਾਦਾ ਦਾ ਪ੍ਰਚਾਰ ਕਰਦੇ ਰਹੇ ਹੋ?

ਗੁਰੂ ਪੰਥ ਦਾ ਦਾਸ

(ਮੈਂਬਰ ਅਖੰਡ ਕੀਰਤਨੀ ਜਥਾ), ਜੰਮੂ ਕਸ਼ਮੀਰ

ਪੰਜ ਜੂਨ 1997 ਨੂੰ ਮਹੰਤ ਮਨਜੀਤ ਸਿੰਘ ਨੂੰ ਪੇਸ਼ੀ ਲਈ ਅਕਾਲ ਤਖ਼ਤ 'ਤੇ ਬੁਲਾਇਆ ਗਿਆ ਤੇ 1 ਜੂਨ 1997 ਨੂੰ ਇਕ ਖਤ ਕਿਸੇ ਮਹਿੰਦਰ ਸਿੰਘ ਨਾਂਅ ਦੇ ਸਕੂਲ ਮਾਸਟਰ ਨੇ ਸਿੰਘ ਸਾਹਿਬ ਭਾਈ ਰਣਜੀਤ ਸਿੰਘ ਜੀ ਨੂੰ ਲਿਖਿਆ। ਇਸ ਚਿੱਠੀ ਵਿਚ ਜਿਥੇ ਮਹੰਤ ਮਨਜੀਤ ਸਿੰਘ ਦਾ ਪੱਖ ਪੂਰਿਆ ਹੋਇਆ ਸੀ ਓਥੇ ਭਾਈ ਮਨਜੀਤ ਸਿੰਘ ਤੇ ਭਾਈ ਕੇਵਲ ਸਿੰਘ 'ਤੇ ਇਹ ਦੋਸ਼ ਲਾਇਆ ਗਿਆ ਸੀ ਕਿ ਇਨ੍ਹਾਂ ਦੋਵੇਂ ਜਥੇਦਾਰਾਂ ਨੇ ਮਹੰਤ ਮਨਜੀਤ ਸਿੰਘ ਨੂੰ ਖਡੌਣੇ ਦੀ ਤਰ੍ਹਾਂ ਚਲਾਇਆ ਹੈ ਤੇ ਆਪਣੀ ਪੁਜ਼ੀਸ਼ਨ ਹੌਲੀ ਕੀਤੀ ਹੈ। ਦੋਹਾਂ ਜਥੇਦਾਰ 'ਤੇ ਹੀ ਕਈ ਦੋਸ਼ ਵੀ ਇਸ ਖਤ ਵਿਚ ਲਾਏ ਹਨ। ਪਾਠਕ ਉਹ ਚਿੱਠੀ ਪੜ੍ਹ ਕੇ ਕੀ ਅਰਥ ਕੱਢਦੇ ਹਨ ਇਹ ਗੱਲ ਉਨ੍ਹਾਂ 'ਤੇ ਹੀ ਛੱਡ ਦਿੱਤੀ ਹੈ।

***

*1 ਜੂਨ 1997*

ੴ ਸਤਿਗੁਰ ਪ੍ਰਸਾਦਿ॥

ਪਰਮ ਸਤਿਕਾਰਯੋਗ ਭਾਈ ਸਾਹਿਬ ਭਾਈ ਰਣਜੀਤ ਸਿੰਘ ਜੀਓ,

ਦੋਵੇਂ ਹੱਥ ਜੋੜ ਕੇ ਸਨਿਮਰ ਫਤਹਿ ਪ੍ਰਵਾਨ ਕਰਨੀ

ਗੁਰੂ ਪੰਥ ਦੀਆਂ ਸੇਵਾਵਾਂ ਵਿਚ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਨਿਯੁਕਤੀ ਅਤੇ ਲੰਬੇ ਚਿਰ ਉਪਰੰਤ ਜੇਲ੍ਹ ਯਾਤਰਾ ਦੀ ਰਿਹਾਈ 'ਤੇ ਆਪ ਜੀ ਨੂੰ ਮੁਬਾਰਕ ਹੋਵੇ। ਗੁਰੂ ਚਰਨਾਂ ਵਿਚ ਅਰਦਾਸ ਹੈ ਕਿ ਅਕਾਲਪੁਰਖ ਆਪ ਜੀ ਨੂੰ ਬਲ ਅਤੇ ਵਲਵਲੇ ਬਖਸ਼ਣ ਤਾਂ ਕਿ ਆਪ ਜੀ ਚੜ੍ਹਦੀਆਂਕਲਾਂ 'ਚ ਵਿਚਰਦੇ ਹੋਏ ਗੁਰੂ ਪੰਥ ਦੀ ਸੇਵਾ ਉਤਸ਼ਾਹ-ਪੂਰਵਕ ਕਰ ਸਕੋ।

ਭਾਈ ਸਾਹਿਬ, ਦਾਸੜਾ ਇਕ ਨਿਮਾਣਾ ਜਿਹਾ ਅਧਿਆਪਕ ਹੈ ਅਤੇ ਗੁਰੂ ਬਖਸ਼ਿਸ਼ ਸਦਕੇ ਨਿਤਨੇਮ ਅਤੇ ਪੰਥਕ-ਦਰਦ 'ਚ ਪਰਪੱਕ ਵੀ ਹੈ। ਆਸ ਹੈ ਆਪ ਜੀ ਇਸ ਚਿੱਠੀ ਨੂੰ ਪੜ੍ਹਨ ਲਈ ਸਮਾਂ ਬਖਸ਼ੋਗੇ।

ਸ਼੍ਰੋਮਣੀ ਡੇਰਾ ਨੰਗਾਲੀ ਸਾਹਿਬ ਜਿਸ ਦੀ ਪ੍ਰਣਾਲੀ ਦੇ ਮੋਢੀ, ਦਸਮੇਸ਼ ਪਿਤਾ ਦੇ ਵਰੋਸਾਏ ਹੋਏ ਰੰਗ-ਰਤੜੇ, ਬ੍ਰਹਮ-ਗਿਆਨੀ ਗੁਰਸਿਖ ਭਾਈ ਫੇਰੂ ਸਿੰਘ ਜੀ, ਭਾਈ ਪੰਜਾਬ ਸਿੰਘ, ਭਾਈ ਰੋਚਾ ਸਿੰਘ, ਭਾਈ ਮੇਲਾ ਸਿੰਘ ਹੋਏ ਹਨ ਅਤੇ ਵਰਤਮਾਨ ਸਮੇਂ 'ਚ ਮਹੰਤ ਮਨਜੀਤ ਸਿੰਘ ਇਸ ਦੀ ਸੇਵਾ ਕਰ ਰਹੇ ਹਨ। ਗੁਰ-ਭਾਣੇ ਅੰਦਰ ਮਹੰਤ ਮਨਜੀਤ ਸਿੰਘ ਜੀ ਨੂੰ ਅੱਜ ਤੋਂ ਤਕਰੀਬਨ ਦੋ-ਢਾਈ ਸਾਲ ਪਹਿਲਾਂ ਕੁਝ ਮੌਕਾਪ੍ਰਸਤ ਲੋਕਾਂ ਵਲੋਂ ਲਾਏ ਦੋਸ਼ਾਂ ਕਾਰਨ, ਪ੍ਰੋ: ਮਨਜੀਤ ਸਿੰਘ, ਸਾਬਕਾ ਕਾਰਜਕਾਰੀ ਜਥੇਦਾਰ ਸ੍ਰੀ ਅਕਾਲ ਤਖ਼ਤ ਦੀ ਸਰਪ੍ਰਸਤੀ ਹੇਠ, ਅਕਾਲ ਤਖ਼ਤ ਸਾਹਿਬ 'ਤੇ ਪੇਸ਼ ਹੋਣ ਲਈ ਕਿਹਾ ਗਿਆ। ਪੇਸ਼ੀ ਉਪਰੰਤ 40 ਦਿਨਾਂ ਦੀ ਸੇਵਾ ਦਿੱਤੀ ਗਈ। ਸੇਵਾ ਮੁਕਤੀ ਉਪਰੰਤ ਸ੍ਰੀ ਅਕਾਲ ਤਖ਼ਤ ਦੇ ਲੈਟਰਪੈਡ 'ਤੇ ਸ੍ਰੀ ਅਖੰਡ ਪਾਠ ਸਾਹਿਬ ਦੀ ਆਰੰਭਤਾ ਦੀ ਤਾਰੀਕ ਦਿੱਤੀ ਗਈ। ਸ੍ਰੀ ਅਖੰਡ ਪਾਠ ਸਾਹਿਬ ਦੀ ਸਮਾਪਤੀ ਉਪਰੰਤ ਹਜ਼ਾਰਾਂ ਸੰਗਤਾਂ ਦੀ ਹਾਜ਼ਰੀ ਵਿਚ ਭਾਈ ਭਗਵਾਨ ਸਿੰਘ ਜੀ (ਗ੍ਰੰਥੀ ਸ੍ਰੀ ਅਕਾਲ ਤਖ਼ਤ ਸਾਹਿਬ) ਨੇ ਅਰਦਾਸ ਕੀਤੀ ਅਤੇ ਮਹੰਤ ਮਨਜੀਤ ਸਿੰਘ

ਵਲੋਂ ਨਿਸ਼ਾਨ ਸਾਹਿਬ 'ਤੇ ਪੋਸ਼ਾਕੇ ਚੜ੍ਹਾਏ ਗਏ ਅਤੇ ਅਕਾਲ ਤਖ਼ਤ ਸਾਹਿਬ ਵਲੋਂ ਸਿਰੋਪਾਓ ਵੀ ਭੇਟ ਕੀਤਾ ਗਿਆ।

ਪ੍ਰੋ: ਮਨਜੀਤ ਸਿੰਘ ਜੀ ਜਾਣਬੁੱਝ ਕੇ ਅਰਦਾਸ ਵਿਚ ਸ਼ਾਮਲ ਨਹੀਂ ਹੋਏ, ਬਹਾਨਾ ਲਾਇਆ ਗਿਆ ਕਿ ਉਹ ਠੀਕ ਨਹੀਂ ਹਨ ਅਤੇ ਜਿਸ ਵਕਤ ਸੰਗਤਾਂ ਨੇ ਜੰਮੂ ਵੱਲ ਚਾਲੇ ਪਾ ਲਏ ਤਾਂ ਪ੍ਰੋ: ਮਨਜੀਤ ਸਿੰਘ ਜੀ ਨੂੰ ਭਾਈ ਕੇਵਲ ਸਿੰਘ ਨਾਲ ਦਰਬਾਰ ਸਾਹਿਬ ਦੀਆਂ ਪਰਕਰਮਾ 'ਚ ਵੇਖਿਆ ਗਿਆ। ਪ੍ਰੋਫੈਸਰ ਮਨਜੀਤ ਸਿੰਘ ਵਲੋਂ ਝੂਠ ਬੋਲ ਕੇ ਸੰਗਤਾਂ ਨੂੰ ਗੁੰਮਰਾਹ ਕਰਨ ਦਾ ਕਾਰਨ ਓਹੀ ਜਾਣਦੇ ਹੋਣਗੇ। ਪਰ ਐਸਾ ਕਿਉਂ? ਭਾਈ ਕੇਵਲ ਸਿੰਘ ਜੀ ਨੇ ਵੀ ਸੰਗਤਾਂ ਨੂੰ ਸੰਬੋਧਨ ਕੀਤਾ, ਸਮਝ ਨਹੀਂ ਆਉਂਦੀ ਕੀ ਕਸਰ ਰਹਿ ਗਈ ਕਿ ਫਿਰ ਮਹੰਤ ਮਨਜੀਤ ਸਿੰਘ ਜੀ ਨੂੰ ਪੇਸ਼ੀ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਬੁਲਾਇਆ ਜਾ ਰਿਹਾ ਹੈ।

ਪ੍ਰੋ: ਮਨਜੀਤ ਸਿੰਘ ਜੀ ਅਤੇ ਭਾਈ ਕੇਵਲ ਸਿੰਘ ਜੀ ਨੇ ਕੁਝ ਮੌਕਾਪ੍ਰਸਤ ਅਤੇ ਕਥਿਤ ਅਕਾਲੀ ਲੀਡਰਾਂ (ਅਕਾਲੀ ਦਲ ਜੰਮੂ), ਕਥਿਤ ਜੰਮੂ ਕਸ਼ਮੀਰ ਗੁਰਦੁਆਰਾ ਬੋਰਡ ਦੇ ਮੈਂਬਰਾਂ ਅਤੇ ਜੰਮੂ ਕਸ਼ਮੀਰ ਦੇ ਮਿਸ਼ਨਰੀ ਵੀਰਾਂ ਦੇ ਕਹਿਣ 'ਤੇ ਮਹੰਤ ਮਨਜੀਤ ਸਿੰਘ ਦੇ ਕੇਸ ਦੀ ਪੇਸ਼ੀ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਲੈ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਪਵਿੱਤਰਤਾ ਅਤੇ ਮਾਨ ਮਰਯਾਦਾ ਨੂੰ ਠੇਸ ਪਹੁੰਚਾਈ ਹੈ।

ਕਥਿਤ ਜੰਮੂ ਕਸ਼ਮੀਰ ਗੁਰਦੁਆਰਾ ਬੋਰਡ ਅਤੇ ਕਥਿਤ ਅਕਾਲੀ ਦਲ ਦੀ ਜੰਮੂ-ਕਸ਼ਮੀਰ ਵਿਖੇ ਨਾ ਕੋਈ ਪ੍ਰਭਾਵਸ਼ਾਲੀ ਹੋਂਦ ਹੈ ਅਤੇ ਨਾ ਹੀ ਇਨ੍ਹਾਂ ਦੀ ਸਰਕਾਰ ਜਾਂ ਸੰਗਤਾਂ ਵਿਚ ਕਿਧਰੇ ਸੁਣਵਾਈ ਹੈ। ਕਾਲੀਆਂ-ਨੀਲੀਆਂ ਦਸਤਾਰਾਂ ਸਜਾ ਕੇ, ਦਾੜ੍ਹੇ ਪ੍ਰਕਾਸ਼ ਕਰਕੇ ਜਾਂ ਫਿਕਸੋ ਨਾਲ ਮੂੰਦ ਕੇ, ਕ੍ਰਿਪਾਨ ਸਾਹਿਬ ਧਾਰਨ ਕਰਕੇ, ਇਹ ਲੋਕੀ ਸ਼ਰਾਬ ਸੇਵਨ ਕਰਨਾ, ਕਲੱਬਾਂ ਵਿਚ ਵਿਚਰਣਾ, ਕੌਮ ਨਾਲ ਸੌਦਾਬਾਜ਼ੀ ਕਰਨਾ, ਸੰਗਤਾਂ ਨੂੰ ਗੁੰਮਰਾਹ ਕਰਕੇ ਅਤੇ ਪਾਟੋਧਾੜ ਪੈਦਾ ਕਰਨਾ ਆਪਣਾ ਗੌਰਵ ਸਮਝਦੇ ਹਨ। ਪਿਛਲੇ ਸਾਲ ਏਸ਼ੀਆ ਹੋਟਲ, ਜੰਮੂ ਵਿਖੇ ਮਿਸ ਜੰਮੂ ਦੀ ਚੋਣ ਗੁਰਦਆਰਾ ਬੋਰਡ ਦੇ ਪ੍ਰਬੰਧਕ ਦੀ ਸਰਪ੍ਰਸਤੀ ਹੇਠ ਹੋਈ। ਇਹ ਸਾਡਾ ਜੀਵਨ ਹੈ। ਖ਼ੁਦਗਰਜ਼ੀ ਲਈ ਅਸੀਂ ਘਟੀਆ ਤੋਂ ਘਟੀਆ ਕੰਮ ਵੀ ਕਰ ਸਕਦੇ ਹਾਂ। ਭਾਈ ਸਾਹਿਬ ਇਹ ਹਾਲ ਹੈ ਜੰਮੂ-ਕਸ਼ਮੀਰ ਦੇ ਕਥਿਤ ਧਰਮੀ ਅਤੇ ਸਿਆਸੀ ਆਗੂਆਂ ਦਾ। ਆਪ ਤਾ ਖ਼ੁਆਰ ਹੋਏ ਪਏ ਹਨ ਅਤੇ ਪੂਰੀ ਕੌਮ ਨੂੰ ਵੀ ਖ਼ੁਆਰ ਕਰ ਰਹੇ ਹਨ।

ਭਾਈ ਸਾਹਿਬ ਜੀ, ਇਨ੍ਹਾਂ ਕਥਿਤ ਕੌਮ ਦੇ ਠੇਕੇਦਾਰਾਂ ਪਾਸੋਂ ਆਪ ਜੀ ਪੁਛੋ ਕਿ 1978 ਤੋਂ 1997 ਤੱਕ ਇਨ੍ਹਾਂ ਨੇ ਕੌਮ ਪ੍ਰਤੀ ਕਿਹੜਾ ਸ਼ਲਾਘਾਯੋਗ ਕੰਮ ਕੀਤਾ ਹੈ? ਕਿੰਨੇ ਅੰਮ੍ਰਿਤਧਾਰੀ ਸਿੰਘ ਸਜਾਏ ਹਨ? ਕਿੰਨੀਆਂ ਲੋੜਵੰਦ ਅਤੇ ਬੇਸਹਾਰਾ ਬੀਬੀਆਂ, ਬੱਚਿਆਂ ਅਤੇ ਬਜ਼ੁਰਗਾਂ ਦੀ ਸਹਾਇਤਾ ਕੀਤੀ ਹੈ? ਆਪਣੇ ਹੀ ਘਰ ਵਿਖੇ ਕਿੰਨਿਆਂ ਨੂੰ ਅੰਮ੍ਰਿਤਧਾਰੀ ਅਤੇ ਨਿੱਤਨੇਮੀ ਬਣਾਇਆ ਹੈ? ਕੌਮੀ ਬਦਫੈਲੀਆਂ, ਪਾਟੋਧਾੜ ਅਤੇ ਨਿੱਜੀ ਸਵਾਰਥਾਂ ਦੀ ਪੂਰਤੀ ਲਈ ਇਨ੍ਹਾਂ ਨੇ ਹਰ ਕਦਮ ਜ਼ਰੂਰ ਅੱਗੇ ਵਧਾਇਆ ਹੋਵੇਗਾ।

ਭਾਈ ਕੇਵਲ ਸਿੰਘ ਜਿਨ੍ਹਾਂ ਦੀ ਹੋਂਦ ਆਪਣੀ ਨੂੰਹ ਦੀ ਆਤਮ ਹੱਤਿਆ ਕਾਰਨ ਡਰਾਉਣੀ ਅਤੇ ਧੁੰਦਲੀ ਪੈ ਚੁੱਕੀ ਹੈ ਅਤੇ ਪ੍ਰੋ: ਮਨਜੀਤ ਸਿੰਘ, ਜਿਨ੍ਹਾਂ ਦੇ ਖ਼ਿਲਾਫ ਅਮਰੀਕਾ ਤੋਂ ਇੰਦਰਪਾਲ ਸਿੰਘ ਆਹਲੂਵਾਲੀਆ, ਪੱਤਰਕਾਰ ਕੈਲੇਫੋਰਨੀਆ ਵਲੋਂ ਮਾਸਕ ਪੱਤਰ

"ਸੰਤ ਸਿਪਾਹੀ" ਅਪ੍ਰੈਲ-97, ਪੰਨਾ 52 'ਤੇ "ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਬਾਗੀ" ਸਿਰਲੇਖ ਹੇਠ ਦੁਰਦਸ਼ਾ ਹੋਈ ਹੈ, ਇਨ੍ਹਾਂ ਨੂੰ ਚਾਹੀਦਾ ਹੈ ਕਿ ਪੰਥਕ ਸੇਵਾਵਾਂ ਤੋਂ ਮੁਕਤੀ ਲੈ ਕੇ ਇਕਾਂਤਵਾਸੀ ਬਣ ਕੇ ਗੁਰਬਾਣੀ ਅਤੇ ਨਾਮ ਦੀ ਖ਼ੂਬ ਕਮਾਈ ਕਰਨ ਤਾਂ ਹੀ ਆਪਣੇ ਕਲੰਕ ਧੋ ਸਕਣਗੇ। ਮਹੰਤ ਮਨਜੀਤ ਸਿੰਘ, ਜੋ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਰਹਿਤ ਮਰਿਯਾਦਾ ਵਿਚ ਵਿਚਰਦੇ ਹਨ, ਨੂੰ ਇਨ੍ਹਾਂ ਦੋਵਾਂ ਸਿੰਘ ਸਾਹਿਬਾਨ ਨੇ ਖਡੌਣੇ ਵਾਂਗ ਚਲਾ ਕੇ ਜਿਥੇ ਆਪਣੀ ਪੁਜੀਸ਼ਨ ਹਾਸੋਹੀਣੀ ਬਣਾਈ ਹੈ ਉਥੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਬੇਹੁਰਮਤੀ ਵੀ ਕਰਵਾਈ ਹੈ। ਭੁੱਲਾਂ ਲਈ ਖਿਮਾਂ ਦਾ ਜਾਚਕ;

ਦਾਸ

***ਮਹਿੰਦਰ ਸਿੰਘ, ਕੇ.ਵੀ.ਐਸ. ਮਾਸਟਰ,***
ਸਾਹਿਬਜ਼ਾਦਾ ਅਜੀਤ ਸਿੰਘ ਨਗਰ,
(ਅਪਰ ਗਾਡੀਗੜ੍ਹ), ਡਾਕਘਰ: ਮੀਰਾਂ ਸਾਹਿਬ,
ਜੰਮੂ (ਜੰਮੂ ਅਤੇ ਕਸ਼ਮੀਰ) 181101

***

ਜਦੋਂ ਮਹੰਤ ਮਨਜੀਤ ਸਿੰਘ 5 ਜੂਨ 1997 ਨੂੰ ਅਕਾਲ ਤਖ਼ਤ 'ਤੇ ਹਾਜ਼ਰ ਹੋਇਆ ਤਾਂ ਆਪਣੇ ਬਹੁਤ ਸਾਰੇ ਸਾਥੀ ਵੀ ਪਹਿਲਾਂ ਦੀ ਤਰ੍ਹਾਂ ਹੀ ਨਾਲ ਲੈ ਆਇਆ। ਭਾਵੇਂ ਉਹ ਇਹ ਗੱਲ ਨਹੀਂ ਸੀ ਮੰਨਦਾ ਤੇ ਬਾਰ-ਬਾਰ ਕਹਿੰਦਾ ਸੀ ਕਿ ਇਹ ਸਾਰੀ ਸੰਗਤ ਹੈ ਤੇ ਆਪਣੇ ਆਪ ਆਈ ਹੈ ਪਰ ਇਹ ਗੱਲ ਸੱਚ ਨਹੀਂ ਲਗਦੀ ਕਿਉਂਕਿ ਸੰਗਤ ਨੂੰ ਇਕੱਠੀ ਕਰਕੇ ਸਵਾਰੀ ਤੇ ਲੰਗਰ-ਪਾਣੀ ਦਾ ਪ੍ਰਬੰਧ ਕਰਕੇ ਹੀ ਕਿਤੇ ਲਿਜਾਇਆ ਜਾ ਸਕਦਾ ਹੈ। ਐਵੇਂ ਸੰਗਤ ਕਿਸੇ ਨਾਲ ਕਿਤੇ ਨਹੀਂ ਜਾਂਦੀ। ਮਹੰਤ ਪਹਿਲਾਂ ਦਾ ਸ਼ਕਤੀ ਪ੍ਰਦਰਸ਼ਨ ਕਰਨ ਗਿੱਝਾ ਹੋਇਆ ਸੀ ਪਰ ਇਸ ਵਾਰ ਉਸ ਦੀ ਇਹ ਸਕੀਮ ਸਫਲ ਨਾ ਹੋ ਸਕੀ। ਮਹੰਤ ਦੇ ਬੰਦਿਆਂ ਵਿਚ ਇਕ ਰੰਗੀਲ ਸਿੰਘ ਨਾਂਅ ਦਾ ਬੰਦਾ ਵੀ ਸੀ ਜੋ ਪਹਿਲਾਂ ਜੰਮੂ ਕਸ਼ਮੀਰ ਦਾ ਮੰਤਰੀ ਵੀ ਰਹਿ ਚੁੱਕਾ ਸੀ। ਕਾਰਵਾਈ ਠੀਕ-ਠਾਕ ਚੱਲ ਰਹੀ ਸੀ। ਮਹੰਤ ਚੁੱਪਚਾਪ ਬੈਠਾ ਆਪਣੀ ਗ਼ਲਤੀ ਮੰਨ ਰਿਹਾ ਸੀ ਤੇ ਸਿੰਘ ਸਾਹਿਬਾਨ ਵੀ ਉਸ ਨਾਲ ਬੜਾ ਪ੍ਰੇਮ-ਪੂਰਵਕ ਵਿਹਾਰ ਕਰ ਰਹੇ ਸਨ ਬਲਕਿ ਸਿੰਘ ਸਾਹਿਬਾਨ ਦੇ ਅੱਗੇ ਬੈਠੇ ਮਹੰਤ ਮਨਜੀਤ ਸਿੰਘ ਨੂੰ ਸਿੰਘ ਸਾਹਿਬ ਭਾਈ ਰਣਜੀਤ ਸਿੰਘ ਨੇ ਜਲ-ਪਾਣੀ ਵੀ ਪੁੱਛਿਆ ਪਰ ਗੱਲ ਉਦੋਂ ਵਿਗੜੀ ਜਦੋਂ ਰੰਗੀਲ ਸਿੰਘ ਬੱਝੀ ਹੋਈ ਦਾੜ੍ਹੀ ਨਾਲ ਹੀ ਸਿੰਘ ਸਾਹਿਬਾਨ ਦੇ ਅੱਗੇ ਆ ਖਲੋਤਾ ਤੇ ਬੜੇ ਹੈਂਕੜ ਭਰੇ ਰਵੱਈਏ ਨਾਲ ਸਾਰਿਆਂ ਵੱਲ ਉਂਗਲੀ ਕਰਕੇ ਪੁੱਛਣ ਲੱਗਾ, "ਤੁਹਾਡੇ ਵਿਚੋਂ ਵੱਡਾ ਕੌਣ ਹੈ? ਮੈਂ ਉਹਦੇ ਨਾਲ ਗੱਲ ਕਰਨੀ ਹੈ।" ਸਿੰਘ ਸਾਹਿਬ ਨੇ ਪੁੱਛਿਆ, "ਤੁਸੀਂ ਕੌਣ ਹੋ ਤੇ ਕਾਹਦੀ ਗੱਲ ਕਰਨੀ ਹੈ?" "ਨਹੀਂ ਤੁਸੀਂ ਦਸੋ ਤੁਹਾਡੇ ਵਿਚੋਂ ਵੱਡਾ ਕੌਣ ਹੈ?" ਸਿੰਘ ਸਾਹਿਬ ਨੇ ਕਿਹਾ ਸਾਰੇ ਵੱਡੇ ਹੀ ਹਨ ਜੇ ਕੋਈ ਗੱਲ ਕਰਨੀ ਹੈ ਤਾਂ ਜਾਓ ਪਹਿਲਾਂ ਦਾੜ੍ਹੀ ਖੋਲ੍ਹ ਕੇ ਆਓ ਫੇਰ ਗੱਲ ਕਰਿਓ। ਉਹ ਬਾਹਰ ਜਾ ਕੇ ਦਾੜ੍ਹੀ ਖੋਲ੍ਹ ਆਇਆ ਤੇ ਆ ਕੇ ਸਾਰੇ ਸਿੰਘ ਸਾਹਿਬਾਨ ਨਾਲ ਇਸ ਤਰ੍ਹਾਂ ਦੀ ਭਾਸ਼ਾ ਵਿਚ ਗੱਲ ਕਰਨ ਲੱਗ ਪਿਆ ਜਿਵੇਂ ਸਾਰੇ ਕਿਸੇ ਪਿੰਡ ਦੇ ਗੁਰਦੁਆਰੇ ਦੇ ਭਾਈ ਹੋਣ। ਰੰਗੀਲ ਸਿੰਘ ਮਹੰਤ ਮਨਜੀਤ ਸਿੰਘ ਦੇ ਹੱਕ ਦੀ ਗੱਲ ਕਰ ਰਿਹਾ ਸੀ ਤੇ ਸਿੰਘ ਸਾਹਿਬ ਨੂੰ ਆਪਣੀ ਉਹ ਗੱਲ

ਸੁਣਨ ਲਈ ਮਜਬੂਰ ਕਰ ਰਿਹਾ ਸੀ। ਸਿੰਘ ਸਾਹਿਬ ਭਾਈ ਰਣਜੀਤ ਸਿੰਘ ਨੇ ਕਿਹਾ ਕਿ ਜਿਸ ਦੀ ਸਾਡੇ ਕੋਲ ਸ਼ਿਕਾਇਤ ਆਈ ਹੈ ਉਹ ਸਾਡੇ ਸਾਹਮਣੇ ਬੈਠਾ ਹੈ ਜੇ ਕੋਈ ਗੱਲ ਪੁੱਛਣੀ ਹੋਵੇਗੀ ਤਾਂ ਅਸੀਂ ਉਸ ਕੋਲੋਂ ਆਪੇ ਪੁੱਛ ਲਵਾਂਗੇ, ਤੁਸੀਂ ਹੁਣ ਜਾਓ ਤੇ ਨਾਲ ਹੀ ਉਨ੍ਹਾਂ ਨੇ ਸੇਵਾਦਾਰ ਨੂੰ ਰੰਗੀਲ ਸਿੰਘ ਨੂੰ ਬਾਹਰ ਲੈ ਜਾਣ ਲਈ ਆਖਿਆ। ਸੇਵਾਦਾਰ ਬਾਹਰ ਨੂੰ ਖਿੱਚ ਰਿਹਾ ਸੀ, ਰੰਗੀਲ ਸਿੰਘ ਅੰਦਰ ਆਉਣ ਲਈ ਜੋਰ ਲਾ ਰਿਹਾ ਤੇ ਇਸ ਖਿੱਚਾ-ਧੂਹੀ ਵਿਚ ਹੀ ਰੰਗੀਲ ਸਿੰਘ ਦਾ ਹੱਥ ਦਰਵਾਜ਼ੇ ਦੀ ਚੌਗਾਠ 'ਤੇ ਵੱਜਾ ਤੇ ਉਸਦੀ ਉਂਗਲੀ ਤੋਂ ਥੋੜ੍ਹਾ ਜਿਹਾ ਮਾਸ ਲੱਥ ਗਿਆ। ਧੱਕਮ-ਧੱਕੇ ਵਿਚ ਪੱਗ ਵੀ ਥੋੜ੍ਹੀ ਜਹੀ ਢਿੱਲੀ ਹੋ ਗਈ। ਓਧਰ ਕਿਸੇ ਸ਼ਰਾਰਤੀ ਨੇ ਥੱਲੇ ਖਲੋਤੀ ਮਹੰਤ ਦੀ ਲਗੌੜ ਨੂੰ ਦੱਸਿਆ ਕਿ ਉੱਪਰ ਮਹੰਤ ਨੂੰ ਤਾਂ ਕੁੱਟ ਪੈ ਰਹੀ ਹੈ। ਓਨੇ ਚਿਰ ਨੂੰ ਸੇਵਾਦਾਰਾਂ ਦਾ ਧੱਕਿਆ ਹੋਇਆ ਰੰਗੀਲ ਸਿੰਘ ਵੀ ਥੱਲੇ ਚਲਾ ਗਿਆ। ਉਸ ਦੀ ਢਿੱਲੀ ਪੱਗ ਤੇ ਉਂਗਲੀ ਤੋਂ ਮਾਸ ਲੱਥਾ ਵੇਖ ਕੇ ਭੀੜ ਨਾਅਰੇ ਲਾਉਂਦੀ ਉੱਪਰ ਆਉਣ ਲਈ ਪੌੜੀਆਂ ਵੱਲ ਭੱਜ ਪਈ। ਪ੍ਰੋ: ਮਨਜੀਤ ਸਿੰਘ ਹੋਰਾਂ ਕਿਹਾ ਛੇਤੀ ਪੁਲਿਸ ਨੂੰ ਬੁਲਾਓ। ਭਾਈ ਰਣਜੀਤ ਸਿੰਘ ਜੀ ਨੇ ਕਿਹਾ ਕਿ ਅਕਾਲ ਤਖ਼ਤ 'ਤੇ ਪੁਲਿਸ ਸੱਦਦਿਆਂ ਨੂੰ ਸ਼ਰਮ ਨਾ ਆਊ? ਉਹ ਉੱਠੇ ਤੇ ਇਕ ਸੇਵਾਦਾਰ ਦੇ ਹੱਥੋਂ ਬੈਂਤ ਦਾ ਮੋਟਾ ਸੋਟਾ ਫੜਿਆ ਤੇ ਪੌੜੀਆਂ ਕੋਲ ਖਲੋ ਗਏ। ਜਿਹੜਾ ਆਵੇ ਦੇਹ ਜਿਧਰ ਪੈਂਦੀ ਹੈ। ਸਿੰਘ ਸਾਹਿਬ ਭਾਈ ਰਣਜੀਤ ਸਿੰਘ ਗਤਕੇ ਦੇ ਬਹੁਤ ਮਾਹਰ ਹਨ ਤੇ ਨਿਸ਼ਾਨਚੀ ਵੀ ਬਹੁਤ ਤਕੜੇ ਹਨ। ਜਦੋਂ ਪੰਜਾਂ ਸੱਤਾਂ ਦੇ ਟੋਟਰੂ ਤੱਤੇ ਹੋਏ ਤਾਂ ਫੇਰ ਕੋਈ ਅੱਗੇ ਨਹੀਂ ਆਇਆ। ਮਹੰਤ ਮਨਜੀਤ ਸਿੰਘ ਨੇ ਵੀ ਕਿਹਾ ਕਿ ਮੈਂ ਤਾਂ ਅਰਾਮ ਨਾਲ ਬੈਠਾ ਹਾਂ ਗੱਲ ਕੋਈ ਹੋਈ ਈ ਨਹੀਂ। ਇਸ ਵਿਚ ਕੋਈ ਸ਼ੱਕ ਨਹੀਂ ਕਿ ਮਹੰਤ ਤੇ ਉਸ ਦੇ ਬੰਦਿਆਂ ਦਾ ਝਾਕਾ ਓਦੋਂ ਦਾ ਹੀ ਖੁੱਲ੍ਹਾ ਹੋਇਆ ਸੀ ਜਦੋਂ ਪਹਿਲੀ ਵਾਰ ਉਸ ਨੂੰ ਬੁਲਾਉਣ 'ਤੇ ਉਸ ਦੇ ਬੰਦਿਆਂ ਨੇ ਹੁੱਲੜਬਾਜ਼ੀ ਕੀਤੀ ਸੀ ਪਰ ਇਸ ਵਾਰ ਅੱਗੋਂ ਦਾਖੂ ਦਾਨਾ ਮਿਲ ਗਿਆ ਸੀ। ਜੇ ਕੋਈ ਘਟਨਾ ਨਾਂ ਵਾਪਰਦੀ ਤਾਂ ਮਹੰਤ ਦਾ ਫੈਸਲਾ ਓਸੇ ਦਿਨ ਹੀ ਹੋ ਜਾਣਾ ਸੀ। ਪਰ ਇਸ ਘਟਨਾ ਕਰਕੇ ਮਨਜ਼ੀਤ ਸਿੰਘ ਤੇ ਰੰਗੀਲ ਸਿੰਘ ਦੋਹਾਂ ਨੂੰ ਹੀ ਤਨਖਾਹੀਆ ਕਰਾਰ ਦੇ ਕੇ ਅਗਲੀ ਪੇਸ਼ੀ 16 ਜੂਨ ਦੀ ਪਾ ਦਿੱਤੀ ਗਈ।

ਮਹੰਤ ਮਨਜੀਤ ਸਿੰਘ ਦੇ ਬੰਦਿਆਂ ਨੇ ਜਦੋਂ ਹੁੱਲੜਬਾਜੀ ਕੀਤੀ ਤਾਂ ਲਗਪਗ ਸਾਰੇ ਹੀ ਪੱਤਰਕਾਰ ਓਥੇ ਮੌਜੂਦ ਸਨ। ਹਰ ਇਕ ਨੇ ਜੋ-ਜੋ ਵੇਖਿਆ ਸੀ ਉਹ ਹੀ ਦੂਜੇ ਦਿਨਾਂ ਦੀਆਂ ਅਖਬਾਰਾਂ ਵਿਚ ਆਇਆ। ਪੰਜਾਬੀ ਟ੍ਰਿਬਿਊਨ ਨੇ **'ਮਹੰਤ ਮਨਜੀਤ ਸਿੰਘ ਤੇ ਰੰਗੀਲ ਸਿੰਘ ਤਨਖਾਹੀਆ ਕਰਾਰ, ਮਹੰਤ ਦੇ ਸਮਰਥਕਾਂ ਵਲੋਂ ਅਕਾਲ ਤਖ਼ਤ 'ਤੇ ਹੁਲੜਬਾਜੀ'** ਦੇ ਸਿਰਲੇਖ ਨਾਲ ਲਿਖਿਆ, "ਝਗੜਾ ਓਦੋਂ ਸ਼ੁਰੂ ਹੋਇਆ ਜਦੋਂ ਮਹੰਤ ਮਨਜੀਤ ਸਿੰਘ ਦੀ ਭੂਆ ਦਾ ਪੁੱਤਰ ਸਾਬਕਾ ਵਿਦਿਆ ਮੰਤਰੀ ਜੰਮੂ ਕਸ਼ਮੀਰ ਬੰਨ੍ਹੀ ਹੋਈ ਦਾੜ੍ਹੀ ਨਾਲ ਪੇਸ਼ ਹੋਇਆ ਤੇ ਧਰਮ ਪ੍ਰਚਾਰ ਕਮੇਟੀ ਵਲੋਂ ਮਹੰਤ ਨੂੰ 1995 ਵਿਚ ਦਰਬਾਰ ਸਾਹਿਬ ਦੀ ਪ੍ਰਕਰਮਾ ਵਿਚ ਰੱਖੇ ਗਏ ਅਖੰਡ ਪਾਠ ਦੀ ਰਸੀਦ ਤੇ ਮੁਲ਼ਤਵੀ ਹੋਏ ਅਖੰਡ ਪਾਠ ਦੇ ਪੱਤਰ ਵਖਾਉਣ ਲੱਗ ਪਿਆ। ਭਾਈ ਮੋਹਣ ਸਿੰਘ ਨੇ ਇਤਰਾਜ ਕੀਤਾ ਕਿ ਸਿੱਖੀ ਪ੍ਰੰਪਰਾਵਾਂ ਅਨੁਸਾਰ ਬੰਨ੍ਹੀ ਹੋਈ ਦਾੜ੍ਹੀ ਨਾਲ ਕੋਈ ਸਿੱਖ ਅਕਾਲ ਤਖ਼ਤ 'ਤੇ ਪੇਸ਼ ਨਹੀਂ ਹੋ ਸਕਦਾ ਤਾਂ ਰੰਗੀਲ ਸਿੰਘ ਨੇ ਕਿਹਾ ਕਿ ਮੈਂ ਤਾਂ ਏਸੇ ਤਰ੍ਹਾਂ ਹੀ ਆਉਂਦਾ ਹੁੰਦਾ ਹਾਂ ਤੇ ਇਸ ਤਰ੍ਹਾਂ ਹੀ

ਆਵਾਂਗਾ। ਇਸ 'ਤੇ ਸਾਰੇ ਸਿੰਘ ਸਾਹਿਬਾਨ ਨੇ ਰੋਸ ਪ੍ਰਗਟ ਕੀਤਾ ਤੇ ਮਹੰਤ ਨੂੰ ਦਾੜ੍ਹੀ ਖੋਲ੍ਹਣ ਦਾ ਹੁਕਮ ਦਿੱਤਾ। ਉਹ ਅਪ-ਸ਼ਬਦ ਬੋਲਦਾ ਦਾੜ੍ਹੀ ਖੋਲ੍ਹਣ ਬਾਹਰ ਚਲਾ ਗਿਆ। ਰੰਗੀਲ ਸਿੰਘ ਨੇ ਭਾਈ ਰਣਜੀਤ ਸਿੰਘ ਨੂੰ ਪੁੱਛਿਆ ਕਿ ਪੰਜੋ ਤਖ਼ਤਾਂ ਦੇ ਜਥੇਦਾਰਾਂ ਦਾ ਮੁਖੀ ਕੌਣ ਹੈ ਤਾਂ ਭਾਈ ਰਣਜੀਤ ਸਿੰਘ ਨੇ ਉਸ ਨੂੰ ਪੰਜ ਪਿਆਰਿਆਂ ਦੀ ਪ੍ਰੰਪਰਾ ਯਾਦ ਦੁਆਉਂਦਿਆਂ ਕਿਹਾ ਕਿ ਅਸੀਂ ਸਾਰੇ ਬਰਾਬਰ ਹੀ ਹਾਂ ਪਰ ਉਹ ਅੜਿਆ ਰਿਹਾ ਤਾਂ ਸਿੰਘ ਸਾਹਿਬ ਨੇ ਸੇਵਾਦਾਰਾਂ ਨੂੰ ਉਸ ਨੂੰ ਬਾਹਰ ਲੈ ਜਾਣ ਲਈ ਕਿਹਾ। ਸੇਵਾਦਾਰਾਂ ਵਲੋਂ ਉਸ ਨੂੰ ਬਾਹਰ ਧੱਕਣ ਵੇਲੇ ਉਹ ਹੱਥੋ-ਪਾਈ ਹੋ ਗਿਆ ਤੇ ਉਸ ਦਾ ਹੱਥ ਦਰਵਾਜ਼ੇ ਵਿਚ ਜਾ ਲੱਗਾ। ਰੰਗੀਲ ਸਿੰਘ ਨੇ ਥੱਲੇ ਜਾ ਕੇ ਮਹੰਤ ਦੇ ਸਮਰਥਕਾਂ ਕੋਲ ਝੂਠ ਬੋਲਿਆ ਕਿ ਸਿੰਘ ਸਾਹਿਬਾਨ ਨੇ ਉਸ ਨੂੰ ਬੁਰੀ ਤਰ੍ਹਾਂ ਕੁੱਟਿਆ ਹੈ ਤੇ ਉਹ ਸਾਰੇ ਨਾਅਰੇ ਲਾਉਣ ਲੱਗ ਪਏ ਕਿ 'ਇਕ ਕਾਤਲ ਨੂੰ ਅਕਾਲ ਤਖ਼ਤ ਦਾ ਜਥੇਦਾਰ ਬਣਾ ਦਿੱਤਾ ਹੈ, ਪ੍ਰੋ: ਮਨਜੀਤ ਸਿੰਘ ਨੇ ਭਾਰੀ ਮਾਤਰਾ ਵਿਚ ਧਨ ਇਕੱਠਾ ਕੀਤਾ ਹੈ ਤੇ ਗਿਆਨੀ ਕੇਵਲ ਸਿੰਘ ਨੇ ਘੱਟ ਦਾਜ ਲਿਆਉਣ ਕਰਕੇ ਨੂੰਹ ਮਾਰ ਦਿੱਤੀ ਹੈ।' ਇਸ ਮੌਕੇ ਇਕ ਰਿਟਾਇਰਡ ਪੁਲਿਸ ਅਫਸਰ ਰਣਜੀਤ ਸਿੰਘ ਨੇ ਉਨ੍ਹਾਂ ਨੂੰ ਸਲਾਹ ਦਿੱਤੀ ਕਿ ਚਲੋ ਸਾਰੇ ਉੱਪਰਲੀ ਮੰਜ਼ਲ 'ਤੇ ਚਲੀਏ ਤੇ ਉਹ ਨਾਅਰੇ ਮਾਰਦੇ ਪੌੜੀਆਂ ਚੜ੍ਹ ਆਏ। ਮਹੰਤ ਮਨਜੀਤ ਸਿੰਘ ਦੇ ਦੋ ਭਰਾ ਤੇ ਇਕ ਹੋਰ ਨਜ਼ਦੀਕੀ ਰਿਸ਼ਤੇਦਾਰ ਸੇਵਾਦਾਰਾਂ ਨੂੰ ਪਿੱਛੇ ਧੱਕ ਕੇ ਸਾਰੇ ਸਿੰਘ ਸਾਹਿਬਾਨ ਵੱਲ ਨੂੰ ਮਾਰਨ ਲਈ ਉਲਰ ਰਹੇ ਸਨ। ਸੇਵਾਦਾਰਾਂ ਨੇ ਇਨ੍ਹਾਂ ਨੂੰ ਚੰਗਾ ਕੁਟਾਪਾ ਚਾੜ੍ਹਿਆ ਤੇ ਸਥਿਤੀ 'ਤੇ ਕਾਬੂ ਪਾ ਲਿਆ। ਰੰਗੀਲ ਸਿੰਘ ਤੇ ਮਹੰਤ ਚੁੱਪਚਾਪ ਓਥੋਂ ਨਿਕਲ ਗਏ।' 'ਅਜੀਤ' ਅਖਬਾਰ ਨੇ ਸੁਰਖੀ ਲਾਈ **'ਮਹੰਤ ਮਨਜੀਤ ਸਿੰਘ ਦੇ ਹਮਾਇਤੀਆਂ ਵਲੋਂ ਅਕਾਲ ਤਖ਼ਤ 'ਤੇ ਹੁਲੜਬਾਜੀ'**, ਉਸ ਨੇ ਲਿਖਿਆ ਕਿ 'ਅੱਜ ਉਸ ਵਕਤ ਜਬਰਦਸਤ ਹੰਗਾਮਾ ਹੋ ਗਿਆ ਜਦੋਂ ਮਹੰਤ ਮਨਜੀਤ ਸਿੰਘ ਦੇ ਹਮਾਇਤੀ ਹੁਲੜਬਾਜੀ 'ਤੇ ਉਤਾਰੂ ਹੋ ਗਏ ਤੇ ਪੌੜੀਆਂ ਵਿਚਲਾ ਦਰਵਾਜਾ ਭੰਨਣ ਦੀ ਕੋਸ਼ਿਸ਼ ਕੀਤੀ ਤੇ ਮੌਕੇ 'ਤੇ ਮਹੰਤ ਦੇ ਹਮਾਇਤੀ ਭਾਈ ਰਣਜੀਤ ਸਿੰਘ ਦੇ ਅੰਗ ਰਖਿਅਕਾਂ ਅਤੇ ਸ਼੍ਰੋਮਣੀ ਕਮੇਟੀ ਦੇ ਸੇਵਾਦਾਰਾਂ ਨਾਲ ਉਲਝ ਪਏ। ਮਹੰਤ ਦੇ ਹਮਾਇਤੀਆਂ ਵਲੋਂ ਕੀਤੀ ਗਈ ਹੁਲੜਬਾਜੀ ਨਾਲ ਭਾਈ ਰਣਜੀਤ ਸਿੰਘ ਵੀ ਤੈਸ਼ ਵਿਚ ਆ ਗਏ ਤੇ ਉਨ੍ਹਾਂ ਨੇ ਵੀ ਉੱਪਰਲੀ ਮੰਜਲ ਤੱਕ ਪਹੁੰਚ ਚੁਕੇ ਇਨ੍ਹਾਂ ਵਿਅਕਤੀਆਂ ਦੀ ਖੁਦ ਵੀ ਭੁਗਤ ਸੁਆਰੀ। ਏਸੇ ਦੌਰਾਨ ਸਿੰਘ ਸਾਹਿਬ ਗਿਆਨੀ ਕੇਵਲ ਸਿੰਘ ਅਤੇ ਗਿਆਨੀ ਮੋਹਣ ਸਿੰਘ ਵੀ ਕਮਰੇ ਵਿਚੋਂ ਬਾਹਰ ਆ ਗਏ ਤੇ ਤਕਰੀਬਨ 15-20 ਮਿੰਟ ਚੱਲੇ ਇਸ ਰੌਲੇ-ਰੱਪੇ ਬਾਅਦ ਉੱਪਰਲੀ ਛੱਤ 'ਤੇ ਜਬਰੀ ਜਾ ਵੜੇ ਇਨ੍ਹਾਂ ਵਿਅਕਤੀਆਂ ਵਿਚੋਂ ਤਿੰਨਾਂ ਨੂੰ ਸੇਵਾਦਾਰਾਂ ਨੇ ਫੜ ਕੇ ਉਪਰ ਹੀ ਬਿਠਾ ਲਿਆ। ਇਹ ਸਾਰੀ ਸਥਿਤੀ ਓਦੋਂ ਵਿਗੜੀ ਜਦੋਂ ਮਹੰਤ ਦੇ ਹਮਾਇਤੀ ਸਾਬਕਾ ਕਾਂਗਰਸੀ ਮੰਤਰੀ ਰੰਗੀਲ ਸਿੰਘ ਤੇ ਉਸ ਦੇ ਪੰਜ ਹੋਰ ਸਾਥੀ ਮਹੰਤ ਦੀ ਤਰਫਦਾਰੀ ਕਰਨ ਲਈ ਸਿੰਘ ਸਾਹਿਬ ਸਾਹਮਣੇ ਪੇਸ਼ ਹੋਏ ਤੇ ਬਿਨਾਂ ਬੁਲਾਇਆਂ ਹੀ ਮਹੰਤ ਮਨਜੀਤ ਸਿੰਘ ਦੇ ਹੱਕ ਵਿਚ ਤੇ ਗਿਆਨੀ ਕੇਵਲ ਸਿੰਘ ਦੇ ਵਿਰੁੱਧ ਅਵਾ-ਤਵਾ ਬੋਲਣ ਲੱਗ ਪਏ। ਗਿਆਨੀ ਮੋਹਣ ਸਿੰਘ ਨੇ ਕਿਹਾ ਪਹਿਲਾਂ ਤੂੰ ਆਪਣੀ ਦਾਹੜੀ ਖੋਲ੍ਹ ਕੇ ਆ। ਉਸ ਨੇ ਕਿਹਾ ਕਿ ਉਹ ਆਪਣਾ ਹੁਲੀਆ ਨਹੀਂ ਬਦਲੇਗਾ ਕਿਉਂਕਿ ਉਹ ਜੰਮਿਆ ਈ ਇਵੇਂ ਸੀ। ਪਹਿਲਾਂ ਤਾਂ ਮੈਨੂੰ ਇਹ ਦੱਸੋ ਕਿ ਤੁਹਾਡੇ ਵਿਚੋਂ ਮੈਨੂੰ ਸਵਾਲ ਕੌਣ ਕਰੇਗਾ। ਤੁਹਾਡਾ

ਕੋਈ ਨਾਂ ਕੋਈ ਤਾਂ ਪ੍ਰਧਾਨ ਹੋਵੇਗਾ ਹੀ ਨਾਂ। ਸਿੰਘ ਸਾਹਿਬਾਨ ਨੇ ਉਸ ਦੀ ਗੱਲ ਸੁਣਨ ਤੋਂ ਨਾਂਹ ਕਰ ਦਿੱਤੀ ਤੇ ਸੇਵਾਦਾਰਾਂ ਨੇ ਉਸ ਨੂੰ ਧੱਕੇ ਮਾਰ ਕੇ ਹੇਠਲੀ ਮੰਜਲ 'ਤੇ ਭੇਜ ਦਿੱਤਾ। ਸੈਂਕੜੇ ਵਿਅਕਤੀ ਇਕ ਦਮ ਪੌੜੀਆਂ ਚੜ੍ਹ ਆਏ ਤੇ ਜਥੇਦਾਰ ਰਣਜੀਤ ਸਿੰਘ, ਪ੍ਰੋ: ਮਨਜੀਤ ਸਿੰਘ ਤੇ ਜਥੇਦਾਰ ਕੇਵਲ ਸਿੰਘ ਵਿਰੁੱਧ ਜੋਰਦਾਰ ਨਾਅਰੇਬਾਜੀ ਕੀਤੀ। ਉੱਚੀ-ਉੱਚੀ ਇਹ ਕਹਿੰਦੇ ਵੀ ਸੁਣੇ ਗਏ ਕਿ ਜੰਮੂ ਕਸ਼ਮੀਰ ਦੀ ਸਿੱਖ ਸੰਗਤ ਕਿਸੇ ਵੀ ਸਿੰਘ ਸਾਹਿਬ ਨੂੰ ਸੂਬੇ ਅੰਦਰ ਦਾਖਲ ਨਹੀਂ ਹੋਣ ਦੇਵੇਗੀ ਤੇ ਓਥੋਂ ਦੇ ਸਿੱਖ ਅਕਾਲ ਤਖ਼ਤ ਨੂੰ ਬੇਦਾਵਾ ਲਿਖ ਦੇਣਗੇ। ਸਾਰੇ ਹੰਗਾਮੇ ਉਪਰੰਤ ਪੰਜ ਸਿੰਘ ਸਾਹਿਬਾਨ ਨੇ ਮਹੰਤ ਮਨਜੀਤ ਸਿੰਘ ਤੇ ਰੰਗੀਲ ਸਿੰਘ ਨੂੰ ਤਨਖਾਹੀਆ ਕਰਾਰ ਦੇਂਦਿਆਂ ਆਖਿਆ ਕਿ ਭਾਵੇਂ ਮਹੰਤ ਦੇ ਹਮਾਇਤੀਆਂ ਨੇ ਫਰਵਰੀ 1995 ਵਿਚ ਵੀ ਅਕਾਲ ਤਖ਼ਤ ਸਾਹਿਬ ਵਿਖੇ ਹੰਗਾਮਾ ਕੀਤਾ ਸੀ ਪਰ ਫਿਰ ਵੀ ਡਿਗਿਆਣਾ ਆਸ਼ਰਮ ਦੀ ਪੁਰਾਣੀ ਸਾਖ ਬਹਾਲ ਕਰਨ ਲਈ ਇਸ ਨੂੰ ਇਕ ਮੌਕਾ ਹੋਰ ਦਿੱਤਾ ਜਾਂਦਾ ਹੈ। ਮਹੰਤ ਮਨਜੀਤ ਸਿੰਘ ਨੇ ਆਪਣੇ ਹਮਾਇਤੀਆਂ ਵਲੋਂ ਹੁੱਲੜਬਾਜੀ ਕਰਨ ਲਈ ਸਿੰਘ ਸਾਹਿਬਾਨ ਕੋਲੋਂ ਮੁਆਫੀ ਮੰਗੀ। ਤਨਖਾਹੀਆ ਕਰਾਰ ਦੇਂਦਿਆਂ ਪੰਜ ਸਿੰਘ ਸਾਹਿਬਾਨ ਨੇ ਉਸ ਨੂੰ 16 ਜੂਨ ਨੂੰ 11 ਵਜੇ ਅਕਾਲ ਤਖ਼ਤ 'ਤੇ ਪੇਸ਼ ਹੋਣ ਦਾ ਹੁਕਮ ਦਿੱਤਾ ਤੇ ਆਦੇਸ਼ ਦਿੱਤਾ ਕਿ ਉਸ ਦਿਨ ਨਿਮਾਣੇ ਗੁਰਸਿੱਖ ਵਜੋਂ ਹੀ ਪੇਸ਼ ਹੋਣ ਆਉਣਾ ਹੈ ਤੇ ਆਪਣੇ ਨਾਲ ਬੰਦਿਆਂ ਦੀ ਭੀੜ ਨਹੀਂ ਲਿਆਉਣੀ। ਬਾਅਦ ਦੁਪਹਿਰ ਸ਼੍ਰੋਮਣੀ ਕਮੇਟੀ ਦੇ ਸੇਵਾਦਾਰਾਂ ਵਲੋਂ ਮਹੰਤ ਦੇ ਤਿੰਨ ਹਮਾਇਤੀਆਂ ਨੂੰ ਵੀ ਮੁਆਫੀ ਮੰਗੇ ਜਾਣ 'ਤੇ ਛੱਡ ਦਿੱਤਾ ਗਿਆ, ਜਿਨ੍ਹਾਂ ਨੂੰ ਰੰਗੀਲ ਸਿੰਘ ਨੇ ਭੜਕਾਇਆ ਸੀ।'

'ਜਗਬਾਣੀ' ਨੇ ਲਿਖਿਆ, '**ਡਿਗਿਆਣਾ ਆਸ਼ਰਮ ਦੇ ਮਹੰਤ ਮਨਜੀਤ ਸਿੰਘ ਤੇ ਰੰਗੀਲ ਸਿੰਘ ਤਨਖਾਹੀਆ ਕਰਾਰ, 16 ਜੂਨ ਅਕਾਲ ਤਖ਼ਤ 'ਤੇ ਮੁੜ ਪੇਸ਼ ਨਾ ਹੋਏ ਤਾਂ ਪੰਥ ਵਿਚੋਂ ਛੇਕ ਦਿੱਤਾ ਜਾਵੇਗਾ, ਹੁੱਲੜਬਾਜੀ ਦੌਰਾਨ ਘਸੁੰਨ ਚੱਲੇ-ਕਈਆਂ ਨੂੰ ਸੱਟਾਂ ਲੱਗੀਆਂ**'। ਇਸ ਅਖਬਾਰ ਵਿਚ ਪ੍ਰਕਾਸ਼ਤ ਹੋਈ ਖਬਰ ਵਿਚ ਬਾਕੀ ਤਾਂ ਸਾਰੀਆਂ ਓਹੋ ਹੀ ਗੱਲਾਂ ਸਨ ਸਿਰਫ ਅਖਬਾਰ ਨੇ ਇਹ ਵਾਧੂ ਕਿਹਾ ਸੀ ਕਿ ਜੇ ਭਾਈ ਰਣਜੀਤ ਸਿੰਘ ਆਪ ਸੋਟਾ ਨਾ ਫੜਦੇ ਤਾਂ ਮਛਰੀ ਹੋਈ ਭੀੜ ਸਾਰੇ ਸਿੰਘ ਸਾਹਿਬਾਨ ਨੂੰ ਅਪਮਾਨਤ ਕਰ ਸਕਦੀ ਸੀ। ਜੰਮੂ ਕਸ਼ਮੀਰ ਦੇ ਪ੍ਰਧਾਨ ਸ: ਗੁਰਦੇਵ ਸਿੰਘ ਮੀਤ ਪ੍ਰਧਾਨ ਗੁਰਬਖਸ਼ ਸਿੰਘ ਤੇ ਬਾਊ ਦਲਜੀਤ ਸਿੰਘ ਨੇ ਓਥੇ ਇਕੱਠੀ ਪ੍ਰੈਸ ਨੂੰ ਇਹ ਵੀ ਦੱਸਿਆ ਕਿ ਮਹੰਤ ਮਨਜੀਤ ਸਿੰਘ ਨੇ ਡਿਗਿਆਣਾ ਆਸ਼ਰਮ ਜੰਮੂ ਨੂੰ ਅਪਰਾਧੀਆਂ ਦਾ ਅੱਡਾ ਬਣਾਇਆ ਹੋਇਆ ਹੈ ਜੋ ਕਿ ਇਕ ਇਤਿਹਾਸਕ ਸਥਾਨ ਹੈ ਪਰ ਹੁਣ ਇਹ ਵਿਭਚਾਰ ਤੇ ਸਮਗਲਿੰਗ ਦਾ ਅੱਡਾ ਬਣਿਆ ਹੋਇਆ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਜੰਮੂ ਕਸ਼ਮੀਰ ਦੇ ਸਾਬਕਾ ਪ੍ਰਧਾਨ ਜਥੇਦਾਰ ਹਰਨਾਮ ਸਿੰਘ ਸਮੇਤ ਇਹ ਮਹੰਤ ਹੁਣ ਤਕ ਅੱਠ ਵਿਅਕਤੀਆਂ ਦੇ ਕਤਲ ਕਰਵਾ ਚੁੱਕਾ ਹੈ ਪਰ ਰੰਗੀਲ ਸਿੰਘ ਵਰਗੇ ਕਾਂਗਰਸੀਆਂ ਦੀ ਸਰਪ੍ਰਸਤੀ ਕਾਰਨ ਇਹ ਕਾਨੂੰਨ ਦੇ ਸ਼ਿਕੰਜੇ ਤੋਂ ਹੁਣ ਤਕ ਬਚਿਆ ਆਉਂਦਾ ਹੈ। ਇਨ੍ਹਾਂ ਕਤਲਾਂ ਦੀ ਸੀ.ਬੀ.ਆਈ. ਜਾਂਚ ਹੋਣੀ ਚਾਹੀਦੀ ਹੈ।'

ਪੰਜਾਬੀ ਦੀ ਇਕ ਹੋਰ ਅਖਬਾਰ ਨੇ ਲਿਖਿਆ, '**ਮਹੰਤ ਮਨਜੀਤ ਸਿੰਘ ਦੀ ਪੇਸ਼ੀ ਦੌਰਾਨ ਅਕਾਲ ਤਖ਼ਤ ਜੰਗ ਦਾ ਮੈਦਾਨ ਬਣਿਆ। ਪੱਗਾਂ ਲੱਥੀਆਂ, ਜਥੇਦਾਰਾਂ ਨੂੰ ਕਾਤਲ ਲੁਟੇਰੇ ਕਿਹਾ, ਪੱਤਰਕਾਰਾਂ ਨੂੰ ਵੀ ਚਾਹਟਾ।**' ਇਸ ਅਖਬਾਰ ਨੇ ਓਥੇ ਦੂਜਿਆਂ ਨਾਲੋਂ ਕੁਝ ਵੱਧ

ਨਹੀਂ ਵੇਖਿਆ ਸੀ ਪਰ ਮਿਰਚ ਮਸਾਲਾ ਆਪਣੇ ਕੋਲੋਂ ਹੀ ਲਾ ਦਿੱਤਾ ਜਿਵੇਂ 'ਸ੍ਰੀ ਅਕਾਲ ਤਖ਼ਤ ਦੀ ਤੀਸਰੀ ਮੰਜਲ 'ਤੇ ਕਈ ਸਿੰਘਾਂ ਦੀਆਂ ਪੱਗਾਂ ਲੱਥੀਆਂ ਅਤੇ ਪੈਰਾਂ ਵਿਚ ਰੁਲਦੀਆਂ ਵੇਖੀਆਂ ਗਈਆਂ। ਸੇਵਾਦਾਰਾਂ ਵਲੋਂ ਮਹਿੰਦਰ ਸਿੰਘ ਤੇ ਸਰਵਣ ਸਿੰਘ ਨੂੰ ਕੇਸਾਂ ਤੋਂ ਫੜ ਕੇ ਘਸੀਟਿਆ ਗਿਆ। ਇਕ ਵਿਅਕਤੀ ਦੇ ਮੂੰਹ ਵਿਚੋਂ ਵੀ ਖ਼ੂਨ ਵਗ ਪਿਆ। ਇਸ ਮਾਰਕੁਟਾਈ ਵਿਚ ਇਕ ਪੱਤਰਕਾਰ ਦੇ ਮੋਢੇ 'ਤੇ ਅਤੇ ਇਕ ਪੱਤਰਕਾਰ ਦੇ ਮੂੰਹ 'ਤੇ ਵੀ ਘਸੁੰਨ ਵੱਜਾ।' ਇਹ ਕਮਿਊਨਿਸਟਾਂ ਦੀ ਅਖਬਾਰ ਨਵਾਂ ਜ਼ਮਾਨਾ ਦੀ ਖਬਰ ਹੈ ਕਿਉਂਕਿ ਇਨ੍ਹਾਂ ਨੂੰ ਸਿੱਖਾਂ ਦੀ ਕੋਈ ਐਹੋ ਜਹੀ ਵਾਪਰੀ ਘਟਨਾ ਨੂੰ ਵਧਾਅ-ਚੜਾਅ ਕੇ ਦੱਸਣ ਦਾ ਬੜਾ ਮਜਾ ਆਉਂਦਾ ਹੈ। ਏਸੇ ਲਈ ਹੀ ਇਨ੍ਹਾਂ ਦੀ ਅਖਬਾਰ ਕੋਈ ਲੈ ਕੇ ਪੜ੍ਹਦਾ ਨਹੀਂ।

***

*5 ਜੂਨ 1997*

## ਤਨਖਾਹੀਆ ਕਰਾਰ

ਮਹੰਤ ਮਨਜੀਤ ਸਿੰਘ ਨੂੰ ਅੱਜ ਮਿਤੀ 5 ਜੂਨ 1997 ਨੂੰ ਪਿਛਲੇ ਸਮੇਂ ਲੱਗੀ ਤਨਖਾਹ ਦੇ ਸਬੰਧ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਬੁਲਾਇਆ ਗਿਆ ਸੀ। ਮਹੰਤ ਨੂੰ ਤਨਖਾਹੀਆ ਕਰਾਰ ਦੇਣ ਦਾ ਕਾਰਨ ਜੰਮੂ ਦੇ ਡੇਰੇ ਡਿਗਿਆਣਾ ਆਸ਼ਰਮ ਤੇ ਹੋਰ ਅਸਥਾਨਾਂ 'ਤੇ ਗੁਰੂ ਸਾਹਿਬ ਦੀ ਹਜ਼ੂਰੀ ਵਿਚ ਮੱਥਾ ਟਿਕਾਉਣਾ, ਤਵੀਤ ਦੇਣੇ, ਜੂਠਾ ਲੰਗਰ ਸੰਗਤਾਂ ਵਿਚ ਵਰਤਾਉਣਾ, ਆਪਣੇ ਨਾਲ ਇਕ ਲੜਕੀ ਨੂੰ ਨਜਾਇਜ਼ ਰੂਪ ਵਿਚ ਰੱਖਣਾ, ਡੇਰੇ ਦੀ ਮਾਇਆ ਨੂੰ ਲੜਕੀ ਦੇ ਨਾਂ 'ਤੇ ਲਾਉਣਾ ਆਦਿ ਦੋਸ਼ ਹਨ।

ਮਹੰਤ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੇਸ਼ ਹੋਣ ਸਮੇਂ ਆਪਣੇ ਨਾਲ ਲਿਆਂਦੇ ਬੰਦਿਆਂ ਰਾਹੀਂ ਸਿੰਘ ਸਾਹਿਬਾਨ ਅਤੇ ਤਖ਼ਤ ਸਾਹਿਬ ਪ੍ਰਤੀ ਮਨਮਤੀ ਅਤੇ ਅਪਮਾਨ ਜਨਕ ਰਵੱਈਆ ਧਾਰਨ ਕੀਤਾ। ਵਿਸ਼ੇਸ਼ ਤੌਰ 'ਤੇ ਰੰਗੀਲ ਸਿੰਘ ਨਾਂ ਦੇ ਬੰਦੇ ਨੇ ਹਉਮੈ ਭਰੀ ਸ਼ਬਦਾਵਲੀ ਵਰਤੀ। ਇਸ ਕਾਰਨ ਮਹੰਤ ਮਨਜੀਤ ਸਿੰਘ ਅਤੇ ਰੰਗੀਲ ਸਿੰਘ ਨੂੰ ਪੰਥ ਦਾ ਤਨਖਾਹੀਆ ਕਰਾਰ ਦਿੱਤਾ ਜਾਂਦਾ ਹੈ।

ਇਸ ਸਬੰਧੀ ਸਿੰਘ ਸਾਹਿਬਾਨ ਦਾ ਆਦੇਸ਼ ਸੁਣਨ ਲਈ ਇਹ ਦੋਵੇਂ ਵਿਅਕਤੀ 16 ਜੂਨ 1997 ਨੂੰ ਸਵੇਰੇ 11 ਵਜੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹਾਜ਼ਰ ਹੋਣ। ਇਨ੍ਹਾਂ ਦੋਹਾਂ ਨੂੰ ਇਹ ਵੀ ਆਦੇਸ਼ ਹੈ ਕਿ ਤਖ਼ਤ ਸਾਹਿਬ ਵਿਖੇ ਹਾਜ਼ਰ ਹੋਣ ਸਮੇਂ ਨਿਮਾਣੇ ਗੁਰਸਿੱਖ ਵਜੋਂ ਕੇਵਲ ਆਪ ਹੀ ਹਾਜ਼ਰ ਹੋਣ, ਨਾਲ ਬੰਦਿਆਂ ਦੀ ਭੀੜ ਨਾ ਲਿਆਂਦੀ ਜਾਵੇ। ਨਿਸਚਿਤ ਮਿਤੀ 'ਤੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹਾਜ਼ਰ ਨਾ ਹੋਣ ਦੀ ਸੂਰਤ ਵਿਚ ਦੋਹਾਂ ਵਿਅਕਤੀਆਂ ਨੂੰ ਪੰਥ ਵਿਚੋਂ ਛੇਕ ਦਿੱਤਾ ਜਾਵੇਗਾ।

ਦਸਤਖਤ : ਰਣਜੀਤ ਸਿੰਘ

***

*16 ਜੂਨ, 1997*

## ਗੁਰਮਤਾ

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਹਿ॥

ਮਹੰਤ ਮਨਜੀਤ ਸਿੰਘ, ਤੁਸੀਂ ਮਿਤੀ 5 ਜੂਨ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਾਣ-ਮਰਯਾਦਾ ਦੇ ਖਿਲਾਫ ਆਪਣੇ ਸਾਥੀਆਂ ਰਾਹੀਂ ਹੁੱਲੜਬਾਜ਼ੀ ਦੀ ਮਨਮਤੀ ਕਾਰਵਾਈ ਕੀਤੀ। ਪਿਛਲੇ ਸਮੇਂ ਦੌਰਾਨ ਵੀ ਤੁਸੀਂ ਪੰਥਕ ਸਰਗਰਮੀਆਂ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਲੱਗੀ ਤਨਖਾਹ ਪੂਰੀ ਕਰਨ ਵਿਚ ਅਵੇਸਲਾਪਣ ਦਿਖਾਇਆ। ਜਿਸ ਸਬੰਧੀ ਸਿੰਘ ਸਾਹਿਬਾਨ ਨੇ ਅੱਜ ਮਿਤੀ 16 ਜੂਨ 1997 ਨੂੰ ਪੇਸ਼ ਹੋਣ ਲਈ ਆਦੇਸ਼ ਕੀਤਾ ਸੀ, ਜਿਸ ਨੂੰ ਪ੍ਰਵਾਨ ਕਰਦਿਆਂ ਤੁਸੀਂ ਆਪਣੀ ਭੁੱਲ ਦਾ ਅਹਿਸਾਸ ਕੀਤਾ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹਰ ਹੁਕਮ ਲਈ ਵਚਨਬੱਧਤਾ ਪ੍ਰਗਟਾਈ। ਸਿੰਘ ਸਾਹਿਬਾਨ ਵਲੋਂ ਤੁਹਾਨੂੰ ਹੇਠ ਲਿਖੀ ਤਨਖਾਹ ਲਾਈ ਜਾਂਦੀ ਹੈ; ਤੁਸੀਂ ਪੰਜਾਂ ਤਖ਼ਤ ਸਾਹਿਬਾਨ ਵਿਖੇ ਹਾਜ਼ਰ ਹੋ ਕੇ ਹਰ ਤਖ਼ਤ ਸਾਹਿਬ 'ਤੇ ਦੋ ਦਿਨ ਲਈ ਇਕ ਘੰਟਾ ਸੰਗਤਾਂ ਦੇ ਜੋੜੇ ਝਾੜਨ ਦੀ ਸੇਵਾ ਕਰਨੀ। ਇਕ ਘੰਟਾ ਕੀਰਤਨ ਸੁਣਨਾ ਅਤੇ ਇਕ ਘੰਟਾ ਲੰਗਰ ਦੇ ਭਾਂਡੇ ਮਾਂਜਣ ਦੀ ਸੇਵਾ ਕਰਨੀ। ਉਪਰੰਤ ਹਰ ਤਖ਼ਤ ਸਾਹਿਬ ਵਿਖੇ 5100/- ਰੁਪਏ ਦੇਗ ਦੀ ਮਾਇਆ ਦੇ ਕੇ ਅਰਦਾਸ ਕਰਵਾਉਣੀ। ਇਸੇ ਤਰ੍ਹਾਂ ਸ੍ਰੀ ਹਰਿਮੰਦਰ ਸਾਹਿਬ ਵਿਖੇ 5100/- ਰੁਪਏ ਦੀ ਦੇਗ ਦੀ ਮਾਇਆ ਜਮ੍ਹਾਂ ਕਰਵਾ ਕੇ ਅਰਦਾਸ ਕਰਵਾਉਣੀ। ਉਪਰੰਤ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸਮੁੱਚੇ ਰੂਪ ਵਿਚ ਭੁੱਲਾਂ ਬਖਸ਼ਵਾਉਣ ਲਈ ਅਰਦਾਸ ਕਰਵਾਉਣੀ ਹੈ।

ਦਸਤਖਤ : ਰਣਜੀਤ ਸਿੰਘ, ਮੋਹਣ ਸਿੰਘ,
ਮਨਜੀਤ ਸਿੰਘ, ਕੇਵਲ ਸਿੰਘ, ਭਗਵਾਨ ਸਿੰਘ

***

## ਰੰਗੀਲ ਸਿੰਘ ਦੀ ਮੁਆਫੀ ਮੰਗਣੀ

*9 ਜੂਨ 1997*

ਪਰਮ ਸਤਿਕਾਰਯੋਗ, ਸਿੰਘ ਸਾਹਿਬ ਭਾਈ ਰਣਜੀਤ ਸਿੰਘ ਜੀ

ਸਨਿਮਰ ਬੇਨਤੀ ਹੈ ਕਿ ਦਾਸ ਤੋਂ ਜੋ ਭੁੱਲ 5 ਜੂਨ ਨੂੰ ਆਪ ਦੇ ਸਨਮੁੱਖ ਹੋਈ ਹੈ ਦਾਸ ਉਸ ਲਈ ਖਿਮਾਂ ਦਾ ਜਾਚਕ ਹੈ। ਦਾਸ ਨੂੰ ਸੱਚੀ ਇਹ ਪਤਾ ਨਹੀਂ ਸੀ ਕਿ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਦਾਹੜਾ ਪ੍ਰਕਾਸ਼ ਕਰਕੇ ਜਾਈਦਾ ਹੈ। ਇਸ ਮਗਰੋਂ ਜੋ ਕੁਝ ਵੀ ਹੋਇਆ ਉਹ ਅਣਗਹਿਲੀ ਤੇ ਗਲਤਫਹਿਮੀ ਵਿਚ ਹੋਇਆ। ਅਸੀਂ ਸੱਚੇ ਸਿੱਖ ਵਜੋਂ ਆਪਣਾ ਪੱਖ ਆਪ ਜੀ ਦੇ ਸਾਹਮਣੇ ਰੱਖਣ ਗਏ ਸਾਂ ਕਿਉਂਕਿ ਬੀਤੇ ਹਾਲਾਤਾਂ ਮੁਤਾਬਕ ਸਾਡੇ ਨਾਲ ਅਨਿਆਂ ਹੋਇਆ ਸੀ। ਸਾਡਾ ਪਰਿਵਾਰ ਪੂਰਨ ਗੁਰਸਿਖ ਹੈ। ਅਕਾਲ ਤਖ਼ਤ ਉੱਤੇ ਪੂਰਾ ਮਾਨ ਹੈ। ਅਸੀਂ ਸਾਰਾ ਜੀਵਨ ਗੁਰਸਿੱਖੀ ਆਸ਼ੇ ਨਾਲ ਬਿਤਾਇਆ ਹੈ। ਤੁਹਾਡੇ ਕਮਰੇ 'ਚੋਂ ਬਾਹਰ ਨਿਕਲਣ ਉਪਰੰਤ ਬਾਹਰ ਬੈਠੇ ਸੇਵਾਦਾਰਾਂ ਨੇ ਵੀ ਗਲਤਫਹਿਮੀ ਵਿਚ ਮੇਰੇ ਨਾਲ ਧੱਕਾ-ਮੁਕੀ ਕੀਤੀ ਜਿਸ ਕਰਕੇ ਮੈਨੂੰ ਮਾੜੀ ਜੇਹੀ ਚੋਟ ਲੱਗੀ ਤੇ ਪਗੜੀ ਢਿੱਲੀ ਹੋ ਗਈ। ਜਦ ਥੱਲੇ ਆਏ ਤਾਂ ਮੇਰੀ ਵਿਗੜੀ ਸੂਰਤ ਵੇਖ ਕੇ ਨਾਲ ਗਈ ਸੰਗਤ ਘਬਰਾ ਗਈ। ਮਗਰੋਂ ਜੋ ਕੁਝ ਵੀ ਹੋਇਆ, ਉਹ ਵੀ ਗਲਤਫਹਿਮੀ ਸੀ। ਜਾਣਬੁੱਝ ਕੇ ਨਹੀਂ।

ਹਰ ਮਨੁੱਖ ਭੁੱਲ ਕਰ ਸਕਦਾ ਹੈ। ਸਾਡੇ ਤੋਂ ਵੀ ਹੋਈ ਹੈ। ਗੁਰਬਾਣੀ ਵਿਚਾਰ ਹੈ "ਭੁਲਨ ਅੰਦਰ ਸਭ ਕੋ ਅਭੁਲ ਗੁਰ ਕਰਤਾਰ।" ਅਕਾਲ ਤਖ਼ਤ ਤੋਂ ਖਿਮਾਂ ਦਾ ਜਾਚਕ ਹਾਂ। ਪੂਰਨ ਸ਼ਰਧਾ ਤੇ ਭਰੋਸੇ ਨਾਲ।

ਦਾਸ,ਰੰਗੀਲ ਸਿੰਘ।

***

*16 ਜੂਨ 1997*

## ਗੁਰਮਤਾ

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਹਿ॥

ਰੰਗੀਲ ਸਿੰਘ, ਤੁਸੀਂ ਮਿਤੀ 5 ਜੂਨ 1997 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਮਹੰਤ ਮਨਜੀਤ ਸਿੰਘ ਦੀ ਪੇਸ਼ੀ ਸਮੇਂ ਆਪ ਅਤੇ ਆਪਣੇ ਸਾਥੀਆਂ ਰਾਹੀਂ ਹੁੱਲੜਬਾਜ਼ੀ ਅਤੇ ਸਿੰਘ ਸਾਹਿਬਾਨ ਪ੍ਰਤੀ ਅਪਮਾਨਜਨਕ ਰਵੱਈਏ ਦੀ ਮਨਮਤੀ ਕਾਰਵਾਈ ਕੀਤੀ, ਜਿਸ ਸਬੰਧੀ ਤੁਹਾਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਮਿਤੀ 16 ਜੂਨ ਨੂੰ ਪੇਸ਼ ਹੋਣ ਲਈ ਆਦੇਸ਼ ਦਿੱਤਾ ਗਿਆ ਸੀ। ਅੱਜ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹਾਜ਼ਰ ਹੋਣ 'ਤੇ ਤੁਹਾਨੂੰ ਹੇਠ ਲਿਖੀ ਤਨਖਾਹ ਲਾਈ ਜਾਂਦੀ ਹੈ। ਤੁਸੀਂ ਦੋ ਦਿਨਾਂ ਲਈ ਸ੍ਰੀ ਹਰਿਮੰਦਰ ਸਾਹਿਬ ਵਿਖੇ ਇਕ ਘੰਟਾ ਕੀਰਤਨ ਸੁਣਨਾ ਹੈ। ਇਕ ਘੰਟਾ ਲੰਗਰ ਵਿਚ ਭਾਂਡੇ ਮਾਂਜਣੇ ਹਨ ਅਤੇ ਇਕ ਘੰਟਾ ਸੰਗਤਾਂ ਦੇ ਜੋੜੇ ਝਾੜਨੇ ਹਨ।

ਉਪਰੰਤ 11000/- ਰੁਪਏ ਦੀ ਦੇਗ ਦੀ ਮਾਇਆ ਜਮ੍ਹਾਂ ਕਰਵਾ ਕੇ ਆਪਣੀਆਂ ਭੁੱਲਾਂ ਦੀ ਖਿਮਾਂ ਜਾਚਨਾ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਅਰਦਾਸ ਕਰਵਾਉਣੀ ਹੈ।

ਦਸਤਖਤ : ਰਣਜੀਤ ਸਿੰਘ ਮੋਹਣ ਸਿੰਘ,
ਮਨਜੀਤ ਸਿੰਘ, ਕੇਵਲ ਸਿੰਘ, ਭਗਵਾਨ ਸਿੰਘ

***

ਇਸ ਤਰ੍ਹਾਂ 16 ਜੂਨ ਨੂੰ ਰੰਗੀਲ ਸਿੰਘ ਨੇ ਵੀ ਲਿਖਤੀ ਮੁਆਫੀ ਮੰਗ ਲਈ। ਮਹੰਤ ਨੇ ਤਾਂ ਪਹਿਲੇ ਦਿਨ ਹੀ ਆਪਣੇ ਆਪ ਨੂੰ ਕਸੂਰਵਾਰ ਮੰਨ ਲਿਆ ਸੀ। ਇਸ ਤਰ੍ਹਾਂ ਇਹ ਮਸਲਾ ਖਤਮ ਹੋ ਗਿਆ। ਹੁਣ ਵੇਖਿਆ ਜਾਵੇ ਤਾਂ ਭਾਈ ਰਣਜੀਤ ਸਿੰਘ ਜੀ ਨੇ ਤਾਂ ਪਿਛਲਾ ਲਮਕਿਆ ਮਸਲਾ ਹੀ ਨਿਪਟਾਇਆ ਹੈ। ਜਿਹੜੇ ਲੋਕ ਇਹ ਕਹਿੰਦੇ ਹਨ ਕਿ ਉਨ੍ਹਾਂ ਨੇ ਥੋੜ੍ਹੇ ਸਮੇਂ ਵਿਚ ਜ਼ਿਆਦਾ ਹੁਕਮਨਾਮੇ ਜਾਰੀ ਕੀਤੇ ਹਨ, ਉਹ ਇਹ ਕਿਤਾਬ ਪੜ੍ਹ ਕੇ ਜ਼ਰੂਰ ਆਪਣੇ ਆਪ ਹੀ ਸ਼ਰਮਿੰਦੇ ਹੋਣਗੇ।

ਜੰਮੂ ਕਸ਼ਮੀਰ ਦੇ ਸਿੱਖ ਅਜੇ ਵੀ ਦੋ ਧੜਿਆਂ ਵਿਚ ਵੰਡੇ ਹੋਏ ਹਨ। ਲੱਖ ਕੋਸ਼ਿਸ਼ਾਂ ਦੇ ਬਾਵਜੂਦ ਵੀ ਜੰਮੂ ਤੇ ਕਸ਼ਮੀਰ ਦੇ ਇਤਹਾਸਕ ਗੁਰਦੁਆਰੇ ਮਹੰਤੀ ਤੇ ਡੇਰੇਦਾਰੀ ਤੋਂ ਛੁਟਕਾਰਾ ਨਹੀਂ ਪਾ ਸਕੇ। ਓਥੋਂ ਦੀ ਰਾਜਨੀਤਕ ਸ਼ਕਤੀ ਵੀ ਉਸ ਨਾਲ ਹੀ ਹੈ ਜਿਸ ਕੋਲ ਗੁਰਦੁਆਰਿਆਂ ਦਾ ਪ੍ਰਬੰਧ ਹੈ ਤੇ ਇਉਂ ਹੋਣਾ ਕੁਦਰਤੀ ਗੱਲ ਹੈ। ਰਾਜਨੀਤਕ ਪਾਰਟੀਆਂ ਸਦਾ ਹੀ ਉਸ ਨਾਲ ਬਣਾ ਕੇ ਰੱਖਦੀਆਂ ਹਨ ਜਿਸ ਮਗਰ ਵੋਟਾਂ ਹੋਣ। ਇਸ ਇੱਕੀਵੀਂ ਸਦੀ ਵਿਚ ਵੀ ਸਿੱਖ ਸਮਾਜ ਅਜੇ ਡੇਰੇਦਾਰੀ ਪ੍ਰਬੰਧ ਤੇ ਪੁਰਾਣੀਆਂ ਰਵਾਇਤਾਂ ਤੋਂ ਬਾਹਰ ਨਹੀਂ ਨਿਕਲ ਸਕਿਆ। ਜਿਸ ਕੋਲ ਪੈਸਾ ਹੋਵੇ, ਸਰਕਾਰ ਨਾਲ ਬਣੀ ਹੋਵੇ, ਉਸ ਦਾ ਡੰਗੋ-ਡੰਗ ਭੁੱਖੀ, ਨੰਗੀ ਤੇ ਸਧਾਰਨ ਸੰਗਤ ਕੀ ਵਿਗਾੜ ਸਕਦੀ ਹੈ? ਸੋ ਸਭ ਕੁਝ ਪਹਿਲਾਂ ਵਾਂਗ ਹੀ ਚੱਲ ਰਿਹਾ ਹੈ। ਸ਼ਾਇਦ ਸਿੱਖਾਂ ਨੇ ਹਾਲਾਤ ਨਾਲ ਸਮਝੌਤਾ ਕਰ ਲਿਆ ਹੈ।

■

# ਯਤੀਮ ਬੱਚਿਆਂ ਦੀ ਪੈਰਵਾਈ

ਸਿੰਘ ਸਾਹਿਬ ਭਾਈ ਰਣਜੀਤ ਸਿੰਘ ਜੀ ਨੂੰ ਸ. ਤਰਸੇਮ ਸਿੰਘ ਖਾਲਸਾ ਪ੍ਰਧਾਨ ਨਗਰ ਨਿਗਮ ਕਰਮਚਾਰੀ ਤਾਲਮੇਲ ਦਲ (ਰਜਿ.) ਨੇ ਇਕ ਚਿੱਠੀ ਲਿਖੀ ਜਿਸ ਵਿਚ ਉਨ੍ਹਾਂ ਨੇ ਸਿੰਘ ਸਾਹਿਬ ਨੂੰ ਜਾਣੂ ਕਰਵਾਇਆ ਕਿ ਯਤੀਮਖਾਨੇ ਦੇ ਪ੍ਰਬੰਧਕ ਯਤੀਮ ਬਚਿਆਂ ਦੀਆਂ ਟੋਲੀਆਂ ਬਣਾ ਕੇ ਦਰਬਾਰ ਸਾਹਿਬ ਦੀ ਪ੍ਰਕਰਮਾਂ ਅਤੇ ਉਧਰ ਗੁਰਦੁਆਰਾ ਸਹੀਦਾਂ ਵਿਚ ਹਰ ਐਤਵਾਰ ਨੂੰ ਲਿਆ ਕੇ ਬਿਠਾਉਂਦੇ ਹਨ। ਬੱਚੇ ਸ਼ਬਦ ਪੜ੍ਹਦੇ ਹਨ ਤੇ ਲੋਕ ਉਨ੍ਹਾਂ ਦੀ ਗੋਲਕ ਵਿਚ ਪੈਸੇ ਪਾਈ ਜਾਂਦੇ ਹਨ। ਇਹ ਦੱਸਣ ਲਈ ਕਿ ਇਹ ਬੱਚੇ ਯਤੀਮ ਅਤੇ ਮਜਬੂਰ ਹਨ, ਇਕ ਕੱਪੜੇ ਦਾ ਬੈਨਰ ਵੀ ਬੈਠੇ ਬਚਿਆਂ ਦੇ ਪਿਛਲੇ ਪਾਸੇ ਬੰਨ੍ਹ ਕੇ ਲਾਇਆ ਜਾਂਦਾ ਹੈ। ਮੱਥਾ ਟੇਕਣ ਆਈ ਸੰਗਤ ਭਾਵੁਕ ਹੋ ਕੇ ਗੋਲਕ ਵਿਚ ਪੈਸੇ ਪਾਈ ਜਾਂਦੀ ਹੈ। ਚੀਫ ਖਾਲਸਾ ਦੀਵਾਨ ਦੇ ਪ੍ਰਧਾਨ ਸ. ਕਿਰਪਾਲ ਸਿੰਘ ਦੇ ਆਪਣੇ ਦਸਣ ਅਨੁਸਾਰ ਹੀ ਇਹ ਗੋਲਕ 12 ਲੱਖ ਰੁਪਏ ਸਾਲ ਦੀ ਹੁੰਦੀ ਹੈ ਅਰਥਾਤ ਹਰ ਐਤਵਾਰ ਨੂੰ 25 ਹਜਾਰ ਰੁਪਏ ਬੱਚੇ ਗੋਲਕ ਰਾਂਹੀ ਕਮਾਉਂਦੇ ਸਨ। ਜਿਥੋਂ ਤੱਕ ਤਾਂ ਯਤੀਮ ਬਚਿਆਂ ਦੀ ਸੇਵਾ ਸੰਭਾਲ ਦਾ ਕੰਮ ਹੈ ਉਹ ਤਾਂ ਬਹੁਤ ਸ਼ਲਾਘਾਯੋਗ ਹੈ। ਪਰ ਉਨ੍ਹਾਂ ਨੂੰ ਇਸ ਤਰ੍ਹਾਂ ਦਰਬਾਰ ਸਾਹਿਬ ਤੇ ਹੋਰ ਗੁਰਦੁਆਰਿਆਂ ਵਿਚ ਗੋਲਕ ਦੇ ਕੇ ਬਿਠਾਉਣਾ ਜਰੂਰ ਹੀ ਉਨ੍ਹਾਂ ਦੇ ਮਨਾਂ 'ਚ ਹੀਣ ਭਾਵਨਾਂ ਪੈਦਾ ਕਰਨ ਵਾਲੀ ਗੱਲ ਹੈ। ਬੱਚੇ ਦਾ ਸੂਖਮ ਦਿਮਾਗ ਇਹ ਅਨੁਭਵ ਅਤੇ ਇਹ ਪ੍ਰਭਾਵ ਆਪਣੇ ਮਨ ਵਿਚ ਪੱਕਾ ਕੀਤੇ ਤੋਂ ਬਿਨਾਂ ਨਹੀਂ ਰਹਿ ਸਕਦਾ ਕਿ ਉਹ ਯਤੀਮ ਹਨ ਅਤੇ ਦੂਜੇ ਬਚਿਆਂ ਜਿੰਨੇ ਖੁਸ਼-ਕਿਸਮਤ ਨਹੀਂ।

ਭਾਈ ਰਣਜੀਤ ਸਿੰਘ ਨੇ ਬਤੌਰ ਜਥੇਦਾਰ ਅਕਾਲ ਤਖ਼ਤ ਬਚਿਆਂ ਨੂੰ ਇਸ ਤਰ੍ਹਾਂ ਮੰਗਣ ਤੋਂ ਹਟਾ ਦਿੱਤਾ ਪਰ ਨਾਲ ਹੀ ਉਨ੍ਹਾਂ ਨੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸ. ਗੁਰਚਰਨ ਸਿੰਘ ਟੌਹੜਾ ਕੋਲੋਂ ਬਚਿਆਂ ਦੀ ਗੋਲਕ ਦਾ ਹੋਣ ਵਾਲਾ ਨੁਕਸਾਨ ਵੀ ਪੂਰਾ ਕਰਨ ਦਾ ਪ੍ਰਬੰਧ ਕਰਵਾਇਆ। ਸ. ਗੁਰਚਰਨ ਸਿੰਘ ਟੌਹੜਾ ਜੀ ਨੇ ਇਸ ਦਾ ਬਹੁਤ ਹੀ ਮੁਨਾਸਬ ਤੇ ਸਰਲ ਢੰਗ ਦਸਿਆ ਕਿ ਯਤੀਮਖਾਨੇ ਵਾਲੇ ਬਚਿਆਂ ਕੋਲੋਂ ਮੰਗਵਾਉਣੋਂ ਹਟ ਜਾਣ ਤੇ ਇਕ ਐਤਵਾਰ ਦੀ ਗੋਲਕ ਗਿਣਵਾ ਕੇ ਪੂਰੇ ਸਾਲ ਦਾ ਹਿਸਾਬ ਲਾ ਕੇ ਹਰ ਸਾਲ ਦੀ ਪਹਿਲੀ ਜਨਵਰੀ ਨੂੰ ਸ਼੍ਰੋਮਣੀ ਕਮੇਟੀ ਕੋਲੋਂ ਓਨੇਂ ਪੈਸੇ ਲੈ ਲਿਆ ਕਰਨ। ਇਸ ਤਰ੍ਹਾਂ ਸ਼੍ਰੋਮਣੀ ਕਮੇਟੀ ਬਾਰਾਂ ਲੱਖ ਰੁਪਇਆ ਸਾਲ ਦਾ ਯਤੀਮਖਾਨੇ ਨੂੰ ਦੇਣ ਲਈ ਤਿਆਰ ਹੈ। ਪਰ ਇਸਦੇ ਬਾਵਜੂਦ ਪ੍ਰਬੰਧਕਾਂ ਨੇ ਇਸ ਗੱਲ ਦਾ ਬੁਰਾ ਮਨਾਇਆ।

ਦੂਸਰਾ ਇਤਰਾਜ ਜੋ ਆਮ ਲੋਕਾਂ ਅਤੇ ਸਿੰਘ ਸਾਹਿਬ ਨੂੰ ਵੀ ਹੈ, ਉਹ ਹੈ ਸੰਸਥਾਂ ਦਾ ਨਾਂਅ ਯਤੀਨਖਾਨਾ ਰੱਖਣ ਬਾਰੇ। ਸ਼ਬਦ ਯਤੀਮਖਾਨਾ ਵੀ ਬਚਿਆਂ ਦੇ ਦਿਮਾਗ 'ਤੇ ਬੁਰਾ ਅਸਰ ਪਾਉਂਦਾ ਹੈ। ਇਸ ਲਈ ਯਤੀਮਖਾਨੇ ਦਾ ਨਾਂਅ ਬਦਲ ਕੇ ਕੋਈ ਹੋਰ ਰੱਖ ਦੇਣਾ

ਚਾਹੀਦਾ ਹੈ। ਪਰ ਪ੍ਰਬੰਧਕਾ ਦਾ ਇਹ ਤਰਕ ਹੈ ਕਿ ਇਸ ਪ੍ਰਚਲਤ ਨਾਂਅ 'ਤੇ ਬਾਹਰੋਂ ਵਿਦੇਸ਼ਾਂ ਵਿਚੋਂ ਪੈਸੇ ਆਉਂਦੇ ਹਨ ਜੇ ਨਾਂਅ ਬਦਲ ਗਿਆ ਤਾਂ ਬਾਹਰੋਂ ਆਉਣ ਵਾਲੇ ਪੈਸੇ ਘਟ ਜਾਣਗੇ। ਮਤਲਬ ਇਹ ਕਿ ਹਰ ਮਨੋਵਿਗਿਆਨਕ ਭਾਵਨਾ ਅੱਗੇ ਪੈਸਾ ਅੜ ਖਲੋਂਦਾ ਹੈ। ਇਕ ਸਿੱਧੀ ਜਹੀ ਗੱਲ ਹੈ ਕਿ ਅੰਨ੍ਹੇ ਨੂੰ ਅੰਨ੍ਹਾਂ, ਕਾਣੇ ਨੂੰ ਕਾਣਾ, ਲੰਗੜੇ ਨੂੰ ਲੰਗੜਾ, ਡੁੱਡੇ ਨੂੰ ਡੁੱਡਾ ਤੇ ਬੌਣੇ ਨੂੰ ਬੌਣਾ ਕਹਿਣ ਨਾਲ ਉਹ ਖੁਸ਼ ਤਾਂ ਨਹੀਂ ਹੁੰਦੇ ਏਸੇ ਤਰ੍ਹਾਂ ਹੀ ਯਤੀਮ ਨੂੰ ਯਤੀਮ ਆਖਣ ਨਾਲ ਵੀ ਉਨ੍ਹਾਂ ਨੂੰ ਕਾਹਦੀ ਖੁਸ਼ੀ ਹੁੰਦੀ ਹੋਵੇਗੀ?

ਭਾਈ ਰਣਜੀਤ ਸਿੰਘ ਨੂੰ ਅਚਾਨਕ ਇਕ ਸਾਜਿਸ਼ ਦੇ ਤਹਿਤ ਜਥੇਦਾਰੀ ਦੇ ਅਹੁਦੇ ਤੋਂ ਹਟਾ ਦਿੱਤਾ ਗਿਆ ਜੇ ਉਹ ਕੁਝ ਚਿਰ ਹੋਰ ਜਥੇਦਾਰ ਅਕਾਲ ਤਖ਼ਤ ਰਹਿ ਜਾਂਦੇ ਤਾਂ ਜਿਵੇਂ ਉਹਨਾਂ ਨੇ ਹੋਰ ਉਲਝੇ ਤੇ ਚਿਰਾਂ ਤੋਂ ਲਟਕਦੇ ਮਸਲਿਆਂ ਨੂੰ ਹੱਲ ਕਰ ਦਿੱਤਾ ਸੀ ਇਸ ਮਸਲੇ ਨੂੰ ਵੀ ਜਰੂਰ ਹੱਲ ਕਰ ਦੇਂਦੇ।

***

***12 ਅਗਸਤ 97***

ਪਰਮ ਸਤਿਕਾਰਯੋਗ ਸਿੰਘ ਸਾਹਿਬ ਜੀ,

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਹਿ॥

ਆਪ ਜੀ ਦੇ ਪੱਤਰ ਨੰਬਰ 247/ਏ.ਟੀ/97 ਮਿਤੀ 25.6.97 ਨਾਲ ਨੱਥੀ ਸ: ਤਰਸੇਮ ਸਿੰਘ ਜੀ ਖਾਲਸਾ, ਪ੍ਰਧਾਨ ਨਗਰ ਨਿਗਮ ਕਰਮਚਾਰੀ ਤਾਲਮੇਲ ਦਲ (ਰਜਿ:) ਅੰਮ੍ਰਿਤਸਰ ਦਾ ਪੱਤਰ ਜਿਸ ਦਾ ਵਿਸ਼ਾ ਕੌਮ ਦੇ ਹੋਣਹਾਰ ਬੱਚਿਆਂ ਨੂੰ ਮੰਗਤੇ ਹੋਣ ਤੋਂ ਬਚਾਓ ਹੈ, ਪ੍ਰਾਪਤ ਹੋਇਆ। ਧੰਨਵਾਦ।

ਚੀਫ ਖਾਲਸਾ ਦੀਵਾਨ ਬੀਤੇ 100 ਸਾਲਾਂ ਤੋਂ ਪ੍ਰਮਾਣਤ ਮਰਯਾਦਾ ਅਨੁਸਾਰ ਸੈਂਟਰਲ ਖਾਲਸਾ ਯਤੀਖਾਨੇ ਦੇ ਬੱਚਿਆਂ ਦਾ ਪਾਲਣ ਪੋਸਣ ਕਰ ਰਿਹਾ ਹੈ। ਇਨ੍ਹਾਂ ਦੀ ਸਰਬਪੱਖੀ ਦੇਖ-ਰੇਖ, ਸਰੀਰਕ ਮਾਨਸਕ ਤੇ ਬੌਧਿਕ ਉਨਤੀ ਵੱਲ ਦੀਵਾਨ ਵਲੋਂ ਪੂਰਾ-ਪੂਰਾ ਧਿਆਨ ਰੱਖਿਆ ਜਾਂਦਾ ਹੈ। ਬੱਚਿਆਂ ਦੀਆਂ ਮਨੋ-ਵਿਗਿਆਨਕ ਪ੍ਰਵਿਰਤੀਆਂ ਦਾ ਪੂਰਾ ਸਤਿਕਾਰ ਕੀਤਾ ਜਾਂਦਾ ਹੈ। ਬੱਚਿਆਂ ਦੀ ਜੀਵਨ-ਜਾਚ, ਰਹਿਣ-ਸਹਿਣ, ਦੈਨਿਕ ਰੁਝੇਵੇਂ, ਵਿਦਿਅਕ ਤੇ ਸਭਿਆਚਾਰਕ ਕਾਰਜ ਕੁਸ਼ਲਤਾਵਾਂ ਨੂੰ ਪ੍ਰਬੰਧਕਾਂ ਵੱਲੋਂ ਆਦਰਸ਼ਮਈ ਬਨਾਉਣ ਲਈ ਪੂਰੇ-ਪੂਰੇ ਯਤਨ ਕੀਤੇ ਜਾਂਦੇ ਹਨ। ਇਹ ਸਭ ਕੁਝ ਅੱਖੀਂ ਵੇਖਣ ਉਪਰੰਤ ਹੀ ਕਿਹਾ ਜਾ ਸਕਦਾ ਹੈ ਕਿ ਬੱਚਿਆਂ ਦਾ ਪਾਲਣ ਪੋਸਣ ਕਿੰਨੇ ਕੁ ਸੁਚੱਜੇ ਤੇ ਉਸਾਰੂ ਢੰਗ ਨਾਲ ਕਰਨ ਲਈ, ਦੀਵਾਨ ਯਤਨਸ਼ੀਲ ਹੈ।

ਗੁਰਬਾਣੀ ਤੋਂ ਸੇਧ ਲੈਂਦਿਆਂ, ਸਾਡਾ ਆਦਰਸ਼ ਇਨ੍ਹਾਂ ਬੱਚਿਆਂ ਨੂੰ ਉੱਤਮ ਖਾਣਾ, ਉੱਤਮ ਬਾਣਾ ਤੇ ਉੱਤਮ ਜੀਵਨਜਾਚ ਮੁਹੱਈਆ ਕਰਨਾ ਹੈ।

ਸੈਂਟਰਲ ਖਾਲਸਾ ਯਤੀਮਖਾਨੇ ਤੋਂ ਇਹ ਬੱਚੇ ਹਰ ਐਤਵਾਰ ਨੂੰ ਨਿਸ਼ਚਿਤ ਸਮੇਂ ਲਈ ਦਰਬਾਰ ਸਾਹਿਬ ਅਤੇ ਗੁਰਦੁਆਰਾ ਸ਼ਹੀਦ ਬਾਬਾ ਦੀਪ ਸਿੰਘ ਜੀ ਵਿਖੇ ਹਾਜ਼ਰੀ ਭਰਦੇ ਹਨ। ਸੰਗਤਾਂ ਦੇ ਦਰਸ਼ਨ ਕਰਦੇ ਹਨ। ਬੜੇ ਜਬਤਮਈ ਢੰਗ ਨਾਲ, ਗੁਰੂ ਘਰ ਵਿਚ ਹਾਜ਼ਰ ਹੋਣ ਵਾਲੀ ਸੰਗਤ ਤੋਂ ਗੁਰੂ ਘਰ ਦੀ ਮਰਯਾਦਾ ਦਾ ਅੱਖੀਂ ਡਿੱਠਾ ਪ੍ਰਭਾਵ ਆਪਣੇ ਜੀਵਨ ਵਿਚ ਸਮਾਉਣ ਦਾ ਯਤਨ ਕਰਦੇ ਹਨ। ਆਸ਼ਰਮ ਦੇ ਕਰਮਚਾਰੀ ਉਨ੍ਹਾਂ ਦੀ ਸੇਵਾ ਸੰਭਾਲ

ਲਈ ਨਾਲ ਹੁੰਦੇ ਹਨ ਤੇ ਇਕ ਗੋਲਕ ਵੀ ਨਾਲ ਰੱਖਦੇ ਹਨ ਜਿਸ ਵਿਚ ਬਿਨਾਂ ਕਿਸੇ ਭੇਦ-ਭਾਵ ਦੇ ਦਾਨੀ, ਇੱਛਾ ਅਨੁਸਾਰ ਸੇਵਾ ਭੇਟਾ ਕਰਦੇ ਹਨ। ਜੋ ਦਾਨੀ ਗੁਰਸਿੱਖ ਆਸ਼ਰਮ ਆਉਣ ਜਾਣ ਦਾ ਸਮਾਂ ਨਾ ਕੱਢ ਸਕਣ, ਉਹ ਵੀ ਆਪਣੀ ਸ਼ਰਧਾ ਅਨੁਸਾਰ ਇਥੇ ਹੀ ਆਪਣੀ ਕਿਰਤ ਕਮਾਈ ਨੂੰ ਸਫਲ ਕਰ ਸਕਦੇ ਹਨ। ਇਸ ਕਾਰਜ ਲਈ ਕਿਸੇ ਕਿਸਮ ਦੀ ਕੋਈ ਪ੍ਰੇਰਨਾ ਨਹੀਂ ਕੀਤੀ ਜਾਂਦੀ।

ਪ੍ਰਕਰਮਾ ਵਿਖੇ ਬੜੇ-ਬੜੇ ਜੀਵਨ ਵਾਲੇ ਮਹਾਂਪੁਰਖ ਗੋਲਕ ਤੇ ਟੋਕਰੀਆਂ ਲੈ ਕੇ ਅਵਾਜ਼ ਲਾ ਕੇ ਸੰਗਤ ਨੂੰ ਦਾਨ ਲਈ ਪ੍ਰੇਰਦੇ ਹਨ ਪਰ ਇਸ ਆਸ਼ਰਮ ਦੇ ਬੱਚੇ ਅਤੇ ਸੇਵਾਦਾਰ ਗੁਰੂ ਮਹਾਰਾਜ ਦੇ ਸਨਮੁੱਖ ਮੱਥਾ ਟੇਕ ਕੇ ਬੈਠਦੇ ਹਨ। ਪਾਠ ਸਿਮਰਨ ਕਰਦੇ ਹਨ। ਸ਼ਬਦ ਗਾਇਨ ਕਰਦੇ ਹਨ ਤੇ ਗੋਲਕ ਦੀ ਸੇਵਾ ਸੰਭਾਲ ਕਰਦੇ ਹਨ। ਗੁਰੂ ਕੇ ਸਿੰਘ ਸਵੈ-ਇੱਛਾ ਨਾਲ ਸੇਵਾ ਕਰਦੇ ਹਨ।

ਇਸ ਸੰਸਥਾ ਵਿਚੋਂ ਪੰਥ ਦੇ ਬੜੇ ਉੱਘੇ ਕੀਰਤਨੀਏ, ਬੜੇ ਸੁਯੋਗ ਲਿਖਾਰੀ, ਬੜੇ ਪ੍ਰਭਾਵਸ਼ਾਲੀ ਪ੍ਰਚਾਰਕ ਸਿੱਖੀ ਸਿਧਾਂਤਾਂ ਦੀ ਕੀਰਤਨ ਰਾਹੀਂ, ਲਿਖਤਾਂ ਰਾਹੀਂ, ਕਥਾ ਤੇ ਲੈਕਚਰਾਂ ਰਾਹੀਂ ਬੜੇ ਭਾਵਪੂਰਤ ਤੇ ਸੁੰਦਰ ਫਰਜ਼ ਨਿਭਾਅ ਰਹੇ ਹਨ। ਆਪ ਜੀ ਨੂੰ ਇਹ ਜਾਣ ਕੇ ਖੁਸ਼ੀ ਹੋਵੇਗੀ ਕਿ ਅੱਜ ਵੀ ਸ੍ਰੀ ਹਰਿਮੰਦਰ ਸਾਹਿਬ, ਗੁਰਦੁਆਰਾ ਸ਼ਹੀਦ ਬਾਬਾ ਦੀਪ ਸਿੰਘ ਅਤੇ ਹੋਰ ਅਨੇਕਾਂ ਹੀ ਗੁਰਦੁਆਰਾ ਸਾਹਿਬ ਵਿਚ ਜਿੰਨੇ ਵੀ ਰਾਗੀ ਹਨ ਉਨ੍ਹਾਂ ਵਿਚੋਂ 70-80 ਫੀਸਦੀ ਇਸ ਆਸ਼ਰਮ ਦੇ ਹੀ ਬੱਚੇ ਹਨ ਜਿਵੇਂ ਕਿ ਸ਼੍ਰੋਮਣੀ ਰਾਗੀ ਭਾਈ ਗੋਪਾਲ ਸਿੰਘ ਜੀ, ਭਾਈ ਗੁਰਮੇਜ ਸਿੰਘ ਜੀ, ਭਾਈ ਕੁਲਦੀਪ ਸਿੰਘ ਜੀ (ਇੰਗਲੈਂਡ), ਭਾਈ ਪੁਸ਼ਪਿੰਦਰ ਸਿੰਘ ਜੀ (ਮਲੇਸ਼ੀਆ), ਭਾਈ ਜਸਬੀਰ ਸਿੰਘ ਜੀ (ਦੋਰਾਹਾ), ਸ: ਦਿਲਬੀਰ ਸਿੰਘ ਜੀ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ), ਸ: ਸਲਵਿੰਦਰ ਸਿੰਘ ਜੀ, ਭਾਈ ਗੁਰਮੇਲ ਸਿੰਘ ਜੀ। ਦੂਰ-ਦੁਰਾਡੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਅਨੇਕਾਂ ਪਾਠੀ, ਗਰੰਥੀ, ਪ੍ਰਚਾਰਕ, ਗੁਰਦੁਆਰਾ ਇੰਸਪੈਕਟਰ ਅਤੇ ਮੈਨੇਜਰ ਇਸੇ ਆਸ਼ਰਮ ਦੀ ਹੀ ਫੁਲਵਾੜੀ ਦੀ ਦੇਣ ਹਨ।

ਇਹ ਪ੍ਰੰਪਰਾ ਸੰਸਥਾ ਦੀ ਹੋਂਦ ਤੋਂ ਲੈ ਕੇ ਅੱਜ ਤੱਕ ਜਾਰੀ ਹੈ। ਅੱਜ ਵੀ ਸ੍ਰੀ ਹਰਿਮੰਦਰ ਸਾਹਿਬ ਤੋਂ ਦੇਸ-ਵਿਦੇਸ਼ ਦੇ ਅਨੇਕਾਂ ਹੀ ਗੁਰਦੁਆਰਿਆਂ ਵਿਚ ਸੈਂਟਰਲ ਖਾਲਸਾ ਯਤੀਮਖਾਨੇ ਤੋਂ ਸਿੱਖਿਅਤ ਰਾਗੀ, ਕਥਾਕਾਰ ਤੇ ਧਾਰਮਕ ਪ੍ਰਚਾਰਕ ਇਸ ਆਸ਼ਰਮ ਦਾ ਨਾਮ ਰੋਸ਼ਨ ਕਰ ਰਹੇ ਹਨ। ਸ੍ਰੀ ਦਰਬਾਰ ਸਾਹਿਬ ਤੇ ਸ਼ਹੀਦ ਬਾਬਾ ਦੀਪ ਸਿੰਘ ਜੀ ਦੇ ਸਥਾਨ 'ਤੇ ਮੱਥਾ ਟੇਕਣ ਗਏ ਬੱਚਿਆਂ 'ਚੋਂ ਜੇ ਕਿਸੇ ਸੱਜਣ ਨੇ ਕਿਸੇ ਬੱਚੇ ਨੂੰ ਮੰਗਦਿਆਂ ਵੇਖਿਆ ਹੈ ਤਾਂ ਉਹ ਕ੍ਰਿਪਾ ਕਰਕੇ ਸੰਸਥਾ ਨੂੰ ਇਸ ਦੀ ਜਾਣਕਾਰੀ ਦੇਣ।

ਬਹੁਤ ਪਹਿਲਾਂ ਇਨ੍ਹਾਂ ਬੱਚਿਆਂ ਨੂੰ ਘਰਾਂ ਵਿਚ ਲਿਜਾ ਕੇ ਲੰਗਰ ਛਕਾਉਣ ਦਾ ਰਿਵਾਜ ਸੀ, ਜਿਸ ਨੂੰ ਅਜੋਕੇ ਪ੍ਰਬੰਧ ਨੇ ਬੰਦ ਕਰ ਦਿੱਤਾ ਹੈ। ਪਤਾ ਨਹੀਂ ਸ਼ਿਕਾਇਤ ਕਰਨ ਵਾਲ਼ੇ ਸੱਜਣ ਨੇ ਜਾਂ ਉਸ ਦੇ ਸਾਥੀਆਂ ਨੇ ਯਤੀਮਖਾਨੇ ਦੀ ਕਦੇ ਕੋਈ ਸਹਾਇਤਾ ਕੀਤੀ ਵੀ ਹੈ ਕਿ ਨਹੀਂ। ਇਹ ਗੱਲ ਆਪ ਜੀ ਕ੍ਰਿਪਾ ਕਰਕੇ ਉਨ੍ਹਾਂ ਤੋਂ ਪੁੱਛ ਲੈਣਾ।

ਸੰਸਥਾ ਵਲੋਂ ਇਹ ਸਨਿਮਰ ਬੇਨਤੀ ਹੈ ਕਿ ਆਪ ਜੀ ਸੰਸਥਾ ਵਿਚ ਹੋ ਰਹੇ ਕੰਮ ਨੂੰ, ਬੱਚਿਆਂ ਦੀ ਰਿਹਾਇਸ਼, ਖੁਰਾਕ, ਪੜ੍ਹਾਈ ਤੇ ਖੇਡਾਂ ਵਿਚ ਰੁਚੀ, ਸਵੱਛ ਵਾਤਾਵਰਣ,

ਜਿਸ ਵਿਚ ਬੱਚੇ ਵਿਚਰਦੇ ਹਨ, ਨੂੰ ਆ ਕੇ ਦੇਖੋ ਤਾਂ ਜੋ ਬੱਚੇ ਆਪ ਦੀਆਂ ਅਸੀਸਾਂ ਨਾਲ ਗੁਰਸਿੱਖੀ ਦੇ ਮਾਰਗ 'ਤੇ ਹੋਰ ਦ੍ਰਿੜ੍ਹਤਾ ਨਾਲ ਚੱਲਣ ਦੀ ਯੋਗਤਾ ਹਾਸਲ ਕਰਨ। ਆਪ ਜੀ ਦੀ ਫੇਰੀ ਬੱਚਿਆਂ ਨੂੰ ਉਤਸ਼ਾਹਤ ਕਰੇਗੀ। ਬੱਚਿਆਂ ਦਾ ਮਨੋਬਲ ਵਧਾਏਗੀ।

ਪੂਰਨ ਆਦਰ ਤੇ ਸਤਿਕਾਰ ਸਹਿਤ।

ਦਾਸ

ਭਾਗ ਸਿੰਘ ਅਣਖੀ (ਆਨਰੇਰੀ ਸਕੱਤਰ)

ਸਿੰਘ ਸਾਹਿਬ ਭਾਈ ਰਣਜੀਤ ਸਿੰਘ ਜੀ,
ਜਥੇਦਾਰ, ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ।

***

***12 ਸਤੰਬਰ 1998***

ਪਰਮ ਸਤਿਕਾਰਯੋਗ ਸਿੰਘ ਸਾਹਿਬ ਜੀਓ
ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਹਿ॥

ਮੇਰੇ ਪ੍ਰੈਸ ਬਿਆਨ 'ਤੇ ਆਪ ਜੀ ਦਾ ਪ੍ਰਤੀਕਰਮ ਪੜ੍ਹ ਕੇ ਹੈਰਾਨੀ ਹੋਈ। ਮੈਨੂੰ ਆਪ ਜੀ ਦੇ ਦਰਸ਼ਨ ਕਰਨ ਦਾ ਪਹਿਲਾਂ ਅਵਸਰ ਤਿਹਾੜ ਜੇਲ੍ਹ ਵਿਚ ਪ੍ਰਾਪਤ ਹੋਇਆ ਸੀ। ਉਸ ਦਿਨ ਤੋਂ ਹੀ ਮੈਂ ਆਪ ਜੀ ਦੇ ਸਿੱਖੀ ਸਿਦਕ ਤੇ ਵਿਸ਼ਵਾਸ ਦਾ ਕਾਇਲ ਹਾਂ। ਆਪ ਜੀ ਵੱਲੋਂ ਕੀਤੇ ਫੈਸਲਿਆਂ 'ਤੇ ਕੋਈ ਟਿੱਪਣੀ ਮੇਰੇ ਪ੍ਰੈਸ ਬਿਆਨ ਵਿਚ ਨਹੀਂ। ਸਿੰਘ ਸਾਹਿਬਾਨ ਦੀ ਨਿਯੁਕਤੀ ਸਮੇਂ ਸਿੱਖ ਸੰਸਥਾਵਾਂ ਨੂੰ ਭਰੋਸੇ ਵਿਚ ਲੈਣ ਦੀ ਰਾਇ ਦਾ ਆਪ ਨੇ ਬੁਰਾ ਮਨਾਇਆ ਸੀ। ਭਾਵੇਂ ਆਪ ਦੀ ਨਿਯੁਕਤੀ ਸਮੇਂ ਚੀਫ ਖਾਲਸਾ ਦੀਵਾਨ ਨੂੰ ਭਰੋਸੇ ਵਿਚ ਨਹੀਂ ਲਿਆ ਗਿਆ ਸੀ ਫਿਰ ਵੀ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਵਜੋਂ ਆਪ ਜੀ ਦੀ ਤਾਜਪੋਸ਼ੀ ਵਿਚ ਚੀਫ ਖਾਲਸਾ ਦੀਵਾਨ ਦੇ ਸੇਵਕ ਪੂਰੀ ਸ਼ਰਧਾ ਨਾਲ ਸ਼ਾਮਲ ਹੋਏ ਸਨ। ਆਪ ਜੀ ਦੀ ਨਿਯੁਕਤੀ ਦਾ ਦੀਵਾਨ ਵਲੋਂ ਅੱਜ ਤਕ ਕੋਈ ਇਤਰਾਜ਼ ਨਹੀਂ ਕੀਤਾ ਗਿਆ। ਮੈਂ ਸਿਰਫ ਪਰੰਪਰਾਵਾਂ ਵੱਲ ਧਿਆਨ ਦਿਵਾਇਆ ਸੀ। ਆਪ ਨੇ ਯਤੀਮਖਾਨੇ ਦੇ ਬੱਚਿਆਂ ਤੇ ਸੇਵਾਦਾਰਾਂ ਨੂੰ ਪ੍ਰਕਰਮਾ ਵਿਚੋਂ ਕੱਢ ਦਿੱਤਾ ਸੀ।

ਦਾਸ ਅਤੇ ਸ: ਭਾਗ ਸਿੰਘ ਅਣਖੀ ਨੇ ਆਪ ਨੂੰ ਯਤੀਮਖਾਨੇ ਵਿਚ ਦਰਸ਼ਨ ਦੇਣ ਦੀ ਬੇਨਤੀ ਕੀਤੀ ਸੀ ਤਾਂ ਜੋ ਆਪ ਦੇਖ ਸਕੋ ਕਿ ਬੱਚੇ ਹੀਣਤਾਗ੍ਰਸਤ ਹਨ ਜਾਂ ਚੜ੍ਹਦੀਕਲਾ ਵਿਚ। ਆਪ ਨੇ ਨਾ ਦਰਸ਼ਨ ਦਿੱਤੇ ਅਤੇ ਨਾ ਹੀ ਜੁਆਬ। ਆਪ ਜੀ ਦੇ ਫੈਸਲੇ ਤੋਂ ਪਹਿਲਾਂ ਦੀਵਾਨ ਨੂੰ ਕਦੇ ਵਿਚਾਰ ਵਟਾਂਦਰੇ ਵਾਸਤੇ ਬੁਲਾਇਆ ਹੀ ਨਹੀਂ ਗਿਆ। ਆਪ ਦੇ ਇਸ ਐਕਸ਼ਨ ਨਾਲ ਯਤੀਮਖਾਨੇ ਨੂੰ 12,00,000 ਰੁਪਏ (ਬਾਰਾਂ ਲੱਖ ਰੁਪਏ) ਦੇ ਨੇੜੇ-ਤੇੜੇ ਸਾਲਾਨਾ ਨੁਕਸਾਨ ਹੋਇਆ ਹੈ ਜੋ ਦੀਵਾਨ ਨੇ ਚੁੱਪ ਕਰਕੇ ਬਰਦਾਸ਼ਤ ਕਰ ਲਿਆ ਹੈ। ਆਨਰੇਰੀ ਸਕੱਤਰ ਦੀ ਚਿੱਠੀ ਚੇਤਾ ਕਰਵਾਉਣ ਲਈ ਇਸ ਪੱਤਰ ਨਾਲ ਸ਼ਾਮਲ ਹੈ। ਮੈਂ ਅੱਜ ਫੇਰ ਅਰਜ਼ ਕਰਦਾ ਹਾਂ ਕਿ ਜਦੋਂ ਯਤੀਮਖਾਨੇ ਦਰਸ਼ਨ ਦੇਣ ਦਾ ਫੈਸਲਾ ਆਪ ਜੀ ਕਰੋਗੇ ਦੀਵਾਨ ਦੇ ਸੇਵਕ ਸੁਆਗਤ ਕਰਨਗੇ। ਸ੍ਰੀ ਅਕਾਲ ਤਖ਼ਤ ਸਾਹਿਬ ਦੀ ਜਥੇਦਾਰੀ ਬੜੀ ਪੁਰ-ਵਕਾਰ ਸੇਵਾ ਹੈ।

ਹਰ ਸਿੱਖ ਅਰਦਾਸ ਕਰਦਾ ਹੈ ਕਿ ਜਥੇਦਾਰ ਸਾਹਿਬਾਨ ਦੇ ਸੁਭਾਅ ਤੇ ਨੂਰੀ

ਨੁਹਾਰ ਵਿਚੋਂ ਤਖਤਾਂ ਦੀਆਂ ਸ਼ਾਨਦਾਰ ਰਵਾਇਤਾਂ ਦੀ ਮੂੰਹ ਬੋਲਦੀ ਤਸਵੀਰ ਨਜ਼ਰ ਆਵੇ। ਮੇਰੇ ਪ੍ਰੈਸ ਬਿਆਨ 'ਤੇ ਆਪ ਦਾ ਪ੍ਰਤੀਕਰਮ ਦੀਵਾਨ ਨਾਲ ਤੇ ਮੇਰੇ ਨਾਲ ਇਨਸਾਫ ਨਹੀਂ। ਯਤੀਮਖਾਨੇ ਦੇ ਬੱਚਿਆਂ ਵਾਲੇ ਐਕਸ਼ਨ ਤੋਂ ਪਹਿਲਾਂ ਸਾਡਾ ਪੱਖ ਸੁਣਨਾ ਕਿਉਂ ਜ਼ਰੂਰੀ ਨਹੀਂ ਸੀ, ਇਸ ਦੀ ਜਾਣਕਾਰੀ ਚੀਫ ਖਾਲਸਾ ਦੀਵਾਨ ਨੂੰ ਹੋਣੀ ਚਾਹੀਦੀ ਹੈ। ਇਸ ਮੁਆਮਲੇ 'ਤੇ ਵਿਚਾਰ ਕਰਨੀ ਜੇ ਤੁਸੀਂ ਪਸੰਦ ਕਰੋ ਤਾਂ ਦੀਵਾਨ ਦੇ ਸੇਵਕਾਂ ਨੂੰ ਬੜੀ ਤਸੱਲੀ ਹੋਵੇਗੀ।

ਇਕ ਵਾਰ ਫਿਰ ਅਰਜ਼ ਕਰਦਾ ਹਾਂ ਕਿ ਸੈਂਟਰਲ ਖਾਲਸਾ ਯਤੀਮਖਾਨੇ ਵਿਚ ਰਹਿ ਰਿਹਾ ਜਾਂ ਜੁਆਨ ਹੋ ਕੇ ਬਾਹਰ ਜਾ ਚੁੱਕਾ ਕੋਈ ਬੱਚਾ ਮੰਗ ਕੇ ਰੋਟੀ ਨਹੀਂ ਖਾਂਦਾ। ਆਪ ਜੀ ਨੂੰ ਠੀਕ ਤਸਵੀਰ ਨਹੀਂ ਦੱਸੀ ਗਈ।

ਇਸ ਪੱਤਰ ਦੇ ਜੁਆਬ ਦੀ ਉਡੀਕ ਵਿਚ।

ਗੁਰੂ ਪੰਥ ਦਾ ਦਾਸ,
*ਕਿਰਪਾਲ ਸਿੰਘ*
ਪ੍ਰਧਾਨ।

ਸਿੰਘ ਸਾਹਿਬ ਭਾਈ ਰਣਜੀਤ ਸਿੰਘ ਜੀ,
ਜਥੇਦਾਰ, ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ।

■

## ਗ੍ਰੰਥੀ ਆਤਮਾ ਸਿੰਘ

ਭਾਈ ਹਰਜਿੰਦਰ ਸਿੰਘ ਜਿੰਦੇ ਦਾ ਨਾਨਾ ਬਾਪੂ ਦਰਸ਼ਨ ਸਿੰਘ ਵੀ ਤਿਹਾੜ ਜੇਲ੍ਹ ਦਿੱਲੀ ਵਿਚ ਸਨ। ਜੇਲ੍ਹ ਦੀ ਜਿੰਦਗੀ ਬੜੀ ਅਕੇਵਿਆਂ ਭਰੀ ਹੁੰਦੀ ਹੈ ਤੇ ਫਿਰ ਬਾਪੂ ਜੀ ਦੀ ਉਮਰ ਵੀ ਨੱਬੇ ਸਾਲ ਤੋਂ ਘੱਟ ਨਹੀਂ ਸੀ। ਪਿੰਡ ਤੇ ਉਨ੍ਹਾਂ ਦਾ ਬਲੱਡ ਪ੍ਰੈਸ਼ਰ ਠੀਕ ਹੀ ਸੀ ਪਰ ਏਥੇ ਜੇਲ੍ਹ ਵਿਚ ਕਈ ਵਾਰ ਵੱਧ ਹੋ ਜਾਂਦਾ ਸੀ। ਸ: ਕਰਤਾਰ ਸਿੰਘ ਨਾਰੰਗ ਵੀ ਸਾਡੇ ਵਾਲੇ ਬੀ ਕਲਾਸ ਵਾਰਡ ਵਿਚ ਹੀ ਸਨ। ਸ਼ਾਮ ਨੂੰ ਜਦੋਂ ਅਸੀਂ ਸਾਰੇ ਰਹਿਰਾਸ ਦਾ ਪਾਠ ਕਰਦੇ ਤਾਂ ਕਈ ਵਾਰ ਸ: ਨਾਰੰਗ ਅਰਦਾਸ ਕਰਦੇ। ਉਨ੍ਹਾਂ ਦੀ ਅਰਦਾਸ ਉਹ ਹੀ ਸੀ ਜੋ ਸ਼੍ਰੋਮਣੀ ਕਮੇਟੀ ਵਲੋਂ ਮਨਜੂਰ ਸੀ। ਨਾਰੰਗ ਸਾਹਿਬ ਉਸ ਤੋਂ ਇਕ ਅੱਖਰ ਵੀ ਅੱਗੇ-ਪਿੱਛੇ ਨਹੀਂ ਸਨ ਹੁੰਦੇ। ਪਰ ਜਿੱਦਣ ਕਿਤੇ ਸਾਡੇ ਸਾਰਿਆਂ ਦੇ ਬਹੁਤਾ ਜੋਰ ਪਾਉਣ 'ਤੇ ਬਾਪੂ ਦਰਸ਼ਨ ਸਿੰਘ ਹੋਰੀਂ ਅਰਦਾਸ ਕਰਦੇ ਤਾਂ ਉਨ੍ਹਾਂ ਦੀ ਤੇ ਨਾਰੰਗ ਸਾਹਿਬ ਦੀ ਅਰਦਾਸ ਦਾ ਜਮੀਨ-ਅਸਮਾਨ ਦਾ ਫਰਕ ਹੁੰਦਾ। ਬਾਪੂ ਜੀ ਪ੍ਰਿਥਮ ਭਗਾਉਤੀ ਸਿਮਰ ਕੇ ਤੋਂ ਥੋੜ੍ਹਾ ਹੀ ਅੱਗੇ ਜਾਂਦੇ ਤਾਂ ਫਿਰ ਅਰਦਾਸ ਵੀ ਉਨ੍ਹਾਂ ਦੀ ਆਪਣੀ ਹੀ ਹੋ ਜਾਂਦੀ। ਕਈ ਵਾਰ ਤਾਂ ਉਹ ਜੇਲ੍ਹ ਵਾਲਿਆਂ ਦੀ ਆਪਣੇ ਨਾਲ ਹੁੰਦੀ ਜਿਆਦਤੀ ਦਾ ਪ੍ਰਮਾਤਮਾ ਨਾਲ਼ ਜ਼ਿਕਰ ਕਰਦਿਆਂ ਕਰਦਿਆਂ ਉਨ੍ਹਾਂ ਦੀ ਧੀ ਦੀ ਭੈਣ ਦੀ ਵੀ ਇਕ ਕਰ ਦੇਂਦੇ ਤੇ ਫੇਰ ਕਿਤੇ-ਕਿਤੇ ਵਿਚ ਵਿਚ ਵਾਹਿਗੁਰੂ ਨੂੰ ਵੀ ਪੈ ਜਾਂਦੇ ਤੇ ਅਰਦਾਸ ਵਿਚ ਹੀ ਕਹਿੰਦੇ "ਜੇ ਉਹ ਕੁੜੀ.....ਸਾਡੇ ਨਾਲ ਜੁਲਮ ਕਰਦੇ ਆ ਤੇ ਤੂੰ ਕਿਹੜਾ ਘੱਟ ਆਂ।" ਕਈ ਵਾਰ ਜਦੋਂ ਉਹ ਪ੍ਰਮਾਤਮਾ ਨਾਲ ਜ਼ਿਆਦਾ ਹੀ ਗਿਲ੍ਹਾ ਕਰਦੇ ਤਾਂ ਕਹਿੰਦੇ "ਚੰਗਾ, ਲੈ ਲਵੀਂ ਡੋਕੇ ਤੂੰ ਵੀ ਉਨ੍ਹਾਂ ਘੋਨ ਸਿਰਿਆਂ ਕੋਲੋਂ ਈ, ਦੇਣਗੇ ਤੈਨੂੰ ਬੂਰੀ ਚੋ ਕੇ, ਤੂੰ ਜਿਹੜਾ ਉਨ੍ਹਾਂ ਦੇ ਆਖੇ ਲੱਗ ਕੇ ਸਾਡੇ ਨਾਲ ਢਿੱਡ ਅੜੀਆਂ ਲੈਣ ਡਿਹਾਂ ਆ ਨਾ ਲੱਗੂ ਤੈਨੂੰ ਪਤਾ ਪਈ ਬਗਾਨੇ ਕਿਹੜੇ ਆ ਤੇ ਤੇਰੇ ਨਾਲਦੇ ਕਿਹੜੇ ਆ।"

ਬਾਪੂ ਜੀ ਸਿੱਖਾਂ ਨੂੰ ਵਾਹਿਗੁਰੂ ਦੇ ਨਾਲਦੇ ਸਮਝਦੇ ਸਨ ਤੇ ਉਨ੍ਹਾਂ ਦਾ ਖਿਆਲ ਸੀ ਕਿ ਘੋਨ-ਸਿਰਿਆਂ ਦੇ ਢਹੇ ਚੜ੍ਹ ਕੇ ਅੱਜਕਲ੍ਹ ਇਹ ਸਿੱਖਾਂ ਦੀ ਗੱਲ ਨਹੀਂ ਸੁਣਦਾ। ਇਸ ਤਰ੍ਹਾਂ ਜੋ ਗੱਲ ਉਨ੍ਹਾਂ ਦੇ ਮਨ ਵਿਚ ਹੁੰਦੀ ਅਰਦਾਸ ਕਰਦਿਆਂ ਝੱਟ ਉਨ੍ਹਾਂ ਦੀ ਜਬਾਨ 'ਤੇ ਆ ਜਾਂਦੀ। ਬਾਪੂ ਜੀ ਵਾਹਿਗੁਰੂ ਜਾਂ ਪ੍ਰਮਾਤਮਾ ਲਈ ਜੀ, ਤੁਸੀਂ ਜਾਂ ਤੁਹਾਡਾ ਵਰਗਾ ਕੋਈ ਸ਼ਬਦ ਨਹੀਂ ਸਨ ਵਰਤਦੇ ਤੇ ਅਰਦਾਸ ਕਰਦਿਆਂ ਇਸ ਲਹਿਜੇ ਵਿਚ ਗੱਲਾਂ ਕਰਦੇ ਜਿਵੇਂ ਛੋਟੇ ਹੁੰਦੇ ਵਾਹਿਗੁਰੂ ਨਾਲ ਗੁੱਲੀ-ਡੰਡਾ ਖੇਡਦੇ ਰਹੇ ਹੋਣ। ਅਰਦਾਸ ਕਰਦਿਆਂ-ਕਰਦਿਆਂ ਬਾਪੂ ਜੀ ਵਿਚ-ਵਿਚ ਇਹ ਵੀ ਕਹਿ ਦੇਂਦੇ ਓਏ ਵਾਹਿਗੁਰੂ ਸਾਡੀ ਗੱਲ ਦਾ ਗੁੱਸਾ ਨਾ ਕਰਿਆ ਕਰ ਤੇਰੇ ਬਿਨਾਂ ਸਾਡਾ ਹੋਰ ਕੌਣ ਆ, ਤੈਨੂੰ ਨਾ ਆਖੀਏ ਤੇ ਹੋਰ ਕੀਹਨੂੰ ਆਖੀਏ ਏਸ ਪ੍ਰਦੇਸ ਵਿਚ। ਕਈ ਵਾਰ ਤਾਂ ਇਸ ਤਰ੍ਹਾਂ ਦੀ ਅਰਦਾਸ ਸੁਣ ਕੇ ਨਾਰੰਗ ਸਾਹਿਬ ਦੋਹਾਂ ਹੱਥਾਂ ਨਾਲ ਆਪਣਾ ਸਿਰ ਫੜ ਲੈਂਦੇ ਤੇ ਫੇਰ ਕਹਿੰਦੇ "ਮੈਂ ਤਾਂ ਫਸ ਗਿਆ ਇਨ੍ਹਾਂ ਪੇਂਡੂਆਂ

ਜਿਹਾਂ ਵਿਚ।" ਕਈ ਵਾਰ ਤਾਂ ਉਹ ਅਰਦਾਸ ਹੁੰਦੀ ਛੱਡ ਕੇ ਆਪਣੇ ਬਿਸਤਰੇ 'ਤੇ ਚਲੇ ਜਾਂਦੇ ਤੇ ਵੱਖਰੀ ਅਰਦਾਸ ਕਰਨ ਲੱਗ ਪੈਂਦੇ ਪਰ ਅੱਠ ਦਸ ਸਿੱਖ ਬਾਪੂ ਜੀ ਦੀ ਅਰਦਾਸ ਪੂਰੇ ਮਘਨ ਹੋ ਕੇ ਸੁਣਦੇ। ਦਿੱਲੀ ਵਿਚ ਗਰਮੀ ਪੰਜਾਬ ਨਾਲੋਂ ਵੱਧ ਪੈਂਦੀ ਹੈ ਤੇ ਉਹ ਸਾਲ ਵੀ ਸੋਕੇ ਦਾ ਸੀ। ਦੋ ਤਿੰਨ ਦਿਨਾਂ ਤੋਂ ਬੱਦਲ ਤਾਂ ਬਹੁਤ ਹੁੰਦੇ ਸਨ ਤੇ ਬਿਜਲੀ ਚਮਕਦੀ ਤੇ ਬੱਦਲ ਗਰਜਦੇ ਵੀ ਸਨ ਪਰ ਮੀਂਹ ਨਹੀਂ ਸੀ ਪੈਂਦਾ। ਸ਼ਾਮ ਨੂੰ ਬਾਪੂ ਜੀ ਅਰਦਾਸ ਕਰ ਰਹੇ ਸਨ ਕਿ ਜ਼ੋਰ ਨਾਲ ਬੱਦਲ ਗੱਜਿਆ ਤੇ ਬਿਜਲੀ ਕੜਕੀ। ਬਾਪੂ ਜੀ ਦਾ ਧਿਆਨ ਓਧਰ ਚਲਿਆ ਗਿਆ ਤੇ ਬਾਹਰ ਬੱਦਲਾਂ ਵੱਲ ਵੇਖ ਕੇ ਕਹਿਣ ਲੱਗੇ, "ਓਏ ਪਤੰਦਰਾ ਪਾ ਵੀ ਦੇ ਹੁਣ ਚਾਰ ਛਿੱਟਾਂ ਪਰਸੋਂ ਦੀਆਂ ਬੈਟਰੀਆਂ ਜਹੀਆਂ ਮਾਰੀ ਜਾਨੈਂ। ਕਿਦਾਂ ਉਧੜ ਧੁੰਮੀ ਚੁੱਕੀ ਆ ਪਰਸੋਂ ਦੀ, ਆਉਂਦਾ ਤਾਂ ਤੂੰ ਬੜਾ ਹੱਲੇ ਕਰ ਕਰ ਕੇ ਆਂ ਤੇ ਚਾਰ ਛਿੱਟਾਂ ਪਾਉਣ ਲਗਿਆਂ ਤੈਨੂੰ ਸਾਹ ਚੜ੍ਹ ਜਾਂਦਾ ਆ।" ਕੁਦਰਤ ਵਲੋਂ ਈ ਐਸਾ ਕ੍ਰਿਸ਼ਮਾ ਹੋਇਆ ਪਈ ਪੰਡਾਂ ਦੀਆਂ ਪੰਡਾਂ ਮੀਂਹ ਇਕੱਠਾ ਈ ਡਿੱਗ ਪਿਆ ਤੇ ਫਿਰ ਤਿੰਨ ਚਾਰ ਦਿਨ ਲਗਾਤਾਰ ਮੋਹਲੇ ਧਾਰ ਮੀਂਹ ਪੈਂਦਾ ਰਿਹਾ। ਦਿੱਲੀ, ਪੰਜਾਬ, ਹਰਿਆਣਾ ਵਿਚ ਜਲ-ਥਲ ਹੋ ਗਈ। ਅਸੀਂ ਨਾਰੰਗ ਸਾਹਿਬ ਨੂੰ ਕਿਹਾ, "ਵੇਖ ਲੌ ਏਹਨੂੰ ਆਂਹਦੇ ਜੇ ਅਰਦਾਸ।"

ਏਸੇ ਤਰ੍ਹਾਂ ਹੀ ਸਾਡੇ ਪਿੰਡ ਇਕ ਗ੍ਰੰਥੀ ਸੀ। ਕੱਪੜੇ ਤੇ ਉਹ ਸਧਾਰਨ ਈ ਕੁੜਤਾ ਪਜਾਮਾ ਪਾਉਂਦਾ ਸੀ ਪਰ ਸਾਰੇ ਪਿੰਡ ਵਾਲੇ ਉਹਨੂੰ ਨਿਹੰਗ ਈ ਕਹਿੰਦੇ ਸਨ। ਸੱਠ ਕੁ ਸਾਲ ਦਾ ਉਹ ਭਾਈ ਵੀ ਸ਼੍ਰੋਮਣੀ ਕਮੇਟੀ ਵਾਲੀ ਅਰਦਾਸ ਘੱਟ ਹੀ ਕਰਦਾ ਸੀ ਤੇ ਬਾਪੂ ਦਰਸ਼ਨ ਸਿੰਘ ਵਾਂਗ ਉਹਦੀ ਅਰਦਾਸ ਵੀ ਕੁਝ ਲੰਮੀ ਹੁੰਦੀ ਸੀ। ਕਿਤੇ ਵਿਆਹ-ਸ਼ਾਦੀ ਦੀ ਅਰਦਾਸ ਹੁੰਦੀ ਤਾਂ ਉਹ ਧੇਤਿਆਂ-ਪਤੇਤਿਆਂ ਦੇ ਨਾਂਅ ਕਾਗਜ 'ਤੇ ਲਿਖੇ ਹੋਏ ਨਹੀਂ ਸੀ ਪੜ੍ਹਦਾ। ਅਰਦਾਸ ਕਰਨ ਲਗਦਾ ਉੱਚੀ ਸਾਰੀ ਪੁੱਛਦਾ ਓਏ ਘਰ ਵਾਲਿਓ ਕੀ ਨਾਂਅ ਜੇ ਬਈ ਬੀਬੀ ਦਾ। ਘਰ ਵਾਲੇ ਨਾਂਅ ਦਸਦੇ। ਉਹ ਕਹਿ ਦੇਂਦਾ ਸਤਿਗੁਰੂ ਬੀਬੀ ਸੁਰਿੰਦਰ ਕੌਰ ਦਾ ਅਨੰਦ ਕਾਰਜ.....ਤੇ ਫਿਰ ਬਰਾਤ ਵਾਲਿਆਂ ਵੱਲ ਮੂੰਹ ਕਰਕੇ ਪੁੱਛਦਾ, "ਜਾਂਞੀਓ ਕਾਕੇ ਦਾ ਨਾਂਅ ਦੱਸੋ ਪਈ ਓਏ" ਤੇ ਇਸ ਤਰ੍ਹਾਂ ਪੁੱਛ ਪੁੱਛ ਕੇ ਉਹ ਅਰਦਾਸ ਮੁਕੰਮਲ ਕਰ ਦੇਂਦਾ। ਪਿੰਡ ਵਿਚ ਉਹ ਹਰ ਕਿਸੇ ਦੀ ਦੁਖ ਤਕਲੀਫ ਵਿਚ ਮੋਹਰੀ ਹੁੰਦਾ ਸੀ, ਇਸ ਲਈ ਲੋਕ ਉਹਦੀਆਂ ਏਹੋ ਜਹੀਆਂ ਗੱਲਾਂ ਦਾ ਬੁਰਾ ਨਹੀਂ ਸੀ ਮਨਾਉਂਦੇ। ਨਿਹੰਗ ਮੂੰਹਫੱਟ ਵੀ ਬੜਾ ਸੀ। ਇਕ ਦਿਨ ਸਾਡੇ ਪਿੰਡ ਦੇ ਮਹਿੰਗਾ ਸਿੰਘ ਨੇ ਜਿਹੜਾ ਚੋਰੀ-ਚਕਾਰੀ ਤੇ ਠੱਗੀ ਠੋਰੀ ਨੂੰ ਵੀ ਮਾੜਾ ਮੋਟਾ ਹੱਥ ਮਾਰ ਲੈਂਦਾ ਸੀ, ਨੇ ਭਾਈ ਜੀ ਨੂੰ ਵੀਹ ਰੁਪਈਏ ਦੇ ਕੇ ਕਿਹਾ ਕਿ ਜਦੋਂ ਅਰਦਾਸ ਕਰੋਗੇ ਤਾਂ ਉਹਦੇ ਵੀਹਾਂ ਰੁਪਈਆਂ ਦੀ ਵੀ ਅਰਦਾਸ ਕਰ ਦੇਣੀ। ਭਾਈ ਜੀ ਨੇ ਬਾਕੀ ਲੋਕਾਂ ਦੀਆਂ ਅਰਦਾਸਾਂ ਤਾਂ ਕਰ ਦਿੱਤੀਆਂ ਪਰ ਮਹਿੰਗਾ ਸਿੰਘ ਦਾ ਚੇਤਾ ਭੁੱਲ ਗਿਆ। ਭਾਈ ਅਜੇ ਅਰਦਾਸ ਕਰ ਹੀ ਰਿਹਾ ਸੀ ਕਿ ਮਹਿੰਗਾ ਸਿੰਘ ਨੇ ਇਸ਼ਾਰਾ ਕਰਕੇ ਆਪਣੀ ਅਰਦਾਸ ਦਾ ਚੇਤਾ ਕਰਵਾਇਆ। ਭਾਈ ਜੀ ਨੇ ਕਿਹਾ, "ਸਤਿਗੁਰੂ ਇਕ ਹੋਰ ਪ੍ਰੇਮੀ ਸਿੱਖ ਨੇ ਵੀਹ ਦਮੜੇ ਅਰਦਾਸ ਕਰਾਈ ਹੈ ਖਜਾਨੇ ਭਰਪੂਰ ਰੱਖੀਂ।" ਮਹਿੰਗਾ ਸਿੰਘ ਨੇ ਉੱਚੀ ਸਾਰੀ ਕਿਹਾ, "ਭਾਈ ਜੀ ਮੇਰਾ ਨਾਂਅ ਵੀ ਲੈ ਦਿਓ। ਸਤਿਗੁਰੂ ਜੀ ਆਂਹਦਾ ਜੇ ਇਹਦਾ ਨਾਂਅ ਵੀ ਤੁਹਾਨੂੰ ਦਸਾਂ ਇਹਨੂੰ ਪੁਛੋ ਪਈ" "ਡਾਕੀਏ ਤੋਂ ਲੈ ਕੇ ਠਾਣੇ ਵਾਲਿਆਂ ਤਕ ਕਿਹੜਾ ਨਹੀਂ ਇਹਨੂੰ ਜਾਣਦਾ ਤੇ ਵਾਹਿਗੁਰੂ ਨਾਲ ਕਿਹੜਾ ਤੂੰ ਘੱਟ ਪੰਗੇ ਲੈਨਾਂ ਉਹ ਵੀ ਤੈਨੂੰ ਬਥੇਰਾ ਜਾਣਦਾ।"

ਕਹਿ ਕੇ ਭਾਈ ਜੀ ਨੇ ਅਰਦਾਸ ਖਤਮ ਕਰ ਦਿੱਤੀ।

ਇਕ ਵਾਰ ਮਹਿੰਗਾ ਸਿੰਘ ਨੇ ਗੁਰਦੁਆਰੇ ਦਾ ਲੋਹੇ ਦਾ ਗਾਡਰ ਚੁੱਕ ਕੇ ਕਬਾੜੀਆਂ ਨੂੰ ਵੇਚ ਦਿੱਤਾ ਸੀ। ਨਿਹੰਗ ਨੇ ਤਰੀਕੇ ਨਾਲ ਉਹ ਗੱਲ ਵੀ ਮਹਿੰਗਾ ਸਿੰਘ ਨੂੰ ਰੜਕਾ ਦਿੱਤੀ। ਨਿਹੰਗ ਮੁੰਡਾ ਜੰਮੇ ਦੀ, ਬੱਚੇ ਦੇ ਪਾਸ ਹੋਏ ਦੀ, ਮੱਝ ਸੂਈ ਦੀ, ਸਾਰੀ ਅਰਦਾਸ ਘਰਦਿਆਂ ਨੂੰ ਪੁੱਛ-ਪੁੱਛ ਕੇ ਈ ਕਰਦਾ ਹੁੰਦਾ ਸੀ। ਜੇ ਕਿਸੇ ਨੇ ਹੌਲੀ ਬੋਲਣਾ ਤੇ ਨਿਹੰਗ ਨੂੰ ਨਾ ਸੁਣਨਾ ਤਾਂ ਉਹਨੇ ਉੱਚੀ ਸਾਰੀ ਕਹਿਣਾ ਓਏ ਉੱਚੀ ਕੂ ਖਾਂ ਤੈਨੂੰ ਨਾਂਅ ਦੱਸਣ ਲੱਗੇ ਨੂੰ ਈ ਤੇ ਨਹੀਂ ਕੋਈ ਫੜ ਕੇ ਲੈ ਚੱਲਿਆ। ਜੇ ਕੋਈ ਦੂਰ ਖਲੋਤਾ ਹੋਣਾ ਤਾਂ ਉਹਨੇ ਕਹਿਣਾ, "ਏਧਰ ਨੇੜੇ ਆ ਜਾ ਖਾਂ ਓਥੇ ਪਰ੍ਹਾਂ ਖਲੋਤਾ ਆਂ ਲੋਹੜੀ ਮੰਗਣ ਵਾਲਿਆਂ ਵਾਂਗ।" ਇਕ ਵਾਰ ਕਿਸੇ ਦੀ ਮੱਝ ਗਵਾਚ ਗਈ ਤੇ ਉਹਨੇ ਕਿਹਾ ਭਾਈ ਜੀ ਅਰਦਾਸ ਕਰ ਦਿਓ, ਮੇਰੀ ਗਰੀਬ ਦੀ ਮੱਝ ਲਵੇਗੀ, ਰਾਤ ਦੀ ਖਵਰਿਆ ਖੁੱਲ੍ਹ ਕੇ ਕਿਤੇ ਚਲੀ ਗਈ ਆ ਕਿ ਕੋਈ ਖੋਹਲ ਕੇ ਲੈ ਗਿਆ ਆ। ਨਿਹੰਗ ਸਿੰਘ ਨੇ ਅਰਦਾਸ ਕੀਤੀ, "ਵਾਹਿਗੁਰੂ, ਆ ਫਲਾਣਾ ਸੁੰਹ ਆਂਹਦਾ ਈ ਮੇਰੀ ਮੱਝ ਲਭਾ ਦੇ ਨਾਲੇ ਆਂਹਦਾ ਈ ਪਈ ਮੈਂ ਗਰੀਬ ਆਂ।" ਫਿਰ ਅਰਦਾਸ ਕਰਦਾ ਕਰਦਾ ਈ ਉਹਨੂੰ ਕਹਿਣ ਲੱਗਾ, "ਕਿਤੇ ਦੂਰ ਨੇੜੇ ਜਾ ਕੇ ਲੱਭ ਨਿਰਾ ਅਰਦਾਸ 'ਤੇ ਈ ਨਾ ਰਵੀਂ।" ਏਸੇ ਤਰ੍ਹਾਂ ਈ ਜੇ ਕੋਈ ਬਿਮਾਰ ਹੁੰਦਾ ਤਾਂ ਉਹਨੂੰ ਅਰਦਾਸ ਕਰਦਾ-ਕਰਦਾ ਈ ਸਲਾਹ ਦੇਂਦਾ, "ਕਿਸੇ ਚੰਗੇ ਜਹੇ ਡਾਕਟਰ ਕੋਲ ਜਾਹ, ਕਾਂਬੇ ਦਾ ਬੁਖਾਰ ਕੁਨੀਨ ਨਾਲ ਹਟਣਾ ਈ।" ਕਈ ਵਾਰ ਨਿਹੰਗ ਨੇ ਅੰਤਰਧਿਆਨ ਹੋ ਕੇ ਅਰਦਾਸ ਕਰਦਿਆਂ ਕਹਿਣਾ "ਵਾਹਿਗੁਰੂ ਤੂੰ ਵੀ ਧੰਨ ਈ ਆਂ, ਜਿਹੜਾ ਮੇਰੇ ਵਰਗਿਆਂ ਦੀ ਬਕੜਵਾਹ ਸੁਣਦਾ ਰਹਿੰਨੈ ਏਂ ਅਕਦਾ ਨਹੀਂ।" ਇਕ ਵਾਰ ਨਾਲ ਦੇ ਪਿੰਡ ਕਿਸੇ ਦੀ ਕੁੜੀ ਦਾ ਵਿਆਹ ਸੀ। ਗ੍ਰੰਥੀ ਨੇ ਗਲਤੀ ਤੇ ਕਾਹਲੀ-ਕਾਹਲੀ ਵਿਚ ਤਿੰਨ ਲਾਵਾਂ ਹੀ ਪੜ੍ਹ ਕੇ ਅਨੰਦ ਕਾਰਜ ਕਰਵਾ ਦਿੱਤਾ। ਪਿੰਡ ਦੇ ਕਈ ਬੰਦੇ ਨਿਹੰਗ ਕੋਲ ਆਏ ਤੇ ਉਲਾਹਮਾ ਦਿੱਤਾ ਭਾਈ ਜੀ ਤੁਸਾਂ ਜਿਹੜਾ ਗ੍ਰੰਥੀ ਘਲਿਆ ਸੀ ਉਹਨੇ ਆ ਕਰਤੂਤ ਕੀਤੀ ਜੇ। ਨਿਹੰਗ ਨੇ ਬੜੇ ਸਹਿਜ ਭਾਅ ਨਾਲ ਕਿਹਾ, "ਗੱਲ ਇਹ ਜੇ ਬਈ ਸਜਣੋ ਜੇ ਦਾਤੇ ਦੀ ਮਿਹਰ ਹੋਈ ਤੇ ਬੀਬੀ ਨੇ ਵਸਣਾ ਹੋਇਆ ਫੇਰ ਤੇ ਤਿੰਨਾਂ ਲਾਵਾਂ ਨਾਲ ਵੀ ਵੱਸ ਪੈਣੀ ਜੇ ਨਹੀਂ ਤੇ ਕਈ ਚੌਂਹ ਲਾਵਾਂ ਵਾਲੀ ਵੀ ਨਹੀਂ ਵਸਦੀ। ਇਹ ਤੇ ਗੁਰੂ ਨੇ ਮਿਹਰ ਕੀਤੀ ਆ ਨਹੀਂ ਤੇ ਪਹਿਲੇ ਜਮਾਨੇ ਵਿਚ ਅੱਗ ਨਾਲ ਈ ਭੁਆਂਟਣੀਆਂ ਦੇ ਦੇਂਦੇ ਹੁੰਦੇ ਸੀ। ਓਦੋਂ ਵੀ ਵਸਦੀਆਂ ਈ ਸੀ। ਬਸ ਚੁੱਪ ਕਰਕੇ ਘਰਾਂ ਨੂੰ ਜਾਓ ਤੇ ਇਸ ਗੱਲ ਦੀ ਧੁਖ ਨਾ ਕਢੋ ਵਾਹਿਗੁਰੂ ਭਲੀ ਕਰੂ।' ਉਸ ਭਾਈ ਦੀ ਇਕ ਗੱਲ ਪੱਕੀ ਸੀ, ਉਹਦੀ ਅਰਦਾਸ ਸਿਰਫ ਪਰਮ ਪਿਤਾ ਅਕਾਲਪੁਰਖ ਅੱਗੇ ਹੀ ਹੁੰਦੀ ਸੀ। ਕਿਸੇ ਸਾਧ ਸੰਤ ਜਾਂ ਹੋ ਚੁੱਕੇ ਕਿਸੇ ਪੀਰ ਫਕੀਰ ਔਲੀਏ ਦਾ ਨਾਂਅ ਅਰਦਾਸ ਦੇ ਨੇੜੇ ਨਹੀਂ ਸੀ ਲਿਆਉਂਦਾ। ਵਾਹਿਗੁਰੂ ਨੂੰ ਉਹ ਆਪਣਾ ਮਿਹਰਵਾਨ ਤੇ ਰਖਵਾਲਾ ਸਮਝਦਾ ਸੀ ਤੇ ਓਸੇ ਦਾ ਹੀ ਓਟ ਆਸਰਾ ਮੰਗਦਾ ਸੀ। ਸ਼੍ਰੋਮਣੀ ਕਮੇਟੀ ਵਲੋਂ ਮਨਜੂਰ ਅਰਦਾਸ ਦਾ ਵੀ ਇਹ ਹੀ ਆਸ਼ਾ ਹੈ ਪਰ ਹੁਣ ਤਾਂ ਸ਼ਰਧਾਲੂ ਜਨਤਾ ਤੇ ਡੇਰਿਆਂ ਵਾਲਿਆਂ ਨੇ ਆਪਣੇ ਨਾਂਅ ਦੀਆਂ ਹੀ ਅਰਦਾਸਾਂ ਬਣਾਈਆਂ ਹੋਈਆਂ ਹਨ। ਇਨ੍ਹਾਂ ਡੇਰਿਆਂ ਵਾਲੀਆਂ ਮਨਮਤੀ ਅਰਦਾਸਾਂ ਨੂੰ ਰੋਕਥਾਮ ਪਾਉਣ ਦੇ ਪ੍ਰਸੰਗ ਵਿਚ ਹੀ ਅਕਾਲ ਤਖ਼ਤ ਸਾਹਿਬ ਆਪਣੀ ਮਰਿਆਦਾ ਲਾਗੂ ਕਰਨ ਲਈ ਪ੍ਰੇਰਦਾ ਹੈ। ਅਰਦਾਸ ਸਬੰਧੀ ਹੇਠਲਾ ਹੁਕਮਨਾਮਾ ਵੀ ਏਸੇ

ਪ੍ਰਸੰਗ ਵਿਚ ਹੀ ਵੇਖਣਾ ਚਾਹੀਦਾ ਹੈ।

***

*9 ਮਈ 1998*

ੴ ਵਾਹਿਗੁਰੂ ਜੀ ਕੀ ਫਤਹਿ॥

ਸੇਵਾ ਵਿਖੇ

ਸਨਮਾਨਯੋਗ ਸਿੰਘ ਸਾਹਿਬ, ਭਾਈ ਰਣਜੀਤ ਸਿੰਘ ਜੀ,

ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਜੀ, ਸ੍ਰੀ ਅੰਮ੍ਰਿਤਸਰ ਸਾਹਿਬ ਜੀ,

ਸ੍ਰੀਮਾਨ ਜੀ,

ਹੱਥ ਜੋੜ ਕੇ ਬੇਨਤੀ ਹੈ ਕਿ ਸਾਡੇ ਪਾਸੋਂ ਜੋ ਅਰਦਾਸ ਬਾਰੇ ਗਲਤੀ ਹੋਈ ਹੈ ਉਹ ਅਸੀਂ ਸਵੀਕਾਰ ਕਰਦੇ ਹੋਏ ਖਿਮਾਂ ਦੇ ਜਾਚਕ ਹਾਂ ਜੀ। ਅੱਗੇ ਵਾਸਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤਥਾ ਪੰਥ ਦੀ ਪ੍ਰਵਾਨਤ ਰਹਿਤ-ਮਰਯਾਦਾ ਅਨੁਸਾਰ ਹੀ ਚੱਲਾਂਗੇ ਜੀ ਤੇ ਬਿੰਦੀ, ਕੰਨਾ ਆਦਿਕ ਲਾਉਣ ਬਾਰੇ ਜੋ ਗਲਤੀ ਸੀ ਉਹ ਵੀ ਨਹੀਂ ਕਰਾਂਗੇ ਜੀ।

ਆਪ ਜੀ ਦਾ ਸ਼ੁਭ ਚਿੰਤਕ

*ਦਾਸਰਾ ਆਤਮਾ ਸਿੰਘ*

***

*9 ਮਈ 1998*

**ਹੁਕਮਨਾਮਾ**

ਅੱਜ ਮਿਤੀ 9 ਮਈ 1998 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਹੋਈ, ਜਿਸ ਵਿਚ ਭਾਈ ਆਤਮਾ ਸਿੰਘ ਅਤੇ ਉਨ੍ਹਾਂ ਦੇ ਹੋਰ ਸਾਥੀਆਂ ਜਥੇਦਾਰ ਮੋਤਾ ਸਿੰਘ, ਭਾਈ ਦਰਸ਼ਨ ਸਿੰਘ, ਜਥੇਦਾਰ ਸੁਰਜੀਤ ਸਿੰਘ, ਭਾਈ ਮਹਿੰਦਰ ਸਿੰਘ, ਸ. ਗੁਰਮੇਲ ਸਿੰਘ, ਸ. ਅਮਰ ਸਿੰਘ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਲਗ, ਕੰਨਾ, ਮਾਤਰਾ, ਬਿੰਦੀ ਲਾਉਣ ਜਾਂ ਹਟਾਉਣ ਸਬੰਧੀ ਅਤੇ ਨਾਲ ਹੀ ਇਸ ਜਥੇ ਵਲੋਂ ਆਪਣੇ ਤਰੀਕੇ ਨਾਲ ਬਣਾਈ ਹੋਈ ਅਰਦਾਸ ਜੋ ਕਿ ਗੁਰ-ਮਰਯਾਦਾ ਦੇ ਉਲਟ ਸੀ, ਬਾਰੇ ਵਿਚਾਰ ਹੋਈ। ਉਪਰੋਕਤ ਸਿੰਘਾਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹਾਜਰ ਹੋ ਕੇ ਆਪਣੀ ਗਲਤੀ ਨੂੰ ਲਿਖਤੀ ਰੂਪ ਵਿਚ ਸਵਿਕਾਰ ਕੀਤਾ ਅਤੇ ਵਚਨ ਦਿੱਤਾ ਕਿ ਅੱਗੇ ਤੋਂ ਇਹ ਜਥਾ ਪੰਥ ਪ੍ਰਵਾਨਤ ਰਹਿਤ ਮਰਯਾਦਾ ਅਨੁਸਾਰ ਗੁਰੂ ਨਾਨਕ ਸਾਹਿਬ ਜੀ ਦੇ ਮਿਸ਼ਨ ਦੀ ਸੇਵਾ ਕਰੇਗਾ। ਪੰਜ ਸਿੰਘ ਸਾਹਿਬਾਨ ਵਲੋਂ ਇਹ ਸੇਵਾ ਲਾਈ ਜਾਂਦੀ ਹੈ :

ਇਤਿਹਾਸਕ ਗੁਰਦੁਆਰਾ ਸਾਹਿਬ ਵਿਖੇ ਪੰਜ ਦਿਨ ਇਕ ਇਕ ਘੰਟਾਂ ਸੰਗਤਾਂ ਦੇ ਜੋੜੇ ਸਾਫ ਕਰਨੇ ਅਤੇ ਲੰਗਰ ਦੇ ਭਾਂਡੇ ਮਾਂਜਣ ਦੀ ਸੇਵਾ ਲਾਈ ਜਾਂਦੀ ਹੈ। ਉਪਰੰਤ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹਾਜ਼ਰ ਹੋ ਕੇ 101/- (ਇਕ ਸੌ ਇਕ) ਰੁਪਏ ਕੜਾਹ ਪ੍ਰਸਾਦਿ ਦੀ ਦੇਗ ਕਰਵਾ ਕੇ ਅਰਦਾਸ ਕਰਵਾਈ ਜਾਵੇ।

ਗੁਰੂ ਪੰਥ ਦਾ ਦਾਸ

ਦਸਤਖਤ : ਰਣਜੀਤ ਸਿੰਘ, ਮੋਹਣ ਸਿੰਘ,

ਮਨਜੀਤ ਸਿੰਘ, ਕੇਵਲ ਸਿੰਘ, ਭਗਵਾਨ ਸਿੰਘ ■

# ਕਰਤਾਰ ਸਿੰਘ ਭੈਰੋਮਾਜਰਾ

*20 ਫਰਵਰੀ 1997*

ਸਤਿਕਾਰਯੋਗ ਸਿੰਘ ਸਾਹਿਬ, ਜਥੇਦਾਰ ਅਕਾਲ ਤਖ਼ਤ ਸਾਹਿਬ,

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਹਿ॥

ਬੇਨਤੀ ਹੈ ਕਿ ਗੁੰਮਰਾਹਕੁੰਨ ਲੋਕਾਂ ਨੇ ਮਹਾਨ ਤਪੱਸਵੀ ਸ੍ਰੀਮਾਨ ਸੰਤ ਬਾਬਾ ਕਰਤਾਰ ਸਿੰਘ ਜੀ ਪਿੰਡ ਭੈਰੋਮਾਜਰਾ ਵਾਲਿਆਂ, ਜਿਹੜੇ ਕਿ ਬਜ਼ੁਰਗ ਅਵਸਥਾ ਵਿਚ ਹਨ, ਨੂੰ 10ਵੀਂ ਪਾਤਸ਼ਾਹੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਰੂਪ ਵਿਚ 290 ਸਾਲ ਬਾਅਦ ਅਲੋਪ ਰਹਿਣ ਉਪਰੰਤ ਪ੍ਰਗਟ ਹੋਣ ਦਾ ਢਕੌਂਸਲਾ 17 ਫਰਵਰੀ 1997 ਦੀ ਅਖਬਾਰ ਵਿਚ ਛਪੀ ਰਿਪੋਰਟ ਅਨੁਸਾਰ ਰਚਿਆ ਸੀ। ਇਨ੍ਹਾਂ ਮਹਾਂਪੁਰਖਾਂ ਦਾ ਸਰੀਰ ਬਿਰਧ ਅਵਸਥਾ ਕਾਰਨ ਢਿੱਲਾ ਹੋਣ ਕਾਰਨ ਪਾਲਕੀ ਵਿਚ ਪਲੰਗ 'ਤੇ ਲਿਟਾ ਕੇ ਜਲੂਸ ਦੀ ਸ਼ਕਲ ਵਿਚ ਮਿਤੀ 15 ਫਰਵਰੀ 1997 ਨੂੰ ਪਿੰਡ ਧੀਰੋ (ਖੰਨਾ ਮਲੇਰਕੋਟਲਾ ਸੜਕ) ਤੋਂ ਆਰੰਭ ਹੋ ਕੇ ਫਤਹਿਗੜ੍ਹ ਰੋਪੜ, ਕੀਰਤਪੁਰ ਤੋਂ ਹੁੰਦਾ ਹੋਇਆ ਆਨੰਦਪੁਰ ਸਾਹਿਬ 16 ਫਰਵਰੀ 1997 ਨੂੰ ਪਹੁੰਚਿਆ।

ਇਸ ਕਾਰਜ ਦੇ ਪਿਛੇ ਸੰਤ ਦੋਖੀ, ਪੰਥ ਦੋਖੀ, ਜਸਜੀਤ ਸਿੰਘ ਸਿਧੂ ਉਰਫ ਸੋਢੀ ਵਾਸੀ ਪਿੰਡ ਧੀਰੋ ਮਾਜਰਾ ਜ਼ਿਲ੍ਹਾ ਸੰਗਰੂਰ ਦਾ ਹੱਥ ਸੀ। ਇਸ ਨੇ ਆਪਣੇ ਨਿਜੀ ਸਵਾਰਥ, ਮਾਇਕ ਲਾਭ ਅਤੇ ਝੂਠੀ ਸ਼ਾਨ ਬਣਾਉਣ ਲਈ ਇਹ ਸਾਰਾ ਪ੍ਰੋਗਰਾਮ ਉਲੀਕਿਆ। ਬਾਕੀ ਦੇ ਸਾਰੇ ਪੁਰਾਣੇ ਸ਼ਰਧਾਲੂ ਇਸ ਦੇ ਵਿਰੁੱਧ ਸਨ।

ਮਿਤੀ 15 ਫਰਵਰੀ 1997 ਨੂੰ ਰਾਤ ਦੇ ਵਕਤ ਇਹ ਕੋਝੀ ਹਰਕਤ ਬਾਬਤ ਸ਼੍ਰੋਮਣੀ ਸੰਤ ਖਾਲਸਾ ਇੰਟਰਨੈਸ਼ਨਲ ਫਾਊਂਡੇਸ਼ਨ (ਰਜਿ.) ਦੇ ਚੇਅਰਮੈਨ ਦੇ ਨੋਟਿਸ ਵਿਚ ਆਈ। ਉਨ੍ਹਾਂ ਵਲੋਂ ਮੈਂਬਰਾਂ ਦੀ ਤਤਕਾਲ ਮੀਟਿੰਗ ਬੁਲਾਈ ਗਈ ਅਤੇ ਇਸ ਸਬੰਧੀ ਲੋੜੀਂਦੀ ਕਾਰਵਾਈ ਕਰਨ ਸਬੰਧੀ ਗੰਭੀਰਤਾ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ ਅਤੇ ਫੈਸਲਾ ਕੀਤਾ ਗਿਆ ਕਿ ਸਵੇਰੇ ਪੰਜ ਸਿੰਘ ਜਾ ਕੇ ਜਲੂਸ ਨੂੰ ਰੋਕਣ ਦਾ ਉਪਰਾਲਾ ਕਰਨਗੇ। ਇਸ ਫੈਸਲੇ ਅਨੁਸਾਰ ਮਿਤੀ 16 ਫਰਵਰੀ 1997 ਨੂੰ ਪੰਜ ਸਿੰਘ ਗੁਰਦੁਆਰਾ ਸ਼ਾਹੀ ਟਿੱਬੀ ਸਾਹਿਬ ਵਿਖੇ ਜਿਥੇ ਸਾਰੇ ਲੰਗਰ ਛਕ ਰਹੇ ਸਨ, ਕਰਤਾ-ਧਰਤਾ ਜਸਜੀਤ ਸਿੰਘ ਉਰਫ ਸੋਢੀ ਨੂੰ ਮਿਲੇ ਅਤੇ ਇਸ ਨੂੰ ਰੋਕਣ ਲਈ ਬੁਲੰਦ ਆਵਾਜ਼ ਉਠਾਈ ਪਰ ਉਨ੍ਹਾਂ ਦਾ ਜਵਾਬ ਸੀ ਕਿ ਜੋ ਵੀ ਹੋ ਰਿਹਾ ਹੈ ਉਹ ਮਹਾਂਪੁਰਖਾਂ ਦੇ ਹੁਕਮ ਅਨੁਸਾਰ ਹੋ ਰਿਹਾ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਹੁਕਮਾਂ ਅਨੁਸਾਰ 'ਗੁਰੂ ਮਾਨਿਓ ਗ੍ਰੰਥ" ਦੀ ਪ੍ਰਥਾ ਨੇ ਦੇਹਧਾਰੀ ਗੁਰੂ ਦੀ ਗੁੰਜਾਇਸ਼ ਦਾ ਹਮੇਸ਼ਾ ਲਈ ਭੋਗ ਪਾ ਦਿੱਤਾ ਸੀ। ਖਾਲਸੇ ਨੂੰ "ਆਤਮਿਕ ਜੋਤਿ" ਨੂੰ "ਨਿਰੰਕਾਰੀ ਜੋਤਿ" ਵਿਚ ਲੀਨ ਹੋਣ ਦਾ ਸਾਧਨ ਦਰਸਾਇਆ

ਅਤੇ ਹੁਕਮ ਕੀਤਾ "ਜਾਗਤ ਜੋਤ ਜਪੇ ਨਿਸ ਬਾਸਰ"

ਇਸ ਆਸ਼ੇ ਅਨੁਸਾਰ ਜਥੇਦਾਰ ਅਕਾਲ ਤਖ਼ਤ ਸਾਹਿਬ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਇਸ ਕੋਝੀ ਚਾਲ ਨੂੰ ਰੋਕਣ ਲਈ ਸੰਤ ਦੋਖੀ, ਪੰਥ ਦੋਖੀ ਜਗਜੀਤ ਸਿੰਘ ਸਿਧੂ ਉਰਫ ਸੋਢੀ ਨੂੰ ਅਕਾਲ ਤਖ਼ਤ 'ਤੇ ਤਲਬ ਕਰਕੇ ਸਖਤ ਤੋਂ ਸਖਤ ਸਜ਼ਾ ਦਿੱਤੀ ਜਾਵੇ ਤਾਂ ਜੋ ਅੱਗੇ ਤੋਂ ਐਸੇ ਲੋਕ ਤੇ ਹੋਰ ਸੇਵਾ ਸੁਸਾਇਟੀਆਂ ਆਦਿ ਕਿਸੇ ਐਸੇ ਮਹਾਂਪੁਰਖ ਨੂੰ ਜਿਨ੍ਹਾਂ ਦੀ ਬਿਰਧ-ਅਵਸਥਾ ਹੁੰਦੀ ਹੈ, ਦਾ ਨਿੱਜੀ ਲਾਭ ਨਾ ਉਠਾ ਸਕਣ ਅਤੇ ਪੰਥ ਵਿਚ ਖੂਨ-ਖਰਾਬਾ, ਬਖੇੜੇ ਨਾ ਹੋਣ ਅਤੇ ਸ਼ਬਦ ਗੁਰੂ ਨਾਲ ਜੁੜ ਕੇ ਆਪਣਾ ਜੀਵਨ ਸਫਲ ਕਰ ਸਕਣ।

ਸੰਗਤ ਦੇ ਦਾਸ
ਇੰਦਰਪਾਲ ਸਿੰਘ
ਸ਼੍ਰੋਮਣੀ ਸੰਤ ਖਾਲਸਾ ਇੰਟਰਨੈਸ਼ਨਲ ਫਾਊਂਡੇਸ਼ਨ (ਰਜਿ.)
ਗੁਰਦੁਆਰਾ ਗੁਰ ਸਾਗਰ ਸਾਹਿਬ (ਨੇੜੇ ਝੀਲ), ਚੰਡੀਗੜ੍ਹ।

***

*4 ਮਾਰਚ 1997*

## ਹਲਫੀਆ ਬਿਆਨ

ਮੈਂ ਸੰਤ ਕਰਤਾਰ ਸਿੰਘ ਵਾਸੀ ਡੇਰਾ ਗੁਰਦੁਆਰਾ ਸ੍ਰੀ ਦਸਮੇਸ਼ ਗੜ੍ਹ ਸਾਹਿਬ ਪਿੰਡ ਭੈਰੋ ਮਾਜਰਾ ਦਾ ਹਾਂ ਅਤੇ ਹੇਠ ਲਿਖੇ ਅਨੁਸਾਰ ਬਿਆਨ ਕਰਦਾ ਹਾਂ ਕਿ :

1. ਮੈਂ ਇਸ ਹਲਫੀਆ ਬਿਆਨ ਵਿਚ ਇਹ ਗੱਲ ਸਾਫ ਕਰ ਦੇਣਾ ਚਾਹੁੰਦਾ ਹਾਂ ਕਿ ਮੇਰੇ ਬਾਰੇ ਵਿਚ ਜੋ ਵਾਦ-ਵਿਵਾਦ ਅਖਬਾਰਾਂ ਵਿਚ ਸੁਣਨ ਵਿਚ ਆਇਆ ਹੈ, ਮੈਂ ਇਸ ਦਾ ਪੁਰਜ਼ੋਰ ਸ਼ਬਦਾਂ ਵਿਚ ਖੰਡਨ ਕਰਦਾ ਹਾਂ। ਮੈਂ ਕਦੇ ਵੀ ਆਪਣੇ ਆਪ ਨੂੰ ਗੁਰੂ ਗੋਬਿੰਦ ਸਿੰਘ ਮਹਾਰਾਜ ਨਹੀਂ ਕਹਾਇਆ, ਨਾ ਹੀ ਮੈਂ ਕਦੇ ਆਪਣੇ ਪੈਰਾਂ ਨੂੰ ਮੱਥਾ ਟੇਕਣ ਲਈ ਕਹਿੰਦਾ ਹਾਂ। ਮੇਰਾ ਗੁਰੂ ਗ੍ਰੰਥ ਸਾਹਿਬ ਵਿਚ ਪੂਰਨ ਵਿਸ਼ਵਾਸ ਹੈ ਅਤੇ ਮੈਂ ਗੁਰੂ ਸ਼ਬਦ ਦੀ ਹੀ ਪ੍ਰੇਰਨਾ ਦਿੰਦਾ ਹਾਂ। ਸੰਗਤਾਂ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨਾਲ ਜੋੜਦਾ ਹਾਂ। ਮੇਰੇ ਬਾਰੇ ਜਿਨ੍ਹਾਂ ਬੰਦਿਆਂ ਨੇ ਗੁਰੂ ਗੋਬਿੰਦ ਸਿੰਘ ਜੀ ਦਾ ਰੂਪ ਪ੍ਰਗਟ ਹੋਣ ਦਾ ਝੂਠਾ ਪ੍ਰਚਾਰ ਕੀਤਾ ਹੈ ਅਤੇ ਮੈਨੂੰ ਇਕ ਪਾਲਕੀ ਵਿਚ ਬਿਠਾ ਕੇ ਜੋ ਨਗਰ ਕੀਰਤਨ ਕੱਢਿਆ ਹੈ, ਮੈਨੂੰ ਇਸ ਬਾਰੇ ਪਹਿਲਾਂ ਬਿਲਕੁਲ ਕੋਈ ਵੀ ਗਿਆਨ ਨਹੀਂ ਸੀ, ਨਾ ਹੀ ਇਨ੍ਹਾਂ ਬੰਦਿਆਂ ਨੇ ਇਸ ਬਾਰੇ ਕੋਈ ਜਾਣਕਾਰੀ ਦਿੱਤੀ ਸੀ। ਮੈਂ ਆਪਣੇ ਸਰੀਰਕ ਅਤੇ ਮਾਨਸਿਕ ਪੱਖੋਂ ਉਮਰ ਵੱਧ ਹੋਣ ਕਾਰਨ ਕਮਜ਼ੋਰ ਹਾਂ। ਨਾ ਹੀ ਮੈਂ ਤੁਰ ਫਿਰ ਸਕਦਾ ਹਾਂ ਅਤੇ ਨਾ ਹੀ ਮੈਂ ਚੰਗੀ ਤਰ੍ਹਾਂ ਸਮਝ ਸਕਦਾ ਹਾਂ। ਇਨ੍ਹਾਂ ਲੋਕਾਂ ਨੇ ਆਪਣੇ ਹਿਤ ਲਈ ਮੈਨੂੰ ਮਾਇਆ ਦਾ ਤੀਰ ਬਣਾ ਕੇ ਇਹ ਭੈੜਾ ਕਾਰਨਾਮਾ ਕੀਤਾ ਹੈ।

2. ਇਸ ਲਈ ਜੋ ਸਿੱਖ ਸੰਗਤ ਦੇ ਹਿਰਦਿਆਂ ਨੂੰ ਇਸ ਘਟਨਾ ਤੋਂ ਦੁੱਖ ਪਹੁੰਚਿਆ ਹੈ ਮੈਂ ਸਮੂਹ ਸੰਗਤ ਅਤੇ ਸਿੱਖ ਪੰਥ ਤੋਂ ਮੁਆਫੀ ਮੰਗਦਾ ਹਾਂ।

ਬਿਆਨਕਰਤਾ
ਕਰਤਾਰ ਸਿੰਘ

ਤਸਦੀਕ ਕੀਤਾ ਜਾਂਦਾ ਹੈ ਕਿ ਮੇਰੇ ਵਲੋਂ ਉਪਰੋਕਤ ਦਿੱਤੇ ਗਏ ਬਿਆਨ ਮੇਰੀ ਅਕਲ ਅਤੇ ਸਮਝ ਦੇ ਮੁਤਾਬਕ ਸਹੀ ਵਾ ਦਰੁਸਤ ਹਨ।

ਬਿਆਨ ਕਰਤਾ
ਕਰਤਾਰ ਸਿੰਘ

ਮੋਹਰ ਤੇ ਤਸਦੀਕ ਕੀਤਾ
ਗੁਰਮੁਖ ਸਿੰਘ
ਸਰਪੰਚ, ਭੈਰੋ ਮਾਜਰਾ, ਰੋਪੜ।

***

ਸਮੂਹ ਇਲਾਕੇ ਦੀਆਂ ਪੰਚਾਇਤਾਂ ਦੇ ਸਰਪੰਚਾਂ ਦਾ ਮਤਾ।

ਪਰਮ ਸਤਿਕਾਰਯੋਗ ਸਿੰਘ ਸਾਹਿਬ,
ਭਾਈ ਰਣਜੀਤ ਸਿੰਘ ਜੀਓ,
ਜਥੇਦਾਰ, ਸ੍ਰੀ ਅਕਾਲ ਤਖ਼ਤ ਸਾਹਿਬ, ਅੰਮ੍ਰਿਤਸਰ।
ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਹਿ॥

ਸ੍ਰੀਮਾਨ ਜੀ,

ਆਪ ਜੀ ਨੂੰ ਅਸੀਂ ਜ਼ਿਲ੍ਹੇ ਰੋਪੜ ਦੀਆਂ ਸਮੂਹ ਗਰਾਮ ਪੰਚਾਇਤਾਂ ਇਹ ਸਪੱਸ਼ਟ ਕਰ ਦੇਣਾ ਚਾਹੁੰਦੀਆਂ ਹਾਂ ਕਿ ਸਾਡੇ ਇਲਾਕੇ ਵਿਚ ਜਿਹੜਾ ਸੰਤ ਬਾਬਾ ਕਰਤਾਰ ਸਿੰਘ ਜੀ ਪਿੰਡ ਭੈਰੋ ਮਾਜਰਾ (ਰੋਪੜ) ਵਾਲਿਆਂ ਬਾਰੇ ਵਾਦ-ਵਿਵਾਦ ਚੱਲ ਰਿਹਾ ਹੈ, ਉਸ ਬਾਰੇ ਅਸੀਂ ਆਪ ਜੀ ਨੂੰ ਸਪੱਸ਼ਟ ਬੇਨਤੀ ਕਰਦੇ ਹਾਂ ਕਿ ਇਨ੍ਹਾਂ ਸੰਤਾਂ ਨੇ ਕਦੇ ਵੀ ਇਸ ਇਲਾਕੇ ਵਿਚ ਸਿੱਖ ਪੰਥ ਦੇ ਉਲਟ ਕੋਈ ਪ੍ਰਚਾਰ ਨਹੀਂ ਕੀਤਾ ਅਤੇ ਨਾ ਹੀ ਕਦੇ ਆਪਣੇ ਆਪ ਨੂੰ ਗੁਰੂ ਸ਼ਬਦ ਦੀ ਵਰਤੋਂ ਕੀਤੀ ਹੈ। ਸਗੋਂ ਇਨ੍ਹਾਂ ਨੇ ਹਮੇਸ਼ਾ ਸਿੱਖ ਸੰਗਤਾਂ ਨੂੰ ਗੁਰੂ ਗ੍ਰੰਥ ਸਾਹਿਬ ਨਾਲ ਜੋੜਨ ਦੀ ਹੀ ਪ੍ਰੇਰਨਾ ਕੀਤੀ ਹੈ। ਜੋ ਕੁਝ ਸਮਾਂ ਪਹਿਲਾਂ ਕੁਝ ਸ਼ਰਾਰਤੀ ਅਨਸਰਾਂ ਨੇ ਸੰਤ ਬਾਬਾ ਕਰਤਾਰ ਸਿੰਘ ਜੀ ਦੀ ਸਰੀਰਕ ਅਤੇ ਮਾਨਸਿਕ ਕਮਜ਼ੋਰੀ ਦਾ ਫਾਇਦਾ ਲੈ ਕੇ ਸੰਤ ਬਾਬਾ ਕਰਤਾਰ ਸਿੰਘ ਜੀ ਨੂੰ ਗੁਰੂ ਗੋਬਿੰਦ ਸਿੰਘ ਜੀ ਬਣਾ ਕੇ ਜਲੂਸ ਕੱਢਿਆ ਸੀ, ਉਹ ਸਰਾਸਰ ਗਲਤ ਸੀ।

ਇਸ ਲਈ ਅਜੇਹਾ ਕਰਨ ਦੇ ਜ਼ਿੰਮੇਵਾਰ ਵਿਅਕਤੀਆਂ ਨੂੰ ਢੁਕਵੀਂ ਸਜ਼ਾ ਦਿੱਤੀ ਜਾਵੇ।

ਧੰਨਵਾਦ ਸਹਿਤ,

ਆਪ ਜੀ ਦੇ ਸ਼ੁਭਚਿੰਤਕ,
ਇਲਾਕੇ ਦੀਆਂ ਸਮੂਹ ਗਰਾਮ ਪੰਚਾਇਤਾਂ
ਸਰਪੰਚ, ਗਰਾਮ ਪੰਚਾਇਤ ਪਿੰਡ ਭੈਰੋਮਾਜਰਾ (ਰੋਪੜ),
ਸਰਪੰਚ, ਗਰਾਮ ਪੰਚਾਇਤ ਝੱਲੀਆਂ ਖੁਰਦ (ਰੋਪੜ),
ਸਰਪੰਚ, ਗਰਾਮ ਪੰਚਾਇਤ ਚੌਂਤਾ ਖੁਰਦ (ਰੋਪੜ),
ਸਰਪੰਚ, ਗਰਾਮ ਪੰਚਾਇਤ ਪਿੰਡ ਭਲਿਆਣ (ਰੋਪੜ),
ਸਰਪੰਚ, ਗਰਾਮ ਪੰਚਾਇਤ, ਪਿੰਡ ਸੂਲੇ ਮਾਨਸਕੋਹ (ਰੋਪੜ),
ਸਰਪੰਚ, ਗਰਾਮ ਪੰਚਾਇਤ, ਪਿੰਡ ਅਸ਼ਰਪੁਰ (ਰੋਪੜ),

ਸਰਪੰਚ, ਗਰਾਮ ਪੰਚਾਇਤ ਪਿੰਡ ਸ਼ੇਖੂਪੁਰ (ਰੋਪੜ),
ਸਰਪੰਚ ਗਰਾਮ ਪੰਚਾਇਤ ਫਰੋਜਪੁਰ (ਰੋਪੜ)

• ......ਅਤੇ ਹੋਰ ਇਲਾਕੇ ਦੀਆਂ ਕਈ ਗਰਾਮ ਪੰਚਾਇਤਾਂ ਦੇ ਪੰਚਾਂ ਸਰਪੰਚਾਂ ਦੇ ਦਸਤਖਤ ਅਤੇ ਮੋਹਰਾਂ।

ਅਸੀਂ ਅਕਾਲ ਤਖ਼ਤ ਸਾਹਿਬ ਨੂੰ ਇਹ ਵਿਸ਼ਵਾਸ ਦਿਵਾਉਂਦੇ ਹਾਂ ਕਿ ਅੱਗੇ ਤੋਂ ਆਉਣ ਵਾਲੇ ਸਮੇਂ ਵਿਚ ਅਜਿਹੀ ਕੋਈ ਘਟਨਾ ਨਹੀਂ ਵਾਪਰੇਗੀ ਜਿਹੋ ਜਹੀ 16-17 ਫਰਵਰੀ ਨੂੰ ਅਨੰਦਪੁਰ ਸਾਹਿਬ ਵਿਖੇ ਵਾਪਰੀ ਸੀ। ਇਸ ਮੰਦਭਾਗੀ ਘਟਨਾ ਤੇ ਸਾਨੂੰ ਬਹੁਤ ਅਫਸੋਸ ਹੈ।

ਬੰਤ ਸਿੰਘ, ਸਰਪੰਚ ਕਾਲਰਾ, ਜਸਬੀਰ ਸਿੰਘ, ਸਰਪੰਚ ਸਮਾਣਾ ਖੁਰਦ,
ਛੱਤਾ ਸਿੰਘ, ਸਰਪੰਚ ਚਕਲਾਂ (ਰੋਪੜ), ਜੱਗਾ ਸਿੰਘ, ਸਰਪੰਚ ਰਾਮਗੜ੍ਹ,
ਮਲਾਗਰ ਸਿੰਘ, ਬਲਜਿੰਦਰ ਸਿੰਘ, ਮਲਕੀਤ ਸਿੰਘ।

***

ਜਥੇਦਾਰ ਸਾਹਿਬ,
ਸ੍ਰੀ ਅਕਾਲ ਤਖ਼ਤ ਸਾਹਿਬ,
ਸ੍ਰੀ ਅੰਮ੍ਰਿਤਸਰ ਸਾਹਿਬ।
ਵਾਹਿਗੁਰੂ ਜੀ ਕਾ ਖ਼ਾਲਸਾ। ਵਾਹਿਗੁਰੂ ਜੀ ਕੀ ਫਤਹਿ॥

ਖਾਲਸਾ ਜੀ, ਜੋ ਮੰਦਭਾਗੀ ਘਟਨਾ 16-17 ਫਰਵਰੀ 1997 ਨੂੰ ਤਖ਼ਤ ਸ੍ਰੀ ਅਨੰਦਪੁਰ ਸਾਹਿਬ ਵਿਖੇ ਵਾਪਰੀ ਹੈ, ਜਿਸ ਵਿਚ ਸੰਤ ਕਰਤਾਰ ਸਿੰਘ ਵਿਚ ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਗਟ ਹੋਣ ਦਾ ਪ੍ਰਚਾਰ ਰਚਿਆ ਗਿਆ, ਮੈਂ ਇਸ ਦੀ ਘੋਰ ਨਿੰਦਿਆ ਕਰਦੀ ਹਾਂ। ਸਾਡਾ ਸਮੂਹ ਪਰਿਵਾਰ ਪਾਵਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਤੇ ਬਾਣੀ ਨੂੰ ਹੀ ਅੰਤਮ ਸ਼ਬਦ ਤੇ ਇਸ ਦੇ ਸਰੂਪ ਨੂੰ ਦਸਾਂ ਗੁਰੂਆਂ ਦੀ ਜੋਤ ਸਵੀਕਾਰ ਕਰਦਾ ਹੈ। ਸਮੂਹ ਪਰਿਵਾਰ ਸਿੱਖੀ ਮਰਯਾਦਾ ਵਿਚ ਪੂਰਨ ਰੂਪ ਵਿਚ ਬੱਝਿਆ ਹੋਇਆ ਹੈ ਅਤੇ ਪਾਵਨ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਵਿੱਤਰ ਦੇਹ ਵਿਚੋਂ ਹੁਕਮਨਾਮਾ ਲੈ ਕੇ ਹੀ ਆਪਣਾ ਰੋਜ਼ਾਨਾ ਜ਼ਿੰਦਗੀ ਦਾ ਕਾਰੋਬਾਰ ਆਰੰਭ ਕਰਦਾ ਹੈ। ਜਸਜੀਤ ਸਿੰਘ ਉਰਫ ਸੋਢੀ ਭਾਵੇਂ ਮੇਰਾ ਪਤੀ ਹੈ, ਪ੍ਰੰਤੂ ਉਸ ਦੀ ਮਾਨਸਿਕ ਸਥਿਤੀ ਸਧਾਰਨ ਵਿਅਕਤੀ ਵਾਲੀ ਨਹੀਂ ਹੈ। ਮਾਨਸਿਕ ਸਥਿਤੀ ਦੀ ਅਸਾਧਾਰਨ ਹਾਲਤ ਵਿਚ ਹੀ ਉਹ ਕਿਸੇ ਵੀ ਸੰਤ ਦੇ ਬਚਨਾਂ ਵਿਚ ਅੰਧ-ਵਿਸ਼ਵਾਸ ਦੀ ਹੱਦ ਤਕ ਵਿਸ਼ਵਾਸ ਕਰ ਬੈਠਦਾ ਹੈ। ਉਪਰੋਕਤ ਘਟਨਾ ਵੀ ਉਸ ਦੇ ਇਸ ਸੰਤ ਵਿਚ ਅੰਨ੍ਹੇ ਵਿਸ਼ਵਾਸ ਦਾ ਹੀ ਸਿੱਟਾ ਹੈ। ਮੈਂ ਜਸਜੀਤ ਸਿੰਘ ਉਰਫ ਸੋਢੀ ਵਲੋਂ ਕੀਤੀ ਇਸ ਭੁੱਲ ਦੀ ਮੁਆਫੀ ਮੰਗਦੀ ਹੋਈ ਉਸ ਦਾ ਜੀਵਨ ਵੇਰਵਾ ਹੇਠ ਲਿਖੇ ਅਨੁਸਾਰ ਪੇਸ਼ ਕਰਦੀ ਹਾਂ:

ਜਸਜੀਤ ਸਿੰਘ ਪੁੱਤਰ ਸ: ਹਰਦਿਆਲ ਸਿੰਘ ਵਾਸੀ ਧੀਰੋਮਾਜਰਾ ਦਾ ਜਨਮ 1948 ਵਿਚ ਹੋਇਆ। ਮੁਢਲੀ ਵਿੱਦਿਆ ਪਿੰਡੋਂ ਹੀ ਅਤੇ ਕੈਮੀਕਲ ਇੰਜੀਨੀਅਰਿੰਗ ਉਸਮਾਨੀਆ ਯੂਨੀਵਰਸਿਟੀ ਹੈਦਰਾਬਾਦ ਤੋਂ ਕੀਤੀ। ਦਿੱਲੀ ਵਿਚ ਬਤੌਰ ਇੰਜੀਨੀਅਰ ਕੰਮ ਕੀਤਾ। ਇਨ੍ਹਾਂ ਦਾ ਵਿਆਹ 1975-76 ਵਿਚ ਹੋਇਆ ਅਤੇ 5-6 ਸਾਲਾਂ ਬਾਅਦ ਪਤੀ-

ਪਤਨੀ ਵਿਚ ਝਗੜਾ ਹੋ ਗਿਆ ਅਤੇ ਇਹ ਦਿੱਲੀ ਛੱਡ ਕੇ ਚੰਡੀਗੜ੍ਹ ਆ ਗਏ। ਇਥੇ ਆ ਕੇ ਆਪਣਾ ਕਾਰੋਬਾਰ ਸ਼ੁਰੂ ਕਰ ਦਿੱਤਾ। ਬਹੁਤ ਚੰਗੇ-ਚੰਗੇ ਪ੍ਰੋਜੈਕਟ ਨੇਪਰੇ ਚਾੜ੍ਹੇ ਅਤੇ 1986 ਵਿਚ ਦੁਬਾਰਾ ਸ਼ਾਦੀ ਕਰ ਲਈ। 1990 ਤਕ ਇਸ ਦਾ ਕਾਰੋਬਾਰ ਕਰੋੜਾਂ ਵਿਚ ਚਲਾ ਗਿਆ। ਇਹ ਚੰਡੀਗੜ੍ਹ ਕਲੱਬ ਦਾ ਮੈਂਬਰ ਵੀ ਬਣਿਆ। 1990 ਦੇ ਅਖੀਰ ਵਿਚ ਇਸ ਦੀ ਮੇਰੇ ਨਾਲ ਤਕਰਾਰ ਹੋ ਗਈ ਅਤੇ ਮੈਂ ਆਪਣੇ ਪੇਕੇ ਚਲੀ ਗਈ। ਆਪਣੇ ਦੰਪਤੀ-ਜੀਵਨ ਵਿਚਲੇ ਤਣਾਵਾਂ ਕਾਰਨ ਉਹ ਦਿਮਾਗੀ ਤੌਰ 'ਤੇ ਪ੍ਰੇਸ਼ਾਨ ਰਹਿਣ ਲੱਗ ਪਿਆ ਤੇ ਪ੍ਰੇਸ਼ਾਨੀ ਦੀ ਹਾਲਤ ਵਿਚ ਹੀ ਉਸ ਨੇ ਸਾਧੂ ਸੰਤਾਂ ਦੀ ਸੰਗਤ ਕਰਨੀ ਆਰੰਭ ਕਰ ਦਿੱਤੀ। ਮਾਨਸਿਕ ਪ੍ਰੇਸ਼ਾਨੀ ਵਿਚ ਉਸ ਦਾ ਅੰਧ-ਵਿਸ਼ਵਾਸ ਵਧਦਾ ਹੀ ਗਿਆ। ਇਹ ਇਸ ਮਾਨਸਿਕ ਪ੍ਰੇਸ਼ਾਨੀ ਦੀ ਹਾਲਤ ਹੀ ਸੀ ਜਦੋਂ ਉਹ ਇਸ ਬਾਬਾ ਕਰਤਾਰ ਸਿੰਘ ਜੀ ਦੇ ਸੰਪਰਕ ਵਿਚ ਆਇਆ।

ਮੈਂ ਆਪ ਜੀ ਦੇ ਧਿਆਨ ਵਿਚ ਲਿਆਉਣਾ ਚਾਹੁੰਦੀ ਹਾਂ ਕਿ ਜਦੋਂ ਤੋਂ ਇਹ ਬਾਬਾ ਕਰਤਾਰ ਸਿੰਘ ਦੇ ਸੰਪਰਕ ਵਿਚ ਆ ਗਿਆ ਤਾਂ ਪਤਾ ਨਹੀਂ ਇਸ ਨੂੰ ਕੀ ਹੋ ਗਿਆ ਕਿ ਇਸ ਨੇ ਉਹ ਹੀ ਕੰਮ ਕਰਨਾ ਸ਼ੁਰੂ ਕਰ ਦਿੱਤਾ ਜੋ ਕਿ ਬਾਬਾ ਕਰਤਾਰ ਸਿੰਘ ਕਹਿੰਦਾ ਸੀ। ਸਭ ਤੋਂ ਪਹਿਲਾਂ ਤਾਂ ਇਸ ਨੇ ਕਰਤਾਰ ਸਿੰਘ ਦੇ ਕਹਿਣ 'ਤੇ ਆਪਣਾ ਨਾਂਅ ਸੰਧੂ ਤੋਂ ਸੋਢੀ ਰੱਖਿਆ ਕਿਉਂਕਿ ਕਰਤਾਰ ਸਿੰਘ ਨੇ ਇਸ ਦੇ ਮਨ ਵਿਚ ਇਹ ਗੱਲ ਪੱਕੀ ਕਰ ਦਿੱਤੀ ਸੀ ਕਿ ਤੂੰ ਗੁਰੂ ਗੋਬਿੰਦ ਸਿੰਘ ਜੀ ਦੇ ਵੰਸ਼ ਵਿਚੋਂ ਹੀ ਹੈਂ। ਇਹ ਆਪਣੀ ਕਾਰ ਵੀ ਬਾਬਾ ਕਰਤਾਰ ਸਿੰਘ ਦੇ ਨਾਲ ਲਾਈ ਰੱਖਦਾ ਅਤੇ ਹਰ ਮਹੀਨੇ 15-20 ਹਜ਼ਾਰ ਰੁਪਏ ਬਾਬਾ ਕਰਤਾਰ ਸਿੰਘ ਉਤੇ ਖਰਚ ਕਰ ਦਿੰਦਾ। ਜਦੋਂ ਅਸੀਂ ਕਹਿਣਾ ਤਾਂ ਇਸ ਨੇ ਕਹਿਣਾ ਕਿ ਸੰਤਾਂ ਦੀ ਖੁਸ਼ੀ ਲੈਣ ਲਈ ਮੈਂ ਇਹ ਕਰ ਰਿਹਾ ਹਾਂ। ਇਸ ਨੇ ਕੰਮ ਕਰਨਾ ਬਿਲਕੁਲ ਛੱਡ ਦਿੱਤਾ। ਜਦੋਂ ਅਸੀਂ ਇਸ ਦੇ ਕੰਮ ਬਾਰੇ ਬਾਬਾ ਕਰਤਾਰ ਸਿੰਘ ਨੂੰ ਕਹਿਣਾ ਤਾਂ ਸਾਨੂੰ ਬਾਬਾ ਕਰਤਾਰ ਸਿੰਘ ਨੇ ਇਹ ਜਵਾਬ ਦੇਣਾ ਕਿ ਜਦੋਂ ਇਸ ਦੇ ਕੰਮ ਅਸੀਂ ਕਰ ਰਹੇ ਹਾਂ ਤਾਂ ਤੁਹਾਨੂੰ ਕੀ ਕਹਿਣ ਦੀ ਲੋੜ ਹੈ। ਬਾਬਾ ਕਰਤਾਰ ਸਿੰਘ ਨੇ ਸਾਡੇ ਪਰਿਵਾਰ ਨੂੰ ਇਹ ਕਹਿਣਾ ਸ਼ੁਰੂ ਕਰ ਦਿੱਤਾ ਕਿ ਜੇ ਰੱਬ ਦੀਆਂ ਖੁਸ਼ੀਆਂ ਲੈਣੀਆਂ ਹਨ ਤਾਂ ਉਹ ਹੀ ਕਰੋ ਜੋ ਸੋਢੀ ਕਹਿੰਦਾ ਹੈ। ਮੈਂ ਅਤੇ ਰਿਸ਼ਤੇਦਾਰਾਂ ਨੇ ਕਹਿਣਾ ਕਿ ਬਾਬਾ ਕਰਤਾਰ ਸਿੰਘ ਸਿਆਣੀ ਉਮਰ ਦਾ ਹੈ ਪਰ ਮੇਰੇ ਪਤੀ ਨੇ ਕਹਿਣਾ ਕਿ ਮੇਰਾ ਇਮਤਿਹਾਨ ਲਿਆ ਜਾ ਰਿਹਾ ਹੈ। ਬਾਬਾ ਕਰਤਾਰ ਸਿੰਘ ਅਤੇ ਮੇਰੇ ਪਤੀ ਨੇ ਸਾਡੇ ਮਨ ਵਿਚ ਇਹ ਗੱਲ ਬਿਠਾ ਦਿੱਤੀ ਕਿ ਜੇ ਅਸੀਂ ਬਾਬੇ ਨੂੰ ਕਿਸੇ ਗੱਲ ਤੋਂ ਇਨਕਾਰ ਕੀਤਾ ਤਾਂ ਸਾਡਾ ਨੁਕਸਾਨ ਹੋ ਜਾਵੇਗਾ। ਅਸੀਂ ਇਸ ਨੂੰ ਮਾਨਸਿਕ ਪ੍ਰੇਸ਼ਾਨੀ ਦੀ ਦਵਾਈ ਵੀ ਇਸ ਤੋਂ ਚੋਰੀ ਪਿਲਾਉਣ ਦੀ ਕੋਸ਼ਿਸ਼ ਕੀਤੀ ਪਰ ਕਿਉਂਕਿ ਇਹ ਘਰ ਨਹੀਂ ਸੀ ਰਹਿੰਦਾ ਇਸ ਕਰਕੇ ਮੈਂ ਕਾਮਯਾਬ ਨਾ ਹੋ ਸਕੀ। ਜਦੋਂ ਮੇਰੇ ਪਤੀ ਨੂੰ ਅਸੀਂ ਪੈਸੇ ਤੋਂ ਜਵਾਬ ਦੇਣ ਦੀ ਕੋਸ਼ਿਸ਼ ਕੀਤੀ ਤਾਂ ਇਸ ਨੇ ਆਪਣੀ ਜਾਇਦਾਦ ਵੇਚਣ ਦੀ ਧਮਕੀ ਦਿੱਤੀ। ਏਥੋਂ ਤਕ ਕਿ ਇਸ ਨੇ ਤਕਰੀਬਨ 5-6 ਮਹੀਨੇ ਪਹਿਲਾਂ ਸਾਡਾ ਪਿੰਡ ਵਾਲਾ ਜੱਦੀ ਘਰ ਵੀ ਬਾਬੇ ਦੇ ਕਹਿਣ 'ਤੇ ਲੰਗਰ ਵਿਚ ਤਬਦੀਲ ਕਰ ਦਿੱਤਾ ਅਤੇ ਉਸ ਉਤੇ ਲੰਗਰ ਦੇ ਬੋਰਡ ਵੀ ਬਾਬੇ ਵਲੋਂ ਲਾ ਦਿੱਤੇ ਗਏ। ਇਸ ਦੇ ਹੋਰ ਕਾਰਵਾਈ ਕਰਨ ਦੇ ਡਰ ਤੋਂ ਵੀ ਅਸੀਂ ਬਾਬਾ ਕਰਤਾਰ ਸਿੰਘ ਅਤੇ ਮੇਰੇ ਪਤੀ ਦੀ ਗੱਲ ਮੰਨਦੇ ਰਹੇ।

ਅੰਤ ਵਿਚ ਮੈਂ ਆਪ ਜੀ ਨੂੰ ਬੇਨਤੀ ਕਰਦੀ ਹਾਂ ਕਿ 16-17 ਫਰਵਰੀ, 1997 ਨੂੰ ਜੋ ਵੀ ਹੋਇਆ ਉਹ ਮੇਰੇ ਪਤੀ ਨੇ ਜੋ ਵੀ ਕੀਤਾ ਉਹ ਬਾਬੇ ਦੇ ਕਹਿਣ 'ਤੇ ਕੀਤਾ ਕਿਉਂਕਿ ਉਸ ਦੀ ਮਾਨਸਿਕ ਦਸ਼ਾ ਠੀਕ ਨਾ ਹੋਣ ਕਾਰਨ ਉਹ ਬਾਬੇ ਨੂੰ ਹੀ ਸਭ ਕੁਝ ਮੰਨਦਾ ਸੀ ਕਿਉਂਕਿ ਬਾਬਾ ਅਕਸਰ ਹੀ ਕਹਿੰਦਾ ਸੀ ਕਿ ਮੈਂ ਗੁਰੂ ਗੋਬਿੰਦ ਸਿੰਘ ਹੀ ਹਾਂ ਤੇ ਜੇ ਤੁਸੀਂ ਮੇਰੀਆਂ ਖੁਸ਼ੀਆਂ ਲੈਣੀਆਂ ਹਨ ਤਾਂ ਵੱਧ ਤੋਂ ਵੱਧ ਪ੍ਰਚਾਰ ਕਰੋ। ਆਪਣੇ ਆਪ ਨੂੰ ਗੁਰੂ ਗੋਬਿੰਦ ਸਿੰਘ ਜੀ ਦੱਸਣ ਵਾਲੀ ਗੱਲ ਬਾਬੇ ਨੇ ਪਿੰਡ ਧੀਰੋਮਾਜਰਾ ਵਿਖੇ 12 ਜਨਵਰੀ, 1997 ਨੂੰ ਮਾਈਕ ਵਿਚ ਆਖੀ ਸੀ।

ਅੰਤ ਵਿਚ ਮੈਂ ਆਪ ਜੀ ਨੂੰ ਬੇਨਤੀ ਕਰਦੀ ਹਾਂ ਕਿ ਮੇਰੇ ਪਤੀ ਦੀ ਕੀਤੀ ਹੋਈ ਭੁੱਲ ਨੂੰ ਮੁਆਫ ਕਰ ਦਿੱਤਾ ਜਾਵੇ। ਮੈਨੂੰ ਅਤੇ ਮੇਰੇ ਪਤੀ ਨੂੰ ਜਦੋਂ ਵੀ ਆਪ ਜੀ ਵਲੋਂ ਨਿੱਜੀ ਸਪੱਸ਼ਟੀਕਰਨ ਲਈ ਸੱਦਿਆ ਜਾਵੇ ਅਸੀਂ ਹਾਜ਼ਰ ਹੋਵਾਂਗੇ।

ਗੁਰੂ ਪੰਥ ਦੀ ਦਾਸ,<br>
ਦੀਪਿੰਦਰ ਕੌਰ ਪਤਨੀ ਸ: ਜਸਜੀਤ ਸਿੰਘ ਸੰਧੂ,<br>
ਪਿੰਡ ਧੀਰੋਮਾਜਰਾ, ਤਹਿਸੀਲ ਮਲੇਰਕੋਟਲਾ,<br>
ਜ਼ਿਲ੍ਹਾ ਸੰਗਰੂਰ।

***

ਡਾ: ਰਜੀਵ ਮਹਾਜਨ ਐਮ.ਡੀ.<br>
ਦਇਆਨੰਦ ਮੈਡੀਕਲ ਕਾਲਜ ਅਤੇ ਹਸਪਤਾਲ,<br>
ਲੁਧਿਆਣਾ, ਫੋਨ: 23698

ਕਰਨਲ ਗੁਰਦਿਆਲ ਸਿੰਘ ਰੋਡ,<br>
ਨੇੜੇ ਲਿਖੀ ਨਰਸਿੰਗ ਹੋਮ,<br>
ਸਿਵਲ ਲਾਈਨ ਲੁਧਿਆਣਾ।<br>
8.3.97

ਸੇਵਾ ਵਿਖੇ,<br>
ਸਿੰਘ ਸਾਹਿਬ ਭਾਈ ਜਥੇਦਾਰ ਰਣਜੀਤ ਸਿੰਘ ਜੀ, ਅਕਾਲ ਤਖ਼ਤ ਅੰਮ੍ਰਿਤਸਰ।<br>
ਸ੍ਰੀਮਾਨ ਜੀ,

ਇਹ ਆਪ ਜੀ ਨੂੰ ਦੱਸਣ ਵਾਸਤੇ ਹੈ ਕਿ ਜਸਜੀਤ ਸਿੰਘ ਸੰਧੂ ਪਿੰਡ ਧੀਰੋ ਮਾਜਰਾ ਜ਼ਿਲ੍ਹਾ ਸੰਗਰੂਰ ਪਿਛਲੇ ਦਸਾਂ ਦਿਨਾਂ ਤੋਂ ਮੇਰੇ ਕੋਲੋਂ ਇਲਾਜ ਕਰਵਾ ਰਿਹਾ ਹੈ। ਇਹ ਉਸ ਦਿਮਾਗੀ ਬਿਮਾਰੀ ਨਾਲ ਪੀੜਤ ਹੈ ਜਿਸ ਨਾਲ ਆਦਮੀ ਆਪਣੇ ਆਪ ਨੂੰ ਕੁਝ ਵੀ ਸਮਝਣ ਲੱਗ ਪੈਂਦਾ ਹੈ। ਤਿੰਨ ਸਾਲ ਪਹਿਲਾਂ ਵੀ ਮੈਂ ਇਸ ਦਾ ਇਲਾਜ ਕੀਤਾ ਸੀ। ਉਦੋਂ ਵੀ ਇਹ ਏਸੇ ਹੀ ਬਿਮਾਰੀ ਨਾਲ ਪੀੜਤ ਸੀ। ਪਰ ਉਦੋਂ ਇਸ ਨੇ ਇਲਾਜ ਕਰਾਉਣ ਤੋਂ ਨਾਂਹ ਕਰ ਦਿੱਤੀ ਸੀ। ਹੁਣ ਇਹ ਮੇਰੇ ਜੇਰੇ ਇਲਾਜ ਹੈ। ਜੇ ਇਸ ਨੇ ਇਲਾਜ ਚਾਲੂ ਰੱਖਿਆ ਤਾਂ ਇਹ ਛੇ ਹਫਤਿਆਂ ਤੋਂ ਲੈ ਕੇ ਛੇ ਮਹੀਨਿਆਂ ਵਿਚ ਠੀਕ ਹੋ ਸਕਦਾ ਹੈ।

ਸਹੀ/- ਡਾ. ਰਜੀਵ ਮਹਾਜਨ, ਐਮ.ਡੀ.

## ਕਾਰਵਾਈ ਪੰਚਾਇਤ

8 ਮਾਰਚ 1997

ਅੱਜ 8 ਮਾਰਚ 1997 ਨੂੰ ਗਰਾਮ ਪੰਚਾਇਤ ਭੈਰੋ ਮਾਜਰਾ ਬਲਾਕ ਚਮਕੌਰ ਸਾਹਿਬ ਦੀ ਵਿਸ਼ੇਸ਼ ਮੀਟਿੰਗ ਸ: ਗੁਰਮੁੱਖ ਸਿੰਘ ਸਰਪੰਚ ਦੀ ਪ੍ਰਧਾਨਗੀ ਹੇਠ ਹੋ ਕੇ ਹੇਠ ਲਿਖੀ ਕਾਰਵਾਈ ਕੀਤੀ ਗਈ:

ਪੇਸ਼ ਹੋ ਕੇ ਪਾਸ ਹੋਇਆ ਕਿ ਬਾਬਾ ਸੰਤ ਕਰਤਾਰ ਸਿੰਘ ਭੈਰੋ ਮਾਜਰਾ ਵਾਲੇ ਇਸ ਪਿੰਡ ਭੈਰੋ ਮਾਜਰਾ ਵਿਖੇ ਲਗਭਗ ਤਕਰੀਬਨ 75 ਕੁ ਸਾਲ ਤੋਂ ਇਥੇ ਰਹਿੰਦੇ ਹਨ। ਪਿੰਡ ਵਿਚ ਰਹਿੰਦੇ ਹੋਏ ਇਨ੍ਹਾਂ ਨੇ ਗੁਰਦੁਆਰਾ ਸਾਹਿਬ ਵਿਚ ਹੀ ਸੇਵਾ ਕੀਤੀ ਹੈ। ਅੱਜ ਤਕ ਇਨ੍ਹਾਂ ਨੇ ਕਿਸੇ ਵੀ ਮਨੁੱਖ ਤੋਂ ਆਪਣੇ ਪੈਰਾਂ ਵਿਚ ਮੱਥਾ ਨਹੀਂ ਟਿਕਾਇਆ ਅਤੇ ਨਾ ਹੀ ਆਪਣੇ ਆਪ ਨੂੰ ਗੁਰੂ ਸ਼ਬਦ ਵਰਤਿਆ ਹੈ। ਸਗੋਂ ਸੰਗਤਾਂ ਨੂੰ ਗੁਰੂ ਗ੍ਰੰਥ ਸਾਹਿਬ ਨਾਲ ਹੀ ਜੋੜਿਆ ਹੈ। ਗੁਰਬਾਣੀ ਦਾ ਹੀ ਪ੍ਰਚਾਰ ਕੀਤਾ ਹੈ। ਹੁਣ ਇਨ੍ਹਾਂ ਦੀ ਉਮਰ ਲਗਭਗ ਪੁਰਾਣੇ ਬਜ਼ੁਰਗਾਂ ਦੇ ਕਹਿਣ ਅਨੁਸਾਰ 100 ਸਾਲ ਦੀ ਹੋ ਗਈ ਹੈ ਜਿਸ ਕਰਕੇ ਬਾਬਾ ਜੀ ਦਿਮਾਗੀ ਅਤੇ ਸਰੀਰਕ ਤੌਰ 'ਤੇ ਅਯੋਗ ਹਨ ਅਤੇ ਅੱਖਾਂ ਦੀ ਜੋਤ ਬਿਲਕੁਲ ਨਾ-ਮਾਤਰ ਹੈ। ਇਨ੍ਹਾਂ ਕਾਰਨਾਂ ਦਾ ਲਾਭ ਉਠਾ ਕੇ ਕਿਸੇ ਵੀ ਬਾਹਰਲੇ ਸ਼ਰਾਰਤੀ ਅਨਸਰਾਂ ਨੇ ਆਪਣਾ ਆਰਥਕ ਲਾਭ ਉਠਾਉਣ ਲਈ ਇਨ੍ਹਾਂ ਦੀ ਪ੍ਰਸਿੱਧੀ ਦਾ ਫਾਇਦਾ ਲਿਆ ਹੈ। ਜੋ ਕਿ ਨਿੰਦਿਆ ਯੋਗ ਕਾਰਵਾਈ ਹੈ।

ਗੁਰੂ ਗੋਬਿੰਦ ਸਿੰਘ ਕਹਾਉਣ ਵਾਲਾ ਜਲੂਸ ਕਿਸੇ ਵੀ ਬਾਹਰਲੇ ਪਿੰਡ ਬਾਬਾ ਜੀ ਨੂੰ ਏਥੋਂ ਚੋਰੀ ਲੈ ਜਾ ਕੇ ਕੱਢਿਆ ਗਿਆ ਅਤੇ ਪਿੰਡ ਦਾ ਕੋਈ ਵੀ ਆਦਮੀ ਉਸ ਜਲੂਸ ਵਿਚ ਨਹੀਂ ਸੀ। ਕਾਰਵਾਈ ਹੋਣ ਉਪਰੰਤ ਨਗਰ ਨਿਵਾਸੀਆਂ ਨੂੰ ਇਸ ਬਾਰੇ ਪਤਾ ਲੱਗਾ ਕਿ ਇਹ ਕਾਰਵਾਈ ਪਿੰਡ ਧੀਰੋ ਮਾਜਰਾ (ਜ਼ਿਲ੍ਹਾ ਸੰਗਰੂਰ) ਤੋਂ ਆਏ ਜਸਜੀਤ ਸਿੰਘ ਸੰਧੂ ਉਰਫ ਸੋਢੀ ਦੀ ਹੈ।

ਇਸ ਬਾਰੇ ਬਾਬਾ ਜੀ ਵੀ ਜਾਣੂ ਨਹੀਂ ਸਨ ਕਿ ਉਨ੍ਹਾਂ ਕੋਲੋਂ ਕੀ ਕੰਮ ਕਰਵਾ ਰਹੇ ਹਨ। ਜਦੋਂ ਅਨੰਦਪੁਰ ਸਾਹਿਬ ਜਲੂਸ ਪਹੁੰਚਿਆ ਤਾਂ ਇਸ ਬਾਰੇ ਬਾਬਾ ਜੀ ਤੋਂ ਪੁੱਛਿਆ ਗਿਆ ਕਿ ਆਪ ਗੁਰੂ ਗੋਬਿੰਦ ਸਿੰਘ ਕਿਉਂ ਅਖਵਾ ਰਹੇ ਹੋ ਤਾਂ ਬਾਬਾ ਜੀ ਨੇ ਮੋੜ ਕੇ ਉੱਤਰ ਦਿੱਤਾ ਕਿ ਗੁਰੂ ਗੋਬਿੰਦ ਕੋਈ ਨਹੀਂ ਹੋ ਸਕਦਾ ਮੈਨੂੰ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਹੋਣ ਦਾ ਅਟੁੱਟ ਵਿਸ਼ਵਾਸ ਹੈ। ਇਸ ਲਈ ਪਿੰਡ ਭੈਰੋਮਾਜਰਾ ਅਤੇ ਗਰਾਮ ਪੰਚਾਇਤ ਇਸ ਬਾਰੇ ਸਪਸ਼ਟੀਕਰਨ ਕਰਨਾ ਜ਼ਰੂਰੀ ਸਮਝਦਾ ਹੈ ਕਿ ਬਾਬਾ ਜੀ ਨੇ ਕਦੇ ਆਪਣੇ ਆਪ ਨੂੰ ਗੁਰੂ ਗੋਬਿੰਦ ਸਿੰਘ ਜੀ ਅਖਵਾਉਣ ਦਾ ਪ੍ਰਚਾਰ ਨਹੀਂ ਕੀਤਾ ਸਗੋਂ ਸੰਗਤਾਂ ਨੂੰ ਗੁਰੂ ਸ਼ਬਦ ਨਾਲ ਹੀ ਜੋੜਿਆ ਹੈ। ਇਸ ਮਤੇ ਦੀਆਂ ਕਾਪੀਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਨੂੰ ਭੇਜ ਕੇ ਇਸ ਕਾਰਵਾਈ ਦੀ ਸਖਤ ਸ਼ਬਦਾਂ ਵਿਚ ਨਿੰਦਿਆ ਕਰਦੀ ਹੈ। ਪ੍ਰਵਾਨ ਹੈ।

ਸ: ਗੁਰਮੁਖ ਸਿੰਘ ਸਰਪੰਚ, ਸੁਰਜੀਤ ਸਿੰਘ ਪੰਚ, ਖੁਸ਼ਹਾਲ ਸਿੰਘ ਪੰਚ,
ਹਰਬੰਸ ਕੌਰ ਪੰਚ, ਸਵਰਨ ਸਿੰਘ ਪੰਚ।
ਅਤੇ ਹੋਰ ਇਲਾਕੇ ਦੇ ਸਰਪੰਚ ਅਤੇ ਮੈਂਬਰ ਪੰਚਾਇਤ।

***

ਜਸਜੀਤ ਸਿੰਘ ਵਲੋਂ ਛਾਪਿਆ ਗਿਆ ਇਸ਼ਤਿਹਾਰ

*ਲੱਖ ਖੁਸ਼ੀਆਂ ਹੋਈਆਂ ਨੇ,*

*ਪਰਗਟ ਹੋਗੇ, ਪਰਗਟ ਹੋਗੇ॥*

*'ਹਰਿ ਜੂ ਹਰਿਮੰਦਰ ਆਵਹਿਗੇ'*

**ਸਤਿਗੁਰੂ ਗੁਰੂ ਗੋਬਿੰਦ ਸਿੰਘ ਜੀ ਸੋਢੀ**

**290 ਸਾਲ ਅਲੋਪ ਰਹਿਣ ਤੋਂ ਬਾਅਦ**

**ਸਤਿਗੁਰੂ ਸੰਤਕਰਤਾਰ ਸਿੰਘ ਜੀ ਸੋਢੀ ਦੇ ਰੂਪ ਵਿਚ**

**ਧੀਰਪੁਰ ਸਾਹਿਬ ਵਿਖੇ ਪਰਗਟ ਹੋਏ**

ਰੁਕਨਦੀਨ ਕਰਨੀਨਾਮਾ ਗੁਰੂ ਨਾਨਕ ਦੇਵ ਜੀ ਦੇ ਭਵਿਖਤ ਬਚਨ

'ਦਸਵਾਂ ਜਾਮਾ ਪਹਿਨ ਕਰ ਬੈਠੂ ਪੁਰ ਕਰਤਾਰ"

ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਸੋਢੀ ਦੇ ਭਵਿਖਤ ਬਚਨ

"ਉਦੇ ਅਸਤ ਹਮ ਹੈ ਔਰ ਨਾ ਰਹਿਸੀ ਕੋਇ॥"

ਵਿਜੈ ਛੰਦ

ਲੋਕ ਲੂਟ ਲਿਆਉ, ਪਲੰਕ ਪੇਸ ਪਾਨਾ ਚਲਾਉ॥
ਨਰਦ ਗਰਦ ਸੇ ਮਿਲਾਉ, ਜੋ ਮਾਤੇ ਅਭਿਮਾਨ ਕੇ॥
ਰੂਸ ਨੌਬਤ ਬਜਾਉ, ਸਿਆਮ ਮੋਹਰਾਂ ਚਲਾਉ॥
ਪਾਤਸਾਹੀ ਲੇ ਕਰ ਆਉ ਤਖਤ ਸਾਚੇ ਸਾਹਿਬਾਨ ਕੇ॥
ਨਾ ਆਪ ਲੜੂੰ, ਨਾ ਫੌਜ ਲੜਾਉ, ਪਟ ਬੀਰਨ ਸੇਤੀ ਬਾਂਧ ਮਗਾਉ॥
ਨਾ ਛੋਡੂ ਖਲਕ, ਨਾ ਛੋਡੂ ਬਲਕ, ਪਰਬਤ ਕਾਟੂ ਇਰਾਨ ਕੁਰਾਸਾਨ ਕੇ॥
ਮੇਰਾ ਤਾ ਨਾਮ ਗੁਰੂ ਗੋਬਿੰਦ ਸਿੰਘ ਸੋਢੀ, ਅਸ ਖਿਲੌਨਾ,
ਰਾਜ ਸਾਜ ਸਭ ਬਾਂਧ ਮਗਾਉ ਗੋਸੇ ਕਮਾਨ ਕੇ॥

**ਵਲੋਂ: ਗੁਰੂ ਪੰਥ ਦੇ ਦਾਸ: ਜਸਜੀਤ ਸਿੰਘ ਸੋਢੀ (ਧੀਰਪੁਰ ਸਾਹਿਬ),**
**ਧੀਰੋ ਮਾਜਰਾ ਨੇੜੇ ਜੋੜੇ ਪੁਲ (ਸੰਗਰੂਰ)**

***

***22 ਅਪ੍ਰੈਲ 1997***

ਪਰਮ ਸਤਿਕਾਰਯੋਗ ਗੁਰੂ ਰੂਪ ਸਾਧ ਸੰਗਤ ਜੀਓ,

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਹਿ॥

ਮਿਤੀ 16-17 ਫਰਵਰੀ 1997 ਨੂੰ ਤਖ਼ਤ ਸ੍ਰੀ ਅਨੰਦਪੁਰ ਸਾਹਿਬ ਵਿਖੇ ਵਾਪਰੀ ਮੰਦਭਾਗੀ ਘਟਨਾ ਦੇ ਸਬੰਧ ਵਿਚ ਕਰਤਾਰ ਸਿੰਘ ਪਿੰਡ ਭੈਰੋਮਾਜਰਾਂ ਵਲੋਂ ਇਕ ਹਲਫੀਆ ਬਿਆਨ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪ੍ਰਾਪਤ ਹੋਇਆ। ਨਾਲ ਹੀ ਇਕ ਪੱਤਰ ਪ੍ਰਾਪਤ ਹੋਇਆ ਜਿਸ ਵਿਚ ਪਿੰਡਾਂ ਦੀਆਂ ਦਰਜਨ ਤੋਂ ਵੱਧ ਪੰਚਾਇਤਾਂ ਨੇ ਇਕ ਸਪੱਸ਼ਟੀਕਰਨ

ਦਿੱਤਾ ਕਿ ਕਰਤਾਰ ਸਿੰਘ ਭੈਰੋਮਾਜਰਾ ਨਿਰਦੋਸ਼ ਹੈ ਕਿਉਂਕਿ ਉਮਰ ਵਡੇਰੀ ਹੋਣ ਕਾਰਨ ਉਸ ਦੀ ਦਿਮਾਗੀ ਹਾਲਤ ਉਸ ਦੇ ਕੰਟਰੋਲ ਵਿਚ ਨਹੀਂ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਯਕੀਨ ਦਿਵਾਇਆ ਕਿ ਕਰਤਾਰ ਸਿੰਘ ਨੇ ਪਹਿਲਾਂ ਕਦੀ ਵੀ ਇਹੋ ਜਿਹਾ ਪਖੰਡ ਨਹੀਂ ਰਚਿਆ। ਗੁਰੂ ਗ੍ਰੰਥ ਸਾਹਿਬ ਵਿਚ ਉਸਦਾ ਪੂਰਨ ਯਕੀਨ ਹੈ। ਇਸ ਮੰਦਭਾਗੀ ਘਟਨਾ ਦੇ ਕਾਰਨ ਸਿੱਖ ਸੰਗਤ ਦੇ ਹਿਰਦਿਆਂ ਨੂੰ ਜੋ ਦੁੱਖ ਪਹੁੰਚਿਆ ਹੈ ਸਮੂਹ ਸੰਗਤ ਤੇ ਪੰਥ ਤੋਂ ਉਸ ਦੀ ਮੁਆਫੀ ਮੰਗਦਾ ਹੈ।

ਇਕ ਪੱਤਰ ਹੋਰ ਬੀਬੀ ਦੀਪਿੰਦਰ ਕੌਰ ਵਲੋਂ ਪ੍ਰਾਪਤ ਹੋਇਆ ਜਿਸ ਵਿਚ ਉਸ ਨੇ 16-17 ਫਰਵਰੀ 1997 ਨੂੰ ਵਾਪਰੀ ਘਟਨਾ ਲਈ ਆਪਣੇ ਪਤੀ ਜਸਜੀਤ ਸਿੰਘ ਸੰਧੂ ਧੀਰੋਮਾਜਰਾ ਵਲੋਂ ਸਿੱਖ ਪੰਥ ਤੋਂ ਮੁਆਫੀ ਮੰਗਦਿਆਂ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਇਹ ਜਾਣਕਾਰੀ ਦਿੱਤੀ ਹੈ ਕਿ ਮੇਰੇ ਪਤੀ ਦੀ ਮਾਨਸਿਕ ਸਥਿਤੀ ਸਧਾਰਨ ਵਿਅਕਤੀ ਵਾਲੀ ਨਹੀਂ ਹੈ ਅਤੇ ਨਾਲ ਹੀ ਉਸ ਨੇ ਡਾ: ਰੰਜੀਵ ਮਹਾਜਨ ਵਲੋਂ ਦਿੱਤਾ ਗਿਆ ਇਕ ਡਾਕਟਰੀ ਸਰਟੀਫਿਕੇਟ ਵੀ ਪੇਸ਼ ਕੀਤਾ। ਇਸ ਸਾਰੇ ਮਾਮਲੇ ਨੂੰ ਵਿਚਾਰ ਕੇ ਪੰਜ ਸਿੰਘ ਸਾਹਿਬਾਨ ਨੇ ਸਰਬਸੰਮਤੀ ਨਾਲ ਇਹ ਫੈਸਲਾ ਲਿਆ ਹੈ ਕਿ ਕਰਤਾਰ ਸਿੰਘ ਭੈਰੋਮਾਜਰਾ ਤੇ ਜਸਜੀਤ ਸਿੰਘ ਸੰਧੂ ਨੂੰ ਚਿਤਾਵਨੀ ਦੇ ਕੇ ਇਸ ਉਮੀਦ 'ਤੇ ਕਿ ਅੱਗੇ ਤੋਂ ਇਹੋ ਜਿਹਾ ਕੋਈ ਪਖੰਡ ਨਹੀਂ ਰਚਣਗੇ, ਮੁਆਫ ਕੀਤਾ ਜਾਂਦਾ ਹੈ।

ਦਸਤਖਤ : ਰਣਜੀਤ ਸਿੰਘ

■

# ਇੰਡੀਅਨ ਐਕਸਪ੍ਰੈਸ

*22 ਅਪ੍ਰੈਲ 1997*

ਸਕੱਤਰ,

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਹਿ॥

"ਸਰਬੱਤ ਦਾ ਭਲਾ" ਚਾਹੁਣ ਵਾਲੇ ਸਿੱਖ ਸਾਰੇ ਧਰਮਾਂ ਦਾ ਬਰਾਬਰ ਸਤਿਕਾਰ ਕਰਦੇ ਹਨ। ਪਾਵਨ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਸਾਹਿਬਾਨ ਤੋਂ ਬਿਨਾਂ ਉਸ ਸਮੇਂ ਦੇ ਪ੍ਰਮੁੱਖ ਭਗਤਾਂ, ਜਿਨ੍ਹਾਂ ਵਿਚ ਹਿੰਦੂ ਅਤੇ ਮੁਸਲਮਾਨ ਧਰਮਾਂ ਨਾਲ ਅਤੇ ਲਗਭਗ ਹਰ ਜਾਤੀ ਨਾਲ ਸਬੰਧਤ ਭਗਤ ਹਨ, ਦੀ ਬਾਣੀ ਵੀ ਸ਼ਾਮਲ ਹੈ। ਇਸ ਗੱਲ ਦਾ ਪ੍ਰਤੱਖ ਪ੍ਰਮਾਣ ਹੈ ਕਿ ਇਸ ਅੱਗੇ ਸਾਰੇ ਗੁਰਸਿੱਖ ਸ਼ਰਧਾ ਨਾਲ ਸੀਸ ਝੁਕਾਉਂਦੇ ਹਨ। ਸਿੱਖ ਕਿਸੇ ਹੋਰ ਧਰਮ ਦੇ ਅੰਦਰੂਨੀ ਮਾਮਲਿਆਂ ਵਿਚ ਦਖਲ ਨਹੀਂ ਦੇਂਦੇ ਅਤੇ ਨਾ ਹੀ ਦੂਸਰੇ ਧਰਮਾਂ ਦੇ ਪਾਵਨ ਅਸਥਾਨਾਂ, ਧਾਰਮਕ ਗ੍ਰੰਥਾਂ, ਧਾਰਮਕ ਚਿੰਨ੍ਹਾਂ ਜਾਂ ਧਾਰਮਕ ਸ਼ਖਸੀਅਤਾਂ ਵਿਰੁਧ ਕਿਸੇ ਅਪਮਾਨਜਨਕ ਸ਼ਬਦ ਦੀ ਵਰਤੋਂ ਕਰਦੇ ਹਨ। ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਦੂਸਰਿਆਂ ਦੇ ਧਰਮ ਅਤੇ ਉਸ ਧਰਮ ਦੇ ਧਾਰਮਕ ਚਿੰਨ੍ਹਾਂ ਦੀ ਰਾਖੀ ਲਈ ਆਪਣੀ ਜਾਨ ਨਿਸ਼ਾਵਰ ਕੀਤੀ।

ਸਿੰਘ ਸਾਹਿਬਾਨ ਨੂੰ ਇਹ ਵੇਖ ਕੇ ਬੜਾ ਹੀ ਦੁੱਖ ਹੋਇਆ ਹੈ ਕਿ ਅੰਗਰੇਜ਼ੀ ਦੀ ਰੋਜ਼ਾਨਾ ਅਖਬਾਰ ਇੰਡੀਅਨ ਐਕਸਪ੍ਰੈਸ ਕੁਝ ਸਾਲਾਂ ਤੋਂ ਕਿਸੇ ਸਾਜ਼ਿਸ਼ ਅਧੀਨ ਸਿੱਖ ਧਰਮ ਦੇ ਪਵਿੱਤਰ ਅਸਥਾਨਾਂ, ਗੁਰਬਾਣੀ, ਧਾਰਮਕ ਚਿੰਨ੍ਹਾਂ, ਪ੍ਰੰਪਰਾਵਾਂ ਅਤੇ ਧਾਰਮਕ ਸ਼ਖਸ਼ੀਅਤਾਂ ਵਿਰੁਧ ਅਤਿ ਹੀ ਅਪਮਾਨਜਨਕ ਪ੍ਰਾਪੇਗੰਡਾ ਕਰ ਰਿਹਾ ਹੈ।

ਇੰਡੀਅਨ ਐਕਸਪ੍ਰੈਸ ਨੇ ਅਪ੍ਰੈਲ 1995 ਵਿਚ ਸਿੱਖਾਂ ਦੀ ਦਾੜ੍ਹੀ ਕੇਸ, ਜੋ ਇਨ੍ਹਾਂ ਦੇ ਧਾਰਮਿਕ ਚਿੰਨ੍ਹ ਹਨ ਪ੍ਰਤੀ ਅਤਿ ਹੀ ਅਪਮਾਨਜਨਕ ਲੇਖ ਛਾਪਿਆ, ਜਿਸ ਦਾ ਸਿੱਖਾਂ ਦੀ ਸਿਰਮੌਰ ਜਥੇਬੰਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਹੋਰ ਸਿੱਖ ਸੰਸਥਾਵਾਂ ਨੇ ਗੰਭੀਰ ਨੋਟਿਸ ਲਿਆ ਅਤੇ ਅਖਬਾਰ ਦੇ ਬਾਈਕਾਟ ਦਾ ਸੱਦਾ ਦਿੱਤਾ। ਅਖਬਾਰ ਨੇ ਇਸ ਕਾਰਟੂਨ ਲਈ ਮੁਆਫੀ ਮੰਗੀ।

ਹਰਿਆਣਾ ਵਿਚ ਪੂਰਨ ਸ਼ਰਾਬਬੰਦੀ ਲਾਗੂ ਹੋਣ ਦੇ ਮੌਕੇ ਇਸੇ ਅਖਬਾਰ ਨੇ ਆਪਣੇ 30 ਜੂਨ 1996 ਦੇ ਅੰਕ ਵਿਚ ਗੁਰੂ ਨਾਨਕ ਦੇਵ ਜੀ ਦੀ ਰਚਿਤ ਬਾਣੀ ਦੀ ਇਹ ਤੁਕ:

"ਨਾਨਕ ਦੁਖੀਆ ਸਭ ਸੰਸਾਰ"

ਨੂੰ ਵਿਗਾੜ ਕੇ ਇਉਂ ਛਾਪਿਆ:

"ਨਾਨਕ ਦੁਖੀ ਹੋ ਇਹ ਸੰਸਾਰ, ਸੁਖੀ ਉਹ ਜੋ ਪੀਏਗਾ ਸ਼ਰਾਬ"

ਗੁਰਬਾਣੀ ਦੇ ਇਸ ਨਿਰਾਦਰ ਕਾਰਨ ਸਿੱਖਾਂ ਦੇ ਧਾਰਮਕ ਜਜ਼ਬਾਤਾਂ ਨੂੰ ਗਹਿਰੀ ਠੇਸ ਲੱਗੀ। ਸ਼੍ਰੋਮਣੀ ਕਮੇਟੀ ਨੇ ਫੇਰ ਇਸ ਦਾ ਸਖਤ ਨੋਟਿਸ ਲਿਆ ਤਾਂ ਫੇਰ ਅਖਬਾਰ ਨੂੰ ਮੁਆਫੀ ਮੰਗਣੀ ਪਈ।

ਇਸ ਵਿਸਾਖੀ ਸਮੇਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਨਵੀਂ ਇਮਾਰਤ ਵਿਖੇ ਗੁਰਮਤਿ ਮਰਯਾਦਾ ਲਾਗੂ ਹੋਣ ਸਮੇਂ ਸ਼੍ਰੋਮਣੀ ਕਮੇਟੀ ਵਲੋਂ ਦਮਦਮੀ ਟਕਸਾਲ ਦੇ ਜਥੇਦਾਰ ਬਾਬਾ ਠਾਕੁਰ ਸਿੰਘ ਨੂੰ ਸਿਰੋਪਾਓ ਬਖਸ਼ਿਸ਼ ਕਰਕੇ ਸਨਮਾਨਤ ਕੀਤਾ ਗਿਆ। ਦਮਦਮੀ ਟਕਸਾਲ ਵਲੋਂ ਵੀ ਇਸ ਸਮੇਂ ਸਿੰਘ ਸਾਹਿਬਾਨ, ਕਾਰ ਸੇਵਾ ਵਾਲੇ ਕਈ ਸੰਤ ਮਹਾਂਪੁਰਖ ਅਤੇ ਹੋਰ ਗੁਰਸਿੱਖਾਂ ਨੂੰ ਸਿਰੋਪਾਓ ਦਿੱਤੇ ਗਏ।

ਇਸ ਸਾਰੀ ਕਾਰਵਾਈ ਨੂੰ ਇੰਡੀਅਨ ਐਕਸਪ੍ਰੈਸ ਨੇ ਤੋੜ-ਮਰੋੜ ਕੇ ਪੇਸ਼ ਕੀਤਾ ਅਤੇ ਲਗਾਤਾਰ ਉਸ ਦਿਨ ਤੋਂ ਕਿਸੇ ਸਾਜ਼ਿਸ਼ ਅਧੀਨ ਸ੍ਰੀ ਅਕਾਲ ਤਖ਼ਤ ਸਾਹਿਬ, ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ, ਸਿੱਖ ਮਰਯਾਦਾ, ਪਰੰਪਰਾਵਾਂ, ਸਿੱਖ ਸ਼ਹੀਦਾਂ ਅਤੇ ਸ਼੍ਰੋਮਣੀ ਕਮੇਟੀ ਵਿਰੁੱਧ ਇਕ ਅਤਿ ਹੀ ਗੁੰਮਰਾਹਕੁੰਨ ਅਤੇ ਜ਼ਹਿਰੀਲਾ ਪ੍ਰਚਾਰ ਕੀਤਾ ਜਾ ਰਿਹਾ ਹੈ। ਜਿਸ ਨਾਲ ਪੰਜਾਬ ਦੇ ਸ਼ਾਂਤਮਈ ਮਾਹੌਲ ਨੂੰ ਖਰਾਬ ਕਰਨ ਦੀ ਵੀ ਕੋਸ਼ਿਸ਼ ਕੀਤੀ ਗਈ ਹੈ। ਸ਼੍ਰੋਮਣੀ ਕਮੇਟੀ ਵਲੋਂ ਸਪੱਸ਼ਟੀਕਰਨ ਦੇ ਬਾਵਜੂਦ ਵੀ ਇਹ ਗੁੰਮਰਾਹਕੁੰਨ ਪ੍ਰਾਪੇਗੰਡਾ ਜਾਰੀ ਹੈ।

ਅਖਬਾਰ ਨੇ ਆਪਣੇ 16 ਅਪ੍ਰੈਲ 1997 ਦੇ ਸੰਪਾਦਕੀ ਵਿਚ "ਇਹ ਮਰਯਾਦਾ ਨਹੀਂ" ਅਤੇ ਕਈ ਹੋਰ ਲਿਖਤਾਂ ਜਾਂ ਮਨਘੜਤ ਖਬਰਾਂ ਵਿਚ ਸਿੱਖਾਂ ਦੇ ਸਰਬੋਤਮ ਪਾਵਨ ਅਸਥਾਨ ਸ੍ਰੀ ਅਕਾਲ ਤਖ਼ਤ ਸਾਹਿਬ, ਸਿੰਘ ਸਾਹਿਬ ਭਾਈ ਰਣਜੀਤ ਸਿੰਘ, ਸਿੱਖ ਪ੍ਰੰਪਰਾਵਾਂ, ਸਿੱਖ ਸ਼ਹੀਦਾਂ ਅਤੇ ਸ਼੍ਰੋਮਣੀ ਕਮੇਟੀ ਵਿਰੁੱਧ ਬਹੁਤ ਕੁਝ ਅਪਮਾਨਜਨਕ ਸ਼ਬਦ ਲਿਖੇ ਹਨ।

ਅਸੀਂ ਸ਼੍ਰੋਮਣੀ ਕਮੇਟੀ ਨੂੰ ਹਦਾਇਤ ਕਰਦੇ ਹਾਂ ਕਿ ਉਹ ਤਜਰਬੇਕਾਰ ਵਕੀਲਾਂ ਦੀ ਸਲਾਹ ਨਾਲ ਇੰਡੀਅਨ ਐਕਸਪ੍ਰੈਸ ਵਿਰੁੱਧ ਯੋਗ ਕਾਰਵਾਈ ਕਰਨ ਅਤੇ ਪ੍ਰੈਸ ਕੌਂਸਲ ਆਫ਼ ਇੰਡੀਆ ਨੂੰ ਇਸ ਬਾਰੇ ਕਾਰਵਾਈ ਕਰਨ ਲਈ ਕਹਿਣ।

ਅਸੀਂ ਸਮੁੱਚੀ ਪ੍ਰੈਸ ਨੂੰ ਇਹ ਕਹਿਣਾ ਚਾਹਾਂਗੇ ਕਿ ਆਪਣੇ ਫਰਜ਼ ਨੂੰ ਪਛਾਣਦੇ ਹੋਏ ਕੋਈ ਐਸੀ ਲਿਖਤ ਨਾ ਛਾਪਣ ਜਿਸ ਨਾਲ ਪੰਜਾਬ ਦਾ ਮਾਹੌਲ ਵਿਗੜਦਾ ਹੋਵੇ ਅਤੇ ਪੰਜਾਬੀਆਂ ਦੇ ਆਪਸੀ ਪ੍ਰੇਮ ਭਾਵਨਾਵਾਂ ਨੂੰ ਠੇਸ ਪਹੁੰਚੇ।

ਦਸਤਖਤ : ਰਣਜੀਤ ਸਿੰਘ

■

**ਚੰਡੀਗੜ੍ਹ**

*21 ਅਕਤੂਬਰ 1997*

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ ॥

ਅੱਜ ਮਿਤੀ 21.10.97 ਨੂੰ ਪਾਵਨ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਚੰਡੀਗੜ੍ਹ ਦੇ ਵੱਖ-ਵੱਖ ਗੁਰਦੁਆਰਾ ਸਾਹਿਬਾਨ ਦੇ ਨੁਮਾਇੰਦਿਆਂ ਦੇ ਵਿ ਕਾਰ ਗੁਰਪੁਰਬ ਸਬੰਧੀ ਨਗਰ ਕੀਰਤਨ ਦੇ ਵਖਰੇਵੇਂ ਨੂੰ ਲੈ ਕੇ ਪੰਜ ਸਿੰਘ ਸਾਹਿਬਾਨ ਲੋਂ ਵਿਚਾਰ-ਵਟਾਂਦਰਾ ਕੀਤਾ ਗਿਆ ਅਤੇ ਸਰਬਸੰਮਤੀ ਨਾਲ ਹੇਠ ਲਿਖੇ ਅਨੁਸਾਰ ਫੈਸਲ ਾ ਕੀਤਾ ਗਿਆ ਹੈ :

1. ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਗੁਰਪੁਰਬ ਸਬੰਧੀ ਨਗਰ ਕੀਰਤਨ ਗੁਰਦੁਆਰਾ ਸਿੰਘ ਸਭਾ, ਸੈਕਟਰ 19-ਡੀ, ਚੰ ਡੀਗੜ੍ਹ ਤੋਂ ਪਹਿਲਾਂ ਦੀ ਤਰ੍ਹਾਂ ਹੀ ਕੱਢਿਆ ਜਾਵੇ।

2. ਦਸਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਪਾਵਨ ਆਗਮਨ ਦਿਵਸ ਸਬੰਧੀ ਨਗਰ ਕੀਰਤਨ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ, ਸੈਕਟਰ 34-ਡੀ ਤੋਂ ਕੱਢਿਆ ਜਾਵੇ।

3. ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਦਿਵਸ ਸਮੇਂ ਨਗਰ ਕੀਰਤਨ ਗੁਰਦੁਆਰਾ ਸਾਹਿਬ ਸੈਕਟਰ 22 ਤੋਂ ਕੱਢਿਆ ਜਾਵੇ।

ਇਹ ਫੈਸਲਾ ਲੈਂਦੇ ਸਮੇਂ ਸਾਰੇ ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ ਵਲੋਂ ਕੀਤੀ ਜਾ ਰਹੀ ਪੰਥ ਪ੍ਰਤੀ ਸੇਵਾ ਤੇ ਸਿੱਖੀ ਦੇ ਪ੍ਰਚਾਰ ਨੂੰ ਧਿਆਨ ਵਿਚ ਰੱਖ ਆ ਗਿਆ ਹੈ।

ਨਗਰ ਕੀਰਤਨ ਦੇ ਆਰੰਭ ਤੋਂ ਬਾਅਦ ਰੂਟ ਅਤੇ ਸਮਾਪ ਤੀ ਦਾ ਫੈਸਲਾ ਤਾਲਮੇਲ ਕਮੇਟੀ ਗੁਰਮਤਿ ਜੁਗਤਿ ਵਿਚ ਕਰੇਗੀ।

ਦੂਜੇ ਗੁਰਪੁਰਬਾਂ ਸਬੰਧੀ ਵੀ ਨਗਰ ਕੀਰਤਨ ਇਕ ਸਮੇਂ ਇਕੋ ਹੀ ਕੱਢਿਆ ਜਾਵੇ। ਇਨ੍ਹਾਂ ਦੇ ਆਰੰਭ ਅਤੇ ਸਮਾਪਤੀ ਦਾ ਫੈਸਲਾ ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਨਾਮਜ਼ਦ ਤਾਲਮੇਲ ਕਮੇਟੀ ਕਰਿਆ ਕਰੇਗੀ। ਤਾਲਮੇਲ ਕਮੇਟੀ ਦੇ ਹੇਠ ਲਿ ਖੇ ਸੱਜਣ ਮੈਂਬਰ ਹੋਣਗੇ;

1. ਸ: ਨੌਰਾਤਾ ਸਿੰਘ ਜੀ, ਪ੍ਰਧਾਨ ਗੁਰਦੁਆਰਾ ਸ੍ਰੀ ਗੁ ਰੂ ਤੇਗ ਬਹਾਦਰ, 34-ਡੀ, ਚੰਡੀਗੜ੍ਹ।

2. ਸ: ਗੁਰਪ੍ਰਤਾਪ ਸਿੰਘ ਜੀ, ਪ੍ਰਧਾਨ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ, ਸੈਕਟਰ 15-ਸੀ, ਚੰਡੀਗੜ੍ਹ।

3. ਸ: ਅਮਰਿੰਦਰ ਸਿੰਘ ਜੀ, ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰ ਬੰਧਕ ਕਮੇਟੀ, ਚੰਡੀਗੜ੍ਹ।

4. ਸ: ਸਰਦੂਲ ਸਿੰਘ ਜੀ, ਪ੍ਰਧਾਨ, ਗੁਰਦੁਆਰਾ ਸਿੰਘ ਸਭਾ, ਸੈਕਟਰ 19-ਡੀ, ਚੰਡੀਗੜ੍ਹ।

5. ਸ: ਮਲਕ ਸਿੰਘ ਜੀ, ਪ੍ਰਧਾਨ ਗੁਰਦੁਆਰਾ ਸਾਹਿਬ ਸੈਕਟਰ 22, ਚੰਡੀਗੜ੍ਹ।

6. ਬੀਬੀ ਹਰਜਿੰਦਰ ਕੌਰ ਜੀ, ਐਮ.ਸੀ., ਚੰਡੀਗੜ੍ਹ।

7. ਬੀਬੀ ਪ੍ਰਭਜੋਤ ਕੌਰ ਜੀ, ਸੈਕਟਰ 39, ਚੰਡੀਗੜ੍ਹ।

ਸਮੂਹ ਗੁਰੂ ਰੂਪ ਸਾਧਸੰਗਤ (ਚੰਡੀਗੜ੍ਹ) ਨੂੰ ਸਿੰਘ ਸਾਹਿਬਾਨ ਵਲੋਂ ਬੇਨਤੀ ਹੈ ਕਿ ਇਸ ਫੈਸਲੇ ਨੂੰ ਸਤਿਕਾਰ ਸਹਿਤ ਲਾਗੂ ਕਰਨ ਵਿਚ ਪ੍ਰਬੰਧਕਾਂ ਨੂੰ ਪੂਰਨ ਸਹਿਯੋਗ ਦਿੱਤਾ ਜਾਵੇ। ਸਰਬੱਤ ਸੰਗਤ ਨੂੰ ਨਾਮ ਚਿਤ ਆਵੇ ਸਾਡੀ ਹਾਰਦਿਕ ਅਰਦਾਸ ਹੈ।

ਦਸਤਖਤ : ਰਣਜੀਤ ਸਿੰਘ

■

## ਮੈਰਿਜ਼ ਪੈਲਿਸ ਅਤੇ ਹੋਟਲਾਂ 'ਚ ਗੁਰੂ ਗ੍ਰੰਥ ਸਾਹਿਬ ਦੀ ਹੁੰਦੀ ਬੇਅਦਬੀ

*16 ਮਾਰਚ 1998*

### ਹੁਕਮਨਾਮਾ

ਅੱਜ ਮਿਤੀ 16 ਮਾਰਚ 1998 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਹੋਈ, ਜਿਸ ਵਿਚ ਭਾਈ ਰਜਿੰਦਰ ਸਿੰਘ ਫਗਵਾੜਾ ਅਤੇ ਹੋਰ ਅਨੇਕਾਂ ਪ੍ਰੇਮੀਆਂ ਦੇ ਪੱਤਰਾਂ, ਜਿਹੜੇ ਕਿ ਮੈਰਿਜ਼ ਪੈਲਿਸ ਅਤੇ ਹੋਟਲਾਂ ਵਿਚ ਅਨੰਦ ਕਾਰਜ ਸਮੇਂ ਗੁਰੂ ਗ੍ਰੰਥ ਸਾਹਿਬ ਜੀ ਦੀ ਹੁੰਦੀ ਬੇਅਦਬੀ ਦੇ ਸਬੰਧ ਵਿਚ ਆਏ 'ਤੇ ਵਿਚਾਰ ਹੋਈ। ਉਪਰੰਤ ਇਹ ਫੈਸਲਾ ਲਿਆ ਗਿਆ ਕਿ ਗੁਰੂ ਗ੍ਰੰਥ ਸਾਹਿਬ ਜੀ ਦੇ ਅਦਬ-ਸਤਿਕਾਰ ਨੂੰ ਮੁੱਖ ਰਖਦੇ ਹੋਏ ਕਿਸੇ ਵੀ ਮੈਰਿਜ ਪੈਲਿਸ ਜਾਂ ਹੋਟਲ ਵਿਚ ਸਿੱਖ ਸੰਗਤਾਂ ਅਨੰਦ ਕਾਰਜ ਦੀ ਰਸਮ ਨਾ ਕਰਵਾਉਣ ਅਤੇ ਖਾਸ ਕਰਕੇ ਗ੍ਰੰਥੀ ਸਿੰਘ, ਰਾਗੀ ਸਿੰਘ ਅਤੇ ਸਾਰੇ ਪ੍ਰਬੰਧਕਾਂ ਨੂੰ ਪੰਜ ਸਿੰਘ ਸਾਹਿਬਾਨ ਵਲੋਂ ਸਖ਼ਤ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਕਿਸੇ ਵੀ ਐਸੀ ਰਸਮ ਵਿਚ ਹਿੱਸਾ ਨਾ ਲੈਣ, ਜੋ ਮੈਰਿਜ ਪੈਲਿਸ ਅਤੇ ਹੋਟਲਾਂ ਵਿਚ ਹੋ ਰਹੀ ਹੋਵੇ। ਜੋ ਸੱਜਣ ਇਸ ਆਦੇਸ਼ ਦੀ ਉਲੰਘਣਾ ਕਰੇਗਾ ਉਸ ਵਿਰੁੱਧ ਪੰਥਕ ਮਰਯਾਦਾ ਅਨੁਸਾਰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਕਾਰਵਾਈ ਕੀਤੀ ਜਾਵੇਗੀ।

ਸਮੂਹ ਸਿੱਖ ਸੰਗਤਾਂ ਦੇ ਨਾਂ ਨਿਮਰਤਾ ਸਹਿਤ ਸੰਦੇਸ਼ ਹੈ ਕਿ ਆਪਣੇ ਘਰਾਂ ਜਾਂ ਹੋਰ ਅਸਥਾਨਾਂ 'ਤੇ ਕਿਸੇ ਵੀ ਖੁਸ਼ੀ, ਗ਼ਮੀ ਦੇ ਸਮਾਗਮ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਦਬ ਸਤਿਕਾਰ ਅਤੇ ਪੰਥਕ ਮਰਯਾਦਾ ਦਾ ਪੂਰੀ ਸੁਚੇਤਤਾ ਨਾਲ ਪਾਲਣ ਕੀਤਾ ਜਾਵੇ।

ਦਸਤਖਤ : ਰਣਜੀਤ ਸਿੰਘ, ਮੋਹਣ ਸਿੰਘ,
ਮਨਜੀਤ ਸਿੰਘ, ਕੇਵਲ ਸਿੰਘ, ਭਗਵਾਨ ਸਿੰਘ

***

*17 ਅਗਸਤ 1998*

ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ,
ਸਿੰਘ ਸਾਹਿਬਾਨ ਜੀ,
ਪ੍ਰਮ ਕਿਰਪਾਲੂ ਜੀਓ,
ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੂਰੂ ਜੀ ਕੀ ਫਤਹਿ॥

ਬੇਨਤੀ ਹੈ ਕਿ ਸ: ਹਰਭਜਨ ਸਿੰਘ ਵਿਸ਼ਵ ਸਿੱਖ ਕੌਂਸਲ ਵਲੋਂ ਮੈਰਿਜ ਪੈਲਿਸ ਅਤੇ ਹੋਟਲਾਂ ਵਿਚ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਨਾ ਲਿਜਾਣ ਬਾਰੇ ਹੁਕਮਨਾਮੇ ਦੀ ਉਲੰਘਣਾ ਸਬੰਧੀ ਜੋ ਸ਼ਿਕਾਇਤ ਕੀਤੀ ਗਈ ਸੀ ਉਹ ਬਿਲਕੁਲ ਦਰੁਸਤ ਹੈ। ਭਾਈ ਗੁਰਜੀਤ ਸਿੰਘ ਜੀ ਦੇ ਮਨ੍ਹਾਂ ਕਰਨ ਦੇ ਬਾਵਜੂਦ ਵੀ ਮੈਂ ਡਿਊਟੀ ਲਾਈ ਸੀ। ਇਸ ਸਬੰਧੀ ਮੈਂ

ਅਕਾਲ ਤਖ਼ਤ ਸਾਹਿਬ 'ਤੇ ਬੇਨਤੀ ਕਰਦਾ ਹਾਂ ਕਿ ਮੇਰੇ ਤੋਂ ਗਲਤੀ ਹੋ ਗਈ, ਮੈਨੂੰ ਮੁਆਫ਼ ਕੀਤਾ ਜਾਵੇ।

ਆਪ ਜੀ ਦਾ ਦਾਸ,
*ਭੁਪਿੰਦਰ ਸਿੰਘ,*
ਅਸਿਸਟੈਂਟ ਸੁਪਰਡੈਂਟ,
ਰਿਹਾਇਸ਼ ਗੁਰਦੁਆਰਾ ਢਕਾ ਧੀਰਪੁਰ
ਦਿੱਲੀ-9

***

*17 ਅਗਸਤ 1998*

**ਹੁਕਮਨਾਮਾ**

ਅੱਜ ਮਿਤੀ 17 ਅਗਸਤ 1998 ਨੂੰ ਪਵਿੱਤਰ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਹੋਈ। ਜਿਸ ਵਿਚ ਹਰਭਜਨ ਸਿੰਘ ਚੇਅਰਮੈਨ ਵਿਸ਼ਵ ਸਿੱਖ ਕੌਂਸਲ ਦਿੱਲੀ ਖੇਤਰ ਵਲੋਂ ਮੈਰਿਜ ਪੈਲਿਸ ਅਤੇ ਹੋਟਲਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਨਾ ਕਰਨ ਸਬੰਧੀ ਜਾਰੀ ਹੋਏ ਹੁਕਮਨਾਮੇ ਦੀ ਉਲੰਘਣਾ ਸਬੰਧੀ ਆਈ ਸ਼ਿਕਾਇਤ 'ਤੇ ਵਿਚਾਰ ਹੋਈ। ਉਪਰੰਤ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁਲਾਜ਼ਮ ਭੁਪਿੰਦਰ ਸਿੰਘ ਅਸਿਸਟੈਂਟ ਸੁਪਰਡੈਂਟ ਨੂੰ ਦੋਸ਼ੀ ਪਾਇਆ ਗਿਆ। ਉਨ੍ਹਾਂ ਨੇ ਆਪ ਵੀ (ਭੁਪਿੰਦਰ ਸਿੰਘ ਨੇ) ਇਹ ਗਲਤੀ ਸਵੀਕਾਰ ਕੀਤੀ। ਪ੍ਰਵਾਨ ਹੋਇਆ ਕਿ ਭੁਪਿੰਦਰ ਸਿੰਘ ਇਕ ਘੰਟਾ ਗੁਰੂ ਘਰ ਦੇ ਲੰਗਰ ਵਿਚ ਜੂਠੇ ਬਰਤਨ ਸਾਫ ਕਰਕੇ 101/- ਰੁਪਏ ਦੀ ਪਵਿੱਤਰ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਅਰਦਾਸ ਕਰਵਾਉਣ।

ਦਸਤਖ਼ਤ : ਰਣਜੀਤ ਸਿੰਘ, ਮੋਹਣ ਸਿੰਘ,
ਭਗਵਾਨ ਸਿੰਘ, ਚਰਨ ਸਿੰਘ, ਗੁਰਬਚਨ ਸਿੰਘ

■

# ਲੰਗਰ ਤੇ ਪੰਗਤ ਦੀ ਪਰੰਪਰਾ

ਵਿਦੇਸ਼ਾਂ ਵਿਚ ਲੰਗਰ ਤੇ ਪੰਗਤ ਬਾਰੇ-ਵਾਦ ਵਿਵਾਦ ਵੀ ਸਿੰਘ ਸਾਹਿਬ ਭਾਈ ਰਣਜੀਤ ਸਿੰਘ ਜੀ ਦੇ ਕਾਰਜਕਾਲ ਤੋਂ ਪਹਿਲਾਂ ਚਲਿਆ ਆਉਂਦਾ ਸੀ। ਉਨ੍ਹਾਂ ਨੇ ਤਾਂ ਸਿਰਫ ਇਸ ਬਾਰੇ ਗੁਰਮਤਿ ਅਨੁਸਾਰ ਸਪਸ਼ਟੀਕਰਨ ਦੇਣ ਦੀ ਜੁਰਅਤ ਹੀ ਕੀਤੀ। ਪਹਿਲਾਂ ਤੋਂ ਚਲੇ ਆ ਰਹੇ ਇਸ ਵਾਦ-ਵਿਵਾਦ ਦੀ ਮਿਸਾਲ ਪ੍ਰੋ: ਮਨਜੀਤ ਸਿੰਘ ਤੇ ਬਾਕੀ ਸਿੰਘ ਸਾਹਿਬਾਨ ਵਲੋਂ ਕਨੇਡਾ 'ਚ ਰਹਿੰਦੇ ਇਕ ਸਿੰਘ ਨੂੰ ਲਿਖੀ ਇਹ ਚਿੱਠੀ ਹੈ।

*5 ਜਨਵਰੀ 1996*

ਗੁਰੂ ਸਵਾਰੇ ਸ: ਪਾਲ ਸਿੰਘ ਜੀ,

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਹਿ॥

ਆਪ ਜੀ ਦਾ ਫੈਕਸ ਮਿਤੀ 3.11.95, ਜਿਸ ਰਾਹੀਂ ਆਪ ਜੀ ਨੇ ਲੰਗਰ ਦੀ ਮਰਯਾਦਾ ਸਬੰਧੀ ਪੁੱਛ ਕੀਤੀ ਹੈ, ਮਿਲਿਆ, ਜਿਸ ਲਈ ਧੰਨਵਾਦੀ ਹਾਂ।

ਗੁਰੂ ਘਰ ਦੀ ਮਰਿਯਾਦਾ ਅਨੁਸਾਰ 'ਗੁਰ ਕਾ ਲੰਗਰ' ਪੰਗਤ ਵਿਚ ਬੈਠ ਕੇ, ਸਿਰ ਢੱਕ.ਕੇ ਅਤੇ ਜੋੜੇ ਉਤਾਰ ਕੇ ਹੀ ਛਕਿਆ-ਛਕਾਇਆ ਜਾਣਾ ਚਾਹੀਦਾ ਹੈ। ਲੰਗਰ ਪਕਾਉਣ ਵਾਲੇ ਕੇਸਾਧਾਰੀ ਅਤੇ ਤਿਆਰ-ਬਰ-ਤਿਆਰ ਸਿੱਖ ਹੋਣੇ ਚਾਹੀਦੇ ਹਨ। ਸਿੱਖ ਕਹਾਉਣ ਵਾਲਿਆਂ ਪਾਸੋਂ ਗੁਰੂ ਘਰ ਵਿਚ ਹੋਰ ਸੇਵਾ ਲਈ ਜਾਵੇ ਅਤੇ ਇਨ੍ਹਾਂ ਕੇਸਾਂ ਦੀ ਬੇਅਦਬੀ ਕਰਨ ਵਾਲਿਆਂ ਨੂੰ ਗੁਰੂ ਘਰ ਨਾਲ ਜੋੜਨ ਲਈ ਉਪਰਾਲੇ ਕਰਦਿਆਂ ਆਪਣੀ ਵੱਖਰੀ ਪਛਾਣ ਸਾਬਤ-ਸੂਰਤ ਅਤੇ ਸਿਰ-ਦਸਤਾਰ ਵਾਲੀ ਹੈਸੀਅਤ ਕਾਇਮ ਰੱਖਣ ਲਈ ਪ੍ਰੇਰਿਆ ਜਾਵੇ। ਉਨ੍ਹਾਂ ਨੂੰ ਇਸ ਪਾਸੇ ਧਿਆਨ ਕੇਂਦਰਤ ਕਰਨ ਲਈ ਬੇਨਤੀ ਕੀਤੀ ਜਾਵੇ ਅਤੇ ਮੁੱਖਧਾਰਾ ਵਿਚ ਸ਼ਾਮਲ ਕਰਨ ਦੇ ਪੂਰੇ-ਪੂਰੇ ਯਤਨ ਕੀਤੇ ਜਾਣ।

ਅਖੌਤੀ ਨਵੀਂ ਸਭਿਅਤਾ ਵਲੋਂ ਜੋ ਆਪਣੇ ਆਪ ਕੁਰਸੀਆਂ ਤੇ ਮੇਜ਼ਾਂ 'ਤੇ ਬੈਠ ਕੇ ਲੰਗਰ ਛਕਾਇਆ ਜਾ ਰਿਹਾ ਹੈ, ਉਹ ਮਨਮਤਿ ਹੈ। ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਦੇ ਲੰਗਰ ਅਤੇ ਹੋਰ ਗੁਰਦੁਆਰਾ ਸਾਹਿਬਾਨ ਦੇ ਲੰਗਰਾਂ ਵਿਚ ਪਹਿਲਾਂ ਪੰਗਤ ਲਗਾਈ ਜਾਂਦੀ ਹੈ, ਉਪਰੰਤ ਪੰਜ ਮਿੰਟ ਸਤਿਨਾਮ-ਵਾਹਿਗੁਰੂ ਦਾ ਜਾਪ ਕਰਾਇਆ ਜਾਂਦਾ ਹੈ, ਅਖੀਰ 'ਤੇ 'ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ' ਦਾ ਜੈਕਾਰਾ ਗਜਾ ਕੇ ਲੰਗਰ ਵਰਤਾਇਆ ਜਾਂਦਾ ਹੈ।

ਗੁਰੂ ਅਮਰਦਾਸ ਜੀ ਮਹਾਰਾਜ ਦੇ ਦਰਬਾਰ ਵਿਚ ਜਦ ਅਕਬਰ ਬਾਦਸ਼ਾਹ ਆਇਆ ਤਾਂ ਸਤਿਗੁਰੂ ਜੀ ਦਾ ਹੁਕਮ ਸੀ 'ਪਹਿਲੇ ਪੰਗਤ.ਪਾਛੇ ਸੰਗਤ'। ਅਕਬਰ ਨੇ ਪੰਗਤ ਵਿਚ ਬੈਠ ਕੇ ਹੀ ਲੰਗਰ ਛਕਿਆ ਸੀ। ਗੁਰੂ ਘਰ ਦੀ ਮਰਿਯਾਦਾ ਕਾਇਮ ਰੱਖਣ ਲਈ ਸਿੱਖ ਬਾਣੇ ਦਾ ਤਿਆਗ ਕਰ ਚੁੱਕੇ ਸਿੱਖ ਕਹਾਉਣ ਵਾਲਿਆਂ ਨਾਲ ਵਰਤੋਂ-ਵਿਹਾਰ ਸਮੇਂ ਕਿਸੇ ਤਰ੍ਹਾਂ ਵੀ ਨਿਮਰਤਾ ਤੇ ਮਿਠਾਸ ਦਾ ਪੱਲਾ ਨਾ ਛੱਡਿਆ ਜਾਵੇ ਅਤੇ ਝਗੜੇ ਬਖੇੜੇ ਨਾ ਕੀਤੇ

ਜਾਣ। ਗੁਰੂ ਰਾਖਾ, ਸਰਬੱਤ ਦਾ ਭਲਾ।

ਗੁਰੂ ਪੰਥ ਦਾ ਦਾਸ,
ਦਸਤਖਤ : ਮਨਜੀਤ ਸਿੰਘ

***

ਗੁਰਮਤਿ ਸੋਝੀ ਨੂੰ ਅਧਾਰ ਬਣਾ ਕੇ ਸਿੰਘ ਸਾਹਿਬ ਭਾਈ ਰਣਜੀਤ ਸਿੰਘ ਜੀ ਨੇ ਇਹ ਹੁਕਮਨਾਮਾ ਜਾਰੀ ਕੀਤਾ;

*20 ਅਪ੍ਰੈਲ 1998*

## ਹੁਕਮਨਾਮਾ

ਅੱਜ ਮਿਤੀ 20 ਅਪ੍ਰੈਲ 1998 ਨੂੰ ਪਾਵਨ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਹੋਈ ਜਿਸ ਵਿਚ ਪਿਛਲੇ ਲੰਮੇ ਸਮੇਂ ਤੋਂ ਦੇਸ਼ ਵਿਦੇਸ਼ ਅੰਦਰ ਗੁਰੂ ਘਰ ਦੇ ਲੰਗਰ ਵਿਚ ਕੁਰਸੀਆਂ 'ਤੇ ਬੈਠ ਕੇ ਲੰਗਰ ਛਕਣ ਜਾਂ ਜ਼ਮੀਨ 'ਤੇ ਬੈਠ ਕੇ ਲੰਗਰ ਛਕਣ ਸਬੰਧੀ ਚੱਲ ਰਹੇ ਵਾਦ-ਵਿਵਾਦ 'ਤੇ ਵਿਆਪਕ ਵਿਚਾਰ ਚਰਚਾ ਹੋਈ। ਉਪਰੰਤ ਇਹ ਫੈਸਲਾ ਲਿਆ ਗਿਆ ਕਿ ਗੁਰੂ ਸਾਹਿਬਾਨ ਵਲੋਂ ਕਾਇਮ ਕੀਤੀ ਗਈ ਸੰਗਤ ਤੇ ਪੰਗਤ ਦੀ ਮਰਯਾਦਾ ਨੂੰ ਸ਼ਰਧਾ ਸਤਿਕਾਰ ਨਾਲ ਹਰ ਹੀਲੇ ਕਾਇਮ ਰੱਖਿਆ ਜਾਵੇ। ਸਮੂਹ ਧਾਰਮਕ ਸ਼ਰੇਣੀ ਵਿਚ ਸੇਵਾ ਨਿਭਾਉਣ ਵਾਲੇ ਰਾਗੀ, ਗ੍ਰੰਥੀ, ਢਾਡੀ, ਪ੍ਰਚਾਰਕ ਤੇ ਸਮੂਹ ਸੰਸਥਾਵਾਂ ਦੇ ਪ੍ਰਬੰਧਕਾਂ ਪ੍ਰਤੀ ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਇਹ ਆਦੇਸ਼ ਹੈ ਕਿ ਇਹ ਯਕੀਨੀ ਬਨਾਉਣ ਕਿ ਗੁਰੂ ਕੇ ਲੰਗਰ ਦਾ ਪ੍ਰਸ਼ਾਦਾ ਕੇਵਲ ਪੰਗਤ ਵਿਚ ਜ਼ਮੀਨ 'ਤੇ ਬੈਠ ਕੇ ਹੀ ਛਕਣ ਤੇ ਛਕਾਉਣ ਦੀ ਮਰਯਾਦਾ ਕਾਇਮ ਰੱਖੀ ਜਾਵੇ।

ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਇਸ ਆਦੇਸ਼ ਨੂੰ ਸ੍ਰੀ ਗੁਰੂ ਅਰਜਨ ਸਾਹਿਬ ਜੀ ਦੇ ਸ਼ਹੀਦੀ ਗੁਰਪੁਰਬ ਤੱਕ ਲਾਗੂ ਕਰਨ ਦਾ ਉੱਚਿਤ ਪ੍ਰਬੰਧ ਕਰ ਲਿਆ ਜਾਵੇ। ਇਸ ਉਦੇਸ਼ ਦੀ ਉਲੰਘਣਾ ਹੋਣ 'ਤੇ ਸਬੰਧਤ ਰਾਗੀ, ਗ੍ਰੰਥੀ, ਢਾਡੀ, ਪ੍ਰਚਾਰਕ ਤੇ ਪ੍ਰਬੰਧਕ ਬਰਾਬਰ ਦੇ ਜ਼ੁੰਮੇਵਾਰ ਹੋਣਗੇ ਅਤੇ ਉਨ੍ਹਾਂ ਸਬੰਧੀ ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਪੰਥਕ ਮਰਯਾਦਾ ਅਨੁਸਾਰ ਕਾਰਵਾਈ ਕੀਤੀ ਜਾਵੇਗੀ। ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਸਮੂਹ ਗੁਰਸਿੱਖ ਸੰਗਤਾਂ ਪ੍ਰਤੀ ਨਿਮਰਤਾ ਸਹਿਤ ਸੰਦੇਸ਼ ਹੈ ਕਿ ਇਸ ਮਰਯਾਦਾ ਨੂੰ ਲਾਗੂ ਕਰਨ ਤੇ ਕਰਵਾਉਣ ਲਈ ਹਰ ਤਰ੍ਹਾਂ ਦੀ ਧੜੇਬੰਦੀ ਤੇ ਪੱਖਪਾਤ ਤੋਂ ਉੱਪਰ ਉੱਠ ਕੇ ਸਹਿਯੋਗ ਦੇਣ।

ਦਸਤਖਤ : ਰਣਜੀਤ ਸਿੰਘ, ਮੋਹਣ ਸਿੰਘ,
ਮਨਜੀਤ ਸਿੰਘ, ਕੇਵਲ ਸਿੰਘ, ਭਗਵਾਨ ਸਿੰਘ

***

## ਕਨੇਡੀਅਨ ਸਿੱਖਾਂ ਦੀ ਇਕ ਧਿਰ ਵੱਲੋਂ ਵਿਰੋਧ

ਅੱਜ ਮਿਤੀ 26 ਅਪ੍ਰੈਲ 1998 ਦਿਨ ਐਤਵਾਰ, 4 ਵਜੇ ਸ਼ਾਮ ਨੂੰ ਬ੍ਰਿਟਿਸ਼ ਕੋਲੰਬੀਆ (ਕਨੇਡਾ) ਦੀਆਂ 15 ਗੁਰਦੁਆਰਿਆਂ ਦੀਆਂ ਸਿੱਖ ਸੁਸਾਇਟੀਆਂ ਦੀ ਐਮਰਜੈਂਸੀ ਇਕੱਤਰਤਾ ਅਕਾਲੀ ਸਿੰਘ ਸਿੱਖ ਸੁਸਾਇਟੀ, ਵੈਨਕੂਵਰ ਵਿਖੇ ਹੋਈ। ਇਸ ਵਿਚ ਸਿੱਖ ਸੁਸਾਇਟੀਆਂ ਦੇ ਸੇਵਾਦਾਰਾਂ ਤੋਂ ਇਲਾਵਾ ਹੋਰ ਵੀ ਪਤਵੰਤੇ ਸੱਜਣਾਂ ਨੇ ਭਾਗ ਲਿਆ। ਇਸ ਇਕੱਤਰਤਾ ਵਿਚ ਅਕਾਲ ਤਖ਼ਤ ਸਾਹਿਬ ਤੋਂ 20 ਅਪ੍ਰੈਲ 1998 ਨੂੰ ਜਾਰੀ ਕੀਤੇ ਗਏ

ਹੁਕਮਨਾਮੇ ਜੋ ਕਿ ਲੰਗਰ ਛਕਣ ਦੀ ਮਰਯਾਦਾ ਸਬੰਧੀ ਸੀ, ਉੱਪਰ ਵਿਚਾਰ ਕੀਤੀ ਗਈ। ਸਮੁੱਚੇ ਤੌਰ 'ਤੇ ਸਰਬਸੰਮਤੀ ਨਾਲ ਇਹ ਫੈਸਲਾ ਲਿਆ ਗਿਆ ਕਿ ਹੁਕਮਨਾਮੇ ਸਬੰਧੀ ਲਿਖਤੀ ਰੂਪ ਵਿਚ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨਾਲ ਸੰਪਰਕ ਕੀਤਾ ਜਾਵੇ ਅਤੇ ਉਨ੍ਹਾਂ ਨੂੰ ਇਥੋਂ ਦੇ ਹਾਲਾਤਾਂ ਤੋਂ ਅਤੇ ਆਉਣ ਵਾਲੀਆਂ ਸਮੱਸਿਆਵਾਂ ਸਬੰਧੀ ਜਾਣੂ ਕਰਵਾਇਆ ਜਾਵੇ। ਸਿੰਘ ਸਾਹਿਬਾਨ ਦੇ ਨਾਲ ਸੰਪਰਕ ਕਰਨ ਲਈ 7 ਮੈਂਬਰੀ ਕਮੇਟੀ ਬਣਾਈ ਗਈ ਜਿਸ ਦੀ ਪ੍ਰਤੀਨਿਧਤਾ ਹੇਠ ਲਿਖੀਆਂ ਗੁਰਦੁਆਰਾ ਸੁਸਾਇਟੀਆਂ ਵੱਲੋਂ ਕੀਤੀ ਗਈ ਅਤੇ ਭਾਈ ਬਲਵੰਤ ਸਿੰਘ ਗਿੱਲ ਸਪੋਕਸਮੈਨ ਨਿਯੁਕਤ ਕੀਤੇ ਗਏ।

1. ਅਕਾਲੀ ਸਿੰਘ ਸਿੱਖ ਸੁਸਾਇਟੀ, ਵੈਨਕੂਵਰ ਬੀ.ਸੀ. (ਬ੍ਰਿਟਿਸ਼ ਕੋਲੰਬੀਆ)
2. ਖਾਲਸਾ ਦੀਵਾਨ ਸੁਸਾਇਟੀ, ਵੈਨਕੂਵਰ ਬੀ.ਸੀ.
3. ਕਨੇਡੀਅਨ ਰਾਮਗੜ੍ਹੀਆ ਸੁਸਾਇਟੀ, ਬਰਨਬੀ ਬੀ.ਸੀ.
4. ਗੁਰੂ ਨਾਨਕ ਸਿੱਖ ਗੁਰਦੁਆਰਾ ਸੁਸਾਇਟੀ, ਡੈਲਟਾ-ਸਰੀ ਬੀ.ਸੀ.
5. ਖਾਲਸਾ ਦੀਵਾਨ ਸੁਸਾਇਟੀ, ਐਬਟਸਫੋਰਡ, ਬੀ.ਸੀ.
6. ਮਿਸ਼ਨ ਗੁਰਸਿੱਖ ਸੁਸਾਇਟੀ, ਮਿਸ਼ਨ ਬੀ.ਸੀ.
7. ਗੁਰਦੁਆਰਾ ਨਾਨਕ ਨਿਵਾਸ, ਰਿਚਮੰਡ ਬੀ.ਸੀ.
8. ਸ੍ਰੀ ਗੁਰੂ ਹਰਗੋਬਿੰਦ ਸਾਹਿਬ ਸਿੱਖ ਸੁਸਾਇਟੀ, ਸਰੀ ਬੀ.ਸੀ.
9. ਗੁਰਦੁਆਰਾ ਸ਼ੇਰੇ ਪੰਜਾਬ ਕਲਚਰਲ ਸੁਸਾਇਟੀ, ਸਰੀ ਬੀ.ਸੀ.
10. ਸਿੱਖ ਟੈਂਪਲ, ਵਿਲੀਅਮਜ਼ ਲੇਕ ਬੀ.ਸੀ.
11. ਗੁਰੂ ਗੋਬਿੰਦ ਸਿੰਘ ਸਿੱਖ ਟੈਂਪਲ ਐਸੋਸੀਏਸ਼ਨ, ਪ੍ਰਿੰਸ ਜਾਰਜ, ਬੀ.ਸੀ.
12. ਗੁਰਦੁਆਰਾ ਸਾਹਿਬ, ਪੈਨਟਿਕਟਨ ਬੀ.ਸੀ.
13. ਗੁਰੂ ਨਾਨਕ ਸਿੱਖ ਸੁਸਾਇਟੀ, ਕੈਂਬਲਰਿਵਰ ਬੀ.ਸੀ.
14. ਗੁਰੂ ਰਵਿਦਾਸ ਕਮਿਊਨਿਟੀ ਸੈਂਟਰ, ਬਰਨਬੀ ਬੀ.ਸੀ.
15. ਓਕਨਾਗਨ ਸਿੱਖ ਟੈਂਪਲ ਐਂਡ ਕਲਚਰਲ ਸੁਸਾਇਟੀ, ਕਲੋਨਾ ਬੀ.ਸੀ.

***ਬਲਵੰਤ ਸਿੰਘ ਗਿੱਲ***
ਸਪੋਕਸਪਰਸਨ
ਸਿੱਖ ਗਰਦੁਆਰਾ ਸੁਸਾਇਟੀਜ਼

***

## ਹੁਕਮਨਾਮੇ 'ਤੇ ਰੋਕ ਦੀ ਮੰਗ

ਅੱਜ ਮਿਤੀ 1 ਮਈ, 1998 ਦਿਨ ਸ਼ੁੱਕਰਵਾਰ ਸ਼ਾਮ ਨੂੰ ਬੀ.ਸੀ. ਦੀਆਂ 15 ਗੁਰਦੁਆਰਾ ਸੁਸਾਇਟੀਆਂ ਵਲੋਂ ਬਣਾਈ 7 ਮੈਂਬਰੀ ਕਮੇਟੀ ਵਿਚ ਸਰਬਸੰਮਤੀ ਨਾਲ ਇਹ ਫੈਸਲਾ ਲਿਆ ਗਿਆ ਕਿ ਜਿੰਨੀ ਦੇਰ ਜਥੇਦਾਰ ਅਕਾਲ ਤਖ਼ਤ ਸਾਹਿਬ, ਧਰਮ ਪ੍ਰਚਾਰ ਕਮੇਟੀ, ਵਿਸ਼ਵ ਸਿੱਖ ਕੌਂਸਲ ਤੇ ਹੋਰ ਸੁਹਿਰਦ ਵਿਦਵਾਨਾਂ ਨਾਲ ਵਿਚਾਰ ਨਹੀਂ ਹੋ ਜਾਂਦੀ, ਓਨੀ ਦੇਰ ਜਾਰੀ ਕੀਤੇ ਲੰਗਰ ਜ਼ਮੀਨ 'ਤੇ ਬੈਠ ਕੇ ਛਕਣ ਸਬੰਧੀ ਹੁਕਮਨਾਮੇ 'ਤੇ ਰੋਕ ਲਾਏ ਜਾਣ ਲਈ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ।

***ਬਲਵੰਤ ਸਿੰਘ ਗਿੱਲ*** (ਸਪੋਕਸਪਰਸਨ, ਸਿੱਖ ਗੁਰਦੁਆਰਾ ਸੁਸਾਇਟੀਜ਼)

## ਇਸ ਸਬੰਧੀ ਸਿੰਘ ਸਾਹਿਬ ਨੂੰ ਲਿਖੀ ਚਿੱਠੀ

*5 ਮਈ 1998*

ੴ ਸਤਿਗੁਰ ਪ੍ਰਸਾਦਿ॥

ਸਿੰਘ ਸਾਹਿਬ ਭਾਈ ਰਣਜੀਤ ਸਿੰਘ ਜੀਓ,

ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ॥

ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਜਾਰੀ ਕੀਤਾ ਗਿਆ ਹੁਕਮਨਾਮਾ ਜੋ ਕਿ ਲੰਗਰ ਦੀ ਮਰਯਾਦਾ ਸਬੰਧੀ ਹੈ, ਉਸ ਬਾਰੇ ਆਪ ਜੀ ਦੇ ਸਨਮੁਖ ਕੁਝ ਬੇਨਤੀਆਂ ਰੱਖਣੀਆਂ ਚਾਹੁੰਦੇ ਹਾਂ ਜੋ ਕਿ ਇਸ ਪ੍ਰਕਾਰ ਹਨ :

1. ਜਿਵੇਂ ਕਿ ਆਪ ਜਾਣਦੇ ਹੀ ਹੋ ਕਿ ਵਿਦੇਸ਼ਾਂ ਵਿਚ ਲੰਗਰ ਦੀ ਮਰਯਾਦਾ ਬਾਰੇ ਵਾਦ-ਵਿਵਾਦ ਚੱਲ ਰਿਹਾ ਹੈ ਅਤੇ ਇਹ ਇਥੋਂ ਦੀ ਸੰਗਤ ਲਈ ਕਾਫੀ ਹਾਨੀਕਾਰਕ ਹੈ। ਇਸ ਸਬੰਧੀ ਇਥੋਂ ਦੀਆਂ ਅਦਾਲਤਾਂ ਵਿਚ ਕਈ ਕੇਸ ਵੀ ਚੱਲ ਚੁੱਕੇ ਹਨ ਅਤੇ ਚੱਲ ਰਹੇ ਹਨ। ਇਥੋਂ ਦੇ ਗੁਰਦੁਆਰਿਆਂ ਦਾ ਪ੍ਰਬੰਧ ਇਥੋਂ ਦੇ ਸੰਵਿਧਾਨ ਵਿਚ ਜੋ ਸੁਸਾਇਟੀ ਐਕਟ ਹੈ, ਉਸ ਅਨੁਸਾਰ ਚਲਦਾ ਹੈ। ਸੰਗਤ ਦੇ ਹਰ ਮੈਂਬਰ ਨੂੰ ਇਹ ਅਧਿਕਾਰ ਹੈ ਕਿ ਉਹ ਕਿਸੇ ਵੀ ਧਾਰਾ ਨੂੰ ਚੈਲੰਜ ਕਰ ਸਕਦਾ ਹੈ, ਜੇਕਰ ਉਸ ਐਕਟ ਦੇ ਹਿਸਾਬ ਨਾਲ ਪ੍ਰਬੰਧ ਨਹੀਂ ਚੱਲ ਰਿਹਾ। ਪਿਛਲੇ 90 ਸਾਲਾਂ ਤੋਂ ਇਥੋਂ ਦੇ ਗੁਰਦੁਆਰਿਆਂ ਵਿਚ ਲੰਗਰ ਕੁਰਸੀਆਂ ਉੱਪਰ ਬੈਠ ਕੇ ਛਕਣ ਦੀ ਪ੍ਰਥਾ ਚੱਲ ਰਹੀ ਹੈ। ਇਸ ਪ੍ਰਥਾ ਨਾਲ ਜੋ ਲੰਗਰ ਦਾ ਸਿਧਾਂਤ ਹੈ, ਭਾਵ ਜੋ ਬਰਾਬਰਤਾ ਦਾ ਸਿਧਾਂਤ ਹੈ, ਉਹ ਵੀ ਭੰਗ ਨਹੀਂ ਹੁੰਦਾ ਕਿਉਂਕਿ ਇਸ ਗੱਲ ਦਾ ਹਰ ਇਕ ਨੂੰ ਅਧਿਕਾਰ ਹੈ ਕਿ ਉਹ ਕੁਰਸੀਆਂ ਉੱਪਰ ਬੈਠ ਕੇ ਲੰਗਰ ਛਕ ਸਕਦਾ ਹੈ। ਜੇਕਰ ਅੱਜ ਅਸੀਂ ਇਸ ਪ੍ਰਥਾ ਨੂੰ ਬਦਲਦੇ ਹਾਂ ਤਾਂ ਇਸ ਨੂੰ ਸੰਗਤ ਵਿਚੋਂ ਕੋਈ ਵੀ ਪ੍ਰਾਣੀ ਚੈਲੰਜ ਕਰ ਸਕਦਾ ਹੈ। ਸੁਸਾਇਟੀ ਐਕਟ ਦੇ ਮੁਤਾਬਕ ਇਕ ਗੁਰਦੁਆਰੇ ਦੀ ਕਮੇਟੀ ਨੂੰ ਚੈਲੰਜ ਹੋ ਚੁੱਕਾ ਹੈ।

2. ਆਪ ਨੂੰ ਪੜ੍ਹ ਕੇ ਅਤੀ ਖੁਸ਼ੀ ਹੋਵੇਗੀ ਕਿ ਵਿਦੇਸ਼ਾਂ ਵਿਚ ਜਿੰਨੇ ਵੀ ਵਿਆਹ ਹੁੰਦੇ ਹਨ, ਗੁਰਦੁਆਰਾ ਸਾਹਿਬਾਨ ਦੇ ਵਿਚ ਪੂਰਨ ਗੁਰਮਰਯਾਦਾ ਅਨੁਸਾਰ ਹੁੰਦੇ ਹਨ। ਵਿਆਹ ਦੇ ਸਮੇਂ ਸਾਰੇ ਹੀ ਗੁਰਦੁਆਰੇ ਦੇ ਲੰਗਰ ਹਾਲ ਵਿਚ, ਜੋ ਗੁਰਦੁਆਰੇ ਦੀ ਹੇਠਲੀ ਮੰਜ਼ਲ ਵਿਚ ਹੁੰਦਾ ਹੈ, ਬੈਠ ਕੇ ਹੀ ਲੰਗਰ ਛਕਦੇ ਹਨ। ਜਦੋਂ ਤੋਂ ਹੁਕਮਨਾਮਾ ਜਾਰੀ ਹੋਇਆ ਹੈ, ਉਦੋਂ ਤੋਂ ਹੀ ਸਾਨੂੰ ਕਮੇਟੀ ਮੈਂਬਰਾਂ ਨੂੰ ਪਹਿਲਾਂ ਸੰਗਤਾਂ ਇਹ ਪੁੱਛਦੀਆਂ ਹਨ ਕਿ ਤੁਸੀਂ ਜੇਕਰ ਕੁਰਸੀਆਂ ਉੱਪਰ ਬੈਠ ਕੇ ਲੰਗਰ ਛਕਣ ਦਿਓਗੇ ਤਾਂ ਅਸੀਂ ਵਿਆਹ ਬੁੱਕ ਕਰਵਾਵਾਂਗੇ। ਸੰਗਤਾਂ ਇਹ ਵੀ ਕਹਿੰਦੀਆਂ ਹਨ ਕਿ ਜੇਕਰ ਇਜਾਜ਼ਤ ਨਾ ਦਿੱਤੀ ਤਾਂ ਸਾਨੂੰ ਵਿਆਹ ਕਿਸੇ ਹੋਟਲ ਜਾਂ ਹਾਲ ਵਿਚ ਕਰਨ ਲਈ ਮਜਬੂਰ ਹੋਣਾ ਪਵੇਗਾ। ਸਿੰਘ ਸਾਹਿਬ, ਤੁਸੀਂ ਆਪ ਹੀ ਦੱਸੋ ਕਿ ਫਿਰ ਆਪ ਵਲੋਂ ਜਾਰੀ ਕੀਤੇ ਗਏ ਉਸ ਹੁਕਮਨਾਮੇ ਦਾ ਕੀ ਬਣੇਗਾ, ਜਿਸ ਵਿਚ ਆਪ ਨੇ ਹੋਟਲਾਂ ਅਤੇ ਹਾਲਾਂ ਵਿਚ ਵਿਆਹ ਕਰਨ 'ਤੇ ਪਾਬੰਦੀ ਲਾਈ ਹੈ? ਜੇਕਰ ਲੰਗਰ ਦਾ ਪ੍ਰਬੰਧ ਗੁਰਦੁਆਰੇ ਤੋਂ ਬਗੈਰ ਬਾਹਰ ਹੋਟਲਾਂ ਵਿਚ ਕੀਤਾ ਜਾਵੇ ਤਾਂ ਖਰਚਾ ਦੁਗਣਾ-ਤਿਗਣਾ ਹੋ ਜਾਂਦਾ ਹੈ ਅਤੇ ਉਸ ਵਿਚ ਸ਼ਰਾਬ ਅਤੇ ਹੋਰ ਕਈ ਪ੍ਰਕਾਰ ਦੀਆਂ ਕੁਰੀਤੀਆਂ ਹੋਣ ਦਾ ਡਰ ਵੀ ਹੈ।

3. ਆਪ ਜੀ ਨੂੰ ਇਸ ਗੱਲ ਦਾ ਪਤਾ ਹੀ ਹੈ ਕਿ ਇਨ੍ਹਾਂ ਦੇਸ਼ਾਂ ਵਿਚ ਇਸਾਈਅਤ

ਦਾ ਬਹੁਤ ਜ਼ੋਰ ਹੈ। ਜਿਵੇਂ-ਜਿਵੇਂ ਬਾਹਰਲੇ ਦੇਸ਼ਾਂ ਵਿਚ ਸਿੱਖਾਂ ਦੀ ਗਿਣਤੀ ਵਧ ਰਹੀ ਹੈ, ਇਸਾਈ ਮਿਸ਼ਨਰੀ ਇਸ ਗੱਲ ਦਾ ਜ਼ੋਰ ਲਾ ਰਹੇ ਹਨ ਕਿ ਇਨ੍ਹਾਂ ਲੋਕਾਂ ਨੂੰ ਆਪਣੇ ਧਰਮ ਵਿਚੱ ਸ਼ਾਮਿਲ ਕੀਤਾ ਜਾਵੇ। ਆਪ ਇਹ ਗੱਲ ਭਲੀਭਾਂਤ ਜਾਣਦੇ ਹੋ ਕਿ ਇਹ ਇਸਾਈ ਮਿਸ਼ਨਰੀ ਇਸ ਢੰਗ ਨਾਲ ਪ੍ਰਚਾਰ ਕਰਦੇ ਹਨ ਕਿ ਜਿਹੜਾ ਜੀਸਸ ਉੱਪਰ ਵਿਸ਼ਵਾਸ ਨਹੀਂ ਕਰਦਾ, ਉਹ ਨਰਕਾਂ ਵਿਚ ਜਾਵੇਗਾ। ਆਪ ਨੂੰ ਪੜ੍ਹ ਕੇ ਹੈਰਾਨੀ ਹੋਵੇਗੀ ਕਿ ਵੈਨਕੂਵਰ ਅਤੇ ਸਰੀ ਵਿਚ 8 ਪੰਜਾਬੀ ਚਰਚ ਚੱਲ ਰਹੇ ਹਨ, ਜਿਨ੍ਹਾਂ ਵਿਚ ਉਨ੍ਹਾਂ ਨੇ ਪੰਜਾਬੀ ਬੋਲਦੇ ਮਿਸ਼ਨਰੀ ਰੱਖੇ ਹੋਏ ਹਨ। ਜਦੋਂ ਤੋਂ ਲੰਗਰ ਦੀ ਮਰਯਾਦਾ ਬਾਰੇ ਵਾਦ-ਵਿਵਾਦ ਚੱਲਿਆ ਹੈ, ਉਨ੍ਹਾਂ ਨੇ ਆਪਣੇ ਚਰਚਾਂ ਵਿਚ ਲੰਗਰ ਛਕਾਉਣਾ ਵੀ ਸ਼ੁਰੂ ਕਰ ਦਿੱਤਾ ਹੈ। ਉਥੇ ਲੰਗਰ ਕੁਰਸੀਆਂ 'ਤੇ ਛਕਿਆ ਜਾਂਦਾ ਹੋਣ ਕਰਕੇ ਕਾਫੀ ਸਿੱਖ ਉਥੇ ਜਾਣ ਲੱਗ ਪਏ ਹਨ। ਇਸ ਦਾ ਅਸਰ ਸਾਡੀ ਆਉਣ ਵਾਲੀ ਪੀੜ੍ਹੀ ਉੱਪਰ ਬੁਰੀ ਤਰ੍ਹਾਂ ਪੈਣਾ ਸ਼ੁਰੂ ਹੋ ਗਿਆ ਹੈ। ਜਦੋਂ ਤੋਂ ਸਰੀ ਗੁਰਦੁਆਰੇ ਵਿਚ ਲੜਾਈ ਹੋਈ ਹੈ, ਉਦੋਂ ਤੋਂ ਸਿੱਖ ਨੌਜਵਾਨ ਜੋ ਕਿ ਇਥੋਂ ਦੇ ਜੰਮਪਲ ਹਨ, ਉਨ੍ਹਾਂ ਨੇ ਗੁਰਦੁਆਰੇ ਆਉਣ ਤੋਂ ਕੰਨੀ ਕਤਰਾਉਣੀ ਸ਼ੁਰੂ ਕਰ ਦਿੱਤੀ ਹੈ ਅਤੇ ਉਹ ਇਸਾਈ ਮਿਸ਼ਨਰੀਆਂ ਦੇ ਪ੍ਰਭਾਵ ਥੱਲੇ ਆਉਣੇ ਸ਼ੁਰੂ ਹੋ ਗਏ ਹਨ। ਆਉਣ ਵਾਲੇ ਸਮੇਂ ਵਿਚ ਸਿੱਖਾਂ ਲਈ ਆਪਣੇ ਬੱਚਿਆਂ ਨੂੰ ਆਪਣੇ ਧਰਮ ਵਿਚ ਰੱਖਣਾ ਇਕ ਚੈਲਿੰਜ ਬਣਦਾ ਜਾ ਰਿਹਾ ਹੈ।

4. ਇਨ੍ਹਾਂ ਦੇਸ਼ਾਂ ਵਿਚ ਵਿੱਦਿਆ ਦਾ ਜ਼ੋਰ ਹੋਣ ਕਰਕੇ ਹਰ ਗੱਲ ਨੂੰ ਬੜੇ ਧਿਆਨ ਨਾਲ ਸਮਝਿਆ ਜਾਂਦਾ ਹੈ। ਜਦੋਂ ਤੋਂ ਹੁਕਮਨਾਮਾ ਜਾਰੀ ਹੋਇਆ ਹੈ, ਉਦੋਂ ਤੋਂ ਗ਼ੈਰ-ਸਿੱਖ ਅਤੇ ਖਾਸ ਕਰਕੇ ਸਾਡੇ ਬੱਚੇ ਸਾਨੂੰ ਪੁੱਛਦੇ ਹਨ ਕਿ ਕੀ "ਸਿੱਖ ਰ੍ਹਹਿਤ ਮਰਯਾਦਾ" ਅਤੇ "ਗੁਰੂ ਗ੍ਰੰਥ ਸਾਹਿਬ" ਵਿਚ ਇਹ ਲਿਖਿਆ ਹੋਇਆ ਹੈ ਕਿ ਜ਼ਮੀਨ ਉੱਪਰ ਬੈਠ ਕੇ ਲੰਗਰ ਛਕਣਾ ਚਾਹੀਦਾ ਹੈ? ਇਥੋਂ ਦੀਆਂ ਅੰਗਰੇਜ਼ੀ ਅਖਬਾਰਾਂ ਅਤੇ ਟੀਵੀ ਸਟੇਸ਼ਨਾਂ ਵਾਲੇ ਸਾਨੂੰ ਪੁੱਛਦੇ ਹਨ ਕਿ ਦੱਸੋ ਕਿ ਇਹ ਕਿੱਥੇ ਲਿਖਿਆ ਹੋਇਆ ਹੈ? ਹੁਣ ਤੁਸੀਂ ਆਪ ਹੀ ਦੱਸੋ ਕਿ ਅਸੀਂ ਇਸ ਗੱਲ ਦਾ ਕੀ ਜਵਾਬ ਦੇ ਸਕਦੇ ਹਾਂ?

5. ਇਥੋਂ ਦੇ ਹੋਟਲਾਂ ਜਾਂ ਰੈਸਟੋਰੈਂਟਾਂ ਵਿਚ ਜਦੋਂ ਸਿੱਖ ਖਾਣਾ ਖਾਣ ਜਾਂਦੇ ਹਨ ਤਾਂ ਉਥੇ ਪੁੱਛਿਆ ਜਾਂਦਾ ਹੈ ਕਿ ਕੀ ਤੁਸੀਂ ਕੁਰਸੀਆਂ ਉੱਪਰ ਜਾਂ ਜ਼ਮੀਨ ਉੱਪਰ ਬੈਠ ਕੇ ਖਾਣਾ ਪਸੰਦ ਕਰੋਗੇ? ਫੈਕਟਰੀਆਂ ਜਾਂ ਹੋਰ ਕੰਮਾਂ-ਕਾਰਾਂ ਵਿਚ ਜਦੋਂ ਸਿੱਖ ਲੋਕ ਕੁਰਸੀਆਂ-ਮੇਜ਼ਾਂ ਉੱਪਰ ਬੈਠ ਕੇ ਖਾਣਾ ਛਕਦੇ ਹਨ ਤਾਂ ਗੋਰੇ ਲੋਕ ਕਹਿੰਦੇ ਹਨ ਕਿ ਤੁਸੀਂ ਥੱਲੇ ਬੈਠ ਕੇ ਕਿਉਂ ਨਹੀਂ ਖਾਂਦੇ ਕਿਉਂਕਿ ਤੁਹਾਨੂੰ ਇਹ ਹੁਕਮ ਆਇਆ ਹੈ। ਸਿੰਘ ਸਾਹਿਬ ਜੀ, ਇਸ ਢੰਗ ਨਾਲ ਸਿੱਖਾਂ ਦਾ ਮਜ਼ਾਕ ਉਡਾਇਆ ਜਾ ਰਿਹਾ ਹੈ। ਇਹ ਇਥੋਂ ਦੇ ਹਾਲਾਤ ਸਬੰਧੀ ਇਕ ਘਟਨਾ ਹੈ, ਜਿਸ ਬਾਰੇ ਅਸੀਂ ਆਪ ਨੂੰ ਜਾਣੂ ਕਰਾਉਣਾ ਜ਼ਰੂਰੀ ਸਮਝਦੇ ਹਾਂ।

6. ਵਿਸ਼ਵ ਦੀਆਂ ਸਿੱਖ ਸੰਗਤਾਂ ਵਲੋਂ 1999 ਦੀ ਵਿਸਾਖੀ 'ਤੇ ਖਾਲਸੇ ਦਾ ਸਾਜਨਾ ਦਿਵਸ ਬੜੀ ਧੂਮਧਾਮ ਨਾਲ ਮਨਾਇਆ ਜਾ ਰਿਹਾ ਹੈ। ਇਸ ਸਬੰਧ ਵਿਚ ਸਿੱਖ ਸੰਗਤਾਂ ਖਾਸ ਕਰਕੇ ਨੌਜਵਾਨ ਪੀੜ੍ਹੀ ਜੋ ਕਿ ਇਧਰ ਦੇ ਜੰਮਪਲ ਹਨ, ਨੂੰ ਪ੍ਰੇਰਿਆ ਜਾ ਰਿਹਾ ਹੈ ਕਿ ਅੰਮ੍ਰਿਤ ਛਕ ਕੇ ਸਿੰਘ ਸਜੋ। ਪਰ ਇਹ ਹੁਕਮਨਾਮਾ ਜਾਰੀ ਹੋਣ ਤੋਂ ਬਾਅਦ ਉਨ੍ਹਾਂ ਦਾ ਉਤਸ਼ਾਹ ਮੱਠਾ ਪੈ ਗਿਆ ਹੈ ਅਤੇ ਸਿੱਖ ਸੰਗਤਾਂ ਵਿਚ ਏਕਤਾ ਦੀ ਘਾਟ ਵੀ ਆ

ਰਹੀ ਹੈ।

ਅੰਤ ਵਿਚ ਅਸੀਂ ਆਪ ਜੀ ਨੂੰ ਇਹੋ ਹੀ ਬੇਨਤੀ ਕਰਦੇ ਹਾਂ ਕਿ ਅਸੀਂ ਸ਼ੁਰੂ ਤੋਂ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸੇਧ ਲੈ ਕੇ ਚਲਦੇ ਰਹੇ ਹਾਂ ਅਤੇ ਹਰ ਇਕ ਗੁਰਦੁਆਰੇ ਦੇ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਪ੍ਰਵਾਨਤ ਸਿੱਖ ਰਹਿਤ ਮਰਯਾਦਾ ਦੇ ਅਨੁਸਾਰ ਧਾਰਮਕ ਮਰਯਾਦਾਵਾਂ ਨਿਭਾਈਆਂ ਜਾ ਰਹੀਆਂ ਹਨ ਅਤੇ ਰਹਿਣਗੀਆਂ। ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸਿੱਖ ਰਹਿਤ ਮਰਯਾਦਾ ਦੀਆਂ ਕਾਪੀਆਂ ਪੰਜਾਬੀ ਅਤੇ ਅੰਗਰੇਜ਼ੀ ਵਿਚ ਛਾਪ ਕੇ ਮੁਫਤ ਘਰ-ਘਰ ਪਹੁੰਚਾਈਆਂ ਜਾ ਰਹੀਆਂ ਹਨ। ਸਾਡੀ ਇਹ ਦਿਲੀ ਚਾਹਨਾ ਹੈ ਕਿ ਸਮੁੱਚਾ ਸਿੱਖ ਜਗਤ ਡੇਰਾਵਾਦ, ਟਕਸਾਲਾਂ ਅਤੇ ਵੱਖੋ-ਵੱਖਰੀਆਂ ਸੰਪਰਦਾਵਾਂ ਦੇ ਪ੍ਰਭਾਵਾਂ ਤੋਂ ਮੁਕਤ ਹੋ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਛਤਰ-ਛਾਇਆ ਹੇਠ ਇਕੱਠਾ ਹੋ ਕੇ ਪੰਥ ਦੀ ਚੜ੍ਹਦੀਕਲਾ ਲਈ ਹੰਭਲਾ ਮਾਰੇ। ਇਸੇ ਵਿਚ ਹੀ ਅਸੀਂ ਸਮੁੱਚੇ ਸਿੱਖ ਜਗਤ ਦੀ ਭਲਾਈ ਸਮਝਦੇ ਹਾਂ। ਅਫਸੋਸ ਅਤੇ ਦੁਖੀ ਹਿਰਦੇ ਨਾਲ ਇਹ ਗੱਲ ਕਹਿਣੀ ਪੈ ਰਹੀ ਹੈ ਕਿ ਜਿਹੜੇ ਡੇਰੇ, ਟਕਸਾਲਾਂ ਅਤੇ ਸੰਪਰਦਾਵਾਂ ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਪ੍ਰਵਾਨਤ ਸਿੱਖ ਰਹਿਤ ਮਰਯਾਦਾ ਦੀ ਇਕ ਧਾਰਾ ਵੀ ਨਹੀਂ ਮੰਨਦੇ, ਉਹ ਲੋਕ ਅੱਜ ਸਿਰਫ ਇਸ ਹੁਕਮਨਾਮੇ ਨੂੰ ਲੈ ਕੇ ਸਿੱਖ ਸੰਗਤਾਂ ਵਿਚ ਦੁਬਿਧਾ ਪਾ ਕੇ ਵਾਦ-ਵਿਵਾਦ ਪੈਦਾ ਕਰ ਰਹੇ ਹਨ।

ਅਸੀਂ ਆਪਣੀ ਤੁੱਛ ਬੁੱਧੀ ਅਨੁਸਾਰ ਜਦੋਂ ਸਿੱਖ ਰਹਿਤ ਮਰਯਾਦਾ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਸਿਖਿਆਵਾਂ ਦਾ ਅਧਿਐਨ ਕਰਦੇ ਹਾਂ ਤਾਂ ਇਹ ਗੱਲ ਸਮਝ ਆਉਂਦੀ ਹੈ ਕਿ ਕੁਰਸੀਆਂ ਉੱਪਰ ਬੈਠ ਕੇ ਲੰਗਰ ਛਕਣ ਨਾਲ ਕਿਸੇ ਵੀ ਧਾਰਮਕ ਮਰਯਾਦਾ ਦੀ ਉਲੰਘਣਾ ਨਹੀਂ ਹੁੰਦੀ। ਅਸੀਂ ਆਪ ਜੀ ਨੂੰ ਇਹ ਬੇਨਤੀਆਂ ਹੀ ਕਰ ਰਹੇ ਹਾਂ ਕਿਉਂਕਿ ਗੁਰੂ ਸਾਹਿਬ ਸਾਨੂੰ ਮਿਲ ਕੇ ਆਪਣੀਆਂ ਸਮੱਸਿਆਵਾਂ ਹੱਲ ਕਰਨ ਦਾ ਸਿਧਾਂਤ ਦਰਸਾ ਗਏ ਹਨ। ਅਸੀਂ ਆਸ ਕਰਦੇ ਹਾਂ ਕਿ ਆਪ ਸਾਡੀਆਂ ਬੇਨਤੀਆਂ ਨੂੰ ਬੜੇ ਧਿਆਨ ਨਾਲ ਵਿਚਾਰੋਗੇ ਅਤੇ ਇਨ੍ਹਾਂ ਸਮੱਸਿਆਵਾਂ ਦਾ ਹੱਲ ਆਪ ਬੜੇ ਹੀ ਸੁੰਦਰ ਤਰੀਕੇ ਨਾਲ ਕਰਕੇ ਸਿੱਖ ਸੰਗਤਾਂ ਨੂੰ ਕ੍ਰਿਤਾਰਥ ਕਰੋਗੇ।

ਅੰਤ ਵਿਚ ਅਸੀਂ ਆਪ ਜੀ ਨੂੰ ਬੇਨਤੀ ਕਰਦੇ ਹਾਂ ਕਿ ਆਪ ਕ੍ਰਿਪਾ ਕਰਕੇ ਇਥੇ ਸਿੱਖ ਸੰਗਤਾਂ ਨੂੰ ਦਰਸ਼ਨ ਦਿਉ ਅਤੇ ਨਾਲ ਹੀ ਇਥੋਂ ਦੇ ਹਾਲਾਤਾਂ ਦਾ ਜਾਇਜ਼ਾ ਲੈਣ ਦੀ ਕ੍ਰਿਪਾਲਤਾ ਕਰੋ ਜੀ। ਜੇਕਰ ਆਪ ਰੁਝੇਵਿਆਂ ਕਾਰਨ ਇਥੇ ਨਹੀਂ ਆ ਸਕਦੇ ਤਾਂ ਆਪ ਧਰਮ ਪ੍ਰਚਾਰ ਕਮੇਟੀ ਦੇ ਮੈਂਬਰਾਂ ਨੂੰ ਇਥੇ ਭੇਜਣ ਦੀ ਕ੍ਰਿਪਾਲਤਾ ਕਰੋ ਤਾਂ ਕਿ ਉਹ ਇਥੋਂ ਦੇ ਹਾਲਾਤਾਂ ਨੂੰ ਜਾਣ ਕੇ ਆਪ ਨੂੰ ਜਾਣੂੰ ਕਰਵਾਉਣ।

ਗੁਰੂ ਪੰਥ ਦੇ ਦਾਸ,

1. ਅਕਾਲੀ ਸਿੰਘ ਸਿੱਖ ਸੁਸਾਇਟੀ, ਵੈਨਕੂਵਰ ਬੀ.ਸੀ.,
2. ਖਾਲਸਾ ਦੀਵਾਨ ਸੁਸਾਇਟੀ, ਵੈਨਕੂਵਰ ਬੀ.ਸੀ.,
3. ਕਨੇਡੀਅਨ ਰਾਮਗੜ੍ਹੀਆ ਸੁਸਾਇਟੀ, ਬਰਨਬੀ ਬੀ.ਸੀ.,
4. ਗੁਰੂ ਨਾਨਕ ਸਿੱਖ ਗੁਰਦੁਆਰਾ ਸੁਸਾਇਟੀ, ਡੈਲਟਾ-ਸਰੀ ਬੀ.ਸੀ.,
5. ਖਾਲਸਾ ਦੀਵਾਨ ਸੁਸਾਇਟੀ, ਐਬਟਸਫੋਰਡ, ਬੀ.ਸੀ.,

6. ਮਿਸ਼ਨ ਗੁਰਸਿੱਖ ਸੁਸਾਇਟੀ, ਮਿਸ਼ਨ ਬੀ.ਸੀ.,
7. ਗੁਰਦੁਆਰਾ ਨਾਨਕ ਨਿਵਾਸ, ਰਿਚਮੰਡ ਬੀ.ਸੀ.,
8. ਸ੍ਰੀ ਗੁਰੂ ਹਰਗੋਬਿੰਦ ਸਾਹਿਬ ਸਿੱਖ ਸੁਸਾਇਟੀ, ਸਰੀ ਬੀ.ਸੀ.,
9. ਗੁਰਦੁਆਰਾ ਸ਼ੇਰੇ ਪੰਜਾਬ ਕਲਚਰਲ ਸੁਸਾਇਟੀ, ਸਰੀ ਬੀ.ਸੀ.,
10. ਸਿੱਖ ਟੈਂਪਲ, ਵਿਲੀਅਮਜ਼ ਲੇਕ ਬੀ.ਸੀ.,
11. ਗੁਰੂ ਗੋਬਿੰਦ ਸਿੰਘ ਸਿੱਖ ਟੈਂਪਲ ਐਸੋਸੀਏਸ਼ਨ, ਪ੍ਰਿੰਸ ਜਾਰਜ, ਬੀ.ਸੀ.,
12. ਗੁਰਦੁਆਰਾ ਸਾਹਿਬ, ਪੈਨਟਿਕਟਨ ਬੀ.ਸੀ.,
13. ਗੁਰੂ ਨਾਨਕ ਸਿੱਖ ਸੁਸਾਇਟੀ, ਕੈਂਬਲਰਿਵਰ ਬੀ.ਸੀ.,
14. ਗੁਰੂ ਰਵਿਦਾਸ ਕਮਿਊਨਿਟੀ ਸੈਂਟਰ, ਬਰਨਬੀ, ਬੀ.ਸੀ.,
15. ਓਕਨਾਗਨ ਸਿੱਖ ਟੈਂਪਲ ਐਂਡ ਕਲਚਰਲ ਸੁਸਾਇਟੀ, ਕਲੋਨਾ ਬੀ.ਸੀ.,
16. ਪਾਲਦੀ ਖਾਲਸਾ ਦੀਵਾਨ ਸੁਸਾਇਟੀ, ਡੰਕਨ, ਬੀ.ਸੀ.,
17. ਪੰਜਾਬੀ ਅਕਾਲੀ ਸਿੰਘ ਸੁਸਾਇਟੀ, ਵਿਕਟੋਰੀਆ, ਬੀ.ਸੀ.,
18. ਸੁਕਾਮਿਸ਼ ਸਿੱਖ ਸੁਸਾਇਟੀ, ਸੁਕਾਮਿਸ਼, ਬੀ.ਸੀ.,

*ਬਲਵੰਤ ਸਿੰਘ ਗਿੱਲ*
ਸਪੋਕਸਪਰਸਨ
ਸਿੱਖ ਗੁਰਦੁਆਰਾ ਸੁਸਾਇਟੀਜ਼

***

*5 ਮਈ 1998*

## ਜਥੇਦਾਰ ਟੌਹੜਾ ਤੇ ਸ਼੍ਰੋਮਣੀ ਕਮੇਟੀ ਮੈਂਬਰਾਂ ਨੂੰ ਲਿਖੀ ਚਿੱਠੀ

ੴ ਸਤਿਗੁਰ ਪ੍ਰਸਾਦਿ॥

ਮਸਲਾ : ਲੰਗਰ ਵਿਚ ਮੇਜ਼ ਕੁਰਸੀਆਂ ਦੇ ਹੁਕਮਨਾਮੇ ਸਬੰਧੀ

ਸਤਿਕਾਰਯੋਗ ਸ: ਗੁਰਚਰਨ ਸਿੰਘ ਟੌਹੜਾ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਅੰਮ੍ਰਿਤਸਰ) ਦੇ ਸਮੂਹ ਮੈਂਬਰ ਸਾਹਿਬਾਨ ਜੀਓ,

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਹਿ॥

ਅਸੀਂ ਬ੍ਰਿਟਿਸ਼ ਕੋਲੰਬੀਆ (ਕਨੇਡਾ) ਦੀਆਂ ਸਿੱਖ ਸੁਸਾਇਟੀਆਂ ਅਤੇ ਸਿੱਖ ਸੰਗਤਾਂ, ਸਾਰੇ ਸਿੱਖ ਜਗਤ ਦੀ ਤਰ੍ਹਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸਿੱਖ ਪੰਥ ਦੀ ਸਿਰਮੌਰ ਜਥੇਬੰਦੀ ਮੰਨਦੇ ਹਾਂ। ਇਹ ਸਮੁੱਚੇ ਸਿੱਖ ਪੰਥ ਦੇ ਸਾਰੇ ਧਾਰਮਕ ਫੈਸਲੇ ਕਰਨ ਦਾ ਹੱਕ ਰੱਖਦੀ ਹੈ। ਇਸ ਸਿਰਮੌਰ ਪੰਥਕ ਜਥੇਬੰਦੀ ਨੂੰ ਹੋਂਦ ਵਿਚ ਲਿਆਉਣ ਖਾਤਰ ਸਾਡੇ ਸਤਿਕਾਰਯੋਗ ਬਜ਼ੁਰਗਾਂ ਨੇ ਬੜੀ ਭਾਰੀ ਕੀਮਤ ਤਾਰੀ ਸੀ। ਅਨੇਕਾਂ ਸ਼ਹੀਦੀਆਂ ਤੇ ਬੇਅੰਤ ਕੁਰਬਾਨੀਆਂ ਦੀ ਦਾਂਸਤਾਨ ਨਾਲ ਭਰਿਆ ਹੋਇਆ ਲਹੂ ਭਿੱਜਾ ਇਤਿਹਾਸ ਹੈ, ਸਾਡੀ ਇਸ ਸਿਰਮੌਰ ਪੰਥਕ ਜਥੇਬੰਦੀ ਦਾ। ਹਰ ਸੂਝਵਾਨ ਸਿੱਖ ਜੋ ਗੁਰੂ ਗ੍ਰੰਥ ਅਤੇ ਗੁਰੂ ਪੰਥ ਦੇ ਮਹਾਨ ਪਵਿੱਤਰ ਸਿਧਾਂਤ ਤੋਂ ਵਾਕਿਫ ਹੈ, ਉਹ ਇਹ ਵੀ ਭਲੀਭਾਂਤ ਜਾਣਦਾ ਹੈ ਕਿ ਸਮੁੱਚੇ ਪੰਥ ਦੁਆਰਾ ਚੁਣੀ ਹੋਈ ਇਹ ਜਥੇਬੰਦੀ ਗੁਰੂ ਪੰਥ ਦੇ ਸਾਰੇ ਅਧਿਕਾਰ ਰੱਖਦੀ ਹੈ। ਇਤਿਹਾਸ ਗਵਾਹ ਹੈ ਕਿ ਜਦ ਵੀ ਕਦੇ ਕੋਈ ਮਸਲਾ ਪੰਥ ਦੇ ਸਾਹਮਣੇ ਆਇਆ ਤਾਂ ਉਸ ਨੂੰ ਹੱਲ ਕਰਨ ਦੀ

ਸਾਰੀ ਜ਼ਿੰਮੇਵਾਰੀ ਪੰਥ ਦੇ ਸਾਰੇ ਸੁਹਿਰਦ ਵਿਦਵਾਨਾਂ ਦਾ ਇਕੱਠ ਸੱਦ ਕੇ ਮਸਲੇ 'ਤੇ ਡੂੰਘੀਆਂ ਵਿਚਾਰਾਂ ਕਰਨ ਤੋਂ ਬਾਅਦ ਅੰਤਮ ਫੈਸਲਾ ਖਾਲਸਾ ਪੰਥ ਨੂੰ ਇਹੀ ਜਥੇਬੰਦੀ ਦਿੰਦੀ ਰਹੀ ਹੈ। ਇਹੀ ਮਰਯਾਦਾ ਅੱਜ ਵੀ ਕਾਇਮ ਹੈ ਤੇ ਹਮੇਸ਼ਾ ਹੀ ਰਹੇਗੀ। ਅਸੀਂ ਸਮਝਦੇ ਹਾਂ ਕਿ ਇਸੇ ਵਿਚ ਹੀ ਖਾਲਸਾ ਪੰਥ ਦੀ ਚੜ੍ਹਦੀਕਲਾ ਦਾ ਰਾਜ ਹੈ।

ਅਸੀਂ ਆਪ ਸਭ ਦੇ ਹਜ਼ੂਰ ਇਕ ਬੇਨਤੀ ਕਰ ਰਹੇ ਹਾਂ ਕਿ ਵਿਦੇਸ਼ਾਂ ਵਿਚ ਇਕ ਮਸਲਾ ਸਿੱਖਾਂ ਨੂੰ ਦਰਪੇਸ਼ ਹੈ, ਜੋ ਕਿ ਪਹਿਲਾਂ ਨਹੀਂ ਸੀ। ਹੁਕਮਨਾਮਾ ਇਹ ਹੈ ਕਿ ਲੰਗਰ ਹਾਲ ਵਿਚ ਕੁਰਸੀਆਂ ਅਤੇ ਮੇਜ਼ਾਂ ਦੀ ਵਰਤੋਂ 'ਤੇ ਪਾਬੰਦੀ ਲਾਈ ਜਾਵੇ। ਅਸੀਂ ਇਥੇ ਇਹ ਸਪੱਸ਼ਟ ਕਰਨਾ ਵੀ ਅਤੀ ਜ਼ਰੂਰੀ ਸਮਝਦੇ ਹਾਂ ਕਿ ਸੰਗਤਾਂ ਦੇ ਮਨਾਂ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਸਰਬਉੱਚਤਾ 'ਤੇ ਕੋਈ ਵੀ ਦੁਬਿਧਾ, ਸ਼ੰਕਾ ਜਾਂ ਕਿੰਤੂ-ਪ੍ਰੰਤੂ ਨਹੀਂ ਹੈ ਕਿਉਂਕਿ ਐਸਾ ਤਾਂ ਸੋਚਣਾ ਹੀ ਸਿੱਖ ਲਈ ਮੌਤ ਦਾ ਘੜਿਆਲ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਤਾਂ ਸਿੱਖੀ ਦਾ ਧੁਰਾ ਹੈ। ਆਪਣੇ ਧੁਰੇ ਨਾਲੋਂ ਟੁੱਟ ਕੇ ਕੋਈ ਵੀ ਕਾਇਮ ਨਹੀਂ ਰਹਿ ਸਕਦਾ। ਇਸ ਲਈ ਸੰਗਤਾਂ ਦੇ ਮਨਾਂ ਵਿਚ ਦੁਬਿਧਾ ਸਿਰਫ ਮੇਜ਼-ਕੁਰਸੀਆਂ 'ਤੇ ਲਾਈ ਪਾਬੰਦੀ ਬਾਰੇ ਹੈ। ਇਹ ਮੇਜ਼-ਕੁਰਸੀਆਂ ਵਾਲੀ ਮਰਯਾਦਾ ਕਨੇਡਾ ਵਿਚ ਤਕਰੀਬਨ 90 ਸਾਲ ਤੋਂ ਚਲਦੀ ਆ ਰਹੀ ਹੈ, ਜਿਸ ਦੀ ਸ਼ੁਰੂਆਤ ਵੇਲੇ ਪੰਥ ਦੇ ਮਹਾਨ ਵਿਦਵਾਨ ਸੰਤ ਤੇਜਾ ਸਿੰਘ ਵੈਨਕੂਵਰ (ਕਨੇਡਾ) ਵਿਚ ਸਨ। ਉਨ੍ਹਾਂ ਨੇ ਹੀ ਇਹ ਮਰਯਾਦਾ ਲਾਗੂ ਕਰਵਾਈ ਸੀ। ਸ਼ਾਇਦ ਉਹ ਉਸ ਵੇਲੇ ਹੀ ਇਥੋਂ ਦੇ ਹਾਲਾਤ ਅਤੇ ਆਉਣ ਵਾਲੇ ਸਮੇਂ ਤੋਂ ਵਾਕਿਫ ਸਨ ਅਤੇ ਸਮੇਂ ਤੇ ਅਸਥਾਨ ਦੇ ਫਰਕ ਨੂੰ ਸਮਝਦੇ ਸਨ।

ਇਥੇ ਗੁਰੂ ਦੇ ਸਿੱਖਾਂ ਨੇ ਜੋ ਤਰੱਕੀ ਕੀਤੀ ਹੈ, ਉਸ ਨੂੰ ਆਪ ਸਭ ਭਲੀਭਾਂਤ ਜਾਣਦੇ ਹੋ। ਸਿੱਖੀ ਦਿਨੋ-ਦਿਨ ਵਧ ਰਹੀ ਹੈ। ਆਪ ਸਭ ਨੂੰ ਇਸ ਦੀ ਤਾਜ਼ਾ ਮਿਸਾਲ ਜਥੇਦਾਰ ਸੁਖਦੇਵ ਸਿੰਘ ਭੌਰ ਦੇ ਸਕਦੇ ਹਨ। ਕਿਉਂਕਿ ਉਹ ਅੱਜਕਲ੍ਹ ਇਥੋਂ ਹੋ ਕੇ ਵਾਪਸ ਦੇਸ ਪਰਤੇ ਹਨ। ਐਸੀ ਚੜ੍ਹਦੀਕਲਾ ਵਾਲੇ ਮਾਹੌਲ ਵਿਚ ਮੇਜ਼-ਕੁਰਸੀਆਂ 'ਤੇ ਪਾਬੰਦੀ ਨਾਲ ਸਿੱਖ ਸੰਗਤਾਂ ਦੇ ਦਿਲ ਵਿਚ ਨਿਰਾਸ਼ਾ ਪਾਈ ਜਾ ਰਹੀ ਹੈ। ਸੰਗਤਾਂ ਸੋਚਦੀਆਂ ਹਨ ਕਿ ਇਕ-ਦਮ ਇਹ ਫੈਸਲਾ ਕਿਵੇਂ ਤੇ ਕਿਉਂ ਹੋਇਆ? ਜਦਕਿ ਸਾਰੇ ਸਿੱਖ ਵਿਦਵਾਨ ਤੇ ਲੀਡਰ ਸਾਹਿਬਾਨ ਇਸ ਮਰਯਾਦਾ ਤੋਂ ਵਾਕਿਫ ਹਨ। ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਰਹਿਤ ਮਰਯਾਦਾ ਵਿਚ ਇਸ ਤਰ੍ਹਾਂ ਦੀ ਕੋਈ ਪਾਬੰਦੀ ਨਹੀਂ ਹੈ। ਸੰਤ ਤੇਜਾ ਸਿੰਘ ਜੀ ਸਿੱਖ ਰਹਿਤ ਮਰਯਾਦਾ ਤਿਆਰ ਕਰਨ ਸਮੇਂ ਮੋਢੀ ਵਿਦਵਾਨਾਂ ਵਿਚੋਂ ਇਕ ਸਨ। ਭਾਈ ਕਾਨ੍ਹ ਸਿੰਘ ਜੀ ਨਾਭਾ, ਜਿਨ੍ਹਾਂ ਦੀ ਵਿਦਵਤਾ ਦਾ ਲੋਹਾ ਸਾਰਾ ਸੰਸਾਰ ਮੰਨਦਾ ਹੈ, ਉਹ ਵੀ ਗੁਰਮਤਿ ਮਾਰਤੰਡ ਗ੍ਰੰਥ ਵਿਚ ਚੌਂਕੀ, ਕੁਰਸੀ, ਤੱਪੜ ਜਾਂ ਦਰੀਆਂ ਵਾਲੇ ਭਰਮ ਨੂੰ ਗੁਰਮਤਿ ਦੀਆਂ ਦਲੀਲਾਂ ਦੇ ਅਧਾਰ ਉੱਪਰ ਬੜੇ ਵਿਸਥਾਰ ਨਾਲ ਖੰਡਨ ਕਰਦੇ ਹਨ। ਇਥੇ ਸਿੱਖ ਸੰਗਤਾਂ ਸੋਚਦੀਆਂ ਹਨ ਕਿ ਫਿਰ ਐਸਾ ਹੁਕਮਨਾਮਾ ਕਿਉਂ? ਕੀ ਸਾਡੇ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਜਥੇਦਾਰ ਇਨ੍ਹਾਂ ਹਵਾਲਿਆਂ ਤੋਂ ਵਾਕਿਫ਼ ਨਹੀਂ? ਕੀ ਉਨ੍ਹਾਂ ਨੇ ਪੰਥ ਦੀ ਸਿਰਮੌਰ ਜਥੇਬੰਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਇਹ ਮੇਜ਼-ਕੁਰਸੀਆਂ ਦੇ ਮਤੇ ਉੱਪਰ ਡੂੰਘੀ ਵਿਚਾਰ ਕਰਵਾਈ ਸੀ? ਕੀ ਉਨ੍ਹਾਂ ਨੇ ਪੰਥ ਦੇ ਹੋਰ ਸੁਹਿਰਦ, ਗੁਰਮਤਿ ਰੰਗ ਵਿਚ ਰੰਗੇ ਹੋਏ ਸਿੱਖਾਂ ਨਾਲ ਇਸ ਮਸਲੇ ਬਾਰੇ ਸਲਾਹ-ਮਸ਼ਵਰਾ ਕੀਤਾ ਸੀ? ਵਿਦੇਸ਼ਾਂ ਵਿਚ

ਵਸਦੇ ਸਿੱਖ ਜੋ ਇਸ ਮੇਜ਼-ਕੁਰਸੀਆਂ ਦੀ ਰੀਤੀ ਨਾਲ ਇਕ ਸਦੀ ਤੋਂ ਬਾਵਸਤਾ ਹਨ, ਉਨ੍ਹਾਂ ਨੂੰ ਆਪਣਾ ਪੱਖ ਪੇਸ਼ ਕਰਨ ਦਾ ਮੌਕਾ ਕਿਉਂ ਨਹੀਂ ਦਿੱਤਾ ਗਿਆ? ਇਥੋਂ ਦੀ ਸਿੱਖ ਸੰਗਤ ਮਹਿਸੂਸ ਕਰ ਰਹੀ ਹੈ ਕਿ ਇਹ ਫੈਸਲਾ ਜਥੇਦਾਰ ਸਾਹਿਬ ਜੀ ਨੇ ਸਿਰਫ਼ ਕਿਸੇ ਇਕ ਧਿਰ ਦੀ ਸਲਾਹ ਨਾਲ ਹੀ ਜਾਰੀ ਕੀਤਾ ਹੈ ਜੋ ਕਿ ਸਰਾਸਰ ਸਿੱਖ ਰਵਾਇਤਾਂ ਨੂੰ ਛਿੱਕੇ ਟੰਗਣ ਵਾਲੀ ਗੱਲ ਹੈ। ਇਸ ਨੂੰ ਹੁਕਮਨਾਮਾ ਕਹਿਣ ਦੀ ਬਜਾਏ ਔਰੰਗਜ਼ੇਬੀ ਐਲਾਨਨਾਮਾ ਕਹਿਣਾ ਜ਼ਿਆਦਾ ਫੱਬਦਾ ਹੈ।

ਸਿੱਖ ਰਵਾਇਤਾਂ ਬਰਕਰਾਰ ਰੱਖਣ ਖਾਤਰ ਸਿੱਖ ਜਗਤ ਨੇ ਬਹੁਤ ਖ਼ੂਨ ਡੋਲ੍ਹਿਆ ਹੈ। ਸਾਡੀ ਇਹੀ ਬੇਨਤੀ ਹੈ ਕਿ ਪੰਥਕ ਫੈਸਲੇ ਕਰਨ ਲੱਗਿਆਂ ਸਾਰੇ ਫੈਸਲੇ ਗੁਰੂ ਪੰਥ ਦੀ ਸਥਾਪਤ ਹੋ ਚੁੱਕੀ ਮਰਯਾਦਾ ਅਨੁਸਾਰ ਹੀ ਕੀਤੇ ਜਾਣ। ਕਿਸੇ ਵੀ ਇਕ ਜਥੇ, ਟਕਸਾਲ, ਸੰਪਰਦਾ ਜਾਂ ਧੜੇ ਨੂੰ ਇਹ ਹੱਕ ਬਿਲਕੁਲ ਨਹੀਂ ਦਿੱਤਾ ਜਾ ਸਕਦਾ ਕਿ ਜਦੋਂ ਜੀ ਚਾਹੇ, ਸਿੱਖ ਧਰਮ ਦੇ ਨਿਰਗੁਣੀ ਅਤੇ ਸਰਗੁਣੀ ਸਿਧਾਂਤਾਂ ਦਾ ਮਖੌਲ ਉਡਾਉਣ। ਐਸਾ ਹੱਕ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਜਥੇਦਾਰ ਪਾਸ ਵੀ ਨਹੀਂ ਹੈ। ਗੁਰਤਾ ਪੰਥ ਨੂੰ ਮਿਲੀ ਹੋਈ ਹੈ, ਕਿਸੇ ਇਕ ਸ਼ਖ਼ਸ ਜਾਂ ਡੇਰੇ ਨੂੰ ਨਹੀਂ। ਪੰਥ ਦੀ ਵਾਗਡੋਰ ਸੰਭਾਲਣ ਦਾ ਹੱਕ ਸਿਰਫ ਤੇ ਸਿਰਫ ਪੰਥ ਦੀ ਸਿਰਮੌਰ ਜਥੇਬੰਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਹੀ ਹੈ। ਇਸ ਕਰਕੇ ਅਸੀਂ ਲੰਗਰ ਦੀ ਮਰਯਾਦਾ ਦਾ ਮਸਲਾ ਪੰਥ ਦੀ ਇਸ ਇਕੋ-ਇਕ ਪ੍ਰਤੀਨਿਧ ਸੰਸਥਾ ਕੋਲ ਭੇਜ ਰਹੇ ਹਾਂ। ਸਾਨੂੰ ਪੂਰੀ ਉਮੀਦ ਤੇ ਯਕੀਨ ਹੈ ਕਿ ਆਪ ਸਭ ਸੁਹਿਰਦ ਸੱਜਣ ਮਿਲ-ਬੈਠ ਕੇ ਸਾਡੀ ਮੁਸ਼ਕਿਲ ਜਲਦੀ ਤੋਂ ਜਲਦੀ ਹੱਲ ਕਰ ਦਿਓਗੇ। ਨਹੀਂ ਤਾਂ ਇਸ ਮਸਲੇ 'ਤੇ ਸਿੱਖ ਕੌਮ ਫਿਰ ਸੰਸਾਰ ਦੇ ਮੰਚ ਉੱਪਰ ਲੜਦੀ-ਭਿੜਦੀ ਆਪਣੀ ਪੱਤ ਆਪ ਹੀ ਗਵਾ ਲਏਗੀ। ਕੁਝ ਤਾਂ ਪਹਿਲਾਂ ਹੀ ਮੰਦਭਾਗੀਆਂ ਘਟਨਾਵਾਂ ਕਰਕੇ ਸਤਿਕਾਰ ਗੁਆ ਬੈਠੇ ਹਾਂ। ਪੰਥ ਦੋਖੀ ਤਾਕਤਾਂ ਹਮੇਸ਼ਾ ਹੀ ਐਸੇ ਹਾਲਤਾਂ ਦੀ ਤਲਾਸ਼ ਵਿਚ ਰਹਿੰਦੀਆਂ ਹਨ। ਇਸ ਲਈ ਆਓ ਗੁਰੂ ਮਿਹਰ ਸਦਕਾ ਹਿੰਮਤ ਕਰਕੇ ਮੌਕਾ ਸੰਭਾਲੀਏ।

ਜਿਵੇਂ ਪ੍ਰਹਿਲਾਦ ਨੇ ਆਪਣਾ ਧਰਮ ਨਹੀਂ ਛੱਡਿਆ, ਇਹੀ ਕਿਹਾ ਸੀ ਕਿ ਮੇਰਾ ਬਾਪ, ਜਗਤ-ਪਿਤਾ ਰੱਬ ਨਹੀਂ ਹੈ। ਮਨਸੂਰ ਨੇ ਇਸਲਾਮ ਤੋਂ ਇਨਕਾਰ ਨਹੀਂ ਸੀ ਕੀਤਾ, ਸਿਰਫ ਇਹੀ ਕਿਹਾ ਸੀ ਕਿ ਜ਼ਾਹਿਰ-ਬਾਤਿਨ ਵਿਚ ਸਮਾਅ ਰਿਹਾ ਅੱਲਾ ਹੀ ਮੇਰੇ ਅੰਦਰ ਬੋਲ ਰਿਹਾ ਹੈ। ਠੀਕ ਇਸੇ ਤਰ੍ਹਾਂ ਹੀ ਇਥੋਂ ਦੀ ਸਿੱਖ ਸੰਗਤ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਇਸ ਦੀ ਸਰਬਉੱਚਤਾ ਤੋਂ ਇਨਕਾਰੀ ਨਹੀਂ ਹੈ, ਸਿਰਫ ਇਹੀ ਕਹਿਣਾ ਹੈ ਕਿ ਹੁਕਮਨਾਮਾ ਜਾਰੀ ਕਰਨ ਤੋਂ ਪਹਿਲਾਂ ਸਾਰੇ ਪਹਿਲੂਆਂ 'ਤੇ ਵਿਚਾਰ ਕਰਨੀ ਬਹੁਤ ਜ਼ਰੂਰੀ ਹੈ ਤੇ ਇਸ ਦੇ ਪ੍ਰਤੀਕਰਮ ਬਾਰੇ ਵੀ ਸੋਚਣਾ ਚਾਹੀਦਾ ਹੈ। ਪ੍ਰਮਾਤਮਾ ਸਾਨੂੰ ਤੌਫੀਕ ਬਖਸ਼ੇ ਕਿ ਅਸੀਂ ਸਿੱਖ ਧਰਮ ਨੂੰ ਆਉਣ ਵਾਲੇ ਸਮੇਂ ਦੇ ਵਿਸ਼ਵ ਧਰਮ ਵਜੋਂ ਦੇਖੀਏ ਨਾ ਕਿ ਇਸ ਨੂੰ ਕੁੱਜੇ ਵਿਚ ਬੰਦ ਕਰਨ ਦੀਆਂ ਕੋਸ਼ਿਸ਼ਾਂ ਕਰੀਏ!

ਗੁਰੂ ਪੰਥ ਦੇ ਦਾਸ

1. ਅਕਾਲੀ ਸਿੰਘ ਸਿੱਖ ਸੁਸਾਇਟੀ, ਵੈਨਕੂਵਰ ਬੀ.ਸੀ.,
2. ਖਾਲਸਾ ਦੀਵਾਨ ਸੁਸਾਇਟੀ, ਵੈਨਕੂਵਰ ਬੀ.ਸੀ.,
3. ਕਨੇਡੀਅਨ ਰਾਮਗੜ੍ਹੀਆ ਸੁਸਾਇਟੀ, ਬਰਨਬੀ ਬੀ.ਸੀ.,

4. ਗੁਰੂ ਨਾਨਕ ਸਿੱਖ ਗੁਰਦੁਆਰਾ ਸੁਸਾਇਟੀ, ਡੈਲਟਾ-ਸਰੀ ਬੀ.ਸੀ.,
5. ਖਾਲਸਾ ਦੀਵਾਨ ਸੁਸਾਇਟੀ, ਐਬਟਸਫੋਰਡ, ਬੀ.ਸੀ.,
6. ਮਿਸ਼ਨ ਗੁਰਸਿੱਖ ਸੁਸਾਇਟੀ, ਮਿਸ਼ਨ ਬੀ.ਸੀ.,
7. ਗੁਰਦੁਆਰਾ ਨਾਨਕ ਨਿਵਾਸ, ਰਿਚਮੰਡ ਬੀ.ਸੀ.,
8. ਸ੍ਰੀ ਗੁਰੂ ਹਰਗੋਬਿੰਦ ਸਾਹਿਬ ਸਿੱਖ ਸੁਸਾਇਟੀ, ਸਰੀ ਬੀ.ਸੀ.,
9. ਗੁਰਦੁਆਰਾ ਸ਼ੇਰੇ ਪੰਜਾਬ ਕਲਚਰਲ ਸੁਸਾਇਟੀ, ਸਰੀ ਬੀ.ਸੀ.,
10. ਸਿੱਖ ਟੈਂਪਲ, ਵਿਲੀਅਮਜ਼ ਲੇਕ ਬੀ.ਸੀ.,
11. ਗੁਰੂ ਗੋਬਿੰਦ ਸਿੰਘ ਸਿੱਖ ਟੈਂਪਲ ਐਸੋਸੀਏਸ਼ਨ, ਪ੍ਰਿੰਸ ਜਾਰਜ, ਬੀ.ਸੀ.,
12. ਗੁਰਦੁਆਰਾ ਸਾਹਿਬ, ਪੈਨਟਿਕਟਨ ਬੀ.ਸੀ.,
13. ਗੁਰੂ ਨਾਨਕ ਸਿੱਖ ਸੁਸਾਇਟੀ, ਕੈਂਬਲਰਿਵਰ ਬੀ.ਸੀ.,
14. ਗੁਰੂ ਰਵੀਦਾਸ ਕਮਿਊਨਿਟੀ ਸੈਂਟਰ, ਬਰਨਬੀ, ਬੀ.ਸੀ.,
15. ਓਕਨਾਗਨ ਸਿੱਖ ਟੈਂਪਲ ਐਂਡ ਕਲਚਰਲ ਸੁਸਾਇਟੀ, ਕਲੋਨਾ ਬੀ.ਸੀ.,
16. ਪਾਲਦੀ ਖਾਲਸਾ ਦੀਵਾਨ ਸੁਸਾਇਟੀ, ਡੰਕਨ, ਬੀ.ਸੀ.,
17. ਪੰਜਾਬੀ ਅਕਾਲੀ ਸਿੰਘ ਸੁਸਾਇਟੀ, ਵਿਕਟੋਰੀਆ, ਬੀ.ਸੀ.,
18. ਸੁਕਾਮਿਸ਼ ਸਿੱਖ ਸੁਸਾਇਟੀ, ਸੁਕਾਮਿਸ਼, ਬੀ.ਸੀ.,

*ਬਲਵੰਤ ਸਿੰਘ ਗਿੱਲ*
ਸਪੋਕਸਪਰਸਨ
ਸਿੱਖ ਗੁਰਦੁਆਰਾ ਸੁਸਾਇਟੀਜ਼

***

*16 ਜੂਨ 1997*

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਨਾਮੇ
ਸਿੰਘ ਸਾਹਿਬ ਭਾਈ ਰਣਜੀਤ ਸਿੰਘ ਜੀ,
ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ,
ਸ੍ਰੀ ਅੰਮ੍ਰਿਤਸਰ, ਪੰਜਾਬ (ਇੰਡੀਆ)
ਸੁਹਿਰਦ ਜਥੇਦਾਰ ਜੀ,
ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਹਿ॥

ਕੈਨੇਡਾ ਦੇ ਬੀ ਸੀ ਇਲਾਕੇ ਦੀਆਂ ਸਿੱਖ ਸੰਗਤਾਂ ਵਿਚ ਅੱਜ ਦੇ ਤਾਇਨਾਤ ਹੋਏ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬ ਦੇ ਹੁਕਮਨਾਮਿਆਂ ਤੋਂ ਪੈਦਾ ਹੋਇਆ ਵਾਦ-ਵਿਵਾਦ ਉਤਰੀ ਅਮਰੀਕਾ ਅਤੇ ਪੰਜਾਬ ਦੀਆਂ ਅਖਬਾਰਾਂ ਵਿਚ ਖਰੂਦ ਪਾ ਰਿਹਾ ਹੈ। ਆਖਿਆ ਜਾਂਦਾ ਹੈ ਕਿ ਸ੍ਰੀ ਅਕਾਲ ਤਖ਼ਤ ਸਿੱਖੀ ਦਾ ਧੁਰਾ ਹੈ। ਇਹ ਬਿਆਨ ਸਿਰਫ ਇਕ ਅਰਧ-ਸਚਾਈ ਹੈ। ਧੁਰਾ ਇਕੱਲਾ ਹੀ ਕੁਝ ਨਹੀਂ ਕਰ ਸਕਦਾ ਹੁੰਦਾ; ਉਸ ਨੂੰ ਪਹੀਏ ਚਾਹੀਦੇ ਹਨ ਅਤੇ ਸ਼ਕਤੀ ਚਾਹੀਦੀ ਹੈ। ਜਦੋਂ ਗੁਰੂ ਹਰਗੋਬਿੰਦ ਸਾਹਿਬ ਜੀ ਆਪ ਅੰਮ੍ਰਿਤਸਰ ਹੁੰਦੇ ਸਨ ਤਾਂ ਸੱਤਾ ਉਥੇ ਹੁੰਦੀ ਸੀ ਪਰ ਜਦੋਂ ਹਜ਼ੂਰ ਕੀਰਤਪੁਰ ਸਾਹਿਬ ਹੁੰਦੇ ਸਨ ਤਾਂ ਸੱਤਾ ਉਥੇ ਹੁੰਦੀ ਸੀ। ਸ਼ਕਤੀ ਗੁਰਬਾਣੀ ਹੈ, ਸੋ "ਬਾਣੀ ਗੁਰੂ, ਗੁਰੂ ਹੈ ਬਾਣੀ" ਅਨੁਸਾਰ ਧੁਰਾ ਵੀ

ਅਤੇ ਸ਼ਕਤੀ ਵੀ ਗੁਰੂ ਹਰਗੋਬਿੰਦ ਜੀ ਆਪ ਹੀ ਸਨ।

ਜਿਸ ਤਰ੍ਹਾਂ ਸਿੱਖ ਹਰ ਰੋਜ਼ ਅਰਦਾਸ ਵਿਚ ਪੁਕਾਰ ਕੇ ਪੰਜ ਤਖ਼ਤ ਸਾਹਿਬਾਨ ਨੂੰ ਯਾਦ ਕਰਦੇ ਹਨ, ਉਸ ਤੋਂ ਇਹ ਸਪੱਸ਼ਟ ਹੈ ਕਿ ਇਹ ਪੰਜ ਤਖ਼ਤ ਸਿੱਖ ਰਵਾਇਤ ਦਾ ਗੂੜ੍ਹਾ ਅਤੇ ਅਨਿੱਖੜਵਾਂ ਅੰਗ ਹਨ। ਜੇ ਗੁਰੂ ਗੋਬਿੰਦ ਸਿੰਘ ਜੀ ਅਨੰਦਪੁਰ ਸਾਹਿਬ ਹੁੰਦੇ ਸਨ ਤਾਂ ਸੱਤਾ ਸ੍ਰੀ ਕੇਸਗੜ੍ਹ ਸਾਹਿਬ ਹੁੰਦੀ ਸੀ ਅਤੇ ਜਦੋਂ ਸਾਹਿਬ ਸ੍ਰੀ ਦਮਦਮਾ ਸਾਹਿਬ ਹੋਣ ਤਾਂ ਇਹ ਸ੍ਰੀ ਦਮਦਮਾ ਸਾਹਿਬ ਵਿਚ ਹੁੰਦੀ ਸੀ। ਸੱਚਾਈ ਇਹ ਹੈ ਕਿ ਮੀਰੀ ਪੀਰੀ ਦੀ ਮਾਲਕੀ ਸਦਾ ਗੁਰੂ ਸਾਹਿਬਾਨ ਦੀ ਜਾਤਿ ਨਾਲ ਰਹਿੰਦੀ ਸੀ। ਗੁਰੂ ਗੋਬਿੰਦ ਸਿੰਘ ਜੀ ਆਪ ਕਦੇ ਅੰਮ੍ਰਿਤਸਰ ਤਸ਼ਰੀਫ ਨਹੀਂ ਲਿਆਏ ਸਨ। ਜਦੋਂ ਗੁਰੂ ਜੀ ਦੇ ਮਹਿਲ, ਮਾਤਾ ਸੁੰਦਰੀ ਜੀ ਨੇ, ਭਾਈ ਮਨੀ ਸਿੰਘ ਜੀ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਜਥੇਦਾਰ ਥਾਪਿਆ ਤਾਂ ਮਾਤਾ ਜੀ ਨੇ ਆਪ ਭਾਈ ਸਾਹਿਬ ਨੂੰ ਪੂਰੀ ਤਰ੍ਹਾਂ ਹਮਾਇਤ ਦਿੱਤੀ।

ਆਪਣੀ ਹਿਆਤ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖ ਪੰਥ ਸਾਜ ਕੇ ਗੁਰਸਿੱਖਾਂ ਨੂੰ ਪੰਜ ਪਿਆਰਿਆਂ ਦੀ ਰਵਾਇਤ ਬਖਸ਼ੀ। ਪੰਜ ਤਖ਼ਤ ਵੀ ਉਸੇ ਤਰ੍ਹਾਂ ਹੀ ਮੀਰੀ ਦੀ ਸੇਧ ਦੇਣ ਲਈ ਹਨ। ਗੁਰੂ ਸਾਹਿਬ ਨੇ ਕਿਸੇ ਵੀ ਇਕ ਸਿੱਖ ਨੂੰ (ਭਾਵੇਂ ਉਹ ਕਿੰਨਾ ਵੀ ਪ੍ਰਮੁੱਖ ਕਿਉਂ ਨਾ ਹੋਵੇ) ਗੁਰੂ ਕੇ ਸਿੱਖਾਂ ਦੀ ਪਰਖ ਕਰਨ ਦੀ ਤਾਕਤ ਨਹੀਂ ਦਿੱਤੀ। ਸਿੱਖ ਦੀ ਸਿੱਖੀ ਦੀ ਪਰਖ ਤਾਂ ਗੁਰੂ ਨੇ ਆਪ ਹੀ ਕਰਨੀ ਹੈ। ਇਹ ਪੰਜ ਤਖ਼ਤ ਆਪਸ ਵਿਚ ਇਕੋ ਜਿਹੀ ਸਮਾਨਤਾ ਰੱਖਦੇ ਹਨ। ਜਿਹੜਾ ਸਿੱਖ ਧਰਮ ਦਾ ਮੀਰੀ ਦਾ ਮਸਲਾ ਹੋਵੇ, ਉਹ ਇਨ੍ਹਾਂ ਪੰਜਾਂ ਤਖ਼ਤਾਂ ਦੇ ਨੀਯਤ ਕੀਤੇ ਹੋਏ ਜਥੇਦਾਰ ਸਾਹਿਬਾਨ ਉਤੇ ਸਿੱਖ ਜਗਤ ਦੀ ਬੇਹਤਰੀ, ਬਹਿਬੂਦੀ ਅਤੇ ਪ੍ਰਫੁੱਲਤਾ ਨੂੰ ਘੋਖ ਵਿਚਾਰ ਕੇ ਸਮੁੱਚੇ ਤੌਰ ਉੱਤੇ ਨਤੀਜਾ ਕੱਢਣ ਦੀ ਜ਼ਿੰਮੇਵਾਰੀ ਲਾਈ ਹੋਈ ਹੈ। ਮਿਸਾਲ ਕਾਇਮ ਹੈ ਕਿ ਦੋ ਸਿੱਖਾਂ ਦੇ ਹੋਏ ਝਗੜੇ ਨੂੰ, ਮਾਤਾ ਸੁੰਦਰੀ ਜੀ ਨੇ ਆਪ ਹੀ ਫੈਸਲਾ ਦੇ ਦੇਣ ਦੀ ਬਜਾਏ ਸਾਲਸ ਮੁਕੱਰਰ ਕੀਤਾ, ਜਿਹੜਾ ਦੋਹਾਂ ਧਿਰਾਂ ਦੀਆਂ ਗੱਲਾਂ ਸੁਣ ਕੇ ਫੇਰ ਵਾਜਬ ਫੈਸਲਾ ਦੇਵੇ। ਤਖ਼ਤ ਸਾਹਿਬਾਂ ਦੇ ਜਥੇਦਾਰਾਂ ਉੱਪਰ ਵੀ ਇਕੱਠੇ ਹੋ ਕੇ ਮਸਲੇ ਦੇ ਦੋਵੇਂ ਪਹਿਲੂਆਂ ਨੂੰ ਸੁਣ ਕੇ ਫਿਰ ਸਾਲਸੀ ਕਰਨੀ ਲਾਜ਼ਮੀ ਹੈ।

ਇਸ ਪਿਛੋਕੜ ਦੀ ਲੋਅ ਵਿਚ ਜ਼ਰਾ ਦੇਖੀਏ ਕਿ ਬੀ ਸੀ ਦੀ ਸੰਗਤ ਅਤੇ ਅਜੋਕੇ ਜਥੇਦਾਰ ਸਾਹਿਬ ਵਿਚਲਾ ਵਾਦ-ਵਿਵਾਦ ਕਿਸ ਤਰ੍ਹਾਂ ਨਜਿੱਠ ਹੋ ਰਿਹਾ ਹੈ :

1. ਹੁਕਮਨਾਮਾ, ਮਿਤੀ 20 ਅਪ੍ਰੈਲ 1998 (ਐਗਜ਼ੀਬਿਟ ਨੰ. 1)

(ੳ) ਇਸ 'ਹੁਕਮਨਾਮੇ' ਵਿਚ ਕਿਸੇ ਉਸ ਸੰਸਥਾ ਦਾ ਨਾਮ ਨਹੀਂ ਹੈ, ਜਿਸ ਦੀ ਸੰਗਤ ਆਮ ਤੌਰ 'ਤੇ ਕੁਰਸੀਆਂ ਉੱਤੇ ਬੈਠ ਕੇ ਗੁਰੂ ਦਾ ਲੰਗਰ ਮੇਜ਼ਾਂ ਉੱਤੇ ਪਾਨ ਕਰਦੀ ਹੈ।

(ਅ) ਆਪ ਲਿਖਦੇ ਹੋ ਕਿ 'ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਹੋਈ'। ਇੰਡੀਆ ਵਿਚ 'ਸਿੰਘ ਸਾਹਿਬ' ਦਾ ਤਖੱਲਸ ਸਿਰਫ ਪੰਜ ਤਖ਼ਤ ਸਾਹਿਬਾਨ ਦੇ ਨੀਯਤ ਜਥੇਦਾਰਾਂ 'ਤੇ ਹੀ ਲਾਗੂ ਹੁੰਦਾ ਹੈ। ਉਤਰੀ ਅਮਰੀਕਾ ਦੇ ਅਖਬਾਰਾਂ ਨੇ ਛਾਪਿਆ ਸੀ ਕਿ ਜਥੇਦਾਰ ਸਾਹਿਬ ਅਕਾਲ ਤਖ਼ਤ ਨੇ ਪੰਜ ਗ੍ਰੰਥੀ ਸਾਹਿਬਾਨ ਨਾਲ ਬੈਠ ਕੇ ਫੈਸਲਾ ਕੀਤਾ ਸੀ। ਜੇ ਉਹ ਖਬਰ ਗ਼ਲਤ ਸੀ ਅਤੇ ਤੁਹਾਡੇ ਨਾਲ ਸੱਚਮੁੱਚ ਹੀ ਚਾਰ ਤਖ਼ਤ ਸਾਹਿਬਾਨ ਦੇ ਜਥੇਦਾਰ ਸ਼ਾਮਲ ਸਨ ਤਾਂ ਅਕਾਲ ਤਖ਼ਤ ਦੇ ਜਥੇਦਾਰ ਸਾਹਿਬ ਹੁੰਦਿਆਂ ਹੋਇਆਂ ਕੀ

ਤੁਹਾਨੂੰ ਸੰਗ ਲਗਦੀ ਸੀ ਉਨ੍ਹਾਂ ਉੱਚ ਹਸਤੀਆਂ ਦੇ ਨਾਮ ਲੈਂਦਿਆਂ ਅਤੇ ਲਿਖਦਿਆਂ? ਨਾਲੇ ਜੇ ਉਹ ਸਾਰੇ ਇਸ ਕਾਰਵਾਈ ਵਿਚ ਤੁਹਾਡੇ ਨਾਲ ਸਹਿਮਤ ਸਨ ਤਾਂ ਉਨ੍ਹਾਂ ਚੌਹਾਂ ਨੇ ਆਪਣੇ ਦਸਤਖਤ ਕਿਉਂ ਨਾ ਕੀਤੇ ? ਜਿਸ ਮਸਲੇ ਦਾ ਤੁਸੀਂ ਜ਼ਿਕਰ ਕਰਦੇ ਹੋ, ਇਹ ਕੋਈ ਸਧਾਰਨ ਜਿਹੀ ਗੱਲ ਨਹੀਂ ਸੀ, ਦੇਸ ਅਤੇ ਪ੍ਰਦੇਸ ਦੀਆਂ ਸੰਗਤਾਂ (ਜਿਨ੍ਹਾਂ ਦੀ ਤਾਦਾਦ ਲੱਖਾਂ ਵਿਚ ਹੈ) ਉੱਪਰ ਅਸਰਦੇਹ ਸੀ।

(ੲ) ਆਪ ਹੋਰ ਲਿਖਦੇ ਹੋ ਕਿ ਪਿਛਲੇ ਲੰਮੇ ਸਮੇਂ ਤੋਂ ਦੇਸ਼ ਵਿਦੇਸ਼ ਵਿਚ....ਵਿਵਾਦ ਸੀ। ਸਵਾਲ ਉੱਠਦਾ ਹੈ, ਆਪ ਦੀ ਸੰਸਥਾ ਨੇ ਏਨਾ ਲੰਮਾਂ ਸਮਾਂ ਚੁੱਪ ਕਿਉਂ ਧਾਰ ਰੱਖੀ? ਇਸ ਸਮੇਂ ਵਿਚ ਜਥੇਦਾਰ ਸਾਹਿਬਾਨਾਂ ਨੇ ਕੀ ਸਮੱਗਰੀ ਇਕੱਤਰ ਕੀਤੀ ਜਿਸ ਤੋਂ ਇਹ ਪਤਾ ਕੀਤਾ ਗਿਆ ਹੋਵੇ ਕਿ ਸੰਗਤਾਂ ਦੇ ਵਿਚਾਰ ਕੀ ਹਨ ਅਤੇ ਉਨ੍ਹਾਂ ਦਾ ਕੁਰਸੀਆਂ ਉੱਪਰ ਬੈਠ ਕੇ ਮੇਜ਼ਾਂ ਉੱਪਰ ਲੰਗਰ ਪਾਨ ਕਰਨਾ ਕਿਵੇਂ ਮਰਯਾਦਾ ਦੀ ਉਲੰਘਣਾ ਕਰਦਾ ਹੈ?

(ਸ) ਆਪ ਲਿਖਦੇ ਹੋ 'ਗੁਰੂ ਸਾਹਿਬ ਵੇਲੇ ਦੀ ਕਾਇਮ ਕੀਤੀ ਹੋਈ....ਪੰਗਤ ਦੀ ਮਰਯਾਦਾ ਨੂੰ ਸ਼ਰਧਾ ਸਤਿਕਾਰ ਨਾਲ ਹਰ ਹੀਲੇ ਕਾਇਮ ਰੱਖਿਆ ਜਾਵੇ।' ਸਵਾਲ ਪੈਦਾ ਹੁੰਦਾ ਹੈ ਕਿ ਸ੍ਰੀ ਅੰਮ੍ਰਿਤਸਰ ਦੇ ਲੰਗਰਖਾਨੇ ਸਮੇਤ, ਕਿਹੜਾ ਐਡਾ ਵੱਡਾ ਹਾਲ ਹੈ ਜਿਸ ਵਿਚ ਸੰਗਤ ਨੂੰ ਇਕ ਕਤਾਰ ਵਿਚ ਬਿਠਾ ਕੇ ਲੰਗਰ ਛਕਾਇਆ ਜਾ ਸਕਦਾ ਹੈ? ਹਰ ਕਮਰੇ ਦੀ ਚਾਰਦੀਵਾਰੀ ਸੀਮਤ ਹੁੰਦੀ ਹੈ, ਅਵੱਸ਼ ਹੀ ਪੰਗਤ ਨੂੰ ਕਈ-ਕਈ ਹਿੱਸਿਆਂ ਵਿਚ ਬਿਠਾਉਣਾ ਪੈਂਦਾ ਹੈ। ਇਕ ਹਿੱਸਾ ਉੱਚਿਆਂ ਦਾ ਬਣ ਸਕਦਾ ਹੈ, ਦੂਜਾ ਨੀਵਿਆਂ ਦਾ। ਪੰਗਤ ਵਿਚ ਬੈਠ ਕੇ ਲੰਗਰ ਪਾਨ ਕਰਨਾ ਸਿੱਖ ਧਰਮ ਦਾ ਮੂਲ ਸਿਧਾਂਤ ਹੈ, ਇਸ ਲਈ ਨਹੀਂ ਕਿ ਇਕ ਕਤਾਰ ਵਿਚ ਬੈਠਣਾ ਧਾਰਮਕ ਅਸੂਲ ਹੈ, ਬਲਕਿ ਇਸ ਲਈ ਕਿ ਊਚ-ਨੀਚ ਦਾ ਖੰਡਨ ਹੋਵੇ; ਸੋ ਗੁਰੂ ਦਾ ਲੰਗਰ ਹਰ ਪ੍ਰਾਣੀ ਵਾਸਤੇ ਖੁੱਲ੍ਹਾ ਹੈ। ਹਰ ਕੋਈ ਇਕੋ ਭਾਂਤ ਦਾ ਭੋਜਨ, ਬਿਨਾਂ ਕਿਸੇ ਭੇਦ-ਭਾਵ ਦੇ ਇਕੱਠੇ ਬੈਠ ਕੇ ਛਕ ਸਕਦਾ ਹੈ। ਜੇ ਇਕੋ ਕਿਸਮ ਦੇ ਮੇਜ਼, ਨਾਲੋ-ਨਾਲ ਲਗਾਏ ਹੋਣ ਅਤੇ ਉਨ੍ਹਾਂ ਉੱਪਰ ਆਹਮੋ-ਸਾਹਮਣੇ ਕੁਰਸੀਆਂ ਲਗਾ ਕੇ ਸੰਗਤਾਂ ਸਜ ਜਾਣ (ਨੰਗੇ ਪੈਰੀਂ ਹੋ, ਸਿਰ ਢਕਿਆ ਹੋਵੇ) ਤਾਂ ਕੀ ਗੁਰ-ਮਰਯਾਦਾ ਦਾ ਉਲੰਘਣ ਹੋਵੇਗਾ?

(ਹ) ਜ਼ਮੀਨ ਉੱਪਰ ਬੈਠਿਆਂ ਅਵੱਸ਼ ਹੀ ਪੈਰ ਥਾਲੀ ਨੂੰ ਲੱਗਣਗੇ। ਇਹ ਲੰਗਰ ਦਾ ਸਤਿਕਾਰ ਹੋਵੇਗਾ ਕਿ ਨਿਰਾਦਰੀ? ਵਰਤਾਰਿਆਂ ਦੀ ਆਵਾਜਾਈ ਹੁੰਦੀ ਹੈ; ਦਾਲ ਵੀ ਡੁਲ੍ਹਦੀ ਹੈ, ਪਾਣੀ ਵੀ ਡੁਲ੍ਹਦਾ ਹੈ। ਅਗਲੀ ਸੰਗਤ ਦੇ ਬਸਤਰ ਵੀ ਖਰਾਬ ਹੁੰਦੇ ਹਨ। ਕੁਰਸੀਆਂ ਉੱਪਰ ਬੈਠਣ ਨਾਲ ਇਹ ਸਾਰੀਆਂ ਗਲਤ ਗੱਲਾਂ ਨਹੀਂ ਹੁੰਦੀਆਂ।

(ਕ) ਸਿੱਖ ਸੰਗਤ ਬਾਕੀ ਇਨਸਾਨਾਂ ਵਾਂਗ ਹੀ ਹੈ। ਸਮੇਂ ਦੇ ਨਾਲ-ਨਾਲ ਇਹ ਵੀ ਉਸੇ ਤਰ੍ਹਾਂ ਹੀ ਵਧਦੀਆਂ ਫੁਲਦੀਆਂ ਹਨ। ਇਹ ਕੌਮ ਚੜ੍ਹਦੀਕਲਾ ਦੀ ਧਾਰਨੀ ਹੈ। ਇਨ੍ਹਾਂ ਨੂੰ ਲਕੀਰ ਦਾ ਫਕੀਰ ਬਨਾਉਣ ਦੀ ਬਜਾਏ ਪ੍ਰਫੁੱਲਤਾ ਵੱਲ ਦੀ ਸੇਧ ਦੇਣੀ ਉੱਚਿਤ ਹੈ। ਇਕ ਵੇਲਾ ਸੀ, ਡੂਨੇ ਵਿਚ ਦਾਲ ਪਾ ਕੇ ਪਤਲਾਂ ਉੱਪਰ ਰੋਟੀ ਰੱਖ ਕੇ, ਭੁੰਜੇ ਬੈਠ ਕੇ ਖਾਂਦੇ ਹੁੰਦੇ ਸਨ। ਫੇਰ ਥਾਲੀਆਂ, ਕੌਲੀਆਂ, ਛੰਨੇ ਅਤੇ ਗਲਾਸ ਬਣ ਗਏ। ਅੱਜ ਕਲ੍ਹ ਪਲਾਸਟਿਕ ਜਾਂ ਸਟੇਨਲੈਸ ਸਟੀਲ ਦੀਆਂ ਟਰੇਆਂ ਹਨ। ਭੁੰਜੇ ਬੈਠਣ ਤੋਂ ਤੱਪੜ, ਮੂੜ੍ਹੇ, ਪੀੜ੍ਹੀਆਂ, ਤਪਾਈਆਂ ਅਤੇ ਕੁਰਸੀਆਂ ਉੱਪਰ ਬੈਠਣਾ ਅਤੇ ਖਾਣਾ ਆਮ ਰਿਵਾਜ ਹੋ ਗਿਆ ਹੋਇਆ

ਹੈ। ਕੀ ਤੁਹਾਡੀ 20 ਅਪ੍ਰੈਲ 1998 ਦੀ ਬੈਠਕ ਵਿਚ ਇਨ੍ਹਾਂ ਪਹਿਲੂਆਂ ਉੱਤੇ ਵਿਚਾਰ ਹੋਈ ਸੀ? ਜੇ ਹੋਈ ਸੀ ਤਾਂ ਤੁਹਾਡਾ ਇਹ ਧਰਮ ਫਰਜ਼ ਬਣਦਾ ਹੈ ਕਿ ਸੰਗਤਾਂ ਨੂੰ ਪੂਰੀ ਤਫਸੀਲ ਨਾਲ ਸ਼ਮੂਲੀਅਤ ਕਰਦੇ ਹੋਏ ਹਰੇਕ ਜਥੇਦਾਰ ਸਾਹਿਬ ਦੇ ਵਿਚਾਰਾਂ ਤੋਂ ਵਾਕਫ ਕਰਾਓ।

(ਖ) ਆਪਦੇ 'ਹੁਕਮਨਾਮੇ' ਤੋਂ ਇਹ ਪ੍ਰਤੀਤ ਹੁੰਦਾ ਹੈ ਕਿ ਆਪ ਨੂੰ ਇਸ ਗੱਲ ਦਾ ਇਲਮ ਨਹੀਂ ਹੈ ਕਿ ਦੁਨੀਆਂ ਵਿਚ ਕਿਹੜੇ-ਕਿਹੜੇ ਗੁਰਦੁਆਰੇ ਕੁਰਸੀਆਂ ਮੇਜ਼ਾਂ ਦਾ ਇਸਤੇਮਾਲ ਕਰਦੇ ਹਨ। ਜੇ ਇਉਂ ਨਾ ਹੁੰਦਾ ਤਾਂ ਤੁਸੀਂ 'ਹੁਕਮਨਾਮਾ' ਉਨ੍ਹਾਂ ਸੰਸਥਾਵਾਂ ਨੂੰ ਸਪੱਸ਼ਟ ਤੌਰ ਉੱਤੇ ਸਿੱਧਾ ਹੀ ਆਇਦ ਕਰਦੇ। ਸੁਭਾਵਕ ਹੀ, ਇਹ ਐਕਸ਼ਨ ਲੈਣ ਤੋਂ ਪਹਿਲਾਂ ਉਨ੍ਹਾਂ ਤੋਂ ਕਾਰਨ ਪੁੱਛਦੇ ਅਤੇ ਉਨ੍ਹਾਂ ਦੀਆਂ ਮਜਬੂਰੀਆਂ ਨੂੰ ਘੋਖਦੇ। ਹੋ ਸਕਦਾ ਹੈ ਕਿ ਆਪਣੇ ਤਜਰਬੇ ਅਤੇ ਰਸੂਖ ਸਦਕਾ ਤੁਸੀਂ ਉਨ੍ਹਾਂ ਦੀ ਸਮੱਸਿਆ ਜੇ ਦੂਰ ਨਹੀਂ ਤਾਂ ਘੱਟ ਜ਼ਰੂਰ ਕਰ ਸਕਦੇ ਸੀ। ਤੁਸੀਂ ਇਸ ਤਰ੍ਹਾਂ ਨਾ ਕਰਕੇ ਅਨਿਆਏ ਕੀਤਾ ਹੈ। ਪੰਥ ਨੇ ਆਪ ਨੂੰ ਏਨੀ ਉੱਚਤਾ ਬਖਸ਼ੀ ਹੈ, ਜਿਸ ਕਾਰਨ ਤੁਸੀਂ ਪੰਥ ਦੇ ਰਿਣੀ ਹੋਵੋ ਅਤੇ ਐਸੇ ਮਾਕੂਲ ਫੈਸਲੇ ਕਰੋ ਜਿਨ੍ਹਾਂ ਨਾਲ ਪੰਥ ਦੀ ਪ੍ਰਫੁੱਲਤਾ ਨੂੰ ਸੇਧ ਮਿਲੇ ਅਤੇ ਸੰਗਤਾਂ ਤੁਹਾਡੀ ਗਰਮੁਖਤਾ ਉੱਤੇ ਨਾਜ਼ ਕਰਨ।

(ਗ) ਇਸ 'ਹੁਕਮਨਾਮੇ' ਸਦਕੇ, ਇਕ ਘੋਰ ਅਨਿਆਏ ਤੁਸੀਂ ਉਸ ਨਿਰਬਲ ਅਤੇ ਬੇਜ਼ਬਾਨ ਸ਼੍ਰੇਣੀ ਨਾਲ ਕਰ ਦਿੱਤਾ ਹੈ, ਜਿਸ ਦੇ ਮੈਂਬਰ ਜਾਨਾਂ ਹੀਲ ਕੇ ਜਾਂ ਕਹੋ ਪੋਰ੍ਹਿਆ ਪੋਰ੍ਹਿਆ ਕਰਕੇ ਪ੍ਰਦੇਸ਼ਾਂ ਵਿਚ ਪਹੁੰਚਦੇ ਹਨ ਅਤੇ ਸੰਗਤਾਂ ਨੂੰ ਸ਼ਬਦ ਕੀਰਤਨ ਅਤੇ ਕਥਾ ਰਾਹੀਂ ਗੁਰਬਾਣੀ ਨਾਲ ਜੋੜਦੇ ਹਨ। ਤੁਸੀਂ ਆਪਣੀ ਜ਼ਿੰਮੇਵਾਰੀ ਉਨ੍ਹਾਂ 'ਦੋਸ਼ੀ' ਗੁਰਦੁਆਰਿਆਂ ਨਾਲ ਨਜਿੱਠਣ ਦੀ ਬਜਾਏ ਇਨ੍ਹਾਂ ਕਮਜ਼ੋਰ ਸ਼੍ਰੇਣੀਆਂ ਦੇ ਗਲ ਪਾ ਦਿੱਤੀ ਹੈ। ਜਿਹੜੀ ਤੁਸੀਂ ਉਨ੍ਹਾਂ ਦੇ ਬਰਖਿਲਾਫ 'ਪੰਥਕ ਕਾਰਵਾਈ' ਕਰਨ ਦੀ ਧਮਕੀ ਦਿੱਤੀ ਹੈ, ਇਹ ਸਰਾਸਰ ਨਾਵਾਜਬ ਹੈ ਅਤੇ ਇਹ ਤੁਹਾਡੇ ਸਤਿਕਾਰਯੋਗ ਆਸਨ ਨੂੰ ਬਿਲਕੁਲ ਸ਼ੋਭਾ ਨਹੀਂ ਦਿੰਦੀ।

(ਘ) ਕਿਊਬੈਕ ਦੇ ਮੌਨਟ੍ਰੀਆਲ ਸ਼ਹਿਰ ਵਿਚ ਦੋ ਗੁਰਦੁਆਰੇ ਸਨ। ਦੋਹਾਂ ਵਿਚ ਹੀ ਸੰਗਤਾਂ ਕੁਰਸੀਆਂ ਉਤੇ ਬੈਠ ਕੇ, ਮੇਜ਼ਾਂ ਉੱਪਰ ਲੰਗਰ ਪਾਨ ਕਰਦੀਆਂ ਸਨ। ਸਮੇਂ ਦੇ ਪਲਟੇ ਨਾਲ, ਇਕ ਗੁਰਦੁਆਰੇ ਉੱਪਰ ਨਵੀਂ ਪਾਰਟੀ ਦਾ ਕਬਜ਼ਾ ਹੋ ਗਿਆ ਤਾਂ ਉਸ ਨੇ ਕੁਰਸੀਆਂ ਮੇਜ਼ ਚੁੱਕ ਦਿੱਤੇ ਅਤੇ ਭੁੰਜੇ ਬੈਠ ਕੇ ਲੰਗਰ ਛਕਣ ਦੀ ਮਰਿਆਦਾ ਕਰ ਲਈ। ਕੁਝ ਮਹੀਨਿਆਂ ਪਿਛੋਂ ਉਨ੍ਹਾਂ ਨੇ ਉਸ ਦੂਸਰੇ ਗੁਰਦੁਆਰਾ ਸਾਹਿਬ ਉਤੇ ਧਾਅਵਾ ਬੋਲ ਦਿੱਤਾ ਅਤੇ ਜ਼ਬਰਦਸਤੀ ਕੁਰਸੀਆਂ ਮੇਜ਼ ਚੁੱਕਣੇ ਸ਼ੁਰੂ ਕਰ ਦਿੱਤੇ। ਮਾਮਲਾ ਪੁਲਿਸ ਦੇ ਹੱਥ ਗਿਆ ਤਾਂ ਉਹ ਲੋਕ ਪਿੱਛੇ ਹਟ ਗਏ। ਇਸ ਗੁਰਦੁਆਰਾ ਸਾਹਿਬ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਤਿੰਨ ਰਜਿਸਟਰਡ ਖਤ ਲਿਖੇ ਅਤੇ ਆਪਣੀਆਂ ਮਜਬੂਰੀਆਂ ਦਰਸਾਉਂਦਿਆਂ ਹੋਇਆਂ ਬੇਨਤੀ ਕੀਤੀ ਕਿ ਇਨ੍ਹਾਂ ਹਾਲਤਾਂ ਵਿਚ ਮੇਜ਼ਾਂ ਕੁਰਸੀਆਂ ਦੇ ਇਸਤੇਮਾਲ ਨੂੰ ਮਰਯਾਦਾ ਦੀ ਉਲੰਘਣਾ ਨਾ ਮਿਥਿਆ ਜਾਵੇ। ਸ੍ਰੀ ਅਕਾਲ ਤਖ਼ਤ ਸਾਹਿਬ ਦਾ ਜਵਾਬ ਤਾਂ ਕੀ ਆਉਣਾ ਸੀ, ਅਖਬਾਰਾਂ ਤੋਂ ਸੋ ਲੱਗੀ ਕਿ ਇਕ 'ਹੁਕਮਨਾਮਾ' ਜਾਰੀ ਹੋ ਚੁੱਕਾ ਹੈ। ਸੋ ਗੁਰਦੁਆਰਾ ਸਾਹਿਬ ਨੇ ਰਾਗੀਆਂ ਢਾਡੀਆਂ ਦੇ ਰਾਹੀਂ ਇਸ 'ਹੁਕਮਨਾਮੇ' ਦੀ ਨਕਲ ਹਾਸਲ ਕਰ ਲਈ। ਸਵਾਲ ਉੱਠਦਾ ਹੈ, ਐਨੀ ਚੁੱਪ ਪਿਛੋਂ ਕਿਸ ਮੂੰਹ ਨਾਲ ਸ੍ਰੀ ਅਕਾਲ ਤਖ਼ਤ ਸਾਹਿਬ ਇਸ ਗੁਰਦੁਆਰਾ ਸਾਹਿਬ ਉੱਪਰ ਇਹ 'ਹੁਕਮਨਾਮਾ' ਲਾਗੂ ਕਰ ਸਕਦੇ ਹਨ? ਗਰੀਬ ਰਾਗੀਆਂ

ਅਤੇ ਢਾਡੀਆਂ ਉੱਪਰ ਕਹਿਰ ਢਾਅ ਕੇ?

(ਙ) ਇਕ ਪਾਸੇ ਮਰਦਾਂ ਅਤੇ ਇਸਤਰੀਆਂ ਦੇ ਗੁਸਲਖਾਨੇ ਅਤੇ ਦੂਸਰੇ ਪਾਸੇ ਬੱਚਿਆਂ ਦੀਆਂ ਕਲਾਸਾਂ ਲਈ ਰਾਹ ਛੱਡ ਕੇ ਸਿਰਫ 20 ਫੁੱਟ ਜ਼ਰਬ 20 ਫੁੱਟ ਥਾਂ ਬਚਦੀ ਹੈ। ਇਸ ਵਲਗਣ ਵਿਚ ਜੇ 350 ਮੈਂਬਰਾਂ ਵਿਚੋਂ ਅੱਧੇ ਵੀ ਲੰਗਰ ਲਈ ਹਾਜ਼ਰ ਹੋਣ ਤਾਂ ਕਿੰਨੀ ਮੁਸ਼ਕਿਲ ਬਣ ਜਾਂਦੀ ਹੈ। ਕੁਰਸੀਆਂ ਮੇਜ਼ਾਂ ਦੀ ਵਰਤੋਂ ਨਾਲ ਸਾਰੇ ਅਸਾਨੀ ਨਾਲ ਸਮਾਅ ਸਕਦੇ ਹਨ।

ਆਪਦਾ ਮਿਤੀ 20 ਅਪ੍ਰੈਲ 1998 ਦੇ ਆਇਦ ਕੀਤੇ ਹੋਏ 'ਹੁਕਮਨਾਮੇ' ਦਾ ਉੱਪਰ ਦੱਸਿਆ ਵਿਸ਼ਲੇਸ਼ਣ ਕਰਨ ਉਪਰੰਤ ਇਹ ਸਿੱਧ ਹੁੰਦਾ ਹੈ ਕਿ :

1. ਇਹ ਅਨਿਯਮਿਤ ਹੈ;

2. ਜਿਹੜੀਆਂ ਸੰਸਥਾਵਾਂ ਨੂੰ ਤੁਸੀਂ ਕਸੂਰਵਾਰ ਠਹਿਰਾਉਣਾ ਚਾਹੁੰਦੇ ਹੋ, ਉਨ੍ਹਾਂ ਨੂੰ ਤਾਂ ਇਹ 'ਹੁਕਮਨਾਮਾ' ਮੁਖਾਤਬ ਹੀ ਨਹੀਂ ਕੀਤਾ ਹੋਇਆ।

3. ਇਹ 'ਹੁਕਮਨਾਮਾ' ਆਪਦੇ ਅਧਿਕਾਰ ਖੇਤਰ ਤੋਂ ਬਾਹਰ ਹੈ।

4. ਆਪਦੇ ਉੱਪਰ ਇਹ ਧਾਰਮਕ ਜ਼ਿੰਮੇਵਾਰੀ ਹੈ ਕਿ ਆਪ ਇਹ ਸਾਬਤ ਕਰੋ ਕਿ ਕੁਰਸੀਆਂ ਮੇਜ਼ ਵਰਤਣ ਵਾਲੀਆਂ ਸੰਸਥਾਵਾਂ ਕਿਵੇਂ ਗੁਰੂ ਦੇ ਲੰਗਰ ਨੂੰ ਸ਼ਰਧਾ ਅਤੇ ਸਤਿਕਾਰ ਨਹੀਂ ਦਿੰਦੀਆਂ।

5. ਜਿਹੜੀ ਤੁਸੀਂ ਸੇਵਾ ਨਿਭਾਉਣ ਵਾਲੇ ਰਾਗੀ, ਗ੍ਰੰਥੀ, ਢਾਡੀ ਅਤੇ ਪ੍ਰਚਾਰਕ ਸ਼੍ਰੇਣੀਆਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਸਜ਼ਾ ਦੇਣ ਦੀ ਧਮਕੀ ਦਿੱਤੀ ਹੈ, ਇਹ ਬਿਲਕੁਲ ਅਯੋਗ ਹੈ।

6. ਇਨ੍ਹਾਂ ਸਭ ਕਾਰਨਾਂ ਕਰਕੇ ਆਪ ਨੂੰ ਚੁਣੌਤੀ ਦਿੱਤੀ ਜਾਂਦੀ ਹੈ ਕਿ ਫੌਰਨ ਹੀ ਇਸ 'ਹੁਕਮਨਾਮੇ' ਨੂੰ ਵਾਪਸ ਲੈ ਲਓ ਵਰਨਾ ਜਿਨ੍ਹਾਂ ਨੂੰ ਤੁਸੀਂ 'ਕਸੂਰਵਾਰ' ਠਹਿਰਾਉਂਦੇ ਹੋ, ਉਹ ਸੰਗਤਾਂ ਯੋਗ ਕਾਰਵਾਈ ਆਰੰਭ ਕਰਨਗੀਆਂ ਅਤੇ ਸਾਰੀ ਪ੍ਰਤਿਸ਼ਠਾ ਦੇ ਤੁਸੀਂ ਆਪ ਹੀ ਜ਼ਿੰਮੇਵਾਰ ਹੋਵੋਗੇ।

ਨਿਰਧਾਰਤ ਸੰਗਤਾਂ ਨਿਮਿਤ
***ਪ੍ਰੀਤਮ ਸਿੰਘ ਕਿਅਊ ਸੀ.,***
ਮੌਂਟ੍ਰੀਆਲ

ਉਤਾਰਾ : 1. ਜਥੇਦਾਰ ਗੁਰਚਰਨ ਸਿੰਘ ਟੌਹੜਾ ਜੀ, ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ,

2. ਸਿੰਘ ਸਾਹਿਬ ਭਾਈ ਮਨਜੀਤ ਸਿੰਘ ਜੀ, ਜਥੇਦਾਰ ਸ੍ਰੀ ਕੇਸਗੜ੍ਹ ਸਾਹਿਬ, ਸ੍ਰੀ ਅਨੰਦਪੁਰ ਸਾਹਿਬ।

***

**ਜਥੇਦਾਰ ਟੌਹੜਾ ਨੂੰ ਲਿਖੀ ਚਿੱਠੀ**

ਜਥੇਦਾਰ ਗੁਰਚਰਨ ਸਿੰਘ ਟੌਹੜਾ ਜੀ
ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,

ਸ੍ਰੀ ਅੰਮ੍ਰਿਤਸਰ, ਪੰਜਾਬ (ਇੰਡੀਆ)।

ਸੁਹਿਰਦ ਜਥੇਦਾਰ ਜੀ,

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਹਿ॥

ਇਸ ਪੱਤ੍ਰਕਾ ਨਾਲ ਹੀ ਆਪ ਨੂੰ ਇਕ ਚਿਤਾਵਨੀ ਨੋਟਿਸ ਦੀ ਨਕਲ ਭੇਜ ਰਿਹਾ ਹਾਂ, ਜਿਹੜਾ ਉਨ੍ਹਾਂ ਨਿਰਧਾਰਤ ਸੰਗਤਾਂ ਦੇ ਨਿਮਿਤ ਮੈਂ ਸਿੰਘ ਸਾਹਿਬ ਭਾਈ ਰਣਜੀਤ ਸਿੰਘ ਜੀ ਨੂੰ ਭੇਜਿਆ ਹੈ। ਅਖਬਾਰਾਂ ਵਿਚ ਛਪਿਆ ਹੈ ਕਿ ਆਪ ਨੇ ਸਿੰਘ ਸਾਹਿਬ ਦੇ ਇਸ 'ਹੁਕਮਨਾਮੇ' ਦੀ ਪ੍ਰੋੜਤਾ ਕੀਤੀ ਹੈ, ਪਰ ਇਹ ਕੋਈ ਛੋਟਾ ਜਿਹਾ ਮਸਲਾ ਨਹੀਂ ਹੈ, ਜਿਸ ਨੂੰ ਸਿੰਘ ਸਾਹਿਬ ਆਪ ਹੀ ਭੁਗਤਾ ਸਕਣ। 'ਰਹਿਤਨਾਮਾ' ਤਿਆਰ ਕਰਨ ਵਾਸਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਕਈ ਦਹਾਕੇ ਲਾਏ ਸੀ ਅਤੇ ਅਨੇਕਾਂ ਹੀ ਧਾਰਮਕ ਆਗੂ ਅਤੇ ਬੁੱਧੀਜੀਵੀਆਂ ਨੇ ਹਿੱਸਾ ਲਿਆ ਸੀ, ਲੰਗਰ ਦੇ ਮਸਲੇ ਵਿਚ ਸਿਰਫ ਇਹ ਹੀ ਕਹਿ ਦੇਣਾ ਕਿ ਪੰਗਤ ਵਿਚ ਭੁੰਜੇ ਬੈਠ ਕੇ ਲੰਗਰ ਛਕਿਆ ਜਾਵੇ ਤਦ ਹੀ ਉਹ ਗੁਰਮਰਯਾਦਾ ਮਕਬੂਲ ਹੈ, ਇਹ ਗਲਤ ਬਿਆਨੀ ਹੈ। ਪੰਗਤ ਵਿਚ ਬੈਠਣ ਦਾ ਮਕਸਦ ਊਚ-ਨੀਚ ਨੂੰ ਮਿਟਾਉਣਾ ਹੈ। ਅੱਜ ਦੇ ਜ਼ਮਾਨੇ ਵਿਚ ਕਿੰਨੇ ਕੁ ਗੁਰੂ ਦੇ ਸਿੱਖ ਹਨ ਜਿਹੜੇ ਭੁੰਜੇ ਬੈਠ ਕੇ ਭੋਜਨ ਛਕਦੇ ਹਨ? ਹੁਣ ਤਾਂ ਪਿੰਡਾਂ ਵਿਚ ਜੱਟ ਵੀ ਹੱਲ ਛੱਡ ਕੇ ਟਰੈਕਟਰਾਂ ਨਾਲ ਆਪਣੀ ਖੇਤੀ ਕਰਦੇ ਹਨ। ਕੁਰਸੀਆਂ ਉੱਤੇ ਬੈਠ ਕੇ ਮੇਜ਼ ਉੱਪਰ ਗੁਰੂ ਦਾ ਲੰਗਰ ਛਕਣਾ ਉਸ ਲੰਗਰ ਦੀ ਮਹਾਨਤਾ ਨੂੰ ਬਰਕਰਾਰ ਰੱਖਦਾ ਹੈ ਅਤੇ ਇਕੋ ਜਹੀਆਂ ਤਰਤੀਬ ਨਾਲ ਲੱਗੀਆਂ ਮੇਜ਼ਾਂ ਉੱਪਰ ਇਕੋ ਜਿਹਾ ਭੋਜਨ ਛਕਿਆ ਜਾਣਾ ਊਚ-ਨੀਚ ਨੂੰ ਦੂਰ ਕਰਦਾ ਹੈ।

ਹੁਣ ਅਸੀਂ ਇੱਕੀਵੀਂ ਸਦੀ ਦੇ ਨੱਕੇ ਉਤੇ ਪਹੁੰਚ ਗਏ ਹਾਂ। ਆਪਣਾ ਲੰਬਾ ਤਜਰਬਾ ਅਤੇ ਰਸੂਖ ਵਰਤੋ। ਤੁਹਾਨੂੰ ਕਿਸੇ ਦੀ ਝੋਲੀ ਚੁੱਕਣ ਦੀ ਲੋੜ ਨਹੀਂ ਹੈ ਅਤੇ ਕਿਸੇ ਤੋਂ ਭੈਅ ਖਾਣ ਦਾ ਸਮਾਂ ਵੀ ਬੀਤ ਚੁੱਕਾ ਹੈ। ਸੱਚਤਾ ਦੇ ਹਾਮੀ ਹੋਣਾ ਤੁਹਾਡਾ ਉੱਚਾ ਕਿਰਦਾਰ ਹੈ। ਇਹ 'ਹੁਕਮਨਾਮਾ' ਕਾਹਲੀ ਵਿਚ ਆਇਦ ਕੀਤਾ ਹੋਇਆ ਹੈ। ਇਕ ਕਮਿਸ਼ਨ ਬਣਾ ਦਿਓ ਜਿਸ ਵਿਚ ਬਾਹਰਲੇ ਗੁਰਦੁਆਰਿਆਂ ਦੇ ਉਹ ਸਿੱਖ ਵੀ ਹੋਣ ਜਿਹੜੇ ਆਪਣਾ ਪੱਖ ਪੇਸ਼ ਕਰ ਸਕਣ। ਬੜੀ ਭਰੱਪਣ ਨਾਲ ਇਸ ਮਸਲੇ ਦਾ ਹੱਲ ਗੁਰਰੀਤੀ ਅਨੁਸਾਰ ਹੋ ਸਕਦਾ ਹੈ। ਇਥੇ ਸਿੰਘ ਸਾਹਿਬ ਦੀ ਜਾਤ ਦਾ ਜਾਂ ਤੁਹਾਡਾ ਜਾਤੀ ਮਸਲਾ ਨਹੀਂ ਹੈ। ਸੰਗਤਾਂ ਤੁਹਾਡੇ ਵਿਚੋਂ ਕਿਸੇ ਦੀ ਵੀ ਹੇਠੀ ਕਰਨ ਦੀਆ ਬਿਲਕੁਲ ਚਾਹਵਾਨ ਨਹੀਂ ਹਨ।

ਪਿਆਰ ਨਾਲ ਗੁਰ ਫਤਹਿ।

ਨਿਰਧਾਰਤ ਸੰਗਤਾਂ ਨਿਮਿਤ

*ਪ੍ਰੀਤਮ ਸਿੰਘ, ਕਿਊ.ਸੀ.,*

***

***25 ਜੂਨ 1998***

**ਹੁਕਮਨਾਮਾ**

ਅੱਜ ਮਿਤੀ 25 ਜੂਨ 1998 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਹੋਈ। ਜਿਸ ਵਿਚ 20-4-98 ਨੂੰ ਲੰਗਰ ਅਤੇ ਪੰਗਤ ਬਾਰੇ ਜਾਰੀ ਹੋਏ ਹੁਕਮਨਾਮੇ ਦਾ ਵਿਰੋਧ ਕਰਨ ਵਾਲੇ ਵੈਨਕੂਵਰ ਦੇ ਹੇਠ ਲਿਖੇ ਵਿਅਕਤੀਆਂ ਬਾਰੇ

ਇਹ ਫੈਸਲਾ ਲਿਆ ਗਿਆ :

ਗਿਆਨੀ ਹਰਕੀਰਤ ਸਿੰਘ ਸਾਬਕਾ ਹੈੱਡ ਗ੍ਰੰਥੀ ਰੌਸ ਸਟਰੀਟ, ਵੈਨਕੂਵਰ,

ਬਲਵੰਤ ਸਿੰਘ ਪ੍ਰਧਾਨ, ਗੁਰੂ ਨਾਨਕ ਗੁਰਦੁਆਰਾ ਸਾਹਿਬ ਸਰੀ, ਵੈਨਕੂਵਰ,

ਤਾਰਾ ਸਿੰਘ ਐਡੀਟਰ ਇੰਡੋ ਕਨੇਡੀਅਨ ਟਾਈਮਜ਼ ਸਰੀ,

ਜਰਨੈਲ ਸਿੰਘ ਸੀਨੀਅਰ ਮੀਤ ਪ੍ਰਧਾਨ, ਖਾਲਸਾ ਦੀਵਾਨ ਸੁਸਾਇਟੀ, ਵੈਨਕੂਵਰ,

ਰਤਨ ਸਿੰਘ ਪ੍ਰਧਾਨ, ਅਕਾਲੀ ਸਿੰਘ ਸਿੱਖ ਸੁਸਾਇਟੀ,ਵੈਨਕੂਵਰ,

ਕਸ਼ਮੀਰ ਸਿੰਘ ਰੀਕਾਰਡ ਸਕੱਤਰ, ਖਾਲਸਾ ਦੀਵਾਨ ਸੁਸਾਇਟੀ, ਵੈਨਕੂਵਰ।

ਉਪਰੋਕਤ ਸਾਰੇ ਵਿਅਕਤੀਆਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਜਾਰੀ ਹੋਏ ਹੁਕਮਨਾਮੇ ਦਾ ਵਿਰੋਧ ਕਰਨ ਕਰਕੇ ਤਨਖਾਹੀਆ ਕਰਾਰ ਦਿੱਤਾ ਜਾਂਦਾ ਹੈ। ਇਨ੍ਹਾਂ ਸਾਰੇ ਵਿਅਕਤੀਆਂ ਨੂੰ 25 ਜੁਲਾਈ ਸ਼ਨੀਵਾਰ ਸਵੇਰੇ 11 ਵਜੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹਾਜ਼ਰ ਹੋ ਕੇ ਆਪਣਾ ਪੱਖ ਸਪੱਸ਼ਟ ਕਰਨ ਦਾ ਆਦੇਸ਼ ਹੈ। ਹਾਜ਼ਰ ਨਾ ਹੋਣ ਦੀ ਸੂਰਤ ਵਿਚ ਇਨ੍ਹਾਂ ਵਿਰੁੱਧ ਪੰਥਕ ਮਰਯਾਦਾ ਅਨੁਸਾਰ ਕਾਰਵਾਈ ਕੀਤੀ ਜਾਵੇਗੀ।

ਦਸਤਖਤ : ਰਣਜੀਤ ਸਿੰਘ, ਮੋਹਣ ਸਿੰਘ,
ਮਨਜੀਤ ਸਿੰਘ, ਕੇਵਲ ਸਿੰਘ, ਭਗਵਾਨ ਸਿੰਘ

***

*25 ਜੂਨ 1998*

## ਗੁਰਮਤਾ

ਅੱਜ ਮਿਤੀ 25 ਜੂਨ 1998 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਹੋਈ, ਜਿਸ ਵਿਚ 20 ਅਪ੍ਰੈਲ 1998 ਨੂੰ ਲੰਗਰ-ਪੰਗਤ ਦੇ ਸਬੰਧ ਵਿਚ ਜਾਰੀ ਹੋਏ ਹੁਕਮਨਾਮੇ ਨੂੰ ਨਾ ਮੰਨਣ ਕਾਰਨ ਜਥੇਦਾਰ ਗਿਆਨੀ ਅਮੋਲਕ ਸਿੰਘ ਅਤੇ ਮੁੱਖ ਸੇਵਾਦਾਰ ਭਾਈ ਮਹਿੰਦਰ ਸਿੰਘ ਗੁਰੂ ਨਾਨਕ ਨਿਸ਼ਕਾਮ ਸੇਵਕ ਜਥਾ ਬਰਮਿੰਘਮ ਪਾਸੋਂ ਸਪੱਸ਼ਟੀਕਰਨ ਲੈਣ ਦਾ ਫੈਸਲਾ ਲਿਆ ਗਿਆ। ਉਪਰੋਕਤ ਸੱਜਣਾਂ ਨੂੰ 20 ਦਿਨ ਦੇ ਅੰਦਰ-ਅੰਦਰ ਲਿਖਤੀ ਰੂਪ ਵਿਚ ਸਪੱਸ਼ਟੀਕਰਨ ਦੇਣ ਦਾ ਆਦੇਸ਼ ਦਿੱਤਾ ਜਾਂਦਾ ਹੈ।

ਦਸਤਖਤ : ਰਣਜੀਤ ਸਿੰਘ, ਮੋਹਣ ਸਿੰਘ,
ਮਨਜੀਤ ਸਿੰਘ, ਕੇਵਲ ਸਿੰਘ, ਭਗਵਾਨ ਸਿੰਘ

***

## ਗੁਰਮਤਿ ਪ੍ਰਚਾਰਕ ਸੁਸਾਇਟੀ ਆਫ ਬ੍ਰਿਟਿਸ਼ ਕੁਲੰਬੀਆ

*15 ਜੁਲਾਈ 1998*

ਸਤਿਕਾਰ ਯੋਗ ਜਥੇਦਾਰ ਸਾਹਿਬ ਜੀਓ,

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਹ॥

ਨਿਮਰਤਾ ਸਹਿਤ ਬੇਨਤੀ ਹੈ ਕਿ ਗੁਰਮਤਿ ਪ੍ਰਚਾਰਕ ਸੁਸਾਇਟੀ ਆਫ ਬ੍ਰਿਟਿਸ਼ ਕੁਲੰਬੀਆ ਵਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਲੰਗਰ ਦੀ ਮਰਯਾਦਾ ਸਬੰਧੀ ਹੁਕਮਨਾਮੇ ਉਪਰ ਫੁੱਲ ਚੜ੍ਹਾਉਂਦਿਆਂ ਹੋਇਆਂ ਸਭ ਰਾਗੀ ਸਿੰਘਾ, ਗ੍ਰੰਥੀ ਸਿੰਘਾਂ, ਕਥਾਵਾਚਕਾਂ,

ਪਰਚਾਰਕਾਂ ਅਤੇ ਢਾਡੀ ਸਿੰਘਾਂ ਨੂੰ ਬੇਨਤੀ ਕੀਤੀ ਗਈ ਸੀ ਕਿ ਕਿਸੇ ਵੀ ਗੁਰੂ ਘਰ ਵਿਚ ਜਿਥੇ ਲੰਗਰ ਦੀ ਮਰਯਾਦਾ ਪੰਗਤ ਵਿਚ ਜਮੀਨ ਉਪਰ ਬੈਠ ਕੇ ਪਰਸ਼ਾਦਾ ਛਕਣ ਦੀ ਲਾਗੂ ਨਹੀਂ ਕੀਤੀ ਜਾਂਦੀ ਉਥੇ ਸੇਵਾ ਨਹੀਂ ਕਰਨੀ। ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਹੁਕਮਨਾਮੇ ਦੀ ਪਾਲਣਾ ਕਰਦਿਆਂ ਅਤੇ ਸਾਡੀ ਸੁਸਾਇਟੀ ਵੱਲੋਂ ਬੇਨਤੀ ਪਰਵਾਨ ਕਰਦਿਆਂ ਸਾਰੇ ਹੀ ਧਾਰਮਕ ਪਰਚਾਰਕਾਂ ਵਲੋਂ 29 ਮਈ 1998 ਤੋਂ ਮਨਮੱਤ ਦੇ ਧਾਰਨੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਹੁਕਮਨਾਮੇ ਦੀ ਵਿਰੋਧਤਾ ਕਰਨ ਵਾਲੇ ਗੁਰੂ ਘਰਾਂ ਦੀ ਸੇਵਾ ਬੰਦ ਕੀਤੀ ਹੋਈ ਹੈ।

ਕਨੇਡਾ ਦੇ ਕੇਵਲ ਕੁਝ ਇਕ ਗੁਰਦੁਆਰਾ ਸਾਹਿਬਾਨ ਨੂੰ ਛੱਡ ਕੇ ਬਾਕੀ ਸਾਰੇ ਤਕਰੀਬਨ 73 ਗੁਰਦੁਆਰਾ ਸਾਹਿਬਾਨ ਵਿਖੇ ਹੁਕਮਨਾਮੇ ਅਨੁਸਾਰ ਗੁਰੂ ਕਾ ਲੰਗਰ ਸੰਗਤਾਂ ਪੰਗਤ ਵਿਚ ਜਮੀਨ ਉੱਪਰ ਬੈਠ ਕੇ ਛਕਦੀਆਂ ਹਨ। ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਹੁਕਮਨਾਮੇ ਦੇ ਵਿਰੋਧੀ ਪ੍ਰਬੰਧਕਾਂ ਵੱਲੋਂ ਗੁਰੂ ਘਰ ਦੀ ਸੇਵਾ ਉਨ੍ਹਾਂ ਵਿਅਕਤੀਆਂ ਤੋਂ ਕਰਵਾਈ ਜਾ ਰਹੀ ਹੈ ਜੋ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਜਾਰੀ ਹੋਏ ਹੁਕਮਨਾਮੇ ਦੀ ਵਿਰੋਧਤਾ ਕਰ ਰਹੇ ਹਨ ਅਤੇ ਉਨ੍ਹਾਂ ਨੂੰ ਗੁਰਦੁਆਰਾ ਸਾਹਿਬ ਦੀ ਨਿਤਾਪ੍ਰਤੀ ਮਰਯਾਦਾ ਦਾ ਭੀ ਗਿਆਨ ਨਹੀਂ ਹੈ। ਐਤਵਾਰ ਵਾਲੇ ਦਿਨ ਦੀਵਾਨ ਹਾਲ ਵਿਚ ਸਿਰਾਂ ਤੋਂ ਮੋਨੇ ਵਿਅਕਤੀ ਗੁਰਬਾਣੀ ਕੀਰਤਨ, ਕਵਿਤਾਵਾਂ ਅਤੇ ਗੁਰਮਤਿ ਦੇ ਆਸ਼ੇ ਦੇ ਵਿਰੁੱਧ ਸਟੇਜ ਉਪਰੋਂ ਪ੍ਰਚਾਰ ਕਰ ਰਹੇ ਹਨ, ਜਿਸ ਕਰਕੇ ਸ਼ਰਧਾਲੂ ਸੰਗਤਾਂ ਅਤੇ ਗੁਰਮਤਿ ਦੀ ਕੁਝ ਸੋਝੀ ਰੱਖਣ ਵਾਲਿਆਂ ਦੇ ਮਨ ਬਹੁਤ ਦੁਖੀ ਅਤੇ ਪ੍ਰੇਸ਼ਾਨ ਹਨ।

ਕਨੇਡਾ ਦੀਆਂ ਸਿੱਖ ਸੰਗਤਾਂ ਨੂੰ ਇਸ ਗੱਲ ਦਾ ਹੋਰ ਭੀ ਬਹੁਤ ਦੁੱਖ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਕੁਝ ਮੈਂਬਰ ਅਤੇ ਕੁਝ ਮੰਤਰੀ ਭੀ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਬਾਗੀ ਹੋਏ ਅਤੇ ਤਨਖਾਹੀਏ ਕਰਾਰ ਦਿੱਤੇ ਵਿਅਕਤੀਆਂ ਦਾ ਸਾਥ ਦੇ ਰਹੇ ਹਨ। ਇਥੋਂ ਤੱਕ ਕਿ ਜੋ ਵਿਅਕਤੀ '1984 ਦੇ ਨੀਲੇ ਤਾਰੇ ਸਾਕੇ ਦੀ ਕਾਰਵਾਈ ਨੂੰ ਦਿੱਲੀ ਸਰਕਾਰ ਦਾ ਯੋਗ ਚੁਕਿਆ ਕੱਦਮ' ਕਰਾਰ ਦਿੰਦੇ ਆ ਰਹੇ ਹਨ, ਉਨ੍ਹਾਂ ਨਾਲ ਇਥੇ ਕਨੇਡਾ ਵਿਚ ਆ ਕੇ ਪਾਰਟੀਆਂ ਕਰਦੇ ਹਨ। ਇਹ ਸਾਰੇ ਵਿਅਕਤੀਆਂ ਦਾ ਇਕ ਹੀ ਗਰੁੱਪ ਹੈ ਜੋ ਸਾਰੇ ਸ਼ਹਿਰਾਂ ਵਿਚ ਪੰਥ ਵਿਰੋਧੀ ਕਾਰਵਾਈਆਂ ਕਰ ਅਤੇ ਕਰਵਾ ਰਿਹਾ ਹੈ।

ਇਸ ਲਈ ਆਪ ਜੀ ਦੇ ਚਰਨਾਂ ਵਿਚ ਨਿਮਰਤਾ ਸਹਿਤ ਬੇਨਤੀ ਹੈ ਕਿ ਆਪ ਜੀ ਨੇ ਕ੍ਰਿਪਾ ਕਰਕੇ ਕਨੇਡਾ ਦੀਆਂ ਸਿੱਖ ਸੰਗਤਾਂ ਦੀ ਇਹ ਇਕ ਬੇਨਤੀ ਸ. ਗੁਰਚਰਨ ਸਿੰਘ ਜੀ ਟੌਹੜਾ, ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ. ਪ੍ਰਕਾਸ਼ ਸਿੰਘ ਬਾਦਲ ਪ੍ਰਧਾਨ ਸ਼੍ਰੋਮਣੀ ਅਕਾਲ ਦਲ ਅਤੇ ਮੁੱਖ ਮੰਤਰੀ ਪੰਜਾਬ ਸਰਕਾਰ, ਪਾਸ ਜਰੂਰ ਪੁਜਦੀ ਕਰ ਦੇਣੀ ਜੀ ਕਿ ਉਹ ਸਾਰੇ ਮੈਂਬਰਾਂ ਅਤੇ ਸਾਰੇ ਮੰਤਰੀਆਂ ਨੂੰ ਐਸਾ ਕਰਨ ਤੋਂ ਜਰੂਰ ਵਰਜਣ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਐਸੇ ਵਿਅਕਤੀਆਂ ਨੂੰ ਕਿਸੇ ਭੀ ਕਮੇਟੀ ਵਿਚ ਨਿਯੁਕਤ ਨਹੀਂ ਕਰਨਾ ਚਾਹੀਦਾ।

ਸ. ਸੁੱਚਾ ਸਿੰਘ ਲੰਗਾਹ, ਰਾਜ-ਮੰਤਰੀ ਪੰਜਾਬ ਸਰਕਾਰ ਅਤੇ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪਿਛਲੇ ਹਫ਼ਤੇ ਹੀ ਕਨੇਡਾ ਵਿਚ ਹੁਕਮਨਾਮੇ ਦੀ ਵਿਰੋਧਤਾ

ਕਰਨ ਵਾਲਿਆਂ ਦੀ ਵਕਾਲਤ ਕਰਦਿਆਂ ਗਿਆ ਹੈ। ਉਸਨੇ ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਤਨਖਾਹੀਏ ਕਰਾਰ ਦਿੱਤੇ ਵਿਅਕਤੀਆਂ ਦਾ ਸਾਥ ਦਿੱਤਾ ਹੈ, ਜਦੋਂ ਕਿ ਆਪ ਜੀ ਦੇ ਆਦੇਸ਼ ਅਨੁਸਾਰ ਬਾਕੀ ਸਭ ਸ਼ਰਧਾਲੂ ਸੰਗਤਾਂ ਨੇ ਉਨ੍ਹਾਂ ਦੇ ਸਮਾਗਮਾਂ ਵਿਚ ਸ਼ਾਮਲ ਹੋਣਾ ਬੰਦ ਕੀਤਾ ਹੋਇਆ ਹੈ। 5 ਜੁਲਾਈ ਤੋਂ 12 ਜੁਲਾਈ ਤੱਕ ਉਹ ਇਥੋਂ ਦੇ ਗੁਰਦੁਆਰਿਆਂ ਵਿਚ ਸੰਗਤਾਂ ਦੀ ਹਾਜ਼ਰੀ ਵਿਚ ਕੁਰਸੀਆਂ ਉਪਰ ਬੈਠ ਕੇ ਗੁਰੂ ਦਾ ਲੰਗਰ ਛਕਦਾ ਰਿਹਾ ਹੈ। ਜਦੋਂ ਕਿ ਹੋਰ ਸ਼ਰਧਾਲੂ ਸੰਗਤਾਂ ਇਨ੍ਹਾਂ ਦੇ ਲਾਗੇ ਹੀ ਜ਼ਮੀਨ ਉੱਤੇ ਬੈਠ ਕੇ ਪ੍ਰਸ਼ਾਦਾ ਛੱਕ ਰਹੀਆਂ ਹੁੰਦੀਆਂ ਸਨ।

ਪੰਜਾਬ ਤੋਂ ਆਉਣ ਵਾਲੇ ਸਾਰੇ ਅਕਾਲੀ ਲੀਡਰਾਂ, ਮੰਤਰੀ ਸਾਹਿਬਾਨ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਨੂੰ ਖਾਸ ਹਦਾਇਤਾਂ ਹੋਣੀਆਂ ਚਾਹੀਦੀਆਂ ਹਨ ਕਿ ਜੋ ਲੋਕ ਵਿਦੇਸ਼ਾਂ ਵਿਚ ਸਿੱਖ ਰਹਿਤ-ਮਰਿਆਦਾ ਨੂੰ ਨਹੀਂ ਮੰਨਦੇ, ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਜਾਰੀ ਹੋਏ ਹੁਕਮਨਾਮੇ ਨੂੰ ਨਹੀਂ ਮੰਨਦੇ ਅਤੇ ਜੂਨ '84 ਦੇ ਸ੍ਰੀ ਦਰਬਾਰ ਸਾਹਿਬ ਉਪਰ ਭਾਰਤੀ ਫੌਜ ਦੇ ਹੋਏ ਹਮਲੇ ਦੀ ਹਮਾਇਤ ਕਰਦੇ ਆ ਰਹੇ ਹਨ, ਐਸੇ ਵਿਅਕਤੀਆਂ ਤੋਂ ਦੂਰ ਰਹਿਣ, ਬੇਸ਼ਕ ਉਹ ਕਿੰਨੇ ਹੀ ਅਸਰ-ਰਸੂਖ ਅਤੇ ਵੱਡੇ ਰੁਤਬੇ ਵਾਲੇ ਕਿਉਂ ਨਾ ਹੋਣ।

ਉਪਰ ਦਿੱਤੀ ਸਾਰੀ ਜਾਣਕਾਰੀ ਬੀ. ਸੀ. ਕਨੇਡਾ ਦੀਆਂ ਸਿੱਖ ਸੰਗਤਾਂ ਵੱਲੋਂ ਅਲੱਗ ਅਲੱਗ ਸ਼ਹਿਰਾਂ ਵਿਚ ਇਕੱਤਰਤਾਵਾਂ ਕਰ ਕੇ ਗੁਰਮਤਿ ਪ੍ਰਚਾਰਕ ਸੁਸਾਇਟੀ ਨੂੰ ਭੇਜੀ ਗਈ ਸੀ ਤਾਂ ਕਿ ਆਪ ਜੀ ਤੱਕ ਪਹੁੰਚਾਈ ਜਾ ਸਕੇ। ਇਸ ਪੱਤਰ ਦੇ ਨਾਲ ਹੀ ਆਪ ਜੀ ਨੂੰ ਉਪਰੋਕਤ ਵਿਅਕਤੀਆਂ ਦੀਆਂ ਕਾਰਵਾਈਆਂ ਦੇ ਸਾਰੇ ਸਬੂਤ (ਅਖ਼ਬਾਰਾਂ ਦੇ ਬਿਆਨ, ਪਾਸ ਕੀਤੇ ਮਤਿਆਂ ਦੀਆਂ ਕਾਪੀਆਂ, ਵੀਡੀਓ ਅਤੇ ਆਡੀਓ ਦੀਆਂ ਟੇਪਾਂ ਆਦਿ) ਭੇਜੇ ਜਾ ਰਹੇ ਹਨ।

ਗੁਰੂ ਪੰਥ ਦੇ ਦਾਸ
ਗਿਆਨੀ ਜਗਦੀਸ਼ ਸਿੰਘ ਹੈੱਡ ਗ੍ਰੰਥੀ ਰੌਸ ਸਟਰੀਟ
ਗਿਆਨੀ ਮਹਿੰਦਰ ਜੀਤ ਸਿੰਘ, ਗ੍ਰੰਥੀ ਗੁਰੂਨਾਨਕ ਸਿੱਖ ਗੁਰਦੁਆਰਾ ਸਰੀ,
ਗਿਆਨੀ ਪ੍ਰੇਮ ਸਿੰਘ ਪ੍ਰਚਾਰਕ, ਗੁਰਬਾਣੀ ਕਲਾਸਾਂ ਸੰਥਾ ਕਰਵਾਉਣ ਵਾਲੇ,
ਪ੍ਰੋ. ਹਰਦੇਵ ਸਿੰਘ ਤਾਲਿਬ, ਗੁਰਬਾਣੀ ਸੰਗੀਤ, ਪ੍ਰੋਫੈਸਰ ਸਰੀ, ਸਕੱਤਰ
ਗਿਆਨੀ ਦਰਬਾਰਾ ਸਿੰਘ
ਗਿਆਨੀ ਨਰਿੰਦਰ ਸਿੰਘ, ਗ੍ਰੰਥੀ ਦਸ਼ਮੇਸ਼ ਦਰਬਾਰ

***

*25 ਜੁਲਾਈ 1998*

## ਹੁਕਮਨਾਮਾ

ਅੱਜ ਮਿਤੀ 25 ਜੁਲਾਈ 1998 ਨੂੰ ਪਾਵਨ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਹੋਈ, ਜਿਸ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ 20 ਅਪ੍ਰੈਲ 1998 ਨੂੰ ਲੰਗਰ ਤੇ ਪੰਗਤ ਸਬੰਧੀ ਜਾਰੀ ਹੋਏ ਹੁਕਮਨਾਮੇ ਦਾ ਵਿਰੋਧ ਕਰਨ ਵਾਲਿਆਂ ਦਾ ਮਸਲਾ ਵਿਚਾਰਿਆ ਗਿਆ, ਜਿਨ੍ਹਾਂ ਨੂੰ (25 ਜੂਨ 1998 ਨੂੰ) ਸ੍ਰੀ ਅਕਾਲ

ਤਖ਼ਤ ਸਾਹਿਬ ਤੋਂ ਤਨਖਾਹੀਆ ਕਰਾਰ ਦਿੱਤਾ ਗਿਆ ਸੀ। ਤਨਖਾਹੀਆ ਕਰਾਰ ਦਿੱਤੇ ਗਏ ਛੇ ਵਿਅਕਤੀਆਂ ਵਿਚੋਂ ਕਿਸੇ ਦੇ ਵੀ ਹਾਜ਼ਰ ਨਾ ਹੋਣ ਕਾਰਨ ਅਤੇ ਕਨੇਡਾ ਦੀ ਸਰੀ ਸਟੇਟ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਹੁਕਮਨਾਮੇ ਦਾ ਹੋਰ ਜ਼ਿਆਦਾ ਵਿਰੋਧ ਕਰਨ ਕਾਰਨ :

1. ਗਿਆਨੀ ਹਰਕੀਰਤ ਸਿੰਘ ਸਾਬਕਾ ਹੈੱਡ ਗ੍ਰੰਥੀ ਰੌਸ ਸਟਰੀਟ ਵੈਨਕੂਵਰ,
2. ਬਲਵੰਤ ਸਿੰਘ ਪ੍ਰਧਾਨ, ਗੁਰੂ ਨਾਨਕ ਗੁਰਦੁਆਰਾ ਸਾਹਿਬ ਸਰੀ, ਵੈਨਕੂਵਰ,
3. ਤਾਰਾ ਸਿੰਘ (ਹੇਅਰ) ਐਡੀਟਰ ਇੰਡੋ ਕਨੇਡੀਅਨ ਟਾਈਮ ਸਰੀ,
4. ਜਰਨੈਲ ਸਿੰਘ ਸੀਨੀਅਰ ਮੀਤ ਪ੍ਰਧਾਨ ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ,
5. ਰਤਨ ਸਿੰਘ ਪ੍ਰਧਾਨ ਅਕਾਲ ਸਿੱਘ ਸਿੱਖ ਸੁਸਾਇਟੀ, ਵੈਨਕੂਵਰ,
6. ਕਸ਼ਮੀਰ ਸਿੰਘ ਰੀਕਾਰਡ ਸਕੱਤਰ ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ,

ਇਨ੍ਹਾਂ ਨੂੰ ਪੰਥਕ ਮਰਯਾਦਾ ਆਨੁਸਾਰ ਪੰਥ ਵਿਚੋਂ ਛੇਕ ਦਿੱਤਾ ਗਿਆ ਹੈ।

ਉਪਰੋਕਤ ਛੇ ਵਿਅਕਤੀਆਂ ਨਾਲ ਗੁਰੂ ਸਰੂਪ ਸਾਧ ਸੰਗਤ ਰੋਟੀ-ਬੇਟੀ ਦੀ ਸਾਂਝ ਨਾ ਕਰੇ ਅਤੇ ਧਾਰਮਕ, ਰਾਜਨੀਤਕ, ਆਰਥਕ ਤੇ ਸਮਾਜਕ ਤੌਰ 'ਤੇ ਬਾਈਕਾਟ ਕੀਤਾ ਜਾਵੇ। ਖਾਸ ਕਰਕੇ ਤਾਰਾ ਸਿੰਘ (ਹੇਅਰ) ਦੀ ਸੰਪਾਦਨਾ ਅਧੀਨ ਕਿਸੇ ਵੀ ਚਲਦੇ ਅਖਬਾਰ ਨੂੰ ਨਾ ਖਰੀਦਿਆ ਜਾਵੇ ਨਾ ਪੜ੍ਹਿਆ ਜਾਵੇ। ਅਸੀਂ ਆਸ ਕਰਦੇ ਹਾਂ ਸਮੂਹ ਸਾਧ-ਸੰਗਤ ਹੁਕਮਨਾਮੇ 'ਤੇ ਅਮਲ ਕਰਵਾਉਣ ਲਈ ਪੂਰਨ ਸਹਿਯੋਗ ਦੇਵੇਗੀ। ਗੁਰੂ ਸਰੂਪ ਸਾਧ-ਸੰਗਤ ਤੇ ਮੀਰੀ ਪੀਰੀ ਦੇ ਮਾਲਕ ਗੁਰੂ ਹਰਿਗੋਬਿੰਦ ਸਾਹਿਬ ਆਪ ਸਹਾਈ ਹੋਣ ਇਹ ਸਾਡੀ ਅਰਦਾਸ ਹੈ।

ਦਸਤਖਤ : ਰਣਜੀਤ ਸਿੰਘ, ਮੋਹਣ ਸਿੰਘ,
ਕੇਵਲ ਸਿੰਘ, ਭਗਵਾਨ ਸਿੰਘ, ਗੁਰਬਚਨ ਸਿੰਘ

***

*17 ਅਗਸਤ 1998*

## ਹੁਕਮਨਾਮਾ

ਅੱਜ ਮਿਤੀ 17 ਅਗਸਤ 1998 ਨੂੰ ਪਵਿੱਤਰ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਹੋਈ। ਜਿਸ ਵਿਚ ਲੰਗਰ ਪੰਗਤ ਸਬੰਧੀ ਜਾਰੀ ਹੋਏ ਹੁਕਮਨਾਮੇ ਦਾ ਵਿਰੋਧ ਕਰਨ ਵਾਲਿਆਂ ਦੇ ਆਏ ਸਪੱਸ਼ਟੀਕਰਨ ਤੇ ਗੈਰਹਾਜ਼ਰ ਹੋਣ ਵਾਲਿਆਂ 'ਤੇ ਵਿਚਾਰ ਹੋਈ। ਉਪਰੰਤ ਇਹ ਫੈਸਲਾ ਹੋਇਆ ਕਿ ਪ੍ਰੀਤ ਸਿੰਘ ਸੰਧੂ ਨੂੰ ਸਪੱਸ਼ਟੀਕਰਨ ਨਾ ਦੇਣ ਕਾਰਨ ਤਨਖਾਹੀਆ ਕਰਾਰ ਦਿੱਤਾ ਜਾਂਦਾ ਹੈ ਅਤੇ ਬਲਬੀਰ ਸਿੰਘ ਚੰਗਿਆੜਾ ਦਾ ਸਪੱਸ਼ਟੀਕਰਨ ਤਸੱਲੀਬਖਸ਼ ਨਾ ਹੋਣ ਕਰਕੇ ਉਸ ਨੂੰ ਦੁਬਾਰਾ ਸਪੱਸ਼ਟੀਕਰਨ ਦੇਣ ਦਾ ਮੌਕਾ ਦਿੱਤਾ ਜਾਂਦਾ ਹੈ।

ਦਸਤਖਤ : ਰਣਜੀਤ ਸਿੰਘ, ਮੋਹਣ ਸਿੰਘ,
ਭਗਵਾਨ ਸਿੰਘ, ਚਰਨ ਸਿੰਘ, ਗੁਰਬਚਨ ਸਿੰਘ

***

## ਹੁਕਮਨਾਮਾ

ਅੱਜ ਮਿਤੀ 14 ਸਤੰਬਰ 1998 ਨੂੰ ਪਾਵਨ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਹੋਈ, ਜਿਸ ਵਿਚ ਪ੍ਰੀਤ ਸਿੰਘ ਸੰਧੂ, ਕਨੇਡਾ ਨਿਵਾਸੀ (ਜਿਸ ਨੂੰ ਹੁਕਮਨਾਮੇ ਨੂੰ ਮੰਨਣ ਵਾਲੀ ਸਮੁੱਚੀ ਸਿੱਖ ਸੰਗਤ ਨੂੰ ਪਸ਼ੂ ਬਿਰਤੀ ਵਾਲੀ ਅਬਦਾਲੀ ਦੀ ਔਲਾਦ ਕਹਿਣ ਕਾਰਨ) ਮਿਤੀ 17 ਅਗਸਤ 1998 ਨੂੰ ਤਨਖਾਹੀਆ ਕਰਾਰ ਦਿੱਤਾ ਗਿਆ ਸੀ, ਦਾ ਮਾਮਲਾ ਵਿਚਾਰਿਆ ਗਿਆ। ਉਪਰੰਤ ਇਸ ਪੰਥ ਦੋਖੀ ਨੂੰ ਹੁਕਮਨਾਮੇ ਦਾ ਵਿਰੋਧ ਕਰਨ 'ਤੇ ਗੁਰੂ ਰੂਪ ਸਿੱਖ ਸੰਗਤ ਨੂੰ ਪੰਜ ਸਿੰਘ ਸਾਹਿਬਾਨ ਵਲੋਂ ਨਿਮਰਤਾ ਸਹਿਤ ਬੇਨਤੀ ਹੈ ਕਿ ਇਸ ਪੰਥ ਦੋਖੀ ਨੂੰ ਕੋਈ ਮੂੰਹ ਨਾ ਲਾਵੇ। ਇਸ ਦਾ ਧਾਰਮਕ, ਰਾਜਨੀਤਕ, ਸਮਾਜਕ ਅਤੇ ਵਿਹਾਰਕ ਬਾਈਕਾਟ ਕੀਤਾ ਜਾਵੇ। ਇਸ ਨਾਲ ਰੋਟੀ ਬੇਟੀ ਦੀ ਸਾਂਝ ਨਾ ਕੀਤੀ ਜਾਵੇ।

ਦਸਤਖਤ : ਰਣਜੀਤ ਸਿੰਘ, ਮੋਹਣ ਸਿੰਘ,
ਚਰਨ ਸਿੰਘ, ਭਗਵਾਨ ਸਿੰਘ, ਗੁਰਬਚਨ ਸਿੰਘ

***

ਇਕ ਵਾਰ ਬਲਵੰਤ ਸਿੰਘ ਪ੍ਰਧਾਨ ਗੁਰੂ ਨਾਨਕ ਗੁਰਦੁਆਰਾ ਸਰੀ ਨੇ ਬੋਲਦੇ ਹੋਏ ਕਿਹਾ, "ਜਦੋਂ ਅਸੀਂ ਭੁੰਜੇ ਜਮੀਨ 'ਤੇ ਬਹਿ ਕੇ ਰੋਟੀ ਖਾਵਾਂਗੇ ਤਾਂ ਗੋਰੇ ਆਖਣਗੇ ਨਾ ਔਹ ਬੇਵਕੂਫ ਜਾਹਲ ਤੇ ਉਲੂ ਦੇ ਪੱਠੇ ਡੰਗਰਾਂ ਵਾਂਗ ਭੁੰਜੇ ਬਹਿ ਕੇ ਰੋਟੀ ਖਾ ਰਹੇ ਹਨ। ਇਕੀਵੀਂ ਸਦੀ ਵਿਚ ਸੋਲ਼ਵੀਂ ਸਦੀ ਵੱਲ ਧਕੇਲਣ ਵਾਲਾ ਇਕ ਕਾਤਲ ਤੇ ਅਨਪੜ੍ਹ ਹੈ ਜੋ ਤੀਜੀ ਪਾਸ ਹੈ ਪਰ ਸਾਰੇ ਸਿੱਖਾਂ ਦੇ ਸਿਰ 'ਤੇ ਬਿਠਾ ਦਿੱਤਾ ਗਿਆ ਹੈ ਕੌਮ ਦੀ ਬੇੜੀ ਪਾਰ ਲਾਉਣ ਲਈ, ਪ੍ਰੋ. ਮਨਜੀਤ ਸਿੰਘ ਵਰਗੇ ਜਥੇਦਾਰ ਦੀ ਲੋੜ ਸੀ। ਹੁਣ ਭਾਵੇਂ ਕੁਝ ਵੀ ਹੋਵੇ ਸਾਥੋਂ ਭੁੰਜੇ ਬਹਿ ਕੇ ਰੋਟੀ ਨਹੀਂ ਖਾ ਹੋਣੀ।

ਸੰਗਤ ਵਿਚੋਂ ਹੀ ਕਿਸੇ ਨੇ ਉਠ ਕੇ ਕਿਹਾ, "ਜਦੋਂ ਥੱਲੇ ਬੈਠ ਕੇ ਕੀਰਤਨ ਸੁਣਦੇ ਹੋ ਤਾਂ ਲੋਕ ਇਹ ਨਾ ਆਖਣਗੇ ਔਹ ਵੇਖੋ ਬੇਵਕੂਫ ਜਾਹਲ ਤੇ ਉਲੂ ਦੇ ਪੱਠੇ ਜਮੀਨ 'ਤੇ ਬਹਿ ਕੇ ਡੰਗਰਾਂ ਵਾਂਗ ਕੀਰਤਨ ਸੁਣ ਰਹੇ ਹਨ ਕਿਉਂਕਿ ਜਿਨ੍ਹਾਂ ਗੋਰਿਆਂ ਦੀ ਗੱਲ ਤੂੰ ਕੀਤੀ ਹੈ ਉਹ ਤਾਂ ਕੁਰਸੀ 'ਤੇ ਬਹਿ ਕੇ ਹੀ ਪ੍ਰਵਚਨ ਸੁਣਦੇ ਹਨ। ਰਹੀ ਅਨਪੜ੍ਹ ਹੋਣ ਦੀ ਗੱਲ ਤਾਂ ਅਨਪੜ੍ਹ ਤਾਂ ਰਾਜੇ ਮਹਾਰਾਜੇ ਵੀ ਬਣਦੇ ਹਨ ਤੇ ਤੂੰ ਟਰੱਕ ਚਲਾਉਂਦਾ ਫਿਰਦਾ ਹੈਂ, ਉਹ ਕੌਮ ਦਾ ਜਥੇਦਾਰ ਹੈ।" ਉਸ ਸਧਾਰਨ ਸਰੋਤੇ ਨੇ ਇਹ ਵੀ ਆਖਿਆ ਕਿ "ਗੋਰਿਆਂ ਦੀ ਰੀਸ ਕਰਨ ਵਾਲਿਓ ਜੇ ਪਿਓ ਦੇ ਓ ਤਾਂ ਗੋਰਿਆਂ ਦੇ ਗਿਰਜਿਆਂ ਵਾਂਗ ਗੁਰਦੁਆਰਿਆਂ ਵਿਚ ਵੀ ਕੁਰਸੀਆਂ ਲਾਓ ਵੇਖੋ ਫੇਰ ਸੰਗਤ ਕਿਵੇਂ ਤੁਹਾਡੀਆਂ ਮੁਛਾਂ ਪੁੱਟਦੀ ਹੈ ਪਰ ਅਫਸੋਸ ਇਹ ਹੈ ਕਿ ਲੰਗਰ ਦੇ ਹੁਕਮਨਾਮੇ ਦੀ ਵਿਰੋਧਤਾ ਕਰਨ ਵਾਲਿਆਂ ਦੀਆਂ ਨਾ ਮੁੱਛਾਂ ਹਨ ਨਾ ਦਾਹੜੀਆਂ। ਛੱਜ ਤਾਂ ਬੋਲੇ ਛਾਨਣੀ ਕਿਉਂ ਬੋਲੇ ਜਿਸ ਵਿਚ ਉਨੱਤੀ ਸੌ ਛੇਕ ਹੁੰਦਾ ਹੈ ਅਜੇ ਪਰਸੋਂ ਤਾਂ ਤੈਨੂੰ ਕਨੇਡਾ ਦੀ ਪੁਲਿਸ ਨੇ ਸ਼ਰਾਬ ਪੀ ਕੇ ਟਰੱਕ ਚਲਾਉਣ ਦੇ (Drunk Drive) ਦੋਸ਼ ਵਿਚ ਹੱਥਕੜੀਆਂ ਲਾ ਕੇ ਹਵਾਲਾਤ ਵਿਚ ਦਿੱਤਾ ਸੀ ਕਲ ਤੂੰ ਜਮਾਨਤ 'ਤੇ ਬਾਹਰ ਆਇਆ ਹੈਂ ਤੇ ਅੱਜ ਤੂੰ ਵੱਡਾ ਧਰਮੀਂ ਬਣਕੇ ਸਿੱਖ ਸੰਗਤਾਂ ਨੂੰ ਗੁਰਮੱਤ ਪੜ੍ਹਾ ਰਿਹਾ

ਹੈਂ। ਜੇ ਤੇਰੀ ਜਮੀਰ ਹੈ ਤੂੰ ਆਪਣੇ ਗਿਰੇਬਾਨ ਵਿਚ ਮੂੰਹ ਪਾ ਕੇ ਵੇਖ ਕਿ ਤੂੰ ਕਿਸੇ ਗੁਰਦੁਆਰੇ ਦਾ ਪ੍ਰਧਾਨ ਬਣਨ ਦੇ ਲਾਇਕ ਹੈ? ਸ਼ਰਾਬੀ ਤੇ ਕਨੇਡਾ ਦਾ ਕਾਨੂੰਨ ਤੋੜਨ ਵਾਲਾ ਅਪਰਾਧੀ ਉਸ ਸੂਰਮੇਂ ਨੂੰ ਕਾਤਲ ਦਸ ਰਿਹਾ ਹੈ ਜਿਸਨੇ ਪੂਰੀ ਕੌਮ ਦੀ ਡਿੱਗੀ ਪੱਗ ਨੂੰ ਚੁੱਕ ਕੇ ਉਸ ਦੇ ਸਿਰ 'ਤੇ ਰਖਿਆ ਹੈ ਪਰ ਤੈਨੂੰ ਕੀ ਪਤਾ ਕੌਮ ਦੀ ਪੱਗ ਕੀ ਹੁੰਦੀ ਹੈ ਤੂੰ ਸ਼ਰਾਬ ਪੀ ਤੇ ਟਰੱਕ ਚਲਾ ਲੋਕਾਂ ਨੂੰ ਮਤਾਂ ਨਾ ਦੇਅ।"

***

*23 ਜਨਵਰੀ 1997*

ਸ. ਬਲਵੰਤ ਸਿੰਘ ਜੀ,

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਿਹ॥

ਫੈਕਸ ਰਾਹੀਂ ਤੁਹਾਡਾ ਪਾਵਨ ਉਪਦੇਸ਼ ਪ੍ਰਾਪਤ ਹੋਇਆ ਹੈ। ਮੈਨੂੰ ਲਗਦਾ ਹੈ ਕਿ ਤੁਸੀਂ ਕਰੋਧ ਅਤੇ ਈਰਖਾ ਦੀ ਅੱਗ ਵਿਚ ਪੂਰੀ ਤਰ੍ਹਾਂ ਸੜੇ ਪਏ ਹੋ। ਵਰਨਾਂ ਤੁਸੀਂ ਮੇਰੀ ਨਿਰਮਾਣਤਾ ਨਾਲ ਕੀਤੀ ਬੇਨਤੀ ਨੂੰ 'ਫੁਰਮਾਨ' ਦਾ ਨਾਮ ਨਾ ਦੇਂਦੇ। ਮੈਂ ਆਪਣੇ ਪੱਤਰ ਵਿਚ ਸਿੱਖ ਰਹਿਤ ਮਰਯਾਦਾ, ਸਿੱਖ ਇਤਿਹਾਸ ਅਤੇ ਸਿਖੀ ਰਵਾਇਤ ਅਨੁਸਾਰ ਲੰਗਰ ਸੰਗਤ ਦੀ ਮਰਯਾਦਾ ਨੂੰ ਸਪਸ਼ਟ ਕੀਤਾ ਸੀ। ਜਿਸ ਸਿੱਖ ਰਹਿਤ ਮਰਯਾਦਾ ਦੀ 'ਧਾਰਾ' ਤੁਸੀਂ ਮੈਨੂੰ ਸਮਝਾਉਣ ਦਾ ਯਤਨ ਕਰ ਰਹੇ ਹੋ ਉਸ ਵਿਚ ਹੀ ਸਪਸ਼ਟ ਲਿਖਿਆ ਹੈ ਕਿ 'ਲੰਗਰ ਵਿਚ ਕੇ ..........' 'ਸੰਗਤ ਵਿਚ .......' ਇਹਨਾਂ ਸੱਤਰਾਂ ਦੇ ਅਰਥ ਤੁਸੀਂ ਕੁਰਸੀ ਉੱਪਰ ਬੈਠਣ ਦੇ ਕਰਦੇ ਹੋ ਇਹ ਤੁਹਾਡੀ ਆਪਣੀ ਮਨਮੁਖਤਾ ਵਾਲੀ ਤਰਕ ਦਲੀਲ ਹੋ ਸਕਦੀ ਹੈ। ਗੁਰਮੁਖ ਇਸਨੂੰ ਕਿਸੇ ਤਰ੍ਹਾਂ ਵੀ ਜਾਇਜ ਨਹੀਂ ਠਹਿਰਾ ਸਕਦਾ। ਮੇਰੇ ਪੱਤਰ ਵਿਚ ਸਪੱਸ਼ਟ ਲਿਖਿਆ ਸੀ ਕਿ ਗੁਰ ਮਰਯਾਦਾ ਅਨੁਸਾਰ ਹੀ ਗੁਰੂ ਅਮਰਦਾਸ ਜੀ ਦੇ ਲੰਗਰ ਵਿਚ ਆ ਕੇ ਸੰਗਤ ਵਿਚ ਬੈਠ ਕੇ ਅਕਬਰ ਬਾਦਸ਼ਾਹ ਨੇ ਪਰਸ਼ਾਦ ਛਕਿਆ ਅਤੇ ਬਾਅਦ ਵਿਚ ਗੁਰੂ ਜੀ ਦੇ ਦਰਸ਼ਨ ਕੀਤੇ। ਅੱਜ ਤੁਸੀਂ ਇਹ ਦਲੀਲ ਦੇਂਦੇ ਹੋ ਕਿ ਸਾਡੇ ਬੱਚੇ 'ਪੈਂਟਾ ਪਾ ਕੇ ਭੁੰਜੇ ਬੈਠ ਕੇ ਲੰਗਰ ਛੱਕਣ ਲਈ ਤਿਆਰ ਨਹੀਂ ਹੋਣਗੇ।' ਤਾਂ ਫਿਰ ਕੀ ਮੈਂ ਇਹ ਸਮਝ ਲਵਾਂ ਕਿ ਤੁਹਾਡੇ ਬੱਚੇ ਗੁਰੂ ਸਾਹਿਬ ਦੀ ਹਜ਼ੂਰੀ ਅੰਦਰ ਸੰਗਤ ਵਿਚ ਪੈਂਟ ਪਾ ਕੇ ਜਮੀਨ 'ਤੇ ਬੈਠ ਸਕਣਗੇ? ਜਾਂ ਫਿਰ ਮੈਂ ਇਹ ਸਮਝ ਲਵਾਂ ਕਿ ਤੁਸੀਂ ਜਿੰਮੇਵਾਰ ਪ੍ਰਧਾਨ ਹੋਣ ਦੇ ਨਾਤੇ ਆਪਣੇ ਬੱਚਿਆਂ ਨੂੰ ਪੰਗਤ, ਸੰਗਤ ਦਾ ਮਹਾਤਮ ਨਹੀਂ ਸਮਝਾ ਸਕੇ ਬਲਕਿ ਉਨ੍ਹਾਂ ਨੇ ਤੁਹਾਨੂੰ ਪੈਂਟਾ ਪਾ ਕੇ ਲੰਗਰ ਕੁਰਸੀਆਂ ਉਪਰ ਬੈਠ ਕੇ ਛੱਕਣ ਲਈ ਮਜਬੂਰ ਕਰ ਲਿਆ ਹੈ। ਤੁਸੀਂ ਬੜੀ ਬੇਰੁਖੀ ਨਾਲ ਮੇਰੇ 'ਤੇ ਇਹ ਇਲਜ਼ਾਮ ਲਾਇਆ ਹੈ ਕਿ ਮੈਂ ਜਮੀਨ 'ਤੇ ਬੈਠ ਕੇ ਲੰਗਰ ਛੱਕਣ ਦੀ ਹਦਾਇਤ ਜਾਰੀ ਕਰਕੇ ਵਿਦੇਸ਼ਾਂ ਵਿਚ ਵਸਦੇ ਸਿੱਖਾਂ ਵਿਚ ਵੱਡਾ ਪਾੜਾ ਪਾ ਦਿੱਤਾ ਹੈ। ਕੀ ਤੁਸੀਂ ਮੈਨੂੰ ਇਹ ਦੱਸ ਸਕਦੇ ਹੋ ਕਿ ਜਦੋਂ ਸਾਰੇ ਸੰਸਾਰ ਵਿਚ ਵਸਦੇ ਸਿੱਖਾਂ ਨੇ ਸਰੀ ਦੇ ਗੁਰਦੁਆਰਾ ਸਾਹਿਬ ਅੰਦਰ ਗੁਰੂ ਸਾਹਿਬ ਦੀ ਹਜ਼ੂਰੀ ਵਿਚ, ਜੋ ਗੁੰਡਾਗਰਦੀ ਹੋਈ, ਉਸਨੂੰ ਦੇਖਿਆ, ਪੁਲਿਸ ਜੁਤੀਆਂ ਸਮੇਤ ਗੁਰੂ ਮਹਾਰਾਜ ਦੀ ਹਜ਼ੂਰੀ ਵਿਚ ਦਾਖਲ ਹੋਈ ਤੇ ਉਸਨੇ ਗੁਰਦੁਆਰਾ ਸੀਲ ਕਰ ਦਿੱਤਾ ਤੇ ਪ੍ਰਬੰਧਕਾਂ ਨੂੰ ਝਾੜਾਂ ਪਾਈਆਂ, ਕੀ ਇਹ ਤੁਹਾਡੀ ਮੁਕੰਮਲ ਏਕਤਾ ਦਾ ਸਬੂਤ ਸੀ। ਮੈਨੂੰ ਬੇਹੱਦ ਅਫਸੋਸ ਹੈ ਕਿ ਗੁਰੂ ਘਰ ਵਿਚ ਹੋਈ ਇਸ ਮੰਦਭਾਗੀ ਘਟਨਾ ਨਾਲ ਸਾਰੇ ਸੰਸਾਰ ਵਿਚ ਵਸਦੇ ਸਿੱਖਾਂ ਦੇ ਸਿਰ ਸ਼ਰਮ ਨਾਲ ਝੁਕੇ

ਹਨ ਪਰ ਤੁਸੀਂ ਅਜੇ ਵੀ ਬੜੀ ਬੇਸ਼ਰਮੀ ਤੇ ਢੀਠਤਾਈ ਦਾ ਸਬੂਤ ਦੇ ਰਹੇ ਹੋ।

ਸ. ਬਲਵੰਤ ਸਿੰਘ ਜੀ ਗੁਰੂ ਘਰ ਦੀ ਮਰਯਾਦਾ ਗੁਰੂ ਜੀ ਵਲੋਂ ਚਲਾਈ ਗਈ ਹੈ। ਇਹ ਕਿਸੇ ਇਕ ਵਿਅਕਤੀ ਦੀ ਨਹੀਂ। ਇਸ ਕਰਕੇ ਸਾਨੂੰ ਤੁਸੀਂ ਆਪਣੀ ਮਨਮਰਜੀ ਦੀ ਮਰਯਾਦਾ ਦੱਸਣ ਲਈ ਖੇਚਲ ਨਾ ਕਰੋ। ਬਲਕਿ ਗੁਰੂ ਸ਼ਬਦ ਨਾਲ ਜੁੜ ਕੇ ਆਪਣੀ ਹਉਮੈ ਦਾ ਨਾਸ਼ ਕਰੋ।

ਗੁਰੂ ਪੰਥ ਦਾ ਦਾਸ
(ਰਣਜੀਤ ਸਿੰਘ)

ਸ. ਬਲਵੰਤ ਸਿੰਘ ਜੀ,
ਗੁਰੂ ਨਾਨਕ ਸਿੱਖ ਗੁਰਦੁਆਰਾ, ਡੈਲਟਾ ਸਰੀ, ਬੀ. ਸੀ. ਕੈਨੇਡਾ।

***

*9 ਫਰਵਰੀ 1997*

ਸਿੰਘ ਸਾਹਿਬ ਭਾਈ ਰਣਜੀਤ ਸਿੰਘ ਜੀ,
ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ, ਅੰਮ੍ਰਿਤਸਰ, ਪੰਜਾਬ।
ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਹਿ॥

ਆਪ ਜੀ ਵਲੋਂ ਭੇਜਿਆ ਲੰਗਰ ਸਬੰਧੀ ਸੰਦੇਸ਼ ਜੋ ਤੁਸੀਂ ਸਾਰੇ ਕੈਨੇਡਾ ਦੇ ਗੁਰਦੁਆਰਾ ਸਾਹਿਬ ਸਮੂਹ ਪ੍ਰਬੰਧਕਾ ਅਤੇ ਸਾਧ ਸੰਗਤ ਦੇ ਨਾਮ ਭੇਜਿਆ ਸੀ ਉਸ ਸੰਦੇਸ਼ ਨੂੰ ਬੀ. ਸੀ. ਦੇ ਪ੍ਰਕਾਸ਼ਤ ਹੁੰਦੇ ਪੰਜਾਬੀ ਅਖਬਾਰਾਂ ਰਾਹੀਂ ਸਾਨੂੰ ਵੀ ਪਰਾਪਤ ਕਰਨ ਦਾ ਸੁਭਾਗ ਮੌਕਾ ਪ੍ਰਾਪਤ ਹੋਇਆ ਹੈ। ਅਸੀਂ ਗੁਰੂ ਨਾਨਕ ਸਿੱਖ ਟੈਂਪਲ ਐਸੋਸੀਏਸ਼ਨ ਹੂਸਟਨ, ਬੀ. ਸੀ. ਦੇ ਪ੍ਰਬੰਧਕ ਅਤੇ ਸਮੂਹ ਸਾਧ ਸੰਗਤ ਧਾਰਮਕ ਤੌਰ 'ਤੇ ਲੰਗਰ ਸਬੰਧੀ ਗੁਰਮ੍ਯਾਦਾ ਲਈ ਭੇਜੇ ਇਸ ਸੰਦੇਸ਼ ਨੂੰ ਸਿਰ ਮੱਥੇ ਕਬੂਲ ਕਰਦੇ ਹਾਂ। ਇਥੇ ਕਨੇਡਾ ਦੇ ਗੁਰਦੁਵਾਰਿਆਂ 'ਚ ਸਿੱਖੀ ਦੇ ਵਿਪਰੀਤ ਚਲ ਰਹੀਆਂ ਰਵਾਇਤਾਂ ਵਿਚ ਇਹ ਇਕ ਬਹੁਤ ਵੱਡੀ ਭੁੱਲ ਜਾਣੇ-ਅਣਜਾਣੇ ਸਾਡੇ ਗੁਰਦੁਆਰਾ ਸਾਹਿਬ ਵਿਖੇ ਵੀ ਸੀ ਕਿ ਬੈਂਚਾ ਉੱਪਰ ਬੈਠ ਕੇ ਲੰਗਰ ਛੱਕਿਆ ਜਾਂਦਾ ਸੀ। ਜਿਸ ਭੁੱਲ ਨੂੰ ਅਸੀਂ ਆਪ ਜੀ ਦਾ ਸੰਦੇਸ਼ ਮਿਲਦੇ ਸਾਰ ਹੀ ਗੁਰੂ ਗ੍ਰੰਥ ਸਾਹਿਬ ਦੀ ਹਜੂਰੀ ਵਿਚ ਬਖਸ਼ਾ ਲਿਆ ਹੈ। ਅਸੀਂ ਸਮੂਹ ਸਾਧ ਸੰਗਤ ਜਨਵਰੀ 26, 1997 ਤੋਂ ਹੇਠਾਂ ਜਮੀਨ ਉੱਪਰ ਬੈਠ ਕੇ ਗੁਰਮਰਯਾਦਾ ਅਨੁਸਾਰ ਹੀ ਲੰਗਰ ਛਕਾਂਗੇ। ਅਸੀਂ ਵਾਹਿਗੁਰੂ ਜੀ ਦੀ ਹਜੂਰੀ ਵਿਖੇ ਅਰਦਾਸ ਕਰਦੇ ਹਾਂ ਕਿ ਸਾਡੇ ਕੋਲੋਂ ਭੂਤਕਾਲ ਵਿਚ ਹੋਈ ਇਸ ਗਲਤੀ ਨੂੰ ਮਾਫ ਕਰਨਗੇ। ਆਪ ਜੀ ਨੇ ਧਾਰਮਕ ਤੌਰ 'ਤੇ ਲੰਗਰ ਸਬੰਧੀ ਵਿਵਾਦ ਨੂੰ ਜਿਸ ਸੰਜੀਦਗੀ ਅਤੇ ਮਜਬੂਤੀ ਨਾਲ ਨਜਿੱਠਣ ਦਾ ਯਤਨ ਕੀਤਾ ਹੈ ਅਸੀਂ ਸਮੂਹ ਸਾਧ ਸੰਗਤ ਹੂਸਟਨ ਬੀ. ਸੀ. ਸ਼ਹਿਰ ਆਪ ਜੀ ਦੇ ਅਤਿ ਧੰਨਵਾਦੀ ਹਾਂ। ਅਸੀਂ ਆਸ਼ਾਵਾਦੀ ਹਾਂ ਕਿ ਭਵਿੱਖ ਵਿਚ ਵੀ ਤੁਸੀਂ ਇਸੇ ਤਰ੍ਹਾਂ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਰਯਾਦਾ ਨੂੰ ਕਨੇਡਾ ਦੇ ਗੁਰਦਵਾਰਿਆਂ ਵਿਚ ਲਾਗੂ ਕਰਵਾਉਣ ਲਈ ਧਾਰਮਕ ਸੇਧ ਦੇਵੋਗੇ ਜੀ।

ਆਪ ਜੀ ਦੇ ਸ਼ੁਭਚਿੰਤਕ
*ਪਰਮਜੀਤ ਸਿੰਘ (ਸਕੱਤਰ)* ਅਤੇ
ਪ੍ਰਬੰਧਕ ਕਮੇਟੀ ਗੁਰੂ ਨਾਨਕ ਸਿੱਖ ਟੈਂਪਲ, ਹੂਸਟਨ, ਬੀ. ਸੀ. ਕੇਨੈਡਾ ■

## ਜਥੇ: ਗੁਰਚਰਨ ਸਿੰਘ ਟੌਹੜਾ 'ਤੇ ਨਿਰੰਕਾਰੀ ਭਵਨ ਜਾਣ ਦਾ ਦੋਸ਼

1998 ਦੀਆਂ ਲੋਕ ਸਭਾ ਚੋਣਾਂ ਵਿਚ ਪੰਜਾਬ ਕਾਂਗਰਸ ਪ੍ਰਧਾਨ ਮਹਾਰਾਜਾ ਕੈਪਟਨ ਅਮਰਿੰਦਰ ਸਿੰਘ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਦਾ ਸੱਜਾ ਹੱਥ ਪ੍ਰੇਮ ਸਿੰਘ ਚੰਦੂਮਾਜਰਾ ਲੋਕ ਸਭਾ ਹਲਕਾ ਪਟਿਆਲਾ ਤੋਂ ਆਹਮੋ-ਸਾਹਮਣੇ ਉਮੀਦਵਾਰ ਸਨ। ਸ: ਗੁਰਚਰਨ ਸਿੰਘ ਟੌਹੜਾ ਵੀ ਜ਼ਿਲ੍ਹਾ ਪਟਿਆਲਾ ਦੇ ਹਨ ਇਸ ਲਈ ਜਿਸ ਤਰ੍ਹਾਂ ਦੋ ਸ਼ੇਰ ਇਕ ਜੰਗਲ ਵਿਚ ਨਹੀਂ ਰਹਿ ਸਕਦੇ ਬਸ ਕੁਝ ਇਸ ਤਰ੍ਹਾਂ ਦੀ ਹੀ ਖਿਚੋਤਾਣ ਇਨ੍ਹਾਂ ਦੋਹਾਂ ਲੀਡਰਾਂ ਦਰਮਿਆਨ ਚਲਦੀ ਰਹਿੰਦੀ ਹੈ। ਕੈਪਟਨ ਅਮਰਿੰਦਰ ਸਿੰਘ ਨੂੰ ਜਥੇਦਾਰ ਟੌਹੜਾ ਨਾਲ ਇਹ ਵੀ ਗੁੱਸਾ ਹੈ ਕਿ ਜਦੋਂ ਉਹ ਅਕਾਲੀ ਦਲ ਵਿਚ ਸਨ ਤਾਂ ਉਨ੍ਹਾਂ ਦੀ ਸਭ ਤੋਂ ਵੱਧ ਵਿਰੋਧਤਾ ਉਹ ਹੀ ਕਰਦੇ ਸਨ ਬਲਕਿ ਉਨ੍ਹਾਂ ਦੇ ਤੰਗ ਕੀਤੇ ਹੋਏ ਹੀ ਉਨ੍ਹਾਂ ਨੂੰ ਅਕਾਲੀ ਦਲ ਛੱਡ ਕੇ ਮਜਬੂਰਨ ਫਿਰ ਕਾਂਗਰਸ ਵਿਚ ਆਉਣਾ ਪਿਆ, ਜਿਸ ਨੂੰ ਉਹ 1984 ਦੇ ਸਾਕਾ ਨੀਲਾ ਤਾਰਾ ਵੇਲੇ ਰੋਸ ਵਜੋਂ ਛੱਡ ਚੁੱਕੇ ਸਨ। ਇਹ ਚੋਣਾਂ ਤਾਂ ਫਰਵਰੀ ਵਿਚ ਹੋਈਆਂ ਪਰ ਚੋਣਾਂ ਹੋਣ ਤੋਂ ਕਰੀਬ ਦੋ ਮਹੀਨਿਆਂ ਬਾਅਦ ਪਤਾ ਨਹੀਂ ਕੈਪਟਨ ਸਾਹਿਬ ਨੂੰ ਕੀ ਸੁੱਝਿਆ ਕਿ ਉਨ੍ਹਾਂ ਨੇ ਪ੍ਰੈਸ ਵਿਚ ਤੇ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਇਕ ਚਿੱਠੀ ਲਿਖ ਕੇ ਇਹ ਮਸਲਾ ਛੇੜ ਦਿੱਤਾ ਕਿ 15 ਫਰਵਰੀ 1998 ਨੂੰ ਲੋਕ ਸਭਾ ਚੋਣਾਂ ਦੌਰਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਅਕਾਲੀ ਉਮੀਦਵਾਰ ਸ: ਪ੍ਰੇਮ ਸਿੰਘ ਚੰਦੂਮਾਜਰਾ ਲਈ ਵੋਟਾਂ ਮੰਗਣ 'ਤੇ ਪਟਿਆਲਾ ਵਿਖੇ ਸਥਿਤ ਨਿਰੰਕਾਰੀ ਭਵਨ ਗਏ ਸਨ ਤੇ ਓਥੇ ਨਿਰੰਕਾਰੀਆਂ ਨੇ ਉਨ੍ਹਾਂ ਨੂੰ ਚਿੱਟੇ ਰੰਗ ਦਾ ਸਿਰੋਪਾ ਉਨ੍ਹਾਂ ਦੇ ਗਲ ਵਿਚ ਪਾ ਕੇ ਉਨ੍ਹਾਂ ਨੂੰ ਸਨਮਾਨਤ ਕੀਤਾ ਸੀ ਤੇ ਨਾਲੇ ਵੋਟਾਂ ਦੇਣ ਦਾ ਵੀ ਭਰੋਸਾ ਦਿੱਤਾ ਸੀ।

ਸ: ਅਮਰਿੰਦਰ ਸਿੰਘ ਨੇ ਜਿਹੜੀ ਪਹਿਲੀ ਚਿੱਠੀ ਸਿੰਘ ਸਾਹਿਬ ਭਾਈ ਰਣਜੀਤ ਸਿੰਘ, ਜਥੇਦਾਰ ਅਕਾਲ ਤਖ਼ਤ ਸਾਹਿਬ ਨੂੰ ਲਿਖੀ ਉਸ ਵਿਚ ਇਹ ਮੰਗ ਨਹੀਂ ਸੀ ਕੀਤੀ ਗਈ ਕਿ ਜਥੇਦਾਰ ਟੌਹੜੇ ਨੇ ਅਕਾਲ ਤਖ਼ਤ ਤੋਂ 1978 ਵਿਚ ਜਾਰੀ ਹੋਏ ਹੁਕਮਨਾਮੇ ਦੀ ਉਲੰਘਣਾ ਕੀਤੀ ਹੈ, ਇਸ ਲਈ ਇਸ ਨੂੰ ਯੋਗ ਸਜ਼ਾ ਦਿੱਤੀ ਜਾਵੇ ਸਗੋਂ ਸਿੰਘ ਸਾਹਿਬ ਨੂੰ ਇਸ ਚਿੱਠੀ ਵਿਚ ਬੇਨਤੀ ਕੀਤੀ ਗਈ ਸੀ ਕਿ ਹੁਣ ਜਦੋਂ ਜਥੇਦਾਰ ਟੌਹੜੇ ਨੇ ਹੁਕਮਨਾਮੇ ਦੇ ਉਲਟ ਨਿਰੰਕਾਰੀਆਂ ਨਾਲ ਰਾਜਸੀ ਸਬੰਧ ਬਣਾ ਹੀ ਲਏ ਹਨ ਤਾਂ ਉਸ ਹੁਕਮਨਾਮੇ ਨੂੰ ਵਾਪਸ ਲੈ ਕੇ ਉਨ੍ਹਾਂ ਨਾਲ ਸਮਾਜਕ ਸਬੰਧ ਵੀ ਬਹਾਲ ਕਰ ਲਏ ਜਾਣ ਤਾਂ ਕਿ ਪੰਜਾਬ ਤੇ ਪੰਜਾਬੋਂ ਬਾਹਰ ਚੰਗਾ ਤੇ ਸਦਭਾਵਨਾ ਵਾਲਾ ਮਾਹੌਲ ਸਥਾਪਤ ਹੋ ਸਕੇ। ਇਹ ਚਿੱਠੀ ਉਨ੍ਹਾਂ ਨੇ ਪ੍ਰੈਸ ਨੂੰ ਤਾਂ ਜਾਰੀ ਕੀਤੀ ਹੀ ਸਬੂਤ ਵਜੋਂ ਟੌਹੜਾ ਸਾਹਿਬ ਦੀ ਨਿਰੰਕਾਰੀ ਭਵਨ ਜਾਣ ਦੀ ਇਕ ਫੋਟੋ ਵੀ ਪ੍ਰੈਸ ਨੂੰ ਦਿੱਤੀ, ਜਿਸ ਦਾ ਜ਼ਿਕਰ ਅੱਗੇ ਆਵੇਗਾ ਤੇ ਚਿੱਠੀ ਦੇ ਹੇਠਾਂ

ਲਿਖਿਆ 'ਉਤਾਰਾ ਸਮੂਹ ਸਿੱਖ ਸੰਗਤ'। ਬਸ ਫਿਰ ਕੀ ਸੀ ਫੋਟੋ ਛਪਦਿਆਂ ਸਾਰ ਹੀ ਅਖਬਾਰਾਂ ਨੇ ਕਾਂਵਾਂ-ਰੌਲੀ ਚੁੱਕ ਲਈ।

ਪਾਠਕਾਂ ਨੂੰ ਇਸ ਮਸਲੇ ਸਬੰਧੀ ਪੂਰੀ ਤਰ੍ਹਾਂ ਜਾਣੂ ਕਰਵਾਉਣ ਲਈ ਹਰ ਉਹ ਦਸਤਾਵੇਜ, ਚਿੱਠੀਆਂ ਤੇ ਫੋਟੋਆਂ ਆਦਿ ਇਸ ਕਿਤਾਬ ਵਿਚ ਲਾਈਆਂ ਗਈਆਂ ਹਨ ਜੋ ਦੋਵੇਂ ਧਿਰਾਂ ਨੇ ਆਪ ਸੱਚੇ ਤੇ ਦੂਜੇ ਨੂੰ ਝੂਠਾ ਸਾਬਤ ਕਰਨ ਲਈ ਸਿੰਘ ਸਾਹਿਬਾਨ ਨੂੰ ਭੇਜੀਆਂ ਸਨ। ਜਿਵੇਂ ਪਹਿਲਾਂ ਹੀ ਉੱਪਰ ਦੱਸਿਆ ਗਿਆ ਹੈ ਕਿ ਕੈਪਟਨ ਅਮਰਿੰਦਰ ਸਿੰਘ ਦੀ ਤਾਂ ਜਥੇਦਾਰ ਗੁਰਚਰਨ ਸਿੰਘ ਟੌਹੜੇ ਨਾਲ ਪੁਰਾਣੀ ਖਹਿਬਾਜੀ ਹੈ ਪਰ ਕੁਝ ਹੋਰ ਲੋਕ ਵੀ ਸਨ, ਜਿਹੜੇ ਜਥੇਦਾਰ ਟੌਹੜੇ ਵਾਲੇ ਪਾਸੇ ਦੇ ਹੀ ਸਮਝੇ ਜਾਂਦੇ ਸਨ ਪਰ ਉਹ ਵੀ ਚਾਹੁੰਦੇ ਸਨ ਕਿ ਜਥੇਦਾਰ ਟੌਹੜੇ ਨੂੰ ਸਜਾ ਜਰੂਰ ਲੱਗੇ। ਇਹ ਸਾਰਾ ਕੇਸ ਪੜ੍ਹ ਕੇ ਪਾਠਕ ਆਪ ਹੀ ਸਮਝ ਜਾਣਗੇ ਪਰ ਕਿਤੇ-ਕਿਤੇ ਉਂਗਲੀ ਦਾ ਇਸ਼ਾਰਾ ਕਰਕੇ ਸਿਰਫ ਉਨ੍ਹਾਂ ਨੂੰ ਇਹ ਦੱਸਣ ਦੀ ਕੋਸ਼ਿਸ਼ ਜਰੂਰ ਕੀਤੀ ਗਈ ਹੈ ਕਿ ਏਧਰ ਵੀ ਧਿਆਨ ਮਾਰ ਲਓ ਕਿਤੇ ਬੇਧਿਆਨੀ ਵਿਚ ਹੀ ਕੋਈ ਨੁਕਤਾ ਪਾਠਕ ਦੀ ਨਜਰ ਤੋਂ ਬਚਿਆ ਨਾ ਰਹਿ ਜਾਵੇ। ਇਹ ਸ਼ਿਕਾਇਤ ਕਰਨ ਤੋਂ ਲੈ ਕੇ ਫੈਸਲਾ ਹੋ ਜਾਣ ਤੱਕ ਕੈਪਟਨ ਸਾਹਿਬ ਨੇ ਇਕ ਵੀ ਕਾਗਜ ਦਾ ਟੁਕੜਾ ਐਸਾ ਨਹੀਂ ਹੋਣਾ, ਜਿਹੜਾ ਸਿਰਫ ਸਿੰਘ ਸਾਹਿਬ ਨੂੰ ਹੀ ਦਿੱਤਾ ਹੋਵੇ ਤੇ ਪ੍ਰੈਸ ਨੂੰ ਨਾ ਭੇਜਿਆ ਹੋਵੇ। ਦੋਹਾਂ ਪਾਸਿਆਂ ਦੇ ਹਮਾਇਤੀਆਂ ਦੀਆਂ ਬਹੁਤ ਸਾਰੀਆਂ ਚਿੱਠੀਆਂ ਸਿੰਘ ਸਾਹਿਬ ਕੋਲ ਪਹੁੰਚੀਆਂ ਹਨ, ਜਿਨ੍ਹਾਂ ਨੂੰ ਸ਼ੁਰੂ ਕਰਨ ਤੋਂ ਪਹਿਲਾਂ 'ਸਤਿਕਾਰਯੋਗ ਸਿੰਘ ਸਾਹਿਬ, ਜਥੇਦਾਰ ਅਕਾਲ ਤਖ਼ਤ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਜਾਂ ਕ੍ਰਿਪਾਲੂ ਜੀ ਬੇਨਤੀ ਹੈ' ਆਦਿ ਸ਼ਬਦ ਸਨ ਪਰ ਏਨਾਂ ਸਾਰਾ ਕੁਝ ਲਿਖ ਦੇਣ ਨਾਲ ਕਿਤਾਬ ਦਾ ਅਕਾਰ ਬਹੁਤ ਵੱਡਾ ਹੋ ਜਾਂਦਾ ਤੇ ਨਾਲੇ ਪੜ੍ਹਨ ਦੀ ਰਫਤਾਰ ਵੀ ਸੁਸਤ ਹੋ ਜਾਣੀ ਸੀ ਇਸ ਲਈ ਗੱਲ ਸਿਰਫ ਸਿੱਧੀ ਚਿੱਠੀ ਤੋਂ ਹੀ ਸ਼ੁਰੂ ਕੀਤੀ ਗਈ ਹੈ। ਏਸੇ ਤਰ੍ਹਾਂ ਹੀ ਪੰਜ ਸਿੰਘ ਸਾਹਿਬਾਨ ਦੇ ਨਾਂਅ ਸਮੇਤ ਉਨ੍ਹਾਂ ਦੇ ਨਾਲ ਤਖ਼ਤਾਂ ਦੇ ਨਾਂਅ ਲਿਖਦਿਆਂ ਵੀ ਦਸ ਲਾਈਨਾਂ ਬਣ ਜਾਂਦੀਆਂ ਹਨ, ਇਸ ਲਈ ਉਪਰੋਕਤ ਮਜਬੂਰੀ ਕਰਕੇ ਸਿਰਫ 'ਦਸਤਖਤ ਜਥੇਦਾਰ ਉਨ੍ਹਾਂ ਦੇ ਨਾਂ ਹੀ ਲਿਖੇ ਹਨ। ਪਾਠਕਾਂ ਕੋਲੋਂ ਇਸ ਲਈ ਖਿਮਾਂ ਦੇ ਜਾਚਕ ਹਾਂ।

***

14 ਅਪ੍ਰੈਲ 1998 ਨੂੰ ਮਹਾਰਾਜਾ ਅਮਰਿੰਦਰ ਸਿੰਘ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਭਾਈ ਰਣਜੀਤ ਸਿੰਘ ਜੀ ਨੂੰ ਹੇਠ ਲਿਖਿਆ ਬੇਨਤੀ ਪੱਤਰ ਭੇਜਿਆ।

ੴ ਵਾਹਿਗੁਰੂ ਜੀ ਕੀ ਫਤਹਿ

ਪਾਵਨ ਸੇਵਾ ਵਿਖੇ *14 ਅਪ੍ਰੈਲ 1998*

ਸਿੰਘ ਸਾਹਿਬ ਸ੍ਰੀਮਾਨ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ,
ਪਰਮ ਕਿਰਪਾਲੂ ਜੀਉ,

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਹਿ॥

'ਮਹਾਂਪੁਰਖ ਸਾਖੀ ਬੋਲਦੇ ਸਾਂਝੀ ਸਰਬ ਜਹਾਨੇ' ਭਾਵ ਮਹਾਂਪੁਰਖਾਂ ਦੀ ਸਿੱਖਿਆ ਸਾਰੇ ਸਮਿਆਂ ਤੇ ਲੋਕਾਂ ਲਈ ਹੁੰਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਗੁਰੂ ਸਾਹਿਬਾਨ ਦੀ

ਬਾਣੀ ਤੋਂ ਇਲਾਵਾ ਬਾਰ੍ਹਵੀਂ ਸਦੀ ਤੋਂ ਲੈ ਕੇ ਸਤਾਰ੍ਹਵੀਂ ਸਦੀ ਤੱਕ ਦੇ ਬ੍ਰਹਮਗਿਆਨੀ ਮਹਾਂਪੁਰਖਾਂ, ਸੂਫੀ ਸੰਤਾਂ, ਹਿੰਦੂ ਭਗਤਾਂ ਤੇ ਹੋਰਨਾਂ ਭਗਤਜਨਾਂ ਦੀ ਬਾਣੀ ਦਰਜ ਹੈ। ਇਹ ਸਰਬਸਾਂਝੀ ਗੁਰਬਾਣੀ ਮਾਨਵ ਕਲਿਆਣੀ ਚਾਨਣ ਮੁਨਾਰਾ ਹੈ। ਕਾਸ਼ ਸਿੱਖ ਲੀਡਰਸ਼ਿਪ ਮਾਨਵ ਕਲਿਆਣੀ ਮਹਾਂਪੁਰਖਾਂ ਦੇ ਇਸ ਗਿਆਨ ਦੇ ਪ੍ਰਕਾਸ਼ ਨੂੰ ਸਾਰੇ ਜਗਤ ਵਿਚ ਫੈਲਾਉਂਦੀ ਤਾਂ ਜਗਤ ਦਾ ਨਕਸ਼ਾ ਕੁਝ ਹੋਰ ਹੁੰਦਾ ਤੇ ਮਨੁੱਖਤਾ ਦਾ ਮੁਕੱਦਰ ਕੁਝ ਹੋਰ ਹੁੰਦਾ। ਪਰ ਅਫਸੋਸ ਕਿ ਪਿਛਲੇ 25 ਸਾਲਾਂ ਤੋਂ ਬਾਦਲ, ਟੌਹੜਾ ਦੇ ਆਪਸੀ ਗੱਠਜੋੜ ਤੇ ਦੋਗਲੀ ਨੀਤੀ ਪੰਥ ਤੇ ਪੰਜਾਬ ਲਈ ਘਾਤਕ ਸਿੱਧ ਹੋਈ ਹੈ, ਜਿਵੇਂ ਕਿ;

28.9.1979 ਨੂੰ ਜਥੇਦਾਰ ਗੁਰਚਰਨ ਸਿੰਘ ਟੌਹੜਾ, ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਿੰਘ ਸਾਹਿਬ ਸ੍ਰੀਮਾਨ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਸ੍ਰੀ ਅੰਮ੍ਰਿਤਸਰ ਦੀ ਪਾਵਨ ਸੇਵਾ ਵਿਖੇ 14 ਪੰਨਿਆਂ 'ਤੇ ਅਧਾਰਤ ਇਕ ਬੇਨਤੀ ਪੱਤਰ ਪੇਸ਼ ਕੀਤਾ ਸੀ, ਜਿਸ ਵਿਚ ਉਨ੍ਹਾਂ ਨੇ ਜਨਸੰਘ ਤੇ ਆਰ.ਐਸ.ਐਸ. ਭਾਵ ਭਾਰਤੀ ਜਨਤਾ ਪਾਰਟੀ ਨੂੰ ਪੰਥ ਦੁਸ਼ਮਣ ਜਮਾਤ ਗਰਦਾਨਿਆ ਤੇ ਸ੍ਰੀ ਬਾਦਲ 'ਤੇ ਕੁਨਬਾਪਰਵਰ, ਪਰਿਵਾਰਕ ਰਾਜ ਦਾ ਧਾਰਨੀ, ਖਾਲਸਾ ਪੰਥ ਨੂੰ ਫਿਰਕੂ ਹਿੰਦੂਆਂ ਦੇ ਗੁਲਾਮ ਬਣਾਉਣ ਲਈ ਪੱਕੇ ਬਾਨਣੂੰ ਬੰਨ੍ਹਣ ਵਾਲਾ, ਵਰਕਰਾਂ, ਧਾਰਮਕ ਤੇ ਰਾਜਸੀ ਪ੍ਰਤੀਨਿਧਾਂ ਦੇ ਇਮਾਨ ਨੂੰ ਕੁਰਪੱਟ ਕਰਨ ਵਾਲਾ, ਮਾਰੂ ਗੁੱਟਬੰਦੀ ਦੇ ਕੋਝੇ ਤੇ ਘਿਨਾਉਣੇ ਯਤਨਾਂ ਵਿਚ ਇਮਾਨ ਰੱਖਣ ਵਾਲਾ, ਪੰਥਕ ਉਮੀਦਵਾਰਾਂ ਨੂੰ ਹਰਾਉਣ ਵਾਲਾ, ਹਰ ਪੱਧਰ ਦੀ ਕੁਰਪੱਸ਼ਨ ਕਰਨ ਵਾਲਾ ਤੇ ਕਾਲੇ ਧਨ ਦਾ ਭੰਡਾਰੀ ਹੋਣ ਦੇ ਗੰਭੀਰ ਦੋਸ਼ ਲਾਏ ਸਨ। ਅੱਜ ਉਹ ਹੀ ਜਥੇਦਾਰ ਟੌਹੜਾ ਆਪਣੀ ਪ੍ਰਧਾਨਗੀ ਨੂੰ ਬਚਾਉਣ ਲਈ ਸ: ਬਾਦਲ ਨੂੰ ਇਮਾਨਦਾਰ ਦਿਆਨਤਦਾਰ ਤੇ ਪੰਥ-ਹਿਤੈਸ਼ੀ ਕਹਿ ਰਹੇ ਹਨ ਤੇ ਰਾਜਸੀ ਹਵਸ ਦੀ ਪੂਰਤੀ ਲਈ "ਪੰਥ ਦੁਸ਼ਮਣ ਜਮਾਤਾਂ" ਭਾਰਤੀ ਜਨਤਾ ਪਾਰਟੀ ਦੇ ਪੰਜਾਬ ਤੇ ਕੇਂਦਰ ਵਿਚ ਭਾਈਵਾਲ ਬਣੇ ਬੈਠੇ ਹਨ (ਜਥੇਦਾਰ ਟੌਹੜਾ ਦੇ ਬੇਨਤੀ ਪੱਤਰ ਦੀ ਕਾਪੀ ਨਾਲ ਨੱਥੀ ਹੈ) ਅੰਤਿਕਾ-1।

ਸਿੱਖ ਇਤਿਹਾਸ ਵਿਚ ਦੋ ਹੀ ਮੰਦਭਾਗੀਆਂ ਘਟਨਾਵਾਂ ਵਾਪਰੀਆਂ ਹਨ। ਪਹਿਲੀ ਜਦੋਂ ਧੀਰਮੱਲੀਆਂ ਨੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ 'ਤੇ ਮਾਰੂ ਹਮਲਾ ਕੀਤਾ। ਦੂਜਾ ਪੰਥ ਦੀ ਬਣਾਈ ਸਰਕਾਰ ਬਰਨਾਲਾ ਜੁੰਡਲੀ ਨੇ ਗੁਰੂ ਘਰ 'ਤੇ ਪੁਲਿਸ ਧਾਵਾ ਬੋਲਿਆ। ਉਸ ਸਮੇਂ ਸ: ਬਾਦਲ ਤੇ ਜਥੇਦਾਰ ਟੌਹੜਾ ਨੇ ਸਿੱਖ ਸੰਗਤਾਂ ਨੂੰ ਵੰਗਾਰ ਦਿੱਤੀ ਕਿ ਜਿਸ ਤਰ੍ਹਾਂ ਸਿੱਖ ਸੰਗਤਾਂ ਨੇ ਗੁਰੂ ਸਾਹਿਬ 'ਤੇ ਕੀਤੇ ਮਾਰੂ ਹਮਲੇ ਦੇ ਦੋਸ਼ ਲਈ ਧੀਰਮੱਲੀਆਂ ਨੂੰ ਸਦਾ ਲਈ ਦੁਰਕਾਰ ਦਿੱਤਾ ਸੀ, ਉਸੇ ਤਰ੍ਹਾਂ ਹੀ ਸਿੱਖ ਜਗਤ ਗੁਰੂ ਘਰ 'ਤੇ ਪੁਲਿਸ ਧਾਵਾ ਕਰਨ ਦੇ ਬੱਜਰ ਪਾਪ ਲਈ ਬਰਨਾਲਾ ਜੁੰਡਲੀ ਨੂੰ ਸਦਾ ਲਈ ਫਟਕਾਰ ਦੇਵੇ ਪਰ ਉਸੇ ਸ: ਬਾਦਲ ਤੇ ਜਥੇਦਾਰ ਟੌਹੜਾ ਨੇ ਗੁਰੂ ਘਰ 'ਤੇ ਧਾਵਾ ਕਰਨ ਵਾਲੀ ਬਰਨਾਲਾ ਜੁੰਡਲੀ ਨੂੰ ਰਾਜਸੀ ਪਦਵੀਆਂ ਤੇ ਵਜੀਰੀਆਂ ਦੇ ਕੇ ਸਨਮਾਨਿਆ।

ਪੰਜਾਬ ਦੇ ਦਰਿਆਵਾਂ ਦੇ ਪਾਣੀ, ਪੰਜਾਬੀ ਬੋਲਦੇ ਇਲਾਕੇ, ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਦੀ ਪ੍ਰਾਪਤੀ ਤੇ ਪੰਜਾਬ ਨੂੰ ਸਮਾਨਤਾ ਤੇ ਸੁਤੰਤਰਤਾ ਦਾ ਭਾਈਵਾਲ ਬਣਾਉਣ ਲਈ ਧਰਮਯੁੱਧ ਮੋਰਚਾ ਲਾ ਕੇ, ਖਾਲਿਸਤਾਨ ਦੇ ਮਤੇ ਪਾਸ ਕਰਕੇ, ਭਾਰਤੀ ਵਿਧਾਨ ਨੂੰ ਸਾੜ ਕੇ, ਸਿੱਖ ਜੁਆਨੀ ਨੂੰ ਭੜਕਾਇਆ। ਇਹ ਆਮ ਕਹਾਵਤ ਹੈ ਕਿ ਜਵਾਨੀ ਨੂੰ

ਵਿਚਾਰ ਚੁਕਾ ਦਿਓ, ਉਹ ਆਪੇ ਹਥਿਆਰ ਚੁੱਕ ਲੈਣਗੇ। ਬਾਦਲ-ਟੌਹੜਾ ਦੇ ਭੜਕਾਊ ਵਿਚਾਰਾਂ ਨੇ ਸਿੱਖ ਜੁਆਨੀ ਨੂੰ ਹਥਿਆਰ ਚੁੱਕਣ ਲਈ ਮਜਬੂਰ ਕਰ ਦਿੱਤਾ। ਜਿਸ ਕਾਰਨ ਪੰਥ ਤੇ ਪੰਜਾਬ ਲਹੂ-ਲੂਹਾਨ ਹੋਇਆ। ਅੱਜ ਪੰਜਾਬ ਤੇ ਕੇਂਦਰ ਵਿਚ ਅਕਾਲੀ-ਭਾਜਪਾ ਸਾਂਝੀਆਂ ਸਰਕਾਰਾਂ ਚੱਲ ਰਹੀਆਂ ਹਨ। ਹਰ ਪ੍ਰਦੇਸ਼ਕ ਪਾਰਟੀ ਆਪਣੇ ਪ੍ਰਦੇਸ਼ ਦੀਆਂ ਮੰਗਾਂ ਪੂਰੀਆਂ ਕਰਾਉਣ ਲਈ ਵਚਨਬੱਧ ਹੈ ਤੇ ਤਤਪਰ ਹੈ। ਕੇਵਲ ਅਕਾਲੀ ਦਲ ਹੀ ਇਕ ਅਜਿਹੀ ਪਾਰਟੀ ਹੈ ਜਿਸ ਦੇ ਲੀਡਰ ਸ: ਬਾਦਲ ਤੇ ਜਥੇਦਾਰ ਟੌਹੜਾ ਪੰਜਾਬ ਦੀਆਂ ਮੰਗਾਂ ਨੂੰ ਅੱਖੋਂ ਪਰੋਖੇ ਕਰਕੇ ਸਿਰਫ ਤੇ ਸਿਰਫ ਵਜ਼ੀਰੀਆਂ ਪ੍ਰਾਪਤ ਕਰਨ ਲਈ ਹੀ ਤੱਤਪਰ ਹਨ।

ਸ: ਬਾਦਲ ਤੇ ਜਥੇਦਾਰ ਟੌਹੜਾ ਨੇ ਪੁਲਿਸ ਅਤਿਆਚਾਰ ਤੇ ਭ੍ਰਿਸ਼ਟਾਚਾਰ ਦੇ ਮੁੱਦਿਆਂ ਨੂੰ ਉਠਾ ਕੇ "ਕਾਂਗਰਸ ਹਰਾਓ, ਪੰਜਾਬ ਬਚਾਓ" ਦੇ ਨਾਅਰੇ 'ਤੇ 1996, 1997 ਤੇ 1998 ਦੀਆਂ ਚੋਣਾਂ ਜਿੱਤੀਆਂ। ਅੱਜ ਇਨ੍ਹਾਂ ਦੇ ਹੀ ਰਾਜ ਭਾਗ ਵਿਚ ਪੰਜਾਬ ਵਿਚ ਹਰ ਰੋਜ਼ ਬਲਾਤਕਾਰ ਹੋ ਰਹੇ ਹਨ, ਧੀਆਂ ਭੈਣਾਂ ਗੁੰਮ ਹੋ ਰਹੀਆਂ ਹਨ, ਪੁਲਿਸ ਥਾਣਿਆਂ ਵਿਚ ਬੀਬੀਆਂ ਨੂੰ ਬੇਪਰਦ ਕੀਤਾ ਜਾ ਰਿਹਾ ਹੈ, ਪੁਲਿਸ ਤਸ਼ੱਦਦ ਜ਼ੋਰਾਂ 'ਤੇ ਹੈ ਤੇ ਭ੍ਰਿਸ਼ਟਾਚਾਰ ਸਿਖਰਾਂ ਨੂੰ ਛੋਹ ਰਿਹਾ ਹੈ। ਅੱਜ ਪੰਜਾਬ ਵਿਚ ਲੋਕਾਂ ਦੀ ਜਾਨ, ਮਾਲ ਤੇ ਇੱਜ਼ਤ ਸੁਰੱਖਿਅਤ ਨਹੀਂ। ਕਿਸਾਨਾਂ ਦੇ ਮਸੀਹਾ ਅਖਵਾਉਣ ਵਾਲੇ ਲੀਡਰਾਂ ਦੇ ਰਾਜ ਵਿਚ ਕਿਸਾਨ ਦੀ ਫਸਲ ਨੂੰ ਲੁੱਟਿਆ ਜਾ ਰਿਹਾ ਹੈ। ਜੁਆਨੀ ਬੇਰੁਜ਼ਗਾਰੀ ਦਾ ਸ਼ਿਕਾਰ ਹੈ ਜਦੋਂ ਕਿ ਬੁਢਾਪਾ ਪੈਨਸ਼ਨ ਨੂੰ ਤਰਸ ਰਿਹਾ ਹੈ। ਲੋਕਰਾਜ ਦੀ ਥਾਂ ਪਰਿਵਾਰਕ ਰਾਜ ਸਥਾਪਤ ਕਰਨ ਲਈ ਰਸਤਾ ਸਾਫ ਕੀਤਾ ਜਾ ਰਿਹਾ ਹੈ।

ਪਰਮ ਸਤਿਕਾਰਯੋਗ ਸਿੰਘ ਸਾਹਿਬ ਸ੍ਰੀਮਾਨ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਜੀਓ, ਆਪ ਭਲੀਭਾਂਤ ਜਾਣੂ ਹੋ ਕਿ 13 ਅਪ੍ਰੈਲ 1978 ਨੂੰ ਵਿਸਾਖੀ ਵਾਲੇ ਦਿਹਾੜੇ ਘਟੀ ਮੰਦਭਾਗੀ ਘਟਨਾ ਕਾਰਨ 10 ਜੂਨ 1978 ਨੂੰ ਸ੍ਰੀਮਾਨ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਨਿਰੰਕਾਰੀਆਂ ਦਾ ਸਮਾਜਕ ਬਾਈਕਾਟ ਕਰਨ ਦਾ ਹੁਕਮਨਾਮਾ ਜਾਰੀ ਕੀਤਾ ਗਿਆ ਸੀ। 1998 ਦੀਆਂ ਲੋਕ ਸਭਾ ਚੋਣਾਂ ਸਮੇਂ ਜਥੇਦਾਰ ਗੁਰਚਰਨ ਸਿੰਘ ਟੌਹੜਾ, ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਨਿਰੰਕਾਰੀ ਭਵਨ ਜਾ ਕੇ, ਸਤਿਸੰਗ ਵਿਚ ਹਾਜ਼ਰ ਹੋ ਕੇ, ਸਿਰੋਪਾਓ ਪ੍ਰਵਾਨ ਕਰਕੇ ਤੇ ਵੋਟਾਂ ਦੀ ਮੰਗ ਕਰਕੇ ਸਿੱਖਾਂ ਤੇ ਨਿਰੰਕਾਰੀਆਂ ਦੇ ਰਾਜਸੀ ਸਬੰਧ ਬਹਾਲ ਕਰ ਚੁੱਕੇ ਹਨ। ਹੁਣ ਕੇਵਲ ਉਨ੍ਹਾਂ ਨਾਲ ਸਮਾਜਕ ਸਬੰਧ ਬਹਾਲ ਕਰਨੇ ਬਾਕੀ ਹਨ।

ਮੀਰੀ ਪੀਰੀ ਦੇ ਮਾਲਕ ਸੱਚੇ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸਾਡੇ ਪਰਿਵਾਰ ਨੂੰ ਪਾਤਸ਼ਾਹੀਆਂ ਦਾ ਵਰਦਾਨ ਦਿੱਤਾ। ਸਰਬੰਸਦਾਨੀ ਕਲਗੀਧਰ ਦਸਮੇਸ਼ ਪਿਤਾ ਜੀ ਨੇ ਹੁਕਮਨਾਮੇ ਰਾਹੀਂ "ਤੇਰਾ ਘਰ ਮੇਰਾ ਘਰ" ਕਹਿ ਕੇ ਸਾਡੇ ਘਰ ਨੂੰ ਸਨਮਾਨ ਬਖਸ਼ਿਆ। ਗੁਰੂ ਮਹਾਰਾਜ ਜੀ ਦੀ ਅਪਾਰ ਕਿਰਪਾ ਸਦਕਾ ਸਾਡਾ ਪਰਿਵਾਰ ਸਦਾ ਗੁਰੂ ਘਰ ਨਾਲ ਜੁੜਿਆ ਰਿਹਾ ਹੈ। 1984 ਅਤੇ 1986 ਸਮੇਂ ਹੋਏ ਗੁਰੂ ਘਰ 'ਤੇ ਧਾਵੇ ਵਿਰੁੱਧ ਰਾਜਸੀ ਪਦਵੀ ਅਤੇ ਵਜ਼ੀਰੀ ਤਿਆਗਣ ਦਾ ਮੇਰੇ ਜਹੇ ਨਿਮਾਣੇ ਸਿੱਖ ਨੂੰ ਗੁਰੂ ਸਾਹਿਬ ਨੇ ਬਲ ਬਖਸ਼ਿਆ। ਗੁਰੂ ਸਾਹਿਬਾਨ ਦੇ ਮਹਾਨ ਆਦਰਸ਼ਾਂ ਅਨੁਸਾਰ ਜਗਤ ਪਿਤਾ ਦਾ ਜਗਤ ਪਰਿਵਾਰ ਹੈ। ਜਗਤ ਪਰਿਵਾਰ ਦੀ ਸਦਭਾਵਨਾ ਲਈ ਪਰਮ ਕ੍ਰਿਪਾਲੂ ਜੀਓ, ਮੈਂ

ਆਪ ਜੀ ਦੀ ਸੇਵਾ ਵਿਚ ਨਿਮਰਤਾ ਸਹਿਤ ਬੇਨਤੀ ਕਰ ਰਿਹਾ ਹਾਂ ਕਿ 10 ਜੂਨ 1978 ਦੇ ਜਾਰੀ ਕੀਤੇ ਹੁਕਮਨਾਮੇ ਨੂੰ ਵਾਪਸ ਲੈਣ ਲਈ ਵਿਚਾਰ ਕਰਨ ਦੀ ਕ੍ਰਿਪਾਲਤਾ ਕੀਤੀ ਜਾਵੇ ਤਾਂ ਜੋ ਸਿੱਖਾਂ ਤੇ ਨਿਰੰਕਾਰੀਆਂ ਦੇ ਬਹਾਲ ਹੋਏ ਰਾਜਸੀ ਸਬੰਧਾਂ ਦੇ ਨਾਲ-ਨਾਲ ਸਮਾਜਕ ਸਬੰਧ ਵੀ ਬਹਾਲ ਹੋ ਸਕਣ ਤਾਂ ਕਿ ਪੰਜਾਬ ਵਿਚ ਤੇ ਪੰਜਾਬ ਤੋਂ ਬਾਹਰ ਸਹਿਣਸ਼ੀਲਤਾ, ਸਦਭਾਵਨਾ ਤੇ ਆਪਸੀ ਭਾਈਚਾਰੇ ਦਾ ਮਾਹੌਲ ਸਥਾਪਤ ਹੋ ਸਕੇ।

'ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਦਾ ਭਲਾ।'

ਸਰਬੱਤ ਦੇ ਭਲੇ ਦਾ ਚਾਹਵਾਨ
ਅਮਰਿੰਦਰ ਸਿੰਘ (ਮਹਾਰਾਜਾ ਪਟਿਆਲਾ)

ਉਤਾਰਾ-ਸਮੂਹ ਸਿੱਖ ਸੰਗਤ।

***

*17 ਅਪ੍ਰੈਲ 1998*

## ਜਥੇਦਾਰ ਟੌਹੜਾ ਦੀ ਸਿੰਘ ਸਾਹਿਬ ਦੇ ਨਾਂ ਚਿੱਠੀ

ਪਰਮ ਸਤਿਕਾਰਯੋਗ ਸਿੰਘ ਸਾਹਿਬ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ!
ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫ਼ਤਿਹ॥

ਆਪ ਜੀ ਨੇ ਮਹਾਰਾਜਾ ਪਟਿਆਲਾ ਅਤੇ ਰਜਿੰਦਰ ਕੌਰ ਭੱਠਲ ਪ੍ਰਧਾਨ ਪੰਜਾਬ ਕਾਂਗਰਸ ਵਲੋਂ ਲਾਏ ਇਲਜਾਮ ਦਾ ਇਸ਼ਤਹਾਰ ਪੜ੍ਹਿਆ ਹੀ ਹੋਵੇਗਾ ਉਸ ਸਬੰਧ ਵਿਚ ਮੇਰੀ ਬੇਨਤੀ ਹੈ ਕਿ ਆਪ ਜੀ ਅਤੇ ਬਾਕੀ ਸਿੰਘ ਸਾਹਿਬਾਨ ਸਾਹਮਣੇ ਆਪਣੇ ਸੱਚ ਨੂੰ ਰੱਖਣ ਦੀ ਆਗਿਆ ਚਾਹੁੰਦਾ ਹਾਂ। ਮੈਨੂੰ ਪਤਾ ਲੱਗਾ ਹੈ ਕਿ ਆਪ ਪੰਜੇ ਸਿੰਘ ਸਾਹਿਬਾਨ 20 ਅਪ੍ਰੈਲ ਨੂੰ ਸ੍ਰੀ ਅੰਮ੍ਰਿਤਸਰ ਸਾਹਿਬ ਪੰਥਕ ਵਿਚਾਰਾਂ ਵਾਸਤੇ ਮਿਲ ਰਹੇ ਹੋ।

ਸੋ ਮੇਰੀ ਸਨਿਮ੍ਰ ਬਿਨੈ ਹੈ ਕਿ ਉਸ ਦਿਨ ਕੁਝ ਸਮਾਂ ਬਖਸ਼ਣ ਦੀ ਕ੍ਰਿਪਾ ਕਰੋ ਤਾਂ ਕਿ ਮੈਂ ਆਪਣੇ ਵਲੋਂ ਆਪਣਾ ਪੱਖ ਆਪ ਜੀ ਨੂੰ ਪੇਸ਼ ਕਰ ਸਕਾਂ।

ਸਤਿਕਾਰ ਸਹਿਤ — ਗੁਰੂ ਪੰਥ ਦਾ ਦਾਸ
ਸਤਿਕਾਰ ਯੋਗ — ਗੁਰਚਰਨ ਸਿੰਘ ਟੌਹੜਾ
ਸਿੰਘ ਸਾਹਿਬ ਭਾਈ ਰਣਜੀਤ ਸਿੰਘ ਜੀ
ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ
ਸ੍ਰੀ ਅੰਮ੍ਰਿਤਸਰ।

***

ਸਿੰਘ ਸਾਹਿਬ ਨੇ ਕੈਪਟਨ ਅਮਰਿੰਦਰ ਸਿੰਘ ਨੂੰ ਹੋਰ ਲੋੜੀਂਦੀ ਜਾਣਕਾਰੀ ਦੀ ਮੰਗ ਕਰਦਾ ਹੇਠ ਲਿਖਿਆ ਪੱਤਰ ਭੇਜਿਆ;

*21 ਅਪ੍ਰੈਲ 1998*

ਕੈਪਟਨ ਅਮਰਿੰਦਰ ਸਿੰਘ ਜੀ,
ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਹਿ॥

ਤੁਹਾਡੀ ਚਿੱਠੀ 'ਤੇ 20 ਅਪ੍ਰੈਲ 1998 ਨੂੰ ਪੰਜ ਸਿੰਘ ਸਾਹਿਬਾਨ ਵਲੋਂ ਪਾਵਨ

ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਵਿਚਾਰ ਹੋਈ। ਚਿੱਠੀ ਵਿਚ ਸਬੂਤਾਂ ਦੀ ਘਾਟ ਮਹਿਸੂਸ ਕੀਤੀ ਗਈ। ਇਸ ਲਈ ਮਿਤੀ 9 ਮਈ 1998 ਤੋਂ ਪਹਿਲਾਂ-ਪਹਿਲਾਂ ਖਾਸ ਕਰਕੇ ਟੌਹੜਾ ਸਾਹਿਬ ਦੇ ਸਿਰੋਪਾਓ ਬਾਰੇ, ਭਾਸ਼ਨ ਬਾਰੇ ਜਾਂ ਉਨ੍ਹਾਂ ਨੇ ਉਥੋਂ ਕੁਝ ਛਕਿਆ ਹੋਵੇ ਤਾਂ ਇਸ ਦੀ ਪੂਰੀ ਜਾਣਕਾਰੀ ਤੇ ਸਬੂਤ ਭੇਜਣ ਦੀ ਖੇਚਲ ਕਰਨੀ।

ਧੰਨਵਾਦ ਸਹਿਤ,

ਗੁਰੂ ਪੰਥ ਦਾ ਦਾਸ,

*ਰਣਜੀਤ ਸਿੰਘ*

ਜਥੇਦਾਰ,ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ।

ਕੈਪਟਨ ਅਮਰਿੰਦਰ ਸਿੰਘ,
ਨਿਊ ਮੋਤੀ ਬਾਗ ਪੈਲੇਸ, ਪਟਿਆਲਾ।

***

ਸਿੰਘ ਸਾਹਿਬ ਦੇ ਪੱਤਰ ਦੇ ਜੁਆਬ ਵਿਚ ਕੈਪਟਨ ਅਮਰਿੰਦਰ ਸਿੰਘ ਨੇ ਹੇਠ ਲਿਖੀ ਚਿੱਠੀ ਭੇਜੀ

ੴ ਵਾਹਿਗੁਰੂ ਜੀ ਕੀ ਫਤਹਿ

ਪਾਵਨ ਸੇਵਾ ਵਿਖੇ,
ਸਿੰਘ ਸਾਹਿਬ ਸ੍ਰੀਮਾਨ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ,
ਪਰਮ ਕਿਰਪਾਲੂ ਜੀਓ,
ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

ਮੈਂ ਆਪ ਜੀ ਦੀ ਸੇਵਾ ਵਿਖੇ 14 ਅਪ੍ਰੈਲ 1998 ਨੂੰ ਇਕ ਬੇਨਤੀ ਪੱਤਰ ਭੇਜਿਆ ਸੀ ਜਿਸ ਵਿਚ ਸ: ਗੁਰਚਰਨ ਸਿੰਘ ਟੌਹੜਾ 'ਤੇ ਪੰਜ ਗੰਭੀਰ ਦੋਸ਼ ਲਾਏ ਗਏ ਸਨ। ਆਪ ਜੀ ਵੱਲੋਂ ਭੇਜੇ ਆਦੇਸ਼ ਪੱਤਰ ਅਨੁਸਾਰ ਖਾਸ ਤੌਰ 'ਤੇ ਜਥੇਦਾਰ ਟੌਹੜਾ 'ਤੇ ਲਗਾਏ ਪੰਜਵੇਂ ਦੋਸ਼ ਬਾਰੇ ਜਾਣਕਾਰੀ ਦੇ ਸਬੂਤ ਦੇਣ ਲਈ ਕਿਹਾ ਗਿਆ ਹੈ।

ਪਰਮ ਕਿਰਪਾਲੂ ਜੀ, ਇਸ ਸਬੰਧੀ ਜਥੇਦਾਰ ਟੌਹੜਾ ਦੇ ਪਿਛਲੇ ਕਿਰਦਾਰ 'ਤੇ ਸਰਸਰੀ ਝਾਤੀ ਮਾਰਨੀ ਅਤੀ ਜ਼ਰੂਰੀ ਹੈ। ਜਥੇਦਾਰ ਗੁਰਚਰਨ ਸਿੰਘ ਟੌਹੜਾ, ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ 22 ਸਾਲਾ ਇਤਿਹਾਸ ਇਹ ਪ੍ਰਤੱਖ ਦਸ ਰਿਹਾ ਹੈ ਕਿ ਉਨ੍ਹਾਂ ਨੇ ਆਪਣੇ ਸਵਾਰਥਾਂ ਦੀ ਪੂਰਤੀ ਲਈ ਅਨੇਕਾਂ ਵਾਰ ਆਪਣੀ ਪਦਵੀ ਦੀ ਦੁਰਵਰਤੋਂ ਕੀਤੀ ਹੈ, ਪਾਵਨ ਅਸਥਾਨ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਕਈ ਵਾਰ ਝੂਠ ਬੋਲਿਆ ਹੈ, ਖਾਧੀਆ ਕਸਮਾਂ ਨੂੰ ਤੋੜਿਆ ਹੈ ਅਤੇ ਪੰਥਕ ਪ੍ਰੰਪਰਾਵਾਂ ਤੇ ਰਵਾਇਤਾਂ ਦਾ ਖੂਨ ਕੀਤਾ ਹੈ। ਇਸ ਲਈ ਮੈਂ ਆਪ ਜੀ ਦੀ ਸੇਵਾ ਵਿਚ ਚਾਰ ਪੱਖੀ ਬੇਨਤੀ ਪੱਤਰ ਪੇਸ਼ ਕਰ ਰਿਹਾ ਹਾਂ;

1. ਜਥੇਦਾਰ ਟੌਹੜਾ ਦੇ ਨਾਂਹ-ਪੱਖੀ ਕਿਰਦਾਰ ਦੀ ਮੂੰਹ ਬੋਲਦੀ ਤਸਵੀਰ।
2. ਜਥੇਦਾਰ ਟੌਹੜਾ ਦੀ ਨਿਰੰਕਾਰੀ ਭਵਨ ਵਿਚ ਹਾਜ਼ਰੀ ਲਵਾਉਣ ਅਤੇ ਸਿਰੋਪਾਓ ਲੈਣ ਬਾਰੇ ਜਾਣਕਾਰੀ।
3. ਜਥੇਦਾਰ ਟੌਹੜਾ ਦਾ ਨਿਰੰਕਾਰੀ ਭਵਨ ਜਾ ਕੇ, ਸਿਰੋਪਾਓ ਲੈ ਕੇ, ਵੋਟਾਂ

ਮੰਗਣ ਬਾਰੇ ਇਕਬਾਲੇ ਜ਼ੁਰਮ।

4. ਸੱਚ ਝੂਠ ਦੇ ਨਿਤਾਰੇ ਲਈ ਜਾਂਚ ਕਮਿਸ਼ਨ ਦੀ ਮੰਗ।

ਸਿੱਖ ਇਤਿਹਾਸ ਇਹ ਸਾਖੀ ਭਰ ਰਿਹਾ ਹੈ ਕਿ ਗੁਰੂ ਘਰ ਦੀ ਸੇਵਾ ਸੰਭਾਲ ਕਰਨ ਵਾਲੇ ਸੰਦਾ ਗੁਰੂ ਘਰ ਦੀ ਰਾਖੀ ਤੇ ਸਨਮਾਨ ਲਈ ਜਾਨਾਂ ਵਾਰਦੇ ਰਹੇ ਹਨ। ਪਰ ਜਥੇਦਾਰ ਗੁਰਚਰਨ ਸਿੰਘ ਟੌਹੜਾ, ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਜਿਸ ਦਾ ਗੁਰੂ ਘਰ ਦੀ ਰੱਖਿਆ ਕਰਨਾ ਪਰਮ ਧਰਮ ਸੀ, ਜੋ 1984 ਵਿਚ ਦਮਗਜੇ ਮਾਰਦਾ ਸੀ ਕਿ ਟੈਂਕ ਮੇਰੀ ਛਾਤੀ ਤੋਂ ਲੰਘ ਕੇ ਗੁਰੂ ਘਰ ਵਿਚ ਪ੍ਰਵੇਸ਼ ਕਰਨਗੇ, ਉਸ ਦੀਆਂ ਅੱਖਾਂ ਸਾਹਮਣੇ ਸ੍ਰੀ ਅਕਾਲ ਤਖ਼ਤ ਸਾਹਿਬ ਢਹਿ-ਢੇਰੀ ਹੋਇਆ ਤੇ ਉਹ ਹੱਥ ਖੜ੍ਹੇ ਕਰਕੇ, ਬਖਤਰਬੰਦ ਗੱਡੀ ਵਿਚ ਬੈਠ ਕੇ ਸੁਰੱਖਿਅਤ ਥਾਂ 'ਤੇ ਚਲਾ ਗਿਆ।

ਸਿੱਖ ਇਤਿਹਾਸ ਦੀਆਂ ਦੋ ਬੇਹੱਦ ਦੁਖਦਾਈ ਘਟਨਾਵਾਂ ਦਾ ਜ਼ਿਕਰ ਕਰਾਂਗਾ। ਪਹਿਲੀ ਜਦੋਂ ਧੀਰਮੱਲੀਆਂ ਨੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ 'ਤੇ ਮਾਰੂ ਹਮਲਾ ਕੀਤਾ। ਦੂਸਰਾ ਪੰਥ ਦੀ ਬਣਾਈ ਬਰਨਾਲਾ ਸਰਕਾਰ ਨੇ ਗੁਰੂ ਘਰ 'ਤੇ ਪੁਲਿਸ ਧਾਵਾ ਬੋਲਿਆ। ਕਾਸ਼! ਜਿਸ ਤਰ੍ਹਾਂ ਸਿੱਖ ਕੌਮ ਨੇ ਗੁਰੂ ਜੀ 'ਤੇ ਮਾਰੂ ਹਮਲਾ ਕਰਨ ਦੇ ਦੋਸ਼ ਕਾਰਨ ਧੀਰਮੱਲੀਆਂ ਨੂੰ ਸਦਾ ਲਈ ਫਟਕਾਰ ਦਿੱਤਾ ਸੀ ਉਸੇ ਤਰ੍ਹਾਂ ਖਾਲਸਾ ਪੰਥ ਗੁਰੂ ਘਰ 'ਤੇ ਪੁਲਿਸ ਧਾਵਾ ਕਰਨ ਦੇ ਬੱਜਰ ਪਾਪ ਲਈ ਬਰਨਾਲਾ ਜੁੰਡਲੀ ਨੂੰ ਸਦਾ ਲਈ ਦੁਰਕਾਰ ਦਿੰਦਾ। ਪਰ ਅਫਸੋਸ! ਕਿ ਸਿੱਖ ਕੌਮ ਦੇ ਪੋਪ ਅਖਵਾਉਣ ਵਾਲੇ ਜਥੇਦਾਰ ਟੌਹੜਾ ਦੀ ਸੱਜੀ ਬਾਂਹ ਪ੍ਰੇਮ ਸਿੰਘ ਚੰਦੂਮਾਜਰਾ ਜਿਸ ਨੇ ਉਸ ਸਮੇਂ ਗੁਰੂ ਘਰ 'ਤੇ ਪੁਲਿਸ ਧਾਵੇ ਦੀ ਹਮਾਇਤ ਕਰਕੇ ਬਰਨਾਲਾ ਸਰਕਾਰ ਵਿਚ ਵਜ਼ੀਰੀ ਪ੍ਰਾਪਤ ਕੀਤੀ ਅਤੇ ਸ: ਬਰਨਾਲਾ ਦੇ ਪੁੱਤਰ ਗਗਨਦੀਪ ਸਿੰਘ ਨਾਲ ਜਾ ਕੇ ਸ੍ਰੀ ਹਰਿਮੰਦਰ ਸਾਹਿਬ ਵਿਚ ਗੋਲੀਆਂ ਚਲਾਈਆਂ, ਜਥੇਦਾਰ ਟੌਹੜਾ ਅੱਜ ਵੀ ਉਸੇ ਪ੍ਰੇਮ ਸਿੰਘ ਚੰਦੂਮਾਜਰਾ ਨੂੰ ਰਾਜਸੀ ਪਦਵੀਆਂ ਤੇ ਵਜ਼ੀਰੀਆਂ ਦਿਵਾਉਣ ਲਈ ਤਤਪਰ ਹੈ। ਅੱਜਕਲ੍ਹ ਜਥੇਦਾਰ ਟੌਹੜਾ ਦੀ ਖੱਬੀ ਬਾਂਹ ਬਣੀ ਬੀਬੀ ਅਮਰਜੀਤ ਕੌਰ ਹੈ ਜੋ ਕਿ ਕਾਂਗਰਸ ਪਾਰਟੀ ਵਿਚ ਬਾਰਾਂ ਸਾਲ ਰਾਜ ਸਭਾ ਦੀ ਮੈਂਬਰ ਬਣੀ ਰਹੀ। ਪਾਰਲੀਮੈਂਟ ਵਿਚ ਅਤੇ ਟੈਲੀਵਿਜ਼ਨ ਉੱਪਰ ਸਾਕਾ ਨੀਲਾ ਤਾਰਾ ਦੀ ਹਮਾਇਤ ਕਰਕੇ ਉਸ ਦੇ ਇਵਜ਼ ਵਿਚ ਉਸ ਨੂੰ ਪੰਜ ਸਾਲ ਲਈ ਹਿੰਦੁਸਤਾਨ ਪੱਧਰ ਦੀ ਚੇਅਰਪਰਸਨ (ਸੈਂਟਰਲ ਸੋਸ਼ਲ ਵੈਲਫੇਅਰ ਬੋਰਡ) ਬਣਾਇਆ ਗਿਆ ਅਤੇ ਉਸ ਨੇ ਕੇਂਦਰੀ ਰਾਜਮੰਤਰੀ ਦਾ ਦਰਜਾ ਪ੍ਰਾਪਤ ਕੀਤਾ। ਅੱਜ ਓਹੀ ਬੀਬੀ ਅਮਰਜੀਤ ਕੌਰ ਜਥੇਦਾਰ ਟੌਹੜਾ ਦੀ ਗਹਿਰੀ ਸਾਜ਼ਿਸ਼ ਅਧੀਨ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਮੁਆਫੀ ਦੀ ਚਾਹਵਾਨ ਹੈ ਤਾਂ ਕਿ ਇਸੇ ਸਾਲ ਜੁਲਾਈ ਵਿਚ ਹੋ ਰਹੀਆਂ ਰਾਜ ਸਭਾ ਦੀਆਂ ਚੋਣਾਂ ਵਿਚ ਉਹ ਸ਼੍ਰੋਮਣੀ ਅਕਾਲੀ ਦਲ ਦੀ ਤਰਫੋਂ ਮੈਂਬਰ ਬਣ ਸਕੇ। ਸਿੰਘ ਸਾਹਿਬ ਜੀਓ! ਜੇ ਗੁਰੂ ਘਰ 'ਤੇ ਧਾਵੇ ਦੀ ਹਮਾਇਤ ਕਰਨ ਵਾਲਿਆਂ ਨੂੰ ਇਸ ਤਰ੍ਹਾਂ ਹੀ ਵਜ਼ੀਰੀਆਂ ਤੇ ਮੈਂਬਰੀਆਂ ਨਾਲ ਸਨਮਾਨਣ ਦਾ ਯਤਨ ਕੀਤਾ ਜਾਂਦਾ ਰਿਹਾ ਤਾਂ ਸਿੱਖ ਕੌਮ ਦਾ ਕੀ ਭਵਿੱਖ ਹੋਵੇਗਾ?

ਇਹ ਗੱਲ ਵੀ ਹਾਲੇ ਕਿਸੇ ਨੂੰ ਵਿਸਰੀ ਨਹੀਂ ਜਦੋਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਦੀ ਚੋਣ ਨੂੰ ਰੋਕਣ ਲਈ ਮਿਤੀ 28 ਫਰਵਰੀ 1979 ਨੂੰ ਜਥੇਦਾਰ ਟੌਹੜਾ ਨੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਹਾਜ਼ਰ ਹੋ ਕੇ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਪਾਵਨ

ਸੇਵਾ ਵਿਚ 14 ਪੰਨਿਆਂ ਦਾ 'ਸਾਡੇ ਅਸਤੀਫੇ ਕਿਉਂ' ਨਾਂਅ ਦਾ ਬੇਨਤੀ ਪੱਤਰ ਪੇਸ਼ ਕੀਤਾ ਸੀ ਜਿਸ ਵਿਚ ਮੌਜੂਦਾ ਭਾਰਤੀ ਜਨਤਾ ਪਾਰਟੀ ਨੂੰ ਪੰਥ ਦੁਸ਼ਮਣ ਜਮਾਤ ਤੇ ਸ: ਪ੍ਰਕਾਸ਼ ਸਿੰਘ ਬਾਦਲ ਨੂੰ ਉਸ ਦਾ ਏਜੰਟ, ਕੁਨਬਾ-ਪਰਵਰ, ਪਰਿਵਾਰਕ ਰਾਜ ਦਾ ਧਾਰਨੀ, ਭ੍ਰਿਸ਼ਟਾਚਾਰੀ ਤੇ ਕਾਲੇ ਧਨ ਦਾ ਭੰਡਾਰੀ ਗਰਦਾਨਿਆ ਸੀ। (ਇਸ ਬੇਨਤੀ ਪੱਤਰ ਦੀ ਫੋਟੋ ਕਾਪੀ ਨਾਲ ਨੱਥੀ ਹੈ। ਇਹ ਬੇਨਤੀ ਪੱਤਰ ਅੰਤਿਕਾ-1'ਚ ਪੜ੍ਹੋ)

ਮਿਤੀ 5 ਮਾਰਚ 1980 ਨੂੰ ਪੰਜ ਸਿੰਘ ਸਾਹਿਬ ਦੀ ਨਿਗਰਾਨੀ ਹੇਠ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਦੀ ਚੋਣ ਹੋ ਰਹੀ ਸੀ। ਜਥੇਦਾਰ ਟੌਹੜਾ ਨੇ ਇਕ ਝੂਠੀ ਤੇ ਜਾਅਲੀ ਡੈਲੀਗੇਟਾਂ ਦੀ ਸੂਚੀ ਪੰਜ ਸਿੰਘ ਸਾਹਿਬਾਨ ਅੱਗੇ ਪੇਸ਼ ਕਰਵਾਈ, ਜਿਸ ਨੂੰ ਉਸ ਸਮੇਂ ਸਿੰਘ ਸਾਹਿਬਾਨ ਨੇ ਝੂਠੀ ਤੇ ਜਾਅਲੀ ਕਹਿੰਦਿਆਂ ਰੱਦ ਕਰ ਦਿੱਤਾ ਸੀ ਅਤੇ ਅਸਲੀ ਸੂਚੀ ਜਾਰੀ ਕੀਤੀ ਸੀ।

ਜਥੇਦਾਰ ਗੁਰਚਰਨ ਸਿੰਘ ਟੌਹੜਾ ਨੇ ਅਕਾਲੀ ਦਲ ਦਾ ਪ੍ਰਧਾਨ ਬਣਨ ਲਈ ਪੰਥਕ ਏਕਤਾ ਦੇ ਨਾਂਅ ਥੱਲੇ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਜੀ ਤੋਂ 1979, 1987 ਅਤੇ 1994 ਵਿਚ ਵਾਰ-ਵਾਰ ਅਕਾਲੀ ਦਲ ਵਿਚ ਦਖਲ ਦੁਆਉਣ ਦਾ ਅਸਫਲ ਯਤਨ ਕੀਤਾ ਪਰ ਉਸ ਸਮੇਂ ਜਦ ਸਿੰਘ ਸਾਹਿਬ ਨੇ ਹੱਕ ਸੱਚ ਦਾ ਤੱਕੜ ਤੋਲਿਆ ਤੇ ਜਥੇਦਾਰ ਟੌਹੜਾ ਨੂੰ ਪ੍ਰਧਾਨ ਨਾ ਬਣਾਇਆ ਤਾਂ ਜਥੇਦਾਰ ਟੌਹੜਾ ਨੇ ਸਿੱਖ ਪੰਥ ਦੀ ਸੁਪਰੀਮ ਸ਼ਖ਼ਸੀਅਤ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਨੂੰ ਬਿਨਾਂ ਕੋਈ ਨੋਟਿਸ ਦਿੱਤਿਆਂ ਸੇਵਾ ਮੁਕਤ ਕਰ ਦਿੱਤਾ। ਇਸੇ ਤਰ੍ਹਾਂ ਸਿੰਘ ਸਾਹਿਬ ਗਿਆਨੀ ਸਾਧੂ ਸਿੰਘ ਜੀ ਭੌਰਾ ਅਤੇ ਸਿੰਘ ਸਾਹਿਬ ਪ੍ਰੋ: ਦਰਸ਼ਨ ਸਿੰਘ ਜੀ ਨਾਲ ਵਾਪਰਿਆ।

ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਨਾਮੇ ਰਾਹੀਂ 15 ਨਵੰਬਰ, 1920 ਨੂੰ ਸਿੱਖ ਸੰਗਤਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਬੁਲਾਇਆ ਗਿਆ। ਦਸ ਹਜ਼ਾਰ ਸਿੱਖ ਸੰਗਤ ਇਕੱਤਰ ਹੋਈ। 15-16 ਨਵੰਬਰ ਨੂੰ ਗੰਭੀਰ ਵਿਚਾਰ ਉਪਰੰਤ ਗੁਰਧਾਮਾਂ ਦੀ ਸੇਵਾ ਸੰਭਾਲ ਲਈ 175 ਮੈਂਬਰੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਮਜ਼ਦ ਕੀਤੀ ਗਈ। 14 ਦਸੰਬਰ, 1920 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸ਼੍ਰੋਮਣੀ ਅਕਾਲੀ ਦਲ ਦੀ ਸਥਾਪਨਾ ਕੀਤੀ ਗਈ। ਸ਼੍ਰੋਮਣੀ ਅਕਾਲੀ ਦਲ ਦਾ ਮੋਰਚਿਆਂ, ਕੁਰਬਾਨੀਆਂ ਤੇ ਜਿੱਤਾਂ ਦਾ ਇਤਿਹਾਸ ਹੈ। ਅਕਾਲੀ ਦਲ ਦਾ ਹਰ ਮੋਰਚਾ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਅਰਦਾਸ ਕਰਨ ਉਪਰੰਤ ਸ਼ੁਰੂ ਕੀਤਾ ਜਾਂਦਾ ਹੈ। ਜਦੋਂ ਵੀ ਅਕਾਲੀ ਲੀਡਰਾਂ ਨੇ ਕੀਤੀ ਅਰਦਾਸ ਨੂੰ ਤੋੜਿਆ ਤਾਂ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਰਾਜਸੀ ਨੇਤਾਵਾਂ ਨੂੰ ਸਖਤ ਸਜ਼ਾਵਾਂ ਦਿੱਤੀਆਂ। ਜਿਵੇਂ ਕਿ ਪੰਜਾਬੀ ਸੂਬੇ ਦੀ ਪ੍ਰਾਪਤੀ ਲਈ ਸੰਤ ਬਾਬਾ ਫਤਹਿ ਸਿੰਘ ਤੇ ਮਾਸਟਰ ਤਾਰਾ ਸਿੰਘ ਨੂੰ ਸਖਤ ਸਜ਼ਾਵਾਂ ਦਿੱਤੀਆਂ ਗਈਆਂ ਸਨ। ਪੰਜਾਬੀ ਸੂਬੇ ਦੀ ਪ੍ਰਾਪਤੀ ਲਈ ਸੰਤ ਬਾਬਾ ਫਤਹਿ ਸਿੰਘ ਤੇ ਮਾਸਟਰ ਤਾਰਾ ਸਿੰਘ ਨੇ 1961 ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਅਰਦਾਸ ਕਰਨ ਉਪਰੰਤ ਮਰਨ ਵਰਤ ਆਰੰਭਿਆ ਪਰ ਪ੍ਰਾਪਤੀ ਤੋਂ ਬਿਨਾਂ ਹੀ ਇਹ ਵਰਤ ਖਤਮ ਕੀਤੇ ਗਏ। ਜਿਸ ਲਈ 29 ਨਵੰਬਰ 1961 ਨੂੰ ਜਥੇਦਾਰ ਸਾਹਿਬ ਸ੍ਰੀ ਅਕਾਲ ਤਖ਼ਤ ਨੇ ਸੰਤ ਬਾਬਾ ਫਤਹਿ ਸਿੰਘ ਤੇ ਮਾਸਟਰ ਤਾਰਾ ਸਿੰਘ ਅਤੇ ਅੱਠ ਵਰਕਿੰਗ ਕਮੇਟੀ ਦੇ ਮੈਂਬਰਾਂ ਨੂੰ ਦੋਸ਼ੀ ਕਰਾਰ ਦਿੰਦਿਆਂ ਸਜ਼ਾ ਦਿੱਤੀ। ਇਸੇ ਹੀ ਤਰ੍ਹਾਂ ਪੰਥ ਅਤੇ ਪੰਜਾਬ ਦੇ ਹੱਕਾਂ ਦੀ

ਪ੍ਰਾਪਤੀ ਲਈ 1982 ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਅਰਦਾਸ ਕਰਨ ਉਪਰੰਤ, ਅਕਾਲੀ ਦਲ ਨੇ ਧਰਮਯੁੱਧ ਮੋਰਚਾ ਲਾਇਆ, ਜਿਸ ਵਿਚ ਲੱਖਾਂ ਸਿੱਖਾਂ ਨੇ ਸ਼ਾਂਤਮਈ ਗ੍ਰਿਫਤਾਰੀਆਂ ਦਿੱਤੀਆਂ। ਇਹ ਅਰਦਾਸ ਕਰਨ ਵਾਲਿਆਂ ਵਿਚ ਜਥੇਦਾਰ ਟੌਹੜਾ ਮੋਹਰੀ ਸੀ। ਉਸ ਸਮੇਂ ਇਹ ਮੰਗਾਂ ਨਾ ਮੰਨਵਾਈਆਂ ਜਾ ਸਕੀਆਂ। ਅੱਜ ਜਦੋਂ ਅਕਾਲੀ ਦਲ ਇਹ ਮੰਗਾਂ ਮਨਵਾਉਣ ਦੇ ਸਮਰੱਥ ਹੈ ਤਾਂ ਜਥੇਦਾਰ ਟੌਹੜਾ ਇਹਨਾਂ ਮੰਗਾਂ ਦੀ ਪੂਰਤੀ ਲਈ ਯਤਨ ਕਰਨ ਦੀ ਬਜਾਏ ਆਪਣੇ ਚੇਲਿਆਂ ਨੂੰ ਵਜ਼ੀਰੀਆਂ ਦਿਵਾਉਣ ਲਈ ਹੀ ਤਤਪਰ ਨਜ਼ਰ ਆ ਰਿਹਾ ਹੈ। ਇਸ ਤਰ੍ਹਾਂ ਜਥੇਦਾਰ ਟੌਹੜਾ ਨੇ ਨਾ ਸਿਰਫ ਪੰਥ ਅਤੇ ਪੰਜਾਬ ਨਾਲ ਹੀ ਵਿਸ਼ਵਾਸਘਾਤ ਕੀਤਾ ਹੈ ਸਗੋਂ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਕੀਤੀ ਅਰਦਾਸ ਨੂੰ ਤੋੜਨ ਕਰਕੇ ਉਹ ਸਜ਼ਾ ਦਾ ਭਾਗੀ ਵੀ ਹੈ।

1992 ਵਿਚ ਜਥੇਦਾਰ ਟੌਹੜਾ ਨੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਪਾਵਨ ਅਸਥਾਨ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਉਸ ਸਮੇਂ ਦੇ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮੌਜੂਦਗੀ ਅਤੇ ਸਿੱਖ ਸੰਗਤ ਦੇ ਭਾਰੀ ਇਕੱਠ ਵਿਚ ਗੁਰੂ ਮਹਾਰਾਜ ਦੀ ਕਸਮ ਖਾ ਕੇ ਕਿਹਾ ਸੀ ਕਿ ਮੈਂ ਅੱਜ ਤੋਂ ਬਾਅਦ ਨਾ ਕੋਈ ਧਾਰਮਕ ਅਤੇ ਨਾ ਹੀ ਕੋਈ ਰਾਜਸੀ ਪਦਵੀ ਲਵਾਂਗਾ। ਅੱਜ ਓਹੀ ਜਥੇਦਾਰ ਟੌਹੜਾ ਨਾ ਕੇਵਲ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੀ ਹੈ ਸਗੋਂ ਰਾਜ ਸਭਾ ਦਾ ਮੈਂਬਰ ਵੀ ਬਣਿਆ ਬੈਠਾ ਹੈ ਅਤੇ ਮੁੱਖ ਮੰਤਰੀ ਦੀ ਕੁਰਸੀ ਪ੍ਰਾਪਤ ਕਰਨ ਲਈ ਵੀ ਤੜਪ ਰਿਹਾ ਹੈ।

ਸਧਾਰਨ ਤੋਂ ਸਧਾਰਨ ਸਿੱਖ ਵੀ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਪਾਵਨ ਹਜ਼ੂਰੀ ਵਿਚ ਹਾਜ਼ਰ ਹੋ ਕੇ, ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਪਾਵਨ ਸੇਵਾ ਵਿਚ ਝੂਠ ਬੋਲਣ ਦਾ ਹੀਆ ਨਹੀਂ ਕਰ ਸਕਦਾ ਪਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੇ ਆਪਣੀ ਪਦਵੀ ਦੀ ਦੁਰਵਰਤੋਂ ਕਰਦੇ ਹੋਏ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਪਾਵਨ ਹਜ਼ੂਰੀ ਵਿਚ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਅੱਠਵੀਂ ਵਾਰ ਝੂਠ ਬੋਲਣ ਦਾ ਹੀਆ ਕੀਤਾ ਹੈ, ਜਿਸ ਲਈ ਦਾਸ ਨੂੰ ਪੂਰੀ ਜਾਣਕਾਰੀ ਤੇ ਸਬੂਤ ਪੇਸ਼ ਕਰਨ ਲਈ ਆਦੇਸ਼ ਮਿਲਿਆ ਹੈ।

ਜਾਣਕਾਰੀ: ਮੇਰੀ ਜਾਣਕਾਰੀ ਅਨੁਸਾਰ ਜਥੇਦਾਰ ਗੁਰਚਰਨ ਸਿੰਘ ਟੌਹੜਾ, ਪ੍ਰੇਮ ਸਿੰਘ ਚੰਦੂਮਾਜਰਾ, ਜੋਗਿੰਦਰ ਸਿੰਘ ਥਿੰਦ ਮੁਖੀ ਨਿਰੰਕਾਰੀ ਮਿਸ਼ਨ ਪਟਿਆਲਾ ਵਿਚਕਾਰ ਚੋਣਾਂ ਸਬੰਧੀ ਇਕ ਗੁਪਤ ਸਮਝੌਤਾ ਹੋਇਆ ਜਿਸ ਦੀ ਪੂਰਤੀ ਲਈ ਮਿਤੀ 15 ਫਰਵਰੀ 1998 ਨੂੰ ਜਥੇਦਾਰ ਟੌਹੜਾ ਸਵੇਰੇ 11.30 ਵਜੇ ਪੁਸ਼ਪਿੰਦਰ ਬਾਂਸਲ ਦੀ ਦੁਕਾਨ 'ਤੇ ਗਿਆ ਜਿਥੇ ਉਸ ਨੇ ਆਪਣੀ ਸਕਿਉਰਿਟੀ ਉਥੇ ਰਹਿਣ ਦਿੱਤੀ ਤੇ ਪੁਸ਼ਪਿੰਦਰ ਬਾਂਸਲ ਨੂੰ ਨਾਲ ਲੈ ਕੇ ਨਿਰੰਕਾਰੀ ਭਵਨ 11.45 'ਤੇ ਪੁੱਜ ਗਿਆ। ਇਹ ਨਿਰੰਕਾਰੀ ਭਵਨ ਪਟਿਆਲੇ ਵਿਖੇ ਟੀ.ਬੀ. ਹਸਪਤਾਲ ਦੇ ਸਾਹਮਣੇ 1966 ਤੋਂ ਸਥਾਪਤ ਹੈ। ਭਵਨ ਦੀ ਦੀਵਾਰ 'ਤੇ ਮੋਟੇ ਅੱਖਰਾਂ ਵਿਚ ਪੰਜਾਬੀ ਅਤੇ ਅੰਗਰੇਜ਼ੀ ਵਿਚ 'ਨਿਰੰਕਾਰੀ ਸਤਸੰਗ ਭਵਨ' ਲਿਖਿਆ ਹੋਇਆ ਹੈ। ਇਸ ਵਿਚ ਲਗਾਤਾਰ ਨਿਰੰਕਾਰੀ ਸਤਸੰਗ ਹੁੰਦੇ ਰਹਿੰਦੇ ਹਨ। ਪਟਿਆਲੇ ਦਾ ਹਰ ਬਸ਼ਰ ਇਸ ਬਾਰੇ ਪੂਰੀ ਜਾਣਕਾਰੀ ਰੱਖਦਾ ਹੈ। ਅਕਾਲੀ ਦਲ ਵੱਲੋਂ 1978 ਤੋਂ ਬਾਅਦ ਇਸ ਸਾਹਮਣੇ ਅਨੇਕਾਂ ਵਾਰ ਮੁਜ਼ਾਹਰੇ ਵੀ ਕੀਤੇ ਗਏ ਹਨ।

ਨਿਰੰਕਾਰੀ ਭਵਨ ਅੰਦਰ ਸਤਿਸੰਗ ਵਿਚ ਪ੍ਰਵੇਸ਼ ਕਰਕੇ ਜਥੇਦਾਰ ਟੌਹੜਾ ਨੇ ਹੱਥ ਜੋੜ ਕੇ ਸਿਰ ਨਿਵਾ ਕੇ ਹਾਜ਼ਰੀ ਲੁਆਈ ਤੇ ਆਸਣ ਗ੍ਰਹਿਣ ਕੀਤਾ। ਸਤਿਸੰਗ ਵਿਚ ਪਰਵਚਨ ਚੱਲ ਰਿਹਾ ਸੀ। ਜਥੇਦਾਰ ਟੌਹੜਾ 5-7 ਮਿੰਟ ਬਾਅਦ ਇਹ ਕਹਿ ਕੇ ਉੱਠ ਖਲੋਤਾ ਕਿ "ਮੇਰੀ ਹਾਜ਼ਰੀ ਪਰਵਾਨ ਕਰੋ ਮੈਂ ਜਲਦੀ ਵਿਚ ਹਾਂ"। ਜੋਗਿੰਦਰ ਸਿੰਘ ਥਿੰਦ ਨੇ ਕਿਹਾ ਕਿ ਕੇਵਲ 2 ਮਿੰਟ ਦਾ ਪਰਵਚਨ ਬਾਕੀ ਹੈ। ਜਥੇਦਾਰ ਟੌਹੜਾ ਫਿਰ ਬੈਠ ਗਿਆ। ਪਰਵਚਨ ਸਮਾਪਤੀ ਉਪਰੰਤ ਥਿੰਦ ਨੇ ਉੱਠ ਕੇ ਕਿਹਾ ਕਿ "ਮੈਂ ਨਿਮਾਣਾ ਜਿਹਾ ਮਨੁੱਖ ਅੱਜ ਕੁਝ ਨਹੀਂ ਬੋਲ ਸਕਦਾ ਕਿਉਂਕਿ ਪੰਥ ਦੀ ਮਹਾਨ ਹਸਤੀ ਜਥੇਦਾਰ ਟੌਹੜਾ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਾਡੇ ਸਤਿਸੰਗ ਵਿਚ ਬਿਰਾਜਮਾਨ ਹਨ, ਕੇਵਲ ਸ੍ਰੀ ਰਾਮ ਲਾਲ ਕੱਦ ਟੌਹੜਾ ਸਾਹਿਬ ਨੂੰ ਸਿਰੋਪਾ ਦੇਣਗੇ" ਤੇ ਸ੍ਰੀ ਰਾਮ ਲਾਲ ਕੱਦ ਨੇ ਚਿੱਟਾ ਪਰਨਾ ਜਥੇਦਾਰ ਟੌਹੜਾ ਦੇ ਗਲ ਵਿਚ ਪਾ ਦਿੱਤਾ। ਥਿੰਦ ਨੇ ਕਿਹਾ "ਟੌਹੜਾ ਸਾਹਿਬ ਤੁਹਾਡਾ ਕੰਮ ਖਤਮ ਹੋਇਆ ਹੁਣ ਸਾਡਾ ਕੰਮ ਬਾਕੀ ਹੈ"। ਇਹ ਸਭ ਕੁਝ 15 ਮਿੰਟਾਂ ਵਿਚ ਵਾਪਰਿਆ ਤੇ ਟੌਹੜਾ ਸਾਹਿਬ ਵਾਪਸ ਪਰਤ ਆਏ। (ਇਸ ਸਬੰਧੀ ਹਲਫੀਆ ਬਿਆਨ ਨਾਲ ਨੱਥੀ ਹੈ)

ਜਿਸ ਤਰ੍ਹਾਂ ਕਾਤਲ ਕਤਲ ਕਰਨ ਤੋਂ ਬਾਅਦ ਆਪਣੇ ਗੁਨਾਹਾਂ ਦੇ ਨਿਸ਼ਾਨਾਂ ਨੂੰ ਮਿਟਾਉਣ ਦੀ ਹਰ ਸੰਭਵ ਕੋਸ਼ਿਸ਼ ਕਰਦਾ ਹੈ, ਉਸੇ ਤਰ੍ਹਾਂ ਜਥੇਦਾਰ ਟੌਹੜਾ ਨੇ ਇਹ ਸਮਾਗਮ ਹੋਣ ਉਪਰੰਤ ਆਪਣੇ ਨਿੱਜੀ ਸਮਰਥਕ ਗੰਨਮੈਨ/ਪੁਲਿਸ ਭੇਜ ਕੇ ਫੋਟੋਗ੍ਰਾਫਰ ਅਤੇ ਵੀਡੀਓ ਵਾਲਿਆਂ ਤੋਂ ਉਸ ਸਮੇਂ ਖਿੱਚੀਆਂ ਫੋਟੋਆਂ ਦੀਆਂ ਰੀਲਾਂ ਹਾਸਲ ਕਰ ਲਈਆਂ।

ਨਿਰੰਕਾਰੀ ਸਤਿਸੰਗ ਭਵਨ ਵਿਚ ਉਸ ਸਮੇਂ ਕਰੀਬ ਇਕ ਹਜ਼ਾਰ ਨਿਰੰਕਾਰੀ ਬੈਠੇ ਸਨ, ਪੁਲਿਸ ਦੀ ਚੌਕੀ ਨਿਰੰਕਾਰੀ ਭਵਨ ਦੇ ਗੇਟ 'ਤੇ ਸਥਾਪਤ ਹੈ ਅਤੇ ਬਹੁਤ ਸਾਰੇ ਸ਼ਹਿਰੀਆਂ ਅਤੇ ਦੁਕਾਨਦਾਰਾਂ ਨੇ ਜੋ ਭਵਨ ਦੇ ਇਰਦ-ਗਿਰਦ ਸਨ, ਜਥੇਦਾਰ ਟੌਹੜਾ ਨੂੰ ਨਿਰੰਕਾਰੀ ਭਵਨ ਜਾਂਦੇ, ਸਤਿਸੰਗ ਵਿਚ ਬੈਠਦੇ, ਸਿਰੋਪਾਓ ਲੈਂਦੇ ਅਤੇ ਵਾਪਸ ਆਉਂਦੇ ਆਪਣੀਆਂ ਅੱਖਾਂ ਨਾਲ ਦੇਖਿਆ ਜਿਸ ਕਾਰਨ ਜਥੇਦਾਰ ਟੌਹੜਾ ਦੀ ਨਿਰੰਕਾਰੀ ਭਵਨ ਦੀ ਫੇਰੀ ਦੀ ਖਬਰ ਜੰਗਲ ਦੀ ਅੱਗ ਵਾਂਗ ਪਟਿਆਲੇ ਸ਼ਹਿਰ ਵਿਚ ਫੈਲ ਗਈ। ਮੇਰੇ ਕੁਝ ਸਾਥੀਆਂ ਨੇ 15 ਫਰਵਰੀ ਦੀ ਰਾਤ ਹੀ ਨੂੰ ਮੈਨੂੰ ਸਲਾਹ ਦਿੱਤੀ ਸੀ ਕਿ ਜਥੇਦਾਰ ਟੌਹੜੇ ਨੇ ਹੁਕਮਨਾਮੇ ਦੀ ਉਲੰਘਣਾ ਕੀਤੀ ਹੈ, ਇਸ ਦੀ ਸ਼ਿਕਾਇਤ ਜਥੇਦਾਰ ਅਕਾਲ ਤਖ਼ਤ ਸਾਹਿਬ ਨੂੰ ਕੀਤੀ ਜਾਵੇ ਪਰ ਮੈਂ ਆਪਣੇ ਰਾਜਸੀ ਹਿਤਾਂ ਨੂੰ ਸਮਾਜ ਦੇ ਹਿਤਾਂ ਤੋਂ ਕੁਰਬਾਨ ਕਰ ਦਿੱਤਾ ਕਿ ਜੇ ਜਥੇਦਾਰ ਟੌਹੜਾ ਨਿਰੰਕਾਰੀ ਝਗੜਾ ਮੁਕਾ ਕੇ ਸਦਭਾਵਨਾ ਦਾ ਮਾਹੌਲ ਪੈਦਾ ਕਰਦਾ ਹੈ ਤਾਂ ਇਹ ਇਕ ਚੰਗੀ ਗੱਲ ਹੈ। ਪਰ ਜਦੋਂ ਜਥੇਦਾਰ ਟੌਹੜਾ ਨੇ ਨਿਰੰਕਾਰੀਆਂ ਦੀਆਂ ਵੋਟਾਂ ਲੈ ਕੇ ਆਪਣੀ ਦੋਗਲੀ ਨੀਤੀ 'ਤੇ ਚਲਦਿਆਂ ਚੁੱਪ ਸਾਧ ਲਈ ਤਾਂ ਮੈਂ 10 ਅਪ੍ਰੈਲ ਨੂੰ ਪਟਿਆਲਾ ਵਿਖੇ ਪੁਲਿਸ ਤਸ਼ੱਦਦ ਵਿਰੁੱਧ ਧਰਨੇ ਦੌਰਾਨ ਕਿਹਾ ਕਿ ਜਦ ਜਥੇਦਾਰ ਟੌਹੜਾ ਨੇ ਨਿਰੰਕਾਰੀਆਂ ਨਾਲ ਰਾਜਸੀ ਸਬੰਧ ਬਹਾਲ ਕਰ ਹੀ ਲਏ ਹਨ ਤਾਂ ਸਮਾਜਕ ਸਬੰਧ ਬਹਾਲ ਕਰਨ ਲਈ ਵੀ ਅਗਰ ਜਥੇਦਾਰ ਟੌਹੜਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਬੇਨਤੀ ਕਰਨ ਤਾਂ ਮੈਂ ਵੀ ਉਨ੍ਹਾਂ ਨਾਲ ਜਾ ਕੇ ਬੇਨਤੀ ਕਰਨ ਲਈ ਤਿਆਰ ਹਾਂ।

ਜਥੇਦਾਰ ਟੌਹੜੇ ਦੇ ਇਕਬਾਲੇ ਜੁਰਮ ਦੀ ਮੂੰਹ ਬੋਲਦੀ ਤਸਵੀਰ;

(ਨੋਟ: ਦਰਖਾਸਤ ਨਾਲ ਕੈਪਟਨ ਅਮਰਿੰਦਰ ਸਿੰਘ ਦੁਆਰਾ ਭੇਜੀਆਂ ਹੋਈਆਂ ਹੇਠ ਲਿਖੀਆਂ ਅਖਬਾਰੀ ਕਾਂਤਰਾਂ ਹਨ)

• 10 ਅਪ੍ਰੈਲ ਦੇ ਪੁਲਿਸ ਤਸ਼ੱਦਦ ਵਿਰੁੱਧ ਧਰਨੇ ਦੌਰਾਨ ਮੇਰੇ ਭਾਸ਼ਣ ਨੂੰ ਸਾਰੀਆਂ ਅਖਬਾਰਾਂ ਨੇ 11 ਅਪ੍ਰੈਲ ਨੂੰ ਪ੍ਰਕਾਸ਼ਤ ਕੀਤਾ ਜਿਸ ਨੂੰ ਅਜੀਤ ਅਖਬਾਰ ਵਿਚ ਇਸ ਤਰ੍ਹਾਂ ਪ੍ਰਕਾਸ਼ਤ ਕੀਤਾ ਗਿਆ। **ਟੌਹੜਾ ਵਿਰੁੱਧ ਸੰਗੀਨ ਇਲਜ਼ਾਮ** : ਕੈਪਟਨ ਅਮਰਿੰਦਰ ਸਿੰਘ ਨੇ ਆਪਣੇ ਭਾਸ਼ਨ ਦੌਰਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਦਾ ਨਾਂਅ ਲੈ ਕੇ ਨਾ ਕੇਵਲ ਆਲੋਚਨਾ ਹੀ ਕੀਤੀ ਸਗੋਂ ਸੰਗੀਨ ਇਲਜ਼ਾਮ ਵੀ ਲਗਾਏ। ਉਨ੍ਹਾਂ ਨੇ ਗੰਭੀਰ ਦੋਸ਼ ਲਾਇਆ ਕਿ ਵੋਟਾਂ ਵੇਲੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਪਟਿਆਲਾ ਸਥਿਤ ਨਿਰੰਕਾਰੀ ਮਿਸ਼ਨ ਵਿਚ ਗਏ ਸਨ। ਉਥੇ ਉਨ੍ਹਾਂ ਤੋਂ ਵੋਟਾਂ ਦੀ ਮੰਗ ਵੇਲੇ ਸਿਰੋਪਾਓ ਵੀ ਲਿਆ ਸੀ। ਕੈਪਟਨ ਨੇ ਕਿਹਾ ਕਿ ਉਹ ਪਹਿਲਾਂ ਵੀ ਤੇ ਹੁਣ ਵੀ ਇਸ ਹੱਕ ਵਿਚ ਹਨ ਕਿ ਸਮਾਜ ਨੂੰ ਜੋੜਿਆ ਜਾਵੇ, ਇਸ ਲਈ ਜੇ ਜਥੇਦਾਰ ਟੌਹੜਾ ਸ੍ਰੀ ਅਕਾਲ ਤਖ਼ਤ ਸਾਹਿਬ ’ਤੇ ਲਿਜਾ ਕੇ ਇਸ ਮਾਮਲੇ ਨੂੰ ਹੱਲ ਕਰਨਾ ਚਾਹੁੰਦੇ ਹਨ ਤਾਂ ਉਹ ਖੁਦ ਉਨ੍ਹਾਂ ਨਾਲ ਸ੍ਰੀ ਅਕਾਲ ਤਖ਼ਤ ਸਾਹਿਬ ’ਤੇ ਜਾ ਕੇ ਸਮਾਜ ਨੂੰ ਜੋੜਨ ਲਈ ਅਪੀਲ ਕਰਨਗੇ।

11 ਅਪ੍ਰੈਲ ਨੂੰ ਜਥੇਦਾਰ ਟੌਹੜਾ ਨੇ ਪ੍ਰੈਸ ਬਿਆਨ ਦਿੱਤਾ ਜਿਸ ਨੂੰ ਸਾਰੀਆਂ ਅਖਬਾਰਾਂ ਨੇ ਛਾਪਿਆ ਜੋ ਅੰਗਰੇਜ਼ੀ ਟ੍ਰਿਬਿਊਨ ਵਿਚ ਇਸ ਤਰ੍ਹਾਂ ਪ੍ਰਕਾਸ਼ਤ ਹੋਇਆ ਕਿ ਕੈਪਟਨ ਅਮਰਿੰਦਰ ਸਿੰਘ ਦੇ ਬਿਆਨ ’ਤੇ ਟਿੱਪਣੀ ਕਰਦਿਆਂ ਜਥੇਦਾਰ ਟੌਹੜਾ ਨੇ ਕਿਹਾ ਕਿ ਅਮਰਿੰਦਰ ਸਿੰਘ ਆਪਣੇ ਆਪ ਨਿਰੰਕਾਰੀਆਂ ਨੂੰ ਅਕਾਲ ਤਖ਼ਤ ਸਾਹਿਬ ਲੈ ਜਾ ਕੇ ਮਸਲੇ ਦਾ ਹੱਲ ਕਰਵਾ ਦੇਵੇ ਮੈਨੂੰ ਨਾਲ ਲਿਜਾਣ ਦੀ ਕੀ ਲੋੜ ਹੈ। ਜੇਕਰ ਅਮਰਿੰਦਰ ਸਿੰਘ ਨਿਰੰਕਾਰੀ ਝਗੜਾ ਮੁਕਾਉਣਾ ਚਾਹੁੰਦਾ ਹੈ ਤਾਂ ਇਹ ਬੜੀ ਚੰਗੀ ਗੱਲ ਹੋਵੇਗੀ। ਜਦੋਂ ਜਥੇਦਾਰ ਟੌਹੜੇ ਤੋਂ ਪਿਛਲੀ ਲੋਕ ਸਭਾ ਚੋਣ ਦੌਰਾਨ ਨਿਰੰਕਾਰੀ ਵੋਟਾਂ ਲੈਣ ਬਾਰੇ ਪੁੱਛਿਆ ਗਿਆ ਤਾਂ ਜਥੇਦਾਰ ਟੌਹੜੇ ਨੇ ਕਿਹਾ ਕਿ ਜਦੋਂ ਚੋਣਾਂ ਹੁੰਦੀਆਂ ਹਨ ਤਾਂ ਸਾਰੀਆਂ ਰਾਜਸੀ ਪਾਰਟੀਆਂ ਆਪਣੇ ਉਮੀਦਵਾਰਾਂ ਲਈ ਵੋਟਾਂ ਪ੍ਰਾਪਤ ਕਰਨ ਲਈ ਸਮਾਜ ਦੇ ਸਾਰੇ ਵਰਗਾਂ ਨੂੰ ਵੋਟਾਂ ਪਾਉਣ ਦੀ ਅਪੀਲ ਕਰਦੀਆਂ ਹਨ। ਜਥੇਦਾਰ ਟੌਹੜਾ ਨੇ ਕਿਹਾ ਕਿ ਮੈਂ ਵੀ ਆਪਣੀ ਪਾਰਟੀ ਦੇ ਉਮੀਦਵਾਰ ਵਾਸਤੇ ਵੋਟਾਂ ਪ੍ਰਾਪਤ ਕਰਨ ਲਈ ਸਮਾਜ ਦੇ ਸਾਰੇ ਵਰਗਾਂ ਨੂੰ ਅਪੀਲ ਕੀਤੀ ਹੈ, ਜਿਸ ਵਿਚ ਨਿਰੰਕਾਰੀ ਵੀ ਸ਼ਾਮਲ ਹਨ। ਇਸ ਵਿਚ ਬੁਰਾਈ ਹੀ ਕੀ ਹੈ।

ਜਥੇਦਾਰ ਟੌਹੜਾ ਦਾ 12 ਅਪ੍ਰੈਲ 1998 ਨੂੰ ਦਿੱਤਾ ਬਿਆਨ 13 ਅਪ੍ਰੈਲ ਦੀ ‘ਅਜੀਤ’ ਅਖਬਾਰ ਵਿਚ ਇਸ ਤਰ੍ਹਾਂ ਪ੍ਰਕਾਸ਼ਤ ਹੋਇਆ;

“ਅਖਬਾਰਾਂ ਵਿਚ ਛਪੀਆਂ ਖਬਰਾਂ ਕਿ ਜਥੇਦਾਰ ਟੌਹੜਾ ਨੇ ਲੋਕ ਸਭਾ ਦੀ ਚੋਣ ਵੇਲੇ ਵੋਟਾਂ ਲਈ ਨਿਰੰਕਾਰੀ ਮਿਸ਼ਨ ਦੇ ਸਮਾਗਮ ਵਿਚ ਜਾ ਕੇ ਵੋਟਾਂ ਦੀ ਮੰਗ ਕੀਤੀ”, ਉੱਪਰ ਟਿੱਪਣੀ ਕਰਦਿਆਂ ਜਥੇਦਾਰ ਟੌਹੜਾ ਨੇ ਕਿਹਾ ਕਿ ਜੇਕਰ ਅਮਰਿੰਦਰ ਸਿੰਘ ਇਸ ਮਸਲੇ ਨੂੰ ਹੱਲ ਕਰਵਾਉਣ ਲਈ ਪਹਿਲ ਕਰਦੇ ਹਨ ਤਾਂ ਖੁਸ਼ੀ ਦੀ ਗੱਲ ਹੈ। ਉਨ੍ਹਾਂ ਕਿਹਾ ਕਿ ਅਮਰਿੰਦਰ ਸਿੰਘ ਮੇਰੇ ਨਾਲ ਨਹੀਂ ਚੱਲ ਸਕਦਾ। ਉਹ ਖੁਦ ਹੀ ਪਹਿਲ ਕਰਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬ ਨਾਲ ਗੱਲਬਾਤ ਕਰੇ।

ਉਨ੍ਹਾਂ ਨੇ ਕਿਹਾ ਕਿ ਲੋਕਤੰਤਰੀ ਸਮਾਜ ਵਿਚ ਵੋਟਰਾਂ ਦੀ ਬੜੀ ਅਹਿਮੀਅਤ ਹੁੰਦੀ ਹੈ, ਹਰੇਕ ਰਾਜਸੀ ਪਾਰਟੀ ਵੋਟਾਂ ਲਈ ਹਰ ਵਰਗ ਦੇ ਵੋਟਰਾਂ ਤੱਕ ਪਹੁੰਚ ਕਰਦੀ ਹੈ, ਕਾਂਗਰਸ ਵਾਲਿਆਂ ਨੇ ਪਹਿਲਾਂ ਹਮੇਸ਼ਾਂ ਹੀ ਨਿਰੰਕਾਰੀਆਂ ਦੀ ਵੋਟ ਨੂੰ ਆਪਣੀ ਇਜ਼ਾਰੇਦਾਰੀ ਬਣਾਈ ਰੱਖਿਆ ਸੀ।"

ਵਿਸਾਖੀ ਦੇ ਪਾਵਨ ਦਿਹਾੜੇ ਸ੍ਰੀ ਦਮਦਮਾ ਸਾਹਿਬ ਵਿਖੇ ਜਥੇਦਾਰ ਟੌਹੜਾ ਨੇ ਆਪਣੇ 11 ਤੇ 12 ਅਪ੍ਰੈਲ ਨੂੰ ਦਿੱਤੇ ਬਿਆਨਾਂ ਨੂੰ ਦੁਹਰਾਇਆ। 14 ਅਪ੍ਰੈਲ ਦੀ 'ਅਜੀਤ' ਅਖਬਾਰ ਵਿਚ ਇਹ ਪ੍ਰਕਾਸ਼ਤ ਹੋਇਆ। **"ਜਥੇਦਾਰ ਟੌਹੜਾ ਦੇ ਨਿਰੰਕਾਰੀਆਂ ਤੋਂ ਅਸ਼ੀਰਵਾਦ ਲੈਣ ਨਾਲ ਸਿੱਖ ਹਲਕਿਆਂ ਵਿਚ ਨਵੀਂ ਬਹਿਸ ਛਿੜੀ।" ਮੇਜਰ ਸਿੰਘ**

"ਜਲੰਧਰ 14 ਅਪ੍ਰੈਲ: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਵੱਲੋਂ ਲੋਕ ਸਭਾ ਚੋਣਾਂ ਮੌਕੇ ਨਿਰੰਕਾਰੀ ਮਿਸ਼ਨ ਵਿਚ ਜਾ ਕੇ ਉਨ੍ਹਾਂ ਵੱਲੋਂ ਅਸ਼ੀਰਵਾਦ ਹਾਸਲ ਕਰਨ ਅਤੇ ਸਿਰੋਪਾ ਲੈਣ ਦੇ ਕਾਂਗਰਸੀ ਆਗੂਆਂ ਵੱਲੋਂ ਲਾਏ ਇਲਜ਼ਾਮਾਂ ਅਤੇ ਇਸ ਤੋਂ ਬਾਅਦ ਜਥੇਦਾਰ ਟੌਹੜਾ ਵੱਲੋਂ ਥੋੜ੍ਹੀ ਝਿਜਕ ਨਾਲ ਇਸ ਗੱਲ ਨੂੰ ਪ੍ਰਵਾਨ ਕਰ ਲੈਣ ਨਾਲ ਸਿੱਖ ਜਗਤ ਵਿਚ ਇਕ ਨਵੀਂ ਬਹਿਸ ਛਿੜ ਗਈ ਹੈ।"

ਇਸ ਤਰ੍ਹਾਂ 11, 12, 13 ਅਪ੍ਰੈਲ ਦੇ ਅਖਬਾਰਾਂ ਰਾਹੀਂ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੇ ਸਾਫ ਤੇ ਸਪੱਸ਼ਟ ਸ਼ਬਦਾਂ ਵਿਚ ਕਿਹਾ ਕਿ ਲੋਕਤੰਤਰੀ ਸਮਾਜ ਵਿਚ ਵੋਟਰਾਂ ਦੀ ਬੜੀ ਅਹਿਮੀਅਤ ਹੁੰਦੀ ਹੈ ਅਤੇ ਹਰ ਇਕ ਰਾਜਸੀ ਪਾਰਟੀ ਵੋਟਾਂ ਲਈ ਹਰ ਵਰਗ ਦੇ ਲੋਕਾਂ ਤੱਕ ਪਹੁੰਚ ਤੇ ਅਪੀਲ ਕਰਦੀ ਹੈ। ਮੈਂ ਵੀ ਵੋਟਾਂ ਲਈ ਸਮਾਜ ਦੇ ਸਾਰੇ ਵਰਗਾਂ ਤੱਕ ਪਹੁੰਚ ਕੇ ਅਪੀਲ ਕੀਤੀ ਹੈ, ਜਿਸ ਵਿਚ ਨਿਰੰਕਾਰੀ ਵੀ ਸ਼ਾਮਲ ਹਨ, ਇਸ ਵਿਚ ਬੁਰਾਈ ਹੀ ਕੀ ਹੈ? ਜਦ ਜਥੇਦਾਰ ਟੌਹੜਾ ਖੁਦ ਨਿਰੰਕਾਰੀਆਂ ਤੱਕ ਪਹੁੰਚ ਕਰਨ ਤੇ ਵੋਟਾਂ ਦੀ ਅਪੀਲ ਕਰਨ ਨੂੰ ਕਬੂਲ ਕਰ ਰਿਹਾ ਹੈ ਤਾਂ ਉਸ ਦਾ ਇਹ ਇਕਬਾਲ ਹੀ ਆਪਣੇ ਆਪ ਵਿਚ ਪ੍ਰਤੱਖ ਸਬੂਤ ਹੈ।

ਪਰਮ ਸਤਿਕਾਰਯੋਗ ਸਿੰਘ ਸਾਹਿਬ ਜੀਓ, ਮੈਂ ਆਪ ਜੀ ਦੀ ਸੇਵਾ ਵਿਚ ਸਚਾਈ 'ਤੇ ਆਧਾਰਿਤ ਤੱਥ ਪੇਸ਼ ਕੀਤੇ ਹਨ, ਜਿਨ੍ਹਾਂ ਵਿਚ ਜਥੇਦਾਰ ਟੌਹੜਾ ਦੇ ਕਿਰਦਾਰ, ਚਾਲ-ਚੱਲਣ ਤੇ ਨਿਰੰਕਾਰੀ ਭਵਨ ਜਾਣ ਤੇ ਸਿਰੋਪਾ ਲੈਣ ਤੇ ਵੋਟਾਂ ਮੰਗਣ ਦੀ ਮੂੰਹ ਬੋਲਦੀ ਤਸਵੀਰ ਸਪੱਸ਼ਟ ਦਿਸ ਰਹੀ ਹੈ ਜਿਸ ਦਾ ਮਹੀਨਾ ਭਰ ਤੋਂ ਅਖਬਾਰਾਂ ਵਿਚ ਏਨਾ ਚਰਚਾ ਹੋਣ ਦੇ ਬਾਵਜੂਦ ਜਥੇਦਾਰ ਟੌਹੜਾ ਵੱਲੋਂ ਖੰਡਨ ਨਹੀਂ ਕੀਤਾ ਗਿਆ। ਭਾਵੇਂ ਸੱਤ ਵਾਰ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੇ ਆਪਣੇ ਰਾਜਸੀ ਸਵਾਰਥਾਂ ਲਈ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਝੂਠ ਬੋਲਿਆ ਅਤੇ ਝੂਠੇ ਦਸਤਾਵੇਜ਼ ਪੇਸ਼ ਕੀਤੇ ਪਰ ਜੇ ਅੱਜ ਵੀ ਜਥੇਦਾਰ ਟੌਹੜਾ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਪਾਵਨ ਹਜ਼ੂਰੀ ਵਿਚ ਇਸ ਗੱਲ ਤੋਂ ਲਿਖਤੀ ਤੌਰ 'ਤੇ ਮੁਨਕਰ ਹੋਵੇ ਤਾਂ ਮੇਰੀ ਬੇਨਤੀ ਹੈ ਕਿ ਸੱਚ ਝੂਠ ਦੇ ਨਿਤਾਰੇ ਲਈ ਸੁਪਰੀਮ ਕੋਰਟ ਦੇ ਰਿਟਾਇਰਡ ਸਿੱਖ ਜੱਜਾਂ 'ਤੇ ਆਧਾਰਿਤ ਪੜਤਾਲੀਆ ਕਮਿਸ਼ਨ ਨਿਰਧਾਰਤ ਕਰਨ ਦੀ ਕਿਰਪਾਲਤਾ ਕਰੋ ਜੋ ਨਿਸਚਿਤ ਸਮੇਂ ਵਿਚ ਆਪਣੀ ਰਿਪੋਰਟ ਆਪ ਜੀ ਦੀ ਸੇਵਾ ਵਿਖੇ ਪੇਸ਼ ਕਰੇ। ਜੇ ਮੇਰੇ ਪੇਸ਼ ਕੀਤੇ ਤੱਥਾਂ ਵਿਚ ਇਕ ਵੀ ਤੱਥ ਗਲਤ ਸਾਬਤ ਹੋਵੇ ਤਾਂ ਆਪ ਜੀ ਜੋ ਵੀ ਸਜ਼ਾ ਦਿਓਗੇ ਮੈਂ ਉਸ ਨੂੰ ਖਿੜੇ ਮੱਥੇ ਪ੍ਰਵਾਨ ਕਰਾਂਗਾ। ਜੇ ਜਥੇਦਾਰ ਗੁਰਚਰਨ ਸਿੰਘ ਟੌਹੜਾ

ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਦੋਸ਼ ਸਾਬਤ ਹੁੰਦਾ ਹੈ ਤਾਂ ਅਜਿਹੀ ਸਜ਼ਾ ਦਿੱਤੀ ਜਾਵੇ ਕਿ ਅੱਗੇ ਤੋਂ ਕੋਈ ਵੀ ਸਿੱਖ ਅਕਾਲ ਤਖ਼ਤ ਸਾਹਿਬ 'ਤੇ ਝੂਠ ਬੋਲਣ ਦਾ ਹੀਆ ਨਾ ਕਰ ਸਕੇ।

ਧੰਨਵਾਦ ਸਹਿਤ।

ਗੁਰੂ ਪੰਥ ਦਾ ਦਾਸ

*ਅਮਰਿੰਦਰ ਸਿੰਘ*

ਨੋਟ: ਹੁਕਮਨਾਮਿਆਂ ਦੀਆਂ ਕਾਪੀਆਂ, 28.09.1979 ਦਾ 14 ਪੰਨਿਆਂ ਦਾ ਬੇਨਤੀ ਪੱਤਰ, ਸਿੰਘ ਸਾਹਿਬਾਨ ਦਾ ਪ੍ਰੈਸ ਬਿਆਨ ਤੇ ਅਖਬਾਰਾਂ ਦੀਆਂ ਕਾਤਰਾਂ ਅਤੇ ਹਲਫੀਆ ਬਿਆਨ ਬੇਨਤੀ ਪੱਤਰ ਨਾਲ ਨੱਥੀ ਹੈ।

ਉਤਾਰਾ : ਸਮੂਹ ਸਿੱਖ ਸੰਗਤ।

***

## ਕੈਪਟਨ ਅਮਰਿੰਦਰ ਸਿੰਘ ਦੀ ਤੀਜੀ ਚਿੱਠੀ

ੴ ਵਾਹਿਗੁਰੂ ਜੀ ਕੀ ਫਤਹਿ

ਪਾਵਨ ਸੇਵਾ ਵਿਖੇ,

ਸਿੰਘ ਸਾਹਿਬ, ਸ੍ਰੀਮਾਨ, ਜਥੇਦਾਰ ਅਕਾਲ ਤਖ਼ਤ ਸਾਹਿਬ,

ਪਰਮ ਸਤਿਕਾਰਯੋਗ ਸਿੰਘ ਸਾਹਿਬ ਜੀਓ,

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਹਿ॥

ਮੈਂ ਆਪ ਜੀ ਦੀ ਪਾਵਨ ਸੇਵਾ ਵਿਖੇ ਜਥੇਦਾਰ ਟੌਹੜਾ ਦੇ ਵਿਰੁਧ ਪੰਜ ਗੰਭੀਰ ਦੋਸ਼ਾਂ 'ਤੇ ਆਧਾਰਤ ਬੇਨਤੀ ਪੱਤਰ ਮਿਤੀ 14 ਅਪ੍ਰੈਲ 1998 ਨੂੰ ਪੇਸ਼ ਕੀਤਾ ਸੀ। ਆਪ ਜੀ ਦੇ ਆਦੇਸ਼ ਅਨੁਸਾਰ ਇਨ੍ਹਾਂ ਦੋਸ਼ਾਂ ਦੇ ਸਬੂਤ ਆਪ ਜੀ ਦੀ ਸੇਵਾ ਵਿਚ 8.5.1998 ਨੂੰ ਪੇਸ਼ ਕੀਤੇ ਸਨ, ਤਾਂ ਆਪ ਜੀ ਨੇ ਫੁਰਮਾਇਆ ਕਿ ਕੇਵਲ ਧਾਰਮਕ ਦੋਸ਼ਾਂ ਬਾਰੇ ਠੋਸ ਸਬੂਤ ਪੇਸ਼ ਕਰੋ। ਇਸ ਲਈ ਮੈਂ ਆਪ ਜੀ ਦੀ ਸੇਵਾ ਵਿਖੇ ਜਥੇਦਾਰ ਟੌਹੜਾ ਵਿਰੁੱਧ ਗੰਭੀਰ ਧਾਰਮਕ ਦੋਸ਼ਾਂ ਬਾਰੇ ਠੋਸ ਸਬੂਤ ਪੇਸ਼ ਕਰ ਰਿਹਾ ਹਾਂ;

7 ਜਨਵਰੀ 1924 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਅੰਮ੍ਰਿਤਸਰ ਪੁਲਿਸ ਨੇ ਧਾਵਾ ਕੀਤਾ ਜਿਸ ਨੂੰ ਧਰਮ 'ਤੇ ਕਾਤਲਾਨਾ ਹਮਲਾ ਕਰਾਰ ਦਿੰਦਿਆਂ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਹੁਕਮਨਾਮਾ ਜਾਰੀ ਕੀਤਾ, ਜਿਸ ਦੀ ਕਿਤਾਬ ਵਿਚ ਪ੍ਰਕਾਸ਼ਤ ਫੋਟੋ ਕਾਪੀ ਬੇਨਤੀ ਪੱਤਰ ਨਾਲ ਨੱਥੀ ਹੈ। ਅੰਤਿਕਾ-3

'ਗੁਰੂ ਪਿਆਰੇ ਅਕਾਲ ਤਖ਼ਤ ਦੀ ਇੱਜ਼ਤ ਨੂੰ ਕਾਇਮ ਰੱਖਣ ਲਈ ਆਪਣੇ ਸਿਰ ਕੁਰਬਾਨ ਕਰਨ ਲਈ ਹਰ ਸਮੇਂ ਤਿਆਰ ਰਹਿਣ। ਅਕਾਲ ਤਖ਼ਤ ਦੀ ਬੇਅਦਬੀ ਨੂੰ ਚੁੱਪ ਕਰਕੇ ਸਹਾਰ ਲੈਣਾ ਸਤਿਗੁਰੂ ਤੇ ਅਕਾਲਪੁਰਖ ਦੀ ਦਰਗਾਹ ਤੋਂ ਬੇਦਾਵਾ ਲਿਖ ਦੇਣਾ ਹੈ।'

3 ਜੂਨ 1984 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਫੌਜੀ ਧਾਵਾ ਹੋਇਆ, ਸ੍ਰੀ ਅਕਾਲ ਤਖ਼ਤ ਸਾਹਿਬ ਦਾ ਨੁਕਸਾਨ ਵੀ ਹੋਇਆ ਪਰ ਜਥੇਦਾਰ ਗੁਰਚਰਨ ਸਿੰਘ ਟੌਹੜਾ, ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਆਪਣਾ ਸਿਰ ਕਟਵਾਉਣ ਦੀ ਬਜਾਏ ਸਿਰ ਝੁਕਾ ਕੇ ਸਤਿਗੁਰੂ ਤੇ ਅਕਾਲ ਪੁਰਖ ਦੀ ਦਰਗਾਹ ਨੂੰ ਬੇਦਾਵਾ ਲਿਖ ਕੇ ਬਖਤਰਬੰਦ ਗੱਡੀ

ਵਿਚ ਬੈਠ ਕੇ ਸੁਰੱਖਿਅਤ ਥਾਂ 'ਤੇ ਚਲੇ ਗਏ। ਜਿਸ ਜਥੇਦਾਰ ਟੌਹੜਾ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਗੁਰੂ ਘਰ ਦੀ ਸੇਵਾ ਸੰਭਾਲ ਤੇ ਸੁਰੱਖਿਆ ਕਰਨਾ ਪਰਮ ਧਰਮ ਹੈ, ਜਿਸ ਨੇ ਗੁਰੂ ਘਰ ਦੀ ਸੁਰੱਖਿਆ ਲਈ ਇਕ ਲੱਖ ਮਰਜੀਵੜੇ ਵੀ ਭਰਤੀ ਕਰਵਾਏ ਤੇ 'ਟੈਂਕ ਮੇਰੀ ਛਾਤੀ 'ਤੋਂ ਲੰਘ ਕੇ ਹੀ ਗੁਰੂ ਘਰ ਵਿਚ ਪ੍ਰਵੇਸ਼ ਕਰਨਗੇ' ਵਰਗੇ ਬਿਆਨ ਵੀ ਅਖਬਾਰਾਂ ਵਿਚ ਦਿੱਤੇ, ਉਸੇ ਜਥੇਦਾਰ ਟੌਹੜਾ ਨੇ ਸਿਰ ਕਟਵਾਉਣ ਦੀ ਬਜਾਏ ਸਿਰ ਝੁਕਾ ਕੇ ਤੇ ਸਤਿਗੁਰੂ ਨੂੰ ਬੇਦਾਵਾ ਲਿਖ ਕੇ ਨਾ ਕੇਵਲ ਸਿੱਖ ਇਤਿਹਾਸ ਕਲੰਕਿਤ ਕੀਤਾ ਸਗੋਂ 7 ਜਨਵਰੀ 1924 ਦੇ ਹੁਕਮਨਾਮੇ ਦੀ ਉਲੰਘਣਾ ਵੀ ਕੀਤੀ।

1986 ਵਿਚ ਪੰਥ ਦੀ ਬਣਾਈ ਬਰਨਾਲਾ ਸਰਕਾਰ ਨੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਪੁਲਿਸ ਧਾਵਾ ਬੋਲਣ ਦਾ ਬੱਜਰ ਪਾਪ ਕੀਤਾ ਜਿਸ ਨੂੰ ਸਹਿਣ ਨਾ ਕਰਦਿਆਂ ਹੋਇਆਂ 27 ਪੰਥਕ ਐਮ.ਐਲ.ਏ. ਬਰਨਾਲਾ ਸਰਕਾਰ ਤੋਂ ਅਲੱਗ ਹੋ ਗਏ, ਜਦੋਂ ਕਿ ਸ: ਪ੍ਰੇਮ ਸਿੰਘ ਚੰਦੂਮਾਜਰਾ ਆਦਿ ਨੇ ਹੁਕਮਨਾਮੇ ਮੁਤਾਬਕ ਸਤਿਗੁਰੂ ਨੂੰ ਲਿਖਤੀ ਬੇਦਾਵਾ ਦੇ ਕੇ ਬਰਨਾਲਾ ਸਰਕਾਰ ਵਿਚ ਵਜ਼ੀਰੀਆਂ ਤੇ ਚੇਅਰਮੈਨੀਆਂ ਸਵੀਕਾਰ ਕਰ ਲਈਆਂ। ਅੱਜ ਤਕ ਸਤਿਗੁਰੂ ਨੂੰ ਬੇਦਾਵਾ ਦੇਣ ਵਾਲਿਆਂ ਨੇ ਨਾ ਕੋਈ ਪਸ਼ਚਾਤਾਪ ਕੀਤਾ, ਨਾ ਹੀ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਮਾਫੀ ਮੰਗ ਕੇ ਆਪਣੇ ਬੇਦਾਵੇ ਨੂੰ ਪੜਵਾਇਆ ਪਰ ਜਥੇਦਾਰ ਟੌਹੜਾ, ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਚੰਦੂਮਾਜਰਾ ਆਦਿ ਨੂੰ ਰਾਜਸੀ ਪਦਵੀਆਂ ਤੇ ਵਜ਼ੀਰੀਆਂ ਦੁਆ ਕੇ ਉਨ੍ਹਾਂ ਦੇ ਬੱਜਰ ਪਾਪ ਦਾ ਭਾਗੀਦਾਰ ਬਣ ਚੁੱਕਿਆ ਹੈ। ਇਸ ਤਰ੍ਹਾਂ ਜਥੇਦਾਰ ਟੌਹੜਾ ਨੇ ਨਾ ਸਿਰਫ 7 ਜਨਵਰੀ 1924 ਦੇ ਹੁਕਮਨਾਮੇ ਦੀ ਉਲੰਘਣਾ ਕੀਤੀ ਹੈ ਸਗੋਂ ਗੁਰੂ ਘਰ ਨਾਲ ਵਿਸ਼ਵਾਸਘਾਤ ਵੀ ਕੀਤਾ ਹੈ।

15 ਫਰਵਰੀ 1998 ਨੂੰ ਜਥੇਦਾਰ ਟੌਹੜਾ ਨੇ ਨਿਰੰਕਾਰੀ ਸਤਸੰਗ ਭਵਨ ਜਾ ਕੇ, ਸਿਰੋਪਾਓ ਲੈ ਕੇ ਤੇ ਹਾਜ਼ਰੀ ਲੁਆ ਕੇ, ਵੋਟਾਂ ਦੀ ਮੰਗ ਕਰਕੇ 10 ਜੂਨ 1978 ਦੇ ਹੁਕਮਨਾਮੇ ਦੀ ਉਲੰਘਣਾ ਕੀਤੀ ਹੈ। ਜਥੇਦਾਰ ਟੌਹੜਾ 12, 13, 14 ਤੇ 15 ਅਪ੍ਰੈਲ ਦੇ ਅਖਬਾਰਾਂ ਨੂੰ ਦਿੱਤੇ ਆਪਣੇ ਬਿਆਨਾਂ ਰਾਹੀਂ ਨਿਰੰਕਾਰੀਆਂ ਤੱਕ ਪਹੁੰਚ ਕਰਨ ਤੇ ਵੋਟਾਂ ਮੰਗਣ ਦਾ ਇਕਬਾਲ ਕਰ ਚੁੱਕੇ ਹਨ ਜੋ ਆਪਣੇ ਆਪ ਵਿਚ ਇਕ ਪ੍ਰਤੱਖ ਸਬੂਤ ਹੈ। ਇਸ ਤੋਂ ਵੀ ਵੱਧ ਠੋਸ ਸਬੂਤ ਇਹ ਹੈ ਕਿ ਅਖਬਾਰਾਂ ਵਿਚ ਛਪੀਆਂ ਖਬਰਾਂ "ਕਿ ਜਥੇਦਾਰ ਟੌਹੜਾ ਨੇ ਨਿਰੰਕਾਰੀ ਸਤਸੰਗ ਭਵਨ ਜਾ ਕੇ, ਸਿਰੋਪਾਓ ਲੈ ਕੇ ਵੋਟਾਂ ਦੀ ਮੰਗ ਕੀਤੀ ਹੈ" ਦਾ ਜਥੇਦਾਰ ਟੌਹੜਾ ਵੱਲੋਂ ਖੰਡਨ ਨਹੀਂ ਕੀਤਾ ਗਿਆ। ਅਖਬਾਰਾਂ ਵਿਚ ਛਪੀਆਂ ਖਬਰਾਂ ਦੀਆਂ ਫੋਟੋ ਕਾਪੀਆਂ ਤੇ ਹਲਫੀਆ ਬਿਆਨ ਮੈਂ ਪਹਿਲਾਂ ਹੀ ਆਪ ਜੀ ਦੀ ਸੇਵਾ ਵਿਚ ਪੇਸ਼ ਕਰ ਚੁੱਕਿਆ ਹਾਂ ਤੇ ਠੋਸ ਸਬੂਤ ਵਜੋਂ ਜਥੇਦਾਰ ਟੌਹੜਾ ਦੀ ਨਿਰੰਕਾਰੀ ਸਤਸੰਗ ਜਾਣ ਦੀ ਫੋਟੋ ਵੀ ਪੇਸ਼ ਕਰ ਰਿਹਾ ਹਾਂ।

ਪਰਮ ਕਿਰਪਾਲੂ ਜੀਓ, ਸਿੱਖ ਇਤਿਹਾਸ ਇਹ ਪ੍ਰਤੱਖ ਦੱਸ ਰਿਹਾ ਹੈ ਕਿ ਸਤਿਗੁਰੂ ਨੂੰ ਲਿਖੇ ਬੇਦਾਵੇ ਨੂੰ ਪੜਵਾਉਣ ਲਈ ਕੀ ਕੁਰਬਾਨੀ ਕਰਨੀ ਪੈਂਦੀ ਹੈ। ਜਥੇਦਾਰ ਗੁਰਚਰਨ ਸਿੰਘ ਟੌਹੜਾ, ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ 3 ਜੂਨ 1984 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਬੇਅਦਬੀ ਸਹਾਰ ਕੇ ਸਤਿਗੁਰੂ ਤੇ ਅਕਾਲਪੁਰਖ ਦੀ ਦਰਗਾਹ ਵਿਚ ਬੇਦਾਵਾ ਲਿਖਿਆ ਹੈ। 1986 ਵਿਚ ਗੁਰੂ ਘਰ 'ਤੇ ਪੁਲਿਸ ਧਾਵਾ ਕਰਨ ਵਾਲੇ ਤੇ

ਗੁਰੂ ਘਰ ਨੂੰ ਬੇਦਾਵਾ ਲਿਖ ਕੇ ਦੇਣ ਵਾਲਿਆਂ ਨੂੰ ਰਾਜਸੀ ਪਦਵੀਆਂ ਤੇ ਵਜ਼ੀਰੀਆਂ ਦੁਆ ਕੇ ਉਨ੍ਹਾਂ ਦੇ ਬੱਜਰ ਪਾਪ ਦੇ ਭਾਗੀਦਾਰ ਬਣੇ ਹਨ। ਜਥੇਦਾਰ ਟੌਹੜਾ ਦੋ ਵਾਰ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਝੂਠੇ ਦਸਤਾਵੇਜ਼ ਪੇਸ਼ ਕਰ ਚੁੱਕੇ ਹਨ ਤੇ ਦੋ ਵਾਰ ਗੁਰੂ ਮਹਾਰਾਜ ਦੀ ਹਜ਼ੂਰੀ ਵਿਚ ਕਸਮਾਂ ਖਾ ਕੇ ਤੇ ਅਰਦਾਸਾਂ ਕਰ ਕੇ ਭੰਗ ਕਰ ਚੁੱਕੇ ਹਨ, ਤਿੰਨ ਵਾਰ ਹੁਕਮਨਾਮਿਆਂ ਦੀ ਉਲੰਘਣਾ ਕਰ ਚੁੱਕੇ ਹਨ। ਆਪ ਜੀ ਸਿੱਖ ਪੰਥ ਦੀ ਸੁਪਰੀਮ ਅਦਾਲਤ ਹੋ। ਜਥੇਦਾਰ ਟੌਹੜਾ ਦਾ ਇਨ੍ਹਾਂ ਗੰਭੀਰ ਦੋਸ਼ਾਂ ਬਾਰੇ ਆਪ ਜੀ ਵੱਲੋਂ ਦਿੱਤਾ ਇਤਿਹਾਸਕ ਫੈਸਲਾ ਸਿੱਖ ਇਤਿਹਾਸ ਵਿਚ ਮੀਲ-ਪੱਥਰ ਸਾਬਤ ਹੋਵੇਗਾ।

ਸਤਿਕਾਰ ਸਹਿਤ।

ਗੁਰੂ ਪੰਥ ਦਾ ਦਾਸ,

*ਅਮਰਿੰਦਰ ਸਿੰਘ*

ਨਿਊ ਮੋਤੀ ਬਾਗ, ਪਟਿਆਲਾ।

***

ਕੈਪਟਨ ਅਮਰਿੰਦਰ ਸਿੰਘ ਦੀ ਚੌਥੀ ਚਿੱਠੀ

੧ਓ ਵਾਹਿਗੁਰੂ ਜੀ ਕੀ ਫਤਹਿ

ਪਾਵਨ ਸੇਵਾ ਵਿਖੇ,

ਸਿੰਘ ਸਾਹਿਬ ਸ੍ਰੀਮਾਨ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ

ਪਰਮ ਕ੍ਰਿਪਾਲੂ ਜੀਓ,

ਮੈਂ ਆਪ ਜੀ ਦੀ ਪਾਵਨ ਸੇਵਾ ਵਿਖੇ ਜਥੇਦਾਰ ਗੁਰਚਰਨ ਸਿੰਘ ਟੌਹੜਾ, ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਰੁੱਧ ਅੱਠ ਗੰਭੀਰ ਦੋਸ਼ਾਂ 'ਤੇ ਅਧਾਰਤ ਬੇਨਤੀ ਪੱਤਰ ਪੇਸ਼ ਕਰ ਚੁੱਕਿਆ ਹਾਂ;

1. 1924 ਦੇ ਹੁਕਮਨਾਮੇ ਅਨੁਸਾਰ ਜਥੇਦਾਰ ਟੌਹੜਾ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੀਲਾ ਤਾਰਾ ਅਪ੍ਰੇਸ਼ਨ ਸਮੇਂ ਸ੍ਰੀ ਅਕਾਲ ਤਖ਼ਤ ਦੀ ਬੇਅਦਬੀ ਸਹਾਰ ਕੇ, ਸਿਰ ਕਟਵਾਉਣ ਦੀ ਜਗ੍ਹਾ ਸਿਰ ਝੁਕਾ ਕੇ ਸਤਿਗੁਰੂ ਤੇ ਅਕਾਲ ਪੁਰਖ ਦੀ ਦਰਗਾਹ ਤੋਂ ਬੇਦਾਵਾ ਲਿਖ ਚੁੱਕੇ ਹਨ।

2. 1986 ਵਿਚ ਬਰਨਾਲਾ ਸਰਕਾਰ ਨੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਪੁਲਿਸ ਧਾਵਾ ਬੋਲਿਆ ਜਿਸ ਦੀ ਹਮਾਇਤ ਕਰਕੇ ਚੰਦੂਮਾਜਰਾ ਆਦਿ ਨੇ ਵਜ਼ੀਰੀਆਂ ਪ੍ਰਾਪਤ ਕਰਕੇ ਸਤਿਗੁਰੂ ਨੂੰ ਬੇਦਾਵਾ ਲਿਖ ਦਿੱਤਾ। ਜਥੇਦਾਰ ਟੌਹੜਾ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਚੰਦੂਮਾਜਰਾ ਆਦਿ ਨੂੰ ਰਾਜਸੀ ਪਦਵੀਆਂ ਤੇ ਵਜ਼ੀਰੀਆਂ ਦੁਆ ਕੇ ਗੁਰੂ ਘਰ ਨਾਲ ਵਿਸ਼ਵਾਸਘਾਤ ਕੀਤਾ।

3. ਜਥੇਦਾਰ ਟੌਹੜਾ ਨੇ ਆਪਣੇ ਰਾਜਸੀ ਸਵਾਰਥਾਂ ਲਈ 28.09.1979 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਪਾਵਨ ਸੇਵਾ ਵਿਚ 14 ਪੰਨਿਆਂ 'ਤੇ ਅਧਾਰਿਤ ਝੂਠ ਦਾ ਪੁਲੰਦਾ ਪੇਸ਼ ਕੀਤਾ।

4. ਜਥੇਦਾਰ ਟੌਹੜਾ ਨੇ ਮਿਤੀ 5.03.1980 ਨੂੰ ਇਕ ਝੂਠੀ ਤੇ ਜਾਅਲੀ ਡੇਲੀਗੇਟਾਂ

ਦੀ ਸੂਚੀ ਪੰਜ ਸਿੰਘ ਸਾਹਿਬਾਨ ਅੱਗੇ ਪੇਸ਼ ਕਰਾਈ।

5. ਜਥੇਦਾਰ ਟੌਹੜਾ ਨੇ 1992 ਵਿਚੋਂ ਸ੍ਰੀ ਕੇਸਗੜ੍ਹ ਸਾਹਿਬ ਦੇ ਪਾਵਨ ਸਥਾਨ 'ਤੇ ਧਾਰਮਕ ਤੇ ਰਾਜਸੀ ਪਦਵੀ ਨਾ ਲੈਣ ਦੀ ਖਾਧੀ ਕਸਮ ਨੂੰ ਤੋੜਿਆ।

6. ਪੰਥਕ ਤੇ ਜਨਤਕ ਹਿਤਾਂ ਲਈ ਜਥੇਦਾਰ ਟੌਹੜਾ ਨੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਕੀਤੀ ਅਰਦਾਸ ਨੂੰ ਭੰਗ ਕੀਤਾ।

7. 15 ਫਰਵਰੀ, 1998 ਨੂੰ ਜਥੇਦਾਰ ਟੌਹੜਾ ਸੰਤ ਨਿਰੰਕਾਰੀ ਸਤਸੰਗ ਭਵਨ, ਪਟਿਆਲਾ ਵਿਚੋਂ ਜਾ ਕੇ ਸਿਰੋਪਾ ਲੈ ਕੇ ਤੇ ਹਾਜ਼ਰੀ ਲਵਾ ਕੇ 10 ਜੂਨ, 1978 ਦੇ ਹੁਕਮਨਾਮੇ ਦੀ ਉਲੰਘਣਾ ਕਰ ਚੁੱਕੇ ਹਨ।

8. ਜਥੇਦਾਰ ਟੌਹੜਾ ਨਿਰੰਕਾਰੀ ਵੋਟਾਂ ਤੱਕ ਪਹੁੰਚ ਤੇ ਅਪੀਲ ਕਰਨ ਦੀਆਂ ਗੱਲਾਂ 11, 12, 13, 14 ਅਪ੍ਰੈਲ ਦੇ ਅਖਬਾਰਾਂ ਰਾਹੀਂ ਸਮੂਹ ਸਿੱਖ ਜਗਤ ਅੱਗੇ ਸਵੀਕਾਰ ਕਰ ਚੁੱਕੇ ਹਨ, ਸਾਰੇ ਪੰਜਾਬ ਦੇ 11, 12, 13, 14 ਅਪ੍ਰੈਲ ਦੀਆਂ ਅਖਬਾਰਾਂ ਵਿਚ ਛਪੀਆਂ ਖਬਰਾਂ ਦਾ ਜਥੇਦਾਰ ਟੌਹੜਾ ਵੱਲੋਂ ਖੰਡਨ ਨਹੀਂ ਕੀਤਾ ਗਿਆ। ਪਰ ਜਥੇਦਾਰ ਟੌਹੜਾ 20 ਅਪ੍ਰੈਲ, 1998 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਪਾਵਨ ਸੇਵਾ ਵਿਚ ਪੰਜ ਸਿੰਘ ਸਾਹਿਬਾਨ ਸਾਹਮਣੇ ਛਲ, ਕਪਟ ਦੀ ਭਾਸ਼ਾ ਰਾਹੀਂ ਨਿਰੰਕਾਰੀ ਭਵਨ ਜਾਣ, ਸਿਰੋਪਾ ਲੈਣ ਅਤੇ ਵੋਟਾਂ ਲੈਣ ਬਾਰੇ ਝੂਠ ਬੋਲ ਚੁੱਕੇ ਹਨ।

ਜਥੇਦਾਰ ਟੌਹੜਾ ਦੇ ਗੰਭੀਰ ਦੋਸ਼ਾਂ ਬਾਰੇ ਹੇਠ ਲਿਖੇ ਸਬੂਤ ਆਪ ਜੀ ਦੀ ਸੇਵਾ ਵਿਚ ਪੇਸ਼ ਕਰ ਚੁੱਕਿਆ ਹਾਂ।

1. 1924 ਦੇ ਹੁਕਮਨਾਮੇ ਦੀ ਕਾਪੀ। (ਨੋਟ: ਵੇਖੋ ਕਿਤਾਬ ਦੇ ਅਖੀਰ 'ਚ)

2. ਪੰਜ ਸਿੰਘ ਸਾਹਿਬਾਨ ਦਾ ਪ੍ਰੈਸ ਬਿਆਨ। (ਨੋਟ: ਵੇਖੋ ਕਿਤਾਬ ਦੇ ਅਖੀਰ 'ਚ)

3. ਜਥੇਦਾਰ ਟੌਹੜੇ ਦੀ ਝੂਠ ਦੇ ਪੁਲੰਦੇ ਦੀ ਕਾਪੀ। (ਨੋਟ: ਵੇਖੋ ਕਿਤਾਬ ਦੇ ਅਖੀਰ 'ਚ)

4. ਜਥੇਦਾਰ ਟੌਹੜੇ ਦੇ ਨਿਰੰਕਾਰੀ ਭਵਨ ਦੀ ਫੇਰੀ ਬਾਰੇ 20 ਮੂੰਹ ਬੋਲਦੀਆਂ ਤਸਵੀਰਾਂ ਭਾਵ ਪੰਜਾਬ ਦੀਆਂ ਅਖਬਾਰਾਂ ਵਿਚੋਂ ਛਪੇ ਬਿਆਨਾਂ ਦੀਆਂ ਫੋਟੋ ਕਾਪੀਆਂ। (ਨੋਟ: ਜਿਵੇਂ ਏਥੇ ਕੈਪਟਨ ਸਾਹਿਬ ਨੇ ਆਪ ਹੀ ਸਪਸ਼ਟ ਕਰ ਦਿੱਤਾ ਹੈ ਕਿ 20 ਮੂੰਹ ਬੋਲਦੀਆਂ ਫੋਟੋਆਂ ਤੋਂ ਭਾਵ ਉਹ ਅਖਬਾਰੀ ਬਿਆਨ ਹਨ ਜੋ ਵੱਖ-ਵੱਖ ਅਖਬਾਰਾਂ ਵਿਚ ਆ ਚੁਕੇ ਹਨ। ਤੇ ਏਸੇ ਤਰ੍ਹਾਂ ਹੀ 1924 ਦਾ ਹੁਕਮਨਾਮਾਂ ਤੇ ਹੋਰ ਕਾਗਜ਼ ਪਤਰ ਹਨ ਜੋ ਟੌਹੜਾ ਸਾਹਿਬ ਦੇ ਵਿਰੁੱਧ ਜਥੇਦਾਰ ਅਕਾਲ ਤਖ਼ਤ ਸਾਹਿਬ ਨੂੰ ਪੇਸ਼ ਕੀਤੇ ਹਨ। ਇਹ ਸਾਰੇ ਇਸ ਕਿਤਾਬ ਦੇ ਅਖੀਰ ਵਿਚ ਦਿੱਤੇ ਗਏ ਹਨ। ਫੋਟੋਆਂ ਉਹਨਾਂ ਨੇ ਸਿਰਫ ਤਿੰਨ ਹੀ ਭੇਜੀਆਂ ਹਨ ਤੇ ਇਕ ਫੋਟੋ ਦਾ ਨੈਗੇਟਿਵ ਭੇਜਿਆ ਹੈ। ਫੋਟੋ ਅੱਗੇ ਦਿਖਾਈਆਂ ਜਾ ਰਹੀਆਂ ਹਨ।)

5. ਨਿਰੰਕਾਰੀ ਭਵਨ ਦਾ ਗੇਟ, ਨਿਰੰਕਾਰੀ ਭਵਨ ਦੀ ਇਮਾਰਤ, ਨਿਰੰਕਾਰੀ ਸਤਿਸੰਗ ਵਿਚ ਜਥੇਦਾਰ ਟੌਹੜਾ ਦੇ ਦ੍ਰਿਸ਼ ਦੀਆਂ ਫੋਟੋਆਂ ਭੇਜ ਚੁੱਕਾ ਹਾਂ।

6. ਜਥੇਦਾਰ ਟੌਹੜਾ ਦੇ ਨਿਰੰਕਾਰੀ ਭਵਨ ਦੇ ਦ੍ਰਿਸ਼ ਦੀ ਫੋਟੋ ਦੇ ਨੈਗੇਟਿਵ ਦੇ ਔਥੇਨਟੀਸਿਟੀ ਸਰਟੀਫਿਕੇਟ ਭੇਜ ਰਿਹਾ ਹਾਂ।

ਪਿਛਲੇ 50 ਦਿਨਾਂ ਤੋਂ ਮੇਰੇ ਵਲੋਂ ਜਥੇਦਾਰ ਟੌਹੜਾ ਵਿਰੁੱਧ ਲਾਏ ਗਏ ਗੰਭੀਰ ਦੋਸ਼ ਤੇ ਉਸ ਬਾਰੇ ਭੇਜੇ ਸਬੂਤਾਂ ਬਾਰੇ ਜਥੇਦਾਰ ਟੌਹੜਾ ਬੋਲਣ ਦੀ ਜੁਰਅਤ ਨਹੀਂ ਕਰ ਸਕਿਆ। ਜਥੇਦਾਰ ਟੌਹੜਾ ਦਾ ਨਿਰੰਕਾਰੀ ਭਵਨ ਜਾਣ ਬਾਰੇ 20 ਮੂੰਹ ਬੋਲਦੀਆਂ ਤਸਵੀਰਾਂ ਦੇ ਸਬੂਤ ਵਿਚੋਂ ਇਕ ਤਸਵੀਰ ਨੂੰ ਲੈ ਕੇ ਜਥੇਦਾਰ ਟੌਹੜਾ ਤੇ ਉਸ ਦੇ ਸਾਥੀ "ਚੋਰ ਮਚਾਏ ਸ਼ੋਰ" ਦੀ ਕਹਾਵਤ ਨੂੰ ਸਿੱਧ ਕਰ ਰਹੇ ਹਨ। ਜਥੇਦਾਰ ਟੌਹੜਾ ਨੂੰ ਨਿਰੰਕਾਰੀ ਭਵਨ ਵਿਖੇ ਸਿਰੋਪਾ ਦੇਣ ਵਾਲੇ ਸ੍ਰੀ ਰਾਮ ਲਾਲ ਕੱਦ ਦਾ ਮਿਤੀ 25.05.1998 ਦੇ ਪੰਜਾਬੀ ਟ੍ਰਿਬਿਊਨ ਤੇ 26.05.1998 ਦੇ ਇੰਡੀਅਨ ਐਕਸਪ੍ਰੈਸ ਵਿਚ ਛਪੇ ਬਿਆਨ ਜਥੇਦਾਰ ਟੌਹੜੇ ਦੇ ਸਾਥੀਆਂ ਦੇ ਮੂੰਹ 'ਤੇ ਕਰਾਰਾ ਤਮਾਚਾ ਹੈ।

ਪਰ ਇਸ ਫੋਟੋ ਦੇ ਵਾਦ-ਵਿਵਾਦ ਬਾਰੇ ਸਪੱਸ਼ਟ ਕਰਨਾ ਮੈਂ ਆਪਣਾ ਇਖਲਾਕੀ ਫਰਜ਼ ਸਮਝਦਾ ਹਾਂ। ਜਥੇਦਾਰ ਟੌਹੜਾ ਦੇ ਨਿਰੰਕਾਰੀ ਸਤਿਸੰਗ ਭਵਨ ਜਾਣ ਬਾਰੇ ਇਕ ਫੋਟੋ ਮੈਨੂੰ ਗੁਰਸਿੱਖ ਤੋਂ ਪ੍ਰਾਪਤ ਹੋਈ। ਮੈਂ ਜਥੇਦਾਰ ਟੌਹੜੇ ਦੇ ਛਲ ਕਪਟ ਨੂੰ ਧਿਆਨ ਵਿਚ ਰਖਦਿਆਂ ਉਸ ਫੋਟੋ ਦੀ ਫੋਟੋਗ੍ਰਾਫਿਕ ਜਾਂਚ ਕਰਨ ਉਪਰੰਤ ਫੋਟੋ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਭੇਜ ਦਿੱਤੀ।

ਅੱਜ ਦੇ ਕੰਪਿਊਟਰ ਯੁਗ ਵਿਚ ਕਿਸੇ ਵੀ ਫੋਟੋ 'ਤੇ ਕਿੰਤੂ ਪ੍ਰੰਤੂ ਕੀਤਾ ਜਾ ਸਕਦਾ ਹੈ ਪਰ ਮੂੰਹ ਬੋਲਦੀਆਂ ਤਸਵੀਰਾਂ 'ਤੇ ਦੁਨੀਆਂ ਦੀ ਕੋਈ ਸ਼ਕਤੀ ਕਿੰਤੂ ਪ੍ਰੰਤੂ ਨਹੀਂ ਕਰ ਸਕਦੀ। ਮਸਲਾ ਇਕ ਫੋਟੋ ਦੇ ਠੀਕ ਜਾਂ ਗਲਤ ਹੋਣ ਦਾ ਨਹੀਂ, ਮਸਲਾ ਜਥੇਦਾਰ ਟੌਹੜਾ ਦੇ ਨਿਰੰਕਾਰੀ ਭਵਨ ਜਾਣ ਦਾ ਹੈ, ਜਿਸ ਦੇ ਸਬੂਤ ਵਜੋਂ 20 ਮੂੰਹ ਬੋਲਦੀਆਂ ਤਸਵੀਰਾਂ ਮੈਂ ਆਪ ਜੀ ਦੀ ਸੇਵਾ ਵਿਚ ਭੇਜ ਚੁੱਕਾ ਹਾਂ।

ਮਿਤੀ 25.05.1998 ਦੀ ਅਖਬਾਰ ਵਿਚ ਖਬਰ ਪ੍ਰਕਾਸ਼ਤ ਹੋਈ ਹੈ ਕਿ ਜਥੇਦਾਰ ਟੌਹੜਾ ਇਹ ਲਿਖਤੀ ਰੂਪ ਵਿਚ ਮੰਨ ਚੁੱਕਿਆ ਹੈ ਕਿ ਮੈਂ ਨਿਰੰਕਾਰੀ ਭਵਨ ਗਲਤੀ ਨਾਲ ਗਿਆ, ਜਦੋਂ ਮੈਨੂੰ ਨਿਰੰਕਾਰੀਆਂ ਦੇ ਇਕੱਠ ਦਾ ਪਤਾ ਲੱਗਾ ਤਾਂ ਮੈਂ ਉਥੋਂ ਦੌੜ ਪਿਆ। ਮੇਰੇ ਦੌੜੇ-ਦੌੜੇ ਆਉਂਦਿਆਂ ਨਿਰੰਕਾਰੀਆਂ ਨੇ ਸਿਰੋਪਾ ਮੇਰੇ ਗਲ ਵਿਚ ਪਾ ਦਿੱਤਾ। ਮੈਂ ਆਪਣੇ 8.05.1998 ਦੇ ਬੇਨਤੀ ਪੱਤਰ ਵਿਚ ਵਿਸਥਾਰ ਪੂਰਬਕ ਜਾਣਕਾਰੀ ਦੇ ਚੁੱਕਾ ਹਾਂ ਕਿ ਜਥੇਦਾਰ ਟੌਹੜਾ ਆਪਣੀ ਸਿਕਿਓਰਿਟੀ ਪੁਸ਼ਪਿੰਦਰ ਬਾਂਸਲ ਦੀ ਦੁਕਾਨ 'ਤੇ ਛੱਡ ਕੇ ਨਿਰੰਕਾਰੀ ਭਵਨ ਗਿਆ ਜਿਸ ਤੋਂ ਪ੍ਰਤੱਖ ਜ਼ਾਹਿਰ ਹੈ ਕਿ ਉਹ ਕਿਥੇ ਜਾ ਰਿਹਾ ਹੈ। ਨਿਰੰਕਾਰੀ ਭਵਨ 1967 ਤੋਂ ਏਥੇ ਹੀ ਸਥਾਪਤ ਹੈ, ਜਿਥੇ ਜਥੇਦਾਰ ਟੌਹੜਾ 1978 ਵਿਚ ਮੁਜ਼ਾਹਰੇ ਵੀ ਕਰਵਾ ਚੁੱਕਿਆ ਹੈ, ਨਿਰੰਕਾਰੀ ਭਵਨ ਦੀ ਬਿਲਡਿੰਗ 'ਤੇ ਵੱਡੇ ਸ਼ਬਦਾਂ ਵਿਚ ਸੰਤ ਨਿਰੰਕਾਰੀ ਸਤਸੰਗ ਭਵਨ ਲਿਖਿਆ ਹੋਇਆ ਹੈ ਤੇ ਨਿਰੰਕਾਰੀ ਭਵਨ ਦੇ ਬਾਹਰ ਨਿਰੰਕਾਰੀ ਸੇਵਾਦਾਰ ਆਪਣੀ ਵਰਦੀ ਪਹਿਨੇ ਸਤਿਸੰਗ ਸਮੇਂ ਖੜ੍ਹੇ ਰਹਿੰਦੇ ਹਨ। ਜਥੇਦਾਰ ਟੌਹੜਾ ਇਕ ਝੂਠ ਛੁਪਾਉਣ ਲਈ 100 ਝੂਠ ਬੋਲ ਰਿਹਾ ਹੈ।

ਮੈਂ ਆਪ ਜੀ ਦੀ ਸੇਵਾ ਵਿਚ ਪਹਿਲਾਂ ਵੀ ਇਕ ਬੇਨਤੀ ਕੀਤੀ ਸੀ ਕਿ ਸੁਪਰੀਮ ਕੋਰਟ ਦੇ ਦੋ ਰਿਟਾਇਰਡ ਸਿੱਖ ਜੱਜਾਂ 'ਤੇ ਆਧਾਰਤ ਜਾਂਚ ਕਮੇਟੀ ਨਿਯੁਕਤ ਕੀਤੀ ਜਾਵੇ ਪਰ ਆਪ ਜੀ ਨੇ ਫੁਰਮਾਇਆ ਸੀ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਅਜਿਹੀ ਕੋਈ ਰਵਾਇਤ ਨਹੀਂ ਪਰ ਹੁਣ ਜਥੇਦਾਰ ਗੁਰਚਰਨ ਸਿੰਘ ਟੌਹੜਾ ਤਕਨੀਕੀ ਜਾਂਚ ਕਮੇਟੀ ਦੀ

ਮੰਗ ਕਰ ਰਿਹਾ ਹੈ। ਮੇਰੇ ਲਈ ਤਾਂ ਆਪ ਹੀ ਸੁਪਰੀਮ ਅਦਾਲਤ ਹੋ। ਜੋ ਵੀ ਫੈਸਲਾ ਕਰੋਗੇ ਮੈਂ ਖਿੜੇ ਮੱਥੇ ਪ੍ਰਵਾਨ ਕਰਾਂਗਾ ਪਰ ਜੇ ਆਪ ਜੀ ਜਾਂਚ ਕਮੇਟੀ ਨਾਮਜ਼ਦ ਕਰਨਾ ਚਾਹੁੰਦੇ ਹੋ ਤਾਂ ਸੁਪਰੀਮ ਕੋਰਟ ਦੇ ਦੋ ਰਿਟਾਇਰਡ ਸਿੱਖ ਜੱਜਾਂ 'ਤੇ ਆਧਾਰਤ ਕਮੇਟੀ ਬਣਾਉਣ ਦੀ ਕ੍ਰਿਪਾਲਤਾ ਕਰੋ, ਜੋ ਕਿ ਕੇਵਲ ਇਕ ਫੋਟੋ ਹੀ ਨਹੀਂ ਸਗੋਂ 20 ਮੂੰਹ ਬੋਲਦੀਆਂ ਤਸਵੀਰਾਂ ਤੇ ਦੂਸਰੇ ਸਾਰੇ ਤੱਥਾਂ ਦੀ ਪੜਤਾਲ ਕਰਕੇ ਜਥੇਦਾਰ ਟੌਹੜਾ ਦੇ ਅੱਠਵੇਂ ਗੰਭੀਰ ਦੋਸ਼ ਦੇ ਝੂਠ ਸੱਚ ਦਾ ਵੀ ਨਿਤਾਰਾ ਹੋ ਸਕੇ।

ਆਪ ਜੀ ਦੇ ਆਦੇਸ਼ ਅਨੁਸਾਰ ਮੈਂ ਬੜੀ ਮੁਸ਼ਕਿਲ ਨਾਲ ਉਸ ਫੋਟੋ ਦੇ ਅਸਲੀ ਨੈਗੇਟਿਵ ਨੂੰ ਪ੍ਰਾਪਤ ਕਰ ਸਕਿਆ ਹਾਂ। ਮੈਂ ਆਪ ਜੀ ਦੀ ਸੇਵਾ ਵਿਚ ਅਸਲੀ ਨੈਗੇਟਿਵ ਤੇ ਔਥੇਨਟੀਸਿਟੀ ਸਰਟੀਫਿਕੇਟ ਭੇਜ ਰਿਹਾ ਹਾਂ। ਇਹ ਮੇਰੇ ਵਲੋਂ ਆਖਰੀ ਬੇਨਤੀ ਪੱਤਰ ਤੇ ਆਖਰੀ ਸਬੂਤ ਆਪ ਜੀ ਦੀ ਸੇਵਾ ਵਿਚ ਭੇਜਿਆ ਜਾ ਰਿਹਾ ਹੈ।

ਪਰਮ ਕ੍ਰਿਪਾਲੂ ਜੀਓ, ਗੁਰੂ ਘਰ ਨੂੰ ਬੇਦਾਵਾ ਦੇਣ ਵਾਲਾ, ਗੁਰੂ ਘਰ ਦਾ ਵਿਸ਼ਵਾਸਘਾਤੀ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਝੂਠੇ ਤੇ ਜਾਅਲੀ ਦਸਤਾਵੇਜ਼ ਪੇਸ਼ ਕਰਨ ਵਾਲਾ, ਗੁਰੂ ਮਹਾਰਾਜ ਦੀ ਹਜ਼ੂਰੀ ਵਿਚ ਖਾਧੀਆਂ ਕਸਮਾਂ ਤੋੜਨ ਵਾਲਾ, ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਕੀਤੀ ਅਰਦਾਸ ਨੂੰ ਭੰਗ ਕਰਨ ਵਾਲਾ, ਹੁਕਮਨਾਮਿਆਂ ਦੀ ਉਲੰਘਣਾ ਕਰਨ ਵਾਲਾ, ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਵਾਰ-ਵਾਰ ਝੂਠ ਬੋਲਣ ਵਾਲਾ ਜਥੇਦਾਰ ਗੁਰਚਰਨ ਸਿੰਘ ਟੌਹੜਾ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ 8 ਗੰਭੀਰ ਦੋਸ਼ਾਂ ਦਾ ਕੇਸ ਸਿੱਖ ਪੰਥ ਦੀ ਸੁਪਰੀਮ ਅਦਾਲਤ ਵਿਚ ਪੇਸ਼ ਹੈ। ਆਪ ਜੀ ਜਥੇਦਾਰ ਟੌਹੜੇ ਦੇ ਇਨ੍ਹਾਂ 8 ਗੰਭੀਰ ਦੋਸ਼ਾਂ ਬਾਰੇ ਇਤਿਹਾਸਕ ਫੈਸਲਾ ਦੇਣ ਦੀ ਕ੍ਰਿਪਾਲਤਾ ਕਰਨੀ ਹੈ।

1. ਕੀ ਗੁਰੂ ਘਰ ਤੋਂ ਬੇਦਾਵਾ ਦੇਣ ਵਾਲੇ ਪੰਥ ਦੀ ਧਾਰਮਿਕ ਜਥੇਬੰਦੀ ਤੇ ਰਾਜਸੀ ਪ੍ਰਤੀਨਿਧਤਾ ਕਰ ਸਕਦੇ ਹਨ।

2. ਕੀ ਗੁਰੂ ਘਰ ਦਾ ਵਿਸ਼ਵਾਸਘਾਤੀ ਗੁਰੂ-ਘਰ ਦੀ ਸੇਵਾ ਸੰਭਾਲ ਕਰਨ ਵਾਲੀ ਜਥੇਬੰਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪ੍ਰਧਾਨ ਰਹਿ ਸਕਦਾ ਹੈ।

3. ਕੀ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਝੂਠੇ ਦਸਤਾਵੇਜ਼ ਪੇਸ਼ ਕਰਨ ਵਾਲਾ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਕੀਤੀ ਅਰਦਾਸ ਭੰਗ ਕਰਨ ਵਾਲਾ ਤੇ ਗੁਰੂ ਮਹਾਰਾਜ ਦੀ ਹਜ਼ੂਰੀ ਵਿਚ ਕਸਮਾਂ ਖਾ ਕੇ ਤੋੜਨ ਵਾਲਾ ਪੰਥਕ ਲੀਡਰ ਅਖਵਾ ਸਕਦਾ ਹੈ।

4. ਕੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪ੍ਰਧਾਨ ਹੁਕਮਨਾਮਿਆਂ ਦੀ ਉਲੰਘਣਾ ਕਰਨ ਉਪਰੰਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪ੍ਰਧਾਨ ਬਣਿਆ ਰਹਿ ਸਕਦਾ ਹੈ।

ਮੇਰਾ ਵਿਸ਼ਵਾਸ ਹੈ ਕਿ ਆਪ ਜੀ ਜਥੇਦਾਰ ਟੌਹੜਾ ਦੇ 8 ਗੰਭੀਰ ਦੋਸ਼ਾਂ ਬਾਰੇ ਇਤਿਹਾਸਕ ਫੈਸਲਾ ਦਿਓਗੇ ਜੋ ਸਿੱਖ ਇਤਿਹਾਸ ਵਿਚ ਮੀਲਪੱਥਰ ਸਾਬਤ ਹੋਵੇਗਾ।

ਸਤਿਕਾਰ ਸਹਿਤ,

ਗੁਰੂ ਪੰਥ ਦਾ ਦਾਸ,
(ਅਮਰਿੰਦਰ ਸਿੰਘ)
ਨਿਊ ਮੋਤੀ ਬਾਗ, ਪਟਿਆਲਾ।

ਮਿਤੀ 6 ਜੂਨ 1998.
ਉਤਾਰਾ : ਸਮੂਹ ਸਿੱਖ ਸੰਗਤ।

***

1. "ਜਥੇਦਾਰ ਟੌਹੜਾ ਦੀ ਨਿਰੰਕਾਰੀ ਭਵਨ ਪਟਿਆਲਾ ਫੇਰੀ" ਬਾਰੇ ਫੋਟੋ ਅਤੇ ਨੈਗੇਟਿਵ ਦੀ ਸੱਤ ਹੇਠ ਲਿਖੇ ਰਾਸ਼ਟਰੀ ਪੱਧਰ ਦੇ ਮਾਹਿਰ ਜੋ ਕਿ ਦਿੱਲੀ ਵਿਚ ਸਥਾਪਤ ਹਨ ਤੋਂ ਜਾਂਚ ਅਤੇ ਪੁਸ਼ਟੀ ਕਰਵਾਈ ਗਈ।

2. ਨੈਗੇਟਿਵ ਅਤੇ ਫੋਟੋ ਦੀ ਬੜੀ ਡੂੰਘਾਈ ਨਾਲ ਆਧੁਨਿਕ ਤਕਨੀਕੀ ਫੋਟੋਗ੍ਰਾਫੀ ਅਤੇ ਕੰਪਿਊਟਰ ਰਾਹੀਂ ਜਾਂਚ ਕਰਵਾਈ ਗਈ ਅਤੇ ਹੇਠ ਲਿਖੇ ਵੱਖ-ਵੱਖ ਸੱਤ ਅਦਾਰਿਆਂ ਨੇ ਫੋਟੋ ਅਤੇ ਨੈਗੇਟਿਵ ਨੂੰ ਸਹੀ ਅਤੇ ਔਰੀਜਨਲ ਕਰਾਰ ਦਿੱਤਾ ਹੈ।

3. ਇਨ੍ਹਾਂ ਸੱਤਾਂ ਵਿਚੋਂ ਇਕ ਵਪਾਰਕ ਕੰਪਨੀ ਅਤੇ ਬਾਕੀ ਦੇ ਛੇ ਫੋਟੋਗ੍ਰਾਫਰ ਦਿੱਲੀ ਦੇ ਰੋਜ਼ਾਨਾ ਅਖਬਾਰਾਂ ਦੇ ਉੱਘੇ ਫੋਟੋਗ੍ਰਾਫਰ ਹਨ।

(ੳ) ਨੈਸ਼ਨਲ ਪ੍ਰੈਸ

1. ਸ੍ਰੀ ਸੰਦੀਪ ਸ਼ੰਕਰ, ਫੋਟੋਗ੍ਰਾਫੀ ਐਡੀਟਰ, ਦੀ ਟਾਈਮਜ਼ ਆਫ ਇੰਡੀਆ, ਨਵੀਂ ਦਿੱਲੀ।

2. ਸ੍ਰੀ ਸੁਰਿੰਦਰ ਕਪੂਰ, ਚੀਫ਼ ਪ੍ਰੋਡਿਊਸਰ, ਦੀ ਏਸ਼ੀਅਨ ਨਿਊਜ਼ ਇੰਟਰਨੈਸ਼ਨਲ (ਏ.ਐਨ.ਆਈ.) ਟੈਲੀਵਿਜ਼ਨ ਨਿਊਜ਼ ਕੰਪਨੀ, ਜਿਹੜੀ ਕਿ ਬੀ.ਬੀ.ਸੀ., ਰਾਇਟਰ, ਸਟਾਰ, ਜ਼ੀ ਟੈਲੀਵਿਜ਼ਨ, ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਕੰਪਨੀਆਂ ਨਾਲ ਸਬੰਧਤ ਹੈ।

3. ਸ੍ਰੀ ਸੰਜੇ ਸ਼ਰਮਾ, ਫੋਟੋਗ੍ਰਾਫੀ ਐਡੀਟਰ, ਦੀ ਪਾਇਨੀਅਰ, ਨਵੀਂ ਦਿੱਲੀ।

4. ਸ੍ਰੀ ਕਿਸ਼ੋਰ ਚੰਦ, ਚੀਫ ਫੋਟੋ ਜਨਰਲਿਸਟ, ਦੀ ਨੈਸ਼ਨਲ ਹੈਰਲਡ, ਨਵੀਂ ਦਿੱਲੀ।

5. ਸ੍ਰੀ ਦਿਨੇਸ਼ ਕ੍ਰਿਸ਼ਨਨ, ਸੀਨੀਅਰ ਫੋਟੋਗ੍ਰਾਫਰ, ਦੀ ਬਿਜਨੈਸ ਵਰਲਡ, ਨਵੀਂ ਦਿੱਲੀ।

6. ਸ੍ਰੀ ਮਨੀਸ਼ ਸਰੂਪ, ਚਲਦਾ ਫਿਰਦਾ ਫੋਟੋਗ੍ਰਾਫਰ (ਫਰੀਲਾਂਸ) ਫੋਟੋਗ੍ਰਾਫਰ, ਨੈਸ਼ਨਲ ਪ੍ਰੈਸ, ਨਵੀਂ ਦਿੱਲੀ।

(ਅ) ਵਪਾਰਕ ਕੰਪਨੀ

1. ਸ੍ਰੀ ਪਵਨ ਮਹੱਟਾ, ਮਹੱਟਾ ਐਂਡ ਕੰਪਨੀ, ਨਵੀਂ ਦਿੱਲੀ, ਉੱਘੇ ਫੋਟੋਗ੍ਰਾਫਰ, ਜਿਸ ਕੋਲ ਆਧੁਨਿਕ ਯੁਗ ਦੀ ਕੰਪਿਊਟਰ ਫੋਟੋਗ੍ਰਾਫੀ ਦੀਆਂ ਸਹੂਲਤਾਂ ਹਨ ਅਤੇ ਇਸ ਕੰਪਨੀ ਨੂੰ ਕਰੀਬ 100 ਸਾਲਾਂ ਦਾ ਤਜਰਬਾ ਹੈ।

***

*23 ਮਈ 1998*

ਸ: ਅਮਰਿੰਦਰ ਸਿੰਘ ਜੀ,
ਵਾਹਿਗੁਰੂ ਜੀ ਕਾ ਖਾਲਸਾ।
ਵਾਹਿਗੁਰੂ ਜੀ ਕੀ ਫਤਹਿ॥

ਤੁਹਾਡੇ ਵਲੋਂ ਭੇਜੀ ਫਾਈਲ ਪ੍ਰਾਪਤ ਹੋਈ ਜਿਸ ਵਿਚ ਤਿੰਨ ਤਸਵੀਰਾਂ ਹਨ।

ਚੰਗਾ ਹੋਵੇ, ਜੇ ਤੁਸੀਂ ਇਨ੍ਹਾਂ ਤਸਵੀਰਾਂ ਦੇ ਨਾਲ ਹੋਰ ਖਿੱਚੀਆਂ ਤਸਵੀਰਾਂ ਦੇ ਨੈਗੇਟਿਵਾਂ ਦੀ ਪੂਰੀ ਰੀਲ੍ਹ ਮੇਰੇ ਨਿਵਾਸ ਅਸਥਾਨ 'ਤੇ 10 ਦਿਨਾਂ ਦੇ ਅੰਦਰ-ਅੰਦਰ ਭੇਜਣ ਦੀ ਖੇਚਲ ਕਰਨੀ। ਇਹ ਅਤੀ ਜ਼ਰੂਰੀ ਹੈ।

ਗੁਰੂ ਪੰਥ ਦਾ ਦਾਸ,

*ਰਣਜੀਤ ਸਿੰਘ*

ਮਹਾਰਾਜਾ ਕੈਪਟਨ ਅਮਰਿੰਦਰ ਸਿੰਘ ਜੀ,
ਮੋਤੀ ਬਾਗ, ਪਟਿਆਲਾ।

***

ਏਸੇ ਦੌਰਾਨ ਆਮ ਲੋਕਾਂ ਨੇ ਵੀ ਸਿੰਘ ਸਾਹਿਬ ਭਾਈ ਰਣਜੀਤ ਸਿੰਘ ਜੀ ਨੂੰ ਬੜੀਆਂ ਚਿੱਠੀਆਂ ਲਿਖੀਆਂ ਜੋ ਬਿਨਾਂ ਕਿਸੇ ਭੇਦ ਭਾਵ ਤੋਂ ਥਲੇ ਦਿੱਤੀਆਂ ਜਾ ਰਹੀਆਂ ਹਨ। ਲੋਕਾਂ ਦੀਆਂ ਭਾਵਨਾਵਾਂ ਦਾ ਪਤਾ ਪਾਠਕ ਆਪ ਹੀ ਲਾਉਣ।

***

ਸਿੰਘ ਸਾਹਿਬ ਭਾਈ ਰਣਜੀਤ ਸਿੰਘ ਜੀ,

ਸਨਿਮਰ ਬੇਨਤੀ ਹੈ ਕਿ ਕੈਪਟਨ ਅਮਰਿੰਦਰ ਸਿੰਘ ਕਾਂਗਰਸੀ ਜੋ ਪੁਆੜਾ ਤੇ ਫਸਾਦ ਸਰਦਾਰ ਬਹਾਦਰ ਗੁਰਚਰਨ ਸਿੰਘ ਟੌਹੜਾ ਜੀ ਵਿਰੁੱਧ ਖੜ੍ਹਾ ਕਰਨਾ ਚਾਹੁੰਦਾ ਹੈ, ਉਸ ਪਿਛੇ ਬੜੀ ਗਹਿਰੀ, ਕੁਟਲ, ਸਾਜ਼ਸ਼ੀ, ਰਾਜਸੀ, ਸ਼ਾਸਕੀ, ਮੀਣੀ ਚਾਲ ਹੈ ਕਿ ਵੋਟਰ ਨਿਰੰਕਾਰੀਆਂ ਨੂੰ ਕਿਸੇ ਸਾਜ਼ਸ਼ੀ ਚਾਲ ਨਾਲ ਅਕਾਲੀਆਂ ਨਾਲੋਂ ਸਦਾ ਲਈ ਤੋੜ ਕੇ ਵੱਖ ਰੱਖਿਆ ਜਾਏ ਤਾਂ ਕਿ ਇਨ੍ਹਾਂ ਵੋਟਰਾਂ ਦਾ ਲਾਭ ਅਕਾਲੀਆਂ ਨੂੰ ਨਾ ਹੋਵੇ ਤੇ ਕੇਵਲ ਕਾਂਗਰਸੀ ਹੀ ਇਹ ਲਾਹਾ ਲੈ ਸਕਣ। ਸੋ ਇਹ ਚਾਲ ਭਾਂਪ ਲੈਣੀ ਚਾਹੀਦੀ ਹੈ।

ਜੇ ਸਰਦਾਰ ਗੁਰਚਰਨ ਸਿੰਘ ਹੋਰੀਂ ਨਿਰੰਕਾਰੀਆਂ ਨੂੰ ਮਿਲੇ ਵੀ ਹਨ ਤਾਂ ਨਾ ਕੇਵਲ ਆਪਣੇ ਨਿੱਜੀ ਸਵਾਰਥ ਹਿਤ, ਸਗੋਂ ਜੇ ਮਿਲੇ ਵੀ ਹਨ ਤਾਂ ਅਕਾਲੀ ਦਲ (ਬਾਦਲ) ਦੀ ਖਾਤਰ ਵੋਟਾਂ ਲੈਣ ਮਾਰਿਆਂ ਕਿ ਕਿਤੇ ਇਹ ਉਮੀਦਵਾਰ ਹਾਰ ਦਾ ਮੂੰਹ ਨਾ ਵੇਖਣ। ਇਸ ਪਖੋਂ ਨੇਤਾਵਾਂ ਦਾ ਆਪਣੇ ਵੋਟਰਾਂ ਦੀ ਭਾਲ ਵਿਚ ਵੱਧ ਤੋਂ ਵੱਧ ਨੂੰ ਮਿਲਣਾ ਸਗੋਂ ਉਨ੍ਹਾਂ ਦਾ ਧਰਮ ਹੈ ਅਤੇ ਜਾਇਜ਼ ਹੈ। ਕੈਪਟਨ ਸਾਹਿਬ ਦਾ ਮਨੋਰਥ ਟੌਹੜਾ ਸਾਹਿਬ ਨੂੰ ਮਲੀਨ ਕਰਨਾ ਹੈ।

ਫਿਰ ਸਰਦਾਰ ਗੁਰਚਰਨ ਸਿੰਘ ਤਾਂ ਉਹ ਗੁਰਮੁਖ ਪਿਆਰਾ ਹੈ ਜਿਸ ਲਈ

1. ਸਾਧ ਕੈ ਸੰਗ ਕਿਸ ਸਿਉ ਨਹੀ ਬੈਰ
2. ਜਬ ਧਾਰੈ ਕੋਊ ਬੈਰੀ ਮੀਤ। ਤਬ ਲਗ ਨਿਹਚਲ ਨਾਹੀ ਚੀਤ।

(ਪੰਜਵੇਂ ਪਾਤਸ਼ਾਹ ਦੀ ਸੁਖਮਨੀ ਸਾਹਿਬ)

3. ਹਰਖ ਸੋਗ ਜਾਕੈ ਨਹੀਂ ਬੈਰੀ ਮੀਤ ਸਮਾਨਿ
ਕਹੁ ਨਾਨਕ ਸੁਨਿ ਰੇ ਮਨਾ ਮੁਕਤਿ ਤਾਹਿ ਤੈ ਜਾਨਿ। (ਸ਼ਲੋਕ ਮਹਲਾ 9)
4. ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗ ਹਮਕੋ ਬਣ ਆਈ।
5. ਸਭੈ ਸਾਂਝੀਵਾਲ ਸਦਾਇਨ ਕੋਇ ਨ ਦਿਸੈ ਬਾਹਰਾ ਜੀਓ।

ਗੁਰਮੁਖ ਪਿਆਰਿਆਂ ਨੂੰ ਤਾਂ ਆਪਣੇ ਅੰਦਰ ਦੀ ਹਉਮੈ ਨਾਲ ਵੈਰ ਰੱਖਣਾ

ਚਾਹੀਦਾ ਹੈ ਕਿਉਂਕਿ ਹਉਮੈ ਨਾਮੈ ਨਾਲ ਵਿਰੋਧ ਹੈ।

ਗੁਰਮਤਿ ਮਨੁੱਖ ਨੂੰ ਮਨੁੱਖ ਨਾਲ ਜੋੜਦੀ ਹੈ ਤੋੜਦੀ ਨਹੀਂ। ਸਰਬੱਤ ਮਨੁੱਖਤਾ ਦੀ ਸੇਵਾ ਦਾ ਸੰਦੇਸ਼ ਦੇਂਦੀ ਹੈ। ਫਿਰ ਟੌਹੜਾ ਸਾਹਿਬ ਆਪਣੀ ਸੂਝਬੂਝ, ਮੇਲ ਮਿਲਾਪ, ਮਿਲਾਪੜੇ ਸੁਭਾਅ ਤੇ ਪ੍ਰਭਾਵ ਸਦਕਾ ਹੀ ਸਿੰਘ ਸਾਹਿਬ ਨੂੰ ਰਿਹਾਅ ਕਰਵਾ ਸਕੇ ਸਨ। ਸਿੱਖ ਸੰਗਤਾਂ ਕੀ ਸਗੋਂ ਬਾਕੀ ਵੀ ਟੌਹੜਾ ਸਾਹਿਬ ਦੇ ਨਾਲ ਹਨ। ਉੱਚ ਪਦਵੀ 'ਤੇ ਸੁਸ਼ੋਭਿਤ ਹਨ।

ਆਪ ਜੀ ਦਾ ਵਿਸ਼ਵਾਸ ਪਾਤਰ,
ਇਕ ਫ਼ਕੀਰ ਸਾਹਿਤਕਾਰ, ਮੁਖੀ ਪੰਜਾਬੀ ਵਿਭਾਗ
(ਐਮ.ਏ. ਕਲਾਸਾਂ)
ਪ੍ਰੋ: ਚਾਨਣ ਸਿੰਘ ਨਿਰਮਲ
134/1 ਰਲੀਆ ਰਾਮ ਕਲੋਨੀ, ਜੇਲ੍ਹ ਰੋਡ ਗੁਰਦਾਸਪੁਰ-143521.

***

*16 ਜੂਨ 1998*

ਸਿੰਘ ਸਾਹਿਬ ਜੀ,

ਖਿਮਾ ਦਾ ਜਾਚਕ ਹਾਂ ਕਿ 88 ਸਾਲ ਉਮਰ ਕਾਰਨ ਦਾਸ ਦਾ ਹੱਥ ਕੰਬਦਾ ਹੋਣ ਕਰਕੇ ਇਹ ਚਿੱਠੀ ਸ਼ਾਇਦ ਚੰਗੀ ਤਰ੍ਹਾਂ ਪੜ੍ਹੀ ਨਾ ਜਾ ਸਕੇ।

ਇਸ ਚਿੱਠੀ ਦਾ ਮਕਸਦ ਕੇਵਲ ਉਸ ਫੋਟੋ ਬਾਰੇ ਹੈ ਜੋ ਜਥੇਦਾਰ ਗੁਰਚਰਨ ਸਿੰਘ ਟੌਹੜਾ ਸਾਹਿਬ ਬਾਰੇ ਕੈਪਟਨ ਅਮਰਿੰਦਰ ਸਿੰਘ ਨੇ ਟੌਹੜਾ ਸਾਹਿਬ ਦੇ ਅਕਾਲ ਤਖ਼ਤ ਸਾਹਿਬ ਦੇ ਹੁਕਮਨਾਮੇ ਦੀ ਉਲੰਘਣਾ ਕਰਨ ਦੇ ਸਬੂਤ ਵਜੋਂ ਤੁਹਾਨੂੰ ਦਿੱਤੀ ਹੈ। ਉਹ ਤਾਂ ਮੇਰੀ ਜਾਚੇ ਸਰਾਸਰ ਇਕ ਫੋਟੋ 'ਚ ਉਨ੍ਹਾਂ ਦੀ ਫੋਟੋ ਕੰਪਿਊਟਰ ਨਾਲ ਥੋਪੀ ਹੋਈ ਲਗਦੀ ਹੈ।

ਕੈਪਟਨ ਅਮਰਿੰਦਰ ਸਿੰਘ ਤੋਂ ਇਹ ਪੁੱਛਣਾ ਚਾਹੀਦਾ ਹੈ ਕਿ ਕੀ ਇਹ ਇਕ ਫੋਟੋ ਹੀ ਖਿਚੀ ਗਈ ਹੈ, ਜੇ ਕੋਈ ਖਾਸ ਫੋਟੋ, ਜਿਸ ਵਿਚ ਟੌਹੜਾ ਸਾਹਿਬ ਨੂੰ ਸਿਰੋਪਾ ਦਿੱਤਾ ਗਿਆ, ਉਹ ਕਿਥੇ ਹੈ? ਉਸ ਤੋਂ ਬਗੈਰ ਇਸ ਫੋਟੋ ਦਾ ਕੋਈ ਮਹੱਤਵ ਨਹੀਂ ਹੈ।

ਖਾਲਸਾ ਪੰਥ ਦਾ ਦਾਸ
***ਹਰਦਿਆਲ ਸਿੰਘ***
ਸੀ 1 ਜੇ/35 ਬੀ, ਜਨਕਪੁਰੀ, ਨਵੀਂ ਦਿੱਲੀ

***

ਮਿਤੀ 24 ਮਈ 1998 ਨੂੰ 'ਅਜੀਤ' ਅਖ਼ਬਾਰ ਦੇ ਮੁੱਖ ਪੰਨੇ 'ਤੇ ਟੌਹੜਾ-ਨਿਰੰਕਾਰੀ ਵਿਵਾਦ ਸਬੰਧੀ ਛਪੀ ਤਸਵੀਰ ਬਾਰੇ ਆਪਣੇ ਨਿੱਜੀ ਤਜਰਬੇ ਦੇ ਅਧਾਰ 'ਤੇ, ਤਕਨੀਕੀ ਪੱਖੋਂ ਹੇਠ ਲਿਖੇ ਕੁਝ ਤੱਥ ਆਪ ਸਾਹਮਣੇ ਰੱਖ ਰਿਹਾ ਹਾਂ;

1. ਕੈਪਟਨ ਅਮਰਿੰਦਰ ਸਿੰਘ ਵੱਲੋਂ, ਜਥੇਦਾਰ ਟੌਹੜਾ ਦੀ ਨਿਰੰਕਾਰੀ ਭਵਨ ਜਾਣ ਦੀ ਜੋ ਉਪਰੋਕਤ ਤਸਵੀਰ ਆਪ ਜੀ ਨੂੰ ਸਬੂਤ ਵਜੋਂ ਪੇਸ਼ ਕੀਤੀ ਗਈ ਹੈ, ਉਸ ਨੂੰ ਵੇਖ ਕੇ ਇਹ ਮਹਿਸੂਸ ਹੁੰਦਾ ਹੈ ਕਿ ਇਹ ਤਸਵੀਰ ਵੱਖ-ਵੱਖ ਤਿੰਨ ਤਸਵੀਰਾਂ ਦਾ ਮਿਸ਼ਰਣ ਹੈ।

2. ਅਖ਼ਬਾਰ ਵਿਚ ਛਪੀ ਫੋਟੋ ਵੇਖ ਕੇ ਸਪੱਸ਼ਟ ਹੁੰਦਾ ਹੈ ਕਿ:

(ੳ) ਜਥੇਦਾਰ ਟੌਹੜਾ ਦੀ ਫੋਟੋ 'ਤੇ ਰੋਸ਼ਨੀ ਖੱਬੇ ਪਾਸਿਓਂ ਪੈ ਰਹੀ ਹੈ।

(ਅ) ਐਨਕ ਅਤੇ ਕਾਲੇ ਸੂਟ ਵਾਲੇ ਵਿਅਕਤੀ 'ਤੇ ਰੋਸ਼ਨੀ ਸੱਜੇ ਪਾਸਿਓਂ ਪੈ ਰਹੀ ਹੈ।

(ੲ) ਬਾਕੀ ਸਾਰੀ ਫੋਟੋ 'ਤੇ ਰੋਸ਼ਨੀ ਸਾਹਮਣਿਓਂ ਪੈ ਰਹੀ ਹੈ।

ਇਸ ਤੋਂ ਇਹ ਸਾਬਤ ਹੁੰਦਾ ਹੈ ਕਿ ਇਹ ਫੋਟੋ ਤਿੰਨ ਵੱਖ-ਵੱਖ ਸਮਿਆਂ 'ਤੇ ਵੱਖ-ਵੱਖ ਰੋਸ਼ਨੀ ਵਿਚ ਖਿੱਚੀਆਂ ਫੋਟੋਆਂ ਦਾ ਮਿਸ਼ਰਣ ਹੈ।

ਆਪਣੇ ਤਜਰਬੇ ਦੇ ਆਧਾਰ 'ਤੇ ਜੋ ਮਹਿਸੂਸ ਹੋਇਆ ਆਪ ਜੀ ਦੀ ਸੇਵਾ ਵਿਚ ਲਿਖ ਰਿਹਾ ਹਾਂ। ਇਸ ਵਿਵਾਦ ਦੇ ਕਿਸੇ ਵੀ ਵਿਅਕਤੀ ਨਾਲ ਜਾਂ ਪਾਰਟੀ ਨਾਲ ਮੇਰਾ ਵਿਅਕਤੀਗਤ ਕੋਈ ਸਬੰਧ ਨਹੀਂ। 'ਸੱਚ ਆਪ ਜੀ ਨੇ ਲੱਭ ਹੀ ਲੈਣਾ ਹੈ'।

ਸਤਿਕਾਰ ਸਹਿਤ

ਗੁਰੂ ਪੰਥ ਦਾ ਦਾਸ

*ਮੇਹਰ ਸਿੰਘ ਚਿੱਤਰਕਾਰ*

2372, ਸੈਕਟਰ-44 ਸੀ, ਚੰਡੀਗੜ੍ਹ।

ਮਿਤੀ 1.6.1998

***

ਗੁਰੂ ਦੇ ਨਾਮ ਦਾ ਆਸਰਾ ਲੈ ਕੇ ਅੱਜ ਦਾਸ ਆਪ ਜੀ ਦੇ ਸਨਮੁੱਖ ਹੈ ਅਤੇ ਜੋ ਮਸਲਾ ਲੈ ਕੇ ਹਾਜ਼ਰ ਹੋਇਆ ਹਾਂ ਉਹ ਸਮੁੱਚੇ ਸਿੱਖ ਵਰਗ ਲਈ ਅਤੀ ਚਿੰਤਾ ਦਾ ਬੜਾ ਹੀ ਜ਼ਰੂਰੀ ਸਵਾਲ ਬਣਿਆ ਹੋਇਆ ਹੈ।

ਪਟਿਆਲੇ ਦੇ ਸਾਬਕਾ ਮਹਾਰਾਜੇ ਦੇ ਪੁੱਤਰ ਅਮਰਿੰਦਰ ਸਿੰਘ (ਜੋ ਆਪਣੇ ਆਪ ਨੂੰ ਵੀ ਮਹਾਰਾਜਾ ਲਿਖਦਾ ਹੈ) ਨੇ ਸਿੱਖ ਧਰਮ ਦੇ ਸਿਰਮੌਰ ਆਗੂ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੇ ਖਿਲਾਫ 10 ਜੂਨ 1978 ਦੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਨਿਰੰਕਾਰੀਆਂ ਪ੍ਰਤੀ ਜਾਰੀ ਹੁਕਮਨਾਮੇ ਦੀ ਉਲੰਘਣਾ ਦੇ ਗੰਭੀਰ ਦੋਸ਼ ਲਾਏ ਹਨ। ਇਹ ਮਸਲਾ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਵਿਚਾਰ ਅਧੀਨ ਹੈ ਅਤੇ ਇਸ ਪ੍ਰਤੀ ਦਾਸ ਸਮਝਦਾ ਹੈ ਕਿ ਕਿਸੇ ਨੂੰ ਵੀ ਇਸ ਸਬੰਧੀ ਪ੍ਰੈਸ ਵਿਚ ਚਰਚਾ ਨਹੀਂ ਕਰਨਾ ਚਾਹੀਦਾ। 24 ਮਈ 1998 ਦੇ ਤਕਰੀਬਨ ਹਰ ਅਖਬਾਰ ਵਿਚ ਅਮਰਿੰਦਰ ਸਿੰਘ ਵਲੋਂ ਇਕ ਫੋਟੋ ਛਪਵਾਈ ਗਈ ਜਿਸ ਵਿਚ ਜਥੇਦਾਰ ਟੌਹੜਾ ਨੂੰ ਨਿਰੰਕਾਰੀ ਸੰਮੇਲਨ ਵਿਚ ਖੜ੍ਹੇ ਦਿਖਾਇਆ ਗਿਆ ਹੈ। ਇਸ ਫੋਟੋ ਦੀ ਸਚਾਈ ਜਾਂ ਝੂਠ ਪ੍ਰਤੀ ਦਾਸ ਅੱਗੇ ਤਰਕ ਪੇਸ਼ ਕਰੇਗਾ ਪ੍ਰੰਤੂ ਸਿੱਖ ਜਗਤ ਵਿਚ ਇਸ ਗੱਲ ਦਾ ਵੀ ਰੋਸ ਹੈ ਕਿ ਜਦੋਂ ਸਾਰਾ ਮਸਲਾ ਆਪ ਜੀ ਦੇ ਵਿਚਾਰ ਅਧੀਨ ਸੀ ਤਾਂ ਇਹ ਫੋਟੋ ਸਿਰਫ ਆਪ ਜੀ ਨੂੰ ਹੀ ਭੇਜੀ ਜਾਣੀ ਚਾਹੀਦੀ ਸੀ ਅਤੇ ਅਖਬਾਰਾਂ ਨੂੰ ਜਾਰੀ ਕਰਕੇ ਤਾਂ ਇਹ ਮਸਲਾ ਨਿਰੋਲ ਰਾਜਨੀਤਕ ਬਣਾ ਦਿੱਤਾ ਗਿਆ ਹੈ ਅਤੇ ਹੁਣ ਹਰ ਪੱਧਰ ਉੱਪਰ ਹਰ ਸਿੱਖ ਦੀ ਸੋਚ ਇਹੀ ਹੈ ਕਿ ਅਮਰਿੰਦਰ ਸਿੰਘ ਨੂੰ ਹੁਕਮਨਾਮੇ ਦੀ ਉਲੰਘਣਾ ਦੀ ਚਿੰਤਾ ਨਹੀਂ ਬਲਕਿ ਇਹ ਸਭ ਕੁਝ ਜਥੇਦਾਰ ਟੌਹੜਾ ਨੂੰ ਧਾਰਮਕ ਤੌਰ 'ਤੇ ਜ਼ਲੀਲ ਕਰਨ ਦੇ ਮਨੋਰਥ ਨਾਲ ਕੀਤਾ ਗਿਆ ਹੈ। ਇਸ ਤਰ੍ਹਾਂ ਸ਼ਰ੍ਹੇਆਮ ਅਖਬਾਰਾਂ ਵਿਚ ਤਸਵੀਰਾਂ ਛਪਵਾ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਵੀ ਅਵਹੇਲਣਾ

ਕੀਤੀ ਗਈ ਹੈ। ਕਿਸੇ ਦੁਨਿਆਵੀ ਅਦਾਲਤ ਵਿਚ ਵੀ ਕਿਸੇ ਵਿਚਾਰ-ਅਧੀਨ ਮਸਲੇ ਨੂੰ ਇਸਤਰ੍ਹਾਂ ਜਨਤਕ ਬਨਾਉਣਾ ਅਦਾਲਤ ਦੀ ਮਾਨ-ਹਾਨੀ ਸਮਝਿਆ ਜਾਂਦਾ ਹੈ ਅਤੇ ਜੇਕਰਂ ਝੂਠੇ ਸਬੂਤਾਂ ਦੇ ਅਧਾਰ 'ਤੇ ਅਜਿਹਾ ਕਰਨ ਦੀ ਕੋਸ਼ਿਸ਼ ਵੀ ਕੀਤੀ ਜਾਵੇ ਤਾਂ ਇਸ ਨੂੰ ਘੋਰ ਅਪਰਾਧ ਸਮਝਿਆ ਜਾਂਦਾ ਹੈ। ਇਸ ਲਈ ਦਾਸ ਦੀ ਬੇਨਤੀ ਹੈ ਕਿ ਇਸ ਕਾਰਵਾਈ ਲਈ ਅਮਰਿੰਦਰ ਸਿੰਘ ਤੋਂ ਜਵਾਬ-ਤਲਬੀ ਕਰਨੀ ਚਾਹੀਦੀ ਹੈ।

## ਅਖਬਾਰਾਂ ਵਿਚ ਛਪੀ ਤਸਵੀਰ ਅਸਲੀ ਹੈ ਜਾਂ ਨਕਲੀ?

ਇਸ ਵਿਸ਼ੇ ਉੱਪਰ ਆਪ ਜੀ ਕੋਲ ਅਥਾਹ ਧਾਰਮਕ ਸ਼ਕਤੀ ਹੈ ਅਤੇ ਭਗਤੀ ਵਾਲਾ ਗੁਰਸਿੱਖ ਗੁਰੂ ਤੋਂ ਇਹ ਸ਼ਕਤੀ ਪ੍ਰਾਪਤ ਕਰ ਲੈਂਦਾ ਹੈ। ਦਾਸ ਨੂੰ ਪੂਰਨ ਆਸ ਹੈ ਕਿ ਆਪ ਭਗਤੀ ਅਤੇ ਸ਼ਕਤੀ ਦੇ ਧਾਰਨੀ ਹੋਣ ਕਰਕੇ ਸੱਚ-ਝੂਠ ਦਾ ਨਿਤਾਰਾ ਕਰ ਸਕਦੇ ਹੋ ਅਤੇ ਸਮੂਹ ਸਿੱਖ ਜਗਤ ਦੀਆਂ ਨਿਗਾਹਾਂ ਆਪ ਜੀ ਦੀ ਪਰਖ ਵੱਲ ਲੱਗੀਆਂ ਹੋਈਆਂ ਹਨ। ਕੁਝ ਨੁਕਤੇ ਦਾਸ ਆਪ ਜੀ ਦੇ ਵਿਚਾਰ ਅਧੀਨ ਪੇਸ਼ ਕਰਨੇ ਚਾਹੁੰਦਾ ਹੈ। ਜਿਸ ਤਰ੍ਹਾਂ ਜਥੇਦਾਰ ਟੌਹੜਾ ਨੂੰ ਨਿਰੰਕਾਰੀ ਸੰਮੇਲਨ ਵਿਚ ਖੜ੍ਹੇ ਦਿਖਾਇਆ ਗਿਆ ਹੈ ਅਤੇ ਪਟਿਆਲੇ ਦੇ ਇਕ ਮੁੱਖ ਨਿਰੰਕਾਰੀ ਸ੍ਰੀ ਰਾਮ ਲਾਲ ਕੱਦ ਵਲੋਂ ਇਸ ਫੋਟੋ ਨੂੰ (Fabricated) ਜਾਨੀ ਝੂਠੀ ਕਰਾਰ ਦਿੱਤਾ ਗਿਆ ਹੈ, ਜ਼ਾਹਰ ਕਰਦਾ ਹੈ ਕਿ ਇਹ ਫੋਟੋ ਅਸਲੀ ਨਹੀਂ ਬਲਕਿ ਨਕਲੀ ਹੈ ਅਤੇ ਦਾਸ ਨੂੰ ਆਸ ਹੈ ਕਿ ਆਪ ਨੇ ਵੀ ਇਸ ਪ੍ਰਤੀ ਮਾਹਿਰਾਂ ਤੋਂ ਪਤਾ ਕਰਵਾ ਲਿਆ ਹੋਵੇਗਾ। ਮੈਂ ਆਪ ਜੀ ਦੀ ਸੇਵਾ ਵਿਚ ਦਾਸ ਵੱਲੋਂ ਤਿਆਰ ਕੀਤੀ ਗਈ ਫੋਟੋ ਪੇਸ਼ ਕਰਨ ਦੀ ਇਜਾਜ਼ਤ ਚਾਹੁੰਦਾ ਹਾਂ ਜਿਸ ਵਿਚ ਜਥੇਦਾਰ ਟੌਹੜਾ ਦੀ ਥਾਂ 'ਤੇ ਮੇਰੇ ਕਿਸੇ ਬਜ਼ੁਰਗ ਦੀ ਫੋਟੋ ਦਿਖਾਈ ਦਿੰਦੀ ਹੈ।

ਮੈਂ ਸਮਝਦਾ ਹਾਂ ਕਿ ਅਜਿਹੀ ਕਾਰਵਾਈ ਕਰਨੀ ਭਾਵੇਂ ਠੀਕ ਨਾ ਹੋਵੇ ਪ੍ਰੰਤੂ ਝੂਠ ਦਾ ਪਰਦਾਫਾਸ਼ ਕਰਨ ਲਈ ਇਹ ਅਤੀ ਜ਼ਰੂਰੀ ਹੈ। ਅੱਜ ਦੇ ਕੰਪਿਊਟਰ ਯੁੱਗ ਵਿਚ ਨਕਲੀ ਤਸਵੀਰਾਂ ਬਨਾਉਣੀਆਂ ਕੋਈ ਔਖਾ ਕੰਮ ਨਹੀਂ। ਆਪ ਦਾਸ ਨੂੰ ਹੁਕਮ ਕਰੋ ਜਿਸ ਕਿਸਮ ਦੀ ਵੀ ਕਹੋ ਖੜ੍ਹੀ ਜਾਂ ਚਲਦੀ ਫਿਰਦੀ ਤਸਵੀਰ ਬਣਾ ਕੇ ਜਾਂ ਬਣਵਾ ਕੇ ਦੇ ਸਕਦਾ ਹਾਂ। ਜਿਸ ਕਿਸੇ ਨੂੰ ਵੀ ਕਿਸੇ ਦੂਜੇ ਦੇ ਥਾਂ 'ਤੇ ਖੜ੍ਹਾ ਦਿਖਾਇਆ ਜਾ ਸਕਦਾ ਹੈ। ਇਸੇ ਤਰ੍ਹਾਂ ਹੀ ਅਮਰਿੰਦਰ ਸਿੰਘ ਵਲੋਂ ਛਪਵਾਈ ਗਈ ਫੋਟੋ ਨਕਲੀ ਹੋ ਸਕਦੀ ਹੈ ਅਤੇ ਦਾਸ ਨੇ ਜੋ ਕੁਝ ਪਿਛਲੇ ਦਿਨਾਂ ਦੀਆਂ ਘਟਨਾਵਾਂ ਵਾਪਰੀਆਂ ਹਨ ਅਤੇ ਅਖਬਾਰਾਂ ਵਿਚ ਛਪਿਆ ਹੈ, ਦੇ ਅਧਾਰ 'ਤੇ ਇਹ ਤੱਤ ਕੱਢਿਆ ਹੈ ਕਿ ਇਹ ਫੋਟੋ ਨਕਲੀ ਹੈ ਅਤੇ ਫੋਟੋਗ੍ਰਾਫੀ ਅਤੇ ਕੰਪਿਊਟਰ ਦੀ ਦੁਰਵਰਤੋਂ ਹੈ। ਇਸ ਤੋਂ ਅੱਗੇ ਸੱਚ-ਝੂਠ ਦਾ ਨਿਤਾਰਾ ਕਰਨ ਲਈ ਦੇਸ਼ ਵਿਚ ਮੌਜੂਦ ਨੈਸ਼ਨਲ ਇੰਸਟੀਚਿਊਟ ਆਫ ਕਰੀਮੀਨੋਲੋਜੀ, ਰੋਹਿਣੀ, ਨਵੀਂ ਦਿੱਲੀ, ਦੀ ਸਹਾਇਤਾ ਲਈ ਜਾ ਸਕਦੀ ਹੈ।

ਆਪ ਜੀ ਦਾ ਜ਼ਿਆਦਾ ਸਮਾਂ ਨਾ ਲੈਂਦਿਆਂ ਮੈਂ ਆਪਣਾ ਪੱਖ ਪੇਸ਼ ਕਰਦਾ ਹੋਇਆ ਬੇਨਤੀ ਕਰਦਾ ਹਾਂ ਕਿ ਅਮਰਿੰਦਰ ਸਿੰਘ ਦਾ ਇਹ ਸਾਰਾ ਡਰਾਮਾ ਝੂਠ ਦੀ ਬੁਨਿਆਦ ਉੱਪਰ ਅਧਾਰਤ ਹੈ ਇਸ ਤਰ੍ਹਾਂ ਦੀ ਕਿਸੇ ਵੀ ਕੋਸ਼ਿਸ਼ ਨੂੰ ਖਾਰਜ ਕਰਨਾ ਚਾਹੀਦਾ ਹੈ। ਜੇਕਰ ਆਪ ਜੀ ਠੀਕ ਸਮਝੋ ਤਾਂ ਇਸ ਸਬੰਧੀ ਅਮਰਿੰਦਰ ਸਿੰਘ ਤੋਂ ਜਵਾਬਤਲਬੀ ਕਰਕੇ ਸ੍ਰੀ ਅਕਾਲ ਤਖ਼ਤ ਸਾਹਿਬ ਕੋਲ ਝੂਠੇ ਸਬੂਤ ਪੇਸ਼ ਕਰਨ ਦੇ ਮਾਮਲੇ ਨੂੰ ਵਿਚਾਰ ਕੇ

ਉਸ ਨੂੰ ਇਸ ਧਾਰਮਕ ਅਵਹੇਲਨਾ ਲਈ ਸਜ਼ਾ ਦੇਵੇ।

ਆਦਰ ਸਤਿਕਾਰ ਸਹਿਤ!

ਗੁਰੂ ਪੰਥ ਦਾ ਦਾਸ

*ਡਾਕਟਰ ਓਮ ਪ੍ਰਕਾਸ਼ ਸਿੰਘ ਕੰਡੇ*

M.B.B.S., M.D.

ਅਮਰਇੰਦਰ ਹਸਪਤਾਲ, ਪ੍ਰੇਮ ਨਗਰ, ਭਾਦਸੋਂ ਰੋਡ, ਪਟਿਆਲਾ।

(ਫੋਨ ਨੰ: 217869, 307869)

***

ਬੇਨਤੀ ਇਹ ਹੈ ਕਿ ਮੈਂ ਸਤ ਪ੍ਰਕਾਸ਼ ਗੋਇਲ ਫੋਟੋਗ੍ਰਾਫੀ ਦਾ ਸ਼ੌਕ ਰੱਖਦਾ ਹਾਂ ਅਤੇ ਮਿਤੀ 24 ਮਈ 1998 ਦੇ ਅਖਬਾਰ ਵਿਚ ਟੌਹੜਾ ਸਾਹਿਬ ਦੇ ਵਿਰੁੱਧ ਕੈਪਟਨ ਅਮਰਿੰਦਰ ਸਿੰਘ ਦੁਆਰਾ ਪੇਸ਼ ਕੀਤੀ ਫੋਟੋ ਦੇਖ ਕੇ ਮਨ ਨੂੰ ਬਹੁਤ ਠੇਸ ਪਹੁੰਚੀ ਕਿਉਂਕਿ ਦੇਖਣ ਤੋਂ ਸਾਫ ਜਾਪਦਾ ਹੈ ਕਿ ਇਹ ਫੋਟੋ ਕਈ ਫੋਟੋਆਂ ਤੋਂ ਤਿਆਰ ਕੀਤੀ ਗਈ ਹੈ ਅਤੇ ਫੋਟੋਗ੍ਰਾਫੀ ਨੂੰ ਬਦਨਾਮ ਕਰਦੀ ਹੈ।

ਜਥੇਦਾਰ ਸਾਹਿਬ ਦਿੱਲੀ ਜਾਂ ਬੰਬਈ ਵਿਚ ਕੰਪਿਊਟਰ ਦੀ ਮਦਦ ਨਾਲ ਇਸ ਪ੍ਰਕਾਰ ਦੀਆਂ ਫੋਟੋਆਂ ਬੜੀ ਅਸਾਨੀ ਨਾਲ ਤਿਆਰ ਕੀਤੀਆਂ ਜਾ ਸਕਦੀਆਂ ਹਨ ਅਤੇ ਕਿਸੇ ਦਾ ਸਿਰ ਕਿਸੇ ਦੇ ਧੜ 'ਤੇ ਰੱਖਿਆ ਜਾ ਸਕਦਾ ਹੈ। ਮੈਂ ਇਸ ਦੇ ਸਬੂਤ ਵਜੋਂ ਕੇਵਲ ਕੈਮਰੇ ਦੀ ਮਦਦ ਨਾਲ ਫੋਟੋ ਤਿਆਰ ਕਰਵਾਈ ਹੈ ਜਿਸ ਵਿਚ ਕੈਪਟਨ ਸਾਹਿਬ ਦੁਆਰਾ ਜਾਰੀ ਫੋਟੋ ਵਿਚੋਂ ਜਥੇਦਾਰ ਟੌਹੜਾ ਜੀ ਦੇ ਸਥਾਨ 'ਤੇ ਮੈਂ ਆਪਣੀ (ਸਤ ਪ੍ਰਕਾਸ਼) ਅਤੇ ਸ੍ਰੀ ਪੁਸ਼ਪਿੰਦਰ ਬਾਂਸਲ ਦੀ ਥਾਂ 'ਤੇ ਸ੍ਰੀ ਛਜੂ ਰਾਮ ਸੋਫਤ ਦੀ ਫੋਟੋ ਨੂੰ ਇਕ ਪੁਰਾਣੇ ਸਮਾਗਮ ਦੀ ਫੋਟੋ ਵਿਚੋਂ ਕੱਟ ਕੇ ਲਗਵਾਇਆ ਹੈ।

ਜਥੇਦਾਰ ਸਾਹਿਬ ਆਪ ਜੀ ਦੇ ਧਿਆਨ ਹਿੱਤ ਤਿਆਰ ਕੀਤੀ ਗਈ ਫੋਟੋ ਅਤੇ ਨਾਲ ਸਬੰਧਤ ਫੋਟੋਆਂ ਪੇਸ਼ ਕਰ ਰਿਹਾ ਹਾਂ। ਤਾਂ ਜੋ ਅੱਗੇ ਤੋਂ ਕੋਈ ਵੀ ਵਿਅਕਤੀ ਫੋਟੋਗ੍ਰਾਫੀ ਨੂੰ ਬਦਨਾਮ ਕਰਨ ਵਾਲੀ ਕਾਰਵਾਈ ਤੋਂ ਗੁਰੇਜ਼ ਕਰੇ।

ਸਤਿਕਾਰ ਸਹਿਤ

ਆਪ ਜੀ ਦਾਸ

*ਸਤ ਪ੍ਰਕਾਸ਼ ਗੋਇਲ*

ਪਟਿਆਲਾ

***

*19 ਮਈ 1998*

ਬੇਨਤੀ ਹੈ ਕਿ ਉਪਰੋਕਤ ਵਿਵਾਦ ਬਾਰੇ, ਸਾਬਕਾ ਕਪਤਾਨ ਅਮਰਿੰਦਰ ਸਿੰਘ ਸਾਬਕਾ ਹੁਕਮਰਾਨ ਪਟਿਆਲਾ ਨੇ ਆਪ ਜੀ ਨੂੰ ਅਤੇ ਉਸੇ ਵਕਤ ਅਖਬਾਰਾਂ ਵਾਲਿਆਂ ਨੂੰ ਬਿਆਨ ਦੇ ਕੇ ਇਕ ਬਹੁਤ ਵੱਡਾ ਗੰਭੀਰ ਮਸਲਾ ਕੌਮ ਲਈ ਪੈਦਾ ਕੀਤਾ ਹੈ। ਆਪ ਜੀ ਨੇ ਵੀ ਮਸਲੇ ਦੀ ਗੰਭੀਰਤਾ ਨੂੰ ਦੇਖਦੇ ਹੋਏ ਨੋਟਿਸ ਲੈ ਲਿਆ ਹੈ। ਇਸ ਵਿਵਾਦ ਵਿਚ ਸਬੰਧਤ ਫਰੀਕੈਨ ਨੂੰ ਆਪੋ ਆਪਣੇ ਸਬੂਤ ਪੱਖ ਪੇਸ਼ ਕਰਨ ਲਈ ਕਿਹਾ ਗਿਆ ਹੈ। ਬੜਾ ਅਫਸੋਸ ਹੈ

ਕਿ ਲੋਕ ਸਭਾ ਚੋਣਾਂ ਦੇ ਖਤਮ ਹੋਣ ਤੋਂ ਬਾਅਦ ਇਹ ਮਸਲਾ ਉਠਾਇਆ ਗਿਆ। ਸਰਦਾਰ ਅਮਰਿੰਦਰ ਸਿੰਘ ਦੇ ਬਿਆਨਾਂ ਤੋਂ ਪਤਾ ਲੱਗਦਾ ਹੈ ਕਿ ਉਹ ਸ਼ਿਕਾਇਤ ਕਰਨ ਵਿਚ ਕਈ ਆਪਣੇ ਕਾਰਨਾਂ ਕਰਕੇ ਢਿੱਲ ਮੱਠ ਵੀ ਵਰਤਦੇ ਰਹੇ ਹਨ। ਪਰ ਗੁਰੂ ਪੰਥ ਦਾ ਮਸਲਾ ਕੁਝ ਹੋਰ ਹੈ ਅਤੇ ਸ: ਅਮਰਿੰਦਰ ਸਿੰਘ ਦਾ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਬਹੁਤ ਭਾਰੀ ਇਲਜ਼ਾਮ ਲਗਾਉਣਾ, ਅਗਰ ਉਹ ਸੱਚਾ ਹੋਵੇ ਤਾਂ ਇਹ ਜਥੇਦਾਰ ਗੁਰਚਰਨ ਸਿੰਘ ਟੌਹੜਾ ਸਾਹਿਬ ਦੇ ਲਈ ਵੀ ਗੰਭੀਰ ਮਸਲਾ ਬਣ ਗਿਆ ਹੈ। ਹਾਲਾਂ ਕਿ ਅਪ੍ਰੈਲ ਦੀ ਤਕਰੀਬਨ 10-11 ਤਾਰੀਖ ਤੋਂ ਅਖਬਾਰ ਵਿਚ ਖਬਰ ਆਉਣ ਨਾਲ ਟੌਹੜਾ ਸਾਹਿਬ ਦੇ ਖਿਲਾਫ ਅਤੇ ਉਨ੍ਹਾਂ ਦੇ ਹੱਕ ਵਿਚ ਵੀ ਬਹੁਤ ਬਿਆਨਬਾਜ਼ੀ ਹੋਈ ਹੈ ਜੋ ਕਿ ਅਖਬਾਰਾਂ ਵਿਚ ਨਹੀਂ ਆਉਣੀ ਚਾਹੀਦੀ ਸੀ, ਜੋ ਕੁਝ ਵੀ ਸਬੂਤ ਜਾਂ ਸਫਾਈ ਕਿਸੇ ਵਿਅਕਤੀ ਨੇ ਦੇਣੀ ਸੀ, ਉਹ ਆਪ ਜੀ ਦੇ ਹੀ ਧਿਆਨ ਗੋਚਰੇ ਕਰਦੇ।

ਖੈਰ, ਆਪ ਹੋਰਾਂ ਨੇ ਚੰਗਾ ਕੀਤਾ ਹੈ ਕਿ ਇਸ ਗੰਭੀਰ ਮਸਲੇ ਦੀ ਤਹਿ ਤੱਕ ਜਾਣ ਦੀ ਕੋਸ਼ਿਸ਼ ਕੀਤੀ ਹੈ ਕਿਉਂਕਿ ਕਿਸੇ ਗੱਲ ਦੀ ਤਹਿ ਤੱਕ ਜਾਣ ਤੋਂ ਬਗੈਰ ਕਿਸੇ ਨੂੰ ਦੋਸ਼ੀ ਗਰਦਾਨਣਾ ਜਾਂ ਮਾਫ ਕਰਨਾ ਠੀਕ ਨਹੀਂ ਹੁੰਦਾ। ਇਸ ਕਰਕੇ ਆਪ ਹੋਰਾਂ, ਜੋ ਹੁਣ ਅਗਲੀ ਤਾਰੀਖ 23.5.98 ਇਸ ਸਬੰਧ ਵਿਚ ਦਿੱਤੀ ਹੋਈ ਹੈ, ਇਸ ਗੱਲ ਦੀ ਪੂਰੀ ਗਹਿਰਾਈ ਤੱਕ ਛਾਣਬੀਣ ਕਰਨੀ ਚਾਹੀਦੀ ਹੈ। ਹੁਣ ਤੱਕ ਦੇ ਟੌਹੜਾ ਸਾਹਿਬ ਦੇ ਬਿਆਨਾਂ ਤੋਂ ਸਾਫ ਜ਼ਾਹਰ ਹੁੰਦਾ ਹੈ ਕਿ ਕੁਝ ਹੱਦ ਤੱਕ ਨਿਰੰਕਾਰੀਆਂ ਬਾਰੇ ਭਾਵ ਉਨ੍ਹਾਂ ਨਾਲ ਮੇਲ-ਜੋਲ ਕਰਨਾ ਜਾਂ ਉਨ੍ਹਾਂ ਨੂੰ ਵੋਟਾਂ ਲਈ ਅਪੀਲ ਕਰਨੀ ਆਦਿ ਬਾਰੇ ਤਾਂ ਉਹ ਖੁਦ ਇਕਬਾਲ ਕਰ ਚੁੱਕੇ ਹਨ। ਲੇਕਿਨ ਵਿਸਾਖੀ ਤੋਂ ਬਾਅਦ, ਉਹ ਹੋਰ ਕੁਝ ਕਹਿਣ ਤੋਂ ਜਾਂ ਕੁਝ ਦੱਸਣ ਤੋਂ ਇਨਕਾਰ ਹੀ ਕਰ ਰਹੇ ਹਨ। ਇਸ ਕਰਕੇ ਜੋ ਵੇਰਵੇ ਅਖਬਾਰਾਂ, ਰਸਾਲਿਆਂ ਆਦਿ ਵਿਚ ਆਏ ਹਨ ਉਨ੍ਹਾਂ ਤੋਂ ਪਤਾ ਚੱਲਦਾ ਹੈ ਕਿ ਉਹ ਫਲਾਣੀ (ਭਾਵ 15.2.98) ਤਾਰੀਖ ਨੂੰ ਆਪਣੇ ਹਿਫਾਜ਼ਤੀ ਅਮਲੇ ਭਾਵ ਗਾਰਡਾਂ ਨੂੰ ਪਿੱਛੇ ਛੱਡ ਕੇ ਖੁਦ ਪਟਿਆਲੇ ਨਿਰੰਕਾਰੀ ਭਵਨ ਵਿਖੇ ਗਏ ਉਥੇ ਉਦੋਂ ਕੋਈ ਭਾਈ, ਪ੍ਰਵਚਨ ਕਰ ਰਿਹਾ ਸੀ, ਇਨ੍ਹਾਂ ਨੇ ਉਥੋਂ ਜਲਦੀ ਵਾਪਸ ਆਉਣ ਲਈ ਕਿਹਾ ਤਾਂ ਪ੍ਰਵਚਨ ਕਰਤਾ ਨੇ ਪ੍ਰਵਚਨ ਸਮਾਪਤ ਕਰਕੇ ਦੋ ਤਿੰਨ ਮਿੰਟ ਬਾਅਦ, ਇਨ੍ਹਾਂ ਨੂੰ ਸਫੈਦ ਰੰਗ ਦਾ ਸਿਰੋਪਾ ਵੀ ਦਿੱਤਾ, ਉਸ ਤੋਂ ਬਾਅਦ ਪੰਜ ਸੱਤ ਮਿੰਟ ਬਾਅਦ, ਇਹ ਕਹਿ ਕੇ ਉਥੋਂ ਉੱਠ ਆਏ ਕਿ ਉਨ੍ਹਾਂ ਨੇ ਕਿਤੇ ਹੋਰ ਜ਼ਰੂਰੀ ਜਾਣਾ ਹੈ। ਨਿਰੰਕਾਰੀ ਭਵਨ ਦੇ ਉਸ ਵੇਲੇ ਦੇ ਮੁੱਖ ਪ੍ਰਬੰਧਕ ਨੇ ਕਿਹਾ ਕਿ ਤੁਹਾਡਾ ਕੰਮ ਖਤਮ ਹੋ ਗਿਆ ਹੈ ਹੁਣ ਸਾਡਾ ਹੀ ਕੰਮ ਬਾਕੀ ਹੈ।

ਇਨ੍ਹਾਂ ਤੱਥਾਂ ਤੋਂ ਪਤਾ ਲੱਗਦਾ ਹੈ ਕਿ ਇਨ੍ਹਾਂ ਨੇ ਵਡੇਰੀ ਉਮਰ ਕਰਕੇ ਕਿ ਸਾਡੀ (ਮੇਰੀ) ਨਿਰੰਕਾਰੀਆਂ ਤੋਂ ਵੋਟਾਂ ਮੰਗਣ ਦੀ ਗੱਲ ਲੁਕੀ ਛਿਪੀ ਰਹਿ ਜਾਏਗੀ, ਇਹ ਟਪਲਾ ਖਾ ਗਏ, ਵੈਸੇ ਇਹਦੇ ਵਿਚ ਕੋਈ ਸ਼ੱਕ ਨਹੀਂ ਕਿ ਸਿੱਖ ਕੌਮ ਦੇ ਲੀਡਰਾਂ ਵਿਚ ਐਸ ਵੇਲੇ, ਇਹ ਸਾਰਿਆਂ ਤੋਂ ਜ਼ਿਆਦਾ ਅਕਲਮੰਦ ਹਨ ਕਿਉਂਕਿ ਇਹ ਕੋਈ ਅਰਸਾ ਵੀਹ ਸਾਲਾਂ ਤੋਂ ਜ਼ਿਆਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਲਗਾਤਾਰ ਪ੍ਰਧਾਨ ਬਣੇ ਆ ਰਹੇ ਹਨ। ਅਗਰ ਇਕ ਛੋਟੇ ਜਿਹੇ ਵੋਟਾਂ ਦੇ ਮਸਲੇ ਪਿਛੇ ਇਹ ਕੌਮ ਨੂੰ ਤੇ ਆਪਣੇ ਵਕਾਰ ਨੂੰ ਵਿਗਾੜ ਬੈਠੇ ਹਨ ਤਾਂ ਇਹ ਇਨ੍ਹਾਂ ਦਾ ਸਰਾਸਰ ਕਸੂਰ ਹੈ ਜਿਸ ਦੀ ਕਿ ਇਨ੍ਹਾਂ ਨੂੰ ਹੋਰ ਪਸ਼ੋਪੇਸ਼ ਕਰਨ

ਤੇ ਆਪਣੀ ਗਲਤੀ ਦਾ ਅਹਿਸਾਸ ਮੰਨ ਕੇ ਅਕਾਲ ਤਖ਼ਤ ਤੋਂ ਮੁਆਫੀ ਮੰਗ ਲੈਣੀ ਚਾਹੀਦੀ ਹੈ ਤਾਂ ਜੋ ਕੌਮ ਵਿਚ ਛੋਟੇ ਮੋਟੇ ਹੋਰ ਅਪਰਾਧੀ ਜੋ ਅਜਿਹੀਆਂ ਹਰਕਤਾਂ ਕਰਦੇ ਹਨ, ਉਹ ਵੀ ਸਹੀ ਰਸਤੇ 'ਤੇ ਆ ਜਾਣ। ਇਸ ਸਬੰਧ ਵਿਚ ਆਪ ਜੀ ਨੂੰ ਦੋਨੋਂ ਫਰੀਕੈਨ ਨੇ ਅਖ਼ਬਾਰਾਂ ਦੀਆਂ ਕਾਤਰਾਂ ਵਗੈਰਾ ਵੀ ਭੇਜੀਆਂ ਹਨ, ਆਪ ਨੇ ਵੀ ਆਪਣੇ ਤੌਰ 'ਤੇ ਕੁਝ ਸਬੂਤ ਇਕੱਠੇ ਕੀਤੇ ਹਨ, ਇਸ ਕਰਕੇ ਇਸ ਗੱਲ ਦੀ ਚੰਗੀ ਤਰ੍ਹਾਂ ਖੋਜ ਪੜਤਾਲ ਕਰਕੇ ਹੀ ਫੈਸਲਾ ਲਿਆ ਜਾਣਾ ਚਾਹੀਦਾ ਹੈ। ਉਮੀਦ ਹੈ ਕਿ ਆਪ ਗੁਰੂ ਪੰਥ ਨੂੰ ਇਸ ਮੌਕੇ ਇਸ ਗੰਭੀਰ ਮਸਲੇ ਬਾਰੇ ਸਹੀ ਸੇਧ ਦੇ ਕੇ ਧੰਨਵਾਦੀ ਬਣਾਓਗੇ।

*ਕਰਨੈਲ ਸਿੰਘ ਚੀਮਾ*

ਐਮ.ਏ.

ਸਕੱਤਰ ਸ਼੍ਰੋਮਣੀ ਅਕਾਲੀ ਦਲ ਸਰਕਲ ਰਾਏਕੋਟ

ਪਿੰਡ ਤੇ ਡਾਕਖਾਨਾ ਬੱਸੀਆਂ ਜਿਲ੍ਹਾ ਲੁਧਿਆਣਾ।

***

*23 ਜੂਨ 1998*

ਵਾਹਿਗੁਰੂ ਖੁਦਾਵੰਦ ਆਪ ਜੀ ਨੂੰ ਸਦਾ ਚੜ੍ਹਦੀਕਲਾ 'ਚ ਰੱਖੇ ਅਤੇ ਆਪ ਜੀ ਦਾ ਸਾਇਆ ਸਦਾ ਹੀ ਸਿੱਖ ਜਗਤ ਅਤੇ ਹੋਰ ਮਨੁੱਖਤਾ 'ਤੇ ਬਣਿਆ ਰਹੇ। ਮੇਰੀਆਂ ਢੇਰ ਸਾਰੀਆਂ ਦੁਆਵਾਂ ਆਪ ਜੀ ਨੂੰ ਲਗਦੀਆਂ ਰਹਿਣ।

ਭਾਈ ਸਾਹਿਬ, ਮੈਂ ਕਾਫੀ ਸਮੇਂ ਤੋਂ ਅਖਬਾਰ ਵਿਚ ਜਥੇਦਾਰ ਟੌਹੜਾ ਸਾਹਿਬ ਦੇ ਖਿਲਾਫ ਖਬਰਾਂ ਪੜ੍ਹ ਰਿਹਾ ਹਾਂ ਕਿ ਕਿਵੇਂ ਉਨ੍ਹਾਂ ਨੇ ਆਪ ਜੀ ਦੇ ਹੁਕਮਨਾਮੇ ਨੂੰ ਅੱਖੋਂ ਪਰੋਖੇ ਕਰ ਦਿੱਤਾ ਸੀ। ਸਿੰਘ ਸਾਹਿਬ ਤੁਸੀਂ ਨਾ ਕੇਵਲ ਸਿੱਖ ਭਾਈਚਾਰੇ ਦੇ ਸਾਹਿਬ ਹੋ ਬਲਕਿ ਉਹ ਜਿਹੜੇ ਰੱਬ ਤੋਂ ਡਰਦੇ ਹਨ ਅਤੇ ਵਿਸ਼ਵਾਸੀ ਹਨ ਉਨ੍ਹਾਂ ਉੱਤੇ ਵੀ ਤੁਸੀਂ ਉਹੋ ਹੀ ਹੱਕ ਰੱਖਦੇ ਹੋ।

ਮੈਂ ਯਿਸੂ ਮਸੀਹ ਦਾ ਭਗਤ ਹੋਣ ਕਰਕੇ ਆਪ ਜੀ ਦੇ ਚਰਨਾਂ 'ਚ ਹੱਥ ਬੰਨ੍ਹ ਕੇ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਜਥੇਦਾਰ ਗੁਰਚਰਨ ਸਿੰਘ ਟੌਹੜਾ ਜੀ ਜੋ ਕਿ ਬਹੁਤ ਸੁਲਝੇ ਅਤੇ ਮੰਝੇ ਹੋਏ ਵਿਅਕਤੀ ਹਨ ਅਤੇ ਪੰਥ ਦੇ ਵਫਾਦਾਰ ਰਹੇ ਹਨ ਅਤੇ ਹਨ। ਭਾਵੇਂ ਉਨ੍ਹਾਂ ਨਾਲ ਮੇਰੀ ਕਦੀ ਸ਼ਖਸੀ ਮੁਲਾਕਾਤ ਨਹੀਂ ਹੋਈ ਪਰ ਫਿਰ ਵੀ ਅਖਬਾਰ ਅਤੇ ਰਾਏ ਆਮਾਂ ਤੋਂ ਪਤਾ ਚਲ ਜਾਂਦਾ ਹੈ। ਹਜ਼ੂਰ, ਮੈਂ ਕੁਝ ਆਪ ਜੀ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਜੇਕਰ ਭੁੱਲ ਹੋ ਜਾਏ ਤਾਂ ਖਿਮਾਂ ਕਰਨੀ।

ਸ਼ਿਕਾਇਤ ਕਰਤਾ ਸਿਆਸੀ ਬੰਦੇ ਹਨ। ਸਿਆਸੀ ਬੰਦੇ ਆਪਣੇ ਹਿਤ ਦੀ ਖਾਤਰ ਕੁਝ ਵੀ ਕਰ ਸਕਦੇ ਹਨ।

ਏਨੀ ਵੱਡੀ ਸ਼ਖ਼ਸੀਅਤ ਬਾਰੇ ਸੋਚਿਆ ਵੀ ਨਹੀਂ ਜਾ ਸਕਦਾ ਕਿ ਸ੍ਰੀ ਅਕਾਲ ਤਖ਼ਤ ਦੇ ਹੁਕਮਨਾਮੇ ਨੂੰ ਅੱਖੋਂ ਪਰੋਖੇ ਕਰ ਦੇਣ। ਖਿਮਾਂ ਦਾ ਜਾਚਕ ਹਾਂ, ਜੇਕਰ ਤਸੱਵਰ ਕਰ ਹੀ ਲਿਆ ਜਾਵੇ (ਪਰ ਮੈਂ ਮੰਨਦਾ ਨਹੀਂ) ਤਾਂ ਵੀ ਪੰਥ ਦੀ ਖਾਤਰ ਹੀ ਸਮਝ ਲਿਆ ਜਾਵੇ। ਮੈਂ ਆਪ ਜੀ ਨੂੰ ਕੀ ਅਰਜ਼ ਕਰਾਂ ਮੇਰੇ ਆਪਣੇ ਜਜ਼ਬਾਤ ਹਨ ਮੈਂ ਖੁਦਾ ਤੋਂ ਦੁਆ ਕਰਕੇ ਆਪ ਜੀ ਨੂੰ ਹੱਥ ਜੋੜ ਕੇ ਬੇਨਤੀ ਕਰਦਾ ਹਾਂ ਕਿਉਂਕਿ ਫੈਸਲਾ ਆਪ ਜੀ ਨੇ ਕਰਨਾ ਹੈ। ਸਾਰੀਆਂ

ਸੇਵਾਵਾਂ ਨੂੰ ਮੁੱਖ ਰਖਿਓ ਜੇ। ਕਿਉਂਕਿ ਸਾਡੇ ਦੇਸ਼ ਵਿਚ ਲੋਕਤੰਤਰ ਹੈ ਜਿਹੜੀ ਸਰਕਾਰ ਨੂੰ 50 ਸਾਲ ਹੋ ਜਾਣ ਰਾਜ ਕਰਦਿਆਂ ਉਸ ਨੂੰ ਲੋਕ ਮੱਤ ਨਾਲ ਹੀ ਬਦਲਿਆ ਜਾ ਸਕਦਾ ਸੀ। ਲੋਕ ਮੱਤ ਹਾਸਲ ਕਰਨ ਲਈ ਬਹੁਤ ਸੰਘਰਸ਼ ਕਰਨਾ ਪੈਂਦਾ ਹੈ। ਲੋਕ ਮੱਤ ਹਾਸਲ ਕਰਨ ਲਈ ਲੋਕ ਜੰਗੀ ਪੱਧਰ 'ਤੇ ਦੌੜ ਧੱਪਾ ਕਰਦੇ ਹਨ। ("ਐਵਰੀਥਿੰਗ ਇਜ਼ ਫੇਅਰ ਇਨ ਲਵ ਐਂਡ ਵਾਰ") ਪਿਆਰ ਅਤੇ ਜੰਗ ਵਿਚ ਹਰ ਚੀਜ਼ ਜਾਇਜ ਹੈ। ਇਹ ਅਖਾਣ ਬਹੁਤ ਹੀ ਮਸ਼ਹੂਰ ਹੈ। ਮੈਂ ਫਿਰ ਆਪ ਜੀ ਕੋਲੋਂ ਖਿਮਾਂ ਮੰਗਦਾ ਹਾਂ ਆਪ ਜੀ ਦਾ ਹੁਕਮ ਅਟੱਲ ਹੈ। ਆਪ ਜੀ ਮੇਰੇ ਸਾਹਿਬ ਹੋ। ਮੈਂ ਆਪ ਜੀ ਨੂੰ ਬੇਰਿੰਗ ਕਾਲਜ ਵੀ ਮਿਲਿਆ ਸੀ। ਆਪ ਜੀ ਤਾਂ ਬਹੁਤ ਵਿਸ਼ਾਲ ਹਿਰਦੇ ਵਾਲੇ ਹੋ। ਬੇਨਤੀ ਹੈ ਕਿ ਟੌਹੜਾ ਸਾਹਿਬ ਬਾਰੇ ਫੈਸਲਾ ਲੈਣ ਤੋਂ ਪਹਿਲਾਂ ਸਾਰੇ ਮਾਹੌਲ ਨੂੰ ਸਾਹਮਣੇ ਰੱਖਿਆ ਜੇ। ਢੇਰ ਸਾਰੀਆਂ ਦੁਆਵਾਂ ਅਤੇ ਸ਼ੁਭ ਕਾਮਨਾਵਾਂ ਨਾਲ।

ਆਪ ਜੀ ਦਾ ਦਾਸ

*ਜਾਨ ਵਿਲੀਅਮ*

ਦ ਸਾਲਵੇਸ਼ਨ ਆਰਮੀ ਸੀਨੀਅਰ ਸੈਕੰਡਰੀ, ਸਕੂਲ ਬਟਾਲਾ

***

*13 ਅਪ੍ਰੈਲ 1998*

ਟੌਹੜਾ ਸਾਹਿਬ ਨੇ ਬਹੁਤ ਭਾਰੀ ਗ਼ਲਤੀ ਕੀਤੀ ਹੈ ਜੋ ਨਿਰੰਕਾਰੀ ਭਵਨ ਵਿਚ ਗਏ ਵੋਟਾਂ ਵਾਸਤੇ ਤੋਂ ਸਿਰੋਪਾ ਵੀ ਲਿਆ। ਸਿਆਸਤਦਾਨਾਂ ਨੂੰ ਕੁਰਸੀ ਦੀ ਭੁੱਖ ਪਿਛੇ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਸਤਿਕਾਰ ਭੁੱਲ ਜਾਂਦਾ ਹੈ। ਕਈ ਬਹਾਨੇ ਹੁਣ ਬਣਾਏ ਜਾ ਰਹੇ ਨੇ। ਜੇ ਸਿਆਸਤਦਾਨਾਂ ਨੂੰ ਖੁਲ੍ਹ ਦਿੱਤੀ ਗਈ ਕਿ ਤੁਸੀਂ ਹੁਕਮਨਾਮੇ ਤੋਂ ਬਰੀ ਹੋ ਤਾਂ ਸ੍ਰੀ ਅਕਾਲ ਤਖ਼ਤ ਦੀ ਮਹਾਨਤਾ 'ਤੇ ਸੱਟ ਵਜੇਗੀ। ਮੈਂ ਟੌਹੜਾ ਸਾਹਿਬ ਨੂੰ ਵੀ ਬੇਨਤੀ ਕੀਤੀ ਹੈ ਕਿ ਵਡਿਆਈ ਇਸੇ ਵਿਚ ਹੈ ਕਿ ਆਪਣੀ ਗ਼ਲਤੀ ਨੂੰ ਮਹਿਸੂਸ ਕਰੋ ਤੇ ਆਪਣੇ ਆਪ ਪੇਸ਼ ਹੋ ਜਾਓ ਤੇ ਅਕਾਲ ਤਖ਼ਤ ਤੋਂ ਮੁਆਫੀ ਮੰਗ ਲਓ। ਜਿਹੜੇ ਲੋਕ ਇਹ ਲਿਖ ਰਹੇ ਨੇ ਅਖਬਾਰਾਂ ਵਿਚ ਕਿ ਨਿਰੰਕਾਰੀਆਂ ਨੂੰ ਫਿਰ ਪੰਥ ਵਿਚ ਰਲਾ ਲੈਣਾ ਚਾਹੀਦਾ ਹੈ, ਉਨ੍ਹਾਂ ਨੂੰ ਕੋਈ ਪੁੱਛੇ ਕਿ ਨਿਰੰਕਾਰੀਆਂ ਨੇ ਕੋਈ ਬੇਨਤੀ ਕੀਤੀ ਹੈ? ਕੁਰਸੀ ਦੇ ਭੁੱਖੇ ਲੋਕ ਬੜੇ ਚਲਾਕ ਬਣਦੇ ਨੇ। ਮੈਂ ਅੱਗੇ ਵੀ ਟੌਹੜਾ ਸਾਹਿਬ ਨੂੰ ਚਿੱਠੀ ਲਿਖੀ ਸੀ ਕਿ ਤੁਹਾਡਾ ਕੱਦ ਹੋਰ ਉੱਚਾ ਹੋ ਜਾਵੇਗਾ ਜੇ ਤੁਸੀਂ ਸ਼੍ਰੋਮਣੀ ਕਮੇਟੀ ਵਿਚ ਇਹ ਪਾਸ ਕਰੋ ਕਿ ਜਿਸ ਵਿਅਕਤੀ ਨੂੰ ਸ੍ਰੀ ਅਕਾਲ ਤਖ਼ਤ ਦਾ ਜਥੇਦਾਰ ਨਿਯੁਕਤ ਕੀਤਾ ਜਾਵੇ ਫਿਰ ਸ਼੍ਰੋਮਣੀ ਕਮੇਟੀ ਨੂੰ ਵੀ ਇਹ ਹੱਕ ਨਹੀਂ ਹੋਵੇਗਾ ਕਿ 5 ਸਾਲ ਉਸ ਜਥੇਦਾਰ ਜੀ ਨੂੰ ਹਟਾ ਸਕੇ। ਪਰ ਟੌਹੜਾ ਸਾਹਿਬ ਨੇ ਜਵਾਬ ਵੀ ਨਾ ਦਿੱਤਾ। ਜੇ ਟੌਹੜਾ ਸਾਹਿਬ ਨੇ ਆਪਣੇ ਆਪ ਅਕਾਲ ਤਖ਼ਤ ਜੀ ਦਾ ਡਿਕਟੇਟਰ ਬਣ ਕੇ ਰਹਿਣਾ ਹੈ ਤਾਂ ਮੈਂ ਇਕ ਛੋਟਾ ਜਿਹਾ ਪੈਂਫਲਿਟ ਜਾਂ ਕਿਤਾਬ ਲਿਖ ਕੇ ਸਾਰੀ ਦੁਨੀਆਂ ਦੇ ਸਿੱਖਾਂ ਨੂੰ ਇਹ ਭੇਜਾਂਗਾ ਕਿ ਉਹ ਇਸ ਤਜਵੀਜ਼ 'ਤੇ ਜ਼ੋਰ ਦੇਣ। ਵਾਹਿਗੁਰੂ ਟੌਹੜਾ ਸਾਹਿਬ ਨੂੰ ਸੁਮੱਤ ਬਖਸ਼ੇ।

*ਡਾ: ਜੇ.ਐਸ. ਸੇਠੀ,*

ਐਮ.ਬੀ.ਬੀ.ਐਸ., ਡੀ.ਐਲ.ਓ.,

ਰਿਟਾ: ਸਿਵਲ ਸਰਜਨ ਅਤੇ ਅਸਿਸਟੈਂਟ ਡਾਇਰੈਕਟਰ ਸੀ.ਐਚ.ਐਸ.,
ਐਮ ਓ ਫਾਰ ਏ.ਬੀ.ਆਈ.।
ਐਸ.ਸੀ.ਐਫ. ਨੰ. 48, ਮੇਨ ਰੋਡ, ਅਰਬਨ ਅਸਟੇਟ ਫੇਸ-1 ਜਲੰਧਰ।
431-ਐਲ ਮਾਡਲ ਟਾਊਨ।

***

15 ਅਪ੍ਰੈਲ 1998

ਉਪਰੋਕਤ ਵਿਸ਼ੇ 'ਤੇ ਨਿਮਰਤਾ ਸਹਿਤ ਬੇਨਤੀ ਹੈ ਕਿ ਵੱਖ-ਵੱਖ ਅਖਬਾਰਾਂ ਵਿਚ ਜੋ ਛਪਿਆ ਹੈ ਤੇ ਉਸਦੇ ਵਿਰੋਧ ਵਿਚ ਜੋ ਬਿਆਨ ਸ: ਗੁਰਚਰਨ ਸਿੰਘ ਟੌਹੜਾ ਨੇ ਜਾਰੀ ਕੀਤਾ ਹੈ ਉਸ ਤੋਂ ਸਪੱਸ਼ਟ ਹੋ ਗਿਆ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ: ਗੁਰਚਰਨ ਸਿੰਘ ਟੌਹੜਾ ਨੇ ਅਕਾਲੀ ਦਲ ਦੇ ਉਮੀਦਵਾਰ ਲਈ ਵੋਟਾਂ ਲੈਣ ਦੀ ਖਾਤਰ ਨਿਰੰਕਾਰੀਆਂ ਨਾਲ ਮੇਲਜੋਲ ਕੀਤਾ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਵਲੋਂ 1978 ਤੋਂ ਜਾਰੀ ਕੀਤੇ ਹੁਕਮਨਾਮੇ ਦੀ ਉਲੰਘਣਾ ਕੀਤੀ ਹੈ। ਇਸ ਲਈ ਮੈਂ ਬੇਨਤੀ ਕਰਦਾ ਹਾਂ ਕਿ ਇਹ ਇਕ ਅਤਿ ਗੰਭੀਰ ਧਾਰਮਕ ਮਾਮਲਾ ਹੈ। ਇਸ ਲਈ ਸ: ਗੁਰਚਰਨ ਸਿੰਘ ਟੌਹੜਾ ਨੂੰ ਸ੍ਰੀ ਅਕਾਲ ਤਖ਼ਤ 'ਤੇ ਤਲਬ ਕੀਤਾ ਜਾਵੇ। ਉਸ ਨੂੰ ਤਨਖਾਹੀਆ ਕਰਾਰ ਦੇ ਕੇ ਤਨਖਾਹ ਲਾਈ ਜਾਵੇ ਅਤੇ ਮੇਰੀ ਬੇਨਤੀ ਸਵੀਕਾਰ ਕਰਕੇ ਸਮੁੱਚੀ ਸਿੱਖ ਕੌਮ ਨੂੰ ਇਨਸਾਫ ਦਿਵਾਇਆ ਜਾਵੇ ਤਾਂ ਜੋ ਅੱਗੇ ਤੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਨਾਮੇ ਦੀ ਕੋਈ ਸਿੱਖ ਉਲੰਘਣਾ ਨਾ ਕਰ ਸਕੇ।

ਧੰਨਵਾਦ ਸਹਿਤ

ਪ੍ਰਾਰਥੀ (ਦਾਸ, ਇਕ ਨਿਮਾਣਾ ਸਿੱਖ),
*ਹਰਭਜਨ ਸਿੰਘ ਕੰਬੋਜ*
4073/10, ਨਵੀਂ ਆਬਾਦੀ, ਅਬੋਹਰ।

***

ਆਪ ਜੀ ਨੂੰ 'ਨਿਰੰਕਾਰੀ-ਟੌਹੜਾ ਵਿਵਾਦ' ਬਾਰੇ ਆਪਣੇ ਵਿਚਾਰ ਦੱਸਣੇ ਚਾਹੁੰਦਾ ਹਾਂ। ਸਿੱਖ ਕੌਮ ਦੀ ਸਰਬਉੱਚ ਸੰਸਥਾ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼-ਹੁਕਮਨਾਮੇ ਲਾਗੂ ਕਰਨਾ ਸ਼੍ਰੋਮਣੀ ਕਮੇਟੀ ਦਾ ਮੂਲ ਕਰਤੱਵ ਹੈ। ਇਸ ਦੇ ਮੁੱਖ ਅਹੁਦੇਦਾਰ ਵਲੋਂ ਧਰਮ ਨਾਲੋਂ ਸਿਆਸਤ ਨੂੰ ਵਧੇਰੇ ਅਹਿਮੀਅਤ ਦੇਣਾ, ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਹਾਨਤਾ ਨੂੰ ਘਟਾਉਣਾ ਹੈ। ਸੁਪਰੀਮ ਕੋਰਟ ਦੇ ਫੈਸਲੇ ਜੇਕਰ ਰਾਜ ਸਰਕਾਰ ਦਾ ਮੁੱਖ ਮੰਤਰੀ ਲਾਗੂ ਨਹੀਂ ਕਰੇਗਾ ਤਾਂ ਸੁਪਰੀਮ ਕੋਰਟ ਦੀ ਜਨਤਾ ਵਿਚਕਾਰ ਭਰੋਸੇਯੋਗਤਾ ਖਤਮ ਹੋ ਜਾਵੇਗੀ। ਟੌਹੜਾ ਸਾਹਿਬ ਨੇ ਇਹ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮ ਕੇਵਲ ਆਮ ਸਿੱਖ ਲਈ ਹਨ, ਉੱਚ ਕੋਟੀ ਦੇ ਪੰਥਕ ਨੇਤਾ ਕਹਾਉਣ ਵਾਲਿਆਂ ਲਈ ਨਹੀਂ। ਟੌਹੜਾ ਨੂੰ ਸ: ਮਹਿੰਦਰ ਸਿੰਘ ਮਠਾਰੂ ਨਾਲੋਂ ਵੀ ਸਖਤ ਸਜ਼ਾ ਮਿਲਣੀ ਚਾਹੀਦੀ ਹੈ। ਜੇਕਰ ਅਜਿਹਾ ਨਾ ਹੋਇਆ ਤਾਂ ਇਕ ਆਮ ਸਿੱਖ ਦੀ ਸ੍ਰੀ ਅਕਾਲ ਤਖ਼ਤ ਸਾਹਿਬ ਪ੍ਰਤੀ ਸ਼ਰਧਾ ਵਿਚ ਕਮੀ ਆਵੇਗੀ।

ਜੇਕਰ ਟੌਹੜਾ ਨਿਰੰਕਾਰੀ ਮਿਸ਼ਨ ਨਹੀ ਵੀ ਗਏ ਪਰ ਉਨ੍ਹਾਂ ਦਾ ਮੀਡੀਆ ਨੂੰ ਕਹਿਣਾ ਕਿ 'ਵੋਟ ਦੀ ਸਿਆਸਤ ਲਈ ਸਭ ਜਾਇਜ਼ ਹੈ' ਇਕ ਬਜਰ ਗਲਤੀ ਹੈ। ਸਾਡੇ ਪੰਥਕ ਲੀਡਰ ਸੱਤਾ ਦੇ ਨਸ਼ੇ ਵਿਚ ਆਪਣੇ ਧਾਰਮਿਕ ਕਰਤੱਵ ਵੀ ਭੁੱਲ ਗਏ ਹਨ।

ਆਪ ਜੀ ਨੂੰ ਸਨਿਮਰ ਬੇਨਤੀ ਹੈ ਕਿ ਜਲਦੀ ਤੋਂ ਜਲਦੀ ਜਥੇਦਾਰ ਟੌਹੜਾ ਵਿਰੁੱਧ ਧਾਰਮਿਕ ਕਾਰਵਾਈ ਕਰਕੇ ਸ਼੍ਰੋਮਣੀ ਕਮੇਟੀ ਦੇ ਉੱਚੇ ਅਹੁਦੇ ਤੋਂ ਫਾਰਗ ਕੀਤਾ ਜਾਵੇ ਤਾਂ ਜੋ ਧਾਰਮਿਕ ਅਨੁਸਾਸ਼ਨ ਦੀ ਭਾਵਨਾ ਪੈਦਾ ਹੋਵੇ।

ਧੰਨਵਾਦ ਸਹਿਤ

ਆਪ ਜੀ ਦਾ ਸ਼ੁਭ ਚਿੰਤਕ,

*ਜਸਪ੍ਰੀਤ ਸਿੰਘ*

ਮਾਰਫਤ ਜੀ.ਐਸ. ਇਲੈਕਟ੍ਰਾਨਿਕਸ, ਭੋਗਪੁਰ ਸਿਰਵਾਲ-144201

***

15 ਅਪ੍ਰੈਲ 1998

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੁਰਚਰਨ ਸਿੰਘ ਟੌਹੜਾ ਨੇ ਨਿਰੰਕਾਰੀ ਭਵਨ ਜਾ ਕੇ ਸਿਰੋਪਾ ਪ੍ਰਵਾਨ ਕਰਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਨਾਮੇ ਦੀ ਘੋਰ ਉਲੰਘਣਾ ਕੀਤੀ ਹੈ। ਮੈਂ ਸਿੱਖ ਹੋਣ ਦੇ ਨਾਤੇ ਆਪ ਜੀ ਪਾਸ ਬੇਨਤੀ ਕਰਦਾ ਹਾਂ ਕਿ ਸ: ਗੁਰਚਰਨ ਸਿੰਘ ਟੌਹੜਾ ਨੂੰ ਅਕਾਲ ਤਖ਼ਤ 'ਤੇ ਤਲਬ ਕਰਕੇ ਯੋਗ ਕਾਰਵਾਈ ਕੀਤੀ ਜਾਵੇ।

ਆਪ ਜੀ ਦਾ ਸ਼ੁਭਚਿੰਤਕ,

*ਰਘਬੀਰ ਸਿੰਘ,*

ਐਮ.ਏ., ਐਲ.ਐਲ.ਬੀ., ਐਡਵੋਕੇਟ

(ਪੰਜਾਬ ਅਤੇ ਹਰਿਆਣਾ ਹਾਈ ਕੋਰਟ)

ਏ-337 ਰਣਜੀਤ ਐਵਨਿਊ, ਅੰਮ੍ਰਿਤਸਰ।

***

ਸ: ਗੁਰਚਰਨ ਸਿੰਘ ਟੌਹੜਾ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪ੍ਰਧਾਨ ਹੋਣ ਦੇ ਨਾਤੇ ਜੋ ਨਿਰੰਕਾਰੀਆਂ ਤੋਂ ਮਦਦ ਲੈ ਕੇ ਪ੍ਰੇਮ ਸਿੰਘ ਚੰਦੂਮਾਜਰਾ ਨੂੰ ਜਾਇਜ਼-ਨਜਾਇਜ਼ ਢੰਗ ਨਾਲ ਜਿਤਾਇਆ ਹੈ, ਉਸ ਦਾ ਕਾਰਨਾਮਾ ਮੁਆਫ ਕਰਨਯੋਗ ਨਹੀਂ ਹੈ। ਇਸ ਨੀਚ ਕਰਮ ਲਈ ਟੌਹੜਾ ਨੂੰ ਹਮੇਸ਼ਾ ਲਈ ਪੰਥ ਵਿਚੋਂ ਖਾਰਜ ਕਰ ਦੇਣਾ ਚਾਹੀਦਾ ਹੈ ਅਤੇ ਨਾਲ ਹੀ ਚੰਦੂਮਾਜਰਾ ਨੂੰ ਵੀ ਪਾਰਲੀਮੈਂਟ ਦੀ ਮੈਂਬਰੀ ਤੋਂ ਅਸਤੀਫਾ ਦੇਣ ਲਈ ਹੁਕਮਨਾਮਾ ਜਾਰੀ ਕਰਨਾ ਚਾਹੀਦਾ ਹੈ ਅਤੇ ਸਿੱਖ ਪੰਥ ਵਿਚੋਂ ਖਾਰਜ ਕੀਤਾ ਜਾਵੇ। ਤਨਖਾਹਾਂ ਲੱਗਣ ਨਾਲ ਸਿੱਖ ਪੰਥ ਦੀ ਤਸੱਲੀ ਨਹੀਂ ਹੋਣੀ ਕਿਉਂ ਜੋ ਟੌਹੜੇ ਨੇ ਪਿਛਲੇ 20 ਸਾਲ ਦੇ ਪੰਥ ਦੇ ਇਤਿਹਾਸ ਨੂੰ ਰੋਲ ਕੇ ਰੱਖ ਦਿੱਤਾ ਹੈ।

ਦਾਸ

*ਜ: ਮੱਘਰ ਸਿੰਘ, ਜਮਾਂਦਾਰ ਜੁਗਿੰਦਰ ਸਿੰਘ,*

*ਲਧਾ ਸਿੰਘ, ਨਰਾਇਣ ਸਿੰਘ ਮੋਗਾ ਪੱਤੀ*

***

ਆਪ ਜੀ ਨੂੰ ਪਤਾ ਹੀ ਹੈ ਕਿ ਪਿਛਲੇ ਕੁਝ ਦਿਨਾਂ ਤੋਂ ਨਿਰੰਕਾਰੀਆਂ ਦੇ ਮਾਮਲੇ ਨੂੰ ਲੈ ਕੇ ਅਖਬਾਰਾਂ ਵਿਚ ਵੰਨ-ਸੁਵੰਨੀ ਬਿਆਨਬਾਜ਼ੀ ਚੱਲ ਰਹੀ ਹੈ। ਕੈਪਟਨ ਅਮਰਿੰਦਰ ਸਿੰਘ ਵਰਗੇ ਕੁਝ ਐਸੇ ਲੋਕ ਵੀ ਹਨ ਜਿਨ੍ਹਾਂ ਨੇ ਪਹਿਲਾਂ ਪੰਥਕ ਪਲੇਟਫਾਰਮ 'ਤੇ ਰਹਿੰਦਿਆਂ ਵੀ ਕਾਂਗਰਸ ਦੇ ਕੇਂਦਰੀ ਹਾਕਮਾਂ ਦੇ ਇਸ਼ਾਰੇ 'ਤੇ ਪੰਥ ਵਿਚ ਵੰਡੀਆਂ ਪਾਉਣ ਅਤੇ ਚੋਣਾਂ ਦੇ ਬਾਈਕਾਟ ਵੇਲੇ ਪੰਥਕ ਭੇਸ ਵਿਚ ਸਾਰੇ ਪੰਥ ਦੇ ਉਲਟ ਚੋਣਾਂ ਲੜ ਕੇ ਪੰਥ ਨੂੰ ਬਦਨਾਮ ਕਰਨ ਤੋਂ ਕੋਈ ਕਸਰ ਬਾਕੀ ਨਹੀਂ ਛੱਡੀ। ਹੁਣ ਕਾਂਗਰਸੀ ਖੇਮੇ ਵਿਚ ਜਾ ਕੇ ਪੰਥ ਹੱਥੋਂ ਕਰਾਰੀ ਹਾਰ ਖਾਣ ਤੋਂ ਬਾਅਦ ਸਿਆਸੀ ਕਿੜਾਂ ਕੱਢਣ ਲਈ ਨਿਰੰਕਾਰੀਆਂ ਦੇ ਸੰਵੇਦਨਸ਼ੀਲ ਮਸਲੇ ਨੂੰ ਲੈ ਕੇ ਪੰਥ ਦੀ ਮਾਇਆਨਾਜ਼ ਹਸਤੀ ਜਥੇਦਾਰ ਗੁਰਚਰਨ ਸਿੰਘ ਟੌਹੜਾ ਵਿਰੁੱਧ ਤੋਹਮਤਬਾਜ਼ੀ ਕੀਤੀ ਹੈ।

ਕੈਪਟਨ ਅਮਰਿੰਦਰ ਸਿੰਘ ਦੇ ਬਿਆਨ ਤੋਂ ਬਾਅਦ ਪੰਥ ਵਿਚੋਂ ਦੁਰਕਾਰੇ ਨਿਹੰਗ ਮੁਖੀ ਬਾਬਾ ਸੰਤਾ ਸਿੰਘ ਵਰਗੇ ਲੋਕਾਂ ਨੇ ਜਥੇਦਾਰ ਟੌਹੜਾ ਦਾ ਮਾਮਲਾ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਲੈ ਕੇ ਜਾਣ ਦੀਆਂ ਗੱਲਾਂ ਕੀਤੀਆਂ। ਅਸਲ ਵਿਚ ਕੈਪਟਨ ਅਮਰਿੰਦਰ ਸਿੰਘ ਦੀ ਬਿਆਨਬਾਜ਼ੀ ਦਾ ਮਨੋਰਥ ਜਥੇਦਾਰ ਟੌਹੜਾ ਦੀ ਬਦਨਾਮੀ ਦੇ ਨਾਲ-ਨਾਲ ਨਿਰੰਕਾਰੀਆਂ ਵਿਰੁੱਧ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਜਾਰੀ ਹੁਕਮਨਾਮਾ ਵਾਪਸ ਕਰਵਾਉਣ ਅਤੇ ਨਿਰੰਕਾਰੀਆਂ ਨੂੰ ਮੁਆਫੀ ਦਿਵਾਉਣਾ ਹੈ। ਕਿਉਂਕਿ ਕੈਪਟਨ ਸਾਹਿਬ ਦਾ ਨਿਰੰਕਾਰੀਆਂ ਨਾਲ ਰੋਜ਼ ਦਾ ਮੇਲ-ਮਿਲਾਪ ਅਤੇ ਚੋਣਾਂ ਦੌਰਾਨ ਨਿਰੰਕਾਰੀਆਂ ਨਾਲ ਇਹ ਵਾਅਦਾ ਕਰਨਾ ਕਿ ਉਹ ਉਨ੍ਹਾਂ ਨੂੰ ਸ੍ਰੀ ਅਕਾਲ ਤਖ਼ਤ ਤੋਂ ਮੁਆਫੀ ਦਿਵਾ ਦੇਣਗੇ ਆਦਿ ਤੋਂ ਇਹ ਸਪੱਸ਼ਟ ਹੈ ਕਿ ਇਨ੍ਹਾਂ ਲੋਕਾਂ ਦੇ ਮਨ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਪ੍ਰਤੀ ਕਿੰਨਾ ਕੁ ਸਤਿਕਾਰ ਹੈ। ਨਾਲੇ ਆਪ ਪਤਿਤ ਅਤੇ ਐਸ਼ਪ੍ਰਸਤ ਹੁੰਦਿਆਂ ਕੈਪਟਨ ਪੰਥਕ ਲੋਕਾਂ ਨੂੰ ਕਿਵੇਂ ਗੁੰਮਰਾਹ ਕਰ ਸਕਦੇ ਹਨ।

ਜਥੇਦਾਰ ਸਾਹਿਬ! ਕੁਝ ਐਸੇ ਆਗੂ ਵੀ ਪੰਥਕ ਸਫਾਂ ਵਿਚ ਬੈਠੇ ਹਨ ਜੋ ਨਿੱਜੀ ਰੰਜਸ਼ਾਂ ਕਰਕੇ ਵਿਰੋਧੀਆਂ ਦੀਆਂ ਡੂੰਘੀਆਂ ਪੰਥ ਵਿਰੋਧੀ ਚਾਲਾਂ ਦੀ ਪ੍ਰਵਾਹ ਨਾ ਕਰਦਿਆਂ ਉਨ੍ਹਾਂ ਦੀ ਸੁਰ ਵਿਚ ਸੁਰ ਮਿਲਾਉਣ ਲੱਗ ਪੈਂਦੇ ਹਨ।

ਹੁਣ ਜਦੋਂ ਵਿਸ਼ਵ ਭਰ ਦੇ ਸਿੱਖ 1999 ਦੀ ਵਿਸਾਖੀ ਨੂੰ ਆ ਰਹੇ ਖਾਲਸਾ ਪੰਥ ਦੇ 300 ਸਾਲਾ ਸਥਾਪਨਾ ਦਿਵਸ ਦੀਆਂ ਤਿਆਰੀਆਂ ਵਿਚ ਰੁੱਝੇ ਹੋਏ ਹਨ ਇਸ ਮੌਕੇ ਉਪਰੋਕਤ ਕਸ਼ਮਕਸ਼ ਨਿਰਸੰਦੇਹ ਨੁਕਸਾਨਦੇਹ ਸਾਬਤ ਹੋਵੇਗੀ। ਪਹਿਲਾਂ ਵੀ ਕਈ ਵਾਰ ਕੁਝ ਲੋਕਾਂ ਨੇ ਆਪਣੇ ਸਵਾਰਥ ਸਿੱਧ ਕਰਨ ਲਈ ਮਾਮਲੇ ਸ੍ਰੀ ਅਕਾਲ ਤਖ਼ਤ 'ਤੇ ਲਿਆਂਦੇ ਅੰਤ ਉਨ੍ਹਾਂ ਨੂੰ ਮੂੰਹ ਦੀ ਖਾਣੀ ਪਈ।

ਆਪ ਜੀ ਵਲੋਂ ਨਿਰੰਕਾਰੀਆਂ ਦੇ ਮਾਮਲੇ ਵਿਚ ਲਏ ਸਟੈਂਡ ਦੀ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਪੁਰਜ਼ੋਰ ਸ਼ਲਾਘਾ ਕਰਦੀ ਹੈ। ਅਸੀਂ ਆਪ ਜੀ ਨੂੰ ਬੇਨਤੀ ਕਰਦੇ ਹਾਂ ਕਿ ਪੰਥ ਵਿਚ ਖਿਚੋਤਾਣ ਪੈਦਾ ਕਰਨ ਵਾਲੇ ਕੈਪਟਨ ਅਮਰਿੰਦਰ ਸਿੰਘ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਬੁਲਾ ਕੇ ਸਿੱਖ ਰਹਿਤ ਮਰਯਾਦਾ ਦੇ ਮੁਤਾਬਕ ਸਜ਼ਾ ਦੇਵੋ ਤਾਂ ਕਿ ਭਵਿੱਖ ਵਿਚ ਕਿਸੇ ਅਜੇਹੇ ਆਗੂ ਦੀ ਜੁਰਅੱਤ ਨਾ ਪਵੇ ਕਿ ਉਹ ਪੰਥ ਵਿਚੋਂ ਦੁਰਕਾਰੇ ਅਤੇ ਹਾਲੇ

ਵੀ ਗੁਰਮਤਿ ਵਿਰੋਧੀ ਸਰਗਰਮੀਆਂ ਵਿਚ ਰੁਝੇ ਨਿਰੰਕਾਰੀ ਸੰਗਠਨਾਂ ਦੀ ਵਿਚੋਲਗੀ ਕਰਦਾ ਫਿਰੇ।

ਗੁਰੂ ਪੰਥ ਦੇ ਦਾਸ
ਹਰਮਿੰਦਰ ਸਿੰਘ ਗਿੱਲ
ਪ੍ਰਧਾਨ
ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ
ਕਰਨੈਲ ਸਿੰਘ ਪੀਰ ਮੁਹੰਮਦ
ਸਕੱਤਰ ਜਨਰਲ
ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ।

***

*26 ਅਪ੍ਰੈਲ 1998*

ਆਪ ਜੀ ਦੇ ਚਰਨਾਂ ਵਿਚ ਬੇਨਤੀ ਹੈ ਕਿ ਅਸੀਂ ਅਕਾਲ ਤਖ਼ਤ ਸਾਹਿਬ ਜੀ ਦਾ ਸੰਪੂਰਨ ਸਤਿਕਾਰ ਕਰਦੇ ਹਾਂ ਅਤੇ ਅਸੀਂ ਜਾਣਦੇ ਹਾਂ ਕਿ ਇਸ ਤਖ਼ਤ ਤੋਂ ਜਾਰੀ ਹੋਇਆ ਹਰ ਹੁਕਮ ਸਿੱਖ ਕੌਮ ਲਈ ਸਰਬ-ਉੱਚ ਹੈ।

ਅਸੀਂ ਆਪ ਜੀ ਦੇ ਧਿਆਨ ਵਿਚ ਇਹ ਗੱਲ ਲਿਆਉਣੀ ਚਾਹੁੰਦੇ ਹਾਂ ਕਿ ਪਟਿਆਲੇ ਵਿਚ ਪਿਛਲੇ ਦਿਨੀਂ ਕੁਝ ਸਿਆਸੀ ਲੋਕਾਂ ਵਲੋਂ ਗਵਾਹਾਂ ਨੂੰ ਗਵਾਹੀ ਦੇਣ ਵਾਸਤੇ ਆਪ ਜੀ ਦੇ ਪਾਸ ਲਿਆਉਣ ਲਈ ਹਰ ਹੀਲਾ ਕੀਤਾ ਜਾ ਰਿਹਾ ਹੈ। ਮੇਰੇ 'ਤੇ ਵੀ ਮਹਾਰਾਜਾ ਸਾਹਿਬ ਅਤੇ ਉਨ੍ਹਾਂ ਦੇ ਏਜੰਟ ਜ਼ੋਰ ਪਾ ਰਹੇ ਹਨ ਕਿ ਮੈਂ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੇ ਖਿਲਾਫ ਇਹ ਗਵਾਹੀ ਦੇਵਾਂ ਕਿ ਮੈਂ ਆਪਣੀਆਂ ਅੱਖਾਂ ਨਾਲ ਟੌਹੜੇ ਨੂੰ ਨਿਰੰਕਾਰੀ ਭਵਨ 'ਚ ਸ਼ਾਮਲ ਹੋ ਕੇ ਵੋਟਾਂ ਮੰਗਦੇ ਅਤੇ ਸਿਰੋਪਾਓ ਲੈਂਦੇ ਦੇਖਿਆ ਹੈ। ਇਸ ਗਵਾਹੀ ਲਈ ਮੈਨੂੰ ਪਹਿਲਾਂ ਪਿਆਰ ਨਾਲ ਫਿਰ ਲਾਲਚ ਨਾਲ ਅਤੇ ਫਿਰ ਡਰਾਉਣ ਦੀ ਕੋਸ਼ਿਸ਼ ਕੀਤੀ ਗਈ ਪਰ ਅਸੀਂ ਅਕਾਲ ਤਖ਼ਤ ਸਾਹਿਬ ਦੇ ਅੱਗੇ ਝੂਠ ਬੋਲਣ ਤੋਂ ਨਾਂਹ ਕਰ ਦਿੱਤੀ। ਉਨ੍ਹਾਂ ਕਿਹਾ ਕਿ ਹੁਣ ਸਮਾਂ ਹੈ, ਟੌਹੜੇ ਤੋਂ ਪੰਜਾਬ ਦਾ ਖਹਿੜਾ ਛੁੱਟ ਜਾਵੇਗਾ ਅਤੇ ਇਥੇ ਪੱਕੀ ਸ਼ਾਂਤੀ ਹੋ ਜਾਵੇਗੀ, ਟੌਹੜਾ ਹੀ ਪੰਜਾਬ ਵਿਚ ਸਿੱਖੀ ਦਾ ਸੁਆਲ ਪੈਦਾ ਕਰਕੇ ਪੁਆੜਾ ਪੁਆਉਂਦਾ ਹੈ।

ਸਤਿਕਾਰਯੋਗ ਸਿੰਘ ਸਾਹਿਬ ਜੀ, ਮਹਾਰਾਜਾ ਸਾਹਿਬ ਜੋ ਕਰ ਰਹੇ ਹਨ ਉਹ ਉਨ੍ਹਾਂ ਲਈ ਸ਼ੋਭਾ ਨਹੀਂ ਦਿੰਦਾ, ਉਹ ਆਪਣੇ ਸਿਆਸੀ ਦੁਸ਼ਮਣ ਨੂੰ ਉਸ ਦੇ ਧਾਰਮਕ ਆਗੂ ਹੱਥੋਂ ਝੂਠ ਆਸਰੇ ਮਰਵਾਉਣ ਦੀ ਚਾਲ ਚੱਲ ਰਿਹਾ ਹੈ। ਹੁਣ ਜਦੋਂ ਮੈਂ ਮਹਾਰਾਜਾ ਸਾਹਿਬ ਦਾ ਕਿਹਾ ਮੰਨਣ ਤੋਂ ਇਨਕਾਰ ਕਰ ਦਿੱਤਾ ਹੈ ਤਾਂ ਮੈਨੂੰ ਬਹੁਤ ਹੀ ਗੰਭੀਰ ਸਿੱਟੇ ਭੁਗਤਣ ਦੀਆਂ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ।

ਸਿੰਘ ਸਾਹਿਬ ਜੀ ਆਪ ਜੀ ਦੇ ਚਰਨਾਂ ਵਿਚ ਬੇਨਤੀ ਹੈ ਕਿ ਝੂਠੀਆਂ ਸਾਜ਼ਿਸ਼ਾਂ ਦਾ ਖਿਆਲ ਰੱਖਣਾ ਅਤੇ ਸੱਚ 'ਤੇ ਪਹਿਰਾ ਦੇਣਾ। ਜੇ ਮੇਰੇ ਨਾਲ ਕੋਈ ਹੋਣੀ ਵਾਪਰੀ ਜਾਂ ਮੇਰੇ ਧਿਆਨ ਵਿਚ ਕੋਈ ਅਜਿਹੀ ਗੱਲ ਆਈ ਤਾਂ ਦੱਸਾਂਗੇ। ਸਾਡੀ ਰੱਖਿਆ ਵੱਲ ਧਿਆਨ ਦੇਣਾ ਜੀ।

ਧੰਨਵਾਦ ਸਹਿਤ

ਆਪ ਜੀ ਦਾ ਦਾਸ

*ਦਵਿੰਦਰ ਸਿੰਘ*

ਪੁੱਤਰ ਪ੍ਰੇਮ ਸਿੰਘ

13/1, ਟੀ.ਬੀ. ਹਸਪਤਾਲ ਰੋਡ, ਪਟਿਆਲਾ।

***

*26 ਅਪ੍ਰੈਲ 1998*

ਆਪ ਜੀ ਦੇ ਚਰਨਾਂ ਵਿਚ ਬੇਨਤੀ ਹੈ ਕਿ ਸਾਡੇ ਉੱਪਰ ਕੈਪਟਨ ਅਮਰਿੰਦਰ ਸਿੰਘ ਮਹਾਰਾਜਾ ਪਟਿਆਲਾ ਅਤੇ ਉਸ ਦੇ ਸਾਥੀ ਦਬਾਅ ਪਾ ਰਹੇ ਹਨ ਕਿ ਮੈਂ ਜਥੇਦਾਰ ਟੌਹੜਾ ਦੇ ਵਿਰੁੱਧ ਗਵਾਹੀ ਦਿਆਂ ਕਿ ਉਹਨੇ ਨਿਰੰਕਾਰੀ ਭਵਨ ਵਿਚ ਜਾ ਕੇ ਨਿਰੰਕਾਰੀਆਂ ਤੋਂ ਵੋਟਾਂ ਮੰਗੀਆਂ। ਜਥੇਦਾਰ ਸਾਹਿਬ ਜਦੋਂ ਅਸੀਂ ਦੇਖਿਆ ਹੀ ਕੁਝ ਨਹੀਂ ਤਾਂ ਅਸੀਂ ਝੂਠੀ ਗਵਾਹੀ ਕਿਵੇਂ ਦੇਈਏ? ਸਾਡੇ ਨਾਂਹ ਕਰਨ 'ਤੇ ਸਾਨੂੰ ਹਰ ਰੋਜ਼ ਨਵੀਆਂ-ਨਵੀਆਂ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ। ਮਹਾਰਾਜੇ ਪਟਿਆਲੇ ਦੀਆਂ ਝੂਠੀਆਂ ਚਾਲਾਂ ਨੂੰ ਲੋਕਾਂ ਵਿਚ ਨਸ਼ਰ ਕਰੋ ਅਤੇ ਅਕਾਲ ਤਖ਼ਤ ਸਾਹਿਬ ਦੀ ਸ਼ਾਨ ਕਾਇਮ ਰੱਖੋ।

ਏ.ਜੇ. ਇਲੈਕਟ੍ਰੋਨਿਕਸ,

ਸਾਹਮਣੇ ਟੀ.ਬੀ. ਹਸਪਤਾਲ, ਪਟਿਆਲਾ।

***

*28 ਅਪ੍ਰੈਲ 1998*

ਆਪ ਜੀ ਕੋਲ ਬੇਨਤੀ ਹੈ ਕਿ ਹਰ ਸਿੱਖ ਦੇ ਮਨ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦਾ ਪੂਰਾ ਸਤਿਕਾਰ ਹੈ ਅਤੇ ਇਸ ਤਖ਼ਤ ਤੋਂ ਜਦੋਂ ਵੀ ਕੋਈ ਹੁਕਮ ਹੁੰਦਾ ਹੈ ਹਰ ਸਿੱਖ ਇਕ ਨਿਮਾਣੇ ਸੇਵਕ ਵਜੋਂ ਇਸ ਨੂੰ ਮੰਨਦਾ ਹੈ। ਮੈਂ ਆਪ ਜੀ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਪਟਿਆਲਾ ਸ਼ਹਿਰ ਅੰਦਰ ਕੁਝ ਸਿਆਸੀ ਲੋਕ ਅਜੀਬ ਕਿਸਮ ਦੀਆਂ ਚਾਲਾਂ ਖੇਡ ਰਹੇ ਹਨ। ਉਹ ਮੇਰੇ ਵਰਗੇ ਲੋਕਾਂ ਨੂੰ ਭਰਮਾ ਕੇ ਜਾਂ ਡਰਾ ਕੇ ਆਪ ਜੀ ਕੋਲ ਇਕ ਝੂਠੇ ਗਵਾਹ ਵਜੋਂ ਪੇਸ਼ ਕਰਨਾ ਚਾਹੁੰਦੇ ਹਨ।

ਮੇਰੇ 'ਤੇ ਵੀ ਮਹਾਰਾਜਾ ਪਟਿਆਲਾ ਅਤੇ ਉਸ ਦੇ ਆਦਮੀ ਦਬਾਅ ਪਾ ਰਹੇ ਹਨ ਕਿ ਮੈਂ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੇ ਖਿਲਾਫ ਇਹ ਝੂਠੀ ਗਵਾਹੀ ਦੇਵਾਂ ਕਿ ਮੈਂ ਉਨ੍ਹਾਂ ਨੂੰ ਨਿਰੰਕਾਰੀਆਂ ਹਥੋਂ ਸਿਰੋਪਾ ਲੈਂਦੇ ਅਤੇ ਉਨ੍ਹਾਂ ਨੂੰ ਵੋਟਾਂ ਲਈ ਅਪੀਲ ਕਰਦਿਆਂ ਆਪਣੀ ਅੱਖੀਂ ਦੇਖਿਆ ਹੈ। ਇਸ ਗਵਾਹੀ ਲਈ ਮੈਨੂੰ ਹਰ ਤਰ੍ਹਾਂ ਦਾ ਲਾਲਚ ਦੇਣ ਦੀ ਕੋਸ਼ਿਸ਼ ਕੀਤੀ ਗਈ। ਜਦੋਂ ਮੈਂ ਇਸ ਝੂਠੀ ਗਵਾਹੀ ਨੂੰ ਦੇਣ ਤੋਂ ਇਨਕਾਰ ਕਰ ਦਿੱਤਾ ਤਾਂ ਅੱਜ ਮੈਨੂੰ ਮਹਾਰਾਜਾ ਪਟਿਆਲੇ ਦੇ ਬੰਦੇ ਧਮਕੀਆਂ ਦੇ ਰਹੇ ਹਨ ਕਿ ਅਸੀਂ ਤੈਨੂੰ ਇਹ ਸ਼ਹਿਰ ਛੱਡਣ 'ਤੇ ਮਜਬੂਰ ਕਰ ਦਿਆਂਗੇ। ਮੈਂ ਇਕ ਨਿਮਾਣਾ ਸਿੱਖ ਹੋਣ ਦੇ ਨਾਤੇ ਸ੍ਰੀ ਅਕਾਲ ਤਖ਼ਤ ਸਾਹਿਬ ਸਨਮੁਖ ਕੋਈ ਵੀ ਝੂਠੀ ਗਵਾਹੀ ਦੇਣ ਲਈ ਤਿਆਰ ਨਹੀਂ ਚਾਹੇ ਮੈਨੂੰ ਇਸ ਦੇ ਸਿਟੇ ਵਜੋਂ ਕੋਈ ਵੀ ਜਾਨੀ ਜਾਂ ਮਾਲੀ ਨੁਕਸਾਨ ਹੋਵੇ।

ਸਤਿਕਾਰਯੋਗ ਜਥੇਦਾਰ ਸਾਹਿਬ ਜੀ ਮਹਾਰਾਜਾ ਪਟਿਆਲਾ ਆਪਣੀ ਸਿਆਸੀ

ਦੁਸ਼ਮਣੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਰਾਹੀਂ ਕੱਢਣੀ ਚਾਹੁੰਦੇ ਹਨ। ਮੈਂ ਆਪ ਜੀ ਨੂੰ ਬੇਨਤੀ ਕਰਦਾ ਹਾਂ ਕਿ ਉਨ੍ਹਾਂ ਦੀਆਂ ਅਜਿਹੀਆਂ ਕੋਝੀਆਂ ਚਾਲਾਂ ਤੋਂ ਸੁਚੇਤ ਰਹਿਣਾ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਾਣ ਮਰਯਾਦਾ ਨੂੰ ਕਾਇਮ ਰੱਖਦੇ ਹੋਏ ਸੱਚ 'ਤੇ ਪਹਿਰਾ ਦੇਣਾ।

ਜੇ ਸਾਡੇ ਨਾਲ ਕਿਸੇ ਕਿਸਮ ਦਾ ਕੋਈ ਧੱਕਾ ਹੋਵੇ ਤਾਂ ਸਾਡੀ ਰੱਖਿਆ ਕਰਨ ਦੀ ਕ੍ਰਿਪਾਲਤਾ ਕਰਨੀ।

ਗੁਰੂ ਪੰਥ ਦੇ ਦਾਸ

*ਕੁਲਤਾਰਨ ਸਿੰਘ ਗੁਜਰਾਲ*

ਗੁਜਰਾਲ ਗੰਨ ਹਾਊਸ,

ਟੀ.ਬੀ. ਹਸਪਤਾਲ ਰੋਡ, ਪਟਿਆਲਾ।

***

***29 ਅਪ੍ਰੈਲ 1998***

ਨਿਮਰਤਾ ਸਹਿਤ ਬੇਨਤੀ ਕੀਤੀ ਜਾਂਦੀ ਹੈ ਕਿ ਅਸੀਂ ਆਪ ਜੀ ਦੇ ਧਿਆਨ ਵਿਚ ਇਹ ਲਿਆਉਣਾ ਚਾਹੁੰਦੇ ਹਾਂ ਕਿ ਪਟਿਆਲੇ ਵਿਚ ਕੁਝ ਸਮੇਂ ਤੋਂ ਕੁਝ ਸਿਆਸੀ ਵਿਅਕਤੀ ਆਪ ਜੀ ਦੇ ਕੋਲ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੇ ਖਿਲਾਫ ਗਵਾਹੀ ਦੇਣ ਵਾਸਤੇ ਗਵਾਹਾਂ ਦੀ ਖਰੀਦੋ-ਫਰੋਖਤ ਕਰ ਰਹੇ ਹਨ। ਮੇਰੇ ਉੱਤੇ ਵੀ ਕੈਪਟਨ ਅਮਰਿੰਦਰ ਸਿੰਘ ਅਤੇ ਉਸ ਦੇ ਸਾਥੀਆਂ ਵੱਲੋਂ ਜ਼ੋਰ ਪਾਇਆ ਜਾ ਰਿਹਾ ਹੈ ਕਿ ਮੈਂ ਇਹ ਗਵਾਹੀ ਦੇਵਾਂ ਕਿ ਮੈਂ ਟੌਹੜੇ ਨੂੰ ਨਿਰੰਕਾਰੀਆਂ ਦੇ ਭਵਨ ਵਿਚ ਜਾ ਕੇ ਵੋਟਾਂ ਵਾਸਤੇ ਅਪੀਲ ਕਰਦੇ ਹੋਏ ਅਤੇ ਸਿਰੋਪਾ ਲੈਂਦੇ ਹੋਏ ਆਪਣੀ ਅੱਖੀਂ ਵੇਖਿਆ ਹੈ। ਇਸ ਵਾਸਤੇ ਮੈਨੂੰ ਕਈ ਪ੍ਰਕਾਰ ਦੇ ਲਾਲਚ ਵੀ ਦਿੱਤੇ ਗਏ ਅਤੇ ਜਦੋਂ ਮੈਂ ਗਵਾਹੀ ਦੇਣ ਤੋਂ ਨਾਂਹ ਕਰ ਦਿੱਤੀ ਤਾਂ ਧਮਕੀਆਂ ਦਾ ਸਿਲਸਿਲਾ ਸ਼ੁਰੂ ਹੋ ਗਿਆ। ਕੈਪਟਨ ਦੇ ਸਾਥੀਆਂ ਨੇ ਮੈਨੂੰ ਕਿਹਾ ਕਿ ਜੇ ਤੂੰ ਝੂਠੀ ਗਵਾਹੀ ਨਹੀਂ ਦੇਵੇਂਗਾ ਤਾਂ ਤੈਨੂੰ ਆਪਣੀ ਜਾਨ ਤੋਂ ਹੱਥ ਧੋਣੇ ਪੈਣਗੇ।

ਸਤਿਕਾਰਯੋਗ ਭਾਈ ਸਾਹਿਬ ਜੀ, ਕੈਪਟਨ ਅਮਰਿੰਦਰ ਸਿੰਘ ਜੋ ਕਰ ਰਹੇ ਹਨ ਉਹ ਠੀਕ ਨਹੀਂ ਹੈ। ਗੁਰਚਰਨ ਸਿੰਘ ਟੌਹੜਾ ਨਾਲ ਉਨ੍ਹਾਂ ਦੀ ਸਿਆਸੀ ਕਿੜ ਹੈ ਅਤੇ ਉਹ ਇਸ ਕਿੜ ਨੂੰ ਕੱਢਣ ਲਈ ਝੂਠ ਦਾ ਆਸਰਾ ਲੈ ਰਹੇ ਹਨ ਅਤੇ ਮੇਰੇ ਵਰਗੇ ਆਮ ਵਿਅਕਤੀ ਨੂੰ ਝੂਠੀ ਗਵਾਹੀ ਦੇਣ ਲਈ ਮਜਬੂਰ ਕੀਤਾ ਜਾ ਰਿਹਾ ਹੈ।

ਸਤਿਕਾਰਯੋਗ ਭਾਈ ਸਾਹਿਬ ਜੀ, ਝੂਠਿਆਂ ਵਿਅਕਤੀਆਂ ਵੱਲੋਂ ਕੀਤੀਆਂ ਜਾ ਰਹੀਆਂ ਸਾਜ਼ਿਸ਼ਾਂ ਦਾ ਖਿਆਲ ਰੱਖਦੇ ਹੋਏ ਸੱਚ ਅਤੇ ਝੂਠ ਦਾ ਨਿਤਾਰਾ ਕਰਨਾ ਅਤੇ ਮੇਰੀ ਅਤੇ ਮੇਰੇ ਪਰਿਵਾਰ ਦੀ ਰੱਖਿਆ ਪ੍ਰਤੀ ਵੀ ਧਿਆਨ ਦੇਣਾ। ਆਪ ਦੀ ਅਤੀ ਮਿਹਰਬਾਨੀ ਹੋਵੇਗੀ।

ਆਪ ਜੀ ਦਾ ਸ਼ੁਭਚਿੰਤਕ,

*ਜਸਪਾਲ ਸਿੰਘ,*

ਭਸੀਨ ਆਡੀਓ ਵੀਡੀਓ ਸੈਂਟਰ,

ਲਾਹੌਰੀ ਗੇਟ, ਪਟਿਆਲਾ

***

*30 ਅਪ੍ਰੈਲ 1998*

ਬੇਨਤੀ ਹੈ ਕਿ ਜਥੇਦਾਰ ਗੁਰਚਰਨ ਸਿੰਘ ਟੌਹੜਾ ਤੇ ਨਿਰੰਕਾਰੀਆਂ ਕੋਲੋਂ ਵੋਟਾਂ ਮੰਗਣ ਸਬੰਧੀ ਸ: ਅਮਰਿੰਦਰ ਸਿੰਘ ਤੇ ਸ: ਸਿਮਰਨਜੀਤ ਸਿੰਘ ਮਾਨ ਵਲੋਂ ਜਦੋਂ ਦੋਸ਼ ਲਾਏ ਗਏ ਤਾਂ ਜਥੇਦਾਰ ਟੌਹੜਾ ਦੇ ਬਿਆਨ ਕਈ ਦਿਨ ਅਖਬਾਰਾਂ ਵਿਚ ਛਪਦੇ ਰਹੇ ਕਿ 'ਮੈਂ ਇਕ ਸਿਆਸੀ ਆਦਮੀ ਹਾਂ ਤੇ ਕਿਸੇ ਕੋਲ ਵੀ ਵੋਟਾਂ ਮੰਗਣ ਜਾ ਸਕਦਾ ਹਾਂ'। ਇਨ੍ਹਾਂ ਬਿਆਨਾਂ ਰਾਹੀਂ ਜਥੇਦਾਰ ਟੌਹੜਾ ਨੇ ਇਕ ਤਰ੍ਹਾਂ ਨਾਲ ਅਸਿੱਧੇ ਤੌਰ 'ਤੇ ਇਹ ਖੁਦ ਹੀ ਕਬੂਲ ਕਰ ਲਿਆ ਸੀ ਕਿ ਉਹ ਨਿਰੰਕਾਰੀਆਂ ਕੋਲ ਵੋਟਾਂ ਮੰਗਣ ਗਏ ਪਰ ਹੁਣ ਤੁਹਾਡੇ ਵਲੋਂ ਅਮਰਿੰਦਰ ਸਿੰਘ ਤੇ ਮਾਨ ਦੋਵਾਂ ਤੋਂ ਉਪਰੋਕਤ ਮਾਮਲੇ ਵਿਚ ਸਬੂਤਾਂ ਦੀ ਮੰਗ ਕੀਤੀ ਜਾ ਰਹੀ ਹੈ। ਅਜਿਹੇ ਮਾਮਲਿਆਂ ਵਿਚ ਸਬੂਤ ਦੇਣੇ ਤਾਂ ਔਖੇ ਹੁੰਦੇ ਹਨ ਪਰ ਜਦੋਂ ਦੋਸ਼ੀ ਖੁਦ ਹੀ ਇਹ ਕਹਿ ਕੇ ਆਪਣਾ ਦੋਸ਼ ਕਬੂਲ ਕਰ ਰਿਹਾ ਹੋਵੇ ਕਿ ਮੈਂ ਸਿਆਸੀ ਬੰਦਾ ਹਾਂ ਤੇ ਕਿਸੇ ਕੋਲ ਵੀ ਵੋਟਾਂ ਮੰਗਣ ਜਾ ਸਕਦਾ ਹਾਂ ਤਾਂ ਦਾਸ ਦੇ ਖਿਆਲ ਮੁਤਾਬਕ ਸਬੂਤਾਂ ਦੀ ਕੋਈ ਲੋੜ ਨਹੀਂ ਰਹਿ ਜਾਂਦੀ। ਜਥੇਦਾਰ ਟੌਹੜਾ ਦੇ ਖੁਦ ਦੇ ਦਿੱਤੇ ਬਿਆਨਾਂ ਨੂੰ ਅਧਾਰ ਬਣਾ ਕੇ ਉਸ ਨੂੰ ਪੰਥ ਵਿਚੋਂ ਤਨਖਾਹੀਆ ਕਰਾਰ ਦਿੱਤਾ ਜਾਣਾ ਚਾਹੀਦਾ ਹੈ। ਅਜਿਹਾ ਨਾ ਕੀਤੇ ਜਾਣ ਦੀ ਸੂਰਤ ਵਿਚ ਸਿੱਖ ਸੰਗਤਾਂ ਦੇ ਉਸ ਤੌਖਲੇ ਨੂੰ ਹੋਰ ਬਲ ਮਿਲੇਗਾ ਕਿ ਜਥੇਦਾਰ ਸਾਹਿਬਾਨ ਦੀ ਨਿਯੁਕਤੀ ਜਥੇਦਾਰ ਟੌਹੜਾ ਦੇ ਹੱਥ ਵਿਚ ਹੋਣ ਕਾਰਨ ਜਥੇਦਾਰ ਸਾਹਿਬਾਨ ਉਸ ਨੂੰ ਬਾਇੱਜ਼ਤ ਦੋਸ਼ ਮੁਕਤ ਕਰ ਦੇਣਗੇ। ਇਹ ਬਿਆਨ ਅਮਰਿੰਦਰ ਸਿੰਘ ਤੇ ਸ੍ਰੀਮਤੀ ਰਜਿੰਦਰ ਕੌਰ ਭੱਠਲ ਵਲੋਂ ਲਾਏ ਦੋਸ਼ਾਂ ਦੇ ਪ੍ਰਤੀਕਰਮ ਵਜੋਂ ਜਥੇਦਾਰ ਟੌਹੜਾ ਨੇ ਦਿੱਤੇ ਸਨ ਜੋ ਆਪ ਉਨ੍ਹਾਂ ਦਿਨਾਂ ਦੀਆਂ ਅਖਬਾਰਾਂ (ਜੱਗਬਾਣੀ ਆਦਿ) ਵਿਚ ਵੇਖ ਸਕਦੇ ਹੋ।

ਗੁਰੂ ਪੰਥ ਦਾ ਦਾਸ,
*ਰਘਵੀਰ ਸਿੰਘ,*
ਹੇਮਕੁੰਟ ਨਗਰ ਧਨੌਲਾ ਰੋਡ,
ਬਰਨਾਲਾ ਜ਼ਿਲ੍ਹਾ ਸੰਗਰੂਰ।

***

*4 ਮਈ 1998*

ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਜਾਰੀ ਹੁਕਮਨਾਮੇ ਦੀ ਅਵੱਗਿਆ ਕਰਕੇ ਨਿਰੰਕਾਰੀਆਂ ਤੋਂ ਵੋਟਾਂ ਮੰਗਣ ਅਤੇ ਕਥਿਤ ਤੌਰ 'ਤੇ ਸਿਰੋਪਾ ਲੈਣ ਦੇ ਸਬੰਧ ਵਿਚ ਟੌਹੜਾ ਸਾਹਿਬ ਆਪ ਜੀ ਦੀ ਜਥੇਦਾਰੀ ਹੇਠ ਪੰਜ ਸਿੰਘ ਸਾਹਿਬਾਨ ਦੇ ਪੇਸ਼ ਹੋ ਰਹੇ ਹਨ। ਪੜਦਾਫਾਸ਼ ਹੋਣ ਕਰਕੇ ਘਬਰਾਹਟ ਵਿਚ ਆਏ ਟੌਹੜਾ ਸਾਹਿਬ ਵਲੋਂ ਪਹਿਲੇ ਦਿਨ 11 ਅਪ੍ਰੈਲ 1998 ਨੂੰ ਦਿੱਤੇ ਬਿਆਨ ਕਿ ਚੋਣਾਂ ਵਿਚ ਸਾਰੀਆਂ ਪਾਰਟੀਆਂ ਹੀ ਸਾਰੀਆਂ ਧਿਰਾਂ ਤੋਂ ਵੋਟਾਂ ਮੰਗਦੀਆਂ ਹਨ, ਦੇ ਮੱਦੇਨਜ਼ਰ ਸਾਰਾ ਸਿੱਖ ਜਗਤ ਆਪ ਜੀ ਦੇ ਫੈਸਲੇ ਦੀ ਬੜੀ ਉਤਸੁਕਤਾ ਨਾਲ ਉਡੀਕ ਕਰ ਰਿਹਾ ਹੈ।

ਜੇ ਟੌਹੜਾ ਸਾਹਿਬ ਸੱਚੇ ਹੁੰਦੇ, ਭਾਵ ਨਿਰੰਕਾਰੀਆਂ ਦੀ ਹਮਾਇਤ ਲੈਣ ਉਨ੍ਹਾਂ ਦੀ ਸ਼ਰਨ ਵਿਚ ਨਾ ਗਏ ਹੁੰਦੇ ਤਾਂ ਉਨ੍ਹਾਂ ਪਹਿਲੇ ਦਿਨ 11 ਅਪ੍ਰੈਲ ਨੂੰ ਹੀ ਇਸ ਊਜ ਦੀ ਧੜੱਲੇਦਾਰ ਸਪੱਸ਼ਟ ਸ਼ਬਦਾਂ ਵਿਚ ਤਰਦੀਦ ਅਤੇ ਨਿਖੇਧੀ ਕਰ ਦੇਣੀ ਸੀ। ਜੋ ਉਹ ਨਹੀਂ ਕਰ

ਸਕੇ ਕਿਉਂਕਿ ਅਚਿੰਤੇ ਬਾਜ ਪੈ ਜਾਣ ਕਰਕੇ ਉਹ ਘਬਰਾ ਗਏ ਸਨ, ਥਿੜਕ ਗਏ ਸਨ। ਉਲਟਾ ਉਨ੍ਹਾਂ ਸਿਆਸੀ ਅਯਾਰੀ ਦਾ ਸਹਾਰਾ ਲੈਂਦਿਆਂ ਚੋਣਾਂ ਵਿਚ ਸਾਰੇ ਹੀ ਸਾਰਿਆਂ ਤੋਂ ਹਮਾਇਤ ਮੰਗਦੇ ਹਨ (ਕਾਂਗਰਸੀ ਵੀ ਜਾਂਦੇ ਰਹੇ ਹਨ) ਆਖ ਕੇ ਗੰਭੀਰ ਮਾਮਲੇ ਨੂੰ ਆਮ ਸਾਧਾਰਨ ਜਿਹੀ ਘਟਨਾ ਦਾ ਰੂਪ ਦੇਣ ਅਤੇ ਨਿਰੰਕਾਰੀਆਂ ਨੂੰ ਬਖਸ਼ਣ, ਬਖਸ਼ਵਾਉਣ ਵੱਲ ਟੋਣਾ ਲਾ ਕੇ ਗੱਲ ਆਈ ਗਈ ਕਰਨ ਦੀ ਕੋਸ਼ਿਸ਼ ਕੀਤੀ। ਇਹ ਤਾਂ ਅਗਲੇਰੇ ਦਿਨੀਂ ਜਦ ਉਨ੍ਹਾਂ ਦੇ ਜਮੂਰਿਆਂ ਨੇ ਇਸ ਘਟਨਾ ਨੂੰ ਗ਼ਲਤ ਦੱਸਣ ਦੇ ਬਿਆਨ ਦਾਗੇ ਤਾਂ ਟੌਹੜਾ ਸਾਹਿਬ ਨੂੰ ਵੀ ਇਸ ਗੱਲ ਦੀ ਤਰਦੀਦ ਕਰਨ ਦਾ ਹੌਸਲਾ ਪਿਆ। ਉਦੋਂ ਤੱਕ ਉਹ ਸੰਭਲ ਚੁੱਕੇ ਸਨ।

ਸਬੂਤ ਅਤੇ ਗਵਾਹੀਆਂ ਕਿਸੇ ਵੀ ਗੱਲ ਦਾ ਨਿਰਨਾ ਕਰਨ ਵਾਸਤੇ ਬਹੁਤ ਜ਼ਰੂਰੀ ਹਨ। ਇਨਸਾਫ ਦਾ ਇਹੋ ਤਕਾਜ਼ਾ ਹੈ ਪਰ ਟੌਹੜਾ ਸਾਹਿਬ ਦੇ ਥਿੜਕਣ, ਗੋਲ-ਮੋਲ ਗੱਲ ਕਰਨ ਅਤੇ ਏਧਰ ਓਧਰ ਟੋਣੇ ਲਾਉਣ ਵਾਲੇ 11 ਅਪ੍ਰੈਲ ਦੇ ਘਬਰਾਹਟ ਵਾਲੇ ਆਪਣੇ ਹੀ ਮੋਹਮਲ ਜਿਹੇ ਬਿਆਨ ਦੇ ਹੁੰਦਿਆਂ ਕੀ ਹੋਰ ਕਿਸੇ ਸਬੂਤ ਦੀ ਜ਼ਰੂਰਤ ਰਹਿ ਜਾਂਦੀ ਹੈ? ਉਸ ਤੋਂ ਅਗਲੇ, ਅਗਲੇਰੇ ਦਿਨਾਂ ਦੀਆਂ ਇਨਕਾਰੀਆਂ, ਮੇਰੇ ਤੁੱਛ ਵਿਚਾਰ ਵਿਚ, ਦੂਜੀ ਸੋਚ ਵਾਲੀ ਗੱਲ ਹੀ ਬਣਦੀ ਹੈ।

ਲਗਪਗ ਅੱਜ ਵਰਗੇ ਹਾਲਾਤ, ਅੱਜ ਤੋਂ ਪੰਝੀ-ਛੱਬੀ ਵਰ੍ਹੇ ਪਹਿਲਾਂ ਮਾਸਟਰ ਤਾਰਾ ਸਿੰਘ ਜੀ ਵਲੋਂ ਵਰਤ ਤੋੜਨ ਮਗਰੋਂ ਬਣੇ ਸਨ। ਕਿਸੇ ਗੁਰਮੁਖ ਪਿਆਰੇ ਨੇ ਉਦੋਂ ਸਿੰਘ ਸਾਹਿਬ ਜਥੇਦਾਰ ਅੱਛਰ ਸਿੰਘ ਜੀ ਹੁਰਾਂ ਨੂੰ ਕਿਹਾ ਸੀ, "ਜਥੇਦਾਰ ਜੀ, ਸਿੱਖ ਜਗਤ ਵੇਖ ਰਿਹਾ ਹੈ ਕਿ ਵੇਲੇ ਦੇ ਸਭ ਤੋਂ ਪ੍ਰਭਾਵਸ਼ਾਲੀ ਲੀਡਰ ਅਤੇ ਬਾਸ ਦੇ ਸਬੰਧ ਵਿਚ ਤੁਸੀਂ ਕਿਵੇਂ ਨਿੱਤਰਦੇ ਹੋ ਅਤੇ ਕੀ ਫੈਸਲਾ ਕਰਦੇ ਹੋ।" ਸਿੰਘ ਸਾਹਿਬ ਨੇ ਉਸ ਵੇਲੇ ਉੱਤਰ ਦਿੱਤਾ ਸੀ "ਖਾਲਸਾ ਜੀ, ਇਹ ਮੀਰੀ ਪੀਰੀ ਦੇ ਮਾਲਕ ਦਾ ਅਸਥਾਨ ਹੈ। ਹਰ ਫੈਸਲਾ ਉਸ ਆਪ ਕਰਵਾਉਣਾ ਹੈ, ਆਪਣੇ ਆਪ ਤਾਂ ਅਸੀਂ ਕੁਝ ਵੀ ਨਹੀਂ।"

ਸਮਾਂ ਸਾਖੀ ਹੈ ਕਿ ਮਹਾਰਾਜਾ ਰਣਜੀਤ ਸਿੰਘ ਦੇ ਸਬੰਧ ਵਿਚ ਅਕਾਲੀ ਫੂਲਾ ਸਿੰਘ ਜੀ ਦੇ ਫੈਸਲੇ ਤੋਂ ਮਗਰੋਂ ਐਸਾ ਨਿਰਭੈ, ਨਿਧੜਕ, ਧੜੱਲੇਦਾਰ ਅਤੇ ਸਿੰਘਊ ਫੈਸਲਾ ਇਤਿਹਾਸ ਵਿਚ ਨਹੀਂ ਮਿਲਦਾ। ਫੈਸਲਾ ਸੁਣਾਉਂਦਿਆਂ ਸਿੰਘ ਸਾਹਿਬ ਜਥੇਦਾਰ ਅੱਛਰ ਸਿੰਘ ਜੀ 'ਤੇ ਕੋਈ ਜਲਾਲ ਸੀ? ਉਨ੍ਹਾਂ ਦੇ ਚਿਹਰੇ ਤੋਂ ਮੀਰੀ ਪੀਰੀ ਦੇ ਮਾਲਕ ਦਾ ਤੇਜ ਟਪਕਦਾ ਸਹੀ ਹੁੰਦਾ ਸੀ।

ਮਾਨਯੋਗ ਸਿੰਘ ਸਾਹਿਬ ਜੀ, ਸਾਨੂੰ ਪੂਰਾ-ਪੂਰਾ ਭਰੋਸਾ ਹੈ ਕਿ ਸ੍ਰੀ ਹਰਿਗੋਬਿੰਦ ਸਾਹਿਬ ਸੱਚਾ ਪਾਤਸ਼ਾਹ ਇਮਤਿਹਾਨ ਦੀ ਇਸ ਅਜੋਕੀ ਘੜੀ ਵਿਚ ਵੀ ਆਪਣੇ ਸੇਵਕਾਂ ਦੀ ਪੈਜ ਰੱਖੇਗਾ ਅਤੇ ਨਿਰਭੈ, ਨਿਧੜਕ ਤੇ ਸਿੰਘਊ ਫੈਸਲਾ ਕਰਾਏਗਾ। ਸਿੱਖ ਜਗਤ ਦੇ ਸਭ ਖਦਸ਼ੇ ਦੂਰ ਹੋਣਗੇ। ਆਪ ਜੀ ਅਤੇ ਪੰਜ ਪਿਆਰੇ ਸਾਹਿਬਾਨ ਦੀ ਉੱਚੀ-ਸੁੱਚੀ ਸਾਖ ਹੋਰ ਉਜਾਗਰ ਹੋਵੇਗੀ। ਇਹੋ ਸਾਡੀ ਅਰਦਾਸ ਹੈ।

ਕਿਸੇ ਸਹਿਵਨ ਅਸਹਿਵਨ ਭੁੱਲ ਚੁੱਕ ਲਈ ਖਿਮਾਂ ਮੰਗਦਾ ਹੋਇਆ

ਗੁਰੂ ਪੰਥ ਦਾ ਨਿਮਾਣਾ ਦਾਸ,

***ਸੰਤੋਖ ਸਿੰਘ,***

ਸਪੁੱਤਰ ਸਿੰਘ ਸਾਹਿਬ ਜਥੇਦਾਰ ਅੱਛਰ ਸਿੰਘ ਜੀ
484, ਈਸਟ ਮੋਹਨ ਨਗਰ, ਅੰਮ੍ਰਿਤਸਰ-143006.

***

*12 ਮਈ 1998*

ਅਰਜ਼ ਹੈ ਕਿ ਗੁਰਚਰਨ ਸਿੰਘ ਟੌਹੜਾ ਨੇ ਕੈਪਟਨ ਅਮਰਿੰਦਰ ਸਿੰਘ ਨੂੰ ਅਕਾਲੀ ਦਲ ਵਿਚ ਸ਼ਾਮਲ ਕਰਨ 'ਤੇ ਵਿਰੋਧਤਾ ਕੀਤੀ। ਉਸ ਦਿਨ ਤੋਂ ਉਹ ਟੌਹੜਾ ਦਾ ਸਖਤ ਵਿਰੋਧੀ ਹੋ ਗਿਆ। ਅਖਬਾਰਾਂ ਵਿਚ ਬਹੁਤ ਵਾਰੀ ਝੂਠੇ ਤੇ ਬਿਨਾਂ ਅਧਾਰ ਇਲਜ਼ਾਮ ਲਾਉਂਦਾ ਰਿਹਾ। ਅਮਰਿੰਦਰ ਸਿੰਘ ਮੈਂਬਰ ਪਾਰਲੀਮੈਂਟ ਵਾਸਤੇ ਖੜ੍ਹਾ ਹੋਇਆ। ਸ: ਟੌਹੜੇ ਕਰਕੇ ਅਮਰਿੰਦਰ ਸਿੰਘ ਹਾਰ ਗਿਆ। ਹੁਣ ਉਹ ਕੋਈ ਮੌਕਾ ਨਹੀਂ ਗਵਾਉਂਦਾ ਕਿ ਕਿਸੇ ਤਰ੍ਹਾਂ ਆਪਣੀ ਹਾਰ ਦਾ ਬਦਲਾ ਲਿਆ ਜਾਵੇ। ਕੈਪਟਨ ਦਾ ਦਿਲ ਸਾਫ ਨਹੀਂ ਹੈ ਤੇ ਨਾ ਹੀ ਇਹ ਧਾਰਮਕ ਮਾਮਲਾ ਹੈ। ਉਹ ਤਾਂ ਸ: ਟੌਹੜੇ ਦਾ ਅਕਸ ਖਰਾਬ ਕਰਨਾ ਚਾਹੁੰਦਾ ਹੈ ਤਾਂ ਕਿ ਆਪਣੇ ਰਸਤੇ ਦਾ ਇਹ ਕੰਡਾ ਕੱਢਿਆ ਜਾਵੇ। ਇਸੇ ਮਕਸਦ ਲਈ ਹੀ ਇਹ ਕੇਸ ਆਪ ਦੇ ਸਾਹਮਣੇ ਪੇਸ਼ ਕੀਤਾ ਗਿਆ ਹੈ ਤਾਂ ਕਿ ਆਪਣੇ ਵਿਰੋਧੀ ਦਾ ਸਫਾਇਆ ਕੀਤਾ ਜਾਵੇ। ਕੈਪਟਨ ਦਾ ਹੋਰ ਕੋਈ ਮਕਸਦ ਨਹੀਂ ਕੇਵਲ ਸ: ਟੌਹੜੇ ਨੂੰ ਖਤਮ ਕਰਕੇ ਆਪਣਾ ਰਾਹ ਸਾਫ ਕੀਤਾ ਜਾਵੇ।

ਆਪ ਦਾ ਸਦਾ
*ਹਰੀ ਸਿੰਘ*
ਮਕਾਨ ਨੰ. 9, ਸੈਕਟਰ 20 ਏ, ਚੰਡੀਗੜ੍ਹ।

***

*18 ਮਈ 1998*

ਜਥੇਦਾਰ ਸਾਹਿਬ ਜੀ, ਜੋ ਕੰਮ ਪੰਥ ਦੀ ਰਾਜਸੀ ਤਾਕਤ ਅਤੇ ਪੰਥ ਦੀ ਚੜ੍ਹਦੀ ਕਲਾ ਲਈ, ਪ੍ਰਧਾਨ ਸਾਹਿਬ ਸ: ਗੁਰਚਰਨ ਸਿੰਘ ਟੌਹੜਾ ਨੇ ਕੀਤਾ ਸੀ ਉਸ ਨੂੰ ਹੁਕਮਨਾਮੇ ਦੀ ਉਲੰਘਣਾ ਦੀ ਆੜ ਵਿਚ, ਜੋ ਸਿੱਖ ਨਿਰੰਕਾਰੀ ਵਾਦ-ਵਿਵਾਦ ਦਾ ਮਸਲਾ 20 ਸਾਲਾਂ ਮਗਰੋਂ, ਕੈਪਟਨ ਅਮਰਿੰਦਰ ਸਿੰਘ ਨੇ ਖੜ੍ਹਾ ਕਰ ਦਿੱਤਾ, ਇਸ ਦਾ ਇਕ ਕਾਰਨ ਇਹ ਹੈ ਕਿ 10 ਜੂਨ 1978 ਜਦ ਤੋਂ ਅਕਾਲ ਤਖ਼ਤ ਸਾਹਿਬ ਤੋਂ ਹੁਕਮਨਾਮਾ ਜਾਰੀ ਹੋਇਆ, ਉਸ ਤੋਂ ਬਾਅਦ ਅੱਜ ਤੱਕ ਇਸ ਹੁਕਮਨਾਮੇ ਦਾ ਸਪੱਸ਼ਟੀਕਰਨ, ਅਕਾਲ ਤਖ਼ਤ ਸਾਹਿਬ ਤੋਂ ਨਹੀਂ ਕੀਤਾ ਗਿਆ ਕਿ 'ਰੋਟੀ ਤੇ ਬੇਟੀ' ਸ਼ਬਦ ਵਿਚ ਕਿਹੜੇ ਕੰਮ ਜਾਂ ਸਬੰਧ ਹਨ ਜੋ ਨਿਰੰਕਾਰੀਆਂ ਨਾਲ ਨਹੀਂ ਰੱਖਣੇ। ਸਿੱਖ ਧਰਮ ਵਿਚ 'ਰੋਟੀ ਤੇ ਬੇਟੀ' ਦਾ ਮਤਲਬ ਸਿਰਫ ਵਿਆਹ ਤੱਕ ਹੀ ਸੀਮਤ ਹੈ ਕਿਉਂਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਸਿੱਖ ਨੂੰ ਤੁਰਕਣੀ ਨਾਲ ਭੋਗ ਕਰਨ ਤੋਂ ਵਰਜਿਆ ਹੈ। ਜਿਸ ਦਾ ਮਤਲਬ ਵਿਆਹ ਹੀ ਹੈ। ਸਿੱਖ ਜਗਤ ਵਿਚ ਵੀ ਜਦ ਤੋਂ ਹੁਕਮਨਾਮਾ ਜਾਰੀ ਹੋਇਆ ਹੈ 'ਰੋਟੀ ਤੇ ਬੇਟੀ' ਦਾ ਮਤਲਬ ਵਿਆਹ ਦੇ ਸਬੰਧ ਹੀ ਸਮਝੇ ਜਾਂਦੇ ਰਹੇ ਹਨ ਕਿਉਂਕਿ ਪਿੰਡਾਂ ਜਾਂ ਸ਼ਹਿਰਾਂ ਵਿਚ ਜਦ ਕੋਈ ਮੌਤ ਜਾਂ ਮੁਸੀਬਤ ਪੈਂਦੀ ਹੈ ਤਾਂ ਸਿੱਖ ਨਿਰੰਕਾਰੀ ਰਲ ਮਿਲ ਕੇ ਹੀ ਗੱਲਾਂ ਕਰਦੇ ਹਨ ਅਤੇ ਇਕ ਦੂਜੇ ਦੀ ਮਦਦ ਕਰਦੇ ਹਨ। ਸਿੱਖ ਮੇਲਿਆਂ ਜਾਂ ਗੁਰਪੁਰਬਾਂ ਦੇ ਮੌਕੇ ਨਿਰੰਕਾਰੀ ਆਮ ਤੌਰ 'ਤੇ ਸਿੱਖਾਂ ਨਾਲ

ਸੇਵਾ ਕਰਦੇ ਦੇਖੇ ਜਾਂਦੇ ਹਨ।

ਹੁਕਮਨਾਮੇ ਦਾ ਸਪੱਸ਼ਟੀਕਰਨ ਨਾ ਹੋਣ ਕਰਕੇ ਪ੍ਰਧਾਨ ਸਾਹਿਬ ਵਲੋਂ ਜੋ ਕੰਮ ਪੰਥ ਦੀ ਖਾਤਰ ਕੀਤਾ ਗਿਆ, ਹੁਕਮਨਾਮੇ ਦੀ ਉਲੰਘਣਾ ਦੀ ਆੜ ਵਿਚ ਸਜ਼ਾ ਵਾਲਾ ਕੰਮ ਬਣਾ ਲਿਆ ਗਿਆ। 10 ਜੂਨ 1978 ਤੋਂ ਬਾਅਦ ਹਜ਼ਾਰਾਂ ਹੀ ਸਿੱਖ ਇਸ ਦੀ ਉਲੰਘਣਾ ਕਰਦੇ ਆ ਰਹੇ ਹਨ ਅਤੇ ਕਰਦੇ ਚਲੇ ਜਾਣਗੇ ਕਿਉਂਕਿ ਇਸ ਦਾ ਸਪੱਸ਼ਟੀਕਰਨ ਨਹੀਂ ਕੀਤਾ ਗਿਆ। ਭਾਵੇਂ ਹੁਕਮਨਾਮਾ ਮੌਕੇ ਅਨੁਸਾਰ ਸਿੱਖ ਸੰਗਤ ਦੇ ਜੋਸ਼ ਅਤੇ ਗੁੱਸੇ ਨੂੰ ਮੁੱਖ ਰੱਖ ਕੇ ਠੀਕ ਕਦਮ ਸੀ ਪਰ ਇਹ ਕਾਹਲੀ ਨਾਲ ਜੋਸ਼ ਅਤੇ ਗੱਸੇ ਵਿਚ ਆ ਕੇ ਚੁੱਕਿਆ ਕਦਮ ਸੀ ਜਿਸ ਪਰ ਮੁੜ ਕੇ ਵਿਚਾਰ ਨਹੀਂ ਕੀਤਾ ਗਿਆ। ਇਹੀ ਕਾਰਨ ਹੈ ਕਿ ਅੱਜ ਵੀ ਸੱਚੇ ਸੁੱਚੇ ਸਿੱਖ ਜੋ ਸਿੱਖ ਕੌਮ ਦੇ ਦਰਦੀ ਹਨ, ਇਸ ਹੁਕਮਨਾਮੇ ਦੀ ਆੜ ਵਿਚ ਦਬਾਏ ਜਾਂਦੇ ਹਨ ਅਤੇ ਅੱਗੇ ਨੂੰ ਵੀ ਦਬਾਏ ਜਾਣਗੇ। ਸੋ ਆਪ ਜੀ ਨੂੰ ਬੇਨਤੀ ਹੈ ਕਿ ਇਸ ਦਾ ਸਪੱਸ਼ਟੀਕਰਨ ਕੀਤਾ ਜਾਵੇ ਕਿ 'ਰੋਟੀ ਤੇ ਬੇਟੀ' ਵਿਚ ਕਿਹੜੇ ਸਬੰਧ ਹਨ ਜੋ ਨਿਰੰਕਾਰੀਆਂ ਨਾਲ ਨਹੀਂ ਰੱਖਣੇ ਅਤੇ ਇਨ੍ਹਾਂ ਸਵਾਲਾਂ ਦਾ ਜਵਾਬ ਦਿੱਤਾ ਜਾਵੇ ਤਾਂ ਕਿ ਅੱਗੇ ਤੋਂ ਹੁਕਮਨਾਮੇ ਦੀ ਪੂਰੀ ਤਰ੍ਹਾਂ ਪਾਲਣਾ ਕੀਤੀ ਜਾ ਸਕੇ:

1. ਕੀ ਇਹ ਹੁਕਮਨਾਮਾ ਉਨ੍ਹਾਂ ਸਾਰਿਆਂ 'ਤੇ ਲਾਗੂ ਹੁੰਦਾ ਹੈ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੱਥਾ ਟੇਕਦੇ ਹਨ। ਜਿਨ੍ਹਾਂ ਵਿਚ ਸਹਿਜਧਾਰੀ ਸਿੱਖ/ਹਿੰਦੂ ਵੀ ਆਉਂਦੇ ਹਨ। ਜਾਂ ਕੀ ਇਹ ਹੁਕਮਨਾਮਾ ਅੰਮ੍ਰਿਤਧਾਰੀ ਸਿੱਖਾਂ 'ਤੇ ਲਾਗੂ ਹੁੰਦਾ ਹੈ? ਜਾਂ ਕੀ ਸਿਰਫ ਅੰਮ੍ਰਿਤਧਾਰੀ ਰਾਜਸੀ ਆਗੂਆਂ ਅਤੇ ਜਥੇਦਾਰਾਂ 'ਤੇ ਹੀ ਲਾਗੂ ਹੁੰਦਾ ਹੈ?

2. ਕੀ ਚੋਣਾਂ ਦੌਰਾਨ ਅਕਾਲੀ ਉਮੀਦਵਾਰਾਂ ਜਾਂ ਵਰਕਰਾਂ ਵਲੋਂ ਨਿਰੰਕਾਰੀਆਂ ਤੋਂ ਵੋਟਾਂ ਮੰਗਣ ਨਾਲ ਹੁਕਮਨਾਮੇ ਦੀ ਉਲੰਘਣਾ ਹੈ ਜਾਂ ਨਹੀਂ?

3. ਕੀ ਜਦੋਂ ਚੋਣਾਂ ਦੌਰਾਨ ਪੋਲਿੰਗ ਸਟੇਸ਼ਨ ਤੋਂ ਬਾਹਰ ਜੋ ਪਾਰਟੀਆਂ ਦੇ ਪੋਲਿੰਗ ਬੂਥ ਹੁੰਦੇ ਹਨ ਉਥੋਂ ਕਿਸੇ ਨਿਰੰਕਾਰੀ ਨੂੰ ਵੋਟ ਦੇ ਨੰਬਰ ਦੀ ਪ੍ਰਚੀ ਦੇਣ ਨਾਲ ਹੁਕਮਨਾਮੇ ਦੀ ਉਲੰਘਣਾ ਹੈ?

4. ਕੀ ਜਦੋਂ ਅਕਾਲੀ ਉਮੀਦਵਾਰ ਜਾਂ ਵਰਕਰਾਂ ਨੂੰ ਪਤਾ ਲੱਗ ਜਾਵੇ ਕਿ ਨਿਰੰਕਾਰੀ ਅਕਾਲੀ ਉਮੀਦਵਾਰ ਨੂੰ ਵੋਟ ਪਾ ਰਿਹਾ ਹੈ ਕੀ ਉਸ ਨੂੰ ਰੋਕਣਾ ਚਾਹੀਦਾ ਹੈ ਜਾਂ ਨਹੀਂ? ਕਿਉਂਕਿ ਅਗਰ ਵੋਟ ਮੰਗਣ ਨਾਲ ਰਾਜਸੀ ਸਬੰਧ ਪੈਦਾ ਹੁੰਦੇ ਹਨ, ਹੁਕਮਨਾਮੇ ਦੀ ਉਲੰਘਣਾ ਹੈ ਤਾਂ ਵੋਟ ਪਾਉਣ ਨਾਲ ਵੀ ਹੁਕਮਨਾਮੇ ਦੀ ਉਲੰਘਣਾ ਹੈ।

5. ਕੀ ਸਰਕਾਰੀ ਦਫਤਰਾਂ ਵਿਚ ਨਿਰੰਕਾਰੀ ਅਫਸਰਾਂ ਦਾ ਹੁਕਮ ਮੰਨਣਾ ਜਾਂ ਨਿਰੰਕਾਰੀ ਸੇਵਾਦਾਰ ਨੂੰ ਹੁਕਮ ਦੇ ਕੇ ਕੰਮ ਲੈਣਾ, ਹੁਕਮਨਾਮੇ ਦੀ ਉਲੰਘਣਾ ਹੈ ਜਾਂ ਨਹੀਂ? ਕੀ ਗੁਰਸਿੱਖ ਅਫਸਰ ਨੂੰ ਨਿਰੰਕਾਰੀ ਸੇਵਾਦਾਰ ਤੋਂ ਪਾਣੀ ਪੀਣਾ ਚਾਹੀਦਾ ਹੈ ਜਾਂ ਨਹੀਂ? ਕੀ ਗੁਰਸਿੱਖ ਸੇਵਾਦਾਰ ਨੂੰ ਨਿਰੰਕਾਰੀ ਅਫਸਰ ਨੂੰ ਪਾਣੀ ਪਿਲਾਉਣਾ ਚਾਹੀਦਾ ਹੈ ਜਾਂ ਨਹੀਂ?

6. ਕੀ ਸਕੂਲਾਂ ਕਾਲਜਾਂ ਵਿਚ ਨਿਰੰਕਾਰੀ ਬੱਚਿਆਂ ਨਾਲ ਬੈਠਣਾ ਹੁਕਮਨਾਮੇ ਦੀ ਉਲੰਘਣਾ ਹੈ?

7. ਕੀ ਖਾਲਸਾ ਕਾਲਜਾਂ ਜਾਂ ਸਕੂਲਾਂ ਵਿਚ ਨਿਰੰਕਾਰੀ ਬੱਚਿਆਂ ਨੂੰ ਦਾਖਲਾ ਦੇਣਾ ਚਾਹੀਦਾ ਹੈ ਜਾਂ ਨਹੀਂ? ਕੀ ਹਰ ਇਕ ਨੂੰ ਪੁੱਛ ਕੇ ਕਿ ਤੂੰ ਨਿਰੰਕਾਰੀ ਤਾਂ ਨਹੀਂ,

ਖ਼ਾਲਸਾ ਸਕੂਲਾਂ ਵਿਚ ਦਾਖਲ ਕਰਨਾ ਚਾਹੀਦਾ ਹੈ?

8. ਕੀ ਸਕੂਲਾਂ ਕਾਲਜਾਂ ਵਿਚ ਨਿਰੰਕਾਰੀ ਅਧਿਆਪਕਾਂ ਜਾਂ ਪ੍ਰੋਫੈਸਰਾਂ ਤੋਂ ਬੱਚਿਆਂ ਨੂੰ ਪੜ੍ਹਨਾ ਚਾਹੀਦਾ ਹੈ ਜਾਂ ਨਹੀਂ?

9. ਜੇ ਗੁਰਸਿੱਖ ਦੇ ਘਰ ਮੌਤ ਹੋ ਜਾਂਦੀ ਹੈ, ਨਿਰੰਕਾਰੀ ਅਫਸੋਸ ਕਰਨ ਆਉਂਦਾ ਹੈ ਤਾਂ ਕੀ ਕਰਨਾ ਚਾਹੀਦਾ ਹੈ?

10. ਜੇ ਗੁਆਂਢ ਵਿਚ ਨਿਰੰਕਾਰੀ ਰਹਿੰਦਾ ਹੈ ਉਸ ਦੇ ਘਰ ਮੌਤ ਹੋ ਜਾਂਦੀ ਹੈ ਤਾਂ ਕੀ ਜਾਣ ਨਾਲ ਹੁਕਮਨਾਮੇ ਦੀ ਉਲੰਘਣਾ ਹੈ ਜਾਂ ਨਹੀਂ?

11. ਜੇ ਕੋਈ ਨਿਰੰਕਾਰੀ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੱਥਾ ਟੇਕਦਾ ਹੈ ਕੀ ਰੋਕਣਾ ਚਾਹੀਦਾ ਹੈ ਜਾਂ ਨਹੀਂ?

12. ਕੀ ਹਰ ਇਕ ਗੁਰਸਿੱਖ ਨੂੰ ਡਾਕਟਰ ਜਾਂ ਵਕੀਲ ਕੋਲ ਜਾਣ ਤੋਂ ਪਹਿਲਾਂ ਪੁੱਛਣਾ ਚਾਹੀਦਾ ਹੈ ਕਿ ਤੂੰ ਨਿਰੰਕਾਰੀ ਤਾਂ ਨਹੀਂ? ਇਸ ਤਰ੍ਹਾਂ ਹੀ ਹਰ ਸਿੱਖ ਡਾਕਟਰ ਜਾਂ ਵਕੀਲ ਨੂੰ ਹਰੇਕ ਨੂੰ ਪੁੱਛਣਾ ਚਾਹੀਦਾ ਹੈ ਕਿ ਤੂੰ ਨਿਰੰਕਾਰੀ ਤਾਂ ਨਹੀਂ?

13. ਕੀ ਨਿਰੰਕਾਰੀਆਂ ਦੀ ਦੁਕਾਨ ਤੋਂ ਸੌਦਾ ਲੈਣਾ ਜਾਂ ਨਿਰੰਕਾਰੀ ਨੂੰ ਚੀਜ਼ ਦੇਣਾ ਹੁਕਮਨਾਮੇ ਦੀ ਉਲੰਘਣਾ ਹੈ?

14. ਕੀ ਜੇਕਰ ਸੜਕ ਵਿਚ ਕਿਸੇ ਨਿਰੰਕਾਰੀ ਨਾਲ ਦੁਰਘਟਨਾ ਹੋ ਜਾਂਦੀ ਹੈ ਤਾਂ ਕੀ ਹੁਕਮਨਾਮਾ ਯਾਦ ਰੱਖਣਾ ਹੈ ਜਾਂ ਭਾਈ ਘਨ੍ਹਈਆ ਜੀ ਦੇ ਉਪਦੇਸ਼ ਨੂੰ ਜਿਸ ਨੇ ਹਰ ਇਕ ਵਿਚ ਗੁਰੂ ਦਾ ਸਰੂਪ ਦੇਖ ਕੇ ਪਾਣੀ ਪਿਲਾਇਆ। ਕਿਸ 'ਤੇ ਚੱਲਣਾ ਹੈ ਹੁਕਮਨਾਮੇ 'ਤੇ ਜਾਂ ਉਪਦੇਸ਼ 'ਤੇ?

ਜੇਕਰ ਰੋਟੀ ਤੇ ਬੇਟੀ ਬਾਰੇ ਸਵਾਲ ਕੀਤੇ ਤਾਂ ਇਨਸਾਨ ਪਾਗਲ ਹੋ ਜਾਏ ਅਤੇ ਤੁਸੀਂ ਵੀ ਇਹ ਪੱਤਰ ਪੜ੍ਹ ਕੇ ਜ਼ਰੂਰ ਮੇਰੇ ਬਾਰੇ ਸੋਚੋਗੇ ਕਿ ਕਿਤੇ ਪਾਗਲ ਤਾਂ ਨਹੀਂ।

ਆਪ ਜੀ ਨੇ ਜੋ 20 ਅਪ੍ਰੈਲ 1998 ਨੂੰ ਪ੍ਰੈਸ ਵਿਚ ਬਿਆਨ ਦਿੱਤੇ (ਅਜੀਤ 20 ਅਪ੍ਰੈਲ 1998) ਕਿ ਸਿਆਸੀ ਸਬੰਧ ਵੀ ਹੁਕਮਨਾਮੇ ਦੀ ਉਲੰਘਣਾ ਹੈ। ਜੇਕਰ ਨਿਰੰਕਾਰੀਆਂ ਤੋਂ ਵੋਟਾਂ ਮੰਗਣਾ ਹੁਕਮਨਾਮੇ ਦੀ ਉਲੰਘਣਾ ਹੈ ਤਾਂ ਨਿਰੰਕਾਰੀਆਂ ਦਾ ਅਕਾਲੀ ਉਮੀਦਵਾਰਾਂ ਨੂੰ ਵੋਟ ਦੇਣਾ ਵੀ ਅਕਾਲੀ ਉਮੀਦਵਾਰਾਂ ਲਈ ਹੁਕਮਨਾਮੇ ਦੀ ਉਲੰਘਣਾ ਹੈ ਇਸ ਨਾਲ ਵੀ ਰਾਜਸੀ ਸਬੰਧ ਪੈਦਾ ਹੁੰਦੇ ਹਨ। ਤੁਹਾਡੇ ਵਿਚਾਰ ਅਨੁਸਾਰ ਤਾਂ ਨਿਰੰਕਾਰੀਆਂ ਨੂੰ ਵੋਟ ਨਹੀਂ ਪਾਉਣੀ ਚਾਹੀਦੀ ਕਿਉਂਕਿ ਹੁਕਮਨਾਮਾ ਕਾਂਗਰਸੀ ਸਿੱਖ ਆਗੂਆਂ 'ਤੇ ਵੀ ਲਾਗੂ ਹੁੰਦਾ ਹੈ। ਸਹਿਜਧਾਰੀ ਸਿੱਖਾਂ ਨੂੰ ਵੀ ਹੁਕਮਨਾਮੇ ਦੀ ਪਾਲਣਾ ਕਰਨੀ ਚਾਹੀਦੀ ਹੈ। ਜੇ ਉਲੰਘਣਾ ਕਰਦੇ ਹਨ ਤਾਂ ਅਕਾਲ ਤਖ਼ਤ ਸਾਹਿਬ ਤੋਂ ਸਜ਼ਾ ਦੇ ਹੱਕਦਾਰ ਹਨ।

ਆਪ ਜੀ ਨੂੰ ਬੇਨਤੀ ਹੈ ਕਿ ਇਸ 'ਰੋਟੀ ਤੇ ਬੇਟੀ' ਸ਼ਬਦ ਦਾ ਸਪੱਸ਼ਟੀਕਰਨ ਕਰਕੇ ਜਵਾਬ, ਚਾਹੇ ਪ੍ਰੈਸ ਰਾਹੀਂ ਜਾਂ ਸਿਰਫ ਮੈਨੂੰ ਹੀ, ਆਪ ਜੀ ਦੀ ਮਰਜ਼ੀ ਹੈ, ਦਿੱਤਾ ਜਾਵੇ। 10 ਜੂਨ 1978 ਤੋਂ ਅੱਜ ਤਕ ਸਿੱਖ ਜਗਤ ਵਿਚ ਰੋਟੀ ਤੇ ਬੇਟੀ ਦੇ ਸਬੰਧ ਨੂੰ ਤਾਂ ਵਿਆਹ ਦਾ ਸਬੰਧ ਹੀ ਮੰਨਦੇ ਰਹੇ ਹਨ ਕਿ ਨਿਰੰਕਾਰੀਆਂ ਨਾਲ ਮੁੰਡੇ ਕੁੜੀਆਂ ਦੀ ਸ਼ਾਦੀ ਨਹੀਂ ਕਰਨੀ। ਇਹੀ ਕਾਰਨ ਹੈ ਕਿ ਸ: ਗੁਰਚਰਨ ਸਿੰਘ ਟੌਹੜਾ ਪ੍ਰਧਾਨ ਸਾਹਿਬ ਭੁਲੇਖਾ ਖਾ ਗਏ। ਵੋਟ ਚਾਹੇ ਕਿਸੇ ਨਿਰੰਕਾਰੀ ਦੇ ਘਰ ਜਾ ਕੇ ਮੰਗ ਲਓ ਜਾਂ ਭਵਨ ਜਾ ਕੇ ਮੰਗ ਲਓ ਇਸ ਦਾ ਕੋਈ

ਫਰਕ ਨਹੀਂ। ਘਰ ਜਾਣਾ ਤੇ ਭਵਨ ਜਾਣਾ ਬਰਾਬਰ ਹੀ ਹੈ।

ਸੋ ਆਪ ਜੀ ਨੂੰ ਬੇਨਤੀ ਹੈ ਕਿ ਇਸ ਦਾ ਸਪੱਸ਼ਟੀਕਰਨ ਜਲਦੀ ਤੋਂ ਜਲਦੀ ਕਰਕੇ ਸਵਾਲਾਂ ਦਾ ਜਵਾਬ ਦਿੱਤਾ ਜਾਵੇ ਤਾਂ ਕਿ ਤਰਨਤਾਰਨ ਦੀ ਚੋਣ ਤੋਂ ਬਾਅਦ ਅਕਾਲ ਤਖ਼ਤ 'ਤੇ ਸਜ਼ਾ ਲੈਣ ਵਾਲਿਆਂ ਦੀ ਕਤਾਰ ਲੱਗ ਜਾਏ, ਨਾਲ ਹੀ ਗੁਰੂ ਦੀ ਗੋਲਕ ਵਿਚ ਵਾਧਾ ਹੋਵੇਗਾ।

ਜੇਕਰ ਆਪ ਜੀ ਵਲੋਂ ਕੋਈ ਜਵਾਬ ਨਾ ਮਿਲਿਆ ਤਾਂ ਹੁਕਮਨਾਮੇ ਦੀ ਉਲੰਘਣਾ ਕਰਨ ਵਾਲੇ ਨੂੰ, ਅਕਾਲ ਤਖ਼ਤ 'ਤੇ ਤਲਬ ਕਰਨ ਦਾ ਆਪ ਨੂੰ ਕੋਈ ਅਧਿਕਾਰ ਨਹੀਂ ਹੋਵੇਗਾ।

ਗੁਰਦੁਆਰੇ ਜਾਣ ਦੀ ਕੋਈ ਗੁਰਸਿੱਖ ਮਰਿਆਦਾ ਜਾਂ ਅਸੂਲ ਨਾ ਹੋਣ ਕਰਕੇ, ਹੁਕਮਨਾਮੇ 'ਤੇ ਚੱਲਣ ਦਾ ਜੋ ਮੈਨੂੰ ਨੁਕਸਾਨ ਹੋਇਆ ਹੈ ਜਾਂ ਜੋ ਰਿਹਾ ਹੈ, ਉਹ ਕਦੀ ਵੀ ਪੂਰਾ ਨਹੀਂ ਕੀਤਾ ਜਾ ਸਕਦਾ, ਇਹ ਗੁਰੂ ਹੀ ਜਾਣਦਾ ਹੈ। ਆਪ ਨੂੰ ਫਿਰ ਬੇਨਤੀ ਹੈ ਕਿ ਇਸ ਦਾ ਸਪੱਸ਼ਟੀਕਰਨ ਕੀਤਾ ਜਾਵੇ ਤਾਂ ਕਿ ਕਿਸੇ ਨੂੰ ਅਕਾਲ ਤਖ਼ਤ ਤੋਂ ਨਾਜਾਇਜ਼ ਸਜ਼ਾ ਨਾ ਮਿਲ ਸਕੇ।

ਗੁਰੂ ਘਰ ਦਾ ਸੇਵਕ,

***ਬਲਬੀਰ ਸਿੰਘ, ਐਡਵੋਕੇਟ***

ਮਕਾਨ ਨੰ: 670, ਹਿਮਸ਼ਿਖਾ, ਪਿੰਜੌਰ (ਅੰਬਾਲਾ)

ਫੋਨ-01733-65451 ਅਤੇ 65324

***

(ਇਸ ਪੱਤਰ ਦੀ ਇਕ ਕਾਪੀ ਸ: ਗੁਰਚਰਨ ਸਿੰਘ ਟੌਹੜਾ, ਪ੍ਰਧਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਨੂੰ ਵੀ ਭੇਜੀ ਜਾਂਦੀ ਹੈ। ਜੇ ਹੋ ਸਕੇ, ਉਨ੍ਹਾਂ ਨੂੰ ਬੇਨਤੀ ਹੈ ਕਿ ਉਹ ਵੀ ਜਵਾਬ ਦੇ ਸਕਦੇ ਹਨ ਕਿਉਂਕਿ ਪੰਥ ਅਤੇ ਗੁਰਦੁਆਰਿਆਂ ਦੀ ਮਰਿਆਦਾ ਦੀ ਜ਼ਿੰਮੇਵਾਰੀ ਉਨ੍ਹਾਂ ਦੇ ਮੋਢਿਆਂ 'ਤੇ ਹੀ ਹੈ।)

ਸਿੰਘ ਸਾਹਿਬ ਜੀਓ, ਸ: ਗੁਰਚਰਨ ਸਿੰਘ ਟੌਹੜਾ ਦੀਆਂ ਪੰਥਕ ਸੇਵਾਵਾਂ ਤੋਂ ਕੋਈ ਵੀ ਪੰਜਾਬ ਦਾ ਪ੍ਰਾਣੀ ਅਣਭਿੱਜ ਨਹੀਂ, ਇਕ ਸਧਾਰਨ ਪਰਿਵਾਰ ਵਿਚੋਂ ਪੰਥ ਦੀ ਸੇਵਾ ਕਰਕੇ ਇਸ ਪਦਵੀ 'ਤੇ ਪੁੱਜੇ ਵਿਅਕਤੀ 'ਤੇ ਦੋਸ਼ ਲਾਉਣ ਲਈ ਲੱਭਣਾ ਵੀ ਬੜੇ ਔਕੜ ਦੀ ਗੱਲ ਹੈ। ਸ: ਟੌਹੜਾ ਦੇ ਰਾਜਨੀਤਕ ਵਿਰੋਧੀ ਬਹੁਤ ਵਾਰ ਬੇਥਵੀਆਂ ਗੱਲਾਂ ਰਾਹੀਂ ਉਨ੍ਹਾਂ 'ਤੇ ਕਈ ਪ੍ਰਕਾਰ ਦੇ ਦੋਸ਼ ਲਾਉਂਦੇ ਰਹੇ ਹਨ। ਕਦੇ ਕਾਮਰੇਡ, ਕਦੇ ਲੂੰਬੜ ਆਦਿ ਲਫਜ਼ ਵੀ ਵਰਤਦੇ ਰਹੇ ਹਨ ਪਰ ਸਿੰਘ ਸਾਹਿਬ ਜੀਓ ਅਜਿਹੇ ਲਫਜ਼ਾਂ ਦੀ ਵਰਤੋਂ ਉਸ ਸਮੇਂ ਹੀ ਕੀਤੀ ਜਾਂਦੀ ਹੈ ਜਦੋਂ ਕਿਸੇ ਵਿਅਕਤੀ ਵਿਰੁੱਧ ਕੋਈ ਠੋਸ ਸਬੂਤ ਵਾਲੇ ਦੋਸ਼ ਨਾ ਲੱਭਣ ਅਤੇ ਰਾਜਨੀਤਕ ਵਿਰੋਧ ਕਾਰਨ ਆਲੋਚਨਾ ਵੀ ਜ਼ਰੂਰ ਕਰਨੀ ਹੋਵੇ ਤਾਂ ਇਨਸਾਨ ਦੀ ਮਾਨਸਿਕਤਾ ਹੀ ਐਸੀ ਹੈ ਕਿ ਉਹ ਮੁੜ ਅਜਿਹੇ ਬੇਥਵੇ ਦੋਸ਼ ਜਿਨ੍ਹਾਂ ਦਾ ਕੋਈ ਮੂਲ ਹੀ ਨਹੀਂ ਹੁੰਦਾ, ਲਗਾ ਕੇ ਸੰਤੁਸ਼ਟੀ ਕਰ ਲੈਂਦਾ ਹੈ। ਸਿੰਘ ਸਾਹਿਬ ਜੀਓ, ਕੀ ਸਰਦਾਰ ਟੌਹੜਾ ਕਾਮਰੇਡ ਹਨ? ਹਰ ਰੋਜ਼ ਅੰਮ੍ਰਿਤ ਵੇਲੇ ਜਾਗ ਕੇ ਪਾਠ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਮਸਤਕ ਝੁਕਾ ਕੇ ਨਿਤਾ-ਪ੍ਰਤੀ ਕਾਰਜ ਆਰੰਭ ਕਰਨ ਵਾਲਾ ਵਿਅਕਤੀ ਕਾਮਰੇਡ

ਕਿਵੇਂ ਹੋਇਆ।

ਇਨ੍ਹਾਂ ਸਭ ਦੇ ਬਾਵਜੂਦ ਸ: ਟੌਹੜਾ ਹੀ ਇਕ ਅਜਿਹੇ ਨੇਤਾ ਹਨ ਜਿਨ੍ਹਾਂ ਸਿੱਖੀ ਦਾ ਪੱਲੜਾ ਨਹੀਂ ਛੱਡਿਆ ਅਤੇ ਨਾ ਹੀ ਕਿਸੇ ਵੀ ਕੀਮਤ 'ਤੇ ਸਿੱਖੀ ਦੀ ਗੱਲ ਕਰਨੀ ਹੀ ਤਿਆਗੀ ਹੈ। ਜੇ ਕੋਈ ਨਿੱਜੀ ਮੁਫਾਦ ਤਿਆਗਣਾ ਪਿਆ ਤਾਂ ਜ਼ਰੂਰ ਤਿਆਗ ਦਿੱਤਾ ਹੈ। ਉਹ ਅੱਜ ਵੀ ਪੰਥਕ ਪਲੇਟਫਾਰਮ ਨੂੰ ਕਾਇਮ ਰੱਖ ਸਕਣ ਵਿਚ ਪੂਰੀ ਤਰ੍ਹਾਂ ਤਤਪਰ ਹਨ। ਉਨ੍ਹਾਂ ਨੇ ਸਿੱਖਾਂ ਦੇ ਹਰ ਵਰਗ ਨੂੰ ਗੁਰਬਾਣੀ ਦੇ ਆਦੇਸ਼ਾਂ ਮੁਤਾਬਕ ਬਿਨਾਂ ਵਖਰੇਵੇਂ ਦੇ ਪੰਥ ਨਾਲ ਜੋੜੀ ਰੱਖਿਆ ਹੋਇਆ ਹੈ, ਜਦੋਂ ਕਿ ਬਾਕੀ ਸਮੁੱਚੇ ਪੰਥਕ ਲੀਡਰ ਇਸ ਮੁੱਦੇ 'ਤੇ ਪੂਰੀ ਤਰ੍ਹਾਂ ਫੇਲ੍ਹ ਹਨ। ਸਿੰਘ ਸਾਹਿਬ ਜੀਓ, ਸਤਿਗੁਰਾਂ ਨੂੰ ਸਨਮੁਖ ਰੱਖ ਕੇ ਸਪੱਸ਼ਟ ਤੇ ਸਾਫ ਕਹਿ ਦੇਣਾ ਚਾਹੁੰਦਾ ਹਾਂ ਕਿ ਭਾਵੇਂ ਮੈਨੂੰ ਅਜੇ ਤੱਕ ਸਮੇਤ ਸ: ਟੌਹੜਾ ਨੇ ਕੋਈ ਰਾਜਨੀਤਕ ਲਾਭ ਨਹੀਂ ਦਿੱਤਾ ਤੇ ਨਾ ਹੀ ਮੇਰੀ ਪੰਥਕ ਸੇਵਾ ਦਾ ਮੁੱਲ ਹੀ ਪਾਇਆ ਹੈ, ਪਰ ਇਹ ਇਕ ਨਿਰੋਲ ਸੱਚਾਈ ਹੈ ਕਿ ਜੇ ਸ: ਟੌਹੜਾ ਪੰਥਕ ਨੇਤਾ ਨਾ ਹੁੰਦੇ ਤਾਂ ਅੱਜ ਅਵੱਛ ਹੀ ਸ਼੍ਰੋਮਣੀ ਅਕਾਲੀ ਦਲ ਦੀ ਪੰਥਕ ਨੇਚਰ ਦਾ ਪੂਰੀ ਤਰ੍ਹਾਂ ਭੋਗ ਪੈ ਗਿਆ ਹੋਣਾ ਸੀ।

ਸੋ ਸਿੰਘ ਸਾਹਿਬ ਜੀਓ, ਇਹੀ ਨਿਰੋਲ ਕਾਰਨ ਹੈ ਕਿ ਸਿੱਖੀ ਦੀ ਸੋਚ ਨੂੰ ਖਤਮ ਕਰਨ ਵਾਲੀਆਂ ਸ਼ਕਤੀਆਂ ਸ: ਟੌਹੜਾ ਨੂੰ ਰਾਜਨੀਤਕ ਤੌਰ 'ਤੇ ਖਤਮ ਕਰਨਾ ਹੀ ਆਪਣਾ ਮੁੱਖ ਮੁੱਦਾ ਬਣਾਈ ਬੈਠੀਆਂ ਹਨ। ਇਸੇ ਲੜੀ ਤਹਿਤ ਹੀ ਕੈਪਟਨ ਅਮਰਿੰਦਰ ਸਿੰਘ ਨੇ ਸ: ਟੌਹੜਾ 'ਤੇ ਬਿਨਾਂ ਸਬੂਤ ਦੋਸ਼ ਲਾਏ ਹਨ ਅਤੇ ਉਨ੍ਹਾਂ ਦੋਸ਼ਾਂ ਵਿਚ ਕੋਈ ਦਮ ਨਜ਼ਰੀਂ ਨਹੀਂ ਸੀ ਆਉਂਦਾ। ਉਨ੍ਹਾਂ ਨੇ ਸ: ਟੌਹੜਾ 'ਤੇ ਇਕ ਝੂਠੀ ਫੋਟੋ ਤਿਆਰ ਕਰਵਾ ਕੇ ਬਹੁਤ ਨਿੰਦਣਯੋਗ ਕਾਰਵਾਈ ਕੀਤੀ ਹੈ। ਸਿੰਘ ਸਾਹਿਬ ਜੀਓ,

ਸਤਿਗੁਰੂ ਫੁਰਮਾਉਂਦੇ ਹਨ: "ਮਨੁ ਹੋਰੁ ਮੁਖੁ ਹੋਰੁ ਸੇ ਕਾਢੇ ਕਚਿਆ।"

ਅਤੇ

"ਨਾਲ ਇਆਣੇ ਦੋਸਤੀ ਕਦੇ ਨਾ ਆਵੈ ਰਾਸੁ॥"

ਅਨੁਸਾਰ ਹੀ ਕੈਪਟਨ ਅਮਰਿੰਦਰ ਸਿੰਘ ਇਹ ਕਾਰਵਾਈ ਕਰਕੇ ਸ੍ਰੀ ਅਕਾਲ ਤਖ਼ਤ ਸਾਹਿਬ ਨਾਲ ਨਾਤਾ ਕਾਇਮ ਕਰਨਾ ਚਾਹੁੰਦੇ ਹਨ। ਜਦੋਂ ਕਿ ਸਚਾਈ ਇਹ ਹੈ ਕਿ ਕੈਪਟਨ ਸਾਹਿਬ ਅੱਜ ਫਿਰ ਕੁਝ ਸਮੇਂ ਬਾਅਦ ਆਪਣੀ ਉਸੇ ਪੁਰਾਣੀ ਸਿੱਖ ਦੁਸ਼ਮਣ ਪਾਰਟੀ ਦੇ ਮੁੱਖ ਆਗੂ ਜਾ ਬਣੇ ਹਨ ਜਿਨ੍ਹਾਂ ਨੂੰ ਡੈਪੂਟੇਸ਼ਨ 'ਤੇ ਕੁਝ ਸਾਲਾਂ ਲਈ ਪੰਥਕ ਪਾਰਟੀ ਨੂੰ ਖੋਖਲਾ ਕਰਨ ਲਈ ਭੇਜਿਆ ਗਿਆ ਸੀ।

ਦੂਜਾ, ਸਿੰਘ ਸਾਹਿਬ ਜੀਓ, ਸ: ਟੌਹੜਾ ਬਾਰੇ ਜੋ ਫੋਟੋ ਕੈਪਟਨ ਸਾਹਿਬ ਨੇ ਅਖਬਾਰਾਂ ਵਿਚ ਪ੍ਰਕਾਸ਼ਿਤ ਕਰਵਾਈ ਹੈ, ਜੇ ਉਹ ਸੱਚੀ ਤੇ ਸਹੀ ਹੁੰਦੀ ਤਾਂ ਉਹ ਕਦੇ ਅਖਬਾਰਾਂ ਵਿਚ ਲਗਵਾਉਣ ਦੀ ਕਾਹਲੀ ਨਾ ਕਰਦੇ, ਬਲਕਿ ਉਨ੍ਹਾਂ ਦਾ ਇਹ ਐਕਸ਼ਨ ਉਨ੍ਹਾਂ ਦੇ ਮਨ ਦੀ ਭਾਵਨਾ ਜ਼ਾਹਰ ਕਰ ਰਿਹਾ ਹੈ ਕਿ ਉਹ ਸ: ਟੌਹੜਾ ਵਿਰੁੱਧ ਧਾਰਮਕ ਉਦੇਸ਼ ਨਾਲ ਨਹੀਂ ਬਲਕਿ ਰਾਜਨੀਤਕ ਕਿੜ ਕੱਢਣ ਲਈ ਕੁਝ ਹੋਰ ਸ਼ਕਤੀਆਂ ਦੇ ਇਸ਼ਾਰੇ 'ਤੇ ਇਹ ਸਭ ਕਰ ਰਹੇ ਹਨ।

ਤੀਜਾ, ਫੋਟੋ ਨੂੰ ਨੀਝ ਨਾਲ ਵੇਖਿਆਂ ਇਕ ਅਣਜਾਣ ਬੱਚਾ ਵੀ ਜਾਣ ਜਾਂਦਾ ਹੈ ਕਿ ਇਹ ਫੋਟੋ ਬੜੀ ਤਕਨੀਕ ਨਾਲ ਦੋ ਫੋਟੋਆਂ ਤੋਂ ਇਕ ਬਣਾਈ ਗਈ ਹੈ। ਜਿਸ ਤਰ੍ਹਾਂ

ਅਖਬਾਰਾਂ ਵਾਲੇ ਕਿਸੇ ਕਾਰਟੂਨ 'ਤੇ ਕਿਸੇ ਲੀਡਰ ਦਾ ਸਿਰ ਜੋੜ ਕੇ ਕਾਰਟੂਨ ਤਿਆਰ ਕਰਦੇ ਹਨ।

• ਚੌਥਾ, ਕੈਪਟਨ ਅਮਰਿੰਦਰ ਸਿੰਘ ਪੈਸੇ ਦੇ ਜ਼ੋਰ ਨਾਲ ਅਜੇ ਹੋਰ ਵੀ ਕਈ ਮਨਘੜਤ ਤੇ ਝੂਠੇ ਲੋਕਾਂ ਦਾ ਸਹਾਰਾ ਲੈ ਕੇ ਮਹਾਨ ਪੰਥਕ ਆਗੂ ਸ: ਟੌਹੜਾ 'ਤੇ ਕੋਝੇ ਦੋਸ਼ ਲਾ ਕੇ ਬਦਨਾਮ ਕਰ ਸਕਦੇ ਹਨ।

ਪੰਜਵਾਂ, ਸਿੰਘ ਸਾਹਿਬ ਜੀਓ, ਮੌਜੂਦਾ ਪੰਥਕ ਪਲੇਟਫਾਰਮ 'ਤੇ ਵਾਪਰ ਰਹੀਆਂ ਰਾਜਨੀਤਕ ਘਟਨਾਵਾਂ ਨੂੰ ਮੱਦੇਨਜ਼ਰ ਰਖਦੇ ਹੋਏ ਕੁਝ ਅਜਿਹੀਆਂ ਸ਼ਕਤੀਆਂ ਵੀ ਕੈਪਟਨ ਅਮਰਿੰਦਰ ਸਿੰਘ ਦੀ ਮਦਦ ਕਰ ਰਹੀਆਂ ਹਨ ਜੋ ਸ: ਟੌਹੜਾ ਨੂੰ ਬਦਨਾਮ ਕਰਨਾ ਜ਼ਰੂਰੀ ਸਮਝਦੀਆਂ ਹਨ।

ਪਰ ਸਿੰਘ ਸਾਹਿਬ ਜੀਓ, ਸ੍ਰੀ ਅਕਾਲ ਤਖ਼ਤ ਸਾਹਿਬ ਦੀ ਇਸ ਸਰਬਉੱਚ ਪਦਵੀ 'ਤੇ ਬਿਰਾਜਮਾਨ ਹੁੰਦੇ ਹੋਏ ਆਪ ਲਈ ਜ਼ਰੂਰੀ ਹੈ ਕਿ ਜਿਥੇ ਦੁੱਧ ਦਾ ਦੁੱਧ ਤੇ ਪਾਣੀ ਦਾ ਪਾਣੀ ਕਰੋ ਉਥੇ ਸਮੁੱਚੇ ਹਾਲਾਤਾਂ ਨੂੰ ਮੱਦੇਨਜ਼ਰ ਰਖਦੇ ਹੋਏ ਹਰ ਕਦਮ ਨੂੰ ਜ਼ਰੂਰੀ ਨੀਝ ਨਾਲ ਭਾਂਪ ਲਓ ਕਿ ਇਸ ਨਾਜ਼ੁਕ ਮੋੜ 'ਤੇ ਕਿਧਰੇ ਕੋਈ ਅਜਿਹਾ ਫੈਸਲਾ ਨਾ ਹੋ ਜਾਵੇ ਜਿਸ ਨਾਲ ਪੰਥ ਨੂੰ ਆਉਣ ਵਾਲੀਆਂ ਕਈ ਸਦੀਆਂ ਤਕ ਦੁੱਖ ਝੱਲਣਾ ਪਵੇ। ਅਤੇ ਸਾਡੀ ਆਪ ਜੀ ਨੂੰ ਪੁਰਜ਼ੋਰ ਅਪੀਲ ਹੈ ਕਿ ਅਕਾਲ ਤਖ਼ਤ ਸਾਹਿਬ ਦੇ ਫੈਸਲੇ ਤੋਂ ਪਹਿਲਾਂ ਜਾਅਲੀ ਫੋਟੋਆਂ ਅਖਬਾਰਾਂ ਨੂੰ ਰਿਲੀਜ਼ ਕਰਨ ਦੇ ਸੰਗੀਨ ਪ੍ਰਤੱਖ ਦੋਸ਼ਾਂ ਕਾਰਨ ਕੈਪਟਨ ਅਮਰਿੰਦਰ ਸਿੰਘ ਨੂੰ ਸਖਤ ਸਜ਼ਾ ਲਗਾਈ ਜਾਵੇ ਤਾਂ ਕਿ ਉਹ ਮੁੜ ਪੰਥਕ ਵਿਅਕਤੀਆਂ ਨੂੰ ਬਦਨਾਮ ਕਰਨ ਦਾ ਹੀਆ ਨਾ ਕਰ ਸਕੇ।

ਇਨ੍ਹਾਂ ਲਫਜ਼ਾਂ ਨਾਲ ਆਪ ਪਾਸੋਂ ਆਗਿਆ ਲੈਂਦਾ ਹੋਇਆ ਖਿਮਾਂ ਮੰਗਦਾ ਹਾਂ। ਆਸ ਹੈ ਦਾਸ ਦੇ ਸੁਝਾਅ ਕਬੂਲ ਕਰੋਗੇ।

ਆਪ ਜੀ ਦਾ ਨਿਮਾਣਾ ਸਿੱਖ,

***ਗੁਰਕ੍ਰਿਪਾਲ ਸਿੰਘ, ਐਡਵੋਕੇਟ***

183-ਏ/40 ਸ਼ਾਂਤ ਨਗਰ, ਗਲੀ ਨੰ: 5, ਭਾਗੂ ਰੋਡ, ਬਠਿੰਡਾ।

ਸਾਬਕਾ ਪ੍ਰਧਾਨ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ, ਸੀਨੀਅਰ ਮੀਤ ਪ੍ਰਧਾਨ, ਗੁਰਦੁਆਰਾ ਸਿੰਘ ਸਭਾ, ਬਠਿੰਡਾ, ਸੀਨੀਅਰ ਮੀਤ ਪ੍ਰਧਾਨ, ਖਾਲਸਾ ਸੀਨੀਅਰ ਸੈਕੰਡਰੀ ਸਕੂਲ, ਬਠਿੰਡਾ, ਸਕੱਤਰ, ਗੁਰੂ ਨਾਨਕ ਦੇਵ ਗਰਲਜ਼ ਖਾਲਸਾ ਕਾਲਜ, ਬਠਿੰਡਾ, ਪ੍ਰਧਾਨ, ਪੰਜਾਬ ਸ਼ਹਿਰੀ ਸਿੱਖ ਵਿਕਾਸ ਮੰਚ, ਆਨ: ਡਾਇਰੈਕਟਰ ਸਿੱਖ ਧਰਮੀ ਫੌਜੀ ਐਸੋਸੀਏਸ਼ਨ।

***

***26 ਮਈ 1998***

ਬੇਨਤੀ ਹੈ ਕਿ ਪਿਛਲੇ ਕੁਝ ਦਿਨਾਂ ਤੋਂ ਅਮਰਿੰਦਰ ਸਿੰਘ ਵਲੋਂ ਵਾਰ-ਵਾਰ ਇਹ ਬਿਆਨ ਦਿੱਤੇ ਜਾ ਰਹੇ ਹਨ ਕਿ ਸ: ਗੁਰਚਰਨ ਸਿੰਘ ਟੌਹੜਾ ਨਿਰੰਕਾਰੀ ਭਵਨ ਪਟਿਆਲਾ ਵਿਖੇ ਗਏ ਸਨ। ਅਮਰਿੰਦਰ ਸਿੰਘ ਨੇ ਇਸ ਤੱਥ ਨੂੰ ਸਾਬਤ ਕਰਨ ਲਈ ਠੋਸ ਸਬੂਤ ਵੀ ਪੇਸ਼ ਨਹੀਂ ਸਨ ਕੀਤੇ। ਹੁਣ ਉਸ ਵਲੋਂ ਸ: ਟੌਹੜਾ ਦੀ ਜਿਹੜੀ ਤਸਵੀਰ ਅਖਬਾਰਾਂ ਵਿਚ

ਪ੍ਰਕਾਸ਼ਿਤ ਕਰਵਾਈ ਗਈ ਹੈ, ਵੀ ਕਈ ਭੁਲੇਖੇ ਪੈਦਾ ਕਰਦੀ ਹੈ।

ਦੂਜਾ ਇਹ ਕਿ ਇਕ ਪਾਸੇ ਤਾਂ ਕੈਪਟਨ ਅਮਰਿੰਦਰ ਸਿੰਘ ਨੇ ਆਪਣਾ ਕੇਸ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਪੁਰਦ ਕੀਤਾ ਹੈ ਅਤੇ ਜਦਕਿ ਦੂਜੇ ਪਾਸੇ ਉਹ ਆਪਣੇ ਪੱਧਰ 'ਤੇ ਪ੍ਰੈਸ ਵਿਚ ਵੀ ਹਰ ਰੋਜ਼ ਹੀ ਉਪਰੋਕਤ ਮਸਲੇ ਬਾਰੇ ਤਰ੍ਹਾਂ-ਤਰ੍ਹਾਂ ਦੇ ਬਿਆਨ ਦੇ ਰਿਹਾ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਸਾਡੀ ਬੇਨਤੀ ਹੈ ਕਿ ਅਮਰਿੰਦਰ ਸਿੰਘ ਨੇ ਜਦ ਆਪਣਾ ਕੇਸ ਸ੍ਰੀ ਅਕਾਲ ਤਖ਼ਤ ਸਾਹਿਬ ਕੋਲ ਪੇਸ਼ ਕਰ ਦਿੱਤਾ ਹੈ ਤਾਂ ਫਿਰ ਉਸ ਦਾ ਕੋਈ ਹੱਕ ਨਹੀਂ ਕਿ ਉਹ ਨਿੱਜੀ ਤੌਰ 'ਤੇ ਉਸੇ ਹੀ ਮਸਲੇ ਬਾਰੇ ਅਖਬਾਰਾਂ ਵਿਚ ਵੀ ਖਬਰਾਂ ਪ੍ਰਕਾਸ਼ਿਤ ਕਰਵਾਏ। ਸਾਡੀ ਬੁੱਧੀਜੀਵੀ ਕੌਂਸਲ ਵਲੋਂ ਆਪ ਜੀ ਨੂੰ ਬੇਨਤੀ ਹੈ ਕਿ ਉਸ ਨੂੰ ਅਜਿਹਾ ਕਰਨ ਤੋਂ ਰੋਕਿਆ ਜਾਵੇ ਕਿਉਂਕਿ ਉਸ ਵਲੋਂ ਅਜਿਹਾ ਕਰਨਾ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਰਿਆਦਾ ਦੀ ਘੋਰ ਉਲੰਘਣਾ ਹੈ। ਸ੍ਰੀ ਅਕਾਲ ਤਖ਼ਤ ਦੀ ਮਰਿਯਾਦਾ ਤੇ ਪਰੰਪਰਾਵਾਂ ਦੀ ਉਲੰਘਣਾ ਕਰਨ ਦੀ ਅਮਰਿੰਦਰ ਸਿੰਘ ਨੂੰ ਢੁਕਵੀਂ ਸਜ਼ਾ ਮਿਲਣੀ ਚਾਹੀਦੀ ਹੈ।

ਆਸ ਹੈ ਕਿ ਤੁਸੀਂ ਸਾਡੀ ਇਸ ਬੇਨਤੀ 'ਤੇ ਹਮਦਰਦੀ ਨਾਲ ਵਿਚਾਰ ਕਰੋਗੇ ਅਤੇ ਅਮਰਿੰਦਰ ਸਿੰਘ ਵਲੋਂ ਕੀਤੀ ਅਵੱਗਿਆ ਬਾਰੇ ਯੋਗ ਕਾਰਵਾਈ ਕਰੋਗੇ।

ਸਤਿਕਾਰ ਸਹਿਤ,

ਗੁਰੂ ਪੰਥ ਦੇ ਦਾਸ

ਬਲਦੇਵ ਸਿੰਘ ਬਲੂਆਣਾ, ਪ੍ਰਧਾਨ, ਸਿੱਖ ਬੁਧੀਜੀਵੀ ਕੌਂਸਲ,

ਡਾ: ਸੁਖਬੀਰ ਸਿੰਘ ਨਾਗਰਾ, ਸੀਨੀ: ਮੀਤ ਪ੍ਰਧਾਨ, ਸਿੱਖ ਬੁਧੀਜੀਵੀ ਕੌਂਸਲ,

ਅਮਰਜੀਤ ਸਿੰਘ ਅਰਸ਼ੀ, ਦਲਜੀਤ ਸਿੰਘ ਸਿੱਧੂ ਮੋਗਾ।

***

*27 ਮਈ 1998*

ਜਥੇਦਾਰ ਭਾਈ ਰਣਜੀਤ ਸਿੰਘ ਜੀ, ਜਥੇਦਾਰ, ਅਕਾਲ ਤਖ਼ਤ ਸਾਹਿਬ, ਅੰਮ੍ਰਿਤਸਰ, ਅਖਬਾਰਾਂ ਰਾਹੀਂ ਅੱਜਕਲ੍ਹ ਜਥੇਦਾਰ ਗੁਰਚਰਨ ਸਿੰਘ ਟੌਹੜਾ ਵਿਰੁੱਧ ਕੈਪਟਨ ਅਮਰਿੰਦਰ ਸਿੰਘ ਦੇ ਬਿਆਨ ਪੜ੍ਹ ਕੇ ਬੜਾ ਦੁੱਖ ਹੋਇਆ ਹੈ ਕਿ ਸਿੱਖ ਕੌਮ ਨੇ ਰਾਜਨੀਤਕ ਲਾਭ ਉਠਾ ਕੇ ਇਸ ਕੌਮ ਨੂੰ ਬਦਨਾਮ ਕਰਨ ਦੀ ਭਰਪੂਰ ਕੋਸ਼ਿਸ਼ ਕੀਤੀ ਹੈ। ਕੀ ਸਾਡੇ ਗ੍ਰੰਥਾਂ ਵਿਚ ਲਿਖਿਆ ਹੈ ਕਿ ਆਪਣੇ ਚੰਦ ਲਾਭ ਲਈ ਇਕ ਦੂਜੇ ਉੱਤੇ ਚਿਕੜ ਉਛਾਲੋ। ਸਾਡੇ ਪੰਜਾਬ ਜਿਸ ਦਾ ਨਾਂ ਪੂਰੇ ਮੁਲਕ ਵਿਚ ਅੱਵਲ ਨੰਬਰ ਉੱਤੇ ਆਉਂਦਾ ਹੈ, ਤਵਾਰੀਖ ਗਵਾਹ ਹੈ ਕਿ ਇਸ ਮੁਲਕ ਨੂੰ ਬਣਾਉਣ ਲਈ ਸਿੱਖ ਕੌਮ ਨੇ ਜਿੰਨੀ ਕੁਰਬਾਨੀ ਕੀਤੀ ਹੈ ਓਨੀ ਕਿਸੇ ਹੋਰ ਕੌਮ ਨੇ ਨਹੀਂ ਕੀਤੀ। ਲੇਕਿਨ ਏਹੋ ਜਹੀਆਂ ਖਬਰਾਂ ਪੜ੍ਹ ਕੇ ਬੜਾ ਦੁੱਖ ਹੋਇਆ ਹੈ ਕਿ ਕੈਪਟਨ ਅਮਰਿੰਦਰ ਸਿੰਘ ਜਹੇ ਬੰਦੇ ਨੇ ਟੌਹੜਾ ਸਾਹਿਬ ਉਤੇ ਝੂਠ ਅਤੇ ਬੇਬੁਨਿਆਦ ਇਲਜ਼ਾਮ ਲਗਾਏ। ਜਿਸ ਦਾ ਸਬੂਤ ਮਿਤੀ 24 ਮਈ 1998 ਨੂੰ ਅਖਬਾਰਾਂ ਵਿਚ ਕੈਪਟਨ ਅਮਰਿੰਦਰ ਸਿੰਘ ਨੇ ਜੁਟਾਏ ਸਬੂਤ ਵਲੋਂ ਦਿਸਦੀ ਹੈ। ਜਿਸ ਵਿਚ ਟੌਹੜਾ ਸਾਹਿਬ ਨੇ ਨਿਰੰਕਾਰੀ ਭਵਨ ਵਿਚ ਉਨ੍ਹਾਂ ਤੋਂ ਸਿਰੋਪਾਓ ਲੈਂਦਿਆਂ ਦਿਖਾਇਆ ਹੈ। ਉਨ੍ਹਾਂ ਨੇ ਕੋਟ ਪਾਇਆ ਹੈ ਅਤੇ ਏਸੇ ਤਸਵੀਰ ਵਿਚ ਦੋ ਗਾਉਣ ਵਾਲੇ ਜਿਹੜੇ ਕਿ ਰਿਕਸ਼ਾ ਚਾਲਕ ਜਹੇ ਲਗਦੇ ਹਨ, ਜਿਨ੍ਹਾਂ ਨੇ ਅੱਧੀ ਬਾਜੂ ਦੀ ਕਮੀਜ਼ ਪਾਈ ਹੋਈ ਹੈ। ਇਸ ਤਸਵੀਰ ਤੋਂ ਸਾਫ

ਜਾਪਦਾ ਹੈ ਕਿ ਕੈਪਟਨ ਅਮਰਿੰਦਰ ਸਿੰਘ ਨੇ ਬੌਖਲਾਹਟ ਵਿਚ ਟੌਹੜਾ ਸਾਹਿਬ ਦੀ ਤਸਵੀਰ ਨੂੰ ਇਸ ਤਸਵੀਰ ਵਿਚ ਬਣਵਾ ਕੇ ਪੇਸ਼ ਕੀਤਾ ਹੈ। ਏਹੋ ਜਹੇ ਬੰਦੇ ਨੂੰ ਜੁੱਤੀਆਂ ਦਾ ਹਾਰ ਪਾ ਮੂੰਹ ਕਾਲਾ ਕੀਤਾ ਜਾਵੇ ਜਿਸ ਨੇ ਰਾਜਨੀਤਕ ਲਾਭ ਲਈ ਸਿੱਖ ਕੌਮ ਨੂੰ ਬਦਨਾਮ ਕਰਨ ਲਈ ਟੌਹੜਾ ਸਾਹਿਬ ਜਹੇ ਧਾਰਮਿਕ ਲੀਡਰ ਉੱਤੇ ਚਿਕੜ ਉਛਾਲਿਆ ਹੈ। ਕੈਪਟਨ ਅਮਰਿੰਦਰ ਸਿੰਘ ਦਾ ਅਤੇ ਇਨ੍ਹਾਂ ਦੇ ਪਰਿਵਾਰਾਂ ਦਾ ਪਿਛਲਾ ਰਿਕਾਰਡ ਉਠਾ ਕੇ ਵੇਖੋ ਤਾਂ ਪਤਾ ਲੱਗੇਗਾ ਕਿ ਇਹ ਖਾਨਦਾਨ ਕਿੰਨਾ ਕਰੱਪਟ ਅਤੇ ਬੇਦਰਦੀ ਸੀ। ਕੈਪਟਨ ਅਮਰਿੰਦਰ ਸਿੰਘ ਕਰਨਲ ਸੇਖੋਂ ਦੀ ਕੁੜੀ ਨੂੰ ਭਜਾ ਕੇ ਲੈ ਗਿਆ ਸੀ, ਇਸ ਦੀ ਖਬਰ ਵੀ ਅਖਬਾਰਾਂ ਵਿਚ ਲੱਗੀ ਸੀ। ਇਹੋ ਜਿਹੇ ਕਰੱਪਟ ਖਾਨਦਾਨ ਦੇ ਬੰਦੇ ਨੇ ਟੌਹੜਾ ਸਾਹਿਬ ਜਹੇ ਦੇਸ਼ ਭਗਤ ਉਤੇ ਝੂਠਾ ਇਲਜ਼ਾਮ ਲਗਾ ਕੇ ਇਕ ਵਾਰੀ ਫਿਰ ਆਪਣੀ ਔਕਾਤ ਨੂੰ ਪ੍ਰਗਟ ਕੀਤਾ ਹੈ। ਅਸਲ ਵਿਚ ਇਸ ਨੇ ਕਾਂਗਰਸ ਅਤੇ ਅਕਾਲੀ ਮੰਤਰੀਆਂ ਦੀ ਸ਼ਹਿ ਉਤੇ ਇਹੋ ਜਿਹਾ ਘਟੀਆ ਕੰਮ ਕੀਤਾ ਹੈ। ਮੇਰੀ ਬੇਨਤੀ ਹੈ ਕਿ ਇਸ ਦੀਆਂ ਗੱਲਾਂ ਨੂੰ ਕੋਈ ਧਿਆਨ ਨਾ ਦੇਂਦੇ ਹੋਏ ਇਸ ਨੂੰ ਸਖਤ ਤੋਂ ਸਖਤ ਸਜਾ ਦਿਓ।

ਆਪ ਜੀ ਦਾ ਸੇਵਾਦਾਰ

***ਜਥੇਦਾਰ ਅਮਰੀਕ ਸਿੰਘ ਬਾਜਵਾ,***

ਕੋਠੀ ਨੰ. 199, ਵਿਵੇਕ ਵਿਹਾਰ, ਨੇੜੇ ਡੀ.ਸੀ. ਕੋਠੀ, ਅੰਬਾਲਾ ਸ਼ਹਿਰ।

***

*28 ਮਈ 1998*

ਜਥੇਦਾਰ ਗੁਰਚਰਨ ਸਿੰਘ ਟੌਹੜਾ ਜੀ ਦੇ ਨਿਰੰਕਾਰੀ ਭਵਨ ਪਟਿਆਲਾ ਵਿਖੇ ਜਾਣ ਦੇ ਵਾਦ-ਵਿਵਾਦ ਬਾਰੇ ਮੈਂ ਇਕ ਬਿਆਨ ਅਖਬਾਰਾਂ ਲਈ ਪਿਛਲੇ ਹਫਤੇ ਦਿੱਤਾ ਸੀ ਪਰ ਛਪਿਆ ਨਹੀਂ, ਮੈਂ ਬਿਆਨ ਦੀ ਇਕ ਫੋਟੋ ਸਟੇਟ ਕਾਪੀ ਆਪ ਜੀ ਨੂੰ ਭੇਜ ਰਿਹਾ ਹਾਂ। ਮੈਂ ਸਮਝਦਾ ਹਾਂ ਕਿ ਇਕ ਗੁਰਸਿੱਖ 'ਤੇ ਉਹ ਵੀ ਸ: ਗੁਰਚਰਨ ਸਿੰਘ ਟੌਹੜਾ ਜੀ ਜਿਹੜੇ ਕਿ ਅੰਮ੍ਰਿਤਧਾਰੀ ਤੇ ਸ਼੍ਰੋਮਣੀ ਪ੍ਰਬੰਧਕ ਕਮੇਟੀ ਦੇ 24 ਸਾਲ ਤੋਂ ਪ੍ਰਧਾਨ ਚਲੇ ਆ ਰਹੇ ਹਨ, ਤੋਂ ਇਹ ਪੱਕੀ ਆਸ ਹੋਣੀ ਚਾਹੀਦੀ ਹੈ ਕਿ ਉਹ ਸਿੱਖ ਪੰਥ ਦੀ ਸਭ ਤੋਂ ਉੱਚੀ ਧਾਰਮਕ ਅਦਾਲਤ ਅੱਗੇ ਆਪ ਹੀ ਸੱਚ-ਸੱਚ ਦੱਸਣਗੇ। ਕਿਸੇ ਇਨਕੁਆਰੀ, ਫੋਟੋ ਆਦਿ ਠੀਕ ਹਨ ਕਿ ਜਾਅਲੀ ਹਨ, ਦੀ ਲੋੜ ਹੀ ਨਹੀਂ ਪੈਣੀ ਚਾਹੀਦੀ।

ਸਤਿਕਾਰ ਸਹਿਤ,

ਆਪ ਦਾ ਸ਼ੁਭਚਿੰਤਕ,

ਮੇਜਰ ਜਨਰਲ ਨਰਿੰਦਰ ਸਿੰਘ (ਰਿਟਾ:)

124, ਸੈਕਟਰ 28-ਏ, ਚੰਡੀਗੜ੍ਹ।

***

*28 ਮਈ 1998*

ਅੱਜ ਇਸ ਵਾਦ-ਵਿਵਾਦ 'ਤੇ ਵਿਚਾਰ ਕਰਨ ਲਈ, ਗੁਰੂ ਨਾਨਕ ਐਜੂਕੇਸ਼ਨਲ, ਰੀਲੀਜਸ ਅਤੇ ਕਲਚਰਲ ਸੁਸਾਇਟੀ ਦੇ ਬੁਲਾਵੇ 'ਤੇ, ਅਸੀਂ ਵਕੀਲ ਅਤੇ ਸੁਸਾਇਟੀ ਦੇ ਮੈਂਬਰ ਇਕੱਠੇ ਹੋਏ, ਸਾਰੇ ਬਿਆਨਾਂ 'ਤੇ ਮੁੱਖ ਵਿਵਾਦ 'ਤੇ ਵਿਸਥਾਰ ਨਾਲ ਵਿਚਾਰ ਕੀਤਾ।

ਅਸੀਂ ਸਾਰੇ ਇਸ ਰਾਏ ਦੇ ਹਾਂ ਕਿ ਇਹ ਜਾਤੀ ਦੁਸ਼ਮਣੀ ਦੀ ਹੀ ਪੈਦਾਵਾਰ ਹੈ।

ਸਤਿਕਾਰਯੋਗ ਸਿੰਘ ਸਾਹਿਬ ਜਥੇਦਾਰ ਸਾਹਿਬ ਜੀਓ, ਨੁਕਤੇ ਵਿਚਾਰ ਵਾਲੇ ਆਪ ਅੱਗੇ ਰੱਖਦੇ ਹਾਂ, ਜੋ ਨਿਮਨ ਲਿਖਤ ਅਨੁਸਾਰ ਹਨ :

ਟੌਹੜਾ ਸਾਹਿਬ ਪੰਥ ਦੇ ਸਰਬਉੱਚ ਅਤੇ ਸਿਰਮੌਰ ਨੇਤਾ ਹਨ। ਟੌਹੜਾ ਸਾਹਿਬ ਸਿਆਸਤ ਵਿਚ ਇਕੱਲੇ ਲੀਡਰ ਹਨ ਜਿਨ੍ਹਾਂ 'ਤੇ ਨਾ ਰਿਸ਼ਵਤ, ਨਾ ਬੇਈਮਾਨੀ ਜਾਂ ਸਿਆਸੀ ਪੁਜੀਸ਼ਨ ਵਰਤ ਕੇ ਜਾਇਦਾਦ ਅਤੇ ਕੋਠੀਆਂ, ਜ਼ਮੀਨ, ਧੰਨ ਜਮ੍ਹਾਂ ਕਰਨ ਦਾ ਕਦੇ ਕੋਈ ਦੋਸ਼ ਲਗਾ ਸਕਿਆ ਹੋਵੇ। ਉਨ੍ਹਾਂ ਦੀ ਪੁਜੀਸ਼ਨ ਡੇਗਣ ਲਈ, ਸਮੇਂ-ਸਮੇਂ ਬੜੀਆਂ ਸਾਜ਼ਿਸ਼ਾਂ ਹੋਈਆਂ ਪਰ ਗੁਰੂ ਜੀ ਮਹਾਰਾਜ ਨੇ ਸਦਾ ਉਨ੍ਹਾਂ ਨੂੰ ਬੇਡੋਲ ਕੱਢ ਲਿਆ।

ਅਮਰਿੰਦਰ ਸਿੰਘ ਨਾਲ ਉਨ੍ਹਾਂ ਦੀ ਕਈ ਸਾਲਾਂ ਤੋਂ ਪੁਰਾਣੀ ਦੁਸ਼ਮਣੀ ਹੈ ਅਤੇ ਉਹ ਟੌਹੜਾ ਸਾਹਿਬ ਨੂੰ ਸਿਆਸਤ ਵਿਚੋਂ ਖਤਮ ਕਰਨ ਲਈ, ਅਕਾਲੀ ਦਲ ਦੇ ਅੰਦਰ ਅਤੇ ਬਾਹਰ, ਦੇਰ ਤੋਂ ਸਾਜ਼ਿਸ਼ਾਂ ਕਰਦਾ ਆ ਰਿਹਾ ਹੈ। ਕਦੀ ਕਾਂਗਰਸੀ, ਕਦੀ ਅਕਾਲੀ, ਫਿਰ ਕਾਂਗਰਸੀ ਇਹ ਅਮਰਿੰਦਰ ਸਿੰਘ ਦਾ ਸਿਆਸੀ ਅਮਾਨ ਹੈ।

ਅਸੀਂ ਭਲੀ-ਭਾਂਤ ਜਾਣਦੇ ਹਾਂ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਵਿਚ ਇਸ ਮਹਾਰਾਜੇ ਨੇ ਟੌਹੜਾ ਸਾਹਿਬ ਨੂੰ ਹਰਾਉਣ ਦੀ ਪੂਰੀ ਵਾਹ ਲਾਈ।

ਹਰਮੇਲ ਸਿੰਘ ਨੂੰ ਹਰਾਉਣ ਲਈ ਵੀ ਇਹੋ ਕੁਝ ਕੀਤਾ, ਪਹਿਲਾਂ ਟਿਕਟ ਲੈਣ ਲਈ ਸ਼੍ਰੋਮਣੀ ਅਕਾਲੀ ਦਲ ਦੀ, ਮੰਗਦਾ ਰਿਹਾ ਅਤੇ ਜੇ ਨਾ ਮਿਲੀ ਤੇ ਕਾਂਗਰਸ ਨਾਲ ਜਾ ਮਿਲਿਆ। ਕਿਰਦਾਰ ਬਹੁਤ ਹੀ ਦਾਗੀ ਹੈ। ਉਸ ਨੇ ਬਹੁਤ ਝੂਠ ਬੋਲਿਆ ਹੈ, ਟੌਹੜਾ ਸਾਹਿਬ ਦੀ ਪੁਜੀਸ਼ਨ ਗਵਾਉਣ ਲਈ।

ਵੋਟਾਂ ਜਿਨ੍ਹਾਂ ਲੋਕਾਂ ਦੀਆਂ ਬਣੀਆਂ ਹਨ, ਹਰ ਪਾਰਟੀ ਨੇ ਉਨ੍ਹਾਂ ਪਾਸੋਂ ਵੋਟਾਂ ਮੰਗਣੀਆਂ ਹਨ। ਕੀ ਅਮਰਿੰਦਰ ਸਿੰਘ ਨੇ ਕਿਸੇ ਨਿਰੰਕਾਰੀ ਨੂੰ ਵੋਟ ਨਹੀਂ ਆਖੀ ਜਾਂ ਮੰਗੀ? ਵੋਟਾਂ ਪਈਆਂ ਹਨ ਤੇ ਖੁਦ ਗੁਨਾਹਗਾਰ ਦੂਜੇ 'ਤੇ ਕੀ ਇਲਜ਼ਾਮ ਲਾਏਗਾ।

ਹੁਕਮਨਾਮੇ ਬਾਰੇ ਵੀ ਸਪੱਸ਼ਟ ਹੋਵੇ ਕਿ ਕੀ ਵੋਟਾਂ ਵਿਚ ਨਿਰੰਕਾਰੀਆਂ ਦੀਆਂ ਵੋਟਾਂ ਨਹੀਂ ਲੈਣੀਆਂ। ਜਾਂ ਪਹਿਲਾਂ ਪੁੱਛੇ ਕਿ ਤੁਸੀਂ ਨਿਰੰਕਾਰੀ ਤਾਂ ਨਹੀਂ? ਜੇ ਹੋ ਤਾਂ ਮੈਂ ਵੋਟ ਨਹੀਂ ਲੈਣੇ। ਤੇ ਜਿਹੜੇ ਨਿਰੰਕਾਰੀ ਵਜ਼ੀਰ ਵੀ ਬਣੇ, ਜੇ ਮੈਂ ਐਮ.ਐਲ.ਏ. ਹੁੰਦਾ, ਅਸੈਂਬਲੀ ਵਿਚ ਜਾਵਾਂ ਜਾਂ ਨਾ, ਬਹੁਤ ਜ਼ਰੂਰੀ ਹੈ, ਸ਼ੋਸ਼ਲ ਬਾਈਕਾਟ ਦੀ ਵਿਆਖਿਆ ਕਰਨੀ।

ਹੁਣ ਸਿਰੋਪਾ ਲੈਣ ਬਾਰੇ ਅਤੇ ਤਸਵੀਰ ਲੈਣ ਬਾਰੇ ਵੀ ਜਰਾ ਸੱਚਾਈ ਪਰਖੋ ਜੀ:

(ੳ) ਤਸਵੀਰ ਵਿਚ 9 ਬੰਦੇ ਟੌਹੜਾ ਸਾਹਿਬ ਤੋਂ ਇਲਾਵਾ ਦਿਖਾਏ ਗਏ ਹਨ, ਪਰ ਕਿਸੇ ਦਾ ਧਿਆਨ ਟੌਹੜਾ ਸਾਹਿਬ ਵੱਲ ਨਹੀਂ। ਤੇ ਉਹ ਰਸਮੀ ਸਪਕੀਰ 'ਤੇ ਗੀਤ ਗਾ ਰਹੇ ਹਨ ਅਤੇ ਬਾਕੀ ਥੜ੍ਹੇ ਦੇ ਦੂਜੇ ਪਾਸੇ ਮੂੰਹ ਕਰਕੇ ਖੜ੍ਹੇ ਹਨ, ਜੋ ਮੁਮਕਿਨ ਨਹੀਂ ਹੈ।

(ਅ) ਤਸਵੀਰ ਵਿਚ ਸਿਰੋਪਾ ਮੋਢੇ 'ਤੇ ਜਾ ਕੇ, ਸੱਜੇ ਪਾਸੇ ਨੁੱਕਰ ਤਿੱਖੀ ਬਣਾਈ ਹੈ। ਇਹ ਪੁਆਇੰਟ 'ਪੀ' 'ਤੇ ਵੇਖੋ ਜੀ। ਮੋਢੇ 'ਤੇ ਪਾਇਆ ਸਿਰੋਪਾ, ਇੰਜ ਤਿਰਛਾ ਕੱਟਿਆ ਹੋਇਆ ਨਹੀਂ ਹੁੰਦਾ। ਇਹ ਬੁਰਸ਼ ਦੀ ਕਰਾਮਾਤ ਹੈ। ਖੱਬੇ ਮੋਢੇ 'ਤੇ ਵੀ ਸਿਰੋਪਾ ਪੇਂਟਿੰਗ ਨਾਲ ਤਿਰਛਾ ਕੱਟ ਕੇ ਬਣਾਇਆ ਗਿਆ ਹੈ। ਸਿਰੋਪਾ ਇਕ ਪਾਸੇ ਤਿਰਛਾ ਅਤੇ ਬਿਲਕੁਲ ਬਰੀਕ ਦਿਖਾਇਆ ਗਿਆ ਹੈ। ਇਸ ਵਿਚ ਕਿਤੇ ਕੋਈ ਵੱਟ ਨਹੀਂ ਹੈ। ਨਾ ਮੋਢਿਆਂ 'ਤੇ ਇਕੱਠਾ

ਹੋਇਆ ਹੈ, ਜੋ ਸੁਭਾਵਕ ਨਹੀਂ ਹੈ। ਫੋਟੋ ਤੋਂ ਬਣਾਇਆ ਗਿਆ ਹੈ। ਫੋਟੋ ਦਾ ਨੈਗੇਟਿਵ ਵੀ ਨਕਲੀ ਬਣ ਸਕਦਾ ਹੈ। ਸੱਜੇ ਹੱਥ ਦਆਂ ਉਂਗਲਾਂ ਥੱਲੇ ਨਿਸ਼ਾਨ ਹਨ। ਜੋ ਸਾਏ ਦੇ ਨਿਸ਼ਾਨ ਹਨ। ਤੇ ਬਾਕੀ ਫੋਟੋਆਂ 'ਤੇ ਕਿਉਂ ਨਹੀਂ? ਅਸਲ ਵਿਚ ਉਂਗਲਾਂ ਵਿਚੋਂ ਸਿਰੋਪਾ ਦਿਖਾਈ ਦੇਂਦੇ ਪੇਂਟਰ ਨਹੀਂ ਬਣਾ ਸਕਿਆ ਤੇ ਉਂਗਲਾਂ ਸਿਰੋਪਾ ਬਣਾਉਣ ਦੇ ਵਕਤ ਖਰਾਬ ਹੋ ਗਈਆਂ, ਜਿਨ੍ਹਾਂ ਨੂੰ ਬੁਰਸ਼ ਨਾਲ ਫਿਰ ਬਣਾਉਣ ਦੀ ਕੋਸ਼ਿਸ਼ ਕੀਤੀ ਤੇ ਨੈਗੇਟਿਵ ਤੇ ਜਾਂ ਫੋਟੋ 'ਤੇ ਦਾਗ ਰਹਿ ਗਏ। ਇਹ ਫੋਟੋ ਕਿਤੋਂ ਕੱਟ ਕੇ, ਕੈਮਰਾ ਟਰਿੱਕ ਨਾਲ ਬਣਾਈ ਗਈ ਹੈ ਤੇ ਸਾਰਿਆਂ ਦੀਆਂ ਫੋਟੋਆਂ ਡਾਰਕ ਹਨ। ਪਰ ਟੌਹੜਾ ਸਾਹਿਬ ਦੀ ਫੋਟੋ ਬੜੀ ਬਰਾਈਟ ਹੈ। ਕਿਉਂ? ਟੌਹੜਾ ਸਾਹਿਬ ਇਕੱਲੇ ਕਿਵੇਂ ਇਕੱਠ ਵਿਚ ਗਏ। ਤੇ ਹੋਰ ਕੋਈ ਨਾਲ ਕਿਉਂ ਨਹੀਂ ਜਿਵੇਂ ਸਕਿਉਰਟੀ ਵਾਲੇ, ਚੰਦੂਮਾਜਰਾ, ਪੀ.ਏ. ਕਿਥੇ ਗਏ? ਜੇ ਟੌਹੜਾ ਸਾਹਿਬ ਵੋਟਾਂ ਮੰਗਣ ਗਏ ਸਨ ਤਾਂ ਉਸੇ ਦਿਨ ਹੀ ਕਿਉਂ ਨਾ ਸ਼ਿਕਾਇਤ ਕੀਤੀ, ਚੋਣ ਹਾਰਨ ਤੋਂ ਬਾਅਦ, ਅਮਰਿੰਦਰ ਸਿੰਘ ਨੂੰ ਚੇਤਾ ਆਇਆ। ਗੱਲ ਕੀ, ਇਹ ਤਸਵੀਰ ਨਕਲੀ ਬਣਾਈ ਗਈ ਹੈ।

ਅਸੀਂ ਆਪ ਜੀ ਪਾਸ ਬੇਨਤੀ ਕਰਦੇ ਹਾਂ ਕਿ ਟੌਹੜਾ ਸਾਹਿਬ ਦੇ ਵਿਰੁੱਧ ਕੋਈ ਕੇਸ ਹੁਕਮਨਾਮੇ ਦੀ ਉਲੰਘਣਾ ਦਾ ਨਹੀਂ ਬਣਦਾ ਅਤੇ ਇਹ ਇਕ ਡੂੰਘੀ ਸਾਜ਼ਿਸ਼ ਹੈ, ਪੰਥਕ ਲੀਡਰਸ਼ਪ ਨੂੰ ਬਦਨਾਮ ਕਰਕੇ, ਕਾਂਗਰਸ ਦੀ ਦਲਾਲੀ ਕਰਨ ਦੀ, ਇਸ ਵਿਚ ਆਪ ਆਪਣੀ ਪੋਜੀਸ਼ਨ ਅਤੇ ਸਿਆਣਪ ਨੂੰ ਵਰਤ ਕੇ, ਟੌਹੜਾ ਸਾਹਿਬ ਦੇ ਖਿਲਾਫ, ਅਮਰਿੰਦਰ ਸਿੰਘ ਦੀ ਸ਼ਿਕਾਇਤ ਝੂਠੀ ਅਤੇ ਦੁਸ਼ਮਣੀ 'ਤੇ ਅਧਾਰਤ ਹੋਣ ਕਰਕੇ, ਰੱਦ ਕਰਨ ਦੀ ਕ੍ਰਿਪਾਲਤਾ ਕਰੋ ਜੀ। ਅਮਰਿੰਦਰ ਸਿੰਘ ਨੂੰ, ਝੂਠਾ ਦੋਸ਼ ਲਾਉਣ 'ਤੇ, ਨਕਲੀ ਤਸਵੀਰ ਬਣਾਉਣ 'ਤੇ, ਪੰਥਕ ਲੀਡਰ ਨੂੰ ਬਦਨਾਮ ਕਰਕੇ, ਕਾਂਗਰਸ ਦੀ ਮਰੀ ਸਾਖ ਨੂੰ ਜੀਵਾਉਣ ਦੀ ਸਾਜ਼ਿਸ਼ ਬਣਾਉਣ 'ਤੇ ਖਾਲਸਾ ਪੰਥ ਵਿਚੋਂ ਖਾਰਜ ਕਰਕੇ ਇਸ ਨਾਲ ਰੋਟੀ ਬੇਟੀ ਤੇ ਮੇਲ-ਮਿਲਾਪ ਦੀ ਸਾਂਝ ਨਾ ਰੱਖਣ ਦਾ ਹੁਕਮਨਾਮਾ ਜਾਰੀ ਕੀਤਾ ਜਾਵੇ। ਇਨਸਾਫ ਲਈ ਅਵੱਸ਼ਕ ਹੈ।

1. ਭਗਤ ਗੁਰਦਿਆਲ ਸਿੰਘ ਪ੍ਰਧਾਨ,
2. ਸੁਲੱਖਣ ਸਿੰਘ ਐਡਵੋਕੇਟ, ਸਕੱਤਰ,
3. ਭੁਪਿੰਦਰ ਸਿੰਘ ਚੱਠਾ, ਵਧੀਕ ਸਕੱਤਰ,
4. ਨਰਿੰਦਰ ਸਿੰਘ ਐਡਵੋਕੇਟ, ਬਟਾਲਾ,
5. ਸਤਨਾਮ ਸਿੰਘ, ਸਾਗਰ ਪੁਰਾ,
6. ਮੁਹਿੰਦਰ ਸਿੰਘ ਰੰਧਾਵਾ, ਰਿਟਾਇਰਡ ਪੁਲਿਸ ਇੰਸਪੈਕਟਰ।

***

*28 ਮਈ 1998*

ਆਪ ਜੀ ਨੂੰ ਹੱਥ ਜੋੜ ਕੇ ਬੇਨਤੀ ਕਰਦਾ ਹਾਂ ਕਿ ਜੋ ਸ੍ਰੀ ਅਮਰਿੰਦਰ ਸਿੰਘ ਜੋ ਇਕ ਦਲ-ਬਦਲੂ ਤੇ ਸਵਾਰਥੀ ਬੰਦਾ ਹੈ ਅਤੇ ਸਵਾਰਥ ਪੂਰਾ ਨਾ ਹੋਣ ਕਾਰਨ ਪੰਥਕ ਜਥੇਬੰਦੀ ਵਿਚ ਕਈ ਵਾਰ ਸ਼ਾਮਲ ਹੋਇਆ ਤੇ ਭਗੌੜਾ ਹੁੰਦਾ ਚਲਿਆ ਆ ਰਿਹਾ ਹੈ, ਮੈਂ ਇਸ ਨੂੰ ਸਹੀ ਸਿੱਖ ਨਹੀਂ ਤਸਲੀਮ ਕਰਦਾ। ਦਾੜ੍ਹੀ ਟਰਿਮ ਕਰਦਾ ਰਿਹਾ ਹੈ, ਬਿਗਾਨੀਆਂ ਔਰਤਾਂ ਨਾਲ ਸ਼ਖਸ਼ੀ ਸਬੰਧ ਕਰਦਾ ਰਿਹਾ ਹੈ ਜਿਸ ਦਾ ਜ਼ਿਕਰ ਅਖਬਾਰਾਂ ਵਿਚ ਵਿਸ਼ਾ

ਬਣਿਆ ਰਿਹਾ ਹੈ। ਇਹ ਅਬ ਕੀ ਵਾਰ ਪਾਰਲੀਮੈਂਟ ਮੈਂਬਰ ਦੀ ਚੋਣ ਲੜਨ ਲਈ ਮੁੜ ਉਸ ਕਾਂਗਰਸ ਵਿਚ ਸ਼ਾਮਲ ਹੋਇਆ ਜਿਸ ਨੂੰ ਉਹ 1984 ਵਿਚ ਸਿੱਖਾਂ ਦੀ ਦੁਸ਼ਮਣ ਨੰਬਰ ਇਕ ਕਹਿੰਦਾ-ਕਹਿੰਦਾ ਨਹੀਂ ਥੱਕਦਾ ਸੀ। ਅੱਜ ਜੋ ਉਸ ਨੂੰ ਜਥੇਦਾਰ ਟੌਹੜਾ ਜੀ ਦੇ ਨਾਂ ਨਿਰੰਕਾਰੀਆਂ ਨਾਲ ਮੇਲ-ਜੋਲ ਦਾ ਝੂਠਾ ਕਿੱਸਾ ਆਪ ਜੀ ਪਾਸ ਦਰਜ ਕਰਾਇਆ ਹੈ ਉਸ ਦਾ ਇਹ ਗਲਤ ਉਪਰਾਲਾ ਹੈ। ਇਕ ਤਰਫ ਉਹ ਜਥੇਦਾਰ ਟੌਹੜਾ ਜੀ ਨੂੰ ਨਿਰੰਕਾਰੀ ਸਮੂਹ ਨਾਲ ਜੋੜ ਕੇ ਦੋਸ਼ੀ ਸਾਬਤ ਕਰਨਾ ਚਾਹੁੰਦਾ ਹੈ ਦੂਜੇ ਪਾਸੇ ਉਹ ਖੁਦ ਨਿਰੰਕਾਰੀਆਂ ਪਾਸ ਜਾ ਕੇ ਉਨ੍ਹਾਂ ਪਾਸੋਂ ਸਬੂਤ ਹਾਸਲ ਕਰਨ ਲਈ ਮੁਲਾਕਾਤਾਂ ਕਰਦਾ ਹੈ। ਅੱਜ 27 ਮਈ 1998 ਦੇ ਅੰਗਰੇਜ਼ੀ ਟ੍ਰਿਬਿਊਨ ਦੇ ਸਫਾ 5 'ਤੇ ਉਸ ਨੇ ਦੱਸਿਆ ਹੈ ਕਿ ਉਸ ਨੇ ਫੋਟੋ ਇਕ ਨਿਰੰਕਾਰੀ ਤੋਂ ਹਾਸਲ ਕੀਤੀ ਹੈ ਜੋ ਉਸ ਦੇ ਖਿਲਾਫ ਸਬੂਤ ਹੈ ਕਿ ਉਸ ਨੇ ਕਿਸੇ ਨਿਰੰਕਾਰੀ ਨਾਲ ਮੇਲ ਕੀਤਾ ਹੈ। ਜੇ ਉਹ ਆਪਣੇ ਆਪ ਨੂੰ ਸਿੱਖ ਦੱਸਦਾ ਹੈ ਤਾਂ ਉਸ ਨੇ ਖੁਦ ਜਾਣ-ਬੁਝ ਕੇ ਅਕਾਲ ਤਖ਼ਤ ਦੇ ਹੁਕਮਨਾਮੇ ਦੀ ਉਲੰਘਣਾ ਕੀਤੀ ਹੈ। ਜਿਸ ਨੂੰ ਉਹ ਸਜ਼ਾ ਦਾ ਭਾਗੀ ਮੰਨਦਾ ਹੈ। 27 ਮਈ 1998 ਦੀ ਅਖਬਾਰ ਮੇਰੇ ਪਾਸ ਸਬੂਤ ਹੈ ਜੋ ਸ੍ਰੀ ਅਮਰਿੰਦਰ ਸਿੰਘ ਦਾ ਆਪਣਾ ਜਾਤੀ ਬਿਆਨ ਹੈ। ਇਸ ਸਬੰਧ ਵਿਚ ਮੈਂ ਇਕ ਪੂਰਨ ਅੰਮ੍ਰਿਤਧਾਰੀ ਸਿੱਖ ਹੋਣ ਦੀ ਹੈਸੀਅਤ ਵਿਚ ਬੇਨਤੀ ਕਰਦਾ ਹਾਂ ਕਿ ਸ੍ਰੀ ਅਮਰਿੰਦਰ ਸਿੰਘ ਦੇ ਖਿਲਾਫ ਅਕਾਲ ਤਖ਼ਤ ਦੇ ਹੁਕਮਨਾਮੇ ਦੀ ਉਲੰਘਣਾ ਕਰਨ ਦੇ ਜੁਰਮ ਵਿਚ ਸਖਤ ਕਾਰਵਾਈ ਕੀਤੀ ਜਾਵੇ। ਇਹ ਵੀ ਵਰਨਣਯੋਗ ਹੈ ਕਿ ਜਦ ਉਸ ਨੇ ਜਥੇਦਾਰ ਟੌਹੜਾ ਨਿਰੰਕਾਰੀ ਮੁੱਦੇ 'ਤੇ ਆਪ ਪਾਸ ਅਰਜ਼ੀ ਦੇ ਰੱਖੀ ਹੈ ਤਾਂ ਆਏ ਦਿਨ ਪ੍ਰੈਸ ਵਿਚ ਕਿਉਂ ਬਿਆਨਬਾਜ਼ੀ ਕਰਦਾ ਹੈ ਜੋ ਕਿ ਤਖ਼ਤ ਸਾਹਿਬ ਦੇ ਮਿਆਰ ਤੇ ਬੇਵਿਸ਼ਵਾਸੀ ਕਰਦਾ ਹੈ ਤੇ ਦੋਸ਼ੀ ਹੈ। ਆਸ ਕਰਦਾ ਹਾਂ ਕਿ ਆਪ ਮੇਰੀ ਇਸ ਬੇਨਤੀ 'ਤੇ ਜ਼ਰੂਰ ਗੌਰ ਕਰੋਗੇ ਤੇ ਕਾਰਵਾਈ ਕਰੋਗੇ।

ਪੰਥ ਦਾ ਦਾਸ,

*ਪੂਰਨ ਸਿੰਘ,*

ਮਕਾਨ ਨੰ: 2085/44-ਸੀ, ਚੰਡੀਗੜ੍ਹ।

***

ਕਾਫੀ ਦਿਨਾਂ ਤੋਂ ਕੈਪਟਨ ਅਮਰਿੰਦਰ ਸਿੰਘ ਤੇ ਸ:: ਗੁਰਚਰਨ ਸਿੰਘ ਟੌਹੜਾ ਦਾ ਨਿਰੰਕਾਰੀ ਭਵਨ ਜਾਣ ਦਾ ਵਾਦ-ਵਿਵਾਦ ਤੇ ਖਬਰਾਂ ਅਖਬਾਰਾਂ ਵਿਚ ਛਪਦੀਆਂ ਪੜ੍ਹ ਰਹੇ ਹਾਂ। ਮੈਂ ਇਕ ਗੱਲ ਤੋਂ ਬਹੁਤ ਹੈਰਾਨ ਹਾਂ ਕਿ ਲਗਾਤਾਰ ਬਾਈ ਵਾਰ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਬਣਨ ਵਾਲਾ ਬੰਦਾ ਏਨਾ ਹੀ ਨਾ-ਸਮਝ ਹੋ ਸਕਦਾ ਹੈ ਕਿ ਉਹ ਦਿਨ-ਦਿਹਾੜੇ ਸਿਖਰ ਦੁਪਹਿਰੇ ਨਿਰੰਕਾਰੀ ਭਵਨ ਵਿਚ ਵੋਟ ਮੰਗਣ ਚਲਾ ਗਿਆ ਤੇ ਕੈਪਟਨ ਦੇ ਕਹਿਣ ਅਨੁਸਾਰ ਘੱਟੋ-ਘੱਟ ਇਕ ਹਜਾਰ ਨਿਰੰਕਾਰੀਆਂ ਦੀ ਹਾਜਰੀ ਵਿਚ ਗਲ ਵਿਚ ਸਿਰੋਪਾ ਪਵਾ ਲਿਆ ਤੇ ਆਪਣੀ ਸਕਿਉਰਟੀ ਉਰਾਂਹ ਹੀ ਕਿਸੇ ਦੀ ਦੁਕਾਨ 'ਤੇ ਛੱਡ ਗਿਆ। ਏਹੋ ਜਹੇ ਕੰਮ ਤਾਂ ਲੋਕ ਰਾਤ ਦੇ ਹਨੇਰੇ ਵਿਚ ਕਰਦੇ ਹਨ, ਟੌਹੜਾ ਏਨਾ ਬੇਵਕੂਫ ਤਾਂ ਨਹੀਂ ਹੋ ਸਕਦਾ ਕਿ ਉਸ ਨੂੰ ਅਕਾਲ ਤਖ਼ਤ ਤੋਂ ਛੇਕੇ ਹੋਏ ਨਿਰੰਕਾਰੀਆਂ ਕੋਲੋਂ ਚਿੱਟੇ ਦਿਨ ਉਨ੍ਹਾਂ ਦੇ ਭਵਨ ਜਾ ਕੇ ਵੋਟ ਮੰਗਣ ਲੱਗਿਆਂ ਮਾਸਾ ਡਰ ਨਾ ਲੱਗਾ ਹੋਵੇ। ਉਸ ਮੁਹੱਲੇ ਵਿਚ ਸਿੱਖ ਵੀ ਤਾਂ ਰਹਿੰਦੇ ਹੋਣਗੇ। ਜਦੋਂ ਟੌਹੜਾ ਨਿਰੰਕਾਰੀ ਭਵਨ ਗਿਆ ਤਾਂ ਉਸ ਨੂੰ ਓਥੇ ਜਾਂਦੇ ਨੂੰ ਕਿਸੇ

ਨੇ ਨਾ ਵੇਖਿਆ ਹੋਵੇਗਾ? ਕੈਪਟਨ ਦੇ ਰੌਲਾ ਪਾਉਣ ਤੋਂ ਪਹਿਲਾਂ ਤਾਂ ਮੁਹੱਲੇ ਵਾਲੇ ਸਿੱਖਾਂ ਨੇ ਹੀ ਰੌਲਾ ਪਾ ਦੇਣਾ ਸੀ।

1. ਮੈਨੂੰ ਇਕ ਹੋਰ ਗੱਲ ਦੀ ਹੈਰਾਨੀ ਇਹ ਹੈ ਕਿ ਕੈਪਟਨ ਹਰ ਦਰਖਾਸਤ ਜਿਹੜੀ ਆਪ ਜੀ ਨੂੰ ਦੇਂਦਾ ਹੈ ਨਾਲ ਹੀ ਪ੍ਰੈਸ ਨੂੰ ਵੀ ਭੇਜ ਦੇਂਦਾ ਹੈ ਜੇ ਉਹ ਆਪ ਜੀ ਕੋਲੋਂ ਇਨਸਾਫ ਮੰਗਦਾ ਹੈ ਤਾਂ ਪ੍ਰੈਸ ਵਾਲਿਆਂ ਕੋਲ ਕੀ ਲੈਣ ਜਾਂਦਾ ਹੈ?

2. ਟੌਹੜਾ, ਚੰਦੂਮਾਜਰਾ ਤੇ ਉਨ੍ਹਾਂ ਦੇ ਹੋਰ ਸਲਾਹਕਾਰ ਇਹ ਤਾਂ ਸਮਝਦੇ ਹੀ ਹੋਣਗੇ ਕਿ ਜੇ ਸਾਨੂੰ ਕਿਸੇ ਨੇ ਨਿਰੰਕਾਰੀਆਂ ਕੋਲੋਂ ਵੋਟਾਂ ਮੰਗਦਿਆਂ ਜਾਂ ਉਨ੍ਹਾਂ ਕੋਲ ਜਾਂਦਿਆਂ ਵੇਖ ਲਿਆ ਤਾਂ ਹਲਕੇ ਦੇ ਸਿੱਖਾਂ ਨੇ ਇਸ ਦੋਸ਼ ਵਜੋਂ ਹੀ ਸਾਨੂੰ ਕੋਈ ਵੋਟ ਨਹੀਂ ਪਾਉਣੀ ਤੇ ਇਹ ਵੀ ਹੋ ਸਕਦਾ ਹੈ ਕਿ ਸਾਨੂੰ ਨਿਰੰਕਾਰੀਆਂ ਨਾਲ ਮੇਲ-ਜੋਲ ਰੱਖਣ ਕਰਕੇ ਸਾਰੀ ਇਲੈਕਸ਼ਨ ਵਿਚ ਸਟੇਜਾਂ ਤੋਂ ਬੋਲਣ ਹੀ ਨਾ ਦੇਣ। ਇਸ ਤਰ੍ਹਾਂ ਨਿਰੰਕਾਰੀਆਂ ਦੇ ਵੋਟ ਲੈਂਦੇ-ਲੈਂਦੇ ਸਿੱਖਾਂ ਦੇ ਵੋਟਾਂ ਤੋਂ ਵੀ ਜਾਵਾਂਗੇ ਤੇ ਜਮਾਨਤ ਜਬਤ ਹੋ ਜਾਏਗੀ।

3. ਜੇ ਟੌਹੜੇ ਦੇ ਨਿਰੰਕਾਰੀ ਭਵਨ ਗਏ ਦਾ ਕੈਪਟਨ ਨੂੰ ਪਤਾ ਲੱਗ ਜਾਂਦਾ ਤਾਂ ਉਸ ਨੇ ਪੰਜਾਂ ਮਿੰਟਾਂ ਵਿਚ ਹੀ ਇਹ ਗੱਲ ਸਾਰੇ ਪੰਜਾਬ ਵਿਚ ਧੁੰਮਾ ਦੇਣੀ ਸੀ ਤੇ ਇਸ ਦਾ ਅਸਰ ਸਾਰੇ ਪੰਜਾਬ ਦੀਆਂ ਵੋਟਾਂ 'ਤੇ ਹੀ ਪੈ ਜਾਣਾ ਸੀ ਤੇ ਹੋ ਸਕਦਾ ਹੈ ਕਾਂਗਰਸ ਹੋਰ ਥਾਵਾਂ ਤੋਂ ਵੀ ਵੱਧ ਵੋਟਾਂ ਲੈ ਜਾਂਦੀ ਤੇ ਟੌਹੜੇ ਹੋਰੀਂ ਆਪਣੀਆਂ ਸਫਾਈਆਂ ਹੀ ਦੇਂਦੇ ਰਹਿ ਜਾਂਦੇ। ਜਿਹੜੀ ਕੈਪਟਨ ਨੇ ਟੌਹੜੇ ਨੂੰ ਸਜਾ ਦੇਣ ਦੀ ਦਰਖਾਸਤ ਆਪ ਜੀ ਨੂੰ ਲਿਖੀ ਹੈ ਉਸ ਵਿਚ ਉਸ ਨੇ ਲਿਖਿਆ ਹੈ ਕਿ "ਟੌਹੜਾ ਗਿਆਰਾਂ ਵੱਜ ਕੇ ਪੰਤਾਲੀ ਮਿੰਟ 'ਤੇ ਨਿਰੰਕਾਰੀ ਭਵਨ ਗਿਆ ਤੇ ਇਹ ਗੱਲ ਜੰਗਲ ਦੀ ਅੱਗ ਵਾਂਗ ਸਾਰੇ ਪਟਿਆਲੇ ਵਿਚ ਫੈਲ ਗਈ" ਪਰ ਮੈਂ ਇਕ ਸਿੱਖ ਹੋਣ ਦੇ ਨਾਤੇ ਇਹ ਗੱਲ ਆਪ ਜੀ ਨੂੰ ਦੱਸਦਾ ਹਾਂ ਕਿ ਕੈਪਟਨ ਦੀ ਇਹ ਗੱਲ ਬਿਲਕੁਲ ਝੂਠੀ ਲਗਦੀ ਹੈ। ਦੋ ਮਹੀਨੇ ਬਾਅਦ ਜਦੋਂ ਕੈਪਟਨ ਨੇ ਫੋਟੋ ਅਖਬਾਰਾਂ ਵਿਚ ਛਪਵਾਈ ਸੀ ਓਦੋਂ ਹੀ ਸਾਰਿਆਂ ਨੂੰ ਪਤਾ ਲੱਗਾ ਸੀ ਕਿ ਟੌਹੜਾ ਵੋਟਾਂ ਮੰਗਣ ਗਿਆ ਹੈ।.

4. ਇਹ ਗੱਲ ਤਾਂ ਪੱਕੀ ਹੈ ਕਿ ਜੇ ਟੌਹੜਾ ਦਿਨੇ ਨਿਰੰਕਾਰੀ ਭਵਨ ਗਿਆ ਹੁੰਦਾ ਤਾਂ ਪ੍ਰੈਸ ਨੂੰ ਤਾਂ ਸੂਹ ਲੱਗ ਹੀ ਜਾਣੀ ਸੀ ਤੇ ਉਨ੍ਹਾਂ ਲਈ ਤਾਂ ਇਹ ਖਬਰ ਬੜੀ ਅਜੂਬਾ ਹੋਣੀ ਸੀ। ਉਨ੍ਹਾਂ ਨੇ ਪਹਿਲੇ ਸਫਿਆਂ 'ਤੇ ਮੋਟੇ-ਮੋਟੇ ਅੱਖਰਾਂ ਵਿਚ ਸੁਰਖੀਆਂ ਲਾਉਣੀਆਂ ਸਨ ਤੇ ਇਲੈਕਟਰਾਂਨਿਕ ਮੀਡੀਏ ਨੇ ਤਾਂ ਡੰਡ ਹੀ ਚੁੱਕ ਦੇਣੀ ਸੀ।

5. ਅਖੇ ਜਿਵੇਂ ਕਾਤਲ ਕਤਲ ਕਰਕੇ ਸਾਰੇ ਸਬੂਤ ਮਿਟਾਉਂਦਾ ਹੈ ਟੌਹੜੇ ਨੇ ਵੀ ਆਪਣੇ ਬੰਦੇ ਤੇ ਪੁਲਿਸ ਭੇਜ ਕੇ ਫੋਟੋਆਂ ਤੇ ਨੈਗੇਟਿਵ ਨਿਰੰਕਾਰੀ ਭਵਨ ਵਿਚੋਂ ਫੋਟੋਗ੍ਰਾਫਰਾਂ ਕੋਲੋਂ ਮੰਗਵਾ ਲਏ। ਕਿਡੀ ਹਾਸੋਹੀਣੀ ਤੇ ਬਚਕਾਨਾ ਗੱਲ ਹੈ ਕੈਪਟਨ ਦੀ। ਫੋਟੋਗ੍ਰਾਫਰ ਨਹੀਂ ਜਾਣਦੇ ਕਿ ਸਿੱਖਾਂ ਦੀ ਨਿਰੰਕਾਰੀਆਂ ਨਾਲ ਰੋਟੀ-ਬੇਟੀ ਦੀ ਸਾਂਝ ਨਹੀਂ ਤੇ ਟੌਹੜੇ ਦੀਆਂ ਫੋਟੋਆਂ ਸਾਡੇ ਕੋਲ ਹਨ। ਕਾਂਗਰਸੀ ਟੌਹੜੇ ਨੂੰ ਫਸਾਉਣ ਲਈ ਤੇ ਟੌਹੜਾ ਆਪਣੀ ਜਾਨ ਬਚਾਉਣ ਲਈ ਇਕ-ਇਕ ਫੋਟੋ ਦਾ ਪੰਜ-ਪੰਜ ਲੱਖ ਰੁਪਏ ਦੇਣ ਨੂੰ ਵੀ ਤਿਆਰ ਹੋ ਜਾਂਦੇ ਫਿਰ ਕਪਤਾਨ ਸਾਹਿਬ ਨੂੰ ਸੜੀ ਜਹੀ ਫੋਟੋ ਦਾ ਸਹਾਰਾ ਕਿਉਂ ਲੈਣਾ ਪੈਂਦਾ?

6. ਜਰਾ ਉਸ ਅਖੌਤੀ ਬੰਦੇ ਵੱਲ ਵੀ ਧਿਆਨ ਮਾਰੋ ਜਿਸ ਕੋਲੋਂ ਕੈਪਟਨ ਨੇ ਫੋਟੋ

ਲਈ ਹੈ। ਕਦੀ ਕਹਿੰਦਾ ਹੈ ਉਹ ਬੰਦਾ ਨਿਰੰਕਾਰੀ ਨਹੀਂ ਸੀ ਕੈਪਟਨ ਨੂੰ ਬੰਦਾ ਪੁੱਛੇ ਜੇ ਉਹ ਨਿਰੰਕਾਰੀ ਨਹੀਂ ਸੀ ਤਾਂ ਨਿਰੰਕਾਰੀ ਭਵਨ ਬੈਠਾ ਕੀ ਕਰਦਾ ਸੀ ਤੇ ਉਸ ਕੋਲ ਫੋਟੋ ਕਿਥੋਂ ਆ ਗਈ? ਕਦੀ ਕਹਿੰਦਾ ਹੈ ਮੈਂ ਉਸ ਦਾ ਨਾਂਅ ਨਹੀਂ ਜਾਣਦਾ, ਕਦੀ ਕਹਿੰਦਾ ਹੈ ਮੈਂ ਜਾਣਦਾ ਤਾਂ ਹਾਂ ਪਰ ਮੈਂ ਵਾਇਦਾ ਕੀਤਾ ਸੀ ਕਿ ਤੇਰਾ ਨਾਂਅ ਨਹੀਂ ਲਵਾਂਗਾ। ਨੈਗੇਟਿਵ ਅਖੇ ਮੈਂ ਦਿੱਲੀ ਦੇ ਇਕ ਸਿੱਖ ਕੋਲੋਂ ਬੜੀ ਮੁਸ਼ਕਲ ਨਾਲ ਲੱਭ ਕੇ ਲਿਆਂਦਾ ਹੈ।

7. ਸਿਮਰਨਜੀਤ ਸਿੰਘ ਮਾਨ ਨੇ ਟੌਹੜੇ ਨੂੰ ਸਜਾ ਦੇਣ ਲਈ ਸਭ ਤੋਂ ਵੱਧ ਬਿਆਨ ਅਖਬਾਰਾਂ ਵਿਚ ਦਾਗੇ ਹਨ ਪਰ ਜੀਂਦਾ-ਜਾਗਦਾ ਗਵਾਹ ਇਕ ਵੀ ਨਹੀਂ ਭੁਗਤਾਇਆ ਜਿਹੜਾ ਆਖੇ ਕਿ ਮੈਂ ਟੌਹੜੇ ਨੂੰ ਨਿਰੰਕਾਰੀ ਭਵਨ ਜਾਂਦੇ ਨੂੰ ਵੇਖਿਆ ਹੈ। ਇਸੇ ਤਰ੍ਹਾਂ ਹੀ ਕੈਪਟਨ ਦਾ ਵੀ ਸਾਰਾ ਜੋਰ ਫੋਟੋਆਂ 'ਤੇ ਹੀ ਹੈ ਚਸ਼ਮਦੀਦ ਗਵਾਹ ਉਸ ਨੂੰ ਵੀ ਕੋਈ ਨਹੀਂ ਲੱਭਾ।

ਅਸਲ ਗੱਲ ਤਾਂ ਸਿੰਘ ਸਾਹਿਬ ਜੀ ਮੇਰੀ ਜਾਚੇ ਇਹ ਹੈ ਕਿ ਟੌਹੜੇ ਨੇ ਹੁਣ ਤੱਕ ਲੁਚ-ਗੜੁਚੀਆਂ ਤਾਂ ਬਹੁਤ ਕੀਤੀਆਂ ਹਨ। ਕੈਪਟਨ ਦੀ ਇਸ ਗੱਲ ਵਿਚ ਵੀ ਮਾਸਾ ਝੂਠ ਨਹੀਂ ਕਿ ਇਸ ਨੇ ਕਈ ਵਾਰ ਕਸਮਾਂ ਖਾਧੀਆਂ ਤੇ ਮਹਾਰਾਜ ਦੀ ਹਜੂਰੀ ਵਿਚ ਕੀਤੀਆਂ ਅਰਦਾਸਾਂ ਵੀ ਤੋੜੀਆਂ, ਅਹੁਦਾ ਲੈਣ ਪਿਛੇ ਝੱਟ ਮੁੱਕਰ ਗਿਆ ਤੇ ਅਰਦਾਸ ਭੰਗ ਕਰ ਦਿੱਤੀ। ਕਈ ਲੋਕ ਤਾਂ ਏਥੋਂ ਤੱਕ ਵੀ ਆਖ ਦੇਂਦੇ ਹਨ ਕਿ ਜਿਵੇਂ ਲੰਗੂਰ ਇਕ ਦਰੱਖਤ ਤੋਂ ਦੂਜੇ 'ਤੇ ਛਾਲ ਮਾਰ ਦੇਵੇ ਤਾਂ ਉਸ ਨੂੰ ਪਤਾ ਲੱਗ ਜਾਵੇ ਕਿ ਮੈਂ ਪਹੁੰਚ ਨਹੀਂ ਸਕਦਾ ਤਾਂ ਉਹ ਪਿਛਾਂਹ ਮੁੜ ਆਉਂਦਾ ਹੈ ਏਸੇ ਤਰ੍ਹਾਂ ਹੀ ਟੌਹੜਾ ਵੀ ਕੀਤੀ ਹੋਈ ਗੱਲ ਤੋਂ ਝੱਟ ਮੁੱਕਰ ਜਾਂਦਾ ਹੈ। ਇਸ ਬਾਰੇ ਤਾਂ ਇਹ ਵੀ ਮਸ਼ਹੂਰ ਹੈ ਕਿ ਇਹ ਆਪਣੀ ਸਾਖ ਬਚਾਉਣ ਕਰਕੇ ਕਿਸੇ ਦੀ ਵੀ ਕੁਰਬਾਨੀ ਦੇ ਦੇਂਦਾ ਹੈ ਭਾਵੇਂ ਉਹ ਇਸ ਦਾ ਕਿੱਡਾ ਵੀ ਵਫ਼ਾਦਾਰ ਸਾਥੀ ਹੀ ਕਿਉਂ ਨਾ ਹੋਵੇ। ਸ: ਸੁਖਜਿੰਦਰ ਸਿੰਘ ਸਾਬਕਾ ਵਿਦਿਆ ਮੰਤਰੀ ਦੀ ਵੀ ਇਸ ਨੇ ਕੁਰਬਾਨੀ ਦੇ ਦਿੱਤੀ ਸੀ।

ਅਕਾਲੀ ਲੀਡਰ ਤਾਂ ਇਸ ਬਾਰੇ ਕਹਿੰਦੇ ਹਨ ਕਿ ਇਹ ਮੈਦਾਨ ਦਾ ਪਾਜੀ ਹੈ ਗਾਜੀ ਨਹੀਂ। ਇਸ ਲਈ ਲੋਕ ਦਿਲੋਂ ਚਾਹੁੰਦੇ ਹਨ ਕਿ ਇਸ ਨੂੰ ਰਗੜਾ ਜਰੂਰ ਲੱਗੇ ਤੇ ਉਹ ਵੀ ਇਸ ਨੂੰ ਕੌਲੇ ਮਾਂਜਦੇ ਤੇ ਜੁੱਤੀਆਂ ਪਾਲਸ਼ ਕਰਦੇ ਨੂੰ ਵੇਖ ਕੇ ਖੁਸ਼ ਹੋ ਸਕਣ ਪਰ ਇਹ ਵੀ ਮੰਨਣਾ ਪਏਗਾ ਕਿ ਉਸ ਵਿਰੁਧ ਠੋਸ ਸਬੂਤ ਵੀ ਕੋਈ ਨਹੀਂ। ਹਾਂ ਇਹ ਹੋ ਸਕਦਾ ਹੈ ਕਿ ਜੇ ਉਹ ਸੱਚਮੁੱਚ ਹੀ ਨਿਰੰਕਾਰੀ ਭਵਨ ਗਿਆ ਹੋਵੇ ਤੇ ਉਸ ਦੀ ਜਮੀਰ ਜਾਗ ਪਵੇ ਤੇ ਸੋਚੇ ਕਿ ਹੁਣ ਉਮਰ ਤਾਂ ਮੈਂ ਲਗਪਗ ਮੁਕਾਈ ਹੀ ਬੈਠਾ ਹਾਂ, ਕਬਰ ਵਿਚ ਲੱਤਾਂ ਹਨ, ਅਕਾਲ ਤਖ਼ਤ ਸਾਹਿਬ ਵਰਗੇ ਰੂਹਾਨੀ ਅਸਥਾਨ 'ਤੇ ਝੂਠ ਨਾ ਬੋਲਾਂ ਤਾਂ ਮੇਰਾ ਅੱਗਾ ਸਫਲ ਹੋ ਸਕਦਾ ਹੈ। ਕੀ ਹੈ ਜੇ ਚਾਰ ਦਿਨ ਭਾਂਡੇ ਮਾਂਜਣੇ ਵੀ ਪੈ ਜਾਣ ਤਾਂ ਪਾਪਾਂ ਦਾ ਭਾਗੀ ਤਾਂ ਨਾ ਬਣਾਂ। ਫਿਰ ਹੋ ਸਕਦਾ ਹੈ ਕਿ ਉਹ ਸੱਚ ਬੋਲ ਦੇਵੇ। ਪਰ ਇਹ ਗੱਲ ਤਾਂ ਟੌਹੜਾ ਸਾਹਿਬ ਦੇ ਆਪਣੇ ਮਨ ਦੀ ਹੀ ਹੈ। ਉਹ ਨਿਰੰਕਾਰੀ ਭਵਨ ਗਏ ਹਨ ਕਿ ਨਹੀਂ ਜਾਂ ਉਹ ਜਾਣਦੇ ਹਨ ਜਾਂ ਸਤਿਗੁਰੂ ਸੱਚੇ ਪਾਤਸ਼ਾਹ ਆਪ ਜਾਣੀ ਜਾਣ ਜਾਣਦੇ ਹਨ।

ਕੈਪਟਨ ਦੀਆਂ ਗੱਲਾਂ ਤਾਂ ਝੂਠੀਆਂ ਹੀ ਲਗਦੀਆਂ ਹਨ ਜਾਂ ਸੁਣੀ-ਸੁਣਾਈ ਗੱਲ ਦੀ ਖੰਬਾਂ ਦੀ ਡਾਰ ਬਣਾ ਲਈ ਹੈ। ਬਾਕੀ ਤਾਂ ਅਕਾਲ ਤਖ਼ਤ ਸਾਹਿਬ ਵਲੋਂ ਫੈਸਲਾ

ਹੋਣ 'ਤੇ ਹੀ ਪਤਾ ਲੱਗੇਗਾ।

ਗੁਰੂ ਪੰਥ ਦਾ ਦਾਸ ਤੇ ਆਪ ਜੀ ਦਾ ਸ਼ੁਭਚਿੰਤਕ
***ਡਾ: ਅਵਤਾਰ ਸਿੰਘ ਖੱਟੜ ਐਮ.ਡੀ.***
29/ ਸੀ ਬਾਰਾਂ ਟੂਟੀ ਚੌਕ, ਪੁਰਾਣੀ ਦਿੱਲੀ।

***

***28 ਮਈ 1998***

ਸਤਿਕਾਰ ਸਹਿਤ ਬੇਨਤੀ ਹੈ ਕਿ ਜਿਹੜਾ ਇਲਜ਼ਾਮ (ਫਰਾਡ) ਕੈਪਟਨ ਅਮਰਿੰਦਰ ਸਿੰਘ ਨੇ ਪੰਥ ਦੀ ਮਹਾਨ ਹਸਤੀ ਜਥੇਦਾਰ ਗੁਰਚਰਨ ਸਿਘ ਟੌਹੜਾ 'ਤੇ ਲਾਇਆ ਹੈ ਉਹ ਕੇਵਲ ਦੇਸ਼ 'ਚ ਹੀ ਨਹੀਂ ਸਗੋਂ ਪੂਰੇ ਵਿਸ਼ਵ 'ਚ ਪੰਥ ਨੂੰ ਨੁਕਸਾਨ ਪਹੁੰਚਾਉਣ ਲਈ ਲਾਇਆ ਹੈ। ਜੇ ਜਥੇਦਾਰ ਟੌਹੜਾ ਦੀ ਮਹਾਨ ਸੇਵਾ ਸ਼੍ਰੋਮਣੀ ਕਮੇਟੀ 'ਤੇ ਨਾ ਹੁੰਦੀ ਤਾਂ ਪੰਥ ਦਾ ਇਤਿਹਾਸ ਕੁਝ ਹੋਰ ਹੋਣਾ ਸੀ। ਜਥੇਦਾਰ ਟੌਹੜਾ 'ਤੇ ਸ਼ੱਕ ਕਰਨਾ ਪੂਰੀ ਸਿੱਖ ਕੌਮ 'ਤੇ ਸ਼ੱਕ ਕਰਨ ਦੇ ਬਰਾਬਰ ਹੋਵੇਗਾ।

ਸੋ ਦਾਸ ਦੀ ਬੇਨਤੀ ਹੈ ਕਿ ਉਸ ਪੰਥ ਵਿਰੋਧੀ ਕੈਪਟਨ ਨੂੰ ਅਤੇ ਉਸ ਦੇ ਸਾਥੀਆਂ ਨੂੰ ਸਿੱਖ ਕੌਮ ਤੋਂ ਖਾਰਜ ਕੀਤਾ ਜਾਵੇ। ਪੂਰਾ ਸਿੱਖ ਇਤਿਹਾਸ ਗਵਾਹ ਹੈ ਕਿ ਜਥੇਦਾਰ ਟੌਹੜਾ ਦੀ ਪੰਥਕ ਸੇਵਾ ਕਾਰਨ ਹੀ ਅੱਜ ਪੂਰੇ ਵਿਸ਼ਵ 'ਚ ਸਿੱਖ ਕੌਮ ਦਾ ਸਿਰ ਉੱਚਾ ਹੈ। ਧੰਨਵਾਦ।

ਆਪ ਜੀ ਦਾ ਦਾਸ,
***ਰਜਿੰਦਰ ਸਿੰਘ ਚੰਡੋਕ,***
ਸੀਨੀਅਰ ਅਕਾਲੀ ਆਗੂ (ਬਾਦਲ) ਪੰਜਾਬ,
ਨਿਵਾਸ: ਲਾਹੌਰੀ ਗੇਟ, ਸ੍ਰੀ ਅੰਮ੍ਰਿਤਸਰ।

***

***29 ਮਈ 1998***

ਮੈਂ ਅਮਰੀਕਾਂ ਦਾ ਵਾਸੀ ਹਾਂ ਪਰ ਪਹਿਲਾਂ ਗੁਰਸਿੱਖ, ਫਿਰ ਪੰਜਾਬੀ ਤੇ ਭਾਰਤੀ ਹਾਂ। ਕਪਤਾਨ ਅਮਰਿੰਦਰ ਸਿੰਘ ਤੇ ਮਾਨਯੋਗ ਗੁਰਚਰਨ ਸਿੰਘ ਜੀ ਟੌਹੜਾ ਦੇ ਅਖਬਾਰਾਂ ਵਿਚ ਆਏ ਵਾਦ-ਵਿਵਾਦ ਬਾਰੇ ਮੈਂ ਨਿੱਜੀ ਰਾਏ ਆਪ ਜੀ ਦੀ ਦ੍ਰਿਸ਼ਟੀਗੋਚਰੇ ਲਿਆਉਣੀ ਚਾਹੁੰਦਾ ਹਾਂ। ਮੈਨੂੰ ਇੰਜ ਲਗਦਾ ਹੈ 'ਕਿਥੇ ਰਾਮ ਰਾਮ ਕਿਥੇ ਟੈਂ ਟੈਂ'। ਪਟਿਆਲਾ ਘਰਾਣੇ ਨੇ ਕਿੰਨਾ ਸਿੱਖ ਘਾਣ ਕੀਤਾ, ਇਤਿਹਾਸ ਗਵਾਹ ਹੈ। ਕੋਈ ਲੁਕੀ ਛਿਪੀ ਗੱਲ ਨਹੀਂ। ਮਹਾਨ ਗੁਰਸਿੱਖ ਜਥੇਦਾਰ ਸੇਵਾ ਸਿੰਘ ਠੀਕਰੀਵਾਲ ਤੇ ਹੋਰ ਹਮਖਿਆਲੀ ਸਿੱਖਾਂ ਦਾ ਪਰਿਵਾਰਾਂ ਸਮੇਤ ਕੀ ਹੋਇਆ? ਸਿੱਖ ਪੰਥ ਨੂੰ ਵਿਚਾਰਨਾ ਚਾਹੀਦਾ ਹੈ ਇਸ ਚਫੇਰਗੜੀਏ ਦਾ ਰਿਕਾਰਡ ਦੇਖੋ ਜੀ। ਜਥੇਦਾਰ ਟੌਹੜਾ ਸਾਹਿਬ ਦਾ ਕਸੂਰ ਕੀ ਹੈ?

1. ਨਿਰੰਕਾਰੀਆਂ ਨਾਲ ਸਿੱਧੀ ਜਾਂ ਅਸਿੱਧੀ ਮੁਲਾਕਾਤ ਵਿਚ ਉਨ੍ਹਾਂ ਨੇ ਜਾਤੀ ਨਫਾ ਕੀ ਖੱਟਿਆ? ਕੀ ਰਿਸ਼ਵਤ ਲਈ? ਪੰਥ ਨਾਲ ਕੋਈ ਧੋਖਾ ਕੀਤਾ?

2. ਗੁਰੂ ਗੋਬਿੰਦ ਸਿੰਘ ਨੇ ਬਹਾਦਰ ਸ਼ਾਹ ਤੇ ਹੋਰ ਵਿਰੋਧੀ ਧਿਰਾਂ ਨਾਲ ਸਿਆਸਤੀ ਗਠਜੋੜ ਕੀਤਾ ਸੀ।

3. ਜਹਾਂਗੀਰ ਨੇ ਗੁਰੂ ਹਰਗੋਬਿੰਦ ਜੀ ਨਾਲ ਸੁਲਾਹ ਦਾ ਹੱਥ ਵਧਾਇਆ ਤਾਂ ਗੁਰੂ ਸਾਹਿਬ ਜੀ ਨੇ ਸਿਆਸਤੀ ਸੁਲਾਹ ਕੀਤੀ।

4. ਸਿਆਸੀ ਪੈਂਤੜੇ ਵਿਚ ਜਥੇਦਾਰ ਟੌਹੜਾ ਨੇ ਸਿਆਸਤਦਾਨਾਂ ਸੇਧ ਦਿੱਤੀ ਹੈ।

5. ਕਾਂਗਰਸ ਦਾ 60 ਸਾਲਾਂ ਦਾ ਇਤਿਹਾਸ ਵੇਖੋ- ਉਨ੍ਹਾਂ ਕਿੰਨੇ ਗੰਦੇ ਤੋਂ ਗੰਦੇ ਪੈਂਤੜੇ ਚੁੱਕੇ। ਨਹਿਰੂ ਦਾ ਸੰਸੀ ਪੈਂਤੜਾ, ਮਾਸਟਰ ਜੀ! ਹਮ ਭਾਈ ਭਾਈ ਹਾਂ-ਆਪਸ ਮੇਂ ਬਾਂਟ ਲੇਂਗੇ' ਕਿਆ ਬਾਂਟ ਲੀਆ ਜੀ।

6. ਜਿਨਾਹ, ਕਾਇਦੇ ਆਂਜਮ ਨੇ ਸਿੱਖ ਲੀਡਰਾਂ ਨੂੰ ਆਖਿਆ ਸੀ 'ਆਓ ਹਮਾਰੇ ਸਾਥ ਹਮ ਖਾਲਿਸਤਾਨ ਦੇਂਗੇ'

ਲੱਭੋ: ਜਥੇਦਾਰ ਟੌਹੜਾ ਸਾਹਿਬ ਵਰਗਾ ਆਗੂ। ਪੰਥ ਧਰੋਹੀਆਂ ਦੀ ਨਹੀਂ ਸੁਣਨੀ ਚਾਹੀਦੀ। ਟੌਹੜਾ ਸਾਹਿਬ ਨੇ ਜੋ ਕੁਝ ਕੀਤਾ ਸਿੱਖ ਪੰਥ ਲਈ ਕੀਤਾ, ਢਿੱਡ ਲਈ, ਟੱਬਰ ਪਰਵਾਰ ਲਈ ਨਹੀਂ।

ਗੁਰੂ ਸੰਗਤਾਂ ਦਾ ਦਾਸ,

***ਬਖਸ਼ੀਸ਼ ਸਿੰਘ ਨਿੱਜਰ,***

23-ਏ, ਡਿਫੈਂਸ ਕਲੋਨੀ, ਜਲੰਧਰ-144001.

***

***30 ਮਈ 1998***

ਦਾਸ ਨੂੰ ਸਿੱਖ ਵਿਚਾਰ ਮੰਚ ਦੇ ਸਾਥੀਆਂ ਵੱਲੋਂ ਸੁਝਾਅ ਦਿੱਤਾ ਗਿਆ ਹੈ ਕਿ ਟੌਹੜਾ-ਨਿਰੰਕਾਰੀ ਮਾਮਲੇ ਬਾਰੇ ਆਪ ਜੀ ਨੂੰ ਬੇਨਤੀ ਕਰਾਂ।

1. ਆਪ ਨੂੰ ਬਿਲਕੁਲ ਚੇਤਾ ਹੋਵੇਗਾ ਕਿ ਕਿਸ ਤਰ੍ਹਾਂ ਗੁਰਬਚਨੇ ਅਤੇ ਉਸ ਦੇ ਹਮਾਇਤੀਆਂ ਨੇ ਵਿਸਾਖੀ 1978 ਦੇ ਦਿਨ, 13 ਨਿਰਦੋਸ਼ ਸਿੰਘਾਂ ਨੂੰ ਕਤਲ ਕੀਤਾ ਸੀ, ਜਦੋਂ ਉਹ ਰੋਸ ਪ੍ਰਗਟ ਕਰਨ ਲਈ ਕੇਵਲ ਗਾਤਰੇ ਵਾਲੀਆਂ ਕਿਰਪਾਨਾਂ ਪਹਿਨ ਕੇ ਗਏ ਸਨ।

2. ਨਿਰੰਕਾਰੀਆਂ ਦੀਆਂ ਵੋਟਾਂ ਨਾਲ ਸ਼੍ਰੋਮਣੀ ਕਮੇਟੀ ਅਤੇ ਪੰਜਾਬ ਅਸੰਬਲੀ ਦਾ ਮੈਂਬਰ ਤੇ ਵਜ਼ੀਰ ਬਣਨ ਵਾਲਾ ਜੀਵਨ ਸਿੰਘ ਉਮਰਾਨੰਗਲ ਉਸ ਵੇਲੇ ਦੀਵਾਨ ਅਸਥਾਨ ਮੰਜੀ ਸਾਹਿਬ ਵਿਚ ਬੋਲ ਰਿਹਾ ਸੀ।

3. ਅਕਾਲ ਤਖ਼ਤ ਤੋਂ 10.6.1978 ਨੂੰ ਹੁਕਮਨਾਮਾ ਜਾਰੀ ਹੋਇਆ ਸੀ ਕਿ ਕੋਈ ਸਿੱਖ, ਨਿਰੰਕਾਰੀਆਂ ਨਾਲ ਕੋਈ ਸਮਾਜਕ ਆਦਿ ਸਾਂਝ ਨਾ ਰੱਖੇ। ਫਲਸਰੂਪ ਬਹੁਤ ਸਾਰੇ ਸਿਖਾਂ ਨੇ ਨਿਰੰਕਾਰੀਆਂ ਨਾਲ ਰਿਸ਼ਤੇਦਾਰੀਆਂ ਹੁੰਦਿਆਂ ਵੀ ਸਬੰਧ ਤੋੜ ਰੱਖੇ ਹਨ।

4. ਇਸ ਸਾਕੇ ਸਮੇਂ, ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਨੇ ਨਿਰੰਕਾਰੀਆਂ ਨੂੰ ਅੰਮ੍ਰਿਤਸਰ ਵਿਚ ਸੰਮੇਲਨ ਕਰਨ ਦੀ ਆਗਿਆ ਦਿੱਤੀ ਸੀ। ਗੁਰਬਚਨੇ ਨੂੰ ਗ੍ਰਿਫਤਾਰ ਕਰਨ ਦੀ ਥਾਂ ਬਾਦਲ ਸਰਕਾਰ ਦਾ ਚੀਫ ਸੈਕਰੇਟਰੀ ਹਰਦੇਵ ਸਿੰਘ ਛੀਨਾ, ਉਸ ਨੂੰ ਆਪਣੀ ਕਾਰ ਵਿਚ ਦਿੱਲੀ ਛੱਡਣ ਗਿਆ ਸੀ।

5. ਨਿਰੰਕਾਰੀਆਂ ਵਲੋਂ ਕੀਤੇ, ਇਸ ਸਾਕੇ ਤੋਂ ਉਤਪੰਨ ਹੋਈ ਹਾਲਤ ਤੋਂ ਸਿੱਖ ਸੰਘਰਸ਼ ਆਰੰਭ ਹੋਇਆ ਜਿਸ ਵਿਚ ਕਰੀਬ ਡੇਢ ਲੱਖ ਸਿੱਖ ਕਤਲ ਹੋਏ, ਹਜ਼ਾਰਾਂ ਦੀਆਂ

ਜਾਇਦਾਦਾਂ ਵਿਕ ਗਈਆਂ ਅਤੇ ਹਜ਼ਾਰਾਂ ਹੀ ਬੀਬੀਆਂ ਦੀ ਬੇਪਤੀ ਕੀਤੀ ਗਈ।

6. ਇਸੇ ਹੀ ਸਾਕੇ ਦੇ ਖਲਨਾਇਕ ਨੂੰ ਗੁਰੂ ਮਹਾਰਾਜ ਨੇ ਇਕ ਅਣਖੀ ਸੂਰਬੀਰ ਤੇ ਗੁਰੂ ਕੇ ਲਾਡਲੇ ਦੇ ਹੱਥੀਂ ਨਰਕ ਧਾਮ ਪਹੁੰਚਾਇਆ ਤੇ ਉਸ ਅਣਖੀਲੇ ਨੌਜਵਾਨ ਨੂੰ ਇਕ ਅਕਾਲੀ ਵਜ਼ੀਰ ਨੇ ਹੀ ਦਿੱਲੀ ਸਰਕਾਰ ਪਾਸ ਪੇਸ਼ ਕਰਵਾਇਆ ਤੇ ਉਸ ਸੂਰਮੇ ਨੂੰ ਉਮਰ ਕੈਦ ਭੁਗਤਦੇ ਹੋਏ ਨੂੰ ਖਾਲਸਾ ਪੰਥ ਨੇ ਸਭ ਤੋਂ ਵੱਡੀ ਧਾਰਮਕ ਪਦਵੀ ਦੇ ਕੇ ਅਹਿਸਾਨ ਚੁਕਾਉਣ ਦਾ ਉਪਰਾਲਾ ਕੀਤਾ।

7. ਇਹ ਵੀ ਯਾਦ ਹੈ ਕਿ ਇਸ ਸੂਰਬੀਰ ਤੇ ਸੁਤੰਤਰ ਸੋਚਣੀ ਵਾਲੇ ਗੁਰਮੁਖ ਨੂੰ ਜਦੋਂ ਸਰਕਾਰੀ ਅਦਾਲਤ ਨੇ ਰਹਿੰਦੀ ਸਜ਼ਾ ਕੱਟਣ ਲਈ ਵਾਰੰਟ ਘੱਲੇ ਤਾਂ ਪ੍ਰਕਾਸ਼ ਸਿੰਘ ਬਾਦਲ ਤੇ ਗੁਰਚਰਨ ਸਿੰਘ ਟੌਹੜਾ ਨੇ ਕੋਸ਼ਿਸ਼ਾਂ ਕੀਤੀਆਂ ਕਿ ਮਰਦਿ ਮੁਜਾਹਿਦ ਜਾ ਕੇ ਪੇਸ਼ ਹੋ ਜਾਵੇ ਅਤੇ ਇਕ ਸਿਦਕੀ ਤੇ ਸਿਰੜੀ ਜਥੇਦਾਰ ਗਲੋਂ ਲਹਿ ਜਾਵੇ ਪਰ ਕੌਮ ਵਿਚ ਇਕ ਸਿਰਮੌਰ ਤੇ ਸੂਝਵਾਨ ਸਿੰਘ ਆ ਚੁੱਕਾ ਸੀ ਜਿਸ ਨੇ ਅਕਲ ਵਰਤ ਕੇ, ਜਥੇਦਾਰ ਸਾਹਿਬ ਅਤੇ ਸਿੱਖ ਕੌਮ ਦੀ ਆਬਰੂ ਰੱਖ ਵਿਖਾਈ। ਮੇਰੀ ਮੁਰਾਦ ਜਸਟਿਸ ਕੁਲਦੀਪ ਸਿੰਘ ਤੋਂ ਹੈ।

8. ਆਪ ਨੂੰ ਇਹ ਵੀ ਪਤਾ ਲੱਗਾ ਹੋਵੇਗਾ ਕਿ 1978 ਦੇ ਹੁਕਮਨਾਮੇ ਨੂੰ ਵਾਪਸ ਕਰਾਉਣ ਲਈ ਗੁਰਚਰਨ ਸਿੰਘ ਟੌਹੜਾ ਤੇ ਉਸ ਦੇ ਸਾਥੀਆਂ ਨੇ ਜਥੇਦਾਰ ਗੁਰਦਿਆਲ ਸਿੰਘ ਅਜਨੋਹਾ ਉੱਤੇ ਏਨਾ ਦਬਾਅ ਪਾਇਆ ਸੀ ਕਿ ਉਹ ਦਿਲ ਦੀ ਹਰਕਤ ਰੁਕਣ ਨਾਲ ਗੁਰਪੁਰੀ ਜਾ ਵਸਿਆ ਪਰ ਉਸ ਨੇ ਹੁਕਮਨਾਮਾ ਵਾਪਸ ਨਹੀਂ ਲਿਆ। ਇਸ ਪਿੱਛੋ ਜਥੇਦਾਰ ਟੌਹੜਾ ਨੇ 'ਐਕਟਿੰਗ ਜਥੇਦਾਰ' ਹੀ ਬਣਾਉਣੇ ਸ਼ੁਰੂ ਕਰ ਦਿੱਤੇ ਜੋ ਉਸ ਦਾ ਪਾਣੀ ਭਰਦੇ ਰਹੇ।

9. ਆਪ ਨੂੰ ਹੋਰ ਲੰਬੀ ਖੇਚਲ ਨਾ ਦੇਂਦਾ ਹੋਇਆ ਮੈਂ ਵਰਤਮਾਨ ਵੱਲ ਆਉਂਦਾ ਹਾਂ। ਇਹ ਇਕ ਨੰਗੀ ਚਿੱਟੀ ਸਚਾਈ ਹੈ ਕਿ ਫਰਵਰੀ 1998 ਵਿਚ ਜਥੇਦਾਰ ਟੌਹੜਾ ਨਿਰੰਕਾਰੀ ਭਵਨ ਪਟਿਆਲੇ ਗਿਆ ਤੇ ਰਾਮ ਲਾਲ ਕੱਦ ਕੋਲੋਂ ਸਿਰੋਪਾ ਲਿਆ। ਟੌਹੜਾ ਨੇ ਅਖਬਾਰੀ ਬਿਆਨਾਂ ਵਿਚ ਗੋਲ-ਮੋਲ ਤੌਰ 'ਤੇ ਇਹ ਗੱਲ ਸਵੀਕਾਰ ਵੀ ਕੀਤੀ। ਪਟਿਆਲਾ ਨਿਵਾਸੀ ਸਿੱਖਾਂ ਕੋਲੋਂ ਗੁਪਤ ਤੌਰ 'ਤੇ ਪਤਾ ਕਰ ਲਓ। ਸੱਚਮੁਚ ਹੀ ਜਥੇਦਾਰ ਟੌਹੜਾ ਵੋਟਾਂ ਲੈਣ ਲਈ ਨਿਰੰਕਾਰੀਆਂ ਦੀ ਸ਼ਰਨ ਵਿਚ ਗਿਆ ਪਰ ਕੌਮ ਨਾਲ ਮੱਕਾਰੀ ਕਰਨ ਵਾਲਾ ਹੀ, ਨਿਰੰਕਾਰੀਆਂ ਦੀ ਮੱਕਾਰੀ ਦਾ ਸ਼ਿਕਾਰ ਹੋ ਗਿਆ।

10. ਹੁਣ ਉਹ ਟੁੱਕਰਬੋਚਾਂ ਰਾਹੀਂ ਪ੍ਰੈਸ ਬਿਆਨ ਦਿਵਾ ਕੇ, ਅਕਾਲ ਤਖ਼ਤ ਨੂੰ ਗੁੰਮਰਾਹ ਕਰ ਰਿਹਾ ਹੈ। ਕਨੇਡਾ ਤੋਂ ਛਪਣ ਵਾਲੇ ਇਕ ਅਖਬਾਰ ਵਿਚ ਫਰਵਰੀ 1998 ਦੇ ਪਰਚੇ ਵਿਚ ਇਕ ਸਿੰਘ ਨੇ ਟੌਹੜਾ ਬਾਰੇ ਟਿੱਪਣੀ ਕਰਦਿਆਂ ਕਿਹਾ ਹੈ ਕਿ "ਇਸ ਮਹਾਂਪੁਰਖ ਦਾ ਹਾਜ਼ਰ ਜਵਾਬੀ ਅਤੇ ਲੈਕਚਰਬਾਜ਼ੀ ਵਿਚ ਕੋਈ ਮੁਕਾਬਲਾ ਨਹੀਂ। ਇਹ ਗ਼ਲਤ ਨੂੰ ਠੀਕ ਅਤੇ ਠੀਕ ਨੂੰ ਗ਼ਲਤ ਬਣਾ ਕੇ ਭੋਲੇ-ਭਾਲੇ ਲੋਕਾਂ ਨੂੰ ਵਿਖਾ ਸਕਦਾ ਹੈ ਅਤੇ ਵਿਖਾਉਂਦਾ ਰਹਿੰਦਾ ਹੈ। ਇਸ ਨੇ ਤੇ ਬਾਦਲ ਦੀ ਜੋੜੀ ਨੇ ਆਪਣੇ ਹੱਥਾਂ ਵਿਚ ਅਕਾਲੀ ਸਰਕਾਰ ਦੀ ਵਾਗਡੋਰ ਫੜ ਕੇ ਅੱਗੇ ਅਡਵਾਨੀ ਅਤੇ ਵਾਜਪਾਈ ਦੇ ਹੱਥ ਵਿਚ ਫੜਾਈ ਹੈ।"

11. ਅਸੀਂ ਅਮਰਿੰਦਰ ਸਿੰਘ ਨੂੰ ਵੀ ਦੁੱਧ-ਧੋਤਾ ਨਹੀਂ ਮੰਨਦੇ ਪਰ ਜੇ ਇਕ ਚੋਰ

ਮੁਖਬਰੀ ਕਰਕੇ, ਇਕ ਡਾਕੂ ਤੇ ਲੁਟੇਰੇ ਨੂੰ ਫੜਾਵੇ ਤਾਂ ਕੀ ਅਦਾਲਤ ਇਸ ਕਰਕੇ ਛੱਡ ਦੇਵੇਗੀ ਕਿ ਗਵਾਹ ਤਾਂ ਆਪ ਚੋਰ ਹੈ? ਕਦਾਚਿਤ ਵੀ ਨਹੀਂ। ਅਮਰਿੰਦਰ ਸਿੰਘ ਤਾਂ ਕਹਿੰਦਾ ਹੈ ਕਿ ਟੌਹੜਾ, ਅਕਾਲ ਤਖ਼ਤ ਜਾ ਕੇ, ਗੁਰੂ ਗ੍ਰੰਥ ਸਾਹਿਬ ਦੇ ਹਜ਼ੂਰ ਸਹੁੰ ਖਾ ਕੇ ਕਹਿ ਦੇਵੇ ਕਿ ਉਹ ਫਰਵਰੀ 1998 ਵਿਚ ਨਿਰੰਕਾਰੀਆਂ ਦੀ ਸੇਵਾ ਵਿਚ ਨਹੀਂ ਸੀ ਗਿਆ ਤਾਂ ਅਮਰਿੰਦਰ ਸਿੰਘ ਮੁਆਫੀ ਮੰਗ ਲਵੇਗਾ। ਰਾਮ ਲਾਲ ਕੱਦ ਮੰਨਦਾ ਹੈ ਕਿ ਟੌਹੜਾ ਗਿਆ ਸੀ ਪਰ ਉਸ ਤੋਂ ਥੋੜ੍ਹੀ ਦੂਰ ਖੜ੍ਹਾ ਸੀ।

ਸਿੱਖ ਵਿਚਾਰ ਮੰਚ ਦੇ ਸਹਿਯੋਗੀ ਇਸ ਮਤ ਦੇ ਧਾਰਨੀ ਹਨ ਕਿ ਵਰਤਮਾਨ ਜਥੇਦਾਰ ਅਕਾਲ ਤਖ਼ਤ ਵਰਗਾ ਲੋਹ-ਪੁਰਖ, ਕਾਫੀ ਸਮੇਂ ਮਗਰੋਂ ਮਿਲਿਆ ਹੈ। ਅੱਜ, ਅਕਾਲ ਤਖ਼ਤ ਦੀ ਅਜ਼ਮਤ ਅੱਗੇ ਹਰ ਸਿੱਖ ਦਾ ਸਿਰ ਝੁਕਦਾ ਹੈ, ਭਾਵੇਂ ਕਿ ਵਰਤਮਾਨ ਅਕਾਲੀਆਂ ਨੇ ਕਾਂਗਰਸ, ਹਰਕਿਸ਼ਨ ਸਿੰਹੁ ਸੁਰਜੀਤ ਤੇ ਭਾਰਤੀ ਜਨਤਾ ਪਾਰਟੀ ਦੇ ਟੁੱਕਰਬੋਚ ਬਣ ਕੇ, ਸਿੱਖ ਪ੍ਰੰਪਰਾਵਾਂ ਤੇ ਮਰਿਆਦਾਵਾਂ ਨੂੰ ਛਿੱਕੇ ਟੰਗਣ ਲਈ ਹਰ ਵਾਹ ਲਾਈ ਹੈ।

ਕੌਮ ਬੇਨਤੀ ਕਰਦੀ ਹੈ ਕਿ ਆਪ ਸਿੱਖ ਕੌਮ ਨੂੰ ਚੜ੍ਹਦੀਕਲਾ ਵਿਚ ਲਿਜਾਣ ਲਈ ਲੂੰਬੜ ਲੀਡਰਾਂ ਨੂੰ ਨੰਗਾ ਜ਼ਰੂਰ ਕਰੋ। ਇਹ ਸੱਚੀ ਸੇਵਾ ਹੋਵੇਗੀ।

ਅਸੀਂ ਆਪ ਜੀ ਦੀ ਸੇਵਾ ਵਿਚ ਇਹ ਵੀ ਬੇਨਤੀ ਕਰਾਂਗੇ ਕਿ ਤਨਖਾਹ ਜਾਂ ਸਜ਼ਾ ਲਾਉਣੀ ਤਾਂ ਆਪ ਦਾ ਸਰਬਉੱਚ ਅਧਿਕਾਰ ਹੈ ਪਰ ਹੁਕਮ ਵਿਚ ਇਹ ਵੀ ਹੋਣਾ ਚਾਹੀਦਾ ਹੈ ਕਿ ਜਦੋਂ ਕੋਈ ਤਨਖਾਹੀਆ ਸਜ਼ਾ ਭੁਗਤ ਰਿਹਾ ਹੋਵੇ ਤਾਂ ਹੋਰ ਕੋਈ ਚਮਚਾ ਜਾਂ ਜੁੱਤੀ ਚੱਟ, ਉਸ ਕੋਲ ਘੱਟੋ ਘੱਟ 25-30 ਫੁੱਟ ਦੇ ਨੇੜੇ ਨਾ ਆਵੇ ਅਤੇ ਸੰਗਤ ਨੂੰ ਪਤਾ ਲੱਗੇ ਕਿ 'ਇਹ ਪੁਰਖ ਕੌਮ ਦਾ ਸਜ਼ਾਵਾਰ ਹੈ।' ਭਾਂਡੇ ਮਾਂਜਣੇ, ਜੋੜੇ ਸਾਫ ਕਰਨੇ ਜਾਂ ਪਾਠ ਕਰਨ ਨੂੰ ਸਜ਼ਾ ਨਾ ਮੰਨਿਆ ਜਾਵੇ ਕਿਉਂਕਿ ਇਹ ਕਰਤਵ ਤਾਂ ਗੁਰੂ ਦੇ ਹਰ ਸਿੱਖ ਦਾ ਹੈ।

ਅੱਜ, ਹਰ ਸਿੱਖ ਦੀ ਨਜ਼ਰ ਅਕਾਲ ਤਖ਼ਤ ਵੱਲ ਹੈ ਅਤੇ ਹਰ ਸਿੱਖ ਸੋਚਦਾ ਹੈ ਕਿ ਨਿਰੰਕਾਰੀ-ਟੌਹੜਾ ਕਾਂਡ, ਅਕਾਲ ਤਖ਼ਤ ਨੂੰ ਹੋਰ ਉੱਚਾ ਕਰਦਾ ਹੈ ਜਾਂ ਇਹ ਪਹਿਲਾਂ ਵਾਂਗ ਟੌਹੜਾ ਐਂਡ ਕੰਪਨੀ ਦੇ ਅਧੀਨ ਹੀ ਹੈ।

ਸਤਿਗੁਰੂ, ਮੀਰੀ ਪੀਰੀ ਦੇ ਮਾਲਕ ਆਪ ਜੀ ਨੂੰ ਬਲ ਬਖਸ਼ਣ ਕਿ ਆਪ ਅਕਾਲੀ ਫੂਲਾ ਸਿੰਘ ਜੀ ਦੇ ਸੱਚੇ ਵਾਰਸ ਬਣ ਸਕੋ।

ਗੁਰੂ ਪੰਥ ਦਾ ਦਾਸ,
*ਗੁਰਭਜਨ ਸਿੰਘ ਗਿੱਲ*
ਚੇਅਰਮੈਨ, ਸਿੱਖ ਵਿਚਾਰ ਮੰਚ
27/ਡੀ, ਸਰਾਭਾ ਨਗਰ, ਲੁਧਿਆਣਾ।

***

*1 ਜੂਨ 1998*

ਬਹੁਤ ਦਿਨਾਂ ਤੋਂ ਸ: ਅਮਰਿੰਦਰ ਸਿੰਘ ਵਲੋਂ ਜਥੇਦਾਰ ਗੁਰਚਰਨ ਸਿੰਘ ਟੌਹੜਾ ਬਾਰੇ ਅਖਬਾਰਾਂ ਵਿਚ ਛਪ ਰਹੇ ਉਲਟੇ-ਸਿੱਧੇ ਲੇਖ ਅਤੇ ਕੀਤੇ ਜਾ ਰਹੇ ਭੰਡੀ ਪ੍ਰਚਾਰ ਬਾਰੇ ਆਪ ਜੀ ਦੀ ਸੇਵਾ ਵਿਚ ਬੇਨਤੀ ਹੈ ਕਿ ਸ: ਅਮਰਿੰਦਰ ਸਿੰਘ ਵਲੋਂ ਜਾਰੀ ਫੋਟੋ ਦੀ ਜਾਂਚ-

ਪੜਤਾਲ ਦਾਸ ਨੇ ਇਥੋਂ ਦੇ ਮਾਹਰਾਂ ਪਾਸੋਂ ਬਹੁਤ ਬਰੀਕੀ ਨਾਲ ਕਰਵਾਈ ਹੈ ਜੋ ਸਰਾਸਰ ਝੂਠੀ ਤੇ ਬੇਬੁਨਿਆਦ ਸਾਬਤ ਹੋਈ ਹੈ।

ਆਪ ਜੀ ਨੂੰ ਇਕ ਫੋਟੋ ਭੇਜ ਰਿਹਾ ਹਾਂ ਜਿਸ ਤੋਂ ਸ: ਅਮਰਿੰਦਰ ਸਿੰਘ ਦਾ ਖੁਦ ਨਿਰੰਕਾਰੀ ਭਵਨ ਵਿਚ ਜਾਣਾ ਸਿੱਧ ਹੁੰਦਾ ਹੈ। ਪਿਛਲੇ 50 ਸਾਲਾਂ ਤੋਂ ਮੁਲਕ ਵਿਚ ਕਾਂਗਰਸ ਸਰਕਾਰ ਘੱਟ ਗਿਣਤੀ ਕੌਮਾਂ ਦੇ ਲੀਡਰਾਂ ਨੂੰ ਉਨ੍ਹਾਂ ਦੀ ਹੀ ਕੌਮ ਵਿਚ ਬਦਨਾਮ ਕਰਨ ਦੀ ਸਾਜ਼ਿਸ਼ ਕਰਦੀ ਆ ਰਹੀ ਹੈ। ਇਹ ਘਟਨਾ ਵੀ ਉਸੇ ਦਾ ਹੀ ਇਕ ਹਿੱਸਾ ਹੈ।

ਆਸ ਹੈ ਆਪ ਜੀ ਇਸ ਸਬੰਧੀ ਜਾਂਚ ਪੜਤਾਲ ਕਰਕੇ ਦੋਸ਼ੀ ਨੂੰ ਸਖਤ ਤੋਂ ਸਖਤ ਸਜ਼ਾ ਦੇਣ ਦੀ ਕਿਰਪਾਲਤਾ ਕਰੋਗੇ।

ਧੰਨਵਾਦ ਸਹਿਤ,

ਸ਼ੁਭਚਿੰਤਕ,

***ਹਰਿੰਦਰਪਾਲ ਸਿੰਘ,***

ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।

***

ਸਤਿਕਾਰ ਸਹਿਤ ਬੇਨਤੀ ਹੈ ਕਿ ਵੱਖ-ਵੱਖ ਅਖਬਾਰਾਂ ਵਿਚ ਜਥੇਦਾਰ ਟੌਹੜਾ ਸਾਹਿਬ ਦੀ ਫੋਟੋ ਅਤੇ ਉਸ 'ਤੇ ਚੱਲ ਰਹੇ ਵਿਵਾਦ ਬਾਰੇ ਹਰ ਥਾਂ 'ਤੇ ਚਰਚਾ ਹੈ ਪਰ ਅਜੀਤ ਵਿਚ ਛਪੀ ਹੋਈ ਫੋਟੋ ਤੋਂ ਇਹ ਸਾਫ ਨਜ਼ਰ ਆਉਂਦਾ ਹੈ ਕਿ ਇਹ ਇਕ ਫੋਟੋਗ੍ਰਾਫਰ ਦੀ ਮੁਹਾਰਿਤ ਹੈ ਜਿਸ ਨੇ ਤਿੰਨ ਜਾਂ ਚਾਰ ਫੋਟੋਆਂ ਨੂੰ ਇਸ ਤਰੀਕੇ ਨਾਲ ਇਕੱਠਾ ਕਰਕੇ ਇਕ ਫੋਟੋ ਬਣਾਈ ਹੈ ਕਿ 70 ਫੀਸਦੀ ਤੋਂ ਉੱਪਰ ਇਹ ਫੋਟੋ ਅਸਲੀ ਹੋਣ ਦਾ ਸ਼ੱਕ ਪੈਂਦਾ ਹੈ ਪਰ ਬਹੁਤ ਗਹਿਰਾਈ ਨਾਲ ਦੇਖਿਆ ਜਾਵੇ ਤਾਂ ਫੋਟੋਗ੍ਰਾਫਰ ਕੁਝ ਤਰੁੱਟੀਆਂ ਛੱਡ ਹੀ ਗਿਆ ਹੈ, ਜਿਨ੍ਹਾਂ ਵਿਚੋਂ ਫੋਟੋ ਦਾ ਪੋਜ਼, ਐਂਗਲ ਅਤੇ ਫੋਟੋਗੰਨ ਦੀ ਲਾਈਟ ਖਾਸ ਮਹੱਤਵਪੂਰਨ ਹੈ। ਇਹ ਦੋਵੇਂ ਚੀਜ਼ਾਂ ਜਥੇਦਾਰ ਟੌਹੜਾ ਦੀ ਫੋਟੋ ਅਤੇ ਐਨਕ ਲਾਏ ਹੋਏ ਸੂਟ ਪਹਿਨੇ ਹੋਏ ਵਿਅਕਤੀ ਉੱਤੇ ਸਾਫ ਅੱਡ-ਅੱਡ ਨਜ਼ਰ ਆਉਂਦੀਆਂ ਹਨ। ਜਿਵੇਂ ਕਿ ਟੌਹੜਾ ਸਾਹਿਬ ਦੀ ਫੋਟੋ, ਸਾਹਮਣੇ ਤੋਂ ਥੋੜ੍ਹਾ ਜਿਹਾ ਸੱਜੇ ਹੱਥ ਵੱਲ ਹੋ ਕੇ ਖਿੱਚੀ ਗਈ ਹੈ, ਜਿਸ ਕਾਰਨ ਟੌਹੜਾ ਸਾਹਿਬ ਦੀ ਪੱਗ ਦੇ ਸੱਜੇ ਪਾਸੇ ਲਾਈਟ ਪੂਰੀ ਹੈ ਅਤੇ ਖੱਬੇ ਹੱਥ ਵਾਲਾ ਪਾਸਾ ਕਾਲਾ ਹੈ। ਪੱਗ ਤੋਂ ਹੇਠਾਂ ਵੱਲ ਨੂੰ ਆਈਏ ਤਾਂ ਟੌਹੜਾ ਸਾਹਿਬ ਦੇ ਸੱਜੇ ਕੰਨ ਦੇ ਹੇਠਾਂ ਦਾਹੜੀ ਉਨ੍ਹਾਂ ਦੇ ਨੱਕ ਦਾ ਸੱਜਾ ਪਾਸਾ, ਸੱਜਾ ਮੋਢਾ ਅਤੇ ਸੱਜੀ ਬਾਂਹ ਉੱਤੇ ਫਲੈਸ਼ ਦੀ ਪੂਰੀ ਲਾਈਟ ਨਜ਼ਰ ਆਉਂਦੀ ਹੈ। ਇਹ ਹੀ ਚੀਜ਼ ਜੇਕਰ ਸੂਟ ਪਹਿਨੇ ਹੋਏ ਐਨਕ ਵਾਲੇ ਵਿਅਕਤੀ ਉੱਤੇ ਦੇਖੀਏ ਤਾਂ ਸਾਫ ਨਜ਼ਰ ਆਉਂਦਾ ਹੈ ਕਿ ਇਸ ਵਿਅਕਤੀ ਦੇ ਖੱਬੇ ਪਾਸੇ ਦੇ ਸਿਰ ਦੇ ਹਿੱਸੇ ਉੱਤੇ ਖੱਬੀ ਗਲ੍ਹ ਉਤੋਂ, ਐਨਕ ਦੇ ਖੱਬੇ ਸ਼ੀਸ਼ੇ ਉੱਤੇ ਅਤੇ ਠੋਡੀ ਦੇ ਖੱਬੇ ਹਿੱਸੇ ਉੱਤੇ ਫਲੈਸ਼ ਦੀ ਲਾਈਟ ਦਾ ਪ੍ਰਭਾਵ ਜ਼ਿਆਦਾ ਹੈ ਅਤੇ ਇਸ ਵਿਅਕਤੀ ਦਾ ਸੱਜਾ ਪਾਸਾ ਕਾਲਾ ਪੈ ਗਿਆ ਹੈ। ਜਿਸ ਤੋਂ ਇਹ ਸਾਬਤ ਹੁੰਦਾ ਹੈ ਕਿ ਇਹ ਦੋਵੇਂ ਵਿਅਕਤੀਆਂ ਦੀਆਂ ਫੋਟੋ ਅਲੱਗ-ਅਲੱਗ ਐਂਗਲਾਂ ਤੋਂ ਅਲੱਗ-ਅਲੱਗ ਲਈਆਂ ਗਈਆਂ ਹਨ। ਇਸੇ ਤਰ੍ਹਾਂ ਹੀ ਜੇਕਰ ਸਟੇਜ ਉੱਤੇ ਖੜ੍ਹੇ ਮਾਈਕ ਉੱਤੇ ਬੋਲ ਰਹੇ ਦੋ ਵਿਅਕਤੀਆਂ ਦੀ ਫੋਟੋ ਵੱਲ ਦੇਖੀਏ ਅਤੇ ਉਸੇ ਸੂਟ ਵਾਲੇ ਵਿਅਕਤੀ ਵੱਲ ਦੇਖੀਏ ਤਦ ਵੀ ਲਾਈਟ ਦਾ ਪ੍ਰਭਾਵ ਯਕੀਨ ਨਾਲ ਪੁਕਾਰ-ਪੁਕਾਰ ਕੇ ਕਹਿੰਦਾ ਹੈ ਕਿ ਇਹ

ਦੋਵੇਂ ਫੋਟੋ ਅਲੱਗ-ਅਲੱਗ ਹਨ। ਜੇਕਰ ਸਾਰੀ ਫੋਟੋਗ੍ਰਾਫ ਦਾ ਬੈਕਗਰਾਊਂਡ ਦੇਖੀਏ ਤਾਂ ਸ਼ਬਦ 'ਧਰਮ ਜੋੜ' ਦਾ ਥੱਲੇ ਵਾਲਾ ਹਿੱਸਾ ਦੱਸਦਾ ਹੈ ਕਿ ਇਸ ਉਤੇ ਲਾਈਟ ਦਾ ਪ੍ਰਭਾਵ ਜ਼ਿਆਦਾ ਹੈ ਅਤੇ ਸ਼ਬਦ ਹੈ 'ਤੋੜਦਾ ਨਹੀਂ' ਦੇ ਹੇਠਾਂ ਦੀ ਲਾਈਟ ਦਾ ਪ੍ਰਭਾਵ ਬਹੁਤ ਘੱਟ ਹੈ। ਇਸ ਤਰ੍ਹਾਂ ਦੇ ਬਹੁਤ ਸਾਰੇ ਨੁਕਤੇ ਸਾਫ ਦੱਸਦੇ ਹਨ ਕਿ ਅਖਬਾਰ ਉਤੇ ਦਿੱਤੀ ਗਈ ਫੋਟੋ ਇਕ ਕਲਿੱਕ ਨਾਲ ਨਹੀਂ ਖਿੱਚੀ ਗਈ ਸਗੋਂ ਬਹੁਤ ਸਾਰੀਆਂ ਫੋਟੋਆਂ ਨੂੰ ਜੋੜ ਕੇ ਇਕ ਫੋਟੋ ਦਰਸਾਉਣ ਦਾ ਅਸਫਲ ਯਤਨ ਹੈ।

***

ਸਿੱਖ ਧਰਮ ਦੇ ਬਹੁਤ ਹੀ ਉੱਚ ਅਹੁਦੇ 'ਤੇ ਬਿਰਾਜਮਾਨ ਹੋ ਕੇ ਆਪ ਜੀ ਨੇ ਅੱਜ ਤਕ ਬਹੁਤ ਚੰਗੀ ਸੇਵਾ ਨਿਭਾਈ ਹੈ ਅਤੇ ਆਪ ਜੀ 'ਤੇ ਗੁਰੂ ਮਹਾਰਾਜ ਦੀ ਕ੍ਰਿਪਾ ਹੈ ਤੇ ਕ੍ਰਿਪਾ ਰਹੇਗੀ ਵੀ।

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸ: ਗੁਰਚਰਨ ਸਿੰਘ ਟੌਹੜਾ ਜੀ 'ਤੇ ਕੋਈ ਨਾ ਕੋਈ ਵਾਦ-ਵਿਵਾਦ ਚੱਲਿਆ ਹੀ ਰਹਿੰਦਾ ਹੈ। ਖਾਸ ਕਰਕੇ ਹਰ ਬੰਦਾ ਆਪਣੇ ਮਤਲਬ ਲਈ ਹਰ ਤਰ੍ਹਾਂ ਦੇ ਢੰਗ-ਤਰੀਕੇ ਅਪਨਾਉਂਦਾ ਰਹਿੰਦਾ ਹੈ। ਇਸ ਬਾਰੇ ਕਿਸੇ ਦਾ ਮੂੰਹ ਬੰਦ ਕਰਨਾ ਔਖਾ ਹੁੰਦਾ ਹੈ। ਪ੍ਰੰਤੂ ਸਮਝਦਾਰ ਬੰਦਾ ਜ਼ਰੂਰ ਸਮਝਦਾਰੀ ਤੋਂ ਕੰਮ ਲੈਂਦਾ ਹੈ। ਕਦੀ ਕਿਸੇ 'ਤੇ ਚਿੱਕੜ ਨਹੀਂ ਸੁੱਟਣਾ ਚਾਹੀਦਾ। ਮਿਸਾਲ ਦੇ ਤੌਰ 'ਤੇ ਸ੍ਰੀਮਾਨ ਸਿਮਰਨਜੀਤ ਸਿੰਘ ਮਾਨ ਜੀ ਨੂੰ ਲੋਕਾਂ ਨੇ ਮਾਨਤਾ ਦਿੱਤੀ ਮੈਂਬਰ ਪਾਰਲੀਮੈਂਟ ਬਣੇ। ਕੇਵਲ ਇਸ ਵਜ੍ਹਾ ਕਰਕੇ ਲੋਕ ਸਭਾ ਵਿਚ ਨਹੀਂ ਕੁਝ ਮੰਗ ਸਕੇ ਕਿਉਂਕਿ ਉਨ੍ਹਾਂ ਦੀ ਸ਼ਰਤ ਹੀ ਐਸੀ ਸੀ ਕਿ ਬਗੈਰ ਕਿਰਪਾਨ ਦੇ ਅੰਦਰ ਨਹੀਂ ਜਾਣਾ। ਆਪਣੇ ਸਿੱਖ ਧਰਮ ਅਨੁਸਾਰ ਉਨ੍ਹਾਂ ਦੀ ਗੱਲ ਜਾਇਜ਼ ਹੈ ਪਰ ਇਸ ਤਰ੍ਹਾਂ ਆਪਣੀ ਕੌਮ ਲਈ ਕੁਝ ਮਿਲ ਹੀ ਨਹੀਂ ਸਕਿਆ। ਇਸੇ ਤਰ੍ਹਾਂ ਹੀ ਟੌਹੜਾ ਸਾਹਿਬ 'ਤੇ ਵੋਟ ਮੰਗਣ ਦਾ ਇਲਜ਼ਾਮ ਲਾ ਕੇ ਸ੍ਰੀ ਅਮਰਿੰਦਰ ਸਿੰਘ ਆਪਣੇ ਨੰਬਰ ਬਣਾ ਨਹੀਂ ਰਹੇ ਮੇਰੇ ਖਿਆਲ ਅਨੁਸਾਰ ਉਹ ਆਪਣੇ ਨੰਬਰ ਘਟਾ ਰਹੇ ਹਨ। ਕਿਉਂਕਿ ਚੋਣ ਇਕ ਐਸੀ ਖੇਡ ਹੈ, ਇਸ ਖੇਡ ਵਿਚ ਉਹ ਹੀ ਜਿੱਤ ਸਕਦਾ ਹੈ ਜਿਹੜਾ ਲੀਡਰ ਗਰੀਬ ਤੋਂ ਗਰੀਬ ਬੰਦੇ ਅੱਗੇ ਹੱਥ ਜੋੜੇ। ਹਰ ਲੀਡਰ ਨੂੰ ਬਗੈਰ ਹੱਥ ਜੋੜਿਆਂ ਸਰਦਾ ਵੀ ਨਹੀਂ ਤੇ ਕਾਮਯਾਬੀ ਵੀ ਨਹੀਂ। ਸੋ ਜੇ ਭਲਾ ਟੌਹੜਾ ਸਾਹਿਬ ਵੋਟ ਮੰਗਣ ਚਲੇ ਹੀ ਗਏ ਕੋਈ ਮਾੜੀ ਗੱਲ ਵੀ ਨਹੀਂ। ਜੇ ਅਸੀਂ ਹਰ ਧਰਮ ਨੂੰ ਪਿਆਰ ਕਰਨਾ ਸਿੱਖਿਆ ਹੈ ਤਾਂ ਵੋਟ ਮੰਗਣੀ ਵੀ ਓਨੀ ਹੀ ਜ਼ਰੂਰੀ ਹੈ ਜਿੰਨੀ ਪੇਟ ਲਈ ਰੋਟੀ ਜ਼ਰੂਰੀ ਹੈ। ਠੀਕ ਹੈ ਰੰਜਸ਼ ਹੈ, ਉਹ ਰੱਖੋ ਪਰ ਵੋਟ ਲਈ ਪ੍ਰਚਾਰ ਕਿਸੇ ਜਗ੍ਹਾ 'ਤੇ ਵੀ ਕੀਤਾ ਜਾ ਸਕਦਾ ਹੈ। ਜੇ ਆਪਾਂ ਸੋਚਾਂਗੇ ਕਿ ਕਾਂਗਰਸੀਆਂ ਤੋਂ ਵੋਟ ਨਹੀਂ ਲੈਣੀ, ਹਿੰਦੂਆਂ ਤੋਂ ਵੋਟ ਨਹੀਂ ਲੈਣੀ ਤਾਂ ਸਾਡੀ ਕੌਮ ਨੂੰ ਨਾ ਸੂਬੇ ਵਿਚ ਨਾ ਕੇਂਦਰ ਵਿਚ ਕੁਝ ਵੀ ਨਹੀਂ ਮਿਲੇਗਾ। ਸੋ ਆਪ ਬਹੁਤ ਹੀ ਉੱਚ ਅਹੁਦੇ 'ਤੇ ਬਿਰਾਜਮਾਨ ਹੋ, ਜ਼ਰੂਰ ਪੂਰੀ ਛਾਣਬੀਣ ਕਰੋਗੇ। ਫਤਹਿ ਪ੍ਰਵਾਨ ਕਰਨੀ ਜੀ।

ਧੰਨਵਾਦ ਜੀ।

***ਬਾਬੂ ਸਿੰਘ***

3289/1/40-ਡੀ, ਚੰਡੀਗੜ੍ਹ।

***

ਸਤਿਕਾਰ ਸਹਿਤ ਬੇਨਤੀ ਹੈ ਕਿ ਮੈਂ ਵੱਖ-ਵੱਖ ਅਖਬਾਰਾਂ ਵਿਚ ਛਪੀਆਂ ਸੁਰਖੀਆਂ (ਖਬਰਾਂ) ਵੱਲ ਆਪ ਜੀ ਦਾ ਧਿਆਨ ਕੇਂਦਰਤ ਕਰਨ ਦੀ ਅਵੱਗਿਆ ਕਰਦਾ ਹਾਂ ;

1. ਅਜੀਤ ਦੇ 24 ਮਈ 1998 ਦੇ ਪ੍ਰਕਾਸ਼ਨ ਸਫਾ ਪਹਿਲਾ 'ਤੇ "ਜਥੇਦਾਰ ਟੌਹੜਾ ਦੀ ਨਿਰੰਕਾਰੀ ਭਵਨ ਵਿਚਲੀ ਤਸਵੀਰ ਸਿੰਘ ਸਾਹਿਬ ਕੋਲ ਪੇਸ਼"।

2. ਜੱਗਬਾਣੀ 25 ਮਈ 1998 ਦੇ ਪਹਿਲੇ ਸਫੇ 'ਤੇ ਛਪੀ ਖਬਰ "ਟੌਹੜਾ ਦੇ ਨਿਰੰਕਾਰੀ ਭਵਨ 'ਚ ਜਾਣ ਬਾਰੇ ਅਮਰਿੰਦਰ ਸਿੰਘ ਨੇ ਤਿੰਨ ਤਸਵੀਰਾਂ ਭੇਜੀਆਂ"।

3. ਅਜੀਤ 25 ਮਈ 1998 ਨੂੰ ਪਹਿਲੇ ਸਫੇ 'ਤੇ ਚੰਦੂਮਾਜਰਾ ਵਲੋਂ "ਟੌਹੜਾ ਬਾਰੇ ਅਮਰਿੰਦਰ ਸਿੰਘ ਨੇ ਦੋ ਫੋਟੋ ਜੋੜ ਕੇ ਨਕਲੀ ਫੋਟੋ ਬਣਵਾਈ"।

4. ਜਗਬਾਣੀ 25 ਮਈ 1998 ਸਫਾ 6 'ਤੇ ਪ੍ਰਕਾਸ਼ਤ ਖਬਰ "ਕੈਪਟਨ ਅਮਰਿੰਦਰ ਸਿੰਘ ਵਲੋਂ ਜਾਰੀ ਤਸਵੀਰ ਬੋਗਸ ਤੇ ਨਕਲੀ-ਚੰਦੂਮਾਜਰਾ"।

5. ਜਗਬਾਣੀ 27 ਮਈ 1998 ਸਫਾ 7 'ਤੇ ਛਪੀ ਖਬਰ "ਅਮਰਿੰਦਰ ਸਿੰਘ ਵਿਰੁੱਧ ਮਾਨਹਾਨੀ ਦਾ ਕੇਸ ਕਰਾਂਗੇ-ਬਾਦਲ"।

6. ਅਜੀਤ 27 ਮਈ 1998 ਸਫਾ ਪਹਿਲੇ ਸਫੇ 'ਤੇ ਛਪੀ ਖਬਰ "ਜੇ ਟੌਹੜਾ ਸਾਹਿਬ ਭਵਨ ਜਾਣਾ ਨਹੀਂ ਮੰਨਦੇ ਤਾਂ ਮੈਂ ਹਰ ਸਜ਼ਾ ਲਈ ਤਿਆਰ ਹਾਂ-ਕੈਪਟਨ ਅਮਰਿੰਦਰ ਸਿੰਘ"।

7. ਅਜੀਤ 28 ਮਈ 1998 ਸਫਾ 6 'ਤੇ ਛਪੀ ਖਬਰ "ਕੈਪਟਨ ਅਮਰਿੰਦਰ ਸਿੰਘ ਬਾਰੇ ਬਾਦਲ ਦੇ ਬਿਆਨ ਦੀ ਯੂਥ ਕਾਂਗਰਸ ਵਲੋਂ ਨਿਖੇਧੀ" (ਈਸ਼ਵਰ ਜੋਤ ਸਿੰਘ ਚੀਮਾ ਜੁਆਇੰਟ ਸਕੱਤਰ ਪੰਜਾਬ ਅਤੇ ਸ੍ਰੀ ਸੁਨੀਲ ਕੁਮਾਰ ਸਕੱਤਰ ਪੰਜਾਬ ਯੂਥ ਕਾਂਗਰਸ)

8. ਅਜੀਤ 28 ਮਈ 1998 ਸਫਾ 9 'ਤੇ ਛਪੀ ਖਬਰ "ਟੌਹੜਾ 'ਤੇ ਕੀਤੀ ਦੂਸ਼ਣਬਾਜ਼ੀ ਦੀ ਸਖਤ ਨਿੰਦਾ-ਬੁੱਢਾ ਦਲ ਦੇ ਨਿਹੰਗ ਮੁਖੀ ਜਥੇਦਾਰ ਬਲਬੀਰ ਸਿੰਘ"।

9. ਜਗਬਾਣੀ 28 ਮਈ 1998 ਸਫਾ 1 'ਤੇ ਛਪੀ ਖਬਰ "ਮੇਰੇ ਵਿਰੁੱਧ ਕੇਸ ਦਰਜ ਕਰਨ ਦਾ ਬਿਆਨ ਬ੍ਰਾਦਲ ਨੇ ਟੌਹੜਾ ਦੇ ਡਰ ਤੋਂ ਦਿੱਤਾ-ਕੈਪਟਨ ਅਮਰਿੰਦਰ ਸਿੰਘ"।

10. ਜਗਬਾਣੀ 29 ਮਈ 1998 ਸਫਾ 6 'ਤੇ ਛਪੀ ਖਬਰ "ਕੈਪਟਨ ਆਪਣੀ ਹੋਈ ਹਾਰ ਨੂੰ ਹੀ ਮਨ ਵਿਚ ਵਸਾਈ ਬੈਠੇ ਹਨ-ਹਰਪਾਲ ਸਿੰਘ ਭੁੱਲਰ, ਪ੍ਰਧਾਨ ਭਾਈ ਮਰਦਾਨਾ ਯਾਦਗਾਰੀ ਕੀਰਤਨ ਦਰਬਾਰ ਸਸਾਇਟੀ, ਫਿਰੋਜ਼ਪੁਰ"।

11. ਅਜੀਤ 30 ਮਈ 1998 ਸਫਾ 5 'ਤੇ ਛਪੀ ਖਬਰ "ਕੈ: ਅਮਰਿੰਦਰ ਸਿੰਘ ਵਲੋਂ ਛੇੜਿਆ ਗਿਆ ਵਿਵਾਦ ਸਿਆਸੀ ਹਿਤਾਂ ਤੋਂ ਪ੍ਰੇਰਤ-ਸੰਤ ਟੇਕ ਸਿੰਘ ਧਨੌਲਾ, ਬੁਲਾਰਾ ਸੰਤ ਸਮਾਜ ਦੇ ਵਿਸ਼ੇਸ਼ ਬੁਲਾਰੇ ਜੋਗਾ ਸਿੰਘ ਫਗੂਵਾਲ, ਭੁਪਿੰਦਰ ਸਿੰਘ ਮੈਂਬਰ ਸ਼੍ਰੋਮਣੀ ਕਮੇਟੀ"।

12. ਜਗਬਾਣੀ 30 ਮਈ 1998 ਸਫਾ 7 'ਤੇ ਛਪੀ ਖਬਰ "ਕੈਪਟਨ ਤੇ ਟੌਹੜਾ ਨੂੰ ਬਿਆਨਬਾਜ਼ੀ ਬੰਦ ਕਰਨ ਦੀ ਅਪੀਲ-ਆਲ ਇੰਡੀਆ ਪੰਜਾਬੀ ਮਹਾਂ ਸਭਾ ਦੇ ਬੁਲਾਰੇ"।

13. ਜਗਬਾਣੀ 30 ਮਈ 1998 ਸਫਾ 8 'ਤੇ ਛਪੀ ਖਬਰ ਕਾਂਗਰਸੀਆਂ ਦੇ ਪੰਥਕ ਵਿਰੋਧੀ ਯਤਨ ਸਫਲ ਨਹੀਂ ਹੋਣ ਦਿੱਤੇ ਜਾਣਗੇ-ਉਂਕਾਰ ਸਿੰਘ ਥਾਪਰ ਸਾਬਕ ਪ੍ਰਧਾਨ ਦਿੱਲੀ ਅਕਾਲੀ ਦਲ"।

ਉਪਰੋਕਤ ਵੱਖ-ਵੱਖ ਲੀਡਰਾਂ ਅਤੇ ਉਨ੍ਹਾਂ ਦੇ ਚਮਚਿਆਂ ਦੇ ਬਿਆਨਾਂ ਤੋਂ ਸਪੱਸ਼ਟ ਰੂਪ ਵਿਚ ਪ੍ਰਗਟ ਹੁੰਦਾ ਹੈ ਕਿ ਸਿੱਖ ਕੌਮ ਦੀ ਸੁਪਰੀਮ ਕੋਰਟ (ਸ੍ਰੀ ਅਕਾਲ ਤਖ਼ਤ ਸਾਹਿਬ) ਦਾ ਸਤਿਕਾਰ ਇਨ੍ਹਾਂ ਲੀਡਰਾਂ ਦੇ ਮਨਾਂ ਵਿਚ ਰਤੀ ਭਰ ਵੀ ਨਹੀਂ ਹੈ। ਕਾਨੂੰਨੀ ਤੌਰ 'ਤੇ ਵੀ ਜਦ ਕੇਸ ਸੁਪਰੀਮ ਕੋਰਟ ਵਿਚ ਫੈਸਲੇ ਅਧੀਨ ਹੈ ਤਾਂ ਇਨ੍ਹਾਂ ਲੋਕਾਂ ਨੂੰ ਟੀਕਾ ਟਿੱਪਣੀ, ਫੋਟੋਆਂ ਜਾਅਲੀ ਹਨ ਜਾਂ ਨਹੀਂ, ਫੈਸਲੇ ਕਰਨ ਦਾ ਕੋਈ ਅਧਿਕਾਰ ਨਹੀਂ ਹੈ। ਇਹ ਸਰਾਸਰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਬੇਹੁਰਮਤੀ ਹੈ ਜਿਸ ਦਾ ਸਿੰਘ ਸਾਹਿਬ ਨੂੰ ਫੌਰੀ ਨੋਟਿਸ ਲੈਣਾ ਬਣਦਾ ਹੈ। ਝਗੜਾ ਟੌਹੜਾ ਸਾਹਿਬ ਅਤੇ ਸ਼ਿਕਾਇਤ-ਕਰਤਾ ਸ: ਅਮਰਿੰਦਰ ਸਿੰਘ ਵਿਚਕਾਰ ਹੈ। ਇਸ ਦਾ ਫੈਸਲਾ ਸਿੰਘ ਸਾਹਿਬ ਨੇ ਕਰਨਾ ਹੈ। "ਕੈਪਟਨ ਸਾਹਿਬ ਨੇ ਸਪੱਸ਼ਟ ਬਿਆਨ ਦਿੱਤਾ ਹੈ ਕਿ ਜੇ "ਟੌਹੜਾ ਸਾਹਿਬ ਅਕਾਲ ਤਖ਼ਤ 'ਤੇ ਹਾਜ਼ਰ ਹੋ ਕੇ ਅਰਦਾਸ ਕਰਕੇ, ਨਿਰੰਕਾਰੀ ਭਵਨ ਜਾਣਾ ਨਹੀਂ ਮੰਨਦੇ ਤਾਂ ਮੈਂ ਹਰ ਸਜ਼ਾ ਲਈ ਤਿਆਰ ਹਾਂ।" ਕੋਈ ਲੀਡਰ, ਫੋਟੋ ਨਕਲੀ ਦੱਸ ਰਿਹਾ ਹੈ, ਕੋਈ ਮਾਨਹਾਨੀ ਦਾ ਕੇਸ ਕਰਨ ਲਈ ਕਾਨੂੰਨੀ ਮਸ਼ਵਰੇ ਦੇ ਰਿਹਾ ਹੈ, ਕਿੱਡੀ ਹਾਸੋਹੀਣੀ ਗੱਲ ਹੈ ਕਿ ਸਿੰਘ ਸਾਹਿਬ (ਚੀਫ ਜਸਟਿਸ ਦੀ ਸ਼ਕਤੀ) ਨੂੰ ਪਹਿਲਾਂ ਹੀ ਅਣਗੌਲਿਆਂ ਸਮਝਿਆ ਜਾ ਰਿਹਾ ਹੈ। ਸਿੰਘ ਸਾਹਿਬ ਨੂੰ ਸਤਿਕਾਰ ਸਹਿਤ ਬੇਨਤੀ ਹੈ ਕਿ ਇਨ੍ਹਾਂ ਸਾਰਿਆਂ 'ਤੇ ਜਿਨ੍ਹਾਂ ਇਹ ਬਿਆਨ ਦਾਗੇ ਹਨ, ਸਤਿਕਾਰ ਯੋਗ ਅਕਾਲ ਤਖ਼ਤ (ਸਿੱਖ ਸੁਪਰੀਮ ਕੋਰਟ) ਦੀ ਮਾਨਹਾਨੀ ਦਾ ਕੇਸ ਚਲਾ ਕੇ ਢੁਕਵੀਂ ਸਜ਼ਾ ਦਿੱਤੀ ਜਾਵੇ ਅਤੇ ਇਸ ਤੋਂ ਪਿਛੋਂ ਟੌਹੜਾ ਬਨਾਮ ਅਮਰਿੰਦਰ ਦਾ ਫੈਸਲਾ ਕੀਤਾ ਜਾਵੇ।

ਨੋਟ: ਜੇ ਹੁਕਮ ਹੋਵੇ ਤਾਂ ਮੈਂ ਅਖ਼ਬਾਰਾਂ ਦੀਆਂ ਸਾਰੀਆਂ ਕਾਤਰਾਂ ਭੇਜ ਸਕਦਾ ਹਾਂ। ਅਤੀ ਧੰਨਵਾਦੀ ਹੋਵਾਂਗਾ।

ਆਪ ਜੀ ਦਾ ਸ਼ੁਭ ਚਿੰਤਕ,
***ਇੰਜ: ਜੀ.ਐਸ. ਧਾਲੀਵਾਲ,***
ਨਰੈਣਗੜ੍ਹ, ਡਾਕਖਾਨਾ ਸੰਧਵਾਂ, ਫਰੀਦਕੋਟ।

***

ਕੈਪਟਨ ਅਮਰਿੰਦਰ ਸਿੰਘ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਵਿਰੁੱਧ ਇਕ ਲਿਖਤੀ ਪੱਤਰ ਰਾਹੀਂ ਦੋਸ਼ ਲਾਇਆ ਹੈ ਕਿ ਜਥੇਦਾਰ ਟੌਹੜਾ ਨੇ 1978 ਵਿਚ ਨਿਰੰਕਾਰੀ ਮੰਡਲ ਵਿਰੁੱਧ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਜਾਰੀ ਕੀਤੇ ਗਏ ਹੁਕਮਨਾਮੇ ਦੀ ਉਲੰਘਣਾ ਕੀਤੀ ਹੈ ਕਿਉਂਕਿ ਜਥੇਦਾਰ ਜੀ ਨੇ ਪਟਿਆਲੇ ਨਿਰੰਕਾਰੀ ਭਵਨ ਜਾ ਕੇ ਅਕਾਲੀ ਉਮੀਦਵਾਰ ਪ੍ਰੋਫੈਸਰ ਪ੍ਰੇਮ ਸਿੰਘ ਚੰਦੂਮਾਜਰਾ ਦੀ ਜਿੱਤ ਯਕੀਨੀ ਬਣਾਉਣ ਲਈ ਨਿਰੰਕਾਰੀਆਂ ਨੂੰ ਪ੍ਰੋਫੈਸਰ ਸਾਹਿਬ ਦੇ ਹੱਕ ਵਿਚ ਵੋਟਾਂ ਪਾਉਣ ਦੀ ਅਪੀਲ ਕੀਤੀ ਹੈ। ਆਪ ਜੀ ਨੇ ਸਿੱਖ ਸੰਗਤਾਂ ਨੂੰ ਅਜਿਹੇ ਸਬੂਤ ਪੇਸ਼ ਕਰਨ ਦਾ ਹੁਕਮ ਦਿੱਤਾ ਹੈ ਜਿਸ ਨਾਲ ਇਹ ਸਾਬਤ ਹੋ ਸਕੇ ਕਿ ਜਥੇਦਾਰ ਟੌਹੜਾ ਨਿਰੰਕਾਰੀ ਭਵਨ ਵਿਚ ਗਏ ਸਨ ਜਾਂ ਨਹੀਂ। ਦਾਸ ਇਕ ਨਿਮਾਣਾ ਸਿੱਖ ਹੋਣ ਦੇ ਨਾਤੇ ਕੁਝ ਵਿਚਾਰ ਆਪ ਦੀ ਸੇਵਾ ਵਿਚ ਪੇਸ਼ ਕਰਨ ਦੀ ਖੁੱਲ੍ਹ ਲੈ ਰਿਹਾ ਹੈ। ਆਸ ਹੈ ਕੋਈ ਵੀ ਫੈਸਲਾ ਕਰਨ ਤੋਂ ਪਹਿਲਾਂ ਆਪ ਜੀ ਇਨ੍ਹਾਂ ਵਿਚਾਰਾਂ ਵੱਲ ਯੋਗ ਧਿਆਨ ਦਿਓਗੇ।

ਸ੍ਰੀ ਅਕਾਲ ਤਖ਼ਤ ਸਮੇਂ ਦੀ ਸੀਮਾ ਵਿਚ ਬੱਧੇ ਰਾਜਿਆਂ ਦੇ ਤਖ਼ਤਾਂ ਨਾਲੋਂ ਇਕ

ਵੱਖਰਾ ਅਤੇ ਬਹੁਤ ਉੱਚਾ ਸਥਾਨ ਰੱਖਦਾ ਹੈ। ਸ੍ਰੀ ਅਕਾਲ ਤਖ਼ਤ ਦੀ ਸਮਰੱਥਾ ਫੌਜਾਂ ਨਹੀਂ ਸਗੋਂ ਇਲਾਹੀ ਬਾਣੀ ਦੇ ਵਿਚਾਰਾਂ ਅਤੇ ਸਿਧਾਂਤਾਂ ਦੀ ਸ਼ਕਤੀ ਹੈ। ਹੁਕਮਨਾਮੇ ਦੇ ਅੰਤ 'ਤੇ ਬੜੇ ਸਪੱਸ਼ਟ ਸ਼ਬਦਾਂ ਵਿਚ ਇਹ ਗੱਲ ਅੰਕਤ ਹੈ ਕਿ "ਇਹ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਹੁਕਮਨਾਮਾ ਹੈ ਜੋ ਮੰਨੇਗਾ ਉਸ ਦਾ ਲੋਕ ਪ੍ਰਲੋਕ ਦੋਹੀਂ ਥਾਈਂ ਭਲਾ ਹੋਵੇਗਾ।" ਇਹ ਹੁਕਮਨਾਮਾ ਕੇਵਲ ਸਿੱਖ ਪੰਥ ਜਾਂ ਸਿੱਖ ਸੰਗਤ ਵਾਸਤੇ ਨਹੀਂ ਹੈ ਸਗੋਂ ਹਰ ਪ੍ਰਾਣੀ ਮਾਤਰ ਲਈ ਹੈ ਤਾਂ ਕਿ ਧਰਮ ਅਤੇ ਮਨੁੱਖਤਾ ਦੀ ਰੱਖਿਆ ਲਈ ਨਿਰੰਕਾਰੀ ਮੰਡਲ ਵਲੋਂ ਕੀਤੇ ਜਾ ਰਹੇ ਗਲਤ ਅਤੇ ਹਾਨੀਕਾਰਕ ਪ੍ਰਚਾਰ ਨੂੰ ਰੋਕਿਆ ਜਾ ਸਕੇ। ਹੁਕਮਨਾਮੇ ਦੇ ਸ਼ਬਦ ਬੜੇ ਸਪੱਸ਼ਟ ਹਨ :

"ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮੋਹਰ ਅਧਿਕਾਰ ਹੇਠਾਂ ਇਹ ਹੁਕਮ ਹਰ ਸਿੱਖ ਮਾਈ ਭਾਈ ਅਤੇ ਹਰ ਇਕ ਪ੍ਰਾਣੀ ਮਾਤਰ ਲਈ ਹੈ, ਇਸ ਧਰਮ ਸ਼ਤਰੂ ਅਤੇ ਮਨੁੱਖ ਮਾਤਰ ਲਈ ਹਾਨੀਕਾਰਕ ਟੋਲੇ ਦਾ ਹਰ ਯੋਗ ਤਰੀਕੇ ਨਾਲ ਵਿਰੋਧ ਕੀਤਾ ਜਾਵੇ ਅਤੇ ਇਸ ਨੂੰ ਸਮਾਜ ਅਤੇ ਸੰਸਾਰ ਵਿਚ ਵਧਣ ਫੈਲਣ ਨਾ ਦਿੱਤਾ ਜਾਵੇ।" ਹੁਕਮਨਾਮੇ ਵਿਚ ਆਦੇਸ਼ ਬੜਾ ਸਪੱਸ਼ਟ ਹੈ: "ਜੋ ਸਿੱਖ ਇਸ ਦੰਭੀ ਅਤੇ ਪਾਖੰਡੀ ਅਖੌਤੀ ਨਿਰੰਕਾਰੀ ਸੰਸਥਾ ਦਾ ਅੰਗ ਬਣ ਚੁੱਕੇ ਹਨ, ਉਨ੍ਹਾਂ ਅਤੇ ਉਨ੍ਹਾਂ ਦੇ ਆਗੂ ਗੁਰਬਚਨ ਸਿੰਘ ਨਾਲ, ਖਾਲਸਾ ਪੰਥ ਹਰ ਤਰ੍ਹਾਂ ਦਾ ਮੇਲ-ਜੋਲ ਅਤੇ ਸੰਸਾਰਕ ਸਬੰਧ ਅਤੇ ਰੋਟੀ ਬੇਟੀ ਦੀ ਸਾਂਝ ਬੰਦ ਕਰੇ।"

ਕੈਪਟਨ ਅਮਰਿੰਦਰ ਸਿੰਘ ਨੇ ਆਪਣੇ ਪੱਤਰ ਵਿਚ ਲਾਏ ਦੋਸ਼ਾਂ ਦੇ ਸਬੂਤ ਵਜੋਂ ਇਕ ਫੋਟੋ ਪੇਸ਼ ਕੀਤੀ ਹੈ ਜਿਸ ਵਿਚ ਜਥੇਦਾਰ ਟੌਹੜਾ ਨਿਰੰਕਾਰੀਆਂ ਸੰਗ ਖੜ੍ਹੇ ਨਜ਼ਰ ਆ ਰਹੇ ਹਨ ਅਤੇ ਉਨ੍ਹਾਂ ਦੇ ਗਲ ਵਿਚ ਇਕ ਸਿਰੋਪਾ ਵੀ ਪਾਇਆ ਹੋਇਆ ਹੈ। ਹੁਣ ਅਖਬਾਰਾਂ ਵਿਚ ਅਤੇ ਸਿੱਖ ਸੰਗਤਾਂ ਵਿਚ ਇਹ ਵਿਵਾਦ ਛਿੜਿਆ ਹੋਇਆ ਹੈ ਕਿ ਫੋਟੋ ਅਸਲੀ ਹੈ ਜਾਂ ਕੰਪਿਊਟਰ ਦੀ ਸਹਾਇਤਾ ਨਾਲ ਨਕਲੀ ਬਣਾਈ ਗਈ ਹੈ। ਜੇ ਹੁਕਮਨਾਮੇ ਦੇ ਅੱਖਰਾਂ ਨੂੰ ਗੰਭੀਰਤਾ ਨਾਲ ਵਾਚਿਆ ਜਾਏ ਅਤੇ ਵਕੀਲਾਂ ਵਾਂਗ ਬਹਿਸ ਕੀਤੀ ਜਾਏ ਤਾਂ ਫੋਟੋ ਦੇ ਅਸਲੀ ਜਾਂ ਨਕਲੀ ਹੋਣ ਨਾਲ ਦੋਹਾਂ ਹਾਲਤਾਂ ਵਿਚ ਜਥੇਦਾਰ ਟੌਹੜਾ ਨੂੰ ਹੁਕਮਨਾਮੇ ਦੀ ਉਲੰਘਣਾ ਕਰਨ ਦਾ ਦੋਸ਼ੀ ਨਹੀਂ ਠਹਿਰਾਇਆ ਜਾ ਸਕਦਾ। ਹੁਕਮਨਾਮੇ ਵਿਚ ਕੇਵਲ ਉਨ੍ਹਾਂ ਸਿੱਖਾਂ ਦਾ ਬਾਈਕਾਟ ਕਰਨ ਦਾ ਆਦੇਸ਼ ਹੈ ਜੋ ਸਿੱਖ ਹੁੰਦੇ ਹੋਏ ਨਿਰੰਕਾਰੀ ਸੰਸਥਾ ਦਾ ਅੰਗ ਬਣ ਗਏ ਹਨ ਅਤੇ ਜਾਂ ਫੇਰ ਉਨ੍ਹਾਂ ਦੇ ਆਗੂ ਗੁਰਬਚਨ ਸਿੰਘ ਦਾ। ਹੁਕਮਨਾਮੇ ਦੀ ਉਲੰਘਣਾ ਸਾਬਤ ਕਰਨ ਲਈ ਕੈਪਟਨ ਸਾਹਿਬ ਨੂੰ ਫੋਟੋ ਦੇ ਅਸਲੀ ਹੋਣ ਦੇ ਨਾਲ-ਨਾਲ ਇਹ ਵੀ ਸਾਬਤ ਕਰਨ ਦੀ ਲੋੜ ਹੈ ਕਿ ਜਥੇਦਾਰ ਟੌਹੜਾ ਨੇ ਸਿੱਖਾਂ ਤੋਂ ਬਣੇ ਨਿਰੰਕਾਰੀਆਂ ਨਾਲ ਜਾਂ ਮਰਹੂਮ ਗੁਰਬਚਨ ਸਿੰਘ ਨਾਲ ਕੋਈ ਮੇਲ-ਮਿਲਾਪ ਜਾਂ ਰੋਟੀ ਬੇਟੀ ਦੀ ਸਾਂਝ ਕੀਤੀ ਹੈ।

ਜੇ ਹੁਕਮਨਾਮੇ ਨੂੰ ਅੱਖਰਾਂ ਦੀ ਬੰਦਿਸ਼ ਤੋਂ ਮੁਕਤ ਕਰਕੇ ਇਸ ਦੇ ਮੰਤਵ ਨੂੰ ਮੁੱਖ ਰੱਖਣ ਦਾ ਵਿਚਾਰ ਹੈ ਤਾਂ ਇਸ ਨਾਲ ਜੁੜੇ ਕੁਝ ਹੋਰ ਪਹਿਲੂਆਂ 'ਤੇ ਵੀ ਝਾਤ ਮਾਰਨ ਦੀ ਲੋੜ ਹੈ। ਹੁਕਮਨਾਮੇ ਦੀ ਉਲੰਘਣਾ ਸਿੱਖ ਮਾਈ ਭਾਈ ਲਈ ਬੜਾ ਗੰਭੀਰ ਮਸਲਾ ਹੈ। ਪਰ ਇਲਾਹੀ ਬਾਣੀ, ਦਸਾਂ ਗੁਰੂਆਂ ਦੀ ਜੋਤ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਿਧਾਂਤਾਂ ਦੀ ਉਲੰਘਣਾ ਤਾਂ ਸਿੱਖਾਂ ਲਈ ਬਹੁਤ ਹੀ ਗੰਭੀਰ ਮਸਲਾ ਹੈ। ਵਿਚਾਰ ਅਧੀਨ ਹੁਕਮਨਾਮੇ ਵਿਚ

ਬੜਾ ਸਪਸ਼ਟ ਆਦੇਸ਼ ਹੈ

"ਸਰਬਤ ਖਾਲਸਾ ਸੰਸਾਰ ਭਰ ਦੇ ਮਾਈ ਭਾਈ ਦੀ ਕਲਿਆਣ ਸ੍ਰੀ ਗੁਰੂ ਅਕਾਲ ਪੁਰਖ ਦੇ ਹੁਕਮ ਨੂੰ ਸਵੀਕਾਰ ਕਰਨ ਵਿਚ ਹੈ। ਅਕਾਲ ਪੁਰਖ ਸਰਬ ਸ਼ਕਤੀਮਾਨ ਅਤੇ ਦਇਆ-ਨਿਧੀ ਹੈ ਅਤੇ ਉਸ ਦੀ ਰਜ਼ਾ ਵਿਚ ਸਰਬ ਸੁਖ ਦਾਤਾ ਜਗਤ ਭਰ ਦੇ ਮਨੁੱਖ ਮਾਤਰ ਲਈ ਕਲਿਆਣਕਾਰੀ ਗੁਰੂ ਨਾਨਕ-ਗੁਰੂ ਗੋਬਿੰਦ ਸਿੰਘ ਦੁਆਰਾ ਸਿੱਖ ਮਤ ਦਾ ਪ੍ਰਕਾਸ਼ ਹੋਇਆ ਹੈ ਅਤੇ ਖਾਲਸੇ ਦਾ ਬਿਰਦ ਹੈ: ਧਰਮ ਚਲਾਵਨ, ਸੰਤ ਉਬਾਰਨ ਦੁਸ਼ਟ ਸਭਨ ਕੋ ਮੂਲ ਉਭਾਰਨ।" ਸਿੱਖ ਧਰਮ ਜਗਤ ਭਰ ਦੇ ਮਨੁੱਖ ਮਾਤਰ ਦੇ ਕਲਿਆਣ ਦੀ ਗੱਲ ਕਰਦਾ ਹੈ। ਅਕਾਲ ਪੁਰਖ ਦਾ ਹੁਕਮ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸ਼ਬਦ ਰਾਹੀਂ ਇੰਜ ਉਜਾਗਰ ਹੁੰਦਾ ਹੈ :

ਵਵਾ ਵੈਰ ਨ ਕਰੀਐ ਕਾਹੂ॥
ਘਟ ਘਟ ਅੰਤਰ ਬ੍ਰਹਮ ਸਮਾਹੂ॥

ਇਸ ਵਿਚ ਦੋ ਰਾਵਾਂ ਨਹੀਂ ਹੋ ਸਕਦੀਆਂ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਕੋਈ ਵੀ ਜਥੇਦਾਰ ਅਜਿਹਾ ਹੁਕਮਨਾਮਾ ਨਹੀਂ ਜਾਰੀ ਕਰ ਸਕਦਾ ਜੋ ਗੁਰਬਾਣੀ ਦੇ ਆਦੇਸ਼ ਅਤੇ ਸਿੱਖ ਨਿਸ਼ਚੇ ਵਿਰੁੱਧ ਜਾਂਦਾ ਹੋਵੇ। ਸਿੱਖੀ ਸਿਧਾਂਤਾਂ ਅਨੁਸਾਰ ਹਰ ਮਨੁੱਖ ਮਾਤਰ ਜਨਮ ਤੋਂ ਨਿਰਮਲ ਹੁੰਦਾ ਹੈ। ਮਨੁੱਖਾ ਦੇਹੀ ਭਾਗਾਂ ਨਾਲ ਪ੍ਰਾਪਤ ਹੁੰਦੀ ਹੈ ਕਿਉਂਕਿ ਇਸੇ ਰੂਪ ਵਿਚ ਗੋਬਿੰਦ ਨਾਲ ਮਿਲਣੀ ਸੰਭਵ ਹੈ। ਹਰ ਇਨਸਾਨ ਨੂੰ ਆਪਣੇ ਕਰਮਾਂ ਦਾ ਲੇਖਾ ਦੇਣਾ ਪੈਂਦਾ ਹੈ: "ਮੰਦਾ ਚੰਗਾ ਆਪਣਾ ਆਪੇ ਹੀ ਕੀਤਾ ਪਾਵਣਾ।" ਸਿੱਖੀ ਸਿਧਾਂਤਾਂ ਵਿਚ ਕਿਸੇ ਦੇ ਗੁਨਾਹਾਂ ਦੀ ਸਜ਼ਾ ਦੂਜੇ ਨੂੰ ਨਹੀਂ ਦਿੱਤੀ ਜਾ ਸਕਦੀ : "ਪੜਿਆ ਹੋਵੈ ਗੁਨਹਗਾਰ ਤਾਂ ਓਮੀ ਸਾਧ ਨ ਮਾਰੀਐ॥" ਸਪਸ਼ਟ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਜਾਰੀ ਕੀਤਾ ਗਿਆ ਹੁਕਮਨਾਮਾ ਨਾ ਕਿਸੇ ਨੂੰ ਬੁਰਾ ਭਲਾ ਕਹਿਣ ਵਾਸਤੇ ਹੈ ਅਤੇ ਨਾ ਹੀ ਕੋਈ ਵਾਧੂ ਦਾ ਵਿਵਾਦ ਛੇੜਨ ਲਈ ਹੈ। ਸਗੋਂ ਇਹ ਤਾਂ ਗੁਰਬਾਣੀ ਅਤੇ ਸਿੱਖ ਧਰਮ ਵਿਰੁੱਧ ਹੋ ਰਹੇ ਗਲਤ ਪ੍ਰਚਾਰ ਨੂੰ ਰੋਕਣ ਲਈ ਹੈ। ਹੁਕਮਨਾਮਾ ਸਿੱਖਾਂ ਤੋਂ ਮੰਗ ਕਰਦਾ ਹੈ ਕਿ ਨਿਰੰਕਾਰੀਆਂ ਦੀਆਂ ਗਲਤ ਧਾਰਨਾਵਾਂ ਨੂੰ ਸਮਾਜ ਅਤੇ ਸੰਸਾਰ ਵਿਚ ਫੈਲਣ ਤੋਂ ਰੋਕਿਆ ਜਾਏ। ਹੁਕਮਨਾਮਾ ਨਿਰੰਕਾਰੀਆਂ ਵਿਰੁੱਧ ਨਹੀਂ ਸਗੋਂ ਅਖੌਤੀ, ਪਾਖੰਡੀ ਅਤੇ ਦੰਭੀ ਨਿਰੰਕਾਰੀਆਂ ਵਿਰੁੱਧ ਹੈ। ਸਿੱਖਾਂ ਲਈ ਤਾਂ ਨਿਰੰਕਾਰੀ ਸ਼ਬਦ ਬੜਾ ਪਵਿੱਤਰ ਹੈ। ਗੁਰਬਾਣੀ ਵਿਚ ਨਿਰੰਕਾਰੀ ਦੀ ਬੜੀ ਮਹਿਮਾ ਹੈ:

ਸਬਦੁ ਬੀਚਾਰਿ ਭਏ ਨਿਰੰਕਾਰੀ।
ਗੁਰਮਤ ਜਾਗੇ ਦੁਰਮਤ ਪਰਹਾਰੀ।
ਅਨਹਦ ਸੁਣਿ ਮਾਨਿਆ ਸਬਦ ਵੀਚਾਰੀ
ਆਤਮ ਜੀਨਿ ਭਏ ਨਿਰੰਕਾਰੀ॥

ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਹੁਕਮਨਾਮਾ ਨਿਰੰਕਾਰੀ ਆਗੂ ਗੁਰਬਚਨ ਸਿੰਘ ਦਾ ਨਾਂ ਲੈ ਕੇ ਜਾਰੀ ਕੀਤਾ ਗਿਆ ਸੀ। ਨਿਰੰਕਾਰੀ ਆਗੂ ਉਤੇ ਦੋਸ਼ ਸੀ ਕਿ : "ਨਿਰੰਕਾਰੀ....ਲਹਿਰ ਜਿਸ ਦਾ ਮੁਖੀ ਗੁਰਬਚਨ ਸਿੰਘ ਹੈ, ਉਸਦਾ ਨਿਸ਼ਾਨਾ ਧਰਮ ਅਤੇ ਸਦਾਚਾਰ ਨੂੰ ਵਿਨਾਸ਼ ਕਰਨਾ ਤਾਂ ਹੈ ਹੀ, ਪਰ ਉਹ ਸਿੱਖੀ ਤੇ ਖਾਲਸੇ ਦੇ ਸਿਧਾਂਤਾਂ, ਰਹੁ-

ਗੀਤਾਂ ਤੇ ਗੌਰਵ ਉੱਤੇ ਵਿਸ਼ੇਸ਼ ਕਰਕੇ ਪਰਚੰਡ ਹਮਲੇ ਕਰ ਰਿਹਾ ਹੈ।" ਨਿਰੰਕਾਰੀ ਆਗੂ ਗੁਰਬਚਨ ਸਿੰਘ ਦੇ ਬਾਅਦ ਹੁਣ ਇਸ ਲਹਿਰ ਦਾ ਆਗੂ ਹਰਦੇਵ ਸਿੰਘ ਹੈ। ਹਰਦੇਵ ਸਿੰਘ ਨੇ ਆਪਣੇ ਪਿਤਾ ਦੇ ਕਤਲ ਬਾਅਦ 13 ਦਸੰਬਰ 1981 ਨੂੰ ਇਕ ਪੱਤਰ ਉਸ ਸਮੇਂ ਦੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਅਜਨੋਹਾ ਜੀ ਨੂੰ ਲਿਖਿਆ ਅਤੇ ਇਹ ਸਪੱਸ਼ਟੀਕਰਨ ਦਿੱਤਾ:

"1. ਅਸੀ ਸਿੱਖ ਗੁਰੂ ਸਾਹਿਬਾਨ ਨੂੰ ਰੱਬੀ ਅਵਤਾਰ ਮੰਨਦੇ ਹਾਂ ਤੇ ਉਨ੍ਹਾਂ ਪ੍ਰਤੀ ਸਾਡੀਆਂ ਭਾਵਨਾਵਾਂ ਪੂਰਨ ਸ਼ਰਧਾ ਨਾਲ ਭਰਪੂਰ ਹਨ।

2. ਅਸੀਂ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਨੂੰ ਧੁਰ ਕੀ ਬਾਣੀ ਮੰਨਦੇ ਹਾਂ ਤੇ ਗੁਰੂ ਗ੍ਰੰਥ ਸਾਹਿਬ ਦੀ ਸ਼ਾਨ ਵਿਚ ਕੋਈ ਵੀ ਬੁਰੀ ਭਾਵਨਾ ਮਨ ਵਿਚ ਨਹੀਂ ਰੱਖਦੇ ਹਾਂ ਤੇ ਨਾ ਹੀ ਇਸ ਕਿਸਮ ਦੀ ਭਾਵਨਾ ਦਾ ਪ੍ਰਗਟਾਵਾ ਕਰਦੇ ਹਾਂ। ਅਸੀਂ ਸਿੱਖ ਪਰੰਪਰਾ ਅਤੇ ਮਰਿਆਦਾ ਦਾ ਪੂਰਾ ਆਦਰ ਕਰਦੇ ਹਾਂ, ਉਨ੍ਹਾਂ ਬਾਰੇ ਮੰਦੇ ਸ਼ਬਦਾਂ ਦੀ ਵਰਤੋਂ ਦਾ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ।

3. ਨਿਰੰਕਾਰੀ ਮਿਸ਼ਨ ਦੀਆਂ ਪੁਸਤਕਾਂ, 'ਅਵਤਾਰ ਬਾਣੀ' ਤੇ 'ਯੁਗ ਪੁਰਸ਼' ਕਿਸੇ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਲਈ ਨਹੀਂ ਲਿਖੀਆਂ ਗਈਆਂ, ਫੇਰ ਵੀ ਜੇ ਕੁਝ ਗੱਲਾਂ ਸਿੱਖ ਸੰਗਤਾਂ ਨੂੰ ਇਤਰਾਜ਼ਯੋਗ ਲਗਦੀਆਂ ਹੋਣ ਤਾਂ ਉਨ੍ਹਾਂ ਦੀ ਸ਼ੁਧੀ ਵਿਚ ਫੈਸਲਾ ਦੋਹਾਂ ਧਿਰਾਂ ਦੀ ਸਾਂਝੀ ਕਮੇਟੀ ਕਰ ਦੇਵੇਗੀ।

ਦਾਸ ਨੂੰ ਆਸ ਹੈ ਕਿ ਉਪਰੋਕਤ ਸਪੱਸ਼ਟੀਕਰਨ ਤੋਂ ਬਾਅਦ ਆਪ ਸਿੱਖ ਸੰਗਤਾਂ ਅਤੇ ਨਿਰੰਕਾਰੀਆਂ ਵਿਚਕਾਰ ਪੈਦਾ ਹੋਏ ਮਤਭੇਦਾਂ ਨੂੰ ਸਮਾਪਤ ਕਰਨ ਵਿਚ ਸਫਲ ਹੋਵੋਗੇ।"

ਨਿਮਰਤਾ, ਸਹਿਣਸ਼ੀਲਤਾ ਸਿੱਖੀ ਦੇ ਗਹਿਣੇ ਹਨ। "ਗੁਰਮੁਖ ਵੈਰ ਵਿਰੋਧ ਗਵਾਵੈ" ਦੇ ਆਦੇਸ਼ ਅਨੁਸਾਰ ਨਿਰੰਕਾਰੀ ਆਗੂ ਹਰਦੇਵ ਸਿੰਘ ਦੇ ਪੱਤਰ ਤੋਂ ਬਾਅਦ ਇਸ ਵਿਸ਼ੇ 'ਤੇ ਗੱਲਬਾਤ ਚੱਲਣੀ ਚਾਹੀਦੀ ਸੀ। ਸਰਬੱਤ ਦਾ ਭਲਾ ਅਤੇ ਆਪ ਤਰੈ ਅਵਰਾ ਤਾਰੈ ਹਰ ਸਿੱਖ ਦਾ ਟੀਚਾ ਹੈ। ਭੁੱਲੇ ਭਟਕਿਆਂ ਨੂੰ ਰਾਹੇ ਪਾਉਣ ਲਈ ਗੋਸ਼ਟਿ ਦਾ ਮਾਰਗ ਉੱਤਮ ਗਿਣਿਆ ਗਿਆ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਬਚਨ ਹਨ "ਜਬ ਲਗ ਦੁਨੀਆਂ ਰਹੀਐ, ਨਾਨਕ ਕਿਛੁ ਸੁਣੀਐ ਕਿਛੁ ਕਹੀਐ।" ਸ੍ਰੀ ਅਕਾਲ ਤਖ਼ਤ ਸਾਹਿਬ ਦਾ ਜਥੇਦਾਰ ਗੁਰਮੁਖ ਅਤੇ ਬ੍ਰਹਮ ਗਿਆਨੀ ਵਾਂਗ ਸਮਦਰਸ਼ੀ ਹੁੰਦਾ ਹੈ। ਉਸ ਲਈ ਤਾਂ "ਨਾ ਕੋ ਬੈਰੀ ਨਹੀ ਬਿਗਾਨਾ, ਸਗਲ ਸੰਗ ਹਮਿ ਕਉ ਬਨਿ ਆਈ" ਦਾ ਸਿਧਾਂਤ ਸੁਨਹਿਰੀ ਹੈ। ਉਸ ਨੂੰ ਤਾਂ ਗੁਰਬਾਣੀ ਦਾ ਆਦੇਸ਼ ਕਦੇ ਵੀ ਨਹੀਂ ਵਿਸਰਦਾ :

ਪਰ ਕਾ ਬੁਰਾ ਨ ਰਾਖਹੁ ਚੀਤਿ।<br>
ਤੁਮ ਕਉ ਦੁਖ ਨਹੀਂ ਭਾਈ ਮੀਤ॥

ਇਸ ਸਮੇਂ ਮਸਲਾ ਕਿਸੇ ਦੁਨਿਆਵੀ ਕਚਹਿਰੀ ਵਿਚ ਨਹੀਂ ਪੇਸ਼ ਹੋਇਆ ਜੋ ਸ਼ਬਦ ਜਾਲ ਨਾਲ ਉਲਝਾਇਆ ਜਾਂ ਸੁਲਝਾਇਆ ਜਾ ਸਕੇ। ਇਹ ਮਸਲਾ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਜਥੇਦਾਰ ਦੇ ਸਨਮੁਖ ਹੈ। ਇਤਿਹਾਸ ਗਵਾਹ ਹੈ ਕਿ ਕਾਂਗਰਸ ਨਿਰੰਕਾਰੀ ਮੰਡਲ ਨਾਲੋਂ ਕਿਤੇ ਵੱਧ ਸਿੱਖਾਂ ਦੀ ਗੁਨਾਹਗਾਰ ਹੈ। ਪੰਥਕ ਉਮੀਦਵਾਰ ਅਤੇ ਕਾਂਗਰਸੀ

ਉਮੀਦਵਾਰ ਵਿਚ ਜੇ ਚੋਣ ਜੰਗ ਹੁੰਦਾ ਹੈ ਤਾਂ ਪੰਥ ਦੇ ਦੋਖੀ ਕਾਂਗਰਸੀ ਉਮੀਦਵਾਰ ਦੀ ਜਿੱਤ ਯਕੀਨੀ ਬਣਾਉਣਗੇ ਅਤੇ ਪੰਥ ਦੀ ਚੜ੍ਹਦੀ ਕਲਾ ਵੇਖਣ ਦੇ ਸ਼ਰਧਾਲੂ ਪੰਥਕ ਉਮੀਦਵਾਰ ਦੀ ਜਿੱਤ ਵਿਚ ਯੋਗਦਾਨ ਪਾਉਣਗੇ। ਜਿਹੜੇ ਸੱਜਣ ਜਥੇਦਾਰ ਟੌਹੜਾ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਸਤਿਕਾਰ ਅਤੇ ਸਨਮਾਨ ਕਰ ਸਕਦੇ ਹਨ ਉਹ ਨਿਰਸੰਦੇਹ ਪੰਥ ਦੇ ਦੋਖੀ ਨਹੀਂ ਹੋ ਸਕਦੇ। ਹੁਕਮਨਾਮਾ ਪੰਥ ਦੇ ਦੋਖੀਆਂ ਵਿਰੁੱਧ ਹੈ। ਹੁਕਮਨਾਮੇ ਦੀ ਭਾਵਨਾ ਪੰਥ ਦੀ ਚੜ੍ਹਦੀਕਲਾ ਲਈ ਯੋਗਦਾਨ ਪਾਉਣ ਵਾਲਿਆਂ ਨੂੰ ਨਿੰਦਣ ਦੀ ਨਹੀਂ। ਪਰ ਜੇ ਭਾਵਨਾ ਨੂੰ ਛੱਡ ਕੇ ਕੇਵਲ ਹੁਕਮਨਾਮੇ ਦੇ ਸ਼ਬਦਾਂ ਨੂੰ ਵੇਖਣਾ ਹੋਵੇ ਤਾਂ ਵੀ ਹੁਕਮਨਾਮਾ ਸਾਰੇ ਨਿਰੰਕਾਰੀ ਮੰਡਲ ਦੇ ਬਾਈਕਾਟ ਦਾ ਸੱਦਾ ਨਹੀਂ ਦਿੰਦਾ ਸਗੋਂ ਕੇਵਲ ਨਿਰੰਕਾਰੀ ਆਗੂ ਗੁਰਬਚਨ ਸਿੰਘ ਅਤੇ ਉਨ੍ਹਾਂ ਸਿੱਖਾਂ ਦੇ ਵਿਰੁੱਧ ਹੈ ਜੋ ਇਸ ਦੰਭੀ ਤੇ ਪਾਖੰਡੀ ਅਖੌਤੀ ਨਿਰੰਕਾਰੀ ਸੰਸਥਾ ਦਾ ਅੰਗ ਬਣ ਚੁੱਕੇ ਹਨ।

ਸਤਿਕਾਰਯੋਗ ਜਥੇਦਾਰ ਜੀ ਸਮਾਂ ਕਿਸੇ ਕਿਸੇ ਵਿਅਕਤੀ ਨੂੰ ਇਤਿਹਾਸ ਸਿਰਜਣ ਦਾ ਮੌਕਾ ਦਿੰਦਾ ਹੈ। ਇਹ ਮਸਲਾ ਕੈਪਟਨ ਅਮਰਿੰਦਰ ਸਿੰਘ ਅਤੇ ਜਥੇਦਾਰ ਟੌਹੜਾ ਵਿਚਕਾਰ ਕੇਵਲ ਨਿੱਜੀ ਦੁਸ਼ਣਬਾਜ਼ੀ ਦਾ ਮਸਲਾ ਨਹੀਂ ਸਗੋਂ ਕਈ ਸਾਲਾਂ ਤੋਂ ਚਲੇ ਆ ਰਹੇ ਅਣਸੁਖਾਵੇਂ ਵੈਰ ਵਿਰੋਧ ਨੂੰ ਤਸੱਲੀਬਖ਼ਸ਼ ਰੂਪ ਵਿਚ ਮਿਟਾਉਣ ਦਾ ਮਸਲਾ ਹੈ। ਦਾਸ ਦੀ ਸਨਿਮਰ ਬੇਨਤੀ ਹੈ ਕਿ ਇਸ ਮਸਲੇ ਨੂੰ ਭਾਵੁਕਤਾ ਨਾਲ ਨਹੀਂ ਸਗੋਂ ਗੁਰਬਾਣੀ ਦੇ ਆਸ਼ੇ ਅਨੁਸਾਰ ਨਜਿੱਠਿਆ ਜਾਏ। ਸਿੱਖ ਧਰਮ ਨੇ ਸਾਰੇ ਸੰਸਾਰ ਵਿਚ ਇਕ ਮਹੱਤਵਪੂਰਨ ਰੋਲ ਅਦਾ ਕਰਨਾ ਹੈ। ਸਿੱਖ ਪੰਥ ਦੇ ਦੋਖੀ ਸਿੱਖ ਧਰਮ ਲਈ ਸਮੇਂ-ਸਮੇਂ ਅਜਿਹੀਆਂ ਸਥਿਤੀਆਂ ਪੈਦਾ ਕਰ ਰਹੇ ਹਨ ਕਿ ਸਾਰੇ ਸੰਸਾਰੀ ਜੀਵਾਂ ਦਾ ਮਾਰਗ-ਦਰਸ਼ਨ ਕਰਨ ਦੀ ਥਾਂ ਸਿੱਖਾਂ ਦੇ ਆਗੂ ਛੋਟੇ-ਮੋਟੇ ਝਗੜਿਆਂ ਵਿਚ ਉਲਝੇ ਰਹਿਣ। ਆਪ ਜੀ ਦੇ ਰੋਮ-ਰੋਮ ਵਿਚ ਗੁਰਬਾਣੀ ਦਾ ਵਾਸਾ ਹੈ। ਆਸ ਕਰਦਾ ਹਾਂ ਕਿ ਇਕ ਗੁਰਮੁਖ ਅਤੇ ਬ੍ਰਹਮ (ਗਿਆਨ) ਦੇ ਰੂਪ ਵਿਚ ਆਪ ਨਿਰਪੱਖ ਹੋ ਕੇ ਤਰਕ ਆਸਰੇ ਗੁਰਬਾਣੀ ਆਸ਼ੇ ਅਨੁਸਾਰ ਨਿਰਨਾ ਕਰੋਗੇ।

ਗੁਰੂ ਪੰਥ ਦਾ ਦਾਸ,
ਸ.ਸ. ਦੁਸਾਂਝ

***

## ਅਕਾਲੀ ਦਲ ਅਮਰਿੰਦਰ ਦੇ ਖਿਲਾਫ ਮਾਨਹਾਨੀ ਦਾ ਦਾਅਵਾ ਕਰੇਗਾ-ਬਾਦਲ

(ਪੰਜਾਬ ਕੇਸਰੀ) ਅੰਮ੍ਰਿਤਸਰ, 26 ਮਈ-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੁਰਚਰਨ ਸਿੰਘ ਟੌਹੜਾ ਅਤੇ ਕਾਂਗਰਸੀ ਨੇਤਾ ਅਮਰਿੰਦਰ ਸਿੰਘ ਵਿਚਕਾਰ ਵਿਵਾਦ ਵਿਚ ਅੱਜ ਨਵਾਂ ਮੋੜ ਆਇਆ ਜਦੋਂ ਪ੍ਰਕਾਸ਼ ਸਿੰਘ ਬਾਦਲ ਨੇ ਟੌਹੜੇ ਦੀ ਹਮਾਇਤ ਵਿਚ ਖੁਲ੍ਹ ਕੇ ਆਪਣਾ ਪੱਖ ਰੱਖਦੇ ਹੋਏ ਕੈਪਟਨ ਅਮਰਿੰਦਰ ਸਿੰਘ ਦੀ ਆਲੋਚਨਾ ਕੀਤੀ ਤੇ ਕਿਹਾ ਕਿ ਅਮਰਿੰਦਰ ਸਿੰਘ ਦੇ ਦੋਸ਼ ਬੇਬੁਨਿਆਦ ਅਤੇ ਰਾਜਨੀਤੀ ਤੋਂ ਪ੍ਰੇਰਤ ਹਨ।

ਅੱਜ ਇਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਨੇ ਕਿਹਾ ਕਿ ਕਾਂਗਰਸੀ ਆਗੂ ਕੈਪਟਨ ਅਮਰਿੰਦਰ ਸਿੰਘ ਆਪਣੀ ਲੀਡਰੀ ਘੱਟ ਹੋਣ ਅਤੇ ਰਾਜਨੀਤੀ ਵਿਚ ਅਸਫਲ ਰਹਿਣ ਕਰਕੇ ਬੌਖਲਾਹਟ ਵਿਚ ਘਟੀਆ ਰਵੱਈਆ ਅਪਣਾਉਂਦੇ ਹੋਏ ਜਥੇਦਾਰ ਟੌਹੜਾ ਉੱਤੇ ਚਿੱਕੜ ਸੁੱਟ ਰਹੇ ਹਨ। ਉਨ੍ਹਾਂ ਨੇ ਕਿਹਾ ਕਿ ਝੂਠੇ ਫੋਟੋ ਪ੍ਰਕਾਸ਼ਤ ਕਰਵਾ ਕੇ

ਅਮਰਿੰਦਰ ਸਿੰਘ, ਜਥੇਦਾਰ ਟੌਹੜਾ ਨੂੰ ਬਦਨਾਮ ਕਰਨ ਵਿਚ ਲੱਗੇ ਹੋਏ ਹਨ। ਬਾਦਲ ਨੇ ਕਿਹਾ ਕਿ ਅਕਾਲੀ ਦਲ ਕੈਪਟਨ ਦੁਆਰਾ ਝੂਠੇ ਫੋਟੋਗ੍ਰਾਫ ਪੇਸ਼ ਕਰਨ ਕਰਕੇ ਉਨ੍ਹਾਂ ਵਿਰੁੱਧ ਮਾਨਹਾਨੀ ਦਾ ਕੇਸ ਦਾਇਰ ਕਰੇਗਾ। ਪੱਤਰਕਾਰਾਂ ਨੇ ਜਦ ਸ੍ਰੀ ਬਾਦਲ ਨੂੰ ਟੌਹੜਾ ਦੇ ਉਸ ਬਿਆਨ ਪ੍ਰਤੀ ਪੁੱਛਿਆ ਜਿਸ ਵਿਚ ਉਨ੍ਹਾਂ ਨੂੰ ਬਦਨਾਮ ਕਰਨ ਵਿਚ ਅਕਾਲੀ ਵਰਕਰਾਂ ਦਾ ਹੱਥ ਕਿਹਾ ਹੈ, ਤਾਂ ਸ੍ਰੀ ਬਾਦਲ ਨੇ ਕਿਹਾ ਕਿ ਅਗਰ ਕੋਈ ਵੀ ਅਕਾਲੀ ਨੇਤਾ ਇਸ ਸਾਜ਼ਿਸ਼ ਵਿਚ ਦੋਸ਼ੀ ਪਾਇਆ ਗਿਆ ਤਾਂ ਉਸ ਦੇ ਵਿਰੁੱਧ ਸਖਤ ਕਾਰਵਾਈ ਕੀਤੀ ਜਾਵੇਗੀ। ਇਸ ਸਬੰਧ ਵਿਚ ਸਥਾਨਕ ਨਿਰੰਕਾਰੀ ਭਵਨ ਦੇ ਸੰਚਾਲਕ ਨੇ ਸਪੱਸ਼ਟ ਕੀਤਾ ਹੈ ਕਿ ਨਿਰੰਕਾਰੀ ਮਿਸ਼ਨ ਵਿਚ ਕਿਸੇ ਰਾਜਨੀਤਕ ਤੇ ਵਿਸ਼ੇਸ਼ ਵਿਅਕਤੀ ਦੇ ਗਲ ਵਿਚ ਸਿਰੋਪਾ ਪਾਉਣ ਦੀ ਪ੍ਰਥਾ ਨਹੀਂ ਹੈ। ਨਿਰੰਕਾਰੀ ਮਿਸ਼ਨ ਵਿਚ ਕਿਸੇ ਵਿਅਕਤੀ ਵਿਸ਼ੇਸ਼ ਨੂੰ ਸਿਰੋਪਾ ਦੇਣ ਦਾ ਅਰਥ ਹੁੰਦਾ ਹੈ ਆਪਣੇ ਤੋਂ ਵੱਡਾ ਸਮਝਣਾ ਅਤੇ ਉੱਚਾ ਦਰਜਾ ਦੇਣਾ। ਉਨ੍ਹਾਂ ਨੇ ਕਿਹਾ ਕਿ ਨਿਰੰਕਾਰੀਆਂ ਵਿਚ ਸਿਰਫ ਪ੍ਰਚਾਰਕ ਹੀ ਗਲੇ ਵਿਚ ਸਫੈਦ ਸਿਰੋਪਾ ਪਾ ਸਕਦੇ ਹਨ। ਨਿਰੰਕਾਰੀ ਭਵਨ ਦੇ ਉਕਤ ਸੰਚਾਲਕ ਨੂੰ ਜਦੋਂ ਵਰਤਮਾਨ ਟੌਹੜਾ-ਅਮਰਿੰਦਰ ਸਬੰਧ ਵਿਚ ਪੁੱਛਿਆ ਗਿਆ ਤਾਂ ਉਨ੍ਹਾਂ ਨੇ ਇਸ ਬਾਰੇ ਕਿਸੇ ਪ੍ਰਤੀਕਿਰਿਆ ਤੋਂ ਇਨਕਾਰ ਕਰਦਿਆਂ ਕਿਹਾ ਕਿ ਉਕਤ ਨਿਰੰਕਾਰੀ ਮਿਸ਼ਨ ਰਾਜਨੀਤੀ ਤੋਂ ਕੋਹਾਂ ਦੂਰ ਹੈ। ਫੋਟੋ ਦੀ ਸੱਚਾਈ ਬਾਰੇ ਟੌਹੜਾ ਜਾਂ ਅਮਰਿੰਦਰ ਹੀ ਬੇਹਤਰ ਜਾਣਦੇ ਹਨ।

ਦੂਜੇ ਪਾਸੇ ਪਟਿਆਲਾ ਤੋਂ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਹੈ ਕਿ ਜਦੋਂ ਹੀ ਉਨ੍ਹਾਂ ਨੂੰ ਅਕਾਲ ਤਖ਼ਤ ਦੇ ਜਥੇਦਾਰ ਰਣਜੀਤ ਸਿੰਘ ਵਲੋਂ ਤਸਵੀਰਾਂ ਦੇ ਨੈਗੇਟਿਵ ਪੇਸ਼ ਕਰਨ ਦਾ ਪੱਤਰ ਮਿਲੇਗਾ ਉਹ ਨੈਗੇਟਿਵ ਪੇਸ਼ ਕਰ ਦੇਣਗੇ। ਅੱਜ ਇਥੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਉਨ੍ਹਾਂ ਕਿਹਾ ਕਿ ਮੈਨੂੰ ਉਮੀਦ ਹੈ ਕਿ ਮੈਂ ਉਨ੍ਹਾਂ ਤਸਵੀਰਾਂ ਦੇ ਨੈਗੇਟਿਵ ਵੀ ਪ੍ਰਾਪਤ ਕਰ ਲਵਾਂਗਾ। ਉਨ੍ਹਾਂ ਨੇ ਕਿਹਾ ਕਿ ਅੱਜ ਸ੍ਰੀ ਟੌਹੜਾ ਤਕਨੀਕੀ ਮਾਹਿਰਾਂ ਦੀ ਜਾਂਚ ਕਮੇਟੀ ਬਣਾਉਣ ਦੀ ਮੰਗ ਕਰ ਰਹੇ ਹਨ ਜਦਕਿ ਉਹ ਪਹਿਲਾਂ ਹੀ ਐਸੀ ਮੰਗ ਅਕਾਲ ਤਖ਼ਤ ਦੇ ਜਥੇਦਾਰ ਤੋਂ ਕਰ ਚੁੱਕੇ ਹਨ ਅਤੇ ਇਸ ਲਈ ਉਨ੍ਹਾਂ ਨੂੰ ਹਾਈਕੋਰਟ ਦੇ ਦੋ ਸੇਵਾ-ਮੁਕਤ ਜੱਜਾਂ ਉਤੇ ਅਧਾਰਤ ਜਾਂਚ ਕਮਿਸ਼ਨ ਬਣਾਉਣ ਦੀ ਬੇਨਤੀ ਕਰ ਚੁੱਕਾ ਹਾਂ, ਜਿਸ ਨੂੰ ਟੌਹੜੇ ਨੇ ਇਹ ਕਹਿ ਕੇ ਰੱਦ ਕਰ ਦਿੱਤਾ ਸੀ ਕਿ ਇਹ ਮੰਗ ਅਕਾਲ ਤਖ਼ਤ ਦੀ ਪ੍ਰੰਪਰਾ ਦੇ ਵਿਰੁੱਧ ਹੈ। ਉਨ੍ਹਾਂ ਨੇ ਕਿਹਾ ਕਿ ਸ੍ਰੀ ਟੌਹੜਾ ਹਮੇਸ਼ਾ ਹੀ ਆਪਣੇ ਹਿਤਾਂ ਲਈ ਸਿੱਖਾਂ ਨੂੰ ਗੁੰਮਰਾਹ ਕਰਦੇ ਰਹੇ ਹਨ ਅਤੇ 1992 ਵਿਚ ਉਨ੍ਹਾਂ ਨੇ ਹੱਥ ਖੜ੍ਹੇ ਕਰਕੇ ਇਹ ਪ੍ਰਣ ਲਿਆ ਸੀ ਕਿ ਉਹ ਭਵਿੱਖ ਵਿਚ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਕੋਈ ਵੀ ਅਹੁਦਾ ਨਹੀਂ ਲੈਣਗੇ ਇਸ ਦੇ ਬਾਵਜੂਦ ਉਹ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬਣੇ ਅਤੇ ਰਾਜ ਸਭਾ ਦੀ ਮੈਂਬਰੀ ਵੀ ਲਈ। ਉਨ੍ਹਾਂ ਨੇ ਕਿਹਾ ਕਿ ਨਿਰੰਕਾਰੀ ਕੇਸ ਕਿਸੇ ਰਾਜਨੀਤਕ ਦਲ ਦਾ ਮਾਮਲਾ ਨਹੀਂ ਬਲਕਿ ਉਨ੍ਹਾਂ ਦਾ ਅਤੇ ਟੌਹੜੇ ਦਾ ਮਾਮਲਾ ਹੈ। ਪਰ ਅਫਸੋਸ ਦੀ ਗੱਲ ਹੈ ਕਿ ਸ੍ਰੀ ਟੌਹੜਾ ਅਕਾਲ ਤਖ਼ਤ 'ਤੇ ਜਾ ਕੇ ਆਪਣਾ ਅਪਰਾਧ ਕਬੂਲ ਕਰਨ ਦੀ ਥਾਂ ਆਪਣੇ ਹਮਾਇਤੀਆਂ ਕੋਲੋਂ ਬਿਆਨਬਾਜ਼ੀ ਕਰਵਾ ਕੇ ਮਸਲੇ ਨੂੰ ਹੋਰ ਵੀ ਉਲਝਾਉਣ ਦਾ ਯਤਨ ਕਰ ਰਹੇ ਹਨ।

***

## ਜਥੇਦਾਰ ਟੌਹੜਾ ਦੀ ਲਿਖੀ ਚਿੱਠੀ ਦਾ ਮੂਲ ਪਾਠ

ਪਰਮ ਸਤਿਕਾਰ ਯੋਗ ਸਿੰਘ ਸਾਹਿਬਾਨ ਜੀਓ
ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

ਸ੍ਰੀ ਮਾਨ ਜੀਓ

ਮੈਂ ਆਪ ਜੀ ਵਲੋਂ ਪੁਛੇ ਗਏ ਸਵਾਲ ਦੇ ਜਵਾਬ ਵਿਚ ਪੂਰੀ 'ਦਿਆਨਤਦਾਰੀ' ਇਮਾਨਦਾਰੀ ਦੇ ਨਾਲ ਸਚੋ ਸੱਚ ਸਪੱਸ਼ਟੀਕਰਨ ਦੇਂਦਾ ਹਾਂ ਕਿ ਮੈਂ ਨਾ ਤਾਂ ਨਿਰੰਕਾਰੀ ਭਵਨ ਵਿਚ ਗਿਆ ਨਾ ਹੀ ਨਿਰੰਕਾਰੀਆਂ ਤੋਂ ਵੋਟਾਂ ਮੰਗੀਆਂ ਹਨ ਨਾ ਹੀ ਕਿਸੇ ਨਿਰੰਕਾਰੀ ਤੋਂ ਪਾਣੀ ਧਾਣੀ ਪੀਤਾ ਹੈ ਅਤੇ ਨਾ ਹੀ ਕਿਸੇ ਨਿਰੰਕਾਰੀ ਤੋਂ ਸਿਰ ਉਪਾਓ ਲਿਆ ਹੈ।

ਮੇਰੇ ਵਿਰੁੱਧ ਇਹ ਵਾਦ ਵਿਵਾਦ ਖਾਸ ਸਾਜਸ਼ ਅਧੀਨ ਹੈ ਅਤੇ ਰਾਜਨੀਤੀ ਤੋਂ ਪ੍ਰੇਰਤ ਹੈ। ਜਿਸ ਬਿਆਨ ਬਾਰੇ ਆਪ ਜੀ ਨੇ ਪੁਛਿਆ ਹੈ ਉਹ ਨਾ ਹੀ ਮੈਂ ਪੜਿਆ ਹੈ ਅਤੇ ਨਾ ਹੀ ਕਿਸੇ ਪ੍ਰੈਸ ਨੁਮਾਇੰਦੇ ਨੂੰ ਮੈਂ ਅਜਿਹਾ ਆਖਿਆ ਹੈ।

ਮੈਂ ਵਿਸਾਖੀ ਦੇ ਜੋੜ ਮੇਲੇ ਸਮੇਂ ਤਖ਼ਤ ਸ੍ਰੀ ਦਮਦਮਾ ਸਾਹਿਬ ਆਪਣੇ ਭਾਸ਼ਨ ਦੌਰਾਨ ਇਹ ਜਰੂਰ ਆਖਿਆ ਸੀ ਮੇਰੇ ਅਤੇ ਸ. ਸਿਮਰਨਜੀਤ ਸਿੰਘ ਸਮੇਤ ਜਾਂ ਕੋਈ ਰਾਜਨੀਤਕ ਆਗੂ, ਜਦੋਂ ਵੋਟਰਾਂ ਨੂੰ ਅਪੀਲ ਕਰਦਾ ਹੈ ਉਹ ਸਮੁੱਚੀ ਜਨਤਾ ਨੂੰ ਅਪੀਲ ਕਰਦਾ ਹੈ। ਕੀ ਸ. ਮਾਨ ਵੋਟਰਾਂ ਨੂੰ ਅਪੀਲ ਕਰਨ ਸਮੇਂ ਇਹ ਭਾਸ਼ਨ ਦੇਂਦੇ ਸਨ ਕਿ ਮੈਨੂੰ ਨਿਰੰਕਾਰੀ ਵੋਟਾਂ ਨਾ ਪਾਉਣ, ਉਹ ਭੀ ਸਮੁੱਚੇ ਵੋਟਰਾਂ ਨੂੰ ਹੀ ਅਪੀਲ ਕਰਦੇ ਸਨ। ਅਜਿਹਾ ਹੀ ਹਰ ਸਿਆਸੀ ਆਗੂ ਆਖਦਾ ਹੈ। "ਭੁੱਲ ਚੁੱਕ ਦੀ ਖਿਮਾ"

ਗੁਰੂ ਪੰਥ ਦਾ ਦਾਸ
ਗੁਰਚਰਨ ਸਿੰਘ ਟੌਹੜਾ

***

*25 ਜੂਨ 1998*

## ਗੁਰਮਤਾ

ਅੱਜ ਮਿਤੀ 25 ਜੂਨ 1998 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਹੋਈ, ਜਿਸ ਵਿਚ ਕੈਪਟਨ ਅਮਰਿੰਦਰ ਸਿੰਘ ਵਲੋਂ ਜਥੇਦਾਰ ਗੁਰਚਰਨ ਸਿੰਘ ਟੌਹੜਾ ਹੁਣਾਂ ਦੇ ਨਿਰੰਕਾਰੀ ਭਵਨ ਵਿਖੇ ਜਾਣ ਬਾਰੇ ਲਾਏ ਗਏ ਦੋਸ਼ਾਂ ਨੂੰ ਵਿਚਾਰਿਆ ਗਿਆ।

* ਇਸ ਸਬੰਧੀ ਕੈਪਟਨ ਅਮਰਿੰਦਰ ਸਿੰਘ ਵਲੋਂ ਪੇਸ਼ ਕੀਤੀ ਗਈ ਫੋਟੋ ਤੇ ਨੈਗਟਿਵ ਨਕਲੀ ਹੋਣ ਕਾਰਨ,

* 15 ਫਰਵਰੀ 1998 ਤੋਂ 10 ਅਪ੍ਰੈਲ 1998 ਤੱਕ ਕੈਪਟਨ ਅਮਰਿੰਦਰ ਸਿੰਘ ਵਲੋਂ ਚੁੱਪ ਰਹਿਣ ਦਾ ਠੋਸ ਕਾਰਨ ਨਾ ਦੱਸ ਸਕਣ ਕਾਰਨ ਅਤੇ

* ਜਥੇਦਾਰ ਗੁਰਚਰਨ ਸਿੰਘ ਟੌਹੜਾ ਵਲੋਂ ਨਿਰੰਕਾਰੀ ਭਵਨ ਵਿਚ ਜਾਣ, ਭਾਸ਼ਨ ਕਰਦਿਆਂ ਵੋਟਾਂ ਮੰਗਣ ਤੇ ਜਲ ਪਾਣੀ ਛਕਣ ਅਤੇ ਸਿਰੋਪਾਓ ਪ੍ਰਾਪਤ ਕਰਨ ਬਾਰੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਲਿਖਤੀ ਰੂਪ ਵਿਚ ਸਾਫ ਇਨਕਾਰ ਕਰਨ ਅਤੇ ਇਸ

ਸਬੰਧੀ ਉਨ੍ਹਾਂ ਦੇ ਨਾਂ 'ਤੇ ਛਪੇ ਅਖਬਾਰੀ ਬਿਆਨਾਂ ਤੋਂ ਵੀ ਸਾਫ ਇਨਕਾਰ ਕਰਨ ਕਰਕੇ,

ਜਥੇਦਾਰ ਗੁਰਚਰਨ ਸਿੰਘ ਟੌਹੜਾ ਹੁਣਾਂ ਦੇ ਨਿਰੰਕਾਰੀ ਭਵਨ ਵਿਚ ਜਾਣ ਸਬੰਧੀ ਚੱਲੰ ਰਹੇ ਵਾਦ-ਵਿਵਾਦ ਨੂੰ ਨਿਰਅਧਾਰ ਜਾਣਦਿਆਂ ਹੋਇਆਂ ਪੰਜ ਸਿੰਘ ਸਾਹਿਬਾਨ ਵਲੋਂ ਰੱਦ ਕੀਤਾ ਜਾਂਦਾ ਹੈ।

ਗੁਰੂ ਪੰਥ ਦੇ ਦਾਸ

ਦਸਤਖਤ : ਰਣਜੀਤ ਸਿੰਘ, ਮੋਹਣ ਸਿੰਘ,
ਮਨਜੀਤ ਸਿੰਘ, ਕੇਵਲ ਸਿੰਘ, ਭਗਵਾਨ ਸਿੰਘ

***

ਇਸ ਤਰ੍ਹਾਂ ਇਕ ਪਾਸੇ ਕੈਪਟਨ ਅਮਰਿੰਦਰ ਸਿੰਘ ਆਪਣੀ ਸਿਆਸੀ ਕਿੜ ਕੱਢਣ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਵਰਤੋਂ ਨਕਲੀ ਫੋਟੋ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਪੇਸ਼ ਕਰ ਕੇ ਕਰਨੀ ਚਾਹੁੰਦਾ ਸੀ, ਉਧਰ ਦੂਜੇ ਪਾਸੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਦਾ ਸਿੱਖ ਪੰਥ 'ਚ ਸ਼ੱਕੀ ਕਿਰਦਾਰ ਹੋਣ ਕਰਕੇ ਬਹੁਗਿਣਤੀ ਸਿੱਖਾਂ ਨੂੰ ਇਹ ਹੀ ਭਰਮ ਰਿਹਾ ਕਿ ਭਾਈ ਰਣਜੀਤ ਸਿੰਘ ਨੇ ਜਥੇਦਾਰ ਟੌਹੜੇ ਨਾਲ ਰਈ ਕੀਤੀ ਹੈ ਪਰ ਕੀ ਇਨ੍ਹਾਂ ਮੁਰਦਾ ਜਹੇ ਸਬੂਤਾਂ ਦੇ ਅਧਾਰ 'ਤੇ ਤੇ ਦੂਜੇ ਪਾਸੇ ਜਥੇਦਾਰ ਟੌਹੜਾ ਵਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਅਦਾਲਤ ਵਿਚ ਸ਼ਰੇਆਮ ਨਿਰੰਕਾਰੀ ਭਵਨ 'ਚ ਜਾਣ ਤੋਂ ਇਨਕਾਰੀ ਹੋ ਜਾਣ ਕਰਕੇ ਕੀ ਉਸ ਨੂੰ ਸਜ਼ਾ ਦਿੱਤੀ ਜਾ ਸਕਦੀ ਸੀ?

***

ਸ਼੍ਰੋਮਣੀ ਅਕਾਲੀ ਦਲ (ਅ) ਦੇ ਪ੍ਰਧਾਨ ਸ: ਸਿਮਰਨਜੀਤ ਸਿੰਘ ਮਾਨ ਨੇ ਸਿੰਘ ਸਾਹਿਬ ਦੇ ਇਸ ਫੈਸਲੇ ਲਈ ਆਪਣੀ ਅਸਹਿਮਤੀ ਤਾਂ ਜਰੂਰ ਜਾਹਰ ਕੀਤੀ ਪਰ ਉਨ੍ਹਾਂ ਨੇ ਵੀ ਇਸ ਸਬੰਧੀ ਕੋਈ ਠੋਸ ਸਬੂਤ ਪੇਸ਼ ਨਹੀਂ ਕੀਤੇ। ਉਨ੍ਹਾਂ ਵੱਲੋਂ ਜਥੇਦਾਰ ਟੌਹੜਾ ਨੂੰ ਪੁਛਣ ਲਈ ਸੁਝਾਏ ਗਏ ਸਵਾਲ ਸਿੰਘ ਸਾਹਿਬ ਨੇ ਪਹਿਲਾਂ ਹੀ ਜਥੇਦਾਰ ਟੌਹੜਾ ਕੋਲੋਂ ਪੁੱਛ ਲਏ ਸਨ ਤੇ ਉਨ੍ਹਾਂ ਦਾ ਲਿਖਤੀ ਜੁਆਬ ਲਿਆ ਸੀ, ਜਿਹੜੇ ਜਥੇਦਾਰ ਟੌਹੜਾ ਦੀ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਲਿਖੀ ਚਿੱਠੀ ਵਿਚ ਸਪੱਸ਼ਟ ਹਨ। ਸ. ਮਾਨ ਦੀ ਇਸ ਸਬੰਧੀ ਜਥੇਦਾਰ ਸਾਹਿਬ ਨੂੰ ਲਿਖੀ ਚਿੱਠੀ ਦਾ ਮੂਲ ਪਾਠ :

***29 ਜੂਨ 1998***

ਸਤਿਕਾਰਯੋਗ ਸਿੰਘ ਸਾਹਿਬ ਜਥੇਦਾਰ ਅਕਾਲ ਤਖ਼ਤ ਸਾਹਿਬ
ਭਾਈ ਰਣਜੀਤ ਸਿੰਘ ਜੀ।

ਆਪ ਜੀ ਦੇ ਚਰਨਾਂ ਵਿਚ ਨਿਮਰਤਾ ਸਹਿਤ ਬੇਨਤੀ ਹੈ ਕਿ ਪਿਛਲੇ ਦਿਨੀਂ ਟੌਹੜਾ-ਨਿਰੰਕਾਰੀ ਮਾਮਲੇ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਦਿੱਤੇ ਫੈਸਲੇ ਨਾਲ ਸਿੱਖ ਕੌਮ ਵਿਚ ਕਾਫੀ ਹਲਚਲ ਪੈਦਾ ਹੋਈ ਹੈ। ਆਮ ਸਿੱਖਾਂ ਦੇ ਮਨਾਂ ਵਿਚ ਕਈ ਤੌਖਲੇ ਉੱਭਰ ਰਹੇ ਹਨ। ਅਸੀਂ ਮਹਿਸੂਸ ਕਰਦੇ ਹਾਂ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਇਨ੍ਹਾਂ ਤੌਖਲਿਆਂ ਦਾ ਜਵਾਬ ਦਿੱਤਾ ਜਾਣਾ ਚਾਹੀਦਾ ਹੈ ਤਾਂ ਜੋ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਾਣ-ਮਰਯਾਦਾ ਬਹਾਲ ਰਹਿ ਸਕੇ।

ਸੰਨ 1978 ਵਿਚ ਨਿਰੰਕਾਰੀਆਂ ਦੇ ਹੱਥੋਂ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ 13

ਸਿੰਘਾਂ ਦੀ ਸ਼ਹਾਦਤ ਤੋਂ ਲੈ ਕੇ ਅੱਜ ਤਕ ਅਨੇਕਾਂ ਸਿੱਖਾਂ ਨੇ ਕੌਮ ਦੀ ਖਾਤਰ ਸ਼ਹੀਦੀਆਂ ਦਿੱਤੀਆਂ, ਜੇਲ੍ਹਾਂ ਕੱਟੀਆਂ, ਤੁਸੀਂ ਖੁਦ 14 ਸਾਲ ਕਾਲਕੋਠੜੀ ਵਿਚ ਗੁਜ਼ਾਰੇ ਅਤੇ ਸਮੁੱਚੀ ਕੌਮ ਖੇਰੂੰ-ਖੇਰੂੰ ਹੋਈ। ਨਿਰੰਕਾਰੀ ਜਿਉਂ ਦੇ ਤਿਉਂ ਹਿੰਦੁਸਤਾਨ ਸਰਕਾਰ ਦੀ ਸ਼ਹਿ 'ਤੇ ਆਪਣਾ ਕੁਫਰ ਤੋਲ ਰਹੇ ਹਨ। ਪੰਜਾਬ ਅਤੇ ਪੰਜਾਬ ਤੋਂ ਬਾਹਰ ਕਈ ਥਾਵਾਂ 'ਤੇ ਸਿੱਖ ਧਰਮ ਦਾ ਮਜ਼ਾਕ ਉਡਾ ਰਹੇ ਹਨ। ਇਨ੍ਹਾਂ ਸਾਰਿਆਂ ਕਾਰਨਾਂ ਕਰਕੇ ਕੌਮੀ ਸੋਚ ਦੀ ਆਵਾਜ਼ ਬੁਲੰਦ ਰੱਖਣ ਵਾਲੇ ਸਿੱਖ ਅੱਜ ਬਹੁਤ ਚਿੰਤਾਤੁਰ ਅਤੇ ਦੁਚਿਤੀ ਵਿਚ ਹਨ।

ਪਿਛਲੇ ਸਮੇਂ ਵਿਚ ਸਿੱਖ ਮਰਯਾਦਾ ਨੂੰ ਬਹਾਲ ਕਰਨ ਲਈ ਆਪ ਜੀ ਵੱਲੋਂ ਕੀਤੇ ਫੈਸਲਿਆਂ ਨਾਲ ਸਿੱਖਾਂ ਦੇ ਮਨਾਂ ਵਿਚ ਬਹੁਤ ਆਸਾਂ ਅਤੇ ਉਮੀਦਾਂ ਹਨ। ਐਸੇ ਫੈਸਲੇ ਅਜੋਕੇ ਸਮੇਂ ਵਿਚ ਬੜੀ ਦੇਰ ਬਾਅਦ ਹੋਏ ਹਨ। ਸਮੁੱਚੀ ਸਿੱਖ ਕੌਮ ਨੂੰ ਆਪ ਜੀ ਤੋਂ ਬਹੁਤ ਉਮੀਦਾਂ ਹਨ। ਇਸੇ ਲਈ ਸਾਡੀ ਆਪ ਜੀ ਅਤੇ ਪੰਜ ਸਿੰਘ ਸਾਹਿਬਾਨ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਟੌਹੜਾ-ਨਿਰੰਕਾਰੀ ਮਸਲੇ ਵਿਚ ਇਸ ਪੱਤਰ ਨੂੰ ਸ਼ਿਕਾਇਤ ਪੱਤਰ ਸਮਝ ਕੇ ਸਰਦਾਰ ਗੁਰਚਰਨ ਸਿੰਘ ਟੌਹੜਾ 'ਤੇ ਲੱਗੇ ਦੋਸ਼ਾਂ ਨੂੰ ਮੁੜ ਵਿਚਾਰਿਆ ਜਾਵੇ।

ਦੁਨੀਆਂ ਦੇ ਧਾਰਮਕ ਅਤੇ ਸਿਆਸੀ ਇਤਿਹਾਸ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਵਿਲੱਖਣ ਥਾਂ ਹੈ। ਸਾਡੀ ਸਮਝ ਅਨੁਸਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੁਨਿਆਵੀ ਕਚਹਿਰੀ ਨਹੀਂ ਹੈ ਅਤੇ ਨਾ ਹੀ ਇਹ ਦੁਨਿਆਵੀ ਕਚਹਿਰੀਆਂ ਵਾਂਗ ਕੰਮ ਕਰ ਸਕਦੀ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦਾ ਫੈਸਲਾ ਦੁਨਿਆਵੀ ਕਚਹਿਰੀਆਂ ਵਾਂਗ ਕੇਵਲ ਸਬੂਤ 'ਤੇ ਆਧਾਰਤ ਨਹੀਂ ਹੋਣਾ ਚਾਹੀਦਾ।

ਟੌਹੜਾ-ਨਿਰੰਕਾਰੀ ਮਾਮਲੇ ਬਾਰੇ ਸਾਡੀ ਨਿਮਰਤਾ ਸਹਿਤ ਬੇਨਤੀ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ, ਸਰਦਾਰ ਗੁਰਚਰਨ ਸਿੰਘ ਟੌਹੜਾ ਨੂੰ ਅਸਤੀਫਾ ਦੇਣ ਲਈ ਕਿਹਾ ਜਾਵੇ। ਉਪਰੰਤ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਤਲਬ ਕਰਕੇ ਸਿੱਖ ਸੰਗਤਾਂ ਦੀ ਖੁੱਲ੍ਹੀ ਹਾਜ਼ਰੀ ਵਿਚ ਹੇਠ ਲਿਖੇ ਸਵਾਲ ਪੁੱਛਣ ਦੀ ਕ੍ਰਿਪਾਲਤਾ ਕਰੋ :

1. ਕੀ ਸ: ਗੁਰਚਰਨ ਸਿੰਘ ਟੌਹੜਾ ਪਟਿਆਲਾ ਵਿਖੇ ਨਿਰੰਕਾਰੀ ਭਵਨ ਗਏ ਸਨ?
2. ਉਨ੍ਹਾਂ ਦੇ ਨਾਲ ਹੋਰ ਕੌਣ-ਕੌਣ ਸਨ?
3. ਕੀ ਉਨ੍ਹਾਂ ਨੇ ਸਿਰੋਪਾ ਜਾਂ ਕੋਈ ਹੋਰ ਤੋਹਫਾ ਲਿਆ?
4. ਕੀ ਉਨ੍ਹਾਂ ਨੇ ਉਥੇ ਤਕਰੀਰ ਕੀਤੀ?
5. ਕੀ ਜਥੇਦਾਰ ਟੌਹੜਾ ਇਸ ਤੋਂ ਪਹਿਲਾਂ ਵੀ ਕਦੀ ਨਿਰੰਕਾਰੀ ਆਗੂਆਂ ਨੂੰ ਗੁਪਤ ਜਾਂ ਖੁੱਲ੍ਹੇ ਤੌਰ 'ਤੇ ਮਿਲੇ ਹਨ?

ਸੱਚ ਨੂੰ ਲੱਭਣ ਲਈ ਉੱਪਰਲੇ ਸਵਾਲ ਕਾਫੀ ਹਨ। ਲੋੜ ਪੈਣ 'ਤੇ ਸ: ਗੁਰਚਰਨ ਸਿੰਘ ਟੌਹੜਾ ਦੇ ਨਾਲ ਜੋ ਲੋਕ ਗਏ ਸਨ ਉਨ੍ਹਾਂ ਨੂੰ ਵੀ ਪੁੱਛਿਆ ਜਾਵੇ। ਅਸੀਂ ਆਸ ਕਰਦੇ ਹਾਂ ਕਿ ਜਥੇਦਾਰ ਟੌਹੜਾ ਨੇ ਅਖਬਾਰਾਂ ਵਿਚ ਜੋ ਵੀ ਕੁਝ ਕਿਹਾ ਹੋਵੇ, ਵਾਹਿਗੁਰੂ ਦੇ ਡਰ ਤੋਂ ਉਹ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਸਿੱਖ ਸੰਗਤਾਂ ਦੀ ਹਾਜ਼ਰੀ ਵਿਚ ਸੱਚ ਹੀ ਬੋਲਣਗੇ।

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਨਾਮੇ ਅਨੁਸਾਰ ਨਿਰੰਕਾਰੀਆਂ ਨਾਲ ਰੋਟੀ-ਬੇਟੀ ਦੀ ਸਾਂਝ ਨਹੀਂ ਹੋਣੀ ਚਾਹੀਦੀ ਜਿਸ ਦਾ ਸਾਫ ਮਤਲਬ ਹੈ ਕਿ ਇਸ ਸਮੁਦਾਯ ਨੂੰ ਸਿੱਖੀ ਨੂੰ ਢਾਹ ਲਾਉਣ ਤੋਂ ਰੋਕਿਆ ਜਾਵੇ। ਮੌਜੂਦਾ ਸਰਕਾਰ ਅਕਾਲੀ ਸਰਕਾਰ ਹੈ, ਮੌਜੂਦਾ

ਸਰਕਾਰ ਦੇ ਮੁਖੀ ਵੇਲੇ ਹੀ ਨਿਰੰਕਾਰੀਆਂ ਨੇ ਸਾਜ਼ਸ਼ ਨਾਲ ਸਿੱਖਾਂ ਦਾ ਘਾਣ ਕੀਤਾ ਸੀ। ਅਸੀਂ ਆਪ ਜੀ ਨੂੰ ਅਪੀਲ ਕਰਦੇ ਹਾਂ ਕਿ ਨਿਰੰਕਾਰੀਆਂ ਦੇ ਝੂਠ ਦੇ ਠੇਕੇ ਅੱਜ ਵੀ ਗੁਰੂਆਂ ਦੀ ਧਰਤੀ ਪੰਜਾਬ ਵਿਚ ਕਈ ਥਾਵਾਂ 'ਤੇ ਨਫਰਤ ਅਤੇ ਸਿੱਖੀ ਤੋਂ ਉਲਟ ਪ੍ਰਚਾਰ ਕਰ ਰਹੇ ਹਨ। ਇਨ੍ਹਾਂ ਨੂੰ ਬੰਦ ਕਰਨ ਦਾ ਹੁਕਮ ਵੀ ਮੌਜੂਦਾ ਸਰਕਾਰ ਨੂੰ ਦਿੱਤਾ ਜਾਵੇ।

ਅਸੀਂ ਨਿਮਰਤਾ ਸਹਿਤ ਬੇਨਤੀ ਕਰਦੇ ਹਾਂ ਕਿ ਪੰਥ ਦੀ ਸ਼ਾਨ ਖਾਤਰ ਇਨ੍ਹਾਂ ਮਸਲਿਆਂ 'ਤੇ ਵੀ ਵਿਚਾਰ ਕੀਤਾ ਜਾਵੇ:

* ਬੀਬੀ ਅਮਰਜੀਤ ਕੌਰ ਨੂੰ ਕੇਵਲ ਇਕ ਹਫਤੇ ਦੀ ਸੇਵਾ ਬਹੁਤ ਥੋੜ੍ਹੀ ਸੇਵਾ ਹੈ। ਬੀਬੀ ਜੀ ਨੇ ਸਿੱਖ ਕੌਮ ਦੇ ਖਿਲਾਫ ਜ਼ਹਿਰ ਉਗਲਿਆ ਸੀ ਅਤੇ ਮੌਜੂਦਾ ਸਰਕਾਰ ਦੀ ਸਿੱਖਾਂ ਦੀ ਨਸਲਕੁਸ਼ੀ ਵਿਚ ਸਰਕਾਰ ਦਾ ਸਾਥ ਦਿੱਤਾ ਸੀ।

* ਸ: ਸੁਰਜੀਤ ਸਿੰਘ ਬਰਨਾਲਾ ਨੂੰ ਅੱਜ ਤਕ ਸ੍ਰੀ ਦਰਬਾਰ ਸਾਹਿਬ ਵਿਚ ਪੁਲਿਸ ਭੇਜਣ ਦੇ ਮਾਮਲੇ ਵਿਚ ਤਨਖਾਹ ਨਹੀਂ ਲਾਈ ਗਈ।

* ਅੰਮ੍ਰਿਤਸਰ ਐਲਾਨਨਾਮਾ ਘੜਨ ਵੇਲੇ ਅਕਾਲੀ ਆਗੂਆਂ ਤੋਂ ਇਲਾਵਾ ਅਰਦਾਸ ਦੌਰਾਨ ਸਿੰਘ ਸਾਹਿਬਾਨ ਵੀ ਮੌਜੂਦ ਸਨ ਪਰ ਮੁਕਰਣ ਵਾਲਿਆਂ ਦੇ ਖਿਲਾਫ ਕੋਈ ਕਾਰਵਾਈ ਨਹੀਂ ਕੀਤੀ ਗਈ।

ਅਸੀਂ ਆਸ ਕਰਦੇ ਹਾਂ ਕਿ ਤੁਸੀਂ ਸਾਡੇ ਵਿਚਾਰਾਂ ਨੂੰ ਧਿਆਨ ਵਿਚ ਰੱਖ ਕੇ ਯੋਗ ਫੈਸਲਾ ਕਰੋਗੇ।

ਪੂਰਨ ਸਤਿਕਾਰ ਅਤੇ ਧੰਨਵਾਦ ਸਹਿਤ

ਗੁਰੂ ਘਰ ਅਤੇ ਪੰਥ ਦਾ ਦਾਸ

*ਸਿਮਰਨਜੀਤ ਸਿੰਘ ਮਾਨ,*

ਪ੍ਰਧਾਨ, ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ)

■

# ਡੇਰਾ ਹਰਨਾਮ ਸਿੰਘ ਨੌਸ਼ਹਿਰਾ ਮੱਝਾ

ਨੀਲ ਪੰਥੀਆਂ ਦਾ ਡੇਰਾ ਜਿਲ੍ਹਾ ਗੁਰਦਾਸਪੁਰ ਦੇ ਕਸਬੇ ਧਾਰੀਵਾਲ ਨੇੜੇ ਨੌਸ਼ਹਿਰਾ ਮੱਝਾ ਸਿੰਘ ਵਿਚ ਗੁਰਦੁਆਰਾ ਭੋਰਾ ਸਾਹਿਬ ਦੇ ਨਾਂਅ ਨਾਲ ਮਸ਼ਹੂਰ ਹੈ। ਏਥੇ ਇਕ ਬਹੁਤ ਹੀ ਭਜਨ ਬੰਦਗੀ ਵਾਲੇ ਸੰਤ ਬਾਬਾ ਹਰਨਾਮ ਸਿੰਘ ਕਿਲ੍ਹੇ ਵਾਲੇ ਹੋਏ ਹਨ। ਉਹ ਆਪ ਵੀ ਸਿੱਖ ਸਨ ਤੇ ਉਨ੍ਹਾਂ ਨੇ ਪ੍ਰਚਾਰ ਵੀ ਸਿੱਖੀ ਦਾ ਹੀ ਕੀਤਾ ਪਰ ਜਿਹਾ ਕਿ ਏਹੋ ਜਹੇ ਡੇਰਿਆਂ ਵਿਚ ਆਮ ਹੁੰਦਾ ਹੈ ਬਾਬਾ ਜੀ ਆਪਣੀ ਜਿੰਦਗੀ ਵਿਚ ਆਪਣਾ ਜਾਂਨਸ਼ੀਨ ਨਾ ਥਾਪ ਸਕੇ ਤੇ ਸਵਰਗਵਾਸ ਹੋ ਗਏ। ਇਸ ਤਰ੍ਹਾਂ ਬਿਨਾਂ ਨਵੇਂ ਆਗੂ ਤੋਂ ਡੇਰੇ ਦੀ ਸੰਗਤ ਦੋ ਹਿੱਸਿਆਂ ਵਿਚ ਵੰਡੀ ਗਈ। ਸਰਬਸੰਮਤੀ ਨਾਲ ਡੇਰੇ ਦੇ ਮੁਖੀ ਦੀ ਚੋਣ ਹੁੰਦੀ ਨਾ ਵੇਖ ਕੇ ਡੇਰੇ ਦੇ ਚਲਾਕ ਲੋਕਾਂ ਨੇ ਬਾਬਾ ਜੀ ਦਾ ਸੰਸਕਾਰ ਕਰਨ ਦੀ ਫੌਰੀ ਸਮੱਸਿਆ ਨੂੰ ਇਹ ਕਹਿ ਕੇ ਹੱਲ ਕਰ ਲਿਆ ਕਿ ਬਾਬਾ ਜੀ ਨੇ ਆਪਣੇ ਅੰਤਲੇ ਸਵਾਸਾਂ ਸਮੇਂ ਆਖਿਆ ਸੀ ਕਿ ਉਹਨਾਂ ਦੀ ਮੌਤ ਆਰਜੀ ਹੈ ਉਹ ਕੁਝ ਸਾਲਾਂ ਤੱਕ ਫਿਰ ਜੀਅ ਪੈਣਗੇ ਤੇ ਉਨ੍ਹਾਂ ਦੇ ਸਵਾਸ ਏਸੇ ਹੀ ਦੇਹ ਵਿਚ ਵਾਸ ਕਰਨਗੇ। ਇਸ ਲਈ ਦੇਹ ਨੂੰ ਏਸੇ ਤਰ੍ਹਾਂ ਹੀ ਇਕ ਭੋਰੇ ਵਿਚ ਬੰਦ ਕਰਕੇ ਰੱਖ ਲਿਆ ਜਾਵੇ ਤਾਂ ਕਿ ਉਨ੍ਹਾਂ ਨੂੰ ਦੁਬਾਰਾ ਏਸੇ ਹੀ ਸਰੀਰ ਵਿਚ ਆਉਣ ਲੱਗਿਆਂ ਕੋਈ ਦਿੱਕਤ ਨਾ ਹੋਵੇ। ਅੰਧਵਿਸ਼ਵਾਸੀ ਸਧਾਰਨ ਲਾਈਲੱਗ ਸੰਗਤ ਨੇ ਇਸ ਗੱਲ ਨੂੰ ਸੱਚ ਮੰਨ ਲਿਆ ਤੇ ਅਜੇ ਤੱਕ ਵੀ ਸੱਚ ਮੰਨੀ ਆਉਂਦੀ ਹੈ ਕਿ ਬੱਸ ਕੁਝ ਸਾਲਾਂ ਤਕ ਬਾਬਾ ਜੀ ਨੇ ਜੀ ਪੈਣਾ ਹੈ। ਇਸ ਤਰ੍ਹਾਂ ਇਕ 18 ਫੁਟ ਡੂੰਘਾ ਪੱਕਾ ਕਮਰਾ ਬਣਾ ਕੇ ਇਕ ਤਬੂਤ ਵਿਚ ਪਾ ਕੇ ਬਾਬਾ ਜੀ ਦੀ ਦੇਹ ਉਸ ਕਮਰੇ ਵਿਚ ਰੱਖ ਦਿਤੀ ਗਈ ਤੇ ਉੱਪਰ ਤਿੰਨ ਲੈਂਟਰ ਪਾ ਕੇ ਅੱਗੇ ਚਾਰ ਫੁੱਟ ਉੱਚਾ ਥੜ੍ਹਾ ਬਣਾ ਕੇ ਉਸ ਉਪਰ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰ ਦਿੱਤਾ। ਇਸ ਥੜ੍ਹੇ ਨੂੰ ਜਾਣਬੁੱਝ ਕੇ ਇਸ ਤਰੀਕੇ ਨਾਲ ਬਣਾਇਆ ਗਿਆ ਹੈ ਕਿ ਜੋ ਵੀ ਸ਼ਰਧਾਲੂ ਗੁਰੂ ਗ੍ਰੰਥ ਸਾਹਿਬ ਨੂੰ ਮੱਥਾ ਟੇਕੇ ਆਪਣੇ ਆਪ ਹੀ ਬਾਬੇ ਦੀ ਮ੍ਰਿਤਕ ਦੇਹ ਨੂੰ ਵੀ ਮੱਥਾ ਟੇਕਿਆ ਜਾਂਦਾ ਹੈ।

ਡੇਰੇ ਦੇ ਵੀ ਦੋ ਪੱਕੇ ਧੜੇ ਬਣ ਚੁੱਕੇ ਹਨ ਤੇ ਦੋਹਾਂ ਧੜਿਆਂ ਨੇ ਹੀ ਆਪਣੇ-ਆਪਣੇ ਟਰੱਸਟ ਬਣਾ ਲਏ ਹਨ। ਇਕ ਸੰਤ ਬਾਬਾ ਹਰਨਾਮ ਸਿੰਘ ਟਰਸਟ ਰਜਿ: ਤੇ ਦੂਜਾ ਮਾਤਾ ਤੇਜ ਕੌਰ ਟਰਸਟ ਰਜਿ:। ਇਸ ਭੋਰੇਨੁਮਾ ਕਮਰੇ ਉਤੇ ਹੁਣ ਦੋ ਕਰੋੜ ਰੁਪਿਆ ਖਰਚ ਕੇ ਆਲੀਸ਼ਾਨ ਗੁਰਦੁਆਰਾ ਬਣਾਇਆ ਗਿਆ ਹੈ। ਗੁਰਦੁਆਰੇ 'ਤੇ ਹਰਬਖਸ਼ ਸਿੰਘ ਭੰਡਾਰੀ ਅਤੇ ਹਰਭਜਨ ਸਿੰਘ ਯੂ.ਪੀ. ਵਾਲਿਆਂ ਦਾ ਕਬਜਾ ਹੈ, ਜਦੋਂ ਕਿ ਲੰਗਰ ਅਤੇ ਸਰਾਂ 'ਤੇ ਮਾਤਾ ਤੇਜ ਕੌਰ ਟਰੱਸਟ ਤੇ ਹਰਜਸ ਸੇਵਕ ਸਭਾ ਦਾ ਕਬਜਾ ਹੈ।

ਮ੍ਰਿਤਕ ਦੇਹ ਦਾ ਸੰਸਕਾਰ ਨਾ ਹੋ ਸਕਣ ਦਾ ਕਾਰਨ ਸਿਰਫ ਡੇਰੇ ਦਾ ਮੁਖੀਆ ਨਾ ਥਾਪਿਆ ਜਾ ਸਕਣਾ ਹੈ। ਜਿਵੇਂ ਕਿ 1984 ਦੇ ਸਾਕਾ ਨੀਲਾ ਤਾਰਾ ਵਿਚ ਛੇ ਜੂਨ 1984

ਨੂੰ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲੇ ਮੁਖੀ ਦਮਦਮੀ ਟਕਸਾਲ ਚੌਕ ਮਹਿਤਾ ਆਪਣੇ ਸਾਥੀਆਂ ਨਾਲ ਸ਼ਹੀਦ ਹੋ ਗਏ ਸਨ, ਉਨ੍ਹਾਂ ਦੇ ਸਰੀਰ ਦੀ ਪਛਾਣ ਉਨ੍ਹਾਂ ਦੇ ਵੱਡੇ ਭਰਾ-ਕੈਪਟਨ ਹਰਚਰਨ ਸਿੰਘ ਰੋਡੇ ਨੇ ਕੀਤੀ ਸੀ ਤੇ ਕੀਰਤਪੁਰ ਸਾਹਿਬ ਦੇ ਰਿਕਾਰਡ ਵਿਚ ਉਨ੍ਹਾਂ ਦੇ ਫੁੱਲ ਤਾਰਨ ਦਾ ਇੰਦਰਾਜ ਵੀ ਮੌਜੂਦ ਹੈ ਪਰ ਡੇਰੇ ਦਾ ਮੁਖੀ ਕੌਣ? ਦਾ ਸਵਾਲ ਹੱਲ ਨਾ ਹੋਣ ਕਰਕੇ ਪਹਿਲਾਂ ਬਾਬਾ ਠਾਕਰ ਸਿੰਘ ਜੀ ਨੂੰ ਸੰਤਾਂ ਦੀ ਥਾਂ ਐਕਟਿੰਗ ਪ੍ਰਧਾਨ ਬਣਾਇਆ ਗਿਆ ਤੇ ਫਿਰ ਉਨ੍ਹਾਂ ਦੇ ਮੂੰਹੋਂ ਅਖਵਾਇਆ ਗਿਆ ਕਿ ਸੰਤ ਜੀ ਸ਼ਹੀਦ ਨਹੀਂ ਹੋਏ ਤੇ ਚੜ੍ਹਦੀਕਲਾ ਵਿਚ ਹਨ। ਹੁਣ ਲਗਪਗ 19 ਸਾਲ ਬਾਅਦ ਅਕਾਲ ਤਖ਼ਤ ਸਾਹਿਬ ਤੋਂ ਉਨ੍ਹਾਂ ਪ੍ਰਤੀ ਰੱਖੇ ਅਖੰਡਪਾਠ ਸਾਹਿਬ ਦਾ ਭੋਗ ਪੁਆ ਕੇ ਅੰਤਮ ਅਰਦਾਸ ਵੀ ਹੋ ਚੁੱਕੀ ਹੈ ਤੇ ਜਥੇਦਾਰ ਅਕਾਲ ਤਖ਼ਤ ਸਾਹਿਬ ਵਲੋਂ ਉਨ੍ਹਾਂ ਦੇ ਵੱਡੇ ਸਪੁੱਤਰ ਸ: ਈਸ਼ਰ ਸਿੰਘ ਨੂੰ ਸਰੋਪਾ ਵੀ ਦਿੱਤਾ ਜਾ ਚੁੱਕਾ ਹੈ ਤੇ ਅਕਾਲ ਤਖ਼ਤ ਤੋਂ ਉਨ੍ਹਾਂ ਨੂੰ ਸ਼ਹੀਦ ਵੀ ਕਰਾਰ ਦੇ ਦਿੱਤਾ ਗਿਆ ਹੈ। ਉਸ ਤੋਂ ਬਾਅਦ ਅਮਰੀਕਾ ਵਿਚ ਬਾਬਾ ਠਾਕਰ ਸਿੰਘ ਜੀ ਨੇ ਭਾਈ ਰਾਮ ਸਿੰਘ ਨੂੰ ਅਗਲੇ ਮੁਖੀ ਵਜੋਂ ਪੱਗ ਦੇ ਦਿੱਤੀ ਪਰ ਦੂਜੇ ਦਿਨ ਹੀ ਉਨ੍ਹਾਂ ਨੂੰ ਡੇਰੇ ਨਾਲ ਸਬੰਧਤ ਸਿੰਘਾਂ ਨੇ ਫਿਰ ਮੁਕਰਾ ਦਿੱਤਾ ਕਿ ਪੱਗ ਅਗਲੇ ਮੁਖੀ ਬਣਨ ਦੀ ਨਹੀਂ ਸਗੋਂ ਡੇਰੇ ਦੇ ਕੁਝ ਕੰਮ, ਜੋ ਭਾਈ ਰਾਮ ਸਿੰਘ ਦੇ ਜ਼ਿੰਮੇ ਲਾਏ ਹਨ ਉਸ ਲਈ ਉਨ੍ਹਾਂ ਨੂੰ ਸਿਰੋਪਾ ਦਿਤਾ ਹੈ। ਬਸ ਹੁਣ ਇਹ ਹੀ ਹਾਲਤ ਨੀਲਧਾਰੀਆਂ ਦੀ ਹੈ ਤੇ ਓਧਰ ਡੇਰੇ ਦੀ ਮੂਰਖ ਸ਼ਰਧਾਲੂ ਸੰਗਤ ਇਸ ਡਰਾਮੇ ਨੂੰ ਸੱਚ ਮੰਨੀ ਬੈਠੀ ਹੈ। ਨਾ ਸਮਝ ਇਹ ਵੀ ਨਹੀਂ ਸਮਝਦੇ ਕਿ ਮਰ ਕੇ ਅੱਜ ਤਕ ਕਦੇ ਕੋਈ ਜਿੰਦਾ ਨਹੀਂ ਹੋਇਆ।

ਹੁਣ ਸਿੰਘ ਸਾਹਿਬ ਭਾਈ ਰਣਜੀਤ ਸਿੰਘ ਤੇ ਪੰਜ ਸਿੰਘ ਸਾਹਿਬਾਨ ਨੇ ਮਸਲਾ ਹੱਲ ਕਰ ਦਿੱਤਾ ਹੈ ਤੇ ਫੈਸਲਾ ਦੇ ਦਿੱਤਾ ਹੈ ਕਿ ਤੁਸੀਂ ਸੰਤ ਹਰਨਾਮ ਸਿੰਘ ਦੀ ਦੇਹ ਦਾ ਜੋ ਮਰਜੀ ਕਰੋ ਪਰ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਨਾਲ ਵਾਲੀ ਬਣੀ ਨਵੀਂ ਇਮਾਰਤ ਵਿਚ ਰੱਖ ਦਿਓ ਤਾਂ ਕਿ ਅਨਜਾਣੇ ਵਿਚ ਹੀ ਸੰਗਤ ਮੁਰਦੇ ਨੂੰ ਮੱਥਾ ਨਾ ਟੇਕੀ ਜਾਵੇ। ਇਸ ਤਰ੍ਹਾਂ ਇਹ ਮਸਲਾ 18 ਸਾਲ ਬਾਅਦ ਹੱਲ ਹੋ ਗਿਆ ਹੈ। ਸਾਰੀ ਸੰਗਤ ਤੇ ਲੋਕ ਮੰਨਦੇ ਹਨ ਕਿ ਇਹ ਮਸਲਾ ਭਾਈ ਰਣਜੀਤ ਸਿੰਘ ਵਰਗਾ ਧੜੱਲੇਦਾਰ ਜਥੇਦਾਰ ਹੀ ਹੱਲ ਕਰ ਸਕਦਾ ਸੀ ਨਹੀਂ ਤਾਂ ਅੱਗੇ ਕਈ ਜਥੇਦਾਰ ਆਏ ਪਰ ਇਹ ਸਮੱਸਿਆ ਜਿਉਂ ਦੀ ਤਿਉਂ ਹੀ ਬਣੀ ਹੋਈ ਸੀ ਤੇ ਨੀਲਧਾਰੀਆਂ ਦੇ ਦੋਵੇਂ ਧੜੇ ਹੀ ਅਕਾਲ ਤਖ਼ਤ ਦੀ ਗੱਲ ਵੱਲ ਕੋਈ ਧਿਆਨ ਨਹੀਂ ਸਨ ਦੇਂਦੇ। ਕਈ ਵਾਰ ਦੋਹਾਂ ਧੜਿਆਂ ਦੀ ਲੜਾਈ ਵਿਚ ਕਈ ਸ਼ਰਧਾਲੂ ਫੱਟੜ ਤੇ ਜਾਨ ਗਵਾ ਚੁੱਕੇ ਹਨ। ਇਹ ਸਥਿਤੀ ਨੀਲਧਾਰੀਆਂ ਲਈ ਬੜਾ ਚਿੰਤਾ ਦਾ ਮਸਲਾ ਸੀ।

***

***9 ਮਈ 1998***

## ਹੁਕਮਨਾਮਾ

ਅੱਜ ਮਿਤੀ 9 ਮਈ 1998 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਹੋਈ ਜਿਸ ਵਿਚ ਗੁਰਦੁਆਰਾ ਡੇਰਾ ਸੰਤ ਹਰਨਾਮ ਸਿੰਘ ਨੌਸ਼ਹਿਰਾ ਮੱਝਾ ਸਿੰਘ ਤਹਿਸੀਲ ਬਟਾਲਾ ਵਿਖੇ ਸੰਤ ਹਰਨਾਮ ਸਿੰਘ ਦੀ ਮ੍ਰਿਤਕ ਦੇਹ ਦੇ ਨਜ਼ਦੀਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਇਕ ਹੀ ਛੱਤ ਹੇਠ ਕੀਤੇ ਹੋਣ ਦੇ ਚੱਲ ਰਹੇ

ਵਾਦਵਿਵਾਦ 'ਤੇ ਵਿਆਪਕ ਵਿਚਾਰ ਹੋਈ। ਉਪਰੰਤ ਇਹ ਪ੍ਰਵਾਨ ਹੋਇਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਵਨ ਸਰੂਪ ਤੁਰੰਤ ਇਸ ਇਮਾਰਤ ਤੋਂ ਕੁਝ ਕਦਮ ਦੂਰ ਉਸਾਰੇ ਗੁਰਦੁਆਰਾ ਸਾਹਿਬ ਵਿਖੇ ਪ੍ਰਕਾਸ਼ਮਾਨ ਕੀਤਾ ਜਾਵੇ।

ਇਕ ਮਹੀਨੇ ਦੇ ਅੰਦਰ ਅੰਦਰ ਇਸ ਇਮਾਰਤ (ਜਿਸ ਵਿਚ ਸੰਤ ਹਰਨਾਮ ਸਿੰਘ ਦੀ ਮ੍ਰਿਤਕ ਦੇਹ ਹੈ) ਤੋਂ ਮੁੱਖ ਗੁੰਬਦ ਹਟਾ ਦਿੱਤਾ ਜਾਵੇ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਵਾਲੀ ਗੁਰਦੁਆਰਾ ਸਾਹਿਬ ਦੀ ਇਮਾਰਤ ਨੂੰ ਛੇਤੀ ਤੋਂ ਛੇਤੀ ਪ੍ਰੰਪਰਾ ਅਨੁਸਾਰ ਖ਼ੂਬਸੂਰਤ ਸਰੂਪ ਦਿੱਤਾ ਜਾਵੇ, ਜਿਸ ਤੋਂ ਦੇਹਧਾਰੀ ਗੁਰੂ ਡੰਮ ਦੀ ਬਜਾਏ ਸ਼ਬਦ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੂਰਨ ਸਤਿਕਾਰ ਦਾ ਪ੍ਰਭਾਵ ਪ੍ਰਗਟ ਹੋਵੇ।

ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਉਪਰੋਕਤ ਆਦੇਸ਼ ਦੀ ਪਾਲਣਾ ਕਰਨ ਵਾਸਤੇ ਸੰਤ ਭਗਵਾਨ ਸਿੰਘ ਟੱਰਸਟੀ, ਮਾਤਾ ਤੇਜ ਕੌਰ ਸਰਾਂ ਨਾਲ ਸਬੰਧਤ ਸਾਰੇ ਟੱਰਸਟੀ ਪੂਰਨ ਤੌਰ 'ਤੇ ਜ਼ੁੰਮੇਵਾਰ ਤੇ ਜਵਾਬਦੇਹ ਹੋਣਗੇ।

ਦਸਤਖਤ : ਰਣਜੀਤ ਸਿੰਘ, ਮੋਹਣ ਸਿੰਘ,
ਮਨਜੀਤ ਸਿੰਘ, ਕੇਵਲ ਸਿੰਘ, ਭਗਵਾਨ ਸਿੰਘ

■

# ਅਮਰਜੀਤ ਕੌਰ (ਸਾਬਕਾ ਐਮ.ਪੀ.) ਸਬੰਧੀ ਹੁਕਮਨਾਮਾ

**(ਇਸ ਬੀਬੀ ਅਮਰਜੀਤ ਕੌਰ ਦਾ ਕਾਫੀ ਹਵਾਲਾਂ ਜਥੇਦਾਰ ਟੌਹੜਾ ਅਮਰਿੰਦਰ ਸਿੰਘ ਵਾਲੇ ਕੇਸ ਵਿਚ ਆ ਚੁੱਕਾ ਹੈ ਕਿ ਕਿਵੇਂ ਇਸਨੇ ਕਾਂਗਰਸ ਸਰਕਾਰ ਵਲੋਂ ਕੀਤੇ ਸਾਕਾ ਨੀਲਾ ਤਾਰਾ ਨੂੰ ਜਾਇਜ ਠਹਿਰਾਇਆ ਸੀ ਤੇ ਉਸਦੇ ਹੱਕ ਵਿਚ ਬਿਆਨ ਦਿੱਤੇ ਸਨ)**

***9 ਮਈ 1998***

**ਹੁਕਮਨਾਮਾ**

ਅੱਜ ਮਿਤੀ 9 ਮਈ 1998 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਹੋਈ ਜਿਸ ਵਿਚ ਬੀਬੀ ਅਮਰਜੀਤ ਕੌਰ ਸਾਬਕਾ ਐਮ.ਪੀ. ਦੇ ਰਾਜ ਸਭਾ ਵਿਚ ਸਾਕਾ ਨੀਲਾ ਤਾਰਾ ਸਬੰਧੀ ਦਿੱਤੇ ਬਿਆਨ ਬਾਰੇ ਭੁੱਲ ਬਖਸ਼ਵਾਉਣ ਬਾਰੇ ਬੇਨਤੀ ਪੱਤਰ 'ਤੇ ਵਿਚਾਰ ਹੋਈ। ਉਪਰੰਤ ਇਹ ਪ੍ਰਵਾਨ ਹੋਇਆ ਕਿ ਇਕ ਹਫਤਾ ਇਤਿਹਾਸਕ ਗੁਰਦੁਆਰੇ ਵਿਖੇ ਇਕ ਇਕ ਘੰਟਾ ਝਾੜੂ ਲਾਉਣ ਤੇ ਭਾਂਡੇ ਮਾਂਜਣ ਦੀ ਸੇਵਾ ਕਰਨ ਉਪਰੰਤ ਸ੍ਰੀ ਗੁਰੂ ਰਾਮਦਾਸ ਜੀ ਦੇ ਲੰਗਰ ਲਈ 11000/- (ਗਿਆਰਾਂ ਹਜ਼ਾਰ ਰੁਪਏ) ਜਮ੍ਹਾਂ ਕਰਵਾਏ ਜਾਣ ਅਤੇ 101/- (ਇਕ ਸੌ ਇਕ ਰੁਪਏ) ਦੀ ਕੜਾਹ ਪ੍ਰਸਾਦਿ ਦੀ ਦੇਗ ਕਰਵਾ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਅਰਦਾਸ ਕਰਵਾਈ ਜਾਵੇ।

ਦਸਤਖਤ : ਰਣਜੀਤ ਸਿੰਘ, ਮੋਹਣ ਸਿੰਘ,
ਮਨਜੀਤ ਸਿੰਘ, ਕੇਵਲ ਸਿੰਘ, ਭਗਵਾਨ ਸਿੰਘ

■

# ਪਿਆਰਾ ਸਿੰਘ ਭਨਿਆਰਾ

*17 ਅਗਸਤ 1998*

## ਹੁਕਮਨਾਮਾ

ਅੱਜ ਮਿਤੀ 17 ਅਗਸਤ 1998 ਨੂੰ ਪਾਵਨ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਵਿਚ ਪਿਆਰਾ ਸਿੰਘ ਭਨਿਆਰਾ ਵਾਲਾ, ਜੋ ਆਪਣੇ ਆਪ ਨੂੰ ਸਰਬ-ਸ਼ਕਤੀਮਾਨ ਧੰਨ-ਧੰਨ ਸਤਿਗੁਰੂ ਪਿਆਰਾ ਸਿੰਘ ਜੀ ਲਿਖਦਾ ਹੈ ਤੇ ਕਲਗੀਆਂ ਵਾਲਾ ਵੀ ਅਖਵਾਉਂਦਾ ਹੈ, ਦੇ ਖਿਲਾਫ ਆਈ ਸ਼ਿਕਾਇਤ 'ਤੇ ਵਿਚਾਰ ਹੋਈ। ਇਸ ਪਿਆਰਾ ਸਿੰਘ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਹਾਜ਼ਰ ਹੋ ਕੇ ਆਪਣਾ ਸਪੱਸ਼ਟੀਕਰਨ ਦੇਣ ਲਈ ਵੀ ਕਿਹਾ ਗਿਆ ਸੀ ਪਰ ਉਸ ਨੇ ਇਸ ਸੱਦੇ ਨੂੰ ਨਜ਼ਰਅੰਦਾਜ਼ ਕਰ ਦਿੱਤਾ। ਉਪਰੰਤ ਇਹ ਫੈਸਲਾ ਲਿਆ ਗਿਆ ਕਿ ਇਸ ਪਖੰਡੀ ਸਾਧ ਨੂੰ ਸਿੱਖ ਪੰਥ ਵਿਚੋਂ ਛੇਕ ਦਿੱਤਾ ਜਾਂਦਾ ਹੈ। ਸਿੱਖ ਸੰਗਤਾਂ ਨੂੰ ਇਹ ਅਪੀਲ ਹੈ ਕਿ ਇਸ ਪਖੰਡੀ ਸਾਧ ਦੇ ਡੇਰੇ 'ਤੇ ਕੋਈ ਨਾ ਜਾਵੇ। ਇਸ ਨਾਲ ਕਿਸੇ ਕਿਸਮ ਦਾ ਵਰਤੋਂ-ਵਿਹਾਰ ਨਾ ਰੱਖਿਆ ਜਾਵੇ ਤੇ ਇਸ ਦੀਆਂ ਸਰਗਰਮੀਆਂ 'ਤੇ ਨਜ਼ਰ ਰੱਖੀ ਜਾਵੇ। ਇਸ ਤੋਂ ਇਲਾਵਾ ਇਲਾਕੇ ਦੀਆਂ ਸਿੱਖ ਸੰਗਤਾਂ ਪੁਲਿਸ ਤੇ ਪ੍ਰਸ਼ਾਸਨ ਨੂੰ ਇਹ ਯਾਦ ਕਰਵਾਉਣ ਕਿ ਤੁਹਾਡੇ ਵਲੋਂ ਮਿਲੀ ਸੁਰੱਖਿਆ ਛਤਰੀ ਦਾ ਇਹ ਗਲਤ ਇਸਤੇਮਾਲ ਕਰ ਰਿਹਾ ਹੈ।

ਦਸਤਖਤ : ਰਣਜੀਤ ਸਿੰਘ, ਮੋਹਣ ਸਿੰਘ,
ਭਗਵਾਨ ਸਿੰਘ, ਚਰਨ ਸਿੰਘ, ਗੁਰਬਚਨ ਸਿੰਘ

***

ਇਹ ਓਹੀ ਸਾਧ ਪਿਆਰਾ ਸਿੰਘ ਭਨਿਆਰਾ ਹੈ ਜਿਹੜਾ ਬਾਅਦ ਵਿਚ ਸਿੱਖ ਪੰਥ ਲਈ ਵੱਡੀ ਸਮੱਸਿਆ ਬਣ ਗਿਆ ਅਤੇ ਜਿਸ ਦੇ ਕਈ ਚੇਲਿਆਂ ਨੇ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਦਾ ਅਪਮਾਨ ਕੀਤਾ। ਇਹ ਹੁਕਮਨਾਮਾ ਸਿੰਘ ਸਾਹਿਬ ਭਾਈ ਰਣਜੀਤ ਸਿੰਘ ਜੀ ਦੀ ਦੂਰ-ਦ੍ਰਿਸ਼ਟੀ ਦਾ ਇਕ ਹੋਰ ਸਬੂਤ ਹੈ।

■

# ਕੱਚੀ ਬਾਣੀ

ਸਿੱਖਾਂ ਦੀ ਜਥੇਬੰਦੀ ਸ਼੍ਰੋਮਣੀ ਅਕਾਲੀ ਦਲ ਨੇ ਜਿਹੜਾ ਮੰਗਾਂ ਦਾ ਚਾਰਟਰ ਭਾਰਤ ਸਰਕਾਰ ਨੂੰ ਦਿੱਤਾ ਸੀ ਉਸ ਵਿਚ ਇਕ ਮੰਗ ਇਹ ਵੀ ਸੀ, ਕਿ ਦਰਬਾਰ ਸਾਹਿਬ ਸਮੂਹ ਵਿਚ ਇਕ ਰੇਡੀਓ ਸਟੇਸ਼ਨ ਸਥਾਪਤ ਕੀਤਾ ਜਾਵੇ, ਜਿਥੋਂ ਹਰਿਮੰਦਰ ਸਾਹਿਬ ਤੋਂ ਹੋ ਰਿਹਾ ਸ਼ਬਦ ਕੀਰਤਨ ਰੀਲੇਅ ਕਰਕੇ ਪੂਰੀ ਦੁਨੀਆਂ ਵਿਚ ਸੁਣਾਇਆ ਜਾਵੇ ਤਾਂ ਕਿ ਸਾਰੀ ਦੁਨੀਆਂ ਦੇ ਸਿੱਖ ਆਪਣੇ ਕੇਂਦਰੀ ਧੁਰੇ ਸ੍ਰੀ ਹਰਿਮੰਦਰ ਸਾਹਿਬ ਨਾਲ ਜੁੜ ਸਕਣ। ਇਸ ਤਰ੍ਹਾਂ ਹੋਰ ਵੀ ਕਈ ਧਾਰਮਕ ਮੰਗਾ ਸਨ ਜਿਨ੍ਹਾਂ ਵਿਚੋਂ ਸਰਕਾਰ ਨੇ ਦੋ ਕੁ ਹੀ ਮੰਨੀਆ ਹਨ। ਜਿਨ੍ਹਾਂ ਵਿਚੋਂ ਇਕ ਮੰਗ ਰੇਡੀਓ ਸਟੇਸ਼ਨ ਤੋਂ ਸਵੇਰੇ ਤੇ ਸ਼ਾਮ ਨੂੰ ਗੁਰਬਾਣੀ ਰੀਲੇਅ ਕਰਨਾ ਹੈ।

1990 ਵਿਚ ਸ. ਸਿਮਰਨਜੀਤ ਸਿੰਘ ਮਾਨ ਨੇ ਬਾਬਰੀ ਮਸਜਿਦ ਨੂੰ ਨਾਂ ਢਾਹੁਣ ਨੂੰ ਯਕੀਨੀ ਬਨਾਉਣ ਲਈ ਭਾਰਤ ਦੀ ਸਰਕਾਰ 'ਤੇ ਦਬਾਅ ਪਾਉਣ ਲਈ ਅਯੁਧਿਆ ਵਿਚ ਅਕਾਲੀ ਦਲ ਵਲੋਂ ਕਾਨਫਰੰਸ ਰੱਖੀ। ਜਦੋਂ ਅਸੀਂ ਉਸ ਕਾਨਫਰੰਸ ਵਿਚ ਭਾਗ ਲੈਣ ਲਈ ਦਿੱਲੀ ਤੋਂ ਅਯੁਧਿਆ ਜਾ ਰਹੇ ਸੀ ਤਾਂ ਸਰਕਾਰ ਨੇ ਸਾਨੂੰ ਯੂ. ਪੀ. ਵਿਚ ਵੜਦਿਆਂ ਹੀ ਗ੍ਰਿਫਤਾਰ ਕਰ ਲਿਆ ਤੇ ਮੇਰਠ ਜੇਲ੍ਹ ਵਿਚ ਲਿਜਾ ਡਕਿਆ। ਜਦੋਂ ਮੇਰਠ ਦੇ ਮੁਸਲਮਾਨਾ ਨੂੰ ਪਤਾ ਲੱਗਾ ਕਿ ਸ. ਸਿਮਰਨਜੀਤ ਸਿੰਘ ਮਾਨ ਤੇ ਉਨ੍ਹਾਂ ਦੇ ਸਾਥੀਆਂ ਨੂੰ ਇਸ ਜੇਲ੍ਹ ਵਿਚ ਬੰਦ ਕੀਤਾ ਹੋਇਆ ਹੈ ਤਾਂ ਉਹ ਨਾਅਰੇ ਮਾਰਦੇ ਹੋਏ ਜੇਲ੍ਹ ਦੁਆਲੇ ਇਕੱਠੇ ਹੋਣ ਲੱਗ ਪਏ। ਰਾਤ ਦੇ ਦੱਸ ਕੁ ਵਜੇ ਤੱਕ ਦੂਰ ਨੇੜੇ ਤੋਂ ਹਜਾਰਾਂ ਹੀ ਮੁਸਲਮਾਨਾ ਨੇ ਮੇਰਠ ਜੇਲ੍ਹ ਨੂੰ ਘੇਰਾ ਪਾ ਲਿਆ। ਉਨ੍ਹਾਂ ਦੇ 'ਸਿਮਰਨਜੀਤ ਸਿੰਘ ਮਾਨ' ਜਿੰਦਾਬਾਦ ਦੇ ਨਾਅਰੇ ਸਾਨੂੰ ਜੇਲ੍ਹ ਅੰਦਰ ਬੈਠਿਆਂ ਨੂੰ ਸੁਣ ਰਹੇ ਸਨ। ਮੁਖ ਮੰਤਰੀ ਕਲਿਆਣ ਸਿੰਘ ਦੀ ਸਰਕਾਰ ਨੇ ਰਾਤੋ ਰਾਤ ਹੀ ਸਾਡੀ ਜੇਲ੍ਹ ਬਦਲੀ ਦਾ ਨਿਰਣਾ ਕਰ ਲਿਆ। ਅਸੀਂ ਰਾਤ ਨੂੰ ਜੇਲ੍ਹ ਤੋਂ ਬਾਹਰ ਨਹੀਂ ਨਿਕਲਣਾ ਚਾਹੁੰਦੇ ਸਾਂ, ਇਸ ਲਈ ਇਸ਼ਨਾਨ ਕਰਦਿਆਂ ਤੇ ਪਾਠ ਕਰਦਿਆਂ ਹੀ ਅਸਾਂ ਚਾਰ ਵਜਾ ਦਿੱਤੇ। ਫਿਰ ਕਿਸੇ ਨੇ ਰੇਡੀਓ ਚਾਲੂ ਕਰਕੇ ਦਰਬਾਰ ਸਾਹਿਬ ਤੋਂ ਸ਼ਬਦ ਕੀਰਤਨ ਲਾ ਦਿੱਤਾ। ਸਾਨੂੰ ਹੈਰਾਨੀ ਇਹ ਹੋਈ ਕਿ ਸ਼ਬਦ ਕੀਰਤਨ ਇਸ ਤਰ੍ਹਾਂ ਹੋ ਰਿਹਾ ਸੁਣਦਾ ਸੀ ਜਿਵੇਂ ਨਾਲ ਦੇ ਕਮਰੇ ਵਿਚ ਰੇਡੀਓ ਸਟੇਸ਼ਨ ਹੋਵੇ।

ਓਥੇ ਹੀ ਇਕ ਸਰਦਾਰ ਸਾਹਿਬ ਨੇ ਦਸਿਆ ਕਿ ਉਹ ਪਿਛਲੇ ਹਫਤੇ ਮਦਰਾਸ ਵਿਚ ਸਨ। ਸ਼ਬਦ ਕੀਰਤਨ ਦੀ ਅਵਾਜ ਓਥੇ ਵੀ ਏਸੇ ਤਰ੍ਹਾਂ ਹੀ ਸਾਫ ਸੁਣਦੀ ਸੀ। ਗਲ ਕੀ ਪੂਰੇ ਭਾਰਤ ਵਿਚ ਹੀ ਸਿੱਖ ਸਵੇਰੇ ਤੇ ਸ਼ਾਮ ਕੀਰਤਨ ਸੁਣ ਸਕਦੇ ਹਨ। ਪਰ ਇਹ ਕੌਮ ਉਹ ਹੈ ਜਿਸ ਬਾਰੇ ਸਿਰਦਾਰ ਕਪੂਰ ਸਿੰਘ ਹੋਰਾਂ ਨੇ ਲਿਖਿਆ ਹੈ ਕਿ ਪਹਿਲਾਂ ਇਹ ਹਾਥੀ ਦੀ ਸਵਾਰੀ ਕਰਨ ਲਈ ਵਾਵੇਲਾ ਤੇ ਸ਼ੋਰ ਸ਼ਰਾਬਾ ਕਰਦੇ ਹਨ ਜੇ ਇਹਨਾਂ ਨੂੰ ਹਾਥੀ 'ਤੇ ਬਿਠਾ ਦਿੱਤਾ ਜਾਵੇ ਤਾਂ ਫਿਰ ਬਚਿਆਂ ਵਾਂਗ ਜਿੱਦ ਕਰਦੇ ਹਨ ਕਿ ਸਾਨੂੰ ਹਾਥੀ ਤੋਂ ਥੱਲੇ ਉਤਾਰੋ।

1984 ਦੇ ਸਾਕਾ ਨੀਲਾ ਤਾਰਾ ਤੋਂ ਬਾਅਦ ਦੇਸ਼ ਵਿਦੇਸ਼ ਵਿਚ ਭਾਰਤ ਸਰਕਾਰ ਦੀ ਏਨੀਂ ਬਦਨਾਮੀ ਹੋਈ ਕਿ ਉਸ ਕਲੰਕ ਨੂੰ ਧੋਣ ਲਈ ਉਸਨੇ ਟਰਾਂਸਮੀਟਰ ਲਾ ਕੇ ਸ਼ਬਦ ਕੀਰਤਨ ਤੇ ਗੋਲਡਨ ਟੈਂਪਲ ਐਕਸਪ੍ਰੈਸ ਗੱਡੀ ਚਲਾਉਣ ਦੀ ਗਲ ਫੱਟ ਮੰਨ ਲਈ। ਪਰ ਇਸਦਾ ਇਕ ਸਰਵੇਖਣ ਸ. ਕਰਤਾਰ ਸਿੰਘ ਨਾਰੰਗ ਦਿੱਲੀ ਬੰਬ ਕਾਂਡ ਵਾਲਿਆਂ ਨੇ ਬੜੀ ਬਾਰੀਕੀ ਨਾਲ ਕੀਤਾ ਸੀ। ਇਸ ਦਾ ਜੋ ਨਤੀਜਾ ਸਾਹਮਣੇ ਆਇਆ ਉਹ ਬੜਾ ਹੈਰਾਨ ਕਰ ਦੇਣ ਵਾਲਾ ਸੀ। ਨਤੀਜਾ ਇਹ ਨਿਕਲਿਆ ਸੀ ਕਿ ਸਿਰਫ ਦੋ ਹਜਾਰ ਪਰਿਵਾਰ ਪੰਜਾਬ ਦਾ ਤੇ ਪੰਜ ਸੌ ਪਰਿਵਾਰ ਦਿੱਲੀ ਦਾ ਇਹ ਸ਼ਬਦ ਕੀਰਤਨ ਸੁਣਦੇ ਹਨ। ਏਨੀਆਂ ਜਾਨਾਂ ਗੇਵਾ ਕੇ, ਏਨਾਂ ਨੁਕਸਾਨ ਕਰਵਾ ਕੇ ਇਸਦੀ ਪ੍ਰਾਪਤੀ ਉਹ ਹੈ ਜੋ ਸ. ਨਾਰੰਗ ਸਾਹਿਬ ਨੇ ਦੱਸੀ ਹੈ। ਪਰ ਹੁਣ ਤਾਂ ਇਹ ਗੱਲ ਇਸ ਤੋਂ ਵੀ ਅੱਗੇ ਲੰਘ ਗਈ ਹੈ।

ਟੀ. ਵੀ. ਚੈਨਲਾ 'ਤੇ ਵੀ ਸਵੇਰੇ-ਸ਼ਾਮ ਗੁਰਬਾਣੀ ਕੀਰਤਨ ਨਾਲ ਦੀ ਨਾਲ ਦਿਖਾਇਆ ਜਾਣ ਲੱਗ ਪਿਆ ਹੈ। ਜੇ ਲੋਕ ਇਹ ਪ੍ਰੋਗਰਾਮ ਵੇਖਣ ਤਾਂ ਇਹਨਾਂ ਨੂੰ ਕੱਚੀ ਬਾਣੀ ਸੁਣਨ ਦੀ ਲੋੜ ਹੀ ਨਾਂ ਪਵੇ। ਚਾਹੀਦਾ ਤਾਂ ਇਹ ਸੀ ਕਿ ਲੋਕ ਦਰਬਾਰ ਸਾਹਿਬ ਤੋਂ ਸੁਣਾਏ ਤੇ ਵਿਖਾਏ ਜਾਂਦੇ ਸ਼ਬਦ ਕੀਰਤਨ ਨੂੰ ਸੁਣ ਕੇ ਨਿਹਾਲ ਹੁੰਦੇ ਪਰ ਹੋਇਆ ਇਸ ਦੇ ਬਿਲਕੁਲ ਉਲਟ। ਹਰ ਗੁਰਦੁਆਰੇ ਦਾ ਭਾਈ ਸਵੇਰੇ ਤੜਕੇ ਹੀ ਲਾਊਡ ਸਪੀਕਰ ਚਾਲੂ ਕਰ ਦੇਂਦਾ ਹੈ ਤੇ ਫਿਰ ਆਪਣੀ ਬੇਸੁਰੀ ਤੇ ਪਾਟੇ ਹੋਏ ਵਾਂਸ ਵਰਗੀ ਆਵਾਜ ਵਿਚ ਪਾਠ ਸ਼ੁਰੂ ਕਰ ਦੇਂਦਾ ਹੈ ਇਸ ਤਰ੍ਹਾਂ ਇਹ ਸਿਲਸਿਲਾ ਅੱਠ ਵਜੇ ਤੱਕ ਚਲਦਾ ਰਹਿੰਦਾ ਹੈ। ਪਿੰਡਾਂ ਵਿਚ ਤੇ ਸ਼ਹਿਰਾਂ ਵਿਚ ਇਹ ਬਿਮਾਰੀ ਲੱਗਪੱਗ ਬਰਾਬਰ ਹੀ ਹੈ। ਇਸ ਤਰ੍ਹਾਂ ਕਰਕੇ ਸਿੱਖ ਕੀ ਕਰਨਾਂ ਚਾਹੁੰਦੇ ਹਨ ਅਜੇ ਤੱਕ ਸਮਝ ਨਹੀਂ ਲਗੀ। ਜੇ ਏਸੇ ਤਰ੍ਹਾਂ ਹੀ ਕੱਚੀ ਪਿੱਲੀ ਬਾਣੀ ਸੁਣਨੀ ਸੀ ਤਾਂ ਫਿਰ ਏਨੀਆਂ ਜਾਨਾਂ ਗਵਾਉਣ ਦੀ ਕੀ ਲੋੜ ਸੀ?

ਸਤਿਗੁਰਾਂ ਨੇ ਸਵੇਰ ਦੇ ਸਮੇਂ ਦਾ ਬਹੁਤ ਹੀ ਅਲੋਕਿਕ ਦ੍ਰਿਸ਼ ਬਾਣੀ ਵਿਚ ਖਿੱਚਿਆ ਹੈ ਜਿਸ ਵਿਚ ਚਿੜੀ ਦੀ ਚੂਹਕ ਤੇ ਕੋਇਲ ਦਾ ਕੂਕਣਾ ਵੀ ਸ਼ਾਮਲ ਹੈ। ਸਵੇਰ ਦੀ ਠੰਡੀ ਠੰਡੀ ਰੁਮਕਦੀ ਹਵਾ ਵਿਚ ਇਕਾਂਤ-ਚਿੱਤ ਹੋ ਕੇ ਪਾਠ ਕਰਨ ਦਾ ਅਨੰਦ ਹੀ ਕੁਝ ਹੋਰ ਹੈ। ਅਕਾਲ ਪੁਰਖ ਨਾਲ ਏਹੋ ਜਹੇ ਸ਼ਾਂਤ ਵਾਤਾਵਰਣ ਵਿਚ ਹੀ ਲਿਵ ਜੁੜਦੀ ਹੈ। ਪਰ ਸਵੇਰੇ ਚਾਰ ਵਜੇ ਚਾਰ ਚੁਫੇਰੇ ਗੁਰਦੁਆਰਿਆਂ ਅਤੇ ਮੰਦਰਾਂ ਦੀ ਫੜਲੋ ਮਾਰਲੋ ਦੀ ਕਾਵਾਂਰੌਲੀ ਇਸ ਤਰ੍ਹਾਂ ਪਈ ਹੁੰਦੀ ਹੈ ਜਿਵੇਂ ਇਨ੍ਹਾਂ ਭਾਈਆਂ ਤੇ ਗ੍ਰੰਥੀਆਂ ਨੂੰ ਕੋਈ ਵੱਢਣ ਲਈ ਫੜ੍ਹ ਕੇ ਲਈ ਜਾਂਦਾ ਹੋਵੇ। ਗਲੇ ਵਿਚੋਂ ਇਸ ਤਰ੍ਹਾਂ ਦੀਆਂ ਅਵਾਜਾਂ ਕੱਢਦੇ ਹਨ ਜਿਵੇਂ ਮੱਝ ਦਾ ਕੱਟਾ ਅੜਿੰਗਦਾ ਹੋਵੇ। ਜਿਸ ਬੰਦੇ ਨੂੰ ਗੁਰਬਾਣੀ ਦੀ ਥੋੜ੍ਹੀ ਜਹੀ ਵੀ ਸਮਝ ਹੋਵੇ ਉਸ ਦਾ ਗਲਤ ਬਾਣੀ ਤੇ ਬ੍ਰਾਹਮਣਵਾਦੀ ਤੇ ਬੇਸਿਰ ਪੈਰ ਕਹਾਣੀਆਂ ਸੁਣ ਸੁਣ ਕੇ ਜੀਅ ਅਕਲ ਕਾਂਦ ਆ ਜਾਂਦਾ ਹੈ। ਗਹੁ ਕਰਕੇ ਸੁਣਿਆ ਜਾਵੇ ਤਾਂ ਗ੍ਰੰਥੀ 75 ਫੀਸਦੀ ਬਾਣੀ ਗਲਤ ਪੜ੍ਹਦੇ ਹਨ ਤੇ ਉਨ੍ਹਾਂ ਜੂਠਾਂ ਨੂੰ ਰੋਕਣ ਵਾਲਾ ਵੀ ਕੋਈ ਨਹੀਂ। ਜਿਸ ਕੱਚੀ ਬਾਣੀ ਦੀ ਗੱਲ ਸਿੰਘ ਸਾਹਿਬਾਨ ਨੇ ਇਸ ਹੁਕਮਨਾਮੇ ਵਿਚ ਕੀਤੀ ਹੈ, ਪਿੰਡਾਂ ਤੇ ਸ਼ਹਿਰਾਂ ਦੇ ਗੁਰਦੁਆਰਿਆਂ ਵਿਚ ਉਹ ਹੀ ਗਾਈ ਜਾਂਦੀ ਹੈ।

ਇਕ ਗੁਰਦੁਆਰੇ ਵਿਚ ਓਥੋਂ ਦਾ ਭੈੜਾ ਜਿਹਾ ਭਾਈ, ਜਿਹੜਾ ਸ਼ਰਾਬ ਤੋਂ ਲੈ ਕੇ ਸਮੈਕ, ਗੋਲੀਆਂ, ਕੈਪਸੂਲ ਤੇ ਛੱਤਾਂ ਨਾਲੋਂ ਫੜ ਫੜ ਕੇ ਕੋਹੜ ਕਿਰਲੀਆਂ ਤੱਕ ਵੀ ਖਾ

ਜਾਂਦਾ ਹੈ ਤੇ ਹਰ ਵੇਲੇ ਨਸ਼ੇ ਵਿਚ ਊਂਘਦਾ ਰਹਿੰਦਾ ਹੈ ਸਵੇਰੇ ਕੀਰਤਨ ਕਰਦਾ ਹੁੰਦਾ ਹੈ, ਜਿਸ ਦੇ ਬੋਲ ਹਨ 'ਰਖੀਂ ਚਰਨਾ ਦੇ ਕੋਲ ਮਿਹਰਾਂ ਵਾਲਿਆ ਸਾਈਂਆ ਰਖੀਂ ਚਰਨਾ ਦੇ ਕੋਲ' ਇਸ ਦੀ ਧੁੰਨ ਉਸ ਲੱਚਰ ਗਾਣੇ ਦੀ ਹੈ ਜਿਸ ਦੇ ਬੋਲ ਹਨ 'ਅੰਬਰਸਰੀਆ ਮੁੰਡਿਆ ਵੇ ਕਚੀਆਂ ਅੰਬੀਆਂ ਨਾ ਤੋੜ' (ਇਸ ਗਾਣੇ ਦੀ ਅਗਲੀ ਪੰਕਤੀ ਬਹੁਤ ਹੀ ਅਸ਼ਲੀਲ ਹੈ) ਇਸ ਦੇ ਲਾਊਡ ਸਪੀਕਰ ਦੀ ਅਵਾਜ ਵੀ ਫੁੱਲ ਹੁੰਦੀ ਹੈ ਤੇ ਲਾਊਡ ਸਪੀਕਰ ਇਕ ਨਹੀਂ ਚਹੁੰ ਦਿਸ਼ਾਵਾਂ ਵੱਲ ਮੂੰਹ ਕਰਕੇ ਚਾਰ ਬੱਧੇ ਹੁੰਦੇ ਹਨ। ਅਖਬਾਰ ਵਿਚ ਕੁੱਝ ਮਹੀਨੇ ਪਹਿਲਾਂ ਇਕ ਸਰਵੇਖਣ ਆਇਆ ਸੀ ਕਿ ਲਗ ਪਗ ਸਾਰੇ ਗੁਰਦੁਆਰਿਆਂ ਦੇ ਭਾਈ, ਗ੍ਰੰਥੀ ਤੇ ਰਾਗੀ ਨਸ਼ਿਆਂ ਦੇ ਆਦੀ ਹਨ। ਇਹ ਨਸ਼ਿਆਂ ਦੇ ਆਦੀ ਲੋਕ ਜਿਨ੍ਹਾਂ ਨੂੰ ਫੜ ਕੇ ਛਿਤਰਾਂ ਨਾਲ ਕੁਟਿਆ ਜਾਣਾ ਚਾਹੀਦਾ ਹੈ ਸਵੇਰੇ ਤੇ ਸ਼ਾਮ ਜਬਰਦਸਤੀ ਗਲਤ ਬਾਣੀ ਸੁਣਾ ਕੇ ਲੋਕਾਂ ਦਾ ਲਹੂ ਪੀਂਦੇ ਹਨ ਤੇ ਇਸ ਨੂੰ ਨਾਂਅ ਦੇਂਦੇ ਹਨ ਨਿੱਤਨੇਮ ਕਰਨ ਦਾ।

ਮੈਨੂੰ ਕੁਝ ਦਿਨ ਮੁਹਾਲੀ ਦੇ ਨਵੇਂ ਬਣੇ ਹਸਪਤਾਲ ਫੋਰਟਿਸ-ਹਾਰਟ ਵਿਚ ਰਹਿਣਾ ਪਿਆ। ਇਸ ਹਸਪਤਾਲ ਨੂੰ ਬਣਿਆਂ ਸਿਰਫ ਦੋ ਸਾਲ ਹੀ ਹੋਏ ਹਨ। ਸਫਾਈ ਤੇ ਇਮਾਰਤ ਦੇ ਡਿਜਾਈਨ ਪਖੋਂ ਇਸ ਦੇ ਅੰਦਰ ਖਲੋਤਾ ਬੰਦਾ ਇਹ ਅੰਦਾਜਾ ਨਹੀਂ ਲਾ ਸਕਦਾ ਕਿ ਉਹ ਮੋਹਾਲੀ ਦੇ ਹਸਪਤਾਲ ਵਿਚ ਖੜ੍ਹਾ ਹੈ ਜਾਂ ਅਮਰੀਕਾ ਦੇ ਕਿਸੇ ਹਸਪਤਾਲ ਵਿਚ। ਹਸਪਤਾਲ ਦੀ ਇਮਾਰਤ ਦੇ ਬਾਹਰਲੇ ਪਾਸੇ ਉਨ੍ਹਾਂ ਨੇ ਦੋਹਰੇ ਸ਼ੀਸ਼ੇ ਲਾਏ ਹੋਏ ਹਨ ਤਾਂ ਕਿ ਅਵਾਜ ਅੰਦਰ ਨਾ ਆਵੇ। ਪਰ ਬਦਕਿਸਮਤੀ ਕਿ ਹਸਪਤਾਲ ਦੇ ਨਾਲ ਹੀ ਇਕ ਗੁਰਦੁਆਰਾ ਹੈ। ਉਸ ਇਲਾਕੇ ਵਿਚ ਦਰਖਤ ਤਾਂ ਬਹੁਤੇ ਨਹੀਂ ਪਰ ਕਿਕਰਾਂ ਜਹੀਆਂ ਦੀ ਇਕ ਸੌ ਘਣੀ ਝਿੜੀ ਜਹੀ ਹੈ। ਜਿਥੇ ਸਵੇਰੇ ਸਵੇਰੇ ਇਕ ਕੋਇਲ ਕੂਕਦੀ ਹੁੰਦੀ ਸੀ। ਨੀਂਦ ਵਿਚ ਕੋਇਲ ਦੇ ਕੂਕਣ ਦੀ ਮੱਠੀ ਮੱਠੀ ਅਵਾਜ ਮੈਨੂੰ ਬਹੁਤ ਹੀ ਭਲੀ ਲਗਦੀ ਤੇ ਬਹੁਤ ਨੀਂਦ ਆਉਂਦੀ ਪਰ ਥੋੜ੍ਹੀ ਦੇਰ ਬਾਅਦ ਹੀ ਗੁਰਦੁਆਰੇ ਦਾ ਭਾਈ ਬੜਾਕ ਪੈਂਦਾ। ਲਾਊਡ ਸਪੀਕਰ ਦੀ ਫੁੱਲ ਅਵਾਜ ਕਰਕੇ ਉਹ ਇਸ ਤਰ੍ਹਾਂ ਦੀ ਅਵਾਜ ਕੱਢਦਾ ਜਿਵੇਂ ਮਿਰਗੀ ਦਾ ਦੌਰਾ ਪੈ ਗਿਆ ਹੋਵੇ। ਬਸ ਕੋਇਲ ਉਡ ਜਾਂਦੀ ਤੇ ਹਸਪਤਾਲ ਦੇ ਲਾਗੇ ਦਾ ਸਾਰਾ ਸ਼ਾਂਤਮਈ ਮਾਹੌਲ ਖਰਾਬ ਹੋ ਜਾਂਦਾ। ਪੂਰੇ ਪੰਜਾਬ ਵਿਚ ਚਾਰ ਚੁਫੇਰਿਓਂ ਸਵੇਰੇ ਤੇ ਸ਼ਾਮ ਨੂੰ ਲਾਊਡ ਸਪੀਕਰਾਂ ਦੀ ਅਵਾਜ ਏਨੀਂ ਉੱਚੀ ਹੁੰਦੀ ਹੈ ਕਿ ਬਲੱਡ ਪ੍ਰੈਸ਼ਰ, ਨੀਂਦ ਨਾਂ ਆਉਣ ਵਾਲੇ ਰੋਗੀ, ਸਕੂਲਾਂ-ਕਾਲਜਾਂ ਵਿਚ ਪੜ੍ਹਨ ਵਾਲੇ ਬੱਚੇ ਅਤੇ ਬਿਰਧ ਬੜੇ ਪ੍ਰੇਸ਼ਾਨ ਹੁੰਦੇ ਹਨ। ਪਰ ਗੁਰਦੁਆਰਿਆਂ ਦੇ ਪ੍ਰਬੰਧਕਾਂ, ਭਾਈਆਂ ਤੇ ਗ੍ਰੰਥੀਆਂ ਨੂੰ ਕੋਈ ਸ਼ਰਮ ਨਹੀਂ ਆਉਂਦੀ। ਸੁਪਰੀਮ ਕੋਰਟ ਦਾ ਕਾਨੂੰਨ ਵੀ ਇਹਨਾਂ ਚਵਲਾਂ ਦਾ ਕੁੱਝ ਨਹੀਂ ਵਿਗਾੜ ਸਕਿਆ ਤੇ ਨਾਂ ਹੀ ਪੁਲਿਸ ਕੁੱਝ ਕਰਦੀ ਹੈ। ਅਕਾਲ ਤਖ਼ਤ ਸਾਹਿਬ ਤੋਂ ਵੀ ਗੁਰਦੁਆਰਿਆਂ ਦੀ ਉੱਚੀ ਅਵਾਜ ਵਿਰੁੱਧ ਹੁਕਮਨਾਮਾ ਜਾਰੀ ਹੋ ਚੁੱਕਾ ਹੈ ਪਰ ਕਿਸੇ ਵੇ ਵੀ ਇਸ ਨੂੰ ਟੱਕੇ ਸੇਰ ਨਹੀਂ ਗਿਣਿਆ।

ਪਿੰਡਾਂ ਤੇ ਸ਼ਹਿਰਾਂ ਵਿਚ ਰਾਗੀ ਗ੍ਰੰਥੀ ਤੇ ਭਾਈ ਖੁਲ੍ਹ ਕੇ ਕੱਚੀ ਬਾਣੀ ਪੜ੍ਹਦੇ ਹਨ। ਮਿਸਾਲ ਦੇ ਤੌਰ ਤੇ 'ਨਾਨਕ ਨੀਵਾਂ ਜੋ ਚਲੇ ਲੱਗੇ ਨਾ ਤੱਤੀ ਵਾਓ' ਇਹ ਗੁਰੂ ਗ੍ਰੰਥ ਸਾਹਿਬ ਜੀ ਵਿਚ ਕਿਤੇ ਵੀ ਲਿਖਿਆ ਹੋਇਆ ਨਹੀਂ ਤੇ ਨਾਂ ਹੀ ਇਹ ਗੁਰੂ ਨਾਨਕ ਜੀ ਦੀ ਹੀ ਬਾਣੀ ਹੈ ਪਰ ਫਿਰ ਵੀ ਗ੍ਰੰਥੀਆਂ ਦੇ ਮੂੰਹੋ ਆਮ ਸੁਣੀ ਜਾਂਦੀ ਹੈ। ਏਸੇ ਤਰ੍ਹਾਂ ਹੀ 'ਨਾਮ ਖੁਮਾਰੀ ਨਾਨਕਾ ਚੜ੍ਹੀ ਰਹੇ ਦਿਨ ਰਾਤ' ਇਹ ਵੀ ਬਾਣੀ ਵਿਚ ਨਹੀਂ ਪਰ ਰਾਗੀਆਂ ਤੇ ਗ੍ਰੰਥੀਆਂ

ਵਲੋਂ ਆਮ ਪੜ੍ਹੀ ਜਾਂਦੀ ਹੈ।

'ਨਾਨਕ ਨਾਮ ਜਹਾਜ ਹੈ ਚੜ੍ਹੇ ਸੋ ਉਤਰੇ ਪਾਰ, ਜੋ ਸ਼ਰਧਾ ਕਰ ਸੇਂਵਦੇ ਗੁਰ ਪਾਰ ਉਤਾਂਰਨ ਹਾਰ', ਨਾਨਕਸਰੀਏ ਸਾਧ ਇਹ ਕੱਚੀ ਬਾਣੀ ਹੇਕਾਂ ਲਾ ਲਾ ਕੇ ਗਾਉਂਦੇ ਹਨ। ਜੇ ਖੇਤੀ ਦੇ ਧੰਦੇ ਦੀ ਸਿਫਤ ਕਰਨੀ ਹੋਵੇ ਤਾਂ ਇਸ ਕੱਚੀ ਬਾਣੀ ਦੀ ਉਦਾਹਰਣ ਦਿੱਤੀ ਜਾਂਦੀ ਹੈ 'ਉਤਮ ਖੇਤੀ ਮੱਧਮ ਵਪਾਰ, ਨਖਿੱਧ ਚਾਕਰੀ ਭੀਖ ਦਵਾਰ।' ਨਾਲੇ ਕਹਿਣਗੇ ਬਾਣੀ ਵਿਚ ਗੁਰੂ ਨਾਨਕ ਜੀ ਨੇ ਐਵੇਂ ਤਾਂ ਨਹੀਂ ਲਿਖਿਆ ਤੇ ਨਾਲ ਹੀ ਉਪਰੋਕਤ ਟੋਟਕਾ ਬੋਲ ਦੇਂਦੇ ਹਨ। ਚਿਮਟਿਆਂ, ਢੋਲਕੀਆਂ ਤੇ ਵਾਜਿਆਂ ਨਾਲ ਉਚੀ ਧਾਰਨਾ ਲਾਉਣ ਵਾਲੇ ਸਾਧ ਆਮ ਤੌਰ ਤੇ 90 ਫੀਸਦੀ ਕੱਚੀ ਬਾਣੀ ਹੀ ਪੜ੍ਹਦੇ ਹਨ। ਬਾਣੀ ਦੀ ਵਿਆਖਿਆ ਕਰਨ ਲੱਗੇ ਤੇ ਕਥਾ ਸੁਨਾਉਣ ਲੱਗੇ ਤਾਂ ਸੌ ਫੀਸਦੀ ਬ੍ਰਾਹਮਣੀ ਕਹਾਣੀਆਂ ਸੁਣਾਉਂਦੇ ਹਨ। ਸਿੰਘ ਸਾਹਿਬ ਭਾਈ ਰਣਜੀਤ ਸਿੰਘ ਜੀ ਨੇ ਰਾਗੀਆਂ ਢਾਡੀਆਂ ਨੂੰ ਅਕਾਲ ਤਖ਼ਤ ਸਾਹਿਬ ਤੇ ਬੁਲਾ ਕੇ ਉਨ੍ਹਾਂ ਨੂੰ ਕੱਚੀ ਬਾਣੀ ਦਾ ਕੀਰਤਨ ਨਾ ਕਰਨ ਦੀ ਤਾੜਨਾਂ ਕੀਤੀ ਸੀ, ਜੋ ਉਨ੍ਹਾਂ ਨੇ ਓਦੋਂ ਤਾਂ ਮੰਨ ਲਈ ਪਰ ਹੁਣ ਫੇਰ ਓਸੇ ਤਰ੍ਹਾਂ ਹੀ ਕਰਨ ਲਗ ਪਏ ਹਨ। ਭਾਈ ਹਰਬੰਸ ਸਿੰਘ ਜਗਾਧਰੀ ਵਾਲੇ ਤੇ ਕਈ ਹੋਰ ਰਾਗੀਆਂ ਦਾ ਤਾਂ ਧੰਦਾ ਹੀ ਕੱਚੀ ਬਾਣੀ ਤੇ ਬ੍ਰਾਹਮਣਵਾਦੀ ਕਹਾਣੀਆਂ ਨਾਲ ਚਲਦਾ ਹੈ।

***

ੴ ਵਾਹਿਗੁਰੂ ਜੀ ਕੀ ਫਤਹਿ॥

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਅਜਲਾਸ ਦੀ ਇਕੱਤਰਤਾ ਮਿਤੀ 20.12.96 ਦੇ ਮਤਾ ਨੰ: 16 ਦੀ ਨਕਲ

"ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਅੱਜ ਦਾ ਜਨਰਲ ਅਜਲਾਸ ਗੁਰਬਾਣੀ ਕੀਰਤਨ ਦੇ ਨਾਮ 'ਤੇ ਗੁਰਬਾਣੀ ਕੀਰਤਨ ਨਾਲ ਸਿੱਖ ਸੰਗਤਾਂ ਦੀ ਸ਼ਰਧਾ ਅਤੇ ਅਥਾਹ ਪਿਆਰ ਦਾ ਲਾਭ ਉਠਾਉਂਦਿਆਂ ਫਿਲਮੀ ਤਰਜ਼ਾਂ 'ਤੇ ਕੀਰਤਨ ਕਰਨ ਵਾਲਿਆਂ ਅਤੇ ਕੱਚੀ ਬਾਣੀ ਅਤੇ ਮਨਘੜਤ ਤੁਕਬੰਦੀ ਦਾ ਰਲਾਅ, ਗੁਰਬਾਣੀ ਵਿਚ ਪਾਉਣ ਵਾਲੀਆਂ ਕਾਰਵਾਈਆਂ, ਵਿਰੁੱਧ ਸਮੁੱਚੇ ਪੰਥ ਨੂੰ ਸਾਵਧਾਨ ਕਰਦਾ ਹੈ।

ਸਮੂਹ ਕੀਰਤਨੀ ਜਥਿਆਂ ਨੂੰ ਅਪੀਲ ਕਰਦਾ ਹੈ ਕਿ ਉਹ 'ਕਾਚਾ ਧਨੁ ਸੰਚਹਿ ਮੂਰਖ ਗਾਵਾਰ' ਦੇ ਹੁਕਮ ਪ੍ਰਤੀ ਸੁਚੇਤ ਹੋ ਕੇ ਕੁਝ ਦਮੜਿਆਂ ਦੇ ਲਾਲਚ ਵਿਚ ਗੁਰਬਾਣੀ ਕੀਰਤਨ ਵਿਚ ਰਲਾਅ ਪਾਉਣ ਤੋਂ ਪ੍ਰਹੇਜ਼ ਕਰਨ। ਗੁਰਬਾਣੀ ਕੀਰਤਨ ਗੁਰਮਤਿ ਵਿਧੀ ਅਨੁਸਾਰ ਨਾ ਕਰਨ ਅਤੇ ਫਿਲਮੀ ਤਰਜ਼ਾਂ 'ਤੇ ਕੀਰਤਨ ਕਰਨ, ਕਵਿਤਾਵਾਂ ਅਤੇ ਤੁਕ-ਬੰਦੀ ਦੇ ਰੂਪ ਵਿਚ ਕੱਚੀ ਬਾਣੀ ਦੀਆਂ ਕੈਸਟਾਂ ਰਿਕਾਰਡ ਕਰਵਾਏ ਜਾਣ ਦਾ ਗੰਭੀਰ ਨੋਟਿਸ ਲੈਂਦਾ ਹੈ ਅਤੇ ਸਬੰਧਤਾਂ ਨੂੰ ਹਦਾਇਤ ਕਰਦਾ ਹੈ ਕਿ ਗੁਰੂ ਤੋਂ ਬੇਮੁੱਖ ਹੋ, ਧਨ ਲਾਲਚ ਵੱਸ ਫਿਲਮੀ ਤਰਜਾਂ, ਕਵਿਤਾਵਾਂ ਤੇ ਕੱਚੀ ਬਾਣੀ ਦੀਆਂ ਕੈਸਟਾਂ ਨਾ ਭਰਾਉਣ ਸਗੋਂ ਗੁਰਮਤਿ ਕੀਰਤਨ ਕੇਵਲ ਗੁਰਬਾਣੀ ਤੇ ਪ੍ਰਵਾਨਤ ਰਾਗਾਂ ਵਿਚ ਹੀ ਕਰਨ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਅੱਜ ਦਾ ਜਨਰਲ ਅਜਲਾਸ ਇਸ ਗੁਰਮਤਿ ਵਿਰੋਧੀ ਰੁਝਾਨ ਤੋਂ ਸਿੱਖ ਸੰਗਤਾਂ ਨੂੰ ਸੁਚੇਤ ਕਰਦਾ ਹੋਇਆ ਸਮੂਹ ਧਾਰਮਕ, ਪੰਥਕ ਜਥੇਬੰਦੀਆਂ, ਸਿੰਘ ਸਭਾਵਾਂ ਅਤੇ ਗੁਰਦੁਆਰਾ ਕਮੇਟੀਆਂ ਨੂੰ ਅਪੀਲ ਕਰਦਾ ਹੈ ਕਿ

ਫਿਲਮੀ ਤਰਜ਼ਾਂ 'ਤੇ ਕੱਚੀ ਬਾਣੀ ਪੜ੍ਹਨ ਵਾਲਿਆਂ ਨੂੰ ਕਿਸੇ ਧਾਰਮਕ ਤੇ ਪੰਥਕ ਸਟੇਜ ਤੋਂ ਬੋਲਣ ਦਾ ਮੌਕਾ ਨਾ ਦਿੱਤਾ ਜਾਵੇ।"

ਨਕਲ ਮੁਤਾਬਕ ਅਸਲ ਹੈ
ਅੰਗਰੇਜ਼ ਸਿੰਘ
ਸੀਨੀਅਰ ਰੀਕਾਰਡ ਕੀਪਰ,
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ।

***

***27 ਅਗਸਤ 1998***

## ਹੁਕਮਨਾਮਾ

ਅੱਜ ਮਿਤੀ 27 ਅਗਸਤ 1998 ਨੂੰ ਪਾਵਨ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਹੋਈ, ਜਿਸ ਵਿਚ ਰਾਗੀ ਸਿੰਘਾਂ ਵਲੋਂ ਕੱਚੀ ਬਾਣੀ ਪੜ੍ਹਨ ਅਤੇ ਹੋਰ ਸ਼ਿਕਾਇਤਾਂ 'ਤੇ ਵਿਚਾਰ ਹੋਈ। ਇਸ ਇਕੱਤਰਤਾ ਵਿਚ ਵੱਡੀ ਗਿਣਤੀ ਵਿਚ ਰਾਗੀ ਸਿੰਘਾਂ ਨੇ ਆਪ ਵੀ ਮਹਿਸੂਸ ਕੀਤਾ ਤੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਇਹ ਪ੍ਰਣ ਪੱਤਰ ਲਿਖ ਕੇ ਦਿੱਤਾ ਕਿ ਅੱਗੇ ਵਾਸਤੇ:

1. ਅਸੀਂ ਪਾਵਨ ਸ੍ਰੀ ਅਕਾਲ ਤਖ਼ਤ ਸਾਹਿਬ ਉਤੇ ਪ੍ਰਣ ਕਰਦੇ ਹਾਂ ਕਿ ਅਸੀਂ ਪੂਰਨ ਤੌਰ 'ਤੇ ਅੰਮ੍ਰਿਤਧਾਰੀ ਅਤੇ ਬਾਣੀ ਬਾਣੇ ਵਿਚ ਪ੍ਰਪੱਕ ਹੋਵਾਂਗੇ।
2. ਅਸੀਂ ਗੁਰਮਰਯਾਦਾ ਅਨੁਸਾਰ ਕੀਰਤਨ ਕਰਦਿਆਂ ਕੱਚੀ ਬਾਣੀ ਅਤੇ ਫਿਲਮੀ ਟਿਊਨਾਂ ਵਿਚ ਕੀਰਤਨ ਨਹੀਂ ਕਰਾਂਗੇ। ਬਾਣੀ ਦੀ ਸ਼ੁਧਤਾ ਦਾ ਪੂਰਾ-ਪੂਰਾ ਧਿਆਨ ਰੱਖਾਂਗੇ।
3. ਸ਼ਬਦ ਦੀ ਵਿਆਖਿਆ (ਕੀਰਤਨ ਕਰਦੇ ਸਮੇਂ) ਸ਼ਬਦ ਤੋਂ ਬਾਹਰ ਜਾ ਕੇ ਨਹੀਂ ਕਰਾਂਗੇ।
4. ਅਸੀਂ ਪਵਿੱਤਰ ਸ੍ਰੀ ਅਕਾਲ ਤਖ਼ਤ ਸਾਹਿਬ ਉਤੇ ਇਹ ਵੀ ਪ੍ਰਣ ਕਰਦੇ ਹਾਂ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਜਿਥੇ ਬਿਨਾਂ ਭੇਟਾ ਕੀਰਤਨ ਕਰਨ ਦੀ ਸਾਨੂੰ ਆਗਿਆ ਹੋਵੇਗੀ, ਅਸੀਂ ਉਹ ਵੀ ਕਰਾਂਗੇ।
5. ਕੀਰਤਨ ਕਰਦੇ ਸਮੇਂ ਪ੍ਰਮਾਣ ਗੁਰ ਇਤਿਹਾਸ, ਸਿੱਖ ਇਤਿਹਾਸ ਵਿਚੋ ਹੀ ਦੇਵਾਂਗੇ।

ਉਪਰੰਤ ਇਹ ਵੀ ਪ੍ਰਵਾਨ ਹੋਇਆ ਕਿ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਆਏ ਸਮੂਹ ਰਾਗੀ ਸਿੰਘਾਂ ਨੂੰ ਇਕ ਘੰਟੇ ਵਾਸਤੇ ਗੁਰੂ ਰਾਮਦਾਸ ਸਾਹਿਬ ਜੀ ਦੀ ਪ੍ਰਕਰਮਾ ਵਿਚ ਇਸ਼ਨਾਨ ਦੀ ਸੇਵਾ ਅਤੇ 2100/- ਰੁਪਏ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ, 2100/- ਰੁਪਏ ਸ੍ਰੀ ਹਰਿਮੰਦਰ ਸਾਹਿਬ, 2100/-ਰੁਪਏ ਗੁਰੂ ਰਾਮਦਾਸ ਲੰਗਰ ਵਿਚ ਅਤੇ 101/- ਰੁਪਏ ਦੀ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਦੇਗ ਕਰਵਾ ਕੇ ਅਰਦਾਸ ਕਰਵਾਉਣ ਲਈ ਕਿਹਾ ਜਾਵੇ।

ਦਸਤਖਤ : ਰਣਜੀਤ ਸਿੰਘ, ਮੋਹਣ ਸਿੰਘ,
ਭਗਵਾਨ ਸਿੰਘ, ਚਰਨ ਸਿੰਘ, ਗੁਰਬਚਨ ਸਿੰਘ

■

# ਪੀੜ੍ਹੇ 'ਤੇ ਰੁਮਾਲਾ ਪਾ ਕੇ ਬਨਾਵਟੀ ਵਿਆਹ ਕਰਨ ਦੀ ਘਟਨਾ

ਇਹ ਘਟਨਾ ਦੁਆਬੇ ਦੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਖੁੱਡਾ ਕਰਾਲਾ ਦੀ ਹੈ। ਇਹ ਪਿੰਡ ਖਾੜਕੂਆਂ ਵੇਲੇ ਵੀ ਬੜਾ ਮਸ਼ਹੂਰ ਹੋਇਆ ਸੀ ਤੇ ਅਖਬਾਰੀ ਸੁਰਖੀਆਂ ਵਿਚ ਰਿਹਾ ਹੈ। ਏਥੇ ਹੀ ਬੱਸ ਵਿਚੋਂ ਕੱਢ ਕੇ ਚਾਲ੍ਹੀ ਬੰਦੇ ਮਾਰ ਦਿੱਤੇ ਗਏ ਸਨ। ਪਤਾ ਨਹੀਂ ਉਹ ਕਾਰਾ ਕਿਸ ਨੇ ਕੀਤਾ ਸੀ ਪਰ ਪੁਲਿਸ ਤੇ ਅਖਬਾਰਾਂ ਨੇ ਇਹ ਕਹਿ ਕੇ ਕਈ ਦਿਨ ਪ੍ਰਚਾਰ ਕੀਤਾ ਸੀ ਕਿ ਇਹ ਕੰਮ ਖਾੜਕੂ ਜਥੇਬੰਦੀ ਖਾਲਿਸਤਾਨ ਕਮਾਂਡੋ ਫੋਰਸ ਦਾ ਹੈ ਭਾਵੇਂ ਕਿ ਉਸ ਜਥੇਬੰਦੀ ਨੇ ਬੜੇ ਜੋਰਦਾਰ ਢੰਗ ਨਾਲ ਇਸ ਦੋਸ਼ ਦਾ ਖੰਡਨ ਕੀਤਾ ਸੀ ਪਰ ਇਸ ਘਟਨਾ ਨਾਲ ਪੰਜਾਬ ਦੇ ਹਾਲਾਤ ਬਹੁਤ ਵਿਗੜ ਗਏ ਸਨ।

ਪੂਰੇ ਭਾਰਤ ਵਿਚੋਂ ਦੁਆਬੇ ਦੇ ਤਿੰਨ ਸ਼ਹਿਰ ਜਲੰਧਰ, ਕਪੂਰਥਲਾ ਤੇ ਹੁਸ਼ਿਆਰਪੁਰ ਦੇ ਸਭ ਤੋਂ ਜ਼ਿਆਦਾ ਲੋਕ ਵਿਦੇਸ਼ਾਂ ਵਿਚ ਜਾ ਕੇ ਵੱਸੇ ਹਨ। ਇੰਗਲੈਂਡ, ਅਮਰੀਕਾ, ਕਨੇਡਾ ਤੇ ਯੂਰਪ ਦੇ ਹੋਰ ਦੇਸ਼ਾਂ ਵਿਚ ਜਲੰਧਰ ਤੇ ਹੁਸ਼ਿਆਰਪੁਰ ਜ਼ਿਲ੍ਹਿਆਂ ਦੇ ਪਿੰਡਾਂ ਦੇ ਪਿੰਡ ਵਿਦੇਸ਼ਾਂ ਵਿਚ ਪਹੁੰਚ ਗਏ ਹਨ। ਪਰ ਕਪੂਰਥਲੇ ਜਿਲ੍ਹੇ ਦੇ ਲੋਕ ਜਿਆਦਾ ਕਰਕੇ ਜਰਮਨੀ, ਗਰੀਸ, ਨਾਰਵੇ, ਇਟਲੀ ਤੇ ਇਸ ਤਰ੍ਹਾਂ ਦੇ ਹੋਰ ਦੇਸ਼ਾਂ ਵਿਚ ਗਏ ਹੋਏ ਹਨ। ਦੁਆਬੇ ਦੇ ਕਈ ਪਿੰਡ ਤਾਂ ਐਸੇ ਹਨ ਜਿਨ੍ਹਾ ਦੀਆਂ ਗਲੀਆਂ ਦੀਆਂ ਗਲੀਆਂ ਸੁੰਨੀਆਂ ਪਈਆਂ ਹਨ ਤੇ ਘਰਾਂ ਦੇ ਦਰਵਾਜਿਆਂ ਨੂੰ ਜਿੰਦਰੇ ਲਗੇ ਹੋਏ ਹਨ। ਪਰਿਵਾਰ ਦੇ ਪਰਿਵਾਰ ਬਾਹਰ ਚਲੇ ਗਏ ਹਨ। ਜੇ ਕਿਸੇ ਘਰ ਵਿਚ ਕੋਈ ਰਹਿੰਦਾ ਵੀ ਹੈ ਤਾਂ ਇਕ-ਅੱਧਾ ਬੁੱਢਾ ਜਾਂ ਬੁੱਢੀ ਹੀ ਰਹਿੰਦੇ ਹਨ ਤੇ ਉਹ ਵੀ ਕਈ-ਕਈ ਵਾਰ ਆਪਣੇ ਬਾਹਰ ਰਹਿੰਦੇ ਪੁਤਰਾਂ-ਧੀਆਂ ਕੋਲ ਜਾ ਆਏ ਹਨ। ਦੁਆਬੇ ਦਾ ਤਾਂ ਇਹ ਹਾਲ ਹੈ ਕਿ ਸੱਠਾਂ ਸਾਲਾਂ ਦੇ ਬੁੱਢੇ ਦਾ ਵਿਆਹ ਸੋਲ੍ਹਾਂ ਸਾਲਾਂ ਦੀ ਕੁੜੀ ਨਾਲ ਸੌਖਾ ਹੀ ਹੋ ਜਾਂਦਾ ਹੈ, ਬਸ ਵਿਚੋਲੇ ਵਲੋਂ ਕੁੜੀ ਵਾਲਿਆਂ ਨੂੰ ਸਿਰਫ ਇਸ ਗੱਲ ਦੀ ਤਸੱਲੀ ਕਰਾਉਣੀ ਪੈਂਦੀ ਹੈ ਕਿ ਵਿਆਹ ਤੋਂ ਬਾਅਦ ਕੁੜੀ ਦੇ ਪਰਿਵਾਰ ਨੂੰ ਵੀ ਲਾੜਾ ਬਾਹਰ ਸੱਦ ਲਵੇਗਾ। ਜਦੋਂ ਘਰ ਵਿਚੋਂ ਇਕ ਜੀਅ ਬਾਹਰ ਚਲਾ ਗਿਆ ਸਮਝੋ ਬਾਕੀ ਸਾਰੇ ਵੀ ਗਏ। ਬਾਹਰ ਲੈ ਕੇ ਜਾਣ ਵਿਚ ਤਾਂ ਲੋਕ ਏਨੇ ਮਾਹਰ ਹੋ ਗਏ ਹਨ ਕਿ ਇਕ-ਇਕ ਬੰਦਾ ਹੀ ਦਸਾਂ-ਦਸਾਂ ਜੀਆਂ ਨੂੰ ਵਾਰੋ-ਵਾਰੀ ਲੈ ਜਾਂਦਾ ਹੈ। ਮਿਸਾਲ ਦੇ ਤੌਰ 'ਤੇ ਪਹਿਲਾਂ ਇਕ ਬੰਦਾ ਆਪਣੀ ਪਤਨੀ ਨੂੰ ਇੰਗਲੈਂਡ ਲੈ ਗਿਆ। ਫਿਰ ਉਸ ਨੂੰ ਤਲਾਕ ਦੇ ਦਿੱਤਾ। ਉਸ ਤੋਂ ਬਾਅਦ ਇੰਡੀਆ ਆ ਕੇ ਆਪਣੀ ਭਰਜਾਈ ਨਾਲ ਕਾਗਜੀ ਵਿਆਹ ਰਚਾਇਆ, ਫਿਰ ਉਹਨੂੰ ਲੈ ਗਿਆ। ਫਿਰ ਭੈਣ ਦਾ ਨਾਂਅ ਬਦਲ ਕੇ ਉਸ ਨਾਲ ਕਾਗਜਾਂ ਵਿਚ ਝੂਠਾ-ਮੂਠਾ ਵਿਆਹ ਕੀਤਾ ਤੇ ਉਸ ਨੂੰ ਜਾ ਕੇ ਤਲਾਕ ਦੇ ਕੇ ਫਿਰ ਭਤੀਜੀ ਨੂੰ ਲੈ ਗਿਆ। ਏਸੇ ਤਰ੍ਹਾਂ ਹੀ ਵਿਦੇਸ਼ੀ ਕੁੜੀਆਂ ਵੀ ਪਹਿਲਾਂ ਆਪਣੇ ਪਤੀ ਨੂੰ ਲੈ ਜਾਂਦੀਆਂ ਹਨ ਫਿਰ ਤਲਾਕ ਦੇ ਕੇ ਦਿਉਰਾਂ-ਜੇਠਾਂ ਨੂੰ ਲੈ ਜਾਂਦੀਆਂ ਹਨ ਤੇ ਕਈ ਵਾਰ ਭੈਣ ਤੇ ਭਰਾ ਵੀ ਨਕਲੀ ਪਤੀ-

ਪਤਨੀ ਬਣ ਕੇ ਚਲੇ ਜਾਂਦੇ ਹਨ। ਅਮਰੀਕਾ ਵਿਚ ਮੈਨੂੰ ਇੰਗਲੈਂਡ ਦੀ ਭਾਰਤ ਵਿਚ ਅੰਬੈਸੀ ਦਾ ਵੀਜ਼ੇ ਦੇਣ ਵਾਲਾ ਲੁਧਿਆਣੇ ਦੇ ਮੁਹੱਲਾ ਸਰਾਭਾ ਨਗਰ ਦਾ ਇਕ ਅਫਸਰ ਮਿਲਿਆ ਉਸ ਨੇ ਜੋ ਗੱਲ ਸੁਣਾਈ ਉਹ ਸੁਣ ਕੇ ਮੇਰੇ ਰੌਂਗਟੇ ਖੜ੍ਹੇ ਹੋ ਗਏ। ਉਹ ਅਫਸਰ ਕਹਿਣ ਲੱਗਾ ਕੋਈ ਦੋ ਕੁ ਮਹੀਨੇ ਪਹਿਲਾਂ ਮੈਂ ਵੀਜ਼ਾ ਖਿੜਕੀ 'ਤੇ ਬੈਠਾ ਸਾਂ ਕਿ ਇਕ ਖੂਬਸੂਰਤ ਜੋੜਾ ਮੇਰੇ ਕੋਲੋਂ ਇੰਗਲੈਂਡ ਦੀ ਪੱਕੀ ਇਮੀਗਰੇਸ਼ਨ ਦਾ ਵੀਜ਼ਾ ਲੈਣ ਆਇਆ। ਕੁੜੀ ਨੇ ਲਾਲ ਚੂੜਾ ਪਾਇਆ ਹੋਇਆ ਸੀ ਤੇ ਹੱਥਾਂ ਨੂੰ ਬਕਾਇਦਾ ਮਹਿੰਦੀ ਲਾਈ ਹੋਈ ਸੀ। ਉਨ੍ਹਾਂ ਦੀ ਵਿਆਹ ਵਾਲੀ ਐਲਬਮ ਤੇ ਵਿਆਹ ਦਾ ਸਰਟੀਫਿਕੇਟ ਤੇ ਹੋਰ ਦਸਤਾਵੇਜ਼ ਵੇਖਣ ਤੋਂ ਬਾਅਦ ਮੈਂ ਹਾਸੇ ਨਾਲ ਹੀ ਕਿਹਾ, "ਇਹ ਫੋਟੋਆਂ ਤਾਂ ਵਿਆਹ ਦੀਆਂ ਹਨ। ਇਸ ਤੋਂ ਤੁਹਾਡੇ ਪਤੀ-ਪਤਨੀ ਹੋਣ ਦਾ ਕੀ ਪਤਾ ਲਗਦਾ ਹੈ? ਓਦਾਂ ਦੀਆਂ ਫੋਟੋਆਂ ਤੋਂ ਬਿਨਾਂ ਅੱਜਕਲ੍ਹ ਵੀਜ਼ਾ ਨਹੀਂ ਮਿਲਦਾ।"ਦਰਅਸਲ ਮੁੰਡੇ ਤੇ ਕੁੜੀ ਦੀ ਸ਼ਕਲ ਆਪਸ ਵਿਚ ਬਹੁਤ ਮਿਲਦੀ-ਜੁਲਦੀ ਸੀ ਤੇ ਫੋਟੋ ਵਿਚ ਸ਼ਗਨ ਪਾ ਰਹੀ ਮਾਂ ਦੀ ਸ਼ਕਲ ਵੀ ਉਨ੍ਹਾਂ ਨਾਲ ਰਲਦੀ-ਮਿਲਦੀ ਜਹੀ ਸੀ। ਇਸ ਲਈ ਮੈਨੂੰ ਥੋੜ੍ਹਾ ਸ਼ੱਕ ਪਿਆ ਤੇ ਇਹ ਕਹਿ ਕੇ ਉਨ੍ਹਾਂ ਦੇ ਕਾਗਜ਼ ਮੋੜ ਦਿੱਤੇ ਕਿ ਪਤੀ-ਪਤਨੀ ਵਰਗੀਆਂ ਫੋਟੋਆਂ ਲਿਆ ਓ। ਅਗਲੀ ਤਰੀਖ 'ਤੇ ਜਦੋਂ ਉਹ ਜੋੜਾ ਫਿਰ ਖਿੜਕੀ 'ਤੇ ਆਇਆ ਤਾਂ ਫੋਟੋਆਂ ਵੇਖ ਕੇ ਮੈਂ ਹੈਰਾਨ ਰਹਿ ਗਿਆ। ਇਸ ਤਰ੍ਹਾਂ ਦੀਆਂ ਅਸ਼ਲੀਲ ਫੋਟੋਆਂ ਤਾਂ ਮੈਂ ਅੱਗੇ ਕਦੇ ਨਹੀਂ ਸਨ ਵੇਖੀਆਂ। ਏਨੀਆਂ ਅਸ਼ਲੀਲ ਤੋਬਾ! ਤੋਬਾ! ਪੂਰੀ ਤਸੱਲੀ ਕਰਨ ਲਈ ਮੈਂ ਉਸ ਦਾ ਬਾਇਆ-ਡਾਟਾ ਵੇਖਿਆ ਤਾਂ ਇਕ ਸਾਲ ਪਹਿਲਾਂ ਉਹ ਜਿਸ ਕੁੜੀ ਨੂੰ ਲੈ ਕੇ ਗਿਆ ਸੀ ਤੇ ਤਲਾਕ ਦਿੱਤਾ ਸੀ, ਉਹ ਵੀ ਕਾਫੀ ਇਨ੍ਹਾਂ ਵਰਗੀ ਹੀ ਸੀ। ਖਿੜਕੀ 'ਤੇ ਆ ਕੇ ਮੈਂ ਮੁੰਡੇ ਨੂੰ ਮਾੜਾ ਜਿਹਾ ਦਬਕਾ ਮਾਰਿਆ ਤੇ ਕਿਹਾ, "ਦੇਖ ਇਹ ਤੇਰੀ ਪਤਨੀ ਨਹੀਂ ਜੇ ਤੂੰ ਮੈਨੂੰ ਸੱਚ ਦੱਸ ਦੇਵੇਂਗਾ ਤਾਂ ਮੈਂ ਤੁਹਾਨੂੰ ਵੀਜ਼ਾ ਦੇ ਦਿਆਂਗਾ ਮੇਰਾ ਵਾਇਦਾ ਰਿਹਾ ਪਰ ਜੇ ਨਹੀਂ ਦੱਸੇਂਗਾ ਤਾਂ ਮੈਂ ਇਸ ਨੂੰ ਪੜਤਾਲ ਲਈ ਭੇਜ ਦਿਆਂਗਾ।" ਮੁੰਡੇ ਨੇ ਮੇਰੇ ਕੋਲੋਂ ਤਸੱਲੀ ਲਈ ਪੁੱਛਿਆ "ਪੱਕਾ ਵਾਅਦਾ" ਮੈਂ ਕਿਹਾ "ਹਾਂ, ਪੱਕਾ"। ਤਾਂ ਉਸ ਨੇ ਖਿੜਕੀ ਦੇ ਨਾਲ ਮੂੰਹ ਲਾ ਕੇ ਹੌਲੀ ਜਹੀ ਕਿਹਾ, "ਹਾਂ ਮੇਰੀ ਪਤਨੀ ਨਹੀਂ ਭੈਣ ਹੈ।" ਉਹ ਅਫਸਰ ਕਹਿਣ ਲੱਗਾ ਕਿ ਇਹ ਸੁਣ ਕੇ ਮੇਰੇ ਸਰੀਰ ਵਿਚ ਇਸ ਤਰ੍ਹਾਂ ਝਰਨਾਹਟ ਛਿੜੀ ਜਿਵੇਂ ਬਿਜਲੀ ਦਾ ਕਰੰਟ ਲੱਗ ਗਿਆ ਹੋਵੇ। ਮੈਂ ਠੱਪ ਕਰਕੇ ਵੀਜ਼ੇ ਦੀਆਂ ਮੋਹਰਾਂ ਲਾਈਆਂ ਤੇ ਕਿਹਾ, "ਦਫਾ ਹੋ ਜਾਓ ਤੇ ਸ਼ਾਮ ਨੂੰ ਆ ਕੇ ਪਾਸਪੋਸਟ ਲੈ ਜਾਇਓ।" ਇਸ ਤਰ੍ਹਾਂ ਦੀਆਂ ਹੋਰ ਬਹੁਤ ਸਾਰੀਆਂ ਕਹਾਣੀਆਂ ਹਨ ਜਿਨ੍ਹਾਂ ਦਾ ਹੁਣ ਗੋਰਿਆਂ ਨੂੰ ਵੀ ਪਤਾ ਲਗਦਾ ਜਾਂਦਾ ਹੈ। ਨਹੀਂ ਤਾਂ ਗੋਰੇ ਬਹੁਤ ਭਲੇਮਾਣਸ ਹਨ। ਤਾਂ ਹੀ ਤਾਂ ਕਾਨੂੰਨ ਸਖਤ ਤੋਂ ਸਖਤ ਹੁੰਦਾ ਜਾਂਦਾ ਹੈ। ਉਹ ਕਹਿਣ ਲੱਗਾ, "ਪੰਜਾਬ ਦੇ ਲੋਕਾਂ ਨੇ ਏਨੀ ਜਮੀਨ ਦੀਆਂ ਫਰਦਾਂ ਹੁਣ ਤੱਕ ਆਪਣੇ ਵੀਜ਼ੇ ਦੇ ਕਾਗਜਾਂ ਨਾਲ ਲਾਈਆਂ ਹਨ ਕਿ ਜੇ ਕੰਪਿਊਟਰ ਨਾਲ ਉਨ੍ਹਾਂ ਦਾ ਜੋੜ ਕਰੀਏ ਤਾਂ ਕਨੇਡਾ ਜਿੰਨੀ ਜਮੀਨ ਬਣ ਜਾਵੇ ਜਦੋਂ ਕਿ ਪੰਜਾਬ ਚਿੜੀ ਦੇ ਪੌਂਚੇ ਜਿਡਾ ਹੈ ਤੇ ਕਨੇਡਾ ਅਮਰੀਕਾ ਨਾਲੋਂ ਵੀ ਢਾਈ ਗੁਣਾਂ ਵੱਡਾ ਹੈ। ਜਿਥੋਂ ਦੇ ਲੋਕ ਬਾਹਰ ਜਾਣ ਲਈ ਏਨੀਆਂ ਅਨਹੋਣੀਆਂ ਗੱਲਾਂ ਕਰ ਦੇਂਦੇ ਹਨ ਓਥੇ ਪੀੜ੍ਹੇ 'ਤੇ ਰੁਮਾਲਾ ਪਾਕੇ ਨਕਲੀ ਵਿਆਹ ਕਰਨਾ ਉਨ੍ਹਾਂ ਲਈ ਕੀ ਸ਼ੈਅ ਹੈ?"

***

*24 ਅਕਤੂਬਰ 1998*

ਹੁਕਮਨਾਮਾ

ਅੱਜ ਮਿਤੀ 24 ਅਕਤੂਬਰ 1998 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਵਿਚ ਸ. ਹਰਬੰਸ ਸਿੰਘ ਪਿੰਡ ਖੁੱਡਾ ਅਤੇ ਸ. ਰਤਨ ਸਿੰਘ ਪਿੰਡ ਖੁੱਡਾ ਕਰਾਲਾ ਵਲੋਂ ਪੀੜ੍ਹੇ 'ਤੇ ਰੁਮਾਲਾ ਪਾ ਕੇ ਵੀ.ਡੀ.ਓ. ਟੇਪ ਰਾਹੀਂ ਨਕਲੀ ਅਨੰਦ ਕਾਰਜ ਕਰਾਉਣ ਸਬੰਧੀ ਸ਼ਿਕਾਇਤ 'ਤੇ ਵਿਚਾਰ ਹੋਈ।

ਉਪਰੰਤ ਪ੍ਰਵਾਨ ਹੋਇਆ ਕਿ ਸ. ਹਰਬੰਸ ਸਿੰਘ ਖੁੱਡਾ ਅਤੇ ਰਤਨ ਸਿੰਘ ਖੁੱਡਾ ਕਰਾਲਾ ਦੋਹਾਂ ਨੂੰ ਪੰਜ-ਪੰਜ ਦਿਨ ਰੋਜ਼ਾਨਾ ਇਕ-ਇਕ ਘੰਟਾ ਸੰਗਤਾਂ ਦੇ ਜੂਠੇ ਬਰਤਨ ਸਾਫ ਕਰਨ ਅਤੇ ਦੋਵੇਂ ਮਿਲ ਕੇ ਇਕ ਸਹਿਜ ਪਾਠ ਦਾ ਭੋਗ ਪਾਉਣ। ਉਪਰੰਤ 11, 11 ਰੁਪਏ ਦੀ ਦੇਗ ਸ੍ਰੀ ਅਕਾਲ ਤਖ਼ਤ 'ਤੇ ਲਿਆ ਕੇ ਅਰਦਾਸ ਕਰਾਉਣ।

ਦਸਤਖਤ : ਰਣਜੀਤ ਸਿੰਘ, ਮੋਹਣ ਸਿੰਘ,
ਭਗਵਾਨ ਸਿੰਘ, ਚਰਨ ਸਿੰਘ, ਗੁਰਬਚਨ ਸਿੰਘ

■

# ਸ: ਮਹਿੰਦਰ ਸਿੰਘ (ਐਸ.ਡੀ.ਓ.) ਦੀ ਸ਼ਿਕਾਇਤ

*9 ਮਾਰਚ 1998*

ਭਾਈ ਸਾਹਿਬ ਰਣਜੀਤ ਸਿੰਘ ਜੀ,
ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ।

ਪ੍ਰੇਮ ਸਹਿਤ ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ॥

ਬਿਨੈ ਹੈ ਜੀ, ਇਥੇ ਆ ਕੇ ਪਤਾ ਚੱਲਿਆ ਕਿ ਭਾਈ ਮਹਿੰਦਰ ਸਿੰਘ ਸਾਬਕਾ ਐਸ.ਡੀ.ਓ. ਨੇ ਅਮਰੀਕਾ ਵਿਚ ਜੋ ਛਲ ਚਲਾਇਆ ਹੋਇਆ ਹੈ, ਨਿਰੰਕਾਰੀਆਂ ਅਤੇ ਸਾਰੇ ਹੀ ਪੰਥ ਦੋਖੀਆਂ ਨੂੰ ਮਾਤ ਪਾ ਦਿੱਤਾ ਹੈ। ਹਰ ਇਕ ਪੰਥਕ ਰਵਾਇਤ ਨੂੰ ਵਿਗਾੜ ਕੇ ਪੇਸ਼ ਕਰਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ, ਹਰਿਮੰਦਰ ਸਾਹਿਬ, ਤਖ਼ਤਾਂ, ਪੰਜ ਪਿਆਰਿਆਂ, ਅੰਮ੍ਰਿਤ ਛਕਾਉਣ ਦਾ ਤਰੀਕਾ, ਅਰਦਾਸ, ਸਰੋਵਰ, ੧ਓ ਨੂੰ ਇਕ ਔਮ, ਬਾਣੀ ਪੜ੍ਹਨ ਦਾ ਤਰੀਕਾ ਭਾਵ ਕਿ ਪੰਥ ਪ੍ਰਚਲਤ ਰਵਾਇਤਾਂ ਦੀ ਰੂਪ-ਰੇਖਾ ਬਦਲੀ ਕਰਕੇ ਲੋਕਾਂ ਨੂੰ ਕੁਰਾਹੇ ਕਰ ਰਿਹਾ ਹੈ ਅਤੇ ਬਹੁਤ ਸਾਰੇ ਸਿੱਖ ਧਰਮ ਤੋਂ ਨਾਵਾਕਫ ਪੜ੍ਹੇ-ਲਿਖੇ ਬੰਦੇ ਇਸ ਨੇ ਪਿੱਛੇ ਲਾਏ ਹੋਏ ਹਨ। ਜਿਸ ਦੇ ਸਬੂਤ ਵਜੋਂ ਆਡੀਓ ਅਤੇ ਵੀਡੀਓ ਟੇਪਾਂ ਆਪ ਜੀ ਤੱਕ ਪਹੁੰਚਾਉਣ ਲਈ ਕਿਸੇ ਦੇ ਹੱਥੀਂ, ਭਾਈ ਮੋਹਣ ਸਿੰਘ ਫਰੀਦਾਬਾਦ ਵਾਲਿਆਂ ਰਾਹੀਂ ਭੇਜ ਚੁੱਕਾ ਹਾਂ। ਹੁਣ ਭਾਈ ਸਾਹਿਬ ਮਨੋਹਰ ਸਿੰਘ ਜੀ ਜੋ ਇਥੇ ਹੀ ਰਹਿੰਦੇ ਹਨ, ਰਾਹੀਂ ਇਥੋਂ ਦੀ ਸੰਗਤ ਵਿਚੋਂ ਕੁਝ ਪ੍ਰੇਮੀਆਂ ਦੀ ਸਹੀ ਕਰਾ ਕੇ ਇਕ ਪੱਤਰ ਵੀ ਭਿਜਵਾ ਰਿਹਾ ਹਾਂ।

ਕ੍ਰਿਪਾ ਕਰਕੇ ਇਸ ਕੌੜੀ ਵੇਲ ਨੂੰ ਵਕਤ ਸਿਰ ਵਧਣ ਤੋਂ ਰੋਕਣ ਦਾ ਉਪਾਅ ਕੱਢ ਕੇ ਸਾਰੀਆਂ ਸੰਗਤਾਂ ਨੂੰ ਸੇਧ ਬਖਸ਼ੋ ਜੀ।

ਕਕਾਰ ਤਾਂ ਇਸ ਨੇ ਬਹੁਤ ਪਹਿਲਾਂ ਹੀ ਉਤਾਰ ਦਿੱਤੇ ਸਨ ਅਤੇ ਕਕਾਰਾਂ ਦੀ ਕੋਈ ਲੋੜ ਨਹੀਂ, ਕੁਰਹਿਤਾਂ ਵਿਚ ਪਰ ਇਸਤਰੀ-ਪੁਰਸ਼ ਗਮਨ ਦੀ ਵੀ ਕੋਈ ਮਨਾਹੀ ਨਹੀਂ ਦੱਸੀ ਜਾਂਦੀ।

ਬਾਕੀ ਜੀ, ਪੂਰੀ ਜਾਣਕਾਰੀ ਲਈ ਭੇਜੀਆਂ ਟੇਪਾਂ ਨੂੰ, ਚੰਗੀ ਜਾਣਕਾਰੀ ਲਈ ਸੁਣੋ ਅਤੇ ਵੇਖੋ।

ਦਾਸ ਮਈ ਵਿਚ ਆ ਕੇ ਆਪ ਜੀ ਦੀ ਸੇਵਾ ਵਿਚ ਹਾਜ਼ਰ ਹੋਵੇਗਾ। ਮਹਿੰਦਰ ਸਿੰਘ ਦਾ ਪਤਾ:

Bhai Mohinder Singh
26702 Bridlewood Dr.
Laguna Hills, CA-92653
U.S.A. (Phone No: 704-463-5760)

ਦਾਸ ਸਤਿਨਾਮ ਸਿੰਘ
873 Grovecrest
Rochester Hills, MI-48307
U.S.A.

ਸ: ਸਤਿਨਾਮ ਸਿੰਘ, ਸ: ਸੁਰਜੀਤ ਸਿੰਘ, ਸ: ਜਗਤਾਰ ਸਿੰਘ ਕਥਾਵਾਚਕ ਤੇ ਹੋਰ ਸੰਗਤਾਂ ਦੀਆਂ ਸ਼ਕਾਇਤਾਂ 'ਤੇ ਅਕਾਲ ਤਖ਼ਤ ਸਾਹਿਬ ਵਲੋਂ ਮਹਿੰਦਰ ਸਿੰਘ ਐਸ.ਡੀ.ਓ. ਨੂੰ ਜਵਾਬ ਤਲਬੀ ਲਈ ਮਿਤੀ 16 ਮਈ 1998 ਨੂੰ ਇਕ ਚਿੱਠੀ ਲਿਖੀ ਗਈ ਪਰ ਉਸ ਨੇ ਉਸ ਦਾ ਕੋਈ ਉੱਤਰ ਨਾ ਦਿੱਤਾ, ਇਸ ਲਈ ਇਸ ਕੇਸ 'ਤੇ ਵਿਚਾਰ ਕਰਨ ਲਈ ਅਗਲੀ ਤਰੀਖ 24 ਅਕਤੂਬਰ 1998 ਮਿਥੀ ਗਈ।

***

***24 ਅਕਤੂਬਰ 1998***

ਅੱਜ ਮਿਤੀ 24 ਅਕਤੂਬਰ 1998 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਸ. ਸੁਰਜੀਤ ਸਿੰਘ ਲਾਜਪਤ ਨਗਰ, ਦਿੱਲੀ, ਸ. ਜਗਤਾਰ ਸਿੰਘ 'ਜਾਚਕ' ਕਥਾਵਾਚਕ, ਸ. ਕੁਲਦੀਪ ਸਿੰਘ ਟੋਲੀਡੋ (ਅਮਰੀਕਾ) ਵੱਲੋਂ ਅਪ੍ਰੈਲ 1998 ਵਿਚ ਸ. ਮਹਿੰਦਰ ਸਿੰਘ ਐਸ.ਡੀ.ਓ. ਦੀਆਂ ਗੁਰਮਤਿ ਵਿਰੋਧੀ ਕਾਰਵਾਈਆਂ ਸਬੰਧੀ ਆਈ ਸ਼ਿਕਾਇਤ 'ਤੇ ਵਿਚਾਰ ਹੋਈ। ਪੰਜ ਸਿੰਘ ਸਾਹਿਬਾਨ ਨੇ ਸ. ਮਹਿੰਦਰ ਸਿੰਘ ਐਸ.ਡੀ.ਓ. ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਚਿੱਠੀ ਨੰ. 590/ਅ.3/98, ਮਿਤੀ 16 ਮਈ 1998 ਦੀ ਉੱਤਰ ਨਾ ਦੇਣ ਸਬੰਧੀ ਕੀਤੀ ਲਾਪ੍ਰਵਾਹੀ ਦਾ ਵੀ ਨੋਟਿਸ ਲਿਆ।

ਸ. ਮਹਿੰਦਰ ਸਿੰਘ ਐਸ.ਡੀ.ਓ. ਵਲੋਂ ਕੀਤੀਆਂ ਗਈਆਂ ਗੁਰਮਤਿ ਵਿਰੋਧੀ ਕਾਰਵਾਈਆਂ ਨੂੰ ਗੰਭੀਰਤਾ ਨਾਲ ਵਿਚਾਰਨ ਉਪਰੰਤ ਪ੍ਰਵਾਨ ਹੋਇਆ ਕਿ ਸ. ਮਹਿੰਦਰ ਸਿੰਘ ਐਸ.ਡੀ.ਓ. ਨੂੰ ਤਨਖਾਹੀਆ ਕਰਾਰ ਦਿੱਤਾ ਜਾਵੇ ਅਤੇ ਇਕ ਮਹੀਨੇ ਦਾ ਸਮਾਂ ਦਿੱਤਾ ਜਾਵੇ ਕਿ ਉਹ (ਸ. ਮਹਿੰਦਰ ਸਿੰਘ ਐਸ.ਡੀ.ਓ.) ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਪੇਸ਼ ਹੋ ਕੇ ਆਪਣਾ ਸਪੱਸ਼ਟੀਕਰਨ ਦੇਵੇ।

ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਹਾਜ਼ਰ ਹੋ ਕੇ ਸਪੱਸ਼ਟੀਕਰਨ ਨਾ ਦੇਣ ਦੀ ਸੂਰਤ ਵਿਚ ਪੰਥਕ ਮਰਯਾਦਾ ਅਨੁਸਾਰ ਐਸ.ਡੀ.ਓ. ਦੇ ਖਿਲਾਫ ਕਾਰਵਾਈ ਕੀਤੀ ਜਾਵੇਗੀ।

ਦਸਤਖਤ : ਰਣਜੀਤ ਸਿੰਘ ਤੇ ਬਾਕੀ ਸਿੰਘ ਸਾਹਿਬਾਨ

***

***28 ਨਵੰਬਰ 1998***

## ਗੁਰਮਤਾ

ਅੱਜ ਮਿਤੀ 28 ਨਵੰਬਰ 1998 ਨੂੰ ਪਾਵਨ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਵਿਚ ਮਹਿੰਦਰ ਸਿੰਘ ਐਸ.ਡੀ.ਓ. ਜਿਸ ਨੂੰ ਮਿਤੀ 24 ਅਕਤੂਬਰ 1998 ਨੂੰ ਗੁਰਮਤਿ ਵਿਰੋਧੀ ਕਾਰਵਾਈਆਂ ਕਰਨ ਕਾਰਨ ਤਨਖਾਹੀਆ ਕਰਾਰ ਦਿੱਤਾ ਗਿਆ ਸੀ, ਨਾਲ ਹੀ ਮਹਿੰਦਰ ਸਿੰਘ ਐਸ.ਡੀ.ਓ. ਨੂੰ ਇਕ ਮਹੀਨੇ ਦਾ ਸਮਾਂ ਦਿੱਤਾ ਗਿਆ ਸੀ ਕਿ ਉਹ ਆਪਣਾ ਸਪੱਸ਼ਟੀਕਰਨ ਪਾਵਨ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਪੇਸ਼ ਹੋ ਕੇ ਦੇਵੇ, ਪਰ:

1. ਮਹਿੰਦਰ ਸਿੰਘ ਐਸ.ਡੀ.ਓ. ਵਲੋਂ ਕੋਈ ਸਪੱਸ਼ਟੀਕਰਨ ਨਾ ਦੇਣ ਕਾਰਨ,
2. ਸ੍ਰੀ ਅਕਾਲ ਤਖ਼ਤ ਸਾਹਿਬ ਦੀ ਕਾਰਵਾਈ ਨੂੰ ਅਣਗੌਲਿਆਂ ਕਰਨ ਕਾਰਨ,
3. ਅੰਮ੍ਰਿਤ ਸੰਚਾਰ ਦੀ ਵਿਧੀ ਬਦਲ ਦੇਣ ਕਾਰਨ,

4. ਪੰਥ ਵਿਚ ਪ੍ਰਚਲਤ ਸ਼ਬਦਾਂ ਦਾ ਸਰੂਪ ਵਿਗਾੜਨ ਕਾਰਨ,

5. ਸ੍ਰੀ ਗੁਰੂ ਗ੍ਰੰਥ ਸਾਹਿਬ, ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ ਪ੍ਰਤੀ ਅਪਮਾਨਜਨਕ ਸ਼ਬਦ ਵਰਤਣ ਕਾਰਨ,

6. ਰਹਿਤਵਾਨ ਸਿੱਖ ਅਤੇ ਕਕਾਰਾਂ ਬਾਰੇ ਅਪਮਾਨਜਨਕ ਸ਼ਬਦ ਵਰਤਣ ਕਾਰਨ ਮਹਿੰਦਰ ਸਿੰਘ ਐਸ.ਡੀ.ਓ. ਨੂੰ ਪੰਥ ਵਿਚੋਂ ਛੇਕਿਆ ਜਾਂਦਾ ਹੈ।

ਸਮੂਹ ਸਾਧ ਸੰਗਤ ਨੂੰ ਪੰਜ ਸਿੰਘ ਸਾਹਿਬਾਨ ਵਲੋਂ ਆਦੇਸ਼ ਹੈ ਕਿ ਕੋਈ ਸਿੱਖ ਮਹਿੰਦਰ ਸਿੰਘ ਐਸ.ਡੀ.ਓ. ਨਾਲ ਰੋਟੀ ਬੇਟੀ ਦਾ ਨਾਤਾ ਨਾ ਰੱਖੇ, ਉਸ ਦਾ ਸਮਾਜਿਕ ਬਾਈਕਾਟ ਕਰੇ, ਜਦੋਂ ਤੱਕ ਉਹ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਆ ਕੇ ਆਪਣੀ ਭੁੱਲ ਨਹੀਂ ਬਖਸ਼ਵਾ ਲੈਂਦਾ।

ਦਸਤਖਤ : ਰਣਜੀਤ ਸਿੰਘ, ਮੋਹਣ ਸਿੰਘ,
ਭਗਵਾਨ ਸਿੰਘ, ਚਰਨ ਸਿੰਘ, ਗੁਰਬਚਨ ਸਿੰਘ

***

## ਪੰਜ ਪਿਆਰਿਆਂ ਵਲੋਂ ਕਾਰਵਾਈ

ੴ ਸਤਿਗੁਰ ਪ੍ਰਸਾਦਿ
ਪੰਜ ਪਿਆਰਿਆਂ ਵਲੋਂ,
ਗੁਰੂ ਦੀ ਸਾਜੀ ਨਿਵਾਜੀ, ਗੁਰੂ ਰੂਪ, ਗੁਰੂ ਖਾਲਸਾ ਸਾਧ ਸੰਗਤ ਜੀ,
ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ॥

ਇਹ ਐਲਾਨ ਪੰਜ ਪਿਆਰੇ ਅਕਾਲ ਤਖ਼ਤ ਤੋਂ ਦਿੱਤੀ ਪੰਜ ਸਿੰਘ ਸਾਹਿਬਾਨਾਂ ਦੀ ਵਿਚਾਰ ਅਨੁਸਾਰ ਕਰ ਰਹੇ ਹਨ।

ਮਿਤੀ 10.7.91 ਨੂੰ ਗਿਆਨੀ ਮਹਿੰਦਰ ਸਿੰਘ ਜੀ ਖਾਲਸਾ ਨੇ ਇਕ ਬੀਬੀ ਦੇ ਰੋਮਾਂ ਦੀ ਬੇਅਦਬੀ ਕੀਤੀ। ਇਸ ਬੀਬੀ ਨੇ ਇਹ ਸਾਰਾ ਹਾਲ ਸਿੱਖ ਨੌਜਵਾਨ ਸਭਾ ਮਲੇਸ਼ੀਆ ਨੂੰ ਦੱਸਿਆ। ਸਿੱਖ ਨੌਜਵਾਨ ਸਭਾ ਨੇ ਇਹ ਮਸਲਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਖਾਲਸਾ ਗੜ੍ਹ ਦੇ ਪ੍ਰਬੰਧਕਾਂ ਨੂੰ ਦੱਸਿਆ।

ਇਸ ਮਸਲੇ 'ਤੇ ਵਿਚਾਰ ਕਰਨ ਲਈ ਖਾਲਸਾ ਗੜ੍ਹ ਦੇ ਪ੍ਰਬੰਧਕ ਅਤੇ ਮੈਂਬਰ ਮਿਤੀ 9.8.91 ਨੂੰ ਗੁਰਦੁਆਰਾ ਸਾਹਿਬ ਧਰਮਸ਼ਾਲਾ ਵਿਖੇ ਇਕੱਤਰ ਹੋਏ। ਗਿਆਨੀ ਮਹਿੰਦਰ ਸਿੰਘ ਜੀ ਖਾਲਸਾ ਨੇ ਇਕ ਬੀਬੀ ਦੇ ਰੋਮਾਂ ਦੀ ਬੇਅਦਬੀ ਦੀ ਗਲਤੀ ਮੰਨੀ ਅਤੇ ਹਾਜ਼ਰ ਮੈਂਬਰਾਂ ਅੱਗੇ ਬੇਨਤੀ ਕੀਤੀ ਕਿ "ਜੋ ਵੀ ਤੁਸੀਂ ਮੇਰੇ 'ਤੇ ਕਾਰਵਾਈ ਕਰੋਗੇ, ਉਹ ਮੈਨੂੰ ਪਰਵਾਨ ਹੈ।" ਮੈਂਬਰਾਂ ਵਿਚ ਵਿਚਾਰ ਹੋਈ ਅਤੇ ਪੰਜ ਪਿਆਰੇ ਚੁਣੇ ਗਏ। ਪੰਜ ਪਿਆਰਿਆਂ ਨੇ ਗੁਰੂ ਮਹਾਰਾਜ ਦੀ ਹਜ਼ੂਰੀ ਵਿਚ ਕਾਰਵਾਈ ਕੀਤੀ। ਗਿਆਨੀ ਮਹਿੰਦਰ ਸਿੰਘ ਜੀ ਖਾਲਸਾ ਨੂੰ ਇਹ ਤਨਖਾਹ ਲਾਈ ਗਈ:

(ੳ) ਹਰ ਰੋਜ਼ ਪੰਜ ਜਪੁਜੀ ਸਾਹਿਬ ਦੇ ਪਾਠ ਕਰਨੇ, ਤਿੰਨ ਮਹੀਨਿਆਂ ਲਈ।

(ਅ) ਖਾਲਸਾ ਗੜ੍ਹ ਦੀ ਸੁਪਰੀਮ ਕੌਂਸਲ ਤੋਂ ਤਿੰਨ ਮਹੀਨਿਆਂ ਲਈ ਸਸਪੈਂਡ ਕੀਤੇ ਜਾਂਦੇ ਹਨ।

ਫਿਰ ਗਿਆਨੀ ਮਹਿੰਦਰ ਸਿੰਘ ਜੀ ਖਾਲਸਾ ਤੋਂ ਇਹ ਪ੍ਰਣ ਲਿਆ ਗਿਆ ਕਿ ਉਹ

ਅਗਾਂਹ ਨੂੰ ਭੂਤ-ਪ੍ਰੇਤ ਦੇ ਕੰਮ ਅਤੇ ਰੋਮਾਂ ਦੀ ਬੇਅਦਬੀ ਨਹੀਂ ਕਰਨਗੇ। ਪੰਜ ਪਿਆਰਿਆਂ ਨੇ ਇਹ ਵੀ ਫੈਸਲਾ ਕੀਤਾ ਕਿ ਇਸ ਬਾਰੇ ਕੋਈ ਪ੍ਰਚਾਰ ਨਾ ਕੀਤਾ ਜਾਵੇ, ਕਿਉਂਕਿ ਪੰਥ ਲਈ ਹਾਨੀਕਾਰਕ ਹੋਵੇਗਾ ਪਰ ਨੌਜਵਾਨ ਸਭਾ ਦੇ ਪ੍ਰਬੰਧਕਾਂ ਨੂੰ ਦੱਸਿਆ ਜਾਵੇ।

ਮਿਤੀ 10.8.91 ਨੂੰ ਪੰਜ ਪਿਆਰਿਆਂ ਦੇ ਦੋ ਨੁਮਾਇੰਦੇ, ਖਾਲਸਾ ਗੜ੍ਹ ਦੇ ਕੁਝ ਨੁਮਾਇੰਦੇ ਅਤੇ ਨੌਜਵਾਨ ਸਭਾ ਦੇ ਪ੍ਰਬੰਧਕਾਂ ਦੀ ਮੀਟਿੰਗ ਹੋਈ ਜਿਸ ਵਿਚ ਕਾਰਵਾਈ ਬਾਰੇ ਦੱਸਿਆ ਗਿਆ ਅਤੇ ਆਪੋ ਆਪਣੀਆਂ ਵਿਚਾਰਾਂ ਪੇਸ਼ ਕੀਤੀਆਂ ਗਈਆਂ।

ਇਹ ਮਸਲਾ ਕੁਝ ਵਧਦਾ ਗਿਆ। ਨੌਜਵਾਨ ਸਭਾ ਨੇ ਮਿਤੀ 27.9.91 ਦੀ ਚਿੱਠੀ ਰਾਹੀਂ ਇਸ ਗੱਲ ਦਾ ਪ੍ਰਚਾਰ ਕੀਤਾ। ਇਸ ਕਾਰਨ ਪੰਜ ਪਿਆਰਿਆਂ ਨੇ ਮਿਤੀ 13.10.91 ਨੂੰ ਨੌਜਵਾਨ ਸਭਾ ਦੇ ਪ੍ਰਬੰਧਕਾਂ ਨੂੰ ਤਨਖਾਹੀਏ ਕਰਾਰ ਦਿੱਤਾ ਅਤੇ ਹੁਕਮ ਜਾਰੀ ਕੀਤਾ ਕਿ ਸਭਾ ਦੇ ਪ੍ਰਬੰਧਕ ਜਿਨ੍ਹਾਂ ਨੇ 27.9.91 ਚਿੱਠੀ ਦੀ ਹਾਮੀ ਭਰੀ ਹੈ ਉਹ ਦਰਬਾਰ ਸਾਹਿਬ ਸਭਾ ਹਾਊਸ ਵਿਖੇ ਪੰਜ ਪਿਆਰਿਆਂ ਅੱਗੇ ਮਿਤੀ 27.10.91 ਨੂੰ ਪੇਸ਼ ਹੋਣ।

ਮਿਤੀ 23.10.91 ਨੂੰ ਚਿੱਠੀ ਰਾਹੀਂ ਸਭਾ ਦੇ ਪ੍ਰਬੰਧਕਾਂ ਨੇ ਪੇਸ਼ ਹੋਣ ਤੋਂ ਇਨਕਾਰ ਕਰ ਦਿੱਤਾ ਅਤੇ ਇਸ ਮਸਲੇ ਨੂੰ ਅਕਾਲ ਤਖ਼ਤ ਸਾਹਿਬ ਤੱਕ ਲੈ ਜਾਣ ਦਾ ਫੈਸਲਾ ਦੱਸ ਦਿੱਤਾ।

ਮਿਤੀ 13.11.91 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸਿੰਘ ਸਾਹਿਬ ਭਾਈ ਮਨਜੀਤ ਸਿੰਘ ਜੀ ਅਤੇ ਹੋਰ ਚਾਰ ਸਿੰਘ ਸਾਹਿਬਾਨਾਂ ਨੇ ਵਿਚਾਰ ਕੀਤੀ।

ਇਸ ਮਸਲੇ ਨੂੰ ਹੱਲ ਕਰਨ ਲਈ ਫਿਰ ਪੰਜ ਸਿੰਘ ਸਾਹਿਬਾਨਾਂ ਨੇ ਪਹੁੰਚੇ ਨੁਮਾਇੰਦਿਆਂ ਨੂੰ ਵਿਚਾਰ ਦਿੱਤੀ।

ਪਹੁੰਚੇ ਨੁਮਾਇੰਦੇ ਇਹ ਸਨ:

ੳ) ਪੰਜ ਪਿਆਰਿਆਂ ਤੋਂ ਗਿਆਨੀ ਸੁਖਦੇਵ ਸਿੰਘ ਜੀ

ਅ) ਨੌਜਵਾਨ ਸਭਾ ਤੋਂ

(1) ਸ: ਸੂਰਤ ਸਿੰਘ ਜੀ

(2) ਸ: ਸੁਖਦੇਵ ਸਿੰਘ ਜੀ (ਐਮ.ਏ.ਐਸ.)

(3) ਬੀਬੀ ਜਸਵਿੰਦਰ ਕੌਰ ਜੀ (ਧਰਮ ਪਤਨੀ ਸ: ਸੁਖਦੇਵ ਸਿੰਘ ਜੀ)

ੲ) ਸਿੰਘਾਪੁਰ ਸਿੱਖ ਸੇਵਕ ਤੋਂ:

(1) ਸ: ਮਨਜੀਤ ਸਿੰਘ ਜੀ

(2) ਬੀਬੀ ਪਰਮਜੀਤ ਕੌਰ ਜੀ

ਸਿੰਘ ਸਾਹਿਬਾਨਾਂ ਨੇ ਪਹੁੰਚੇ ਹੋਏ ਨੁਮਾਇੰਦਿਆਂ ਤੋਂ ਪ੍ਰਣ ਲਿਆ ਕਿ ਉਹ ਸ੍ਰੀ ਅਕਾਲ ਤਖ਼ਤ 'ਤੇ ਹੋਈ ਵਿਚਾਰ ਨੂੰ ਪੰਜ ਪਿਆਰਿਆਂ ਤੋਂ ਇਲਾਵਾ ਕਿਸੇ ਹੋਰ ਨੂੰ ਪ੍ਰਗਟ ਨਹੀਂ ਕਰਨਗੇ।

ਪੰਜ ਸਿੰਘ ਸਾਹਿਬਾਨਾਂ ਦੀ ਦਿੱਤੀ ਵਿਚਾਰ ਨੂੰ ਮੁਖ ਰਖਦਿਆਂ, ਪੰਜ ਪਿਆਰਿਆਂ ਨੇ ਮਿਤੀ 14.12.91 ਨੂੰ ਗੁਰਦੁਆਰਾ ਸਾਹਿਬ ਵਿਖੇ ਗਿਆਨੀ ਮਹਿੰਦਰ ਸਿੰਘ ਜੀ ਖਾਲਸਾ ਨੂੰ ਅਤੇ ਸਭਾ ਦੇ ਪ੍ਰਬੰਧਕਾਂ ਨੂੰ ਪੇਸ਼ ਹੋਣ ਦਾ ਹੁਕਮਨਾਮਾ ਜਾਰੀ ਕੀਤਾ।

ਇਹ ਮਸਲੇ ਇਸ ਤਰ੍ਹਾਂ ਨਜਿੱਠੇ ਗਏ ਹਨ:

(1) ਗਿਆਨੀ ਮਹਿੰਦਰ ਸਿੰਘ ਜੀ ਖਾਲਸਾ ਹੁਣ ਸੰਗਤ ਵਿਚ ਖੜ੍ਹੇ ਹੋ ਜਾਣ। ਗਿਆਨੀ ਮਹਿੰਦਰ ਸਿੰਘ ਜੀ ਖੜ੍ਹੇ ਹੋ ਗਏ ਤਾਂ ਉਨ੍ਹਾਂ ਨੇ ਫਿਰ ਮਿਤੀ 14.12.91 ਨੂੰ ਗੁਰਦੁਆਰਾ ਸਾਹਿਬ ਵਿਖੇ ਪੰਜ ਪਿਆਰਿਆਂ ਅੱਗੇ ਰੋਮਾਂ ਦੀ ਬੇਅਦਬੀ ਦੀ ਬਜਰ ਕੁਰਹਿਤ ਮੰਨੇ। ਫਿਰ ਉਨ੍ਹਾਂ ਨੂੰ ਅੰਮ੍ਰਿਤ ਪਾਨ ਕਰਾਇਆ ਗਿਆ ਤੇ ਇਹ ਤਨਖਾਹ ਲਾਈ ਗਈ:

ੳ) ਹਰ ਰੋਜ਼ ਪੰਜ ਬੇਨਤੀ ਚੌਪਈ ਦੇ ਪਾਠ ਕਰਨੇ, ਦੋ ਮਹੀਨਿਆਂ ਲਈ।

ਅ) ਕਿਸੇ ਵੀ ਗੁਰਦੁਆਰਾ ਸਾਹਿਬ ਵਿਖੇ ਜਿਥੇ ਸੰਗਤ ਜੁੜੀ ਹੋਵੇ, ਗਿਆਰਾਂ ਦਿਨ ਜੋੜਿਆਂ ਦੀ ਸੇਵਾ ਕਰਨੀ।

ੲ) ਜੇ ਅਗਾਂਹ ਨੂੰ ਗਿਆਨੀ ਮਹਿੰਦਰ ਸਿੰਘ ਜੀ ਨੇ ਭੂਤ ਪ੍ਰੇਤ ਜਾਂ ਰੋਮਾਂ ਦੀ ਬੇਅਦਬੀ ਕੀਤੀ ਤਾਂ ਪੰਜ ਪਿਆਰਿਆਂ ਨੂੰ ਪੂਰਾ ਅਧਿਕਾਰ ਹੋਵੇਗਾ ਉਸ ਨੂੰ ਪੰਥ ਵਿਚੋਂ ਖਾਰਜ ਕਰਨ ਦਾ।

ਤਨਖਾਹ ਪੂਰੀ ਕਰਨ ਤੋਂ ਬਾਅਦ ਪੰਜ ਪਿਆਰਿਆਂ ਨੂੰ ਦੱਸਣਾ ਤੇ ਕਿਸੇ ਵੀ ਗੁਰਦੁਆਰਾ ਸਾਹਿਬ ਵਿਖੇ ਦੇਗ ਕਰਾਉਣੀ। ਗਿਆਨੀ ਮਹਿੰਦਰ ਸਿੰਘ ਜੀ ਖਾਲਸਾ ਨੇ ਇਹ ਤਨਖਾਹ ਪ੍ਰਵਾਨ ਕੀਤੀ।

(2) ਹੁਣ ਨੌਜਵਾਨ ਸਭਾ ਦੇ ਪ੍ਰਬੰਧਕ ਖੜ੍ਹੇ ਹੋ ਜਾਣ।

ਮਿਤੀ 14.12.91 ਨੂੰ ਗੁਰਦੁਆਰਾ ਸਾਹਿਬ ਧਰਮਸ਼ਾਲਾ ਵਿਖੇ ਨੌਜਵਾਨ ਸਭਾ ਦੇ ਪ੍ਰਬੰਧਕ ਪੰਜ ਪਿਆਰਿਆਂ ਅੱਗੇ ਪੇਸ਼ ਹੋਏ। ਨੌਜਵਾਨ ਸਭਾ ਦੇ ਪ੍ਰਬੰਧਕਾਂ ਨੇ ਆਪਣੀ ਸਾਰੀ ਗੱਲ ਸੁਣਾਈ। ਪੰਜ ਪਿਆਰਿਆਂ ਨੇ ਵਿਚਾਰ ਕਰਕੇ ਇਹ ਫੈਸਲਾ ਸੁਣਾ ਦਿੱਤਾ:

(ੳ) ਸਭਾ ਦੀ ਚਿੱਠੀ 27.9.91 ਬਾਰੇਂ ਬਹੁਤ ਗਲਤ ਫਹਿਮੀਆਂ ਕਾਰਨ ਕੱਢੀ ਗਈ ਸੀ। ਇਸ ਤੋਂ ਮੁਆਫ ਕੀਤੇ ਗਏ ਅਤੇ ਹੁਕਮ ਵਾਪਸ ਲਿਆ ਗਿਆ।

(ਅ) ਜਿਹੜਾ ਸਭਾ ਦੇ ਪ੍ਰਬੰਧਕ ਮਿਤੀ 27.10.91 ਨੂੰ ਪੰਜ ਪਿਆਰਿਆਂ ਅੱਗੇ ਪੇਸ਼ ਨਹੀਂ ਹੋਏ, ਇਹ ਹੁਕਮ ਦੀ ਉਲੰਘਣਾ ਹੈ ਤੇ ਇਹ ਤਨਖਾਹ ਲਾਈ ਗਈ:

(1) ਹਰ ਰੋਜ਼ ਦੋ ਬੇਨਤੀ ਚੌਪਈ ਦੇ ਪਾਠ, ਤੀਹ ਦਿਨਾਂ ਲਈ ਕਰਨੇ।

(2) ਕਿਸੇ ਵੀ ਗੁਰਦੁਆਰੇ ਵਿਖੇ ਜਿਥੇ ਸੰਗਤ ਜੁੜੀ ਹੋਵੇ ਪੰਜ ਦਿਨ ਭਾਂਡੇ ਮਾਂਜਣ ਦੀ ਸੇਵਾ ਕਰਨੀ।

ਕਿਉਂਕਿ ਹੁਣ ਇਹ ਸਾਰੇ ਮਸਲੇ ਨਜਿੱਠੇ ਗਏ ਹਨ ਸੋ ਸਰਬੱਤ ਸੰਗਤ ਨੂੰ ਦਰਸਾਇਆ ਜਾਂਦਾ ਹੈ ਕਿ ਜਦੋਂ ਤਨਖਾਹਾਂ ਪੂਰੀਆਂ ਹੋ ਗਈਆਂ:

ੳ) ਗਿਆਨੀ ਮਹਿੰਦਰ ਸਿੰਘ ਜੀ ਨੂੰ ਪੂਰੀ ਮਿਲਵਰਤਣ ਦੇਣ।

ਅ) ਸਿੱਖ ਨੌਜਵਾਨ ਸਭਾ ਮਲੇਸ਼ੀਆ ਨੂੰ ਪੂਰਾ ਮਿਲਵਰਤਣ ਦੇਣ।

ਗੁਰੂ ਰੂਪ ਸਾਧ ਸੰਗਤ ਜੀ ਇਹ ਸਾਰੀ ਕਾਰਵਾਈ ਅਕਾਲ ਤਖ਼ਤ ਦੀ ਵਿਚਾਰ ਅਨੁਸਾਰ ਕੀਤੀ ਗਈ ਹੈ। ਮਰਯਾਦਾ ਅਨੁਸਾਰ ਪੰਜ ਪਿਆਰਿਆਂ ਵਲੋਂ ਐਲਾਨ ਸੰਗਤ ਵਿਚ ਕੀਤਾ ਗਿਆ ਹੈ।

ਸੰਗਤ ਇਸ ਕਾਰਵਾਈ ਦੀ ਪ੍ਰਵਾਨਗੀ ਬਖਸ਼ੇ ਨਾਲ ਹੀ ਸੰਗਤ ਗਿਆਨੀ ਮਹਿੰਦਰ ਸਿੰਘ ਜੀ ਖਾਲਸਾ ਅਤੇ ਨੌਜਵਾਨ ਸਭਾ ਦੇ ਪ੍ਰਬੰਧਕਾਂ ਦੀ ਵੀ ਭੁੱਲ ਬਖਸ਼ੇ।

"ਪਿਛਲੇ ਅਉਗਣ ਬਖਸ਼ ਲੈ ਪ੍ਰਭ ਆਗੈ ਮਾਰਗ ਪਾਵੈ॥"
ਜੇ ਸੰਗਤ ਨੂੰ ਪ੍ਰਵਾਨਗੀ ਹੈ ਤਾਂ ਜੈਕਾਰਾ ਬੁਲਾਇਆ ਜਾਵੇ।

"ਸੰਗਤ ਵਲੋਂ ਜੈਕਾਰਾ ਬੁਲਾਇਆ ਗਿਆ"

ਅਖੀਰ 'ਤੇ ਇਹ ਸਾਰਾ ਐਲਾਨ ਜੋ ਕਿ ਗੁਰਦੁਆਰਾ ਸਾਹਿਬ ਸੈਂਟ੍ਰਲ ਵਿਖੇ ਸੁਣਾਇਆ ਗਿਆ ਹੈ ਇਹ ਚਿੱਠੀਆਂ ਰਾਹੀਂ ਹਰ ਇਕ ਗੁਰਦੁਆਰਾ ਸਾਹਿਬ ਮਲੇਸ਼ੀਆ ਤੇ ਸਿੰਘਾਪੁਰ ਅਤੇ ਕਾਪੀ ਅਕਾਲ ਤਖ਼ਤ ਸਾਹਿਬ ਨੂੰ ਭੇਜੀ ਜਾਵੇਗੀ।

ਇਹ ਐਲਾਨ ਇਨ੍ਹਾਂ ਪੰਜਾਂ ਪਿਆਰਿਆਂ ਵੱਲੋਂ ਕੀਤਾ ਗਿਆ:

ਭਾਈ ਸਾਹਿਬ ਭਾਈ ਗਿਆਨ ਸਿੰਘ ਜੀ,
ਭਾਈ ਸਾਹਿਬ ਭਾਈ ਨਾਹਰ ਸਿੰਘ ਜੀ,
ਭਾਈ ਸਾਹਿਬ ਭਾਈ ਮਨਜੀਤ ਸਿੰਘ,
ਭਾਈ ਸਾਹਿਬ ਭਾਈ ਸੁਖਦੇਵ ਸਿੰਘ ਜੀ
ਭਾਈ ਸਾਹਿਬ ਭਾਈ ਦਲਜੀਤ ਸਿੰਘ ਜੀ

ਸਿੱਖ ਨੌਜਵਾਨ ਸਭਾ ਮਲੇਸ਼ੀਆ ਨੂੰ ਇਹ ਸਾਰੀ ਕਾਰਵਾਈ ਪ੍ਰਵਾਨ ਹੈ

ਉਤਾਰ ਸਿੰਘ, ਜਥੇਦਾਰ
ਸੂਰਤ ਸਿੰਘ, ਸੇਵਕ

ਗਿਆਨੀ ਮਹਿੰਦਰ ਸਿੰਘ ਖਾਲਸਾ ਨੇ ਇਹ ਸਾਰਾਈ ਕਾਰਵਾਈ ਪ੍ਰਵਾਨ ਕੀਤੀ।

ਗਿਆਨੀ ਮਹਿੰਦਰ ਸਿੰਘ ਖਾਲਸਾ

ਗੁਰਦੁਆਰਾ ਸਾਹਿਬ ਸੈਂਟ੍ਰਲ ਵਿਖੇ ਇਹ ਸਾਰਾ ਐਲਾਨ ਸੰਗਤ ਵਿਚ ਸੁਣਾਇਆ ਗਿਆ।

ਹਰਚਰਨ ਸਿੰਘ
ਪ੍ਰਧਾਨ, ਗੁਰਦੁਆਰਾ ਸਾਹਿਬ ਸੈਂਟ੍ਰਲ

***

ੴ ਸਤਿਗੁਰ ਪ੍ਰਸਾਦਿ॥
ਸਿੰਘ ਸਾਹਿਬ ਰਣਜੀਤ ਸਿੰਘ ਜੀ,
ਜਥੇਦਾਰ, ਸ੍ਰੀ ਅਕਾਲ ਤਖ਼ਤ ਸਾਹਿਬ ਜੀ,
ਸ੍ਰੀ ਅੰਮ੍ਰਿਤਸਰ। ਪੰਜਾਬ।
ਸਤਿਕਾਰਯੋਗ ਸਿੰਘ ਸਾਹਿਬ ਜੀਓ,
ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਹਿ॥

ਤੁਹਾਡੀ ਚਿੱਠੀ ਮਿਤੀ 30 ਨਵੰਬਰ 1998 ਵਾਲੀ, ਰੈਫਰੈਂਸ ਨੰਬਰ 1575/ ਏ.ਟੀ./98 ਦਾਸ ਨੂੰ ਕੱਲ੍ਹ ਮਿਤੀ 11 ਦਸੰਬਰ 1998 ਨੂੰ ਮਿਲੀ ਹੈ ਜੀ। ਇਸੇ ਚਿੱਠੀ ਦੀ ਇਕ ਫੋਟੋ ਸਟੇਟ ਕੀਤੀਂ ਨਕਲ ਤਿੰਨ ਦਿਨ ਪਹਿਲਾਂ ਦਾਸ ਨੂੰ ਮਿਲੀ ਜਿਸ 'ਤੇ ਡਾਕਖਾਨੇ ਦੀ ਮੋਹਰ ਛਾਪ ਕੁਆਲਾਲੰਪੁਰ ਮਲੇਸ਼ੀਆ ਦੀ ਲੱਗੀ ਹੋਈ ਹੈ। ਇਕ ਹੋਰ ਐਸੀ ਫੋਟੋ ਸਟੇਟ ਕੀਤੀ ਨਕਲ ਇਕ ਸੰਸਥਾ ਦੇ ਪਤੇ 'ਤੇ ਭੇਜੀ ਮਿਲੀ ਹੈ, ਜਿਸ ਦੀ ਮੋਹਰ ਛਾਪ ਕੁਆਲਾਲੰਪੁਰ ਮਲੇਸ਼ੀਆ ਦੀ ਲੱਗੀ ਹੋਈ ਹੈ। ਸਤਿਗੁਰੂ ਸਾਹਿਬ ਹੀ ਜਾਣਦੇ ਹਨ ਕਿ ਕੌਣ-ਕੌਣ, ਕਿੱਥੇ-

ਕਿੱਥੇ ਚਿੱਠੀਆਂ ਭੇਜ ਰਹੇ ਹਨ।

ਇਹ ਗੱਲ ਠੀਕ ਹੈ ਕਿ ਮੈਥੋਂ ਬੀਬੀਆਂ ਦੇ ਰੋਮਾਂ ਦੀ ਬੇਅਦਬੀ ਜ਼ਰੂਰ ਹੋਈ ਸੀ (ਉਹ ਵੀ ਜਿਨ੍ਹਾਂ ਬੀਬੀਆਂ ਨੇ ਆਪਣੇ ਆਪ ਪਹਿਲਾਂ ਹੀ ਰੋਮਾਂ ਦੀ ਬੇਅਦਬੀ ਕੀਤੀ ਹੋਈ ਸੀ ਅਤੇ ਮਨਮਤਿ ਦੇ ਰਸਤੇ 'ਤੇ ਤੁਰੀਆਂ ਹੋਈਆਂ ਸਨ) ਪਰ ਮੈਂ ਕਿਸੇ ਨੂੰ ਵੀ ਭੂਤਾਂ-ਪ੍ਰੇਤਾਂ ਦੇ ਭਰਮਾਂ ਵਿਚ ਨਹੀਂ ਪਾਇਆ ਬਲਕਿ ਅੱਗੇ ਵਾਸਤੇ ਰੋਮਾਂ ਦੀ ਬੇਅਦਬੀ ਨਾ ਕਰਨ ਵਾਸਤੇ ਅਤੇ ਸੱਚੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੇ ਲੜ ਲੱਗਣ ਵਾਸਤੇ ਜ਼ੋਰਦਾਰ ਪ੍ਰਚਾਰ ਕਰਦਾ ਰਿਹਾ ਹਾਂ।

ਰੋਮਾਂ ਦੀ ਬੇਅਦਬੀ ਕਰਨ ਕਰਕੇ ਪਹਿਲਾਂ ਮੈਨੂੰ ਮਲੇਸ਼ੀਆ ਵਿਚ ਪੰਜਾਂ ਪਿਆਰਿਆਂ ਨੇ ਤਨਖਾਹ ਲਾ ਕੇ ਦੁਬਾਰਾ ਅੰਮ੍ਰਿਤ ਛਕਾਇਆ ਸੀ ਪਰ ਕੁਝ ਚੋਣਵੇਂ ਲੋਕਾਂ ਨੇ ਅਤੇ ਸਿੱਖ ਨੌਜਵਾਨ ਸਭਾ ਦੇ ਕੁਝ ਪ੍ਰਬੰਧਕਾਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ ਜਾ ਕੇ ਉਸ ਵਕਤ ਦੇ ਐਕਟਿੰਗ ਜਥੇਦਾਰ ਸਾਹਿਬ ਸ: ਮਨਜੀਤ ਸਿੰਘ ਹੁਰਾਂ ਨੂੰ ਮਿਲ ਮਿਲਾ ਕੇ ਮੈਨੂੰ ਦੁਬਾਰਾ ਤਨਖਾਹ ਮਲੇਸ਼ੀਆ ਵਿਚ ਪੰਜਾਂ ਪਿਆਰਿਆਂ ਤੋਂ ਲੁਆਈ ਸੀ। ਜਥੇਦਾਰ ਮਨਜੀਤ ਸਿੰਘ ਹੁਰਾਂ ਦੇ ਹੁਕਮ ਅਨੁਸਾਰ ਸਾਰੇ ਮਲੇਸ਼ੀਆ ਅਤੇ ਸਿੰਘਾਪੁਰ ਦੇ ਗੁਰਦੁਆਰਿਆਂ ਵਿਚ ਨੋਟਿਸ ਬੋਰਡਾਂ ਤੇ ਦੁਬਾਰਾ ਤਨਖਾਹ ਲੱਗੀ ਦੇ ਸੂਚਨਾ ਪੱਤ੍ਰ ਟੰਗਾ ਦਿੱਤੇ ਸਨ। ਅਫਸੋਸ ਸਿਰਫ ਇਸ ਗੱਲ ਦਾ ਹੈ ਕਿ ਜਥੇਦਾਰ ਮਨਜੀਤ ਸਿੰਘ ਹੁਰਾਂ ਦਾ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਤੋਂ ਜਾਰੀ ਕੀਤਾ ਹੁਕਮ ਜਾਂ ਕਾਰਵਾਈ ਕਿਸੇ ਲਿਖਤੀ ਰੂਪ ਵਿਚ ਨਹੀਂ ਸੀ, ਬਲਕਿ ਮੂੰਹ ਜੁਬਾਨੀ ਜਾਰੀ ਕੀਤਾ ਸੀ ਜਿਸ ਨੂੰ ਮਲੇਸ਼ੀਆ ਵਿਚ ਪੰਜਾਂ ਪਿਆਰਿਆਂ ਨੇ ਭਰੀ ਸੰਗਤ ਵਿਚ ਮੈਨੂੰ ਦੁਬਾਰਾ ਤਨਖਾਹ ਲਾ ਕੇ ਪੂਰਾ ਕੀਤਾ ਸੀ। ਇਸੀ ਸਬੂਤ ਦੀ ਚਿੱਠੀ ਨਾਲ ਭੇਜ ਰਿਹਾ ਹਾਂ। ਇਨ੍ਹਾਂ ਲੋਕਾਂ ਨੇ ਦਾਸ ਦਾ ਭੰਡੀ ਪ੍ਰਚਾਰ ਕਰਕੇ ਦਾਸ ਨੂੰ ਖੜਕਵਾਂ ਪ੍ਰਚਾਰ ਕਰਨ ਤੋਂ ਰੋਕਣਾ ਚਾਹਿਆ ਪਰ ਸਤਿਗੁਰੂ ਸਾਹਿਬਾਂ ਨੇ ਅਤੇ ਮਹਾਂਪੁਰਖਾਂ ਨੇ ਦਾਸ ਨੂੰ ਪੰਥ ਦੀ ਸੇਵਾ ਤੇ ਤੋਰੀ ਹੀ ਰੱਖਿਆ ਹੈ। ਖੁਸ਼ੀ ਇਸ ਗੱਲ ਦੀ ਹੈ ਕਿ ਕੁੱਤਾ ਸਾਂ ਪਹਿਲਾਂ, ਕੁੱਤਾ ਹੀ ਹੁਣ ਵੀ ਅਤੇ ਪੂਰੀ ਆਸ ਰੱਖਦਾ ਹਾਂ ਕਿ ਗੁਰੂ ਸਾਹਿਬਾਂ ਦਾ ਕੁੱਤਾ ਹੀ ਬਣ ਕੇ ਮਰਾਂ।

ਕਈ ਵਾਰ ਭੌਂਕਦਾ ਕੁੱਤਾ ਲੋਕਾਂ ਨੂੰ ਚੰਗਾ ਨਹੀਂ ਲਗਦਾ, ਮੇਰੇ ਵਰਗੇ ਕਈ ਬਦਨਸੀਬ ਕੀਰਤਨੀਏ, ਪ੍ਰਚਾਰਕ ਜਾਂ ਗ੍ਰੰਥੀ ਸਾਹਿਬਾਨ ਜੋ ਕੇ ਸੱਚ ਦਾ ਪ੍ਰਚਾਰ ਕਰਦੇ ਰਹੇ ਹਨ, ਮਲੇਸ਼ੀਆ ਵਿਚ ਆਏ, ਚੰਗੇ ਨਾ ਲੱਗੇ, ਝੂਠੀਆਂ ਸ਼ਿਕਾਇਤਾਂ ਤੇ ਰਿਪੋਰਟਾਂ ਕਰਵਾ ਕੇ ਸਰਕਾਰ ਦੇ ਇਮੀਗ੍ਰੇਸ਼ਨ ਰਾਹੀਂ ਚੌਵੀ ਘੰਟਿਆਂ ਦੇ ਅੰਦਰ-ਅੰਦਰ ਇਸ ਮੁਲਕ ਤੋਂ ਕਢਾ ਦਿੱਤੇ ਗਏ। ਮੈਨੂੰ ਨਹੀਂ ਕਢਾ ਸਕੇ ਕਿਉਂਕਿ ਮੈਂ ਏਥੋਂ ਦਾ ਜੰਮਿਆਂ-ਪਲਿਆ ਸਿਟੀਜ਼ਨ ਹਾਂ। ਸਰਕਾਰੀ ਨੌਕਰੀ ਛੱਡ ਕੇ, ਸ਼ਹੀਦ ਸਿੱਖ ਮਿਸ਼ਨਰੀ ਕਾਲਜ ਅੰਮ੍ਰਿਤਸਰ ਤੋਂ ਪੜ੍ਹਿਆ ਹਾਂ। ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਚ ਕੀਰਤਨ ਕਰਦਾ ਰਿਹਾ ਹਾਂ ਪਰ ਮੇਰੀ ਸੁਰ ਜਥੇਦਾਰ ਮਨਜੀਤ ਸਿੰਘ ਜੀ ਹੁਰਾਂ ਨਾਲ ਨਹੀਂ ਰਲੀ। ਮਸਕੀਨ ਸਾਹਿਬ ਅਤੇ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਸੂਰਮੇ ਭਾਈ ਗੁਰਮੇਜ ਸਿੰਘ ਮੈਨੂੰ ਚੰਗੀ ਤਰ੍ਹਾਂ ਜਾਣਦੇ ਹਨ।

ਇਨ੍ਹਾਂ ਪੰਥ ਦੋਖੀਆਂ ਵਿਚੋਂ ਕੁਝ ਐਸੇ ਸ਼ਰਾਬੀ ਕਬਾਬੀ ਅਤੇ ਮਨਮਤੀ ਪ੍ਰਬੰਧਕ ਵੀ ਹਨ ਜੋ ਇਹ ਨਹੀਂ ਚਾਹੁੰਦੇ ਕਿ ਕੋਈ ਸੱਚ ਦਾ ਪ੍ਰਚਾਰ ਕਰੇ, ਸੱਚ ਦਾ ਪ੍ਰਚਾਰ ਉਨ੍ਹਾਂ ਨੂੰ ਚੁੱਭਦਾ ਹੈ। ਬੱਚੇ ਬੱਚੀਆਂ ਭਾਵੇਂ ਇਸਾਈਆਂ ਤੇ ਮੁਸਲਮਾਨਾਂ ਵਿਚ ਵਿਆਹ ਕਰਵਾ ਕੇ

ਦੂਸਰੇ ਮਜ਼ਬ ਕਬੂਲ ਕਰ ਲੈਣ, ਵੈਲੀ, ਸ਼ਰਾਬੀ-ਕਬਾਬੀ ਦੇ ਅਮਲੀ ਬਣ ਜਾਣ, ਸਿੱਖੀ ਤੋਂ ਪਤਿਤ ਹੋ ਜਾਣ, ਮਨਜ਼ੂਰ ਹੈ, ਪਰ ਸੱਚ ਦਾ ਪ੍ਰਚਾਰ ਨਹੀਂ। ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਆਇਆ ਹੁਕਮ 'ਕਿ ਗੁਰੂ ਕਾ ਲੰਗਰ ਪੰਗਤ ਵਿਚ ਛਕਿਆ ਜਾਏ' ਸਾਡੇ ਜਥੇ ਦੇ ਸਿੰਘਾਂ ਨੂੰ ਮਨਜ਼ੂਰ ਹੈ ਸਾਰੇ ਸਫਾਂ ਤੇ ਭੁੰਜੇ ਬੈਠ ਕੇ ਛਕਦੇ ਹਨ, ਪਰ ਇਨ੍ਹਾਂ ਨੂੰ ਮਨਜ਼ੂਰ ਨਹੀਂ। ਇਹ ਪੰਥ ਦੋਖੀ ਲੋਕ ਚਾਹੁੰਦੇ ਹਨ ਕਿ ਮੈਨੂੰ ਪੰਥ ਤੋਂ ਖਾਰਜ ਕੀਤਾ ਜਾਵੇ ਤਾਂ ਜੋ ਮੈਂ ਇਸਾਈਆਂ, ਮੁਸਲਮਾਨਾਂ ਦਾ ਬਿੱਲਾ ਬਣ ਸਕਾਂ। ਪਰ ਨਹੀਂ ਮੈਂ ਗੁਰਸਿੱਖਾਂ ਦੇ ਘਰ ਦਾ ਕੁੱਤਾ ਹੀ ਬਣ ਕੇ ਮਰਨਾ ਚਾਹੁੰਦਾ ਹਾਂ। ਦਾਸ ਬੇਅੰਤ ਹੋਈਆਂ ਭੁੱਲਾਂ ਚੁਕਾਂ ਦੀ ਮੁਆਫੀ ਮੰਗਦਾ ਹੈ। ਬਾਕੀ ਫੈਸਲਾ ਤੁਹਾਡੇ ਹੱਥ ਹੈ। ਧੰਨਵਾਦ।

ਗੁਰੂ ਪੰਥ ਦਾ ਨਿਮਾਣਾ ਸੇਵਕ

ਮਹਿੰਦਰ ਸਿੰਘ ਖਾਲਸਾ।

Mahinder Singh Khalsa,
93, Lot 1241, BATU 8, Jalan Bukit Kemuning,
Kampong Jawa 42450, Klang Malaysia. Tel. 603-
5213720.

30.11.98

ਗਿਆਨੀ ਮਹਿੰਦਰ ਸਿੰਘ,

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਹਿ॥

ਤੁਹਾਡੇ ਖਿਲਾਫ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਇਹ ਸ਼ਿਕਾਇਤ ਪੁੱਜੀ ਹੈ ਕਿ ਤੁਸੀਂ ਭੂਤ ਪ੍ਰੇਤ ਕੱਢਣ ਦੇ ਭਰਮ ਵਿਚ ਪਾ ਕੇ ਬੀਬੀਆਂ ਦੇ ਰੋਮਾਂ ਦੀ ਬੇਅਦਬੀ ਕਰਦੇ ਹੋ। ਤੁਸੀਂ ਇਕ ਮਹੀਨੇ ਦੇ ਅੰਦਰ-ਅੰਦਰ ਪਾਵਨ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਆਪਣਾ ਸਪੱਸ਼ਟੀਕਰਨ ਲਿਖਤੀ ਰੂਪ ਵਿਚ ਭੇਜੋ। ਅਜਿਹਾ ਨਾ ਕਰਨ ਦੀ ਸੂਰਤ ਵਿਚ ਤੁਹਾਡੇ ਖਿਲਾਫ ਪੰਥਕ ਮਰਯਾਦਾ ਅਨੁਸਾਰ ਕਾਰਵਾਈ ਕੀਤੀ ਜਾਵੇਗੀ।

ਗੁਰੂ ਪੰਥ ਦਾ ਦਾਸ,

ਰਣਜੀਤ ਸਿੰਘ

ਗਿਆਨੀ ਮਹਿੰਦਰ ਸਿੰਘ ਖਾਲਸਾ,
ਮਲੇਸ਼ੀਆ, ਫੈਕਸ ਨੰ. 603 521-8469

***

***28 ਨਵੰਬਰ 1998***

## ਹੁਕਮਨਾਮਾ

ਅੱਜ ਮਿਤੀ 28.11.98 ਨੂੰ ਪਾਵਨ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਵਿਚ ਮਹਿੰਦਰ ਸਿੰਘ ਐਸ.ਡੀ.ਓ., ਜਿਸ ਨੂੰ ਕਿ ਮਿਤੀ 24.10.98 ਨੂੰ ਗੁਰਮਤਿ ਵਿਰੋਧੀ ਕਾਰਵਾਈਆਂ ਕਰਨ ਕਾਰਨ ਤਨਖਾਹੀਆ ਕਰਾਰ ਦਿੱਤਾ ਗਿਆ ਸੀ। ਨਾਲ ਹੀ ਮਹਿੰਦਰ ਸਿੰਘ ਐਸ.ਡੀ.ਓ. ਨੂੰ ਇਕ ਮਹੀਨੇ ਦਾ ਸਮਾਂ ਦਿੱਤਾ ਗਿਆ ਸੀ ਕਿ ਉਹ ਆਪਣਾ ਸਪੱਸ਼ਟੀਕਰਨ ਪਾਵਨ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਪੇਸ਼ ਹੋ ਕੇ ਦੇਵੇ, ਪਰ :

(1) ਮਹਿੰਦਰ ਸਿੰਘ ਐਸ.ਡੀ.ਓ. ਵੱਲੋਂ ਕੋਈ ਸਪੱਸ਼ਟੀਕਰਨ ਨਾ ਦੇਣ ਕਾਰਨ

(2) ਸ੍ਰੀ ਅਕਾਲ ਤਖ਼ਤ ਸਾਹਿਬ ਦੀ ਕਾਰਵਾਈ ਨੂੰ ਅਣਗੌਲਿਆ ਕਰਨ ਕਾਰਨ :

(3) ਅੰਮ੍ਰਿਤ ਸੰਚਾਰ ਦੀ ਵਿਧੀ ਬਦਲ ਦੇਣ ਕਾਰਨ ;

(4) ਪੰਥ ਵਿਚ ਪ੍ਰਚਲਤ ਸ਼ਬਦਾਂ ਦਾ ਸਰੂਪ ਵਿਗਾੜਨ ਕਾਰਨ ;

(5) ਸ੍ਰੀ ਗੁਰੂ ਗ੍ਰੰਥ ਸਾਹਿਬ, ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ ਪ੍ਰਤੀ ਅਪਮਾਨਜਨਕ ਸ਼ਬਦ ਵਰਤਣ ਕਾਰਨ ;

(6) ਰਹਿਤਵਾਨ ਸਿੱਖ ਅਤੇ ਕਕਾਰਾਂ ਬਾਰੇ ਅਪਮਾਨਜਨਕ ਸ਼ਬਦ ਵਰਤਣ ਕਾਰਨ।

ਮਹਿੰਦਰ ਸਿੰਘ ਐਸ.ਡੀ.ਓ. ਨੂੰ ਪੰਥ ਵਿਚੋਂ ਛੇਕਿਆ ਜਾਂਦਾ ਹੈ।

ਸਮੂਹ ਸਾਧ ਸੰਗਤ ਨੂੰ ਪੰਜ ਸਿੰਘ ਸਾਹਿਬਾਨ ਵਲੋਂ ਆਦੇਸ਼ ਹੈ ਕਿ ਕੋਈ ਸਿੱਖ ਮਹਿੰਦਰ ਸਿੰਘ ਐਸ.ਡੀ.ਓ. ਨਾਲ ਰੋਟੀ-ਬੇਟੀ ਦਾ ਨਾਤਾ ਨਾ ਰੱਖੇ। ਉਸਦਾ ਸਮਾਜਕ ਬਾਈਕਾਟ ਕਰਨ ਜਦੋਂ ਤਕ ਉਹ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਆ ਕੇ ਆਪਣੀ ਭੁੱਲ ਨਹੀਂ ਬਖਸ਼ਾ ਲੈਂਦਾ।

ਦਸਤਖਤ : ਰਣਜੀਤ ਸਿੰਘ, ਮੋਹਣ ਸਿੰਘ,
ਭਗਵਾਨ ਸਿੰਘ, ਚਰਨ ਸਿੰਘ, ਗੁਰਬਚਨ ਸਿੰਘ

■

# ਭਾਈ ਚਤਰ ਸਿੰਘ ਜੀਵਨ ਸਿੰਘ ਐਂਡ ਸੰਨਜ਼

ਭਾਈ ਚਤਰ ਸਿੰਘ ਜੀਵਨ ਸਿੰਘ ਐਂਡ ਸੰਨਜ਼ ਬਜ਼ਾਰ ਮਾਈ ਸੇਵਾਂ ਅੰਮ੍ਰਿਤਸਰ ਕਿਤਾਬਾਂ ਛਾਪਣ ਤੇ ਵੇਚਣ ਵਾਲੀ ਬਹੁਤ ਵੱਡੀ ਤੇ ਪੁਰਾਣੀ ਫਰਮ ਹੈ। ਇਸ ਪਬਲਿਸ਼ਿੰਗ ਕੰਪਨੀ ਨੇ ਬਹੁਤ ਸਾਹਿਤ ਛਾਪਿਆ ਹੈ। ਕਿੱਸਿਆਂ ਤੋਂ ਲੈ ਕੇ ਵੱਡੇ-ਵੱਡੇ ਗ੍ਰੰਥਾਂ ਤੱਕ ਇਸ ਨੇ ਛਾਪੇ ਹਨ ਤੇ ਗੁਰੂ ਗ੍ਰੰਥ ਸਾਹਿਬ ਵੀ ਛਾਪਦੇ ਤੇ ਵੇਚਦੇ ਹਨ। ਰਾਗੀ, ਢਾਡੀ ਤੇ ਕਥਾ ਕਰਨ ਵਾਲੇ ਲੋਕ ਬਹੁਤੀਆਂ ਕਿਤਾਬਾਂ ਇਨ੍ਹਾਂ ਦੀਆਂ ਛਾਪੀਆਂ ਹੋਈਆਂ ਹੀ ਪੜ੍ਹਦੇ ਹਨ। ਏਸੇ ਕਰਕੇ ਹੀ ਕਰਾਮਾਤਾਂ, ਸ਼ਕਤੀਆਂ ਤੇ ਬ੍ਰਾਹਮਣ ਦੇ ਰਲੇ ਵਾਲੀਆਂ ਸਾਖੀਆਂ ਅੱਗੋਂ ਲੋਕਾਂ ਨੂੰ ਸੁਣਾਉਂਦੇ ਹਨ। ਬ੍ਰਾਹਮਣਵਾਦੀ ਸਾਹਿਤ ਇਸ ਫਰਮ ਨੇ ਬਹੁਤ ਛਾਪਿਆ ਹੈ। ਜਿਥੇ ਇਹ ਕਿਤਾਬਾਂ ਛਪਦੀਆਂ ਹਨ ਉਸ ਪ੍ਰੈਸ ਦੇ ਲਾਗੇ ਰਹਿੰਦੇ ਮੁਹੱਲੇ ਵਾਲੇ ਲੋਕਾਂ ਦੀਆਂ ਸ਼ਿਕਾਇਤਾਂ ਅਕਾਲ ਤਖ਼ਤ ਸਾਹਿਬ 'ਤੇ ਪਹੁੰਚਦੀਆਂ ਰਹਿੰਦੀਆਂ ਹਨ ਕਿ ਇਹ ਫਰਮ ਗੁਰਬਾਣੀ ਛਪੇ ਪੰਨਿਆਂ ਨੂੰ ਪੈਰਾਂ ਵਿਚ ਰੋਲੀ ਫਿਰਦੀ ਹੈ ਤੇ ਕਈ ਪੰਨੇ ਗੰਦੀਆਂ ਨਾਲੀਆਂ ਵਿਚ ਵੀ ਪਏ ਵੇਖੇ ਗਏ ਹਨ। ਪਹਿਲਾਂ ਵੀ ਦੋ ਵਾਰ ਇਨ੍ਹਾਂ ਨੂੰ ਏਸੇ ਕਰਕੇ ਹੀ ਤਨਖਾਹ ਲੱਗੀ ਸੀ ਤੇ ਹੁਣ ਭਾਈ ਰਣਜੀਤ ਸ਼ਿੰਘ ਤੋਂ ਬਾਅਦ 15.5.2001 ਨੂੰ ਫਿਰ ਤਨਖਾਹ ਲਾਈ ਗਈ ਹੈ। ਇਹ ਕੇਸ ਵੀ ਸਿੰਘ ਸਾਹਿਬ ਭਾਈ ਰਣਜੀਤ ਸਿੰਘ ਤੋਂ ਪਹਿਲਾਂ ਦਾ ਹੈ। ਭਾਈ ਮਨਜੀਤ ਸਿੰਘ ਜੀ ਨੇ ਇਨ੍ਹਾਂ ਨੂੰ ਤਨਖਾਹ ਲਾਈ ਸੀ ਪਰ ਇਸ ਫਰਮ ਦੇ ਮਾਲਕਾਂ ਨੇ ਟਾਲਮਟੋਲ ਕਰ ਦਿੱਤੀ ਸੀ ਇਸ ਲਈ ਭਾਈ ਰਣਜੀਤ ਸਿੰਘ ਨੂੰ ਇਨ੍ਹਾਂ ਨੂੰ ਦੁਬਾਰਾ ਬੁਲਾਉਣਾ ਪਿਆ ਨਾਲੇ ਬਹੁਤ ਲੋਕਾਂ ਦੀਆਂ ਸ਼ਿਕਾਇਤਾਂ ਆਈਆਂ ਸਨ।

***

ੴ ਸਤਿਗੁਰ ਪ੍ਰਸਾਦਿ

ਸਤਿਕਾਰਯੋਗ ਜਥੇਦਾਰ ਸਾਹਿਬ ਜੀਓ,

ਦਾਸ ਜੋਗਿੰਦਰ ਦੀ ਤਰਫ ਤੋਂ ਅਦਬ ਸਹਿਤ

ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ॥ ਪ੍ਰਵਾਨ ਕਰਨੀ ਜੀ।

ਪ੍ਰਕਾਸ਼ਕ ਭਾਈ ਚਤੁਰ ਸਿੰਘ ਜੀਵਨ ਸਿੰਘ ਜੀ ਬਜ਼ਾਰ ਮਾਈ ਸੇਵਾਂ ਅੰਮ੍ਰਿਤਸਰ ਵਾਲਿਆਂ ਨੇ ਸੁਖਮਨੀ ਸਾਹਿਬ ਜੀ ਦਾ ਗੁਟਕਾ ਛਾਪਿਆ ਹੈ ਜੋ ਦਾਸ ਕੋਲ ਮੌਜੂਦ ਹੈ ਸਧਕ ਨਾਮ ਗਿਆਨੀ ਮੋਹਨ ਸਿੰਘ ਹੈਨ।

ਇਸਦੇ ਦੂਸਰੇ ਸਫ਼ੇ ਵਿਚ ਇਕ ਮਾਤਾ ਜੀ ਦੀ ਯਾਦ ਵਿਚ ਫੋਟੋ ਛਾਪਿਆ ਹੈ ਜੋ ਕਿ ਬਿਲਕੁਲ ਅਯੋਗ ਗੱਲ ਹੈ।

ਜਦ ਗੁਰੂ ਸਾਹਿਬ ਜੀ ਦੇ ਫੋਟੋ ਗੁਟਕਿਆਂ ਵਿਚ ਨਹੀਂ ਛਾਪੇ ਜਾ ਰਹੇ ਤਾਂ ਇਨ੍ਹਾਂ ਨੂੰ ਕਿਸ ਨੇ ਇਜਾਜ਼ਤ ਦਿੱਤੀ ਹੈ। ਐਸਾ ਕਰਨ ਦੇਖ ਕੇ ਮਨ ਵਿਚ ਦੁੱਖ ਹੋਇਆ ਹੈ।

ਕ੍ਰਿਪਾ ਕਰਕੇ ਹਿਦਾਇਤ ਕਰਨੀ ਜੀ ਬਲਕਿ ਅਖਬਾਰਾਂ ਵਿਚ ਦੇਣਾ ਤਾਂ ਕਿ ਅੱਗੇ ਤੋਂ ਕੋਈ ਐਸਾ ਨਾ ਕਰ ਸਕੇ। ਆਪ ਜੀ ਦੀ ਅਤਿ ਕ੍ਰਿਪਾ ਹੋਵੇਗੀ। ਮੁਬਾਰਕ ਹੱਥਾਂ ਨਾਲ ਉੱਤਰ ਦੇਣਾ, ਉਡੀਕ ਵਿਚ।

ਜੋਗਿੰਦਰ ਸਿੰਘ ਸਪੁੱਤਰ ਭਗਤ ਸਿੰਘ

2/526, ਜਵਾਹਰ ਨਗਰ, ਜੈਪੁਰ (ਰਾਜਸਥਾਨ)

***

ਭਾਈ ਸਾਹਿਬ

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਹਿ॥

ਭਾਈ ਸਾਹਿਬ ਅਸੀਂ ਗੁਰਬਾਣੀ ਨਾ ਸਮਝਣ ਵਾਲੇ ਇਨਸਾਨ ਹਾਂ, ਪਰ ਮੈਂ ਆਪ ਜੀ ਨੂੰ ਇਸ ਪੁਸਤਕ ਵਿਚ ਕੁਝ ਮਾਰਕ ਕਰਕੇ ਭੇਜ ਰਿਹਾ ਹਾਂ। ਆਪ ਜੀ ਇਸ ਨੂੰ ਸਤਿਕਾਰਯੋਗ ਜਥੇਦਾਰ ਜੀ ਤੋਂ ਪੁੱਛਣਾ ਕਿ ਇਹ ਜੋ ਲਿਖਿਆ ਹੈ, ਇਹ ਠੀਕ ਹੈ ਜਾਂ ਮੇਰੇ ਵਰਗੇ ਨੂੰ ਸਮਝਣ ਵਿਚ ਫਰਕ ਲੱਗਾ ਹੈ। ਇਸ ਤਰ੍ਹਾਂ ਨਵੀਂ ਪੀੜ੍ਹੀ ਗੁੰਮਰਾਹ ਹੁੰਦੀ ਹੈ ਜੀ।

ਆਪ ਦਾ ਦਾਸ

ਗੁਰਚਰਨ ਸਿੰਘ ਸੋਹਲ

***

ੴ ਸਤਿਗੁਰ ਪ੍ਰਸਾਦਿ॥

ਸ੍ਰੀ

ਦਸਮ ਗੁਰੂ ਚਮਤਕਾਰ

ਰਚਿਤ ਕ੍ਰਿਤ ਕਵੀ ਚੂੜਾਮਣਿ

ਭਾਈ ਸੰਤੋਖ ਸਿੰਘ ਜੀ

ਸੂਰਜ ਪ੍ਰਕਾਸ਼ ਦਾ ਵਾਰਤਕ ਟੀਕਾ

ਅਰਥਾਤ

ਜਨਮ ਸਾਖੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ

(ਤਵਾਰੀਖ ਗੁਰੂ ਖਾਲਸਾ ਭਾਗ ਤੀਜਾ)

ਗਿਆਨੀ ਗਿਆਨ ਸਿੰਘ ਜੀ

ਜੋ ਕਵੀ ਭਾਈ ਸੰਤੋਖ ਸਿੰਘ ਜੀ ਰਚਿਤ

ਸੂਰਜ ਪ੍ਰਤਾਪ ਗ੍ਰੰਥ ਦੀ ਬਾਹਰਵੀਂ ਰਾਸ,

ਛੇ ਰੁਤਾਂ ਤੇ ਦੋ ਐਨਾ ਦਾ ਟੀਕਾ ਹੈ।

-ਟੀਕਾਕਾਰ-

ਸੋਢੀ ਤੇਜਾ ਸਿੰਘ ਜੀ

-ਪ੍ਰਕਾਸ਼ਕ-

ਭਾਈ ਚਤਰ ਸਿੰਘ ਜੀਵਨ ਸਿੰਘ

ਪੁਸਤਕਾਂ ਵਾਲੇ, ਬਾਜਾਰ ਮਾਈ ਸੇਵਾਂ, ਅੰਮ੍ਰਿਤਸਰ।

***

## ਖ਼ਾਲਸੇ ਨੂੰ ਜੰਜੂ ਪਾਉਣਾ ਵਿਵਰਜਤ

ਇਕ ਦਿਨ ਸਤਿਗੁਰੂ ਜੀ ਘੋੜ ਸਵਾਰ ਹੋ ਕੇ ਜੋਧਿਆਂ ਨਾਲ ਸ਼ਿਕਾਰ ਖੇਡਣ ਗਏ। ਜੰਗਲ ਵਿਚ ਬਹੁਤ ਸ਼ਿਕਾਰ ਕਰਦਿਆਂ ਕਰਦਿਆਂ ਆਪ ਜੀ ਦੀ ਕਿਰਪਾਨ ਦੀ ਮਿਆਨ ਦੀ ਡੋਰ ਟੁੱਟ ਗਈ। ਗੁਰੂ ਜੀ ਨੇ ਸਿੱਖਾਂ ਨੂੰ ਆਖਿਆ ਕਿ ਜੇ ਕਿਸੇ ਪਾਸ ਡੋਰ ਹੋਵੇ ਤਾਂ ਸਾਨੂੰ ਮਿਆਨ ਵਾਸਤੇ ਦੇਵੇ, ਪਰ ਜਦ ਕਿਸੇ ਪਾਸੋਂ ਡੋਰ ਨਾ ਮਿਲੀ ਤਾਂ ਭਾਈ ਦਯਾ ਸਿੰਘ ਨੇ ਆਪਣਾ ਜੰਞੂ ਗਲੋਂ ਉਤਾਰ ਕੇ ਆਪ ਜੀ ਨੂੰ ਦਿੱਤਾ। ਜਿਸ ਨਾਲ ਆਪ ਜੀ ਨੇ ਮਿਆਨ ਬੰਨ੍ਹ ਲਈ ਅਤੇ ਸ਼ਿਕਾਰ ਖੇਡ ਕੇ ਘਰ ਵਾਪਸ ਆ ਗਏ। ਦੂਸਰੇ ਸਿੱਖਾਂ ਨੇ ਜਦ ਦਯਾ ਸਿੰਘ ਦੇ ਗਲ ਜੰਞੂ ਨਾ ਵੇਖਿਆ ਤਾਂ ਉਨ੍ਹਾਂ ਤੋਂ ਜੰਞੂ ਨਾ ਪਹਿਨਣ ਦਾ ਕਾਰਨ ਪੁਛਿਆ, ਭਾਈ ਜੀ ਨੇ ਉਤਰ ਦਿੱਤਾ ਕਿ ਆਪਣਾ ਜਨੇਊ ਮੈਂ ਗੁਰੂ ਜੀ ਨੂੰ ਅਰਪਨ ਕਰ ਦਿੱਤਾ ਹੈ, ਹੁਣ ਮੈਂ ਹੋਰ ਜੰਞੂ ਨਹੀਂ ਪਾਉਣਾ।

ਦੂਸਰੇ ਦਿਨ ਦੀਵਾਨ ਲੱਗਾ ਤਾਂ ਸਿੱਖਾਂ ਨੇ ਗੁਰੂ ਜੀ ਅੱਗੇ ਬੇਨਤੀ ਕੀਤੀ ਕਿ ਸੱਚੇ ਪਾਤਸ਼ਾਹ ਜੀ ਦਯਾ ਸਿੰਘ ਨੇ ਆਪਣਾ ਜੰਞੂ ਲਾਹ ਕੇ ਤੁਹਾਡੀ ਮਿਆਨ ਦੇ ਬੰਨ੍ਹਣ ਵਾਸਤੇ ਦੇ ਦਿੱਤਾ ਸੀ ਉਸ ਨੂੰ ਨਵਾਂ ਜੰਞੂ ਗਲ ਪਾ ਲੈਣਾ ਚਾਹਦਾ ਸੀ, ਪਰ ਉਹ ਸਾਡੇ ਕਹਿਣ 'ਤੇ ਵੀ ਜੰਞੂ ਗਲ ਨਹੀਂ ਪਾਉਂਦਾ। ਗੁਰੂ ਜੀ ਨੇ ਇਹ ਗੱਲ ਸੁਣ ਕੇ ਸਿੱਖਾਂ ਨੂੰ ਆਖਿਆ, ਜਾਉ ਭਾਈ ਦਯਾ ਸਿੰਘ ਨੂੰ ਸਾਡੇ ਪਾਸ ਲਿਆਓ, ਉਸ ਨੂੰ ਪੁੱਛਿਆ ਜਾਵੇ ਕਿ ਉਹ ਜੰਞੂ ਕਿਉਂ ਨਹੀਂ ਪਹਿਨਦਾ।

---

ਜੋ ਮੇਰਾ ਸਿੱਖ (ਗੁਰੂ) ਗ੍ਰੰਥ ਸਾਹਿਬ ਦੀ ਪੂਜਾ ਦਾ ਧਾਨ ਖ਼ਾਂਦਾ ਹੈ ਜੋ (ਗੁਰੂ) ਗ੍ਰੰਥ ਸਾਹਿਬ ਦੀ ਬਾਣੀ ਲਿਖ ਕੇ ਵੇਚਦਾ ਹੈ, ਝੂਠਾ ਸਿੱਖ ਹੈ, ਪਰ ਜਿਹੜਾ ਪੂਜਾ ਦਾ ਧਾਨ ਵੰਡ ਕੇ ਖਾਂਦਾ ਹੈ, ਲੰਗਰ ਲਾਉਂਦਾ ਹੈ, ਅਤਿਥੀ ਸਿੱਖ ਨੂੰ ਦੇਂਦਾ ਹੈ, ਉਹ ਮੇਰਾ ਸੱਚਾ ਸਿੱਖ ਹੈ।

**ਬ੍ਰਾਹਮਣ ਦੇ ਬਣਾਏ ਹੋਏ ਚਾਰੇ ਵਰਣ ਸਿੱਖ ਧਰਮ ਵਿਚ ਵੀ** ਇਕ ਵਾਰ ਸਤਿਗੁਰੂ ਜੀ ਨੇ ਬ੍ਰਾਹਮਣਾਂ ਦੀ ਧਰਮ ਪ੍ਰੀਖਿਆ ਵਾਸਤੇ ਜਗ ਰਚਿਆ। ਸਭ ਬ੍ਰਾਹਮਣਾਂ ਨੂੰ ਆਪ ਜੀ ਨੇ ਨਿਉਤਾ ਦੇ ਕੇ ਆਖਿਆ ਕਿ ਜਿਹੜਾ ਬ੍ਰਾਹਮਣ ਮਾਸ ਖਾਏਗਾ ਉਸਨੂੰ ਦਛਣਾ ਦੀ ਇਕ ਅਸ਼ਰਫੀ ਮਿਲੇਗੀ, ਪਰ ਜਿਹੜਾ ਖੀਰ ਖੰਡ ਖਾਏਗਾ ਉਸ ਨੂੰ ਕੇਵਲ ਇਕ ਰੁਪਿਆ ਦਛਣਾ ਮਿਲੇਗੀ। ਇਸ ਹੁਕਮ ਨੂੰ ਸੁਣ ਕੇ ਬਹੁਤ ਸਾਰੇ ਲਾਲਚੀ ਬ੍ਰਾਹਮਣਾਂ ਨੇ ਮਾਸ ਵਾਲਾ ਭੋਜਨ ਖਾਧਾ। ਗੁਰੂ ਜੀ ਨੇ ਮਾਸ ਅਹਾਰੀਆਂ ਨੂੰ ਕਿਹਾ ਕਿ ਤੁਸੀਂ ਧਨ ਦੇ ਲੋਭ ਕਰਕੇ ਧ੍ਰਮਹੀਨ ਹੋ ਗਏ ਹੋ, ਬ੍ਰਾਹਮਣਾਂ ਦਾ ਧਰਮ ਮਾਸ ਖਾਣਾ ਨਹੀਂ ਹੈ। ਖੀਰ ਅਹਾਰੀਆਂ ਨੂੰ ਗੁਰੂ ਜੀ ਨੇ ਕਿਹਾ ਕਿ ਤੁਸਾਂ ਸੱਚਾ ਧਰਮ ਕਮਾਇਆ ਹੈ, ਆਪ ਜੀ ਨੇ ਫੁਰਮਾਇਆ ਕਿ ਮਾਸ ਖਾਣਾ ਸਿੱਖ ਵਾਸਤੇ ਯੋਗ ਹੈ ਤੇ ਬ੍ਰਾਹਮਣ ਵਾਸਤੇ ਅਯੋਗ ਹੈ।

**ਫੇਰ ਸਿੱਖਾਂ ਨੇ ਪੁਛਿਆ, ਪਾਤਸ਼ਾਹ ਜੀ! ਜਿਹੜੇ ਬ੍ਰਾਹਣ ਨੇ ਅੰਮ੍ਰਿਤ ਛਕਿਆ ਹੋਵੇ, ਉਸ ਵਾਸਤੇ ਕੀ ਹੁਕਮ ਹੈ? ਆਪ ਜੀ ਨੇ ਫੁਰਮਾਇਆ, ਭਾਈ ਉਸਦਾ ਏਹੀ ਧਰਮ ਹੈ ਕਿ ਉਹ ਤਲਵਾਰ ਦੀ ਸੇਵਾ ਕਰੇ। ਜੋ ਖਾਲਸਾ ਸਜ ਗਿਆ ਹੈ ਉਸਨੂੰ ਛਤ੍ਰੀ ਧਰਮ ਦਾ ਵਰਤਾਰਾ ਵਰਤਣਾ ਚਾਹੀਦਾ ਹੈ। ਸ਼ਸਤ੍ਰ ਧਰਨ ਵਾਲਾ ਛਤ੍ਰੀ ਹੈ, ਹਟੀ ਕਰਨ ਵਾਲਾ ਵੈਸ਼ ਹੈ ਅਤੇ ਪਰਾਈ ਕਾਰ ਕਰਨ ਵਾਲਾ ਸ਼ੂਦਰ ਹੈ ਭਾਵ ਉਸਦਾ ਜਨਮ ਬ੍ਰਾਹਮਣ ਦਾ ਹੋਵੇ। ਜੋ ਗਾਵੇ ਅਤੇ ਨਾਚ ਕਰੇ**

ਉਹ ਬ੍ਰਾਹਮਣ ਨਟ ਹੈ ਅਤੇ ਜੋ ਜਾਸੂਸੀ ਤੇ ਚੁਗਲੀ ਕਰੇ ਉਹ ਮਲੇਛ ਹੈ।

***

*30 ਜੁਲਾਈ 1997*

**ਰਜਿਸਟਰਡ ਨੋਟਿਸ**

ਭਾਈ ਬਲਬੀਰ ਸਿੰਘ ਮ/ਤ ਦਸ਼ਮੇਸ਼ ਸੇਵਕ ਦਲ,

ਬਿਲਾਸਪੁਰ (ਰਾਮਪੁਰ) ਯੂ.ਪੀ.।

ਪ੍ਰਯੋਜਨ: ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੇ ਪਾਵਨ ਸਰੂਪ ਬਿਲਟੀ ਰਾਹੀਂ ਮੰਗਵਾਉਣ ਬਾਰੇ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਜੀ ਦੇ ਪਾਵਨ ਸਰੂਪ ਟਰੱਕ ਦੀ ਬਿਲਟੀ ਰਾਹੀਂ ਆਪ ਵੱਲੋਂ ਭਾਈ ਚਤਰ ਸਿੰਘ ਜੀਵਨ ਸਿੰਘ ਪੁਸਤਕਾਂ ਵਾਲੇ ਬਜ਼ਾਰ ਮਾਈ ਸੇਵਾਂ, ਸ੍ਰੀ ਅੰਮ੍ਰਿਤਸਰ ਪਾਸੋਂ ਲੱਕੜ ਦੇ ਡੱਬਿਆਂ ਵਿਚ ਬੰਦ ਕਰਕੇ ਮੰਗਵਾਉਣ ਬਾਰੇ ਇਲਾਕਾ ਨਿਵਾਸੀ ਬਿਲਾਸਪੁਰ ਦੀ ਸ਼ਿਕਾਇਤ ਦੀ ਪੜਤਾਲ ਉਪਰੰਤ ਸਬੰਧਤ ਸੱਜਣਾਂ ਦੇ ਲਏ ਗਏ ਬਿਆਨਾਂ 'ਤੋਂ ਇਹ ਗੱਲ ਸਪੱਸ਼ਟ ਹੋਈ ਹੈ ਕਿ ਆਪ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਕੋਈ ਸਤਿਕਾਰ ਨਹੀਂ ਰੱਖਿਆ ਅਤੇ ਪਾਵਨ ਸਰੂਪ ਟਰੱਕ ਟਰਾਂਸਪੋਰਟ ਦੀ ਬਿਲਟੀ ਰਾਹੀਂ ਮੰਗਵਾਏ ਤੇ ਰਿਕਸ਼ੇ 'ਤੇ ਰੱਖ ਕੇ ਪਾਵਨ ਸਰੂਪ ਘਰ ਲੈ ਜਾਂਦੇ ਰਹੇ ਹੋ। ਆਪ ਨੇ ਲਾਪ੍ਰਵਾਹੀ ਵਰਤੀ ਹੈ। ਧਾਰਮਿਕ ਨੁਕਤਾ ਨਿਗਾਹ ਤੇ ਆਪ ਜੀ ਦੀ ਅਜਿਹੀ ਕਾਰਵਾਈ ਸਿੱਖੀ ਸਿਧਾਂਤਾਂ ਦੇ ਖਿਲਾਫ ਹੈ।

ਇਸ ਰਜਿਸਟਰਡ ਨੋਟਿਸ ਰਾਹੀਂ ਆਪ ਦਾ ਜੁਆਬ ਤਲਬ ਕੀਤਾ ਜਾਂਦਾ ਹੈ ਕਿ ਆਪ ਨੇ ਪਾਵਨ ਸਰੂਪ ਬਿਲਟੀ ਰਾਹੀਂ ਕਿਉਂ ਮੰਗਵਾਏ, ਕਿਉਂ ਸਤਿਕਾਰ ਕਾਇਮ ਨਹੀਂ ਰੱਖਿਆ?

*ਸੁਰਜੀਤ ਸਿੰਘ*

ਸਕੱਤਰ, ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ।

***

ਸ੍ਰੀਮਾਨ ਜੀ,

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ ਪਾਵਨ ਸਰੂਪ ਮੈਸਰਜ ਚਤਰ ਸਿੰਘ ਜੀਵਨ ਸਿੰਘ ਮਾਈ ਸੇਵਾਂ ਬਜ਼ਾਰ, ਸ੍ਰੀ ਅੰਮ੍ਰਿਤਸਰ ਵਲੋਂ ਟਰੱਕ ਦੀ ਬਿਲਟੀ ਰਾਹੀਂ ਭੇਜਣ ਅਤੇ ਭਾਈ ਬਲਬੀਰ ਸਿੰਘ ਮਾਰਫਤ ਦਸ਼ਮੇਸ਼ ਸੇਵਕ ਦਲ, ਬਿਲਾਸਪੁਰ (ਯੂ.ਪੀ.) ਵਲੋਂ ਉਕਤ ਫਰਮ ਤੋਂ ਪਾਵਨ ਸਰੂਪ ਮੰਗਵਾਉਣ ਬਾਰੇ ਦਫਤਰ ਵਿਖੇ ਸ਼ਿਕਾਇਤ ਪੁੱਜੀ ਸੀ। ਜਿਸ ਦੀ ਪੜਤਾਲ ਲਈ ਗੁ: ਇੰਸਪੈਕਟਰ ਭੇਜਿਆ ਗਿਆ ਸੀ। ਪੜਤਾਲ ਦੌਰਾਨ ਇੰਸਪੈਕਟਰ ਨੇ ਲੋਕਲ ਸੱਜਣਾਂ ਦੇ ਬਿਆਨ ਲਏ ਸਨ, ਸ਼ਕਾਇਤ ਦਰੁਸਤ ਪਾਈ ਗਈ ਹੈ। ਯੋਗ ਵਿਚਾਰ ਲਈ ਪੇਸ਼ ਹੈ।

ਸਕੱਤਰ,

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ।

***

ਸ੍ਰੀਮਾਨ ਜੀ,

ਬੇਨਤੀ ਹੈ ਕਿ ਅੱਜ ਮਿਤੀ 28 ਅਪ੍ਰੈਲ 1998 ਨੂੰ ਬਾਅਦ ਦੁਪਹਿਰ 1-30 ਵਜੇ ਬਜ਼ਾਰ ਮੋਚੀਆਂ, ਅੰਮ੍ਰਿਤਸਰ ਦੀ ਸੰਗਤ ਨੇ ਦਫਤਰ ਧਰਮ ਪ੍ਰਚਾਰ ਕਮੇਟੀ ਵਿਖੇ ਪੁੱਜ ਕੇ ਸ਼ਿਕਾਇਤ ਕੀਤੀ ਹੈ ਕਿ ਗੁਰਬਾਣੀ ਦੇ ਪੱਤਰੇ ਜੋ ਅੱਧ-ਸੰਸਕਾਰ ਹੋਏ ਹਨ, ਬਜ਼ਾਰ ਮੋਚੀਆਂ ਵਿਚ ਦੇਖੇ ਗਏ ਹਨ, ਇਸ ਦੀ ਜਾਂਚ ਕੀਤੀ ਜਾਵੇ।

ਇਸ ਸਬੰਧੀ ਪੜਤਾਲ ਕਰਨ ਹਿਤ ਮਿਤੀ 28 ਅਪ੍ਰੈਲ 1998 ਬਾਅਦ ਦੁਪਹਿਰ 1-45 ਪੁਰ ਮੈਂ, ਮੇਰੇ ਨਾਲ ਭਾਈ ਸੁਲੱਖਣ ਸਿੰਘ, ਭਾਈ ਅਰਜਨ ਸਿੰਘ, ਭਾਈ ਅੰਗਰੇਜ ਸਿੰਘ, ਭਾਈ ਜੱਸਾ ਸਿੰਘ ਤੇ ਭਾਈ ਅਵਤਾਰ ਸਿੰਘ ਸ਼ਿਕਾਇਤ ਕਰਤਾ ਬਜ਼ਾਰ ਮੋਚੀਆਂ ਦੀ ਸੰਗਤ ਤੇ ਕੁਲਦੀਪ ਫੋਟੋਗ੍ਰਾਫਰ, ਬ੍ਰਹਮ ਬੂਟਾ ਮਾਰਕੀਟ ਮੌਕੇ ਪੁਰ ਪੱਜੇ ਤਾਂ ਦੇਖਿਆ ਕਿ ਭਾਈ ਚਤਰ ਸਿੰਘ ਜੀਵਨ ਸਿੰਘ ਪੁਸਤਕਾਂ ਵਾਲੇ ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ ਦੀ ਆਫਸੈਟ ਪ੍ਰੈਸ ਜੋ ਬਜ਼ਾਰ ਮੋਚੀਆਂ ਵਿਖੇ ਲੱਗੀ ਹੈ, ਦੀ ਉੱਪਰਲੀ ਛੱਤ ਤੇ ਇਕ ਸਿੱਖ ਲੇਬਰ ਦਾ ਕਰਮਚਾਰੀ ਗੁਰਬਾਣੀ ਦੇ ਪੱਤਰਿਆਂ ਨੂੰ ਇਕ ਥਾਂ ਢੇਰ ਲਾ ਕੇ ਜੋੜਿਆਂ ਸਮੇਤ ਸੰਸਕਾਰ (ਬਿਨਾਂ ਅੰਗੀਠੇ) ਕਰ ਰਿਹਾ ਸੀ ਅਤੇ ਹਵਾ ਨਾਲ ਰਾਖ ਅਤੇ ਕੁਝ ਅੱਧ-ਸੰਸਕਾਰ ਹੋਏ ਗੁਰਬਾਣੀ ਦੇ ਪੱਤਰੇ ਉੱਡ ਕੇ ਨਾਲ ਦੀਆਂ ਇਮਾਰਤਾਂ ਦੀਆਂ ਛੱਤਾਂ ਪੁਰ ਬਜ਼ਾਰ ਦੀ ਸੜਕ ਤੇ ਨਾਲੀਆਂ ਵਿਚ (ਜਿਥੇ ਤੰਬਾਕੂ ਦੇ ਖਾਲੀ ਪੈਕਟ) ਡਿੱਗੇ ਪਏ ਸਨ, ਸਬੂਤ ਵਜੋਂ ਫੋਟੋ ਖਿਚਵਾਈਆਂ ਗਈਆਂ ਜੋ ਨਾਲ ਨੱਥੀ ਹਨ। ਛੱਤ ਉੱਪਰ ਕੂੜੇ ਦੇ ਢੇਰ ਵਿਚ ਇਕ ਚਿੱਟੇ ਰੰਗ ਵਿਚ ਸਿਗਰਟਾਂ ਦੀ ਖਾਲੀ ਡੱਬੀ ਵੀ ਦੇਖੀ ਗਈ ਸੀ।

ਇਸ ਤੋਂ ਥੋੜ੍ਹੀ ਦੇਰ ਬਾਅਦ ਪ੍ਰੈਸ ਦੇ ਮਾਲਕ ਵੀ ਉਥੇ ਆ ਪੁੱਜੇ। ਅਸੀਂ ਉਨ੍ਹਾਂ ਨੂੰ ਬਜ਼ਾਰ ਤੇ ਨਾਲੀਆਂ ਵਿਚ ਪਈ ਰਾਖ ਤੇ ਅੱਧ-ਸੰਸਕਾਰ ਗੁਰਬਾਣੀ ਦੇ ਪੱਤਰੇ ਦਿਖਾਏ। ਉਨ੍ਹਾਂ ਨੇ ਤੁਰਤ ਆਪਣੀ ਲੇਬਰ ਲਾ ਕੇ ਅੱਗ ਬੁਝਾਈ ਤੇ ਰਾਖ ਬੋਰੀਆਂ ਵਿਚ ਬੰਦ ਕਰਵਾ ਦਿੱਤੀ ਤੇ ਛੱਤ ਪਾਣੀ ਪੁਵਾਕੇ ਸਾਫ ਕਰਵਾ ਦਿੱਤੀ।

ਪੜਤਾਲ ਦਾ ਸਿੱਟਾ ਇਹ ਹੈ ਕਿ ਭਾਈ ਚਤਰ ਸਿੰਘ ਜੀਵਨ ਸਿੰਘ ਪੁਸਤਕਾਂ ਵਾਲੇ ਬਜ਼ਾਰ ਮਾਈ ਸੇਵਾਂ ਅੰਮ੍ਰਿਤਸਰ, ਜੋ ਗੁਰਬਾਣੀ ਛਾਪਦੇ ਹਨ, ਵਲੋਂ ਬੇਲੋੜੇ ਪੱਤਰਿਆਂ ਦਾ ਸੰਸਕਾਰ ਮਰਯਾਦਾ ਅਨੁਸਾਰ ਨਹੀਂ ਕੀਤਾ ਜਾਂਦਾ। ਇਨ੍ਹਾਂ ਨੂੰ ਗੁਰਬਾਣੀ ਛਾਪਦਿਆਂ ਕਾਫੀ ਸਮਾਂ ਹੋ ਗਿਆ ਹੈ ਪਰ ਅਜੇ ਤੀਕ ਬੇਲੋੜੇ ਗੁਰਬਾਣੀ ਦੇ ਪੱਤਰਿਆਂ ਦਾ ਸੰਸਕਾਰ ਕਰਨ ਦੀ ਮਰਯਾਦਾ ਬਾਰੇ ਜਾਣਕਾਰੀ ਨਹੀਂ ਹੈ।

ਮਰਯਾਦਾ ਅਨੁਸਾਰ ਗੁਰਬਾਣੀ ਦੇ ਪੱਤਰਿਆਂ ਦਾ ਸੰਸਕਾਰ ਸ੍ਰੀ ਗੋਇੰਦਵਾਲ ਸਾਹਿਬ ਬਣੇ ਅੰਗੀਠਿਆਂ ਵਿਚ ਕਰਨਾ ਚਾਹੀਦਾ ਸੀ ਪਰ ਇਨ੍ਹਾਂ ਵਲੋਂ ਅਜਿਹਾ ਨਹੀਂ ਕੀਤਾ ਗਿਆ। ਇਸ ਕਾਰਨ ਕਰਕੇ ਗੁਰਬਾਣੀ ਦੀ ਬੇਅਦਬੀ ਹੋਈ ਹੈ। ਇਹ ਬਹੁਤ ਹੀ ਨਿੰਦਣਯੋਗ ਤੇ ਗਲਤ ਕਾਰਵਾਈ ਹੈ। ਆਸ ਪਾਸ ਦੀ ਸੰਗਤ ਵੀ ਕਹਿੰਦੀ ਸੁਣੀ ਗਈ ਹੈ ਕਿ ਇਹ ਹਮੇਸ਼ਾ ਹੀ ਇਸੇ ਤਰ੍ਹਾਂ ਗੁਰਬਾਣੀ ਦੀ ਨਿਰਾਦਰੀ ਕਰਦੇ ਹਨ।

ਸੰਸਕਾਰ ਕਰਨ ਵਾਲਾ ਕਰਮਚਾਰੀ ਵੀ ਜੁੱਤੀਆਂ ਸਮੇਤ ਗੁਰਬਾਣੀ ਦੇ ਪੱਤਰਿਆਂ ਦਾ ਸੰਸਕਾਰ ਕਰ ਰਿਹਾ ਸੀ। ਇਹ ਵੀ ਬਹੁਤ ਦੁੱਖ ਵਾਲੀ ਗੱਲ ਤੇ ਨਿੰਦਣਯੋਗ ਕਾਰਵਾਈ ਹੈ। ਰਿਪੋਰਟ ਯੋਗ ਕਾਰਵਾਈ ਲਈ ਪੇਸ਼ ਹੈ।

ਗੁਰੂ ਪੰਥ ਦੇ ਦਾਸ

*ਦਿਲਬਾਗ ਸਿੰਘ, ਅਰਜਨ ਸਿੰਘ,*

*ਜੱਸਾ ਸਿੰਘ ਕਲਰਕ, ਸੁਲੱਖਣ ਸਿੰਘ ਸੀ.ਜੀ.ਪੀ.*

*ਅੰਗਰੇਜ ਸਿੰਘ ਏ.ਸੀ., ਅਵਤਾਰ ਸਿੰਘ*

***

ਸੇਵਾ ਵਿਖੇ

ਸਕੱਤਰ ਧਰਮ ਪ੍ਰਚਾਰ ਕਮੇਟੀ,

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,

ਸ੍ਰੀ ਅੰਮ੍ਰਿਤਸਰ।

ਸ੍ਰੀਮਾਨ ਜੀ,

ਬੇਨਤੀ ਹੈ ਕਿ ਅੱਜ ਮਿਤੀ 28 ਅਪ੍ਰੈਲ 1998 ਨੂੰ ਸਾਰੇ ਬਾਜ਼ਾਰ ਵਿਚ ਗੁਟਕੇ ਅਤੇ ਧਰਮ ਲਿਟਰੇਚਰ ਵਗੈਰਾ ਦੇ ਸੜੇ ਅੱਧ-ਸੜੇ ਕਾਗਜ਼ ਬਜ਼ਾਰ ਵਿਚ ਪਾਏ ਗਏ ਹਨ। ਕ੍ਰਿਪਾ ਕਰਕੇ ਇਸ ਦੀ ਜਾਂਚ ਕੀਤੀ ਜਾਵੇ ਅਤੇ ਦੋਸ਼ੀਆਂ ਨੂੰ ਸਜ਼ਾ ਦਿੱਤੀ ਜਾਵੇ. ਅੱਗੇ ਤੋਂ ਇਸ ਨੂੰ ਰੋਕਿਆ ਜਾਵੇ। ਆਪ ਦੇ ਦਾਸ ਬਜ਼ਾਰ ਮੋਚੀਆਂ ਤੇ ਬਜ਼ਾਰ ਗੁਰੂ ਰਾਮ ਦਾਸ।

*ਸਤਨਾਮ ਸਿੰਘ, ਸੁਰਜੀਤ ਸਿੰਘ,*

*ਹਰਜਿੰਦਰ ਸਿੰਘ, ਸੁਰਿੰਦਰ ਸਿੰਘ*

....ਅਤੇ ਹੋਰ।

***

*9 ਮਈ 1998*

ਸਿੰਘ ਸਾਹਿਬ ਭਾਈ ਰਣਜੀਤ ਸਿੰਘ ਜੀ,

ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਹਿ॥

ਆਪ ਜੀ ਦਾ ਹੁਕਮ ਨਾਮਾ ਨੰ: 556/ ਏ ਟੀ/98 ਮਿਤੀ 24.4.98 ਦੇ ਹਵਾਲੇ ਵਿਚ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਕੁਤਰੇ ਹੋਏ ਪੱਤਰਿਆਂ ਦੀਆਂ ਤਿੰਨ ਬੋਰੀਆਂ ਪ੍ਰਾਪਤ ਹੋਣ ਦੇ ਸਬੰਧ ਵਿਚ ਅਧੀਨਗੀ ਸਹਿਤ ਬੇਨਤੀ ਹੈ ਕਿ ਸਿੱਖ ਹੋਣ ਦੇ ਨਾਤੇ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪੂਰਨ ਸਤਿਕਾਰ ਕਰਦੇ ਹਾਂ ਤੇ ਇਨ੍ਹਾਂ ਦੀ ਪ੍ਰਕਾਸ਼ਨਾ ਵੇਲੇ ਮਰਯਾਦਾ ਰੱਖਣ ਦਾ ਪੂਰਾ-ਪੂਰਾ ਯਤਨ ਕਰਦੇ ਹਾਂ।

ਅਸੀਂ ਆਪਣੇ ਵਲੋਂ ਤਤਪਰ ਰਹਿੰਦੇ ਹਾਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਗੁਰਬਾਣੀ ਦਾ ਮਾਣ ਸਤਿਕਾਰ ਪੂਰੀ ਤਰ੍ਹਾਂ ਕਾਇਮ ਰੱਖਿਆ ਜਾਏ ਅਤੇ ਕਿਸੇ ਤਰ੍ਹਾਂ ਦੀ ਕੋਈ ਵੀ ਕੋਤਾਹੀ ਹੋਂਦ ਵਿਚ ਨਾ ਆਵੇ। ਫੇਰ ਵੀ ਇਹ ਜੋ ਅਸਹਿਵਨ ਭੁੱਲ ਹੋ ਗਈ ਹੈ ਉਸ ਲਈ ਅਸੀਂ ਗੁਰੂ ਪੰਥ ਤੋਂ ਇਸ ਭੁੱਲ ਦੀ ਖਿਮਾਂ ਦੀ ਯਾਚਨਾ ਕਰਦੇ ਹੋਏ ਆਪ ਜੀ ਨੂੰ ਭਰੋਸਾ ਦਿਵਾਉਂਦੇ ਹਾਂ ਕਿ ਅੱਗੇ ਤੋਂ ਅਜਿਹਾ ਕੁਝ ਕਤਈ ਵਾਪਰਨ ਨਹੀਂ ਦਿੱਤਾ ਜਾਵੇਗਾ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਗੁਰਬਾਣੀ ਦਾ ਸਤਿਕਾਰ ਅਤੇ ਮਰਿਯਾਦਾ ਬਰਕਰਾਰ ਰੱਖਣ ਦੇ ਪੂਰੇ

ਪ੍ਰਬੰਧ ਕਰਾਂਗੇ।

ਗੁਰੂ ਪੰਥ ਦਾ ਦਾਸ

*ਹਰਭਜਨ ਸਿੰਘ*

3-00 ਵਜੇ ਸ਼ਾਮ

***

ਸਤਿਕਾਰਯੋਗ ਸਿੰਘ ਸਾਹਿਬ ਜਥੇਦਾਰ ਸਾਹਿਬ ਜੀ

ਅੱਜ ਮਿਤੀ 9.5.98 ਨੂੰ ਆਪ ਦੇ ਸਨਮੁੱਖ ਹਾਜ਼ਰ ਹੋਇਆ ਹਾਂ ਜੀ। ਆਪ ਜੀ ਨੇ ਗੁਰਬਾਣੀ ਦੇ ਗੁਟਕੇ ਉੱਪਰ ਫੋਟੋ ਛਾਪਣ ਸਬੰਧੀ ਤੇ ਸ਼੍ਰੋਮਣੀ ਕਮੇਟੀ ਦੇ ਸੇਵਾਦਾਰਾਂ ਪਾਸੋਂ ਗੁਰਬਾਣੀ ਦੇ ਗੁਟਕੇ ਵਗੈਰਾ ਸਸਕਾਰ ਕਰਨ ਸਬੰਧੀ ਆਪ ਜੀ ਨੇ ਫੋਟੋਆਂ ਦਿਖਾਈਆਂ।

ਅਸੀਂ ਭੁੱਲਣਹਾਰ ਹਾਂ, ਆਪ ਬਖਸ਼ਣਹਾਰ ਹੋ। ਸਾਡੀ ਹੋਈ ਭੁੱਲ ਦੀ ਮੁਆਫੀ ਦਿੱਤੀ ਜਾਵੇ। ਅਸੀਂ ਅੱਗੇ ਤੋਂ ਉਚੇਚਾ ਤੌਰ 'ਤੇ ਖਿਆਲ ਰੱਖਾਂਗੇ ਕਿ ਅਜਿਹੀ ਗਲਤੀ ਅੱਗੇ ਤੋਂ ਨਾ ਹੋਏ।

ਫਰਮ ਭਾ: ਚਤਰ ਸਿੰਘ ਜੀਵਨ ਸਿੰਘ

*ਹਰਭਜਨ ਸਿੰਘ*

*9 ਮਈ 1998*

ਮੇਰਾ ਲੈਟਰਪੈਡ ਜਿਸ 'ਤੇ ਮੈਂ ਗੁਰੂ ਗ੍ਰੰਥ ਸਾਹਿਬ ਜੀ ਦੇ ਕੁਤਰੇ ਪਤਰਿਆਂ ਦੀਆਂ ਤਿੰਨ ਬੋਰੀਆਂ ਸ੍ਰੀ ਅਕਾਲ ਤਖ਼ਤ 'ਤੇ ਪ੍ਰਾਪਤ ਹੋਣ 'ਤੇ ਗਲਤੀ ਨੂੰ ਸਵੀਕਾਰਿਆ ਹੈ। ਉਸ ਤੋਂ ਇਲਾਵਾ ਜੋ ਕੁਝ ਹੋਰ ਮੈਂ ਲਿਖਿਆ ਉਹ ਵੀ ਸਾਡੀ ਫਰਮ ਦੀਆਂ ਭੁੱਲਾਂ ਸਨ।

*ਹਰਭਜਨ ਸਿੰਘ*

3-00 ਵਜੇ ਸ਼ਾਮ

***

*9 ਮਈ 1998*

## ਹੁਕਮਨਾਮਾ

ਅੱਜ ਮਿਤੀ 9 ਮਈ 1998 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਹੋਈ। ਜਿਸ ਵਿਚ ਭਾਈ ਚਤਰ ਸਿੰਘ ਜੀਵਨ ਸਿੰਘ ਐਂਡ ਸੰਨਜ਼ ਫਰਮ ਵਲੋਂ ਵਾਰ-ਵਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬਾਣੀ ਦੀ ਛਪਾਈ ਸਬੰਧੀ ਕੀਤੀ ਜਾ ਰਹੀ ਬੇਅਦਬੀ ਬਾਰੇ ਸਿੱਖ ਸੰਗਤ ਦੀਆਂ ਭਾਵਨਾਵਾਂ ਦੇ ਮੱਦੇਨਜ਼ਰ ਵਿਚਾਰ ਹੋਈ।

ਸਿੱਖ ਸੰਗਤਾਂ ਵਲੋਂ ਪਿਛਲੇ ਦਿਨੀਂ ਉਪਰੋਕਤ ਫਰਮ ਦੁਆਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਪੱਤਰਿਆਂ ਨੂੰ ਰੱਦੀ ਵਿਚ ਵੇਚਣ, ਬੇਥਵੇ ਢੰਗ ਨਾਲ ਉਸ ਨੂੰ ਰੱਦੀ ਸਮਝ ਕੇ ਸਾੜਨ, ਆਮ ਵਿਅਕਤੀ ਦੀਆਂ ਤਸਵੀਰਾਂ ਵਾਲੇ ਗੁਟਕੇ ਛਾਪਣ ਅਤੇ ਬਿਲਟੀ ਰਾਹੀਂ ਬੇਅਦਬੀ ਭਰੇ ਢੰਗ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਭੇਜਣ ਦੀਆਂ ਦੁਖਦਾਈ ਘਟਨਾਵਾਂ ਸਿੰਘ ਸਾਹਿਬ ਦੇ ਧਿਆਨ ਵਿਚ ਲਿਆਂਦੀਆਂ ਗਈਆਂ।

ਸਿੰਘ ਸਾਹਿਬਾਨ ਨੇ ਸੰਗਤਾਂ ਦੀਆਂ ਭਾਵਨਾਵਾਂ ਨੂੰ ਮੁੱਖ ਰਖਦਿਆਂ ਫਰਮ ਦੇ

ਵਾਰਸਾਂ (ਮਾਲਕਾਂ) ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਬੁਲਾਇਆ। ਸ. ਹਰਭਜਨ ਸਿੰਘ ਪੁੱਤਰ ਸ. ਜਗਜੀਤ ਸਿੰਘ ਨੇ ਆਪਣੀ ਫਰਮ ਦੇ ਪ੍ਰਤੀਨਿਧ ਵਜੋਂ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਹਾਜ਼ਰ ਹੋ ਕੇ ਲਿਖਤੀ ਰੂਪ ਵਿਚ ਉਪਰੋਕਤ ਘਟਨਾਵਾਂ ਸਬੰਧੀ ਭੁੱਲਾਂ ਨੂੰ ਸਵੀਕਾਰ ਕੀਤਾ।

ਸਿੰਘ ਸਾਹਿਬਾਨ ਦੇ ਧਿਆਨ ਵਿਚ ਇਹ ਗੱਲ ਵੀ ਆਈ ਹੈ ਕਿ ਇਸ ਫਰਮ ਦੇ ਵਾਰਸ ਪਿਛਲੇ 28 ਸਾਲਾਂ ਤੋਂ ਲਗਾਤਾਰ ਇਸੇ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਬਾਣੀ ਸਬੰਧੀ ਬੇਅਦਬੀ ਭਰੀਆਂ ਕਾਰਵਾਈਆਂ ਕਰਦੇ ਆ ਰਹੇ ਹਨ। ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਇਨ੍ਹਾਂ ਨੇ ਪਹਿਲਾਂ ਵੀ ਲਿਖਤੀ ਰੂਪ ਵਿਚ ਸਵੀਕਾਰਦਿਆਂ ਮੁਆਫੀ ਮੰਗ ਕੇ ਅੱਗੇ ਤੋਂ ਐਸਾ ਕੁਝ ਨਾ ਕਰਨ ਦਾ ਲਿਖਤੀ ਤੇ ਜ਼ਬਾਨੀ ਵਚਨ ਦਿੱਤਾ ਸੀ।

ਇਸ ਫਰਮ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਤਿਕਾਰ ਪ੍ਰਤੀ ਕੀਤੀਆਂ ਜਾ ਰਹੀਆਂ ਲਾਪ੍ਰਵਾਹੀਆਂ ਤੇ ਭੁੱਲਾਂ ਨੂੰ ਵਿਚਾਰਦਿਆਂ ਹੋਇਆਂ ਸਿੰਘ ਸਾਹਿਬਾਨ ਨੇ ਉਪਰੋਕਤ ਫਰਮ ਦੇ ਮਾਲਕਾਂ

ਸ: ਹਰਵਿੰਦਰਪਾਲ ਸਿੰਘ ਪੁੱਤਰ ਸ: ਜਗਜੀਤ ਸਿੰਘ,
ਸ: ਮਹਿੰਦਰਪਾਲ ਸਿੰਘ ਪੁੱਤਰ ਸ: ਜਗਜੀਤ ਸਿੰਘ,
ਸ:ਹਰਭਜਨ ਸਿੰਘ ਪੁੱਤਰ ਸ: ਜਗਜੀਤ ਸਿੰਘ

ਨੂੰ ਤਨਖਾਹੀਆ ਕਰਾਰ ਦੇਣ ਦਾ ਫੈਸਲਾ ਕੀਤਾ ਹੈ। ਸਬੰਧਤ ਤਿੰਨ ਸੱਜਣ ਆਪਣੀਆਂ ਭੁੱਲਾਂ ਸਬੰਧੀ ਤਨਖਾਹ ਲਵਾਉਣ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹਾਜ਼ਰ ਹੋਣ।

ਦਸਤਖਤ : ਰਣਜੀਤ ਸਿੰਘ, ਮੋਹਣ ਸਿੰਘ
ਮਨਜੀਤ ਸਿੰਘ, ਕੇਵਲ ਸਿੰਘ, ਭਗਵਾਨ ਸਿੰਘ

***

*9 ਮਈ 1998*

## ਹੁਕਮਨਾਮਾ

ਅੱਜ ਮਿਤੀ 9 ਮਈ 1998 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਹੋਈ। ਜਿਸ ਵਿਚ ਭਾਈ ਚਤਰ ਸਿੰਘ ਜੀਵਨ ਸਿੰਘ ਐਂਡ ਸੰਨਜ਼ ਫਰਮ ਵਲੋਂ ਵਾਰ-ਵਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬਾਣੀ ਦੀ ਛਪਾਈ ਸਬੰਧੀ ਕੀਤੀ ਜਾ ਰਹੀ ਬੇਅਦਬੀ ਬਾਰੇ ਸਿੱਖ ਸੰਗਤਾਂ ਦੀਆਂ ਭਾਵਨਾਵਾਂ ਦੇ ਮੱਦੇਨਜ਼ਰ ਵਿਚਾਰ ਹੋਈ। ਉਪਰੰਤ ਇਹ ਪ੍ਰਵਾਨ ਹੋਇਆ ਕਿ ਇਹ ਇਕ ਜਗਤ ਪ੍ਰਸਿੱਧ ਸਚਾਈ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਕੇਵਲ ਧਰਮ ਗ੍ਰੰਥ ਹੀ ਨਹੀਂ ਸਗੋਂ ਸਿੱਖ ਪੰਥ ਦੇ ਜਾਗਤ ਜੋਤਿ ਸਤਿਗੁਰੂ ਹਨ। ਸਮੂਹ ਸਿੱਖ ਕੌਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮਨ ਬਚਨ ਕਰਕੇ ਦਸਾਂ ਪਾਤਸ਼ਾਹੀਆਂ ਦੀ ਪ੍ਰਤੱਖ ਜੋਤਿ ਮੰਨਦਾ ਆ ਰਿਹਾ ਹੈ। ਇਸ ਨਾਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪਾਂ ਦੀ ਛਪਾਈ ਸ਼ੁਧ ਰੂਪ ਵਿਚ ਲੋੜੀਂਦੇ ਅਦਬ ਸਤਿਕਾਰ ਨਾਲ ਕੀਤੀ ਜਾਣੀ ਅਤਿ ਜ਼ਰੂਰੀ ਹੈ। ਇਸ ਤੱਥ ਨੂੰ ਮੁੱਖ ਰਖਦਿਆਂ ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਆਦੇਸ਼

ਜਾਰੀ ਕੀਤਾ ਜਾਂਦਾ ਹੈ ਕਿ ਭਵਿੱਖ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਦੀ ਛਪਾਈ ਕੇਵਲ ਅਤੇ ਕੇਵਲ ਪੰਥ ਦੀ ਪ੍ਰਤੀਨਿਧ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਵੱਲੋਂ ਹੀ ਕੀਤੀ ਜਾਵੇ। ਬਾਕੀ ਸਭਨਾਂ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ, ਪੋਥੀਆਂ, ਗੁਟਕਿਆਂ ਸਮੇਤ ਛਪਾਈ ਬੰਦ ਕੀਤੀ ਜਾਵੇ।

ਇਹ ਵੀ ਫੈਸਲਾ ਹੋਇਆ ਕਿ ਦੇਸ਼ ਪ੍ਰਦੇਸ਼ ਦੀ ਕੋਈ ਸਿੱਖ ਸੰਸਥਾ ਜੇਕਰ ਸ੍ਰੀ ਗੁਰੂ ਗ੍ਰੰਥ ਸਾਹਿਬ, ਪੋਥੀਆਂ, ਗੁਟਕਿਆਂ ਦੀ ਛਪਾਈ ਦੀ ਸੇਵਾ ਬਾਹਰਲੇ ਪ੍ਰਾਂਤ ਜਾਂ ਦੇਸ਼ ਵਿਚ ਕਰਵਾਉਣ ਦੀ ਇਛੁੱਕ ਹੋਵੇ ਤਾਂ ਇਸ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਮਨਜ਼ੂਰੀ ਲੈਣੀ ਜ਼ਰੂਰੀ ਹੋਵੇਗੀ ਅਤੇ ਛਪਾਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਆਫਸੈਟ ਫਿਲਮਾਂ ਤੋਂ ਹੀ ਕਰਵਾਉਣੀ ਹੋਵੇਗੀ।

ਦਸਤਖਤ : ਰਣਜੀਤ ਸਿੰਘ, ਮੋਹਣ ਸਿੰਘ
ਮਨਜੀਤ ਸਿੰਘ, ਕੇਵਲ ਸਿੰਘ, ਭਗਵਾਨ ਸਿੰਘ

***

*28 ਨਵੰਬਰ 1998*

ਭਾਈ ਚਤਰ ਸਿੰਘ ਜੀਵਨ ਸਿੰਘ ਐਂਡ ਸਨਜ਼,

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਹਿ॥

ਤੁਹਾਨੂੰ ਮਿਤੀ 9.5.98 ਨੂੰ ਪਾਵਨ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਤਨਖਾਹੀਆ ਕਰਾਰ ਦਿੱਤਾ ਗਿਆ ਸੀ ਪਰ ਤੁਸੀਂ ਅਜੇ ਤੀਕ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਹਾਜ਼ਰ ਹੋ ਕੇ ਤਨਖਾਹ ਨਹੀਂ ਲਵਾਈ ਤੇ ਨਾ ਹੀ ਹੁਕਮਨਾਮੇ ਦਾ ਪਾਲਨ ਕੀਤਾ ਹੈ।

ਜਿਨ੍ਹਾਂ ਗਲਤੀਆਂ ਨੂੰ ਤੁਸੀਂ ਲਿਖਤੀ ਰੂਪ ਵਿਚ ਸਵੀਕਾਰ ਕੀਤਾ ਸੀ, ਉਨ੍ਹਾਂ ਗਲਤੀਆਂ ਨੂੰ ਤੁਸੀਂ ਫਿਰ ਦੋਹਰਾ ਰਹੇ ਹੋ। ਕੁਝ ਨਵੀਆਂ ਸ਼ਿਕਾਇਤਾਂ ਵੀ ਆਈਆਂ ਹਨ। ਤੁਹਾਡੀ ਫਰਮ ਵਲੋਂ ਕੀਤੀਆਂ ਸੇਵਾਵਾਂ ਕਾਰਨ ਤੁਹਾਡੇ ਨਾਲ ਕਾਫੀ ਨਰਮੀ ਨਾਲ਼ ਪੇਸ਼ ਆਇਆ ਜਾ ਰਿਹਾ ਹੈ ਲੇਕਿਨ ਲਗਦਾ ਹੈ ਕਿ ਤੁਸੀਂ ਇਸ ਨਰਮੀ ਦਾ ਨਜਾਇਜ਼ ਫਾਇਦਾ ਉਠਾ ਰਹੇ ਹੋ।

ਤੁਹਾਨੂੰ ਮਿਤੀ 17.12.98 ਤੀਕ ਸਮਾਂ ਦਿੱਤਾ ਜਾਂਦਾ ਹੈ। ਤੁਸੀਂ ਗੁਰਬਾਣੀ ਦੀ ਬੇਅਦਬੀ ਕਰਨੀ ਬੰਦ ਕਰਕੇ ਸ੍ਰੀ ਅਕਾਲ ਤਖ਼ਤ ਸਾਹਿਬ ਉਕਤ ਮਿਤੀ ਨੂੰ 12.30 ਵਜੇ ਹਾਜ਼ਰ ਹੋ ਕੇ ਤਨਖਾਹ ਲਗਾਓ।

ਗੁਰੂ ਪੰਥ ਦਾ ਦਾਸ
*ਰਣਜੀਤ ਸਿੰਘ*
ਜਥੇਦਾਰ, ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ।

ਭਾਈ ਚਤਰ ਸਿੰਘ ਜੀਵਨ ਸਿੰਘ ਐਂਡ ਸਨਜ਼,
ਬਜ਼ਾਰ ਮਾਈ ਸੇਵਾਂ,
ਅੰਮ੍ਰਿਤਸਰ।

***

**ਗੁਰਮਤਾ**

ਭਾਈ ਚਤਰ ਸਿੰਘ ਜੀਵਨ ਸਿੰਘ ਐਂਡ ਸੰਨਜ਼

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਹਿ॥

ਤੁਹਾਨੂੰ ਮਿਤੀ 9 ਮਈ 1998 ਨੂੰ ਗੁਰਬਾਣੀ ਦੀ ਬੇਅਦਬੀ ਕਰਨ ਦੇ ਸਬੰਧ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਤਨਖਾਹੀਆ ਕਰਾਰ ਦਿੱਤਾ ਗਿਆ ਸੀ, ਨਾਲ ਹੀ ਇਹ ਹਦਾਇਤ ਦਿੱਤੀ ਗਈ ਸੀ ਕਿ ਤੁਸੀਂ ਗੁਰੂ ਗ੍ਰੰਥ ਸਾਹਿਬ ਦੀ ਛਪਾਈ ਬੰਦ ਕਰ ਦਿਉਗੇ ਪਰ ਤੁਸੀਂ ਅੱਠ ਮਹੀਨੇ ਬੀਤ ਜਾਣ ਦੇ ਬਾਅਦ ਵੀ ਗੁਰਬਾਣੀ ਦੀ ਲਗਾਤਾਰ ਬੇਅਦਬੀ ਕਰ ਰਹੇ ਹੋ। ਅਜੇ ਤੱਕ ਤੁਹਾਡੇ ਬੋਰਡ ਉਸੇ ਤਰ੍ਹਾਂ ਲੱਗੇ ਹੋਏ ਹਨ। ਤੁਸੀਂ ਨਵੀਆਂ ਜੰਤਰੀਆਂ 'ਤੇ ਗੁਰੂ ਗ੍ਰੰਥ ਸਾਹਿਬ ਵੇਚਣ ਦਾ ਇਸ਼ਤਿਹਾਰ ਦਿੱਤਾ ਹੋਇਆ ਹੈ। ਇਸ ਸਭ ਕੁਝ ਦੇ ਬਾਵਜੂਦ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਹਾਜ਼ਰ ਹੋਣ ਲਈ ਅਵੱਗਿਆ ਕਰ ਚੁੱਕੇ ਹੋ। ਅਸੀਂ ਤੁਹਾਨੂੰ ਚਿਤਾਵਨੀ ਦਿੰਦੇ ਹੋਏ 11 ਫਰਵਰੀ 1999 ਤੀਕ ਦਾ ਸਮਾਂ ਦਿੰਦੇ ਹਾਂ ਕਿ ਤੁਸੀਂ ਗੁਰਬਾਣੀ ਦੀ ਬੇਅਦਬੀ ਬੰਦ ਕਰਕੇ ਆਪਣੀ ਤਨਖਾਹ ਲੁਆਓ। ਇਹ ਤੁਹਾਡਾ ਆਖਰੀ ਮੌਕਾ ਹੋਵੇਗਾ।

ਦਸਤਖਤ : ਰਣਜੀਤ ਸਿੰਘ, ਮੋਹਣ ਸਿੰਘ

ਭਗਵਾਨ ਸਿੰਘ, ਚਰਨ ਸਿੰਘ, ਗੁਰਬਚਨ ਸਿੰਘ

***

ਕਿਉਂਕਿ ਇਸ ਦੌਰਾਨ ਬਾਦਲਕਿਆਂ ਵਲੋਂ ਸਿੰਘ ਸਾਹਿਬ ਭਾਈ ਰਣਜੀਤ ਸਿੰਘ ਜੀ ਨੂੰ ਉਨ੍ਹਾਂ ਦੇ ਅਹੁਦੇ ਤੋਂ ਮੁਅਤਲ ਕਰ ਦਿੱਤਾ ਗਿਆ ਸੀ, ਇਸ ਲਈ ਇਹ ਮਸਲਾ ਵਿਚੇ ਹੀ ਲਟਕਦਾ ਰਹਿ ਗਿਆ।

■

# ਸਿੱਖ ਕੌਮ ਵਿਚ ਵਧ ਰਹੇ ਪਤਿਤਪੁਣੇ 'ਤੇ ਸਿੰਘ ਸਾਹਿਬ ਨੂੰ ਚਿੰਤਾ

ਗੁਰੂ ਰੂਪ ਖਾਲਸਾ ਜੀਓ,

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਹਿ॥

ਸਿੱਖ ਕੌਮ ਵਿਚ ਵਧ ਰਿਹਾ ਪਤਿਤਪੁਣਾ ਇਕ ਵੱਡੀ ਚਿੰਤਾ ਵਾਲੀ ਗੱਲ ਹੈ। ਅਸਾਂ ਕਲ੍ਹ ਦੀ ਮੀਟਿੰਗ ਵਿਚ ਇਸ ਸਥਿਤੀ 'ਤੇ ਵਿਸਥਾਰ ਸਹਿਤ ਵਿਚਾਰ ਕੀਤੀ, ਇਸ ਮੀਟਿੰਗ ਵਿਚ ਸ਼੍ਰੋਮਣੀ ਕਮੇਟੀ ਤੋਂ ਇਲਾਵਾ ਪੰਥ ਦੀਆਂ ਬਹੁਤ ਸਾਰੀਆਂ ਸੰਸਥਾਵਾਂ ਦੇ ਨੁਮਾਇੰਦੇ ਸ਼ਾਮਲ ਹੋਏ, ਸਾਰਿਆਂ ਦਾ ਇਹ ਨਿਸ਼ਚਾ ਹੈ ਕਿ ਇਸ ਚੁਣੌਤੀ ਦਾ ਸਾਹਮਣਾ ਕਰਨ ਲਈ ਵੱਡੇ ਪੈਮਾਨੇ 'ਤੇ ਸੰਗਠਤ ਅਤੇ ਵਿਉਂਤਬੱਧ ਯਤਨ ਕਰਨ ਦੀ ਲੋੜ ਹੈ, ਜਿਸ ਵਿਚ ਪੰਥ ਦੀਆਂ ਸਾਰੀਆਂ ਮੁੱਖ ਸੰਸਥਾਵਾਂ, ਗੁਰਦਵਾਰੇ, ਵਿਦਿਅਕ ਅਦਾਰੇ, ਪ੍ਰਚਾਰਕ, ਰਾਗੀ, ਕਥਾਕਾਰ ਅਤੇ ਸਮੂਹ ਸੰਗਤਾਂ ਸ਼ਾਮਲ ਹੋਣ। ਸਾਡਾ ਨਿਸ਼ਾਨਾ ਇਹ ਹੈ ਕਿ 1999 ਦੀ ਪਵਿੱਤਰ ਵਿਸਾਖੀ ਤਕ ਪਤਿਤਪੁਣੇ ਦੇ ਰੁਝਾਨ ਨੂੰ ਪੂਰੀ ਤਰ੍ਹਾਂ ਖਤਮ ਕੀਤਾ ਜਾਵੇ ਅਤੇ ਗੁਰਮਤਿ ਚੇਤਨਾ ਲਹਿਰ ਸਾਰੇ ਪੰਥ 'ਤੇ ਛਾ ਜਾਵੇ।

ਪਤਿਤਪੁਣੇ ਦਾ ਮੂਲ ਕਾਰਨ ਅਗਿਆਨਤਾ ਹੈ, ਸਿੱਖ ਧਰਮ ਸਬੰਧੀ ਅਣਜਾਣਪੁਣਾ ਹੈ, ਜਿਸ ਦਾ ਮਤਲਬ ਇਹ ਹੈ ਕਿ ਪ੍ਰਚਾਰ ਦੀ ਘਾਟ ਹੈ, ਇਸ ਘਾਟ ਨੂੰ ਪੂਰਾ ਕਰਨਾ ਲਾਜ਼ਮੀ ਹੈ, ਸਮਾਂ ਆ ਗਿਆ ਹੈ ਕਿ ਹਰ ਸਿੱਖ ਆਪਣੇ ਧਰਮ ਦਾ ਆਪ ਪ੍ਰਚਾਰਕ ਬਣੇ।

ਗੁਰਮਤਿ ਚੇਤਨਾ ਲਹਿਰ ਜੋ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਪ੍ਰਸਤੀ ਹੇਠ ਆਰੰਭ ਹੋ ਚੁੱਕੀ ਹੈ, ਤੇਜ਼ ਕੀਤੀ ਜਾਣੀ ਚਾਹੀਦੀ ਹੈ, ਗੁਰਦੁਆਰੇ, ਸਕੂਲ, ਕਾਲਜ ਇਸ ਦੇ ਕੇਂਦਰ ਬਣਨੇ ਚਾਹੀਦੇ ਹਨ। ਤਖ਼ਤ ਸਾਹਿਬਾਨ ਨੂੰ ਇਸ ਸੰਗਠਨ ਦੀ ਸਫਲਤਾ ਲਈ ਉਚੇਚੀ ਭੂਮਿਕਾ ਨਿਭਾਉਣੀ ਪਵੇਗੀ, ਸਮੂਹ ਸਿੱਖ ਸੰਸਥਾਵਾਂ ਨੂੰ ਮੈਦਾਨ ਵਿਚ ਆਉਣਾ ਚਾਹੀਦਾ ਹੈ ਅਤੇ ਗੁਰਮੁਖ ਪ੍ਰਚਾਰ ਨੂੰ ਪਹਿਲ ਦੇਣੀ ਚਾਹੀਦੀ ਹੈ।

ਇਸ ਸਬੰਧ ਵਿਚ ਅਸੀਂ ਹੇਠ ਲਿਖੀ ਅਪੀਲ ਸੰਗਤਾਂ ਦੀ ਸੇਵਾ ਵਿਚ ਕਰਨੀ ਚਾਹੁੰਦੇ ਹਾਂ:

1. ਹਰ ਜ਼ਿਲ੍ਹੇ ਵਿਚ ਗੁਰਮਤਿ ਪ੍ਰਚਾਰ ਕਮੇਟੀਆਂ ਬਣਾਈਆਂ ਜਾਣ, ਜਿਸ ਵਿਚ ਸ਼੍ਰੋਮਣੀ ਕਮੇਟੀ ਦੇ ਸਾਰੇ ਚੁਣੇ ਹੋਏ ਮੈਂਬਰ ਸ਼ਾਮਲ ਹੋਣ ਅਤੇ ਹਰ ਸਿੱਖ ਸੰਸਥਾਵਾਂ ਦੇ ਨੁਮਾਇੰਦੇ ਨਾਲ ਜੋੜੇ ਜਾਣ।

2. ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਹੋਰ ਪੰਥਕ ਜਥੇਬੰਦੀਆਂ ਪੂਰਾ ਸਹਿਯੋਗ ਦੇਣ ਅਤੇ ਲੋੜੀਂਦੇ ਸਾਧਨ ਅਤੇ ਮਾਇਆ ਆਦਿ ਮੁਹੱਈਆ ਕਰਨ।

3. ਸਮੂਹ ਗੁਰਦੁਆਰਾ ਸਿੰਘ ਸਭਾ ਕਮੇਟੀਆਂ ਅਤੇ ਪ੍ਰਬੰਧਕ ਗੁਰਮਤਿ ਚੇਤਨਾ

ਲਹਿਰ ਨੂੰ ਪਹਿਲ ਦੇਣ।

4. ਸਮੂਹ ਖਾਲਸਾ ਸਕੂਲਾਂ ਅਤੇ ਕਾਲਜਾਂ ਵਿਚ ਗੁਰਮਤਿ ਕੈਂਪ ਲਗਾਏ ਜਾਣ, ਤਾਂ ਕਿ ਬੱਚੇ ਗੁਰਮਤਿ ਬਾਰੇ ਜਾਣਕਾਰੀ ਪ੍ਰਾਪਤ ਕਰਕੇ ਸਿੱਖ ਹੋਣ ਵਿਚ ਫਖਰ ਮਹਿਸੂਸ ਕਰ ਸਕਣ। ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ, ਇੰਸਟੀਚਿਊਟ ਆਫ ਸਿੱਖ ਸਟੱਡੀਜ਼ ਅਤੇ ਮਿਸ਼ਨਰੀ ਕਾਲਜਾਂ ਨੇ ਇਸ ਕਾਜ ਵਿਚ ਮਹੱਤਵਪੂਰਨ ਯੋਗਦਾਨ ਪਾਇਆ ਹੈ।

5. ਹਰ ਸਕੂਲ/ਕਾਲਜ ਵਿਚ ਧਾਰਮਕ ਵਿੱਦਿਆ ਦਾ ਪ੍ਰਬੰਧ ਹੋਵੇ। ਘੱਟ ਤੋਂ ਘੱਟ ਇਕ ਅਧਿਆਪਕ ਹੋਣਾ ਚਾਹੀਦਾ ਹੈ। ਹਰ ਸਕੂਲ/ਕਾਲਜ ਲਾਇਬਰੇਰੀ ਵਿਚ ਗੁਰਮਤਿ ਸਾਹਿਤ ਹੋਣਾ ਚਾਹੀਦਾ ਹੈ।

6. ਧਾਰਮਕ ਟੀਚਰਾਂ ਦੀ ਟ੍ਰੇਨਿੰਗ ਦਾ ਪ੍ਰਬੰਧ ਕੀਤਾ ਜਾਵੇ, ਤਾਂ ਕਿ ਹਰ ਸਕੂਲ ਨੂੰ ਪੂਰੀ ਯੋਗਤਾ ਵਾਲੇ ਟੀਚਰ ਮਿਲ ਸਕਣ।

7. ਗ੍ਰੰਥੀਆਂ ਦੀ ਟ੍ਰੇਨਿੰਗ ਦਾ ਪ੍ਰਬੰਧ ਵੀ ਬਹੁਤ ਜ਼ਰੂਰੀ ਹੈ।

8. ਹਰ ਪਿੰਡ ਅਤੇ ਹਰ ਸ਼ਹਿਰ ਵਿਚ ਥਾਂ-ਥਾਂ ਕੈਂਪ ਜਾਂ ਉਚੇਚੇ ਦੀਵਾਨ ਲਗਾਉਣੇ ਚਾਹੀਦੇ ਹਨ, ਜਿਨ੍ਹਾਂ ਰਾਹੀਂ ਗੁਰਮਤਿ ਚੇਤਨਾ ਲਹਿਰ ਦਾ ਸੰਦੇਸ਼ ਹਰ ਸਿੱਖ ਤਕ ਪਹੁੰਚ ਸਕੇ।

9. ਸ਼੍ਰੋਮਣੀ ਕਮੇਟੀ ਦੇ ਪ੍ਰਚਾਰਕ, ਰਾਗੀ ਜਥੇ ਤੇ ਢਾਡੀ ਜਥੇ ਪੂਰਾ ਸਮਾਂ ਇਸ ਮੁਹਿਮ ਵਿਚ ਲਾਉਣ।

10. ਤਖ਼ਤ ਸਾਹਿਬਾਨ ਦੇ ਜਥੇਦਾਰ ਸਾਹਿਬਾਨ ਇਸ ਮੁਹਿੰਮ ਦੀ, ਆਪਣੇ-ਆਪਣੇ ਇਲਾਕੇ ਵਿਚ ਅਗਵਾਈ ਕਰਨ। ਖਾਸ ਕਰਕੇ ਜ਼ਿਲ੍ਹਾ ਕਮੇਟੀਆਂ ਦਾ ਸੰਗਠਨ ਉਨ੍ਹਾਂ ਦੀ ਮੁਢਲੀ ਜ਼ਿੰਮੇਵਾਰੀ ਹੈ, ਆਪਸੀ ਤਾਲਮੇਲ ਦੀ ਜ਼ਿੰਮੇਵਾਰੀ ਸ੍ਰੀ ਅਕਾਲ ਤਖ਼ਤ ਦੀ ਹੈ।

11. ਸਮੂਹ ਰਾਗੀ ਜਥੇ, ਢਾਡੀ, ਪ੍ਰਚਾਰਕ ਅਤੇ ਪੰਥ ਦੇ ਵਿਦਵਾਨ ਇਸ ਲਹਿਰ ਵਿਚ ਵਧ-ਚੜ੍ਹ ਕੇ ਹਿੱਸਾ ਪਾਉਣ।

ਆਦਰ ਸਤਿਕਾਰ ਸਹਿਤ,

ਗੁਰੂ ਪੰਥ ਦਾ ਦਾਸ,

*ਰਣਜੀਤ ਸਿੰਘ*

ਜਥੇਦਾਰ, ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ।

■

# ਵਿਸ਼ਵ ਸਿੱਖ ਕੌਂਸਲ

ਸਤੰਬਰ 1995 ਵਿਚ ਸ੍ਰੀ ਅਮ੍ਰਿਤਸਰ ਵਿਖੇ ਹੋਏ ਵਿਸ਼ਵ ਸਿੱਖ ਸੰਮੇਲਨ ਦੇ ਇਕ ਫੈਸਲੇ ਮੁਤਾਬਕ ਵਿਸ਼ਵ ਸਿੱਖ ਕੌਂਸਲ ਦੀ ਸਥਾਪਨਾ ਕੀਤੀ ਗਈ ਸੀ ਪਰ ਉਸ ਵੇਲੇ ਦੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਤੇ ਵਿਸ਼ਵ ਸਿੱਖ ਕੌਂਸਲ ਦੇ ਸਰਪ੍ਰਸਤ ਪ੍ਰੋ. ਮਨਜੀਤ ਸਿੰਘ ਨੇ ਜਿਵੇਂ ਮਨਮਰਜ਼ੀ ਨਾਲ ਇਸ ਸੰਸਥਾ ਨੂੰ ਚਲਾਇਆ ਤੇ ਜਿਵੇਂ ਮਾਇਆ ਇਕੱਠੀ ਕਰਨ ਦਾ ਇਸਨੂੰ ਸਾਧਨ ਬਣਾਇਆ ਸਿੱਖ ਪੰਥ ਲਈ ਉਹ ਬੜਾ ਨਾਖੁਸ਼ਗਵਾਰ ਸੀ। ਸਿੰਘ ਸਾਹਿਬ ਭਾਈ ਰਣਜੀਤ ਸਿੰਘ ਜੀ ਨੇ ਇਸ ਸੰਸਥਾ ਨੂੰ ਜਮਹੂਰੀ ਨੀਤੀਆਂ 'ਤੇ ਚਲਾਉਣ ਲਈ ਸਭ ਤੋਂ ਪਹਿਲਾਂ ਕੰਮ ਇਸ ਦੇ ਸੰਵਿਧਾਨ ਨੂੰ ਸੋਧਣ ਲਈ ਕਮੇਟੀ ਬਨਾਉਣ ਦਾ ਕੀਤਾ।

***

*30 ਸਤੰਬਰ 1997*

**ਮਤਾ**

ਵਿਸ਼ਵ. ਸਿੱਖ ਕੌਂਸਲ ਦੀ ਇਕ ਵਿਸ਼ੇਸ਼ ਬੈਠਕ 20 ਅਤੇ 21 ਸਤੰਬਰ. 1997 ਨੂੰ ਹਰਿਮੰਦਰ ਸਾਹਿਬ ਕੰਪਲੈਕਸ, ਅੰਮ੍ਰਿਤਸਰ ਵਿਖੇ ਸਥਿਤ ਤੇਜਾ ਸਿੰਘ ਸਮੁੰਦਰੀ ਹਾਲ ਵਿਚ ਕੀਤੀ ਗਈ। ਇਸ ਬੈਠਕ ਵਿਚ ਕੌਂਸਲ ਦੀ ਜਨਰਲ ਬਾਡੀ ਦੇ ਮੈਂਬਰਾਂ ਤੋਂ ਇਲਾਵਾ ਕੁਝ ਉਚੇਚੇ ਤੌਰ 'ਤੇ ਸੱਦੇ ਗਏ ਸੱਜਣ ਵੀ ਹਾਜ਼ਰ ਸਨ।

ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੇ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਾਹਿਬ ਨਾਲ ਸਲਾਹ ਮਸ਼ਵਰਾ ਕਰਕੇ ਇਹ ਨਿਰਣਾ ਲਿਆ ਕਿ ਹੇਠ ਲਿਖਤ ਚਾਰ ਸੱਜਣਾਂ ਨੂੰ ਬੇਨਤੀ ਕੀਤੀ ਜਾਵੇ ਕਿ ਉਹ ਕੌਂਸਲ ਦੇ ਸੋਧੇ ਹੋਏ ਸੰਵਿਧਾਨ ਦੇ ਅੰਤਮ ਖਰੜੇ ਦੀ ਸਿਫਾਰਸ਼ ਕਰਨ, ਜੋ ਮਗਰੋਂ ਉਨ੍ਹਾਂ ਦੁਆਰਾ ਅਤੇ ਕੌਂਸਲ ਦੁਆਰਾ ਸਵਿਕਾਰ ਕਰ ਲਿਆ ਜਾਵੇਗਾ। ਇਨ੍ਹਾਂ ਚਾਰ ਸੱਜਣਾਂ ਦੇ ਨਾਂ ਇਸ ਪ੍ਰਕਾਰ ਹਨ :

1. ਜਥੇਦਾਰ ਗੁਰਚਰਨ ਸਿੰਘ ਟੌਹੜਾ
(ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ)
2. ਸ: ਰਣਜੀਤ ਸਿੰਘ ਨਰੂਲਾ
(ਸਾਬਕਾ ਚੀਫ ਜਸਟਿਸ, ਪੰਜਾਬ ਤੇ ਹਰਿਆਣਾ ਹਾਈਕੋਰਟ)
3. ਸ: ਕੁਲਦੀਪ ਸਿੰਘ
(ਸਾਬਕਾ ਜੱਜ, ਸੁਪਰੀਮ ਕੋਰਟ)
4. ਡਾ: ਐਚ.ਕੇ. ਮਨਮੋਹਨ ਸਿੰਘ
(ਸਾਬਕਾ ਉਪਕੁਲਪਤੀ, ਪੰਜਾਬੀ ਯੂਨੀਵਰਸਿਟੀ)

ਉੱਪਰਲਾ ਮਤਾ ਸਰਬਸੰਮਤੀ ਨਾਲ ਪਾਸ ਕੀਤਾ ਗਿਆ ਅਤੇ ਇਸ ਮਤੇ ਦੇ ਅਨੁਕੂਲ ਉੱਪਰਲੇ ਚਾਰ ਸੱਜਣਾਂ ਦੀ ਕਮੇਟੀ ਦੀ ਇਕ ਬੈਠਕ ਅੱਜ 30 ਸਤੰਬਰ 1997, ਦਿਨ ਮੰਗਲਵਾਰ ਨੂੰ ਸ: ਰਣਜੀਤ ਸਿੰਘ ਨਰੂਲਾ ਹੋਰਾਂ ਦੇ ਗ੍ਰਹਿ (ਸੀ-215, ਡਿਫੈਂਸ ਕਾਲੋਨੀ, ਨਵੀਂ ਦਿੱਲੀ) ਵਿਖੇ ਹੋਈ।

ਇਸ ਬੈਠਕ ਵਿਚ ਇਸ ਮਤੇ ਦੇ ਨਾਲ ਨੱਥੀ ਕੀਤੇ ਹੋਏ ਕੌਂਸਲ ਦੇ ਸੰਵਿਧਾਨ ਦੇ ਖਰੜੇ ਨੂੰ ਸਰਬਸੰਮਤੀ ਨਾਲ ਪ੍ਰਵਾਨ ਕਰ ਲਿਆ ਗਿਆ ਅਤੇ ਇਸ ਦੀ ਸਿਫਾਰਸ਼ ਕਰਨ ਦਾ ਨਿਰਣਾ ਲਿਆ ਗਿਆ।

*(ਗੁਰਚਰਨ ਸਿੰਘ ਟੌਹੜਾ)*

ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ

*(ਰਣਜੀਤ ਸਿੰਘ ਨਰੂਲਾ)*

ਸਾਬਕਾ ਚੀਫ ਜਸਟਿਸ, ਪੰਜਾਬ ਤੇ ਹਰਿਆਣਾ ਹਾਈਕੋਰਟ

*(ਕੁਲਦੀਪ ਸਿੰਘ)*

ਸਾਬਕਾ ਜੱਜ, ਸੁਪਰੀਮ ਕੋਰਟ

*(ਐਚ.ਕੇ. ਮਨਮੋਹਨ ਸਿੰਘ)*

ਸਾਬਕਾ, ਉਪਕੁਲਪਤੀ, ਪੰਜਾਬੀ ਯੂਨੀਵਰਸਿਟੀ

***

ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਸਾਹਿਬ ਵਲੋਂ ਨੀਯਤ ਕੀਤੀ ਚਾਰ ਮੈਂਬਰੀ ਕਮੇਟੀ ਵਲੋਂ ਵਿਸ਼ਵ ਸਿੱਖ ਕੌਂਸਲ ਦੇ ਵਿਧਾਨ ਦਾ ਖਰੜਾ ਜੋ 30 ਸਤੰਬਰ 1997 ਨੂੰ ਤਿਆਰ ਕੀਤਾ ਤੇ ਪ੍ਰਵਾਨ ਕੀਤਾਂ ਗਿਆ।

*ਦਸਤਖਤ/ ਗੁਰਚਰਨ ਸਿੰਘ ਟੌਹੜਾ*

*ਦਸਤਖਤ/ ਰਣਜੀਤ ਸਿੰਘ*

*ਦਸਤਖਤ/ ਕੁਲਦੀਪ ਸਿੰਘ*

*ਦਸਤਖਤ/ ਐਚ.ਕੇ. ਮਨਮੋਹਨ ਸਿੰਘ*

***

*21 ਨਵੰਬਰ 1997*

ੴ ਸਤਿਗੁਰ ਪ੍ਰਸਾਦਿ

ਉਪਰੋਕਤ ਚਾਰ ਮੈਂਬਰੀ ਕਮੇਟੀ ਵਲੋਂ ਸੋਧੇ ਗਏ ਵਿਸ਼ਵ ਸਿੱਖ ਕੌਂਸਲ ਦੇ ਸੰਵਿਧਾਨ ਨੂੰ ਮੈਂ ਪ੍ਰਵਾਨ ਕਰਦਾ ਹਾਂ।

*ਰਣਜੀਤ ਸਿੰਘ*

ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ

***

*21 ਨਵੰਬਰ 1997*

ਸੰਸਾਰ ਭਰ ਦੀਆਂ ਸਿੱਖ ਸੰਗਤਾਂ ਵਲੋਂ ਅਤੇ ਗੁਰੂ ਹਰਗੋਬਿੰਦ ਸਾਹਿਬ ਜੀ ਵਲੋਂ ਦਿੱਤੇ ਅਧਿਕਾਰਾਂ ਦੀ ਵਰਤੋਂ ਕਰਦਾ ਹੋਇਆ ਮੈਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ

ਪ੍ਰਧਾਨ ਸਾਹਿਬ ਨੂੰ ਆਪਣੇ ਤੋਂ ਇਲਾਵਾ ਚਾਰ ਹੋਰ ਕਾਰਜਕਾਰੀ ਮੈਂਬਰ ਨਾਮਜ਼ਦ ਕਰਨ ਦੇ ਅਧਿਕਾਰ ਦਿੰਦਾ ਹਾਂ।

ਗੁਰੂ ਪੰਥ ਦਾ ਦਾਸ,

*ਰਣਜੀਤ ਸਿੰਘ*

***

## ਵਿਸ਼ਵ ਸਿੱਖ ਕੌਂਸਲ ਦਾ ਸੰਵਿਧਾਨ ਜਾਰੀ

ਅੰਮ੍ਰਿਤਸਰ, 21 ਨਵੰਬਰ (ਸੁਖਦੀਪ ਸਿੰਘ ਸਿੱਧੂ)-ਸਿੱਖਾਂ ਵਿਚ ਕੌਮਾਂਤਰੀ ਭਾਈਚਾਰੇ ਦੀ ਭਾਵਨਾ ਉਤਸ਼ਾਹਤ ਕਰਨ, ਵੱਖਰੀ ਸਿੱਖ ਪਛਾਣ ਬਣਾਈ ਰੱਖਣ ਅਤੇ 'ਖਾਲਸਾ ਜੀ ਕੇ ਬੋਲ-ਬਾਲੇ' ਆਦਿ ਉਦੇਸ਼ਾਂ ਦੀ ਪੂਰਤੀ ਲਈ ਸਤੰਬਰ 1995 'ਚ ਵਿਸ਼ਵ ਸਿੱਖ ਸੰਮੇਲਨ ਦੌਰਾਨ ਕਾਇਮ ਕੀਤੀ ਗਈ 'ਵਿਸ਼ਵ ਸਿੱਖ ਕੌਂਸਲ' ਦਾ ਸੋਧਿਆ ਹੋਇਆ ਸੰਵਿਧਾਨ ਅੱਜ ਜਾਰੀ ਕਰ ਦਿੱਤਾ ਗਿਆ ਜਦਕਿ ਇਸ ਦੇ ਪ੍ਰਧਾਨ ਦੀ ਨਿਯੁਕਤੀ 21 ਦਸੰਬਰ ਨੂੰ ਕੀਤੀ ਜਾਵੇਗੀ।

ਇਸ ਬਾਰੇ ਅੱਜ ਇਕ ਪ੍ਰੈਸ ਕਾਨਫਰੰਸ ਦੌਰਾਨ ਜਾਣਕਾਰੀ ਦਿੰਦਿਆਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਭਾਈ ਰਣਜੀਤ ਸਿੰਘ ਨੇ ਦੱਸਿਆ ਕਿ 21 ਦਸੰਬਰ ਨੂੰ ਵਿਸ਼ਵ ਸਿੱਖ ਕੌਂਸਲ ਦੇ ਪ੍ਰਧਾਨ ਦੀ ਨਿਯੁਕਤੀ ਉਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਨਾਲ ਸਲਾਹ-ਮਸ਼ਵਰਾ ਕਰਨ ਤੋਂ ਬਾਅਦ ਕਰਨਗੇ।

ਕੌਂਸਲ ਦੇ ਸੰਵਿਧਾਨ ਦੀ ਸੁਧਾਈ ਬਾਰੇ ਭਾਈ ਰਣਜੀਤ ਸਿੰਘ ਨੇ ਦੱਸਿਆ ਕਿ ਬੀਤੇ 21 ਸਤੰਬਰ ਨੂੰ ਕੌਂਸਲ ਦੀ ਹੋਈ ਮੀਟਿੰਗ ਵਿਚ ਸੰਵਿਧਾਨ ਵਿਚ ਲੋੜੀਂਦੀਆਂ ਸੋਧਾਂ ਕਰਨ ਅਤੇ ਇਸ ਨੂੰ ਹੋਰ ਵਿਹਾਰੀ ਬਨਾਉਣ ਦੀ ਜ਼ਿੰਮੇਵਾਰੀ ਜਸਟਿਸ (ਰਿਟ:) ਕੁਲਦੀਪ ਸਿੰਘ, ਜਸਟਿਸ (ਰਿਟਾ:), ਆਰ.ਐਸ. ਨਰੂਲਾ ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸਾਬਕਾ ਉਪ ਕੁਲਪਤੀ ਸ: ਐਚ.ਕੇ. ਮਨਮੋਹਨ ਸਿੰਘ 'ਤੇ ਆਧਾਰਿਤ ਸੋਧ ਕਮੇਟੀ ਨੂੰ ਸੌਂਪੀ ਗਈ ਸੀ। ਇਸ ਕਮੇਟੀ ਨੇ ਆਪਣੀ 30 ਸਤੰਬਰ ਦੀ ਇਕੱਤਰਤਾ, ਜਿਸ ਵਿਚ ਜਥੇਦਾਰ ਗੁਰਚਰਨ ਸਿੰਘ ਟੌਹੜਾ ਵੀ ਸ਼ਾਮਲ ਹੋਏ ਸਨ, ਵਿਚ ਸੰਵਿਧਾਨ ਸੋਧ ਕੇ ਇਸ ਨੂੰ ਅੰਤਿਮ ਛੋਹਾਂ ਦੇ ਦਿੱਤੀਆਂ ਸਨ।

ਸੋਧੇ ਹੋਏ ਸੰਵਿਧਾਨ ਮੁਤਾਬਿਕ ਵਿਸ਼ਵ ਸਿੱਖ ਕੌਂਸਲ ਦੀਆਂ 10 ਖੇਤਰੀ ਕੌਂਸਲਾਂ ਹੋਣਗੀਆਂ। ਪੰਜਾਬ ਦੇ ਮਾਝਾ ਤੇ ਦੋਆਬਾ ਖੇਤਰ ਅਤੇ ਪੂਰੇ ਜੰਮੂ-ਕਸ਼ਮੀਰ ਰਾਜ ਦਾ ਖੇਤਰੀ ਦਫਤਰ ਅੰਮ੍ਰਿਤਸਰ ਵਿਖੇ, ਮਾਲਵਾ ਚੰਡੀਗੜ੍ਹ ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਦਾ ਚੰਡੀਗੜ੍ਹ ਵਿਖੇ, ਦਿੱਲੀ, ਉੱਤਰ ਪ੍ਰਦੇਸ਼ ਰਾਜਸਥਾਨ ਅਤੇ ਮੱਧ ਪ੍ਰਦੇਸ਼ ਦਾ ਦਿੱਲੀ ਵਿਖੇ, ਬਿਹਾਰ ਬੰਗਾਲ ਉੜੀਸਾ ਅਤੇ ਪੂਰਬੀ ਰਾਜਾਂ ਦਾ ਕਲਕੱਤਾ ਵਿਖੇ, ਮਹਾਰਾਸ਼ਟਰ, ਗੋਆ-ਦਮਨ ਤੇ ਦਿਉ, ਗੁਜਰਾਤ, ਤਾਮਿਲਨਾਡੂ, ਪਾਂਡੀਚਰੀ, ਕਰਨਾਟਕ, ਆਂਧਰਾ ਪ੍ਰਦੇਸ਼ ਅਤੇ ਕੇਰਲਾ ਦਾ ਮੁੰਬਈ ਵਿਖੇ ਹੋਵੇਗਾ। ਇਸੇ ਤਰ੍ਹਾਂ ਅਮਰੀਕਾ ਅਤੇ ਅਮਰੀਕੀ ਮਹਾਂਦੀਪ ਦੇ ਹੋਰ ਮੁਲਕਾਂ ਲਈ ਅਮਰੀਕਾ ਵਿਖੇ, ਕਨੇਡਾ ਲਈ ਕਨੇਡਾ ਵਿਖੇ, ਇੰਗਲੈਂਡ, ਯੂਰਪੀ ਮੁਲਕਾਂ ਅਤੇ ਰੂਸੀ ਉਪ-ਮਹਾਂਦੀਪ ਦੇ ਮੁਲਕਾਂ ਲਈ ਯੂਰਪ ਵਿਖੇ, ਅਫਰੀਕਾ ਪੱਛਮੀ ਏਸ਼ੀਆ ਅਤੇ ਮੱਧ-ਪੂਰਬੀ ਏਸ਼ਿਆਈ ਮੁਲਕਾਂ ਲਈ ਮੱਧ-ਪੱਛਮ ਵਿਖੇ ਅਤੇ ਦੱਖਣ-ਪੂਰਬੀ ਏਸ਼ੀਆ ਅਤੇ

ਹੋਰ ਬਾਕੀ ਮੁਲਕਾਂ ਲਈ ਦੱਖਣ-ਪੂਰਬੀ ਏਸ਼ੀਆ ਵਿਖੇ ਕੌਮਾਂਤਰੀ ਇਕਾਈਆਂ ਸਥਾਪਤ ਕੀਤੀਆਂ ਜਾਣਗੀਆਂ।

ਨਵੇਂ ਸੰਵਿਧਾਨ ਮੁਤਾਬਿਕ ਕੌਂਸਲ ਦਾ ਨਾਮ ਅਤੇ ਰਜਿਸਟਰਡ ਦਫਤਰਾਂ ਦੀ ਸਥਿਤੀ ਪਹਿਲਾਂ ਵਾਲੀ ਰਹੇਗੀ। ਰਜਿਸਟਰਡ ਦਫਤਰ ਅੰਮ੍ਰਿਤਸਰ ਵਿਖੇ, ਕੇਂਦਰੀ ਕਾਰਜਕਾਰੀ ਦਫਤਰ ਚੰਡੀਗੜ੍ਹ ਵਿਖੇ ਅਤੇ ਇਕ-ਇਕ ਖੇਤਰੀ ਦਫਤਰ ਹਰੇਕ ਖੇਤਰ ਵਿਚ ਹੋਵੇਗਾ।

ਭਾਈ ਰਣਜੀਤ ਸਿੰਘ ਨੇ ਦੱਸਿਆ ਕਿ ਕੌਂਸਲ ਦੇ ਸਭ ਕਾਰ-ਵਿਹਾਰ ਦਾ ਪ੍ਰਬੰਧ ਕਾਰਜਕਾਰਨੀ ਕਮੇਟੀ ਅਧੀਨ ਹੋਵੇਗਾ। ਕੌਂਸਲ ਦਾ ਪ੍ਰਧਾਨ, ਮੀਤ ਪ੍ਰਧਾਨ, ਸਕੱਤਰ, ਜਨਰਲ ਸਕੱਤਰ ਅਤੇ ਵਿੱਤ ਸਕੱਤਰ ਦੇ ਰੂਪ 'ਚ ਅਹੁਦੇਦਾਰਾਂ ਤੋਂ ਇਲਾਵਾ ਦਸ ਖੇਤਰੀ ਕੌਂਸਲਾਂ ਦੇ ਮੁਖੀ ਇਸ ਕਾਰਜਕਾਰਨੀ ਕਮੇਟੀ ਦੇ ਮੈਂਬਰ ਹੋਣਗੇ। ਇਸ ਤੋਂ ਇਲਾਵਾ ਪੰਜ-ਪੰਜ ਮੈਂਬਰ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੁਆਰਾ ਮਨੋਨੀਤ ਕੀਤੇ ਜਾਣਗੇ। ਇਸ ਦੇ ਨਾਲ-ਨਾਲ ਚਾਰ ਤਖ਼ਤਾਂ ਦੇ ਜਥੇਦਾਰ ਵੀ ਇਸ ਕਮੇਟੀ ਦੇ ਮੈਂਬਰ ਹੋਣਗੇ ਪਰ ਉਨ੍ਹਾਂ ਨੂੰ ਵੋਟ ਦੇਣ ਦਾ ਅਧਿਕਾਰ ਨਹੀਂ ਹੋਵੇਗਾ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵਿਸ਼ਵ ਸਿੱਖ ਕੌਂਸਲ ਦੇ ਸਰਪ੍ਰਸਤ ਹੋਣਗੇ।

ਭਾਈ ਰਣਜੀਤ ਸਿੰਘ ਨੇ ਕਿਹਾ ਕਿ ਐਤਕੀਂ ਵਿਸ਼ਵ ਸਿੱਖ ਕੌਂਸਲ ਦੇ ਪ੍ਰਧਾਨ ਦੀ ਨਿਯੁਕਤੀ ਉਹ ਜਥੇਦਾਰ ਗੁਰਚਰਨ ਸਿੰਘ ਟੌਹੜਾ ਨਾਲ ਸਲਾਹ ਕਰਕੇ ਕਰਨਗੇ ਪਰ ਭਵਿੱਖ ਵਿਚ ਪ੍ਰਧਾਨ ਦੀ ਚੋਣ ਕਾਰਜਕਾਰਣੀ ਕਮੇਟੀ ਕਰੇਗੀ। ਸ੍ਰੀ ਅਕਾਲ ਤਖ਼ਤ ਸਾਹਿਬ ਦਾ ਜਥੇਦਾਰ ਕੌਂਸਲ ਦੇ ਕਿਸੇ ਵੀ ਵਾਦ-ਵਿਵਾਦ ਨੂੰ ਹੱਲ ਕਰਨ ਲਈ ਅੰਤਿਮ ਅਧਿਕਾਰੀ ਹੋਵੇਗਾ ਅਤੇ ਇਸ ਤੋਂ ਇਲਾਵਾ ਜਥੇਦਾਰ ਦੀ ਸ਼ਮੂਲੀਅਤ ਵਾਲੀ ਕਿਸੇ ਵੀ ਮੀਟਿੰਗ ਦੀ ਪ੍ਰਧਾਨਗੀ ਜਥੇਦਾਰ ਕਰੇਗਾ।

ਕੌਂਸਲ ਦੀ ਮੈਂਬਰਸ਼ਿਪ ਸਬੰਧੀ ਜਾਣਕਾਰੀ ਦਿੰਦਿਆਂ ਭਾਈ ਰਣਜੀਤ ਸਿੰਘ ਨੇ ਦੱਸਿਆ ਕਿ ਮੈਂਬਰਸ਼ਿਪ ਖੇਤਰੀ ਕੌਂਸਲਾਂ ਵੱਲੋਂ ਕੀਤੀ ਜਾਵੇਗੀ ਅਤੇ ਇਕ ਸਬ-ਕਮੇਟੀ ਮੈਂਬਰਸ਼ਿਪ ਦੀ ਜਾਂਚ ਪੜਤਾਲ ਉਪਰੰਤ ਅੰਤਿਮ ਨਿਰਣਾ ਲਵੇਗੀ। ਕੌਂਸਲ ਦਾ ਮੈਂਬਰ ਬਣਨ ਲਈ ਕਿਸੇ ਗੁਰਦੁਆਰਾ ਕਮੇਟੀ ਜਾਂ ਸੰਸਥਾ ਦਾ ਮੈਂਬਰ ਹੋਣਾ ਜ਼ਰੂਰੀ ਹੈ। ਇਸ ਤੋਂ ਇਲਾਵਾ ਸਬ-ਕਮੇਟੀ ਦੀ ਸਿਫਾਰਸ਼ 'ਤੇ ਅਜਿਹੇ ਸਹਿਜਧਾਰੀ ਜਾਂ ਹਿੰਦੂ ਵੀਰ ਨੂੰ ਵੀ ਮੈਂਬਰ ਬਣਾਇਆ ਜਾ ਸਕਦਾ ਹੈ, ਜੋ ਸਿੱਖ ਧਰਮ ਦੇ ਪ੍ਰਚਾਰ ਲਈ ਸਮਰਪਿਤ ਹੈ। ਕੌਂਸਲ ਦੇ ਅਹੁਦੇਦਾਰਾਂ ਦੇ ਅਹੁਦਿਆਂ ਦੀ ਮਿਆਦ 4 ਸਾਲ ਅਤੇ ਮੈਂਬਰਾਂ ਦੀ 3 ਸਾਲ ਹੋਵੇਗੀ।

*(ਰੋਜ਼ਾਨਾ 'ਅਜੀਤ', 22 ਨਵੰਬਰ 1997)*

***

*21 ਦਸੰਬਰ 1997*

## ਵਿਸ਼ਵ ਸਿੱਖ ਕੌਂਸਲ ਦੇ ਪ੍ਰਧਾਨਗੀ ਪਦ ਲਈ ਨਿਯੁਕਤੀ ਪੱਤਰ

ਸੰਸਾਰ ਭਰ ਦੀਆਂ ਸਿੱਖ ਸੰਗਤਾਂ ਦੀ ਤਰਫੋਂ ਅਤੇ ਕੌਂਸਲ ਦੇ ਸੰਵਿਧਾਨ ਵਿੱਚ ਦਿੱਤੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਮੈਂ ਸ. ਕੁਲਦੀਪ ਸਿੰਘ ਸਾਬਕਾ ਜੱਜ ਸੁਪਰੀਮ ਕੋਰਟ ਨੂੰ ਵਿਸ਼ਵ ਸਿੱਖ ਕੌਂਸਲ ਦਾ ਪ੍ਰਧਾਨ ਨਿਯੁਕਤ ਕਰਦਾ ਹਾਂ।

ਸ. ਕੁਲਦੀਪ ਸਿੰਘ ਸੰਵਿਧਾਨ ਵਿਚ ਦੱਸੇ ਹੋਏ ਫਰਜ ਅਤੇ ਜ਼ੁੰਮੇਵਾਰੀਆਂ ਦੀ

ਪੂਰਤੀ ਲਈ ਪੰਥਕ ਹਿਤਾਂ ਨੂੰ ਮੁੱਖ ਰਖਦੇ ਹੋਏ ਕਾਰਜ ਕਰਨ ਲਈ ਜ਼ੁੰਮੇਵਾਰੀਆਂ ਇਨ੍ਹਾਂ ਦੇ ਸਪੁਰਦ ਕਰਦਾ ਹਾਂ। ਇਨ੍ਹਾਂ ਦਾ ਸੇਵਾਕਾਲ ਅੱਜ ਤੋਂ 4 ਸਾਲ ਤੱਕ ਹੋਵੇਗਾ।

ਧੰਨਵਾਦ ਸਹਿਤ,

ਗੁਰੂ ਪੰਥ ਦਾ ਦਾਸ,

***ਰਣਜੀਤ ਸਿੰਘ***

ਜਥੇਦਾਰ, ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ।

ਸਰਪ੍ਰਸਤ, ਵਿਸ਼ਵ ਸਿੱਖ ਕੌਂਸਲ।

***

*24 ਜਨਵਰੀ 1998*

**ਵਿਸ਼ਵ ਸਿੱਖ ਕੌਂਸਲ ਦੇ ਅਹੁਦੇਦਾਰਾਂ ਦੀ ਚੋਣ ਸਬੰਧੀ**

ਵਿਸ਼ਵ ਸਿੱਖ ਕੌਂਸਲ ਦੇ ਸਰਪ੍ਰਸਤ ਸਿੰਘ ਸਾਹਿਬ ਭਾਈ ਰਣਜੀਤ ਸਿੰਘ ਜੀ, ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਵਿਸ਼ਵ ਸਿੱਖ ਕੌਂਸਲ ਦੇ ਅਹੁਦੇਦਾਰਾਂ ਅਤੇ ਕਾਰਜਕਾਰੀ ਮੈਂਬਰਾਂ ਦੀ ਨਿਯੁਕਤੀ ਦਾ ਐਲਾਨ ਕੀਤਾ। ਹੇਠ ਲਿਖੇ ਅਹੁਦੇਦਾਰ ਅਤੇ ਕਾਰਜਕਾਰੀ ਮੈਂਬਰਾਂ ਨੂੰ ਸਿਰੋਪਾਓ ਦੀ ਸਿੰਘ ਸਾਹਿਬ ਵੱਲੋਂ ਬਖਸ਼ਿਸ਼ ਕੀਤੀ ਗਈ:

ਮੀਤ ਪ੍ਰਧਾਨ ਵਿਸ਼ਵ ਸਿੱਖ ਕੌਂਸਲ ਸ: ਬਲਦੇਵ ਸਿੰਘ ਸਿਬੀਆ, ਡਾਇਰੈਕਟਰ ਜਨਰਲ ਪ੍ਰਿੰਸੀਪਲ ਰਾਮ ਸਿੰਘ ਜੀ ਕੁਲਾਰ, ਕਾਰਜਕਾਰੀ ਮੈਂਬਰ, ਜਥੇਦਾਰ ਗੁਰਚਰਨ ਸਿੰਘ ਜੀ 'ਟੌਹੜਾ', ਜਥੇਦਾਰ ਸੁਖਦੇਵ ਸਿੰਘ ਜੀ ਭੌਰ, ਜਥੇਦਾਰ ਹੀਰਾ ਸਿੰਘ ਜੀ ਗਾਬੜੀਆ, ਗਿਆਨੀ ਅਮੋਲਕ ਸਿੰਘ ਜੀ ਇੰਗਲੈਂਡ, ਸ: ਮੰਗਲ ਸਿੰਘ ਜੀ ਅੰਮ੍ਰਿਤਸਰ।

ਵਿਸ਼ਵ ਸਿੱਖ ਕੌਂਸਲ ਦੀ ਰਿਜ਼ਨਲ ਕੌਂਸਲ ਲਈ :

ਸਕੱਤਰ ਜਨਰਲ ਚੰਡੀਗੜ੍ਹ ਲਈ ਸ: ਗੁਰਮੀਤ ਸਿੰਘ, ਵਿਸ਼ਵ ਸਿੱਖ ਕੌਂਸਲ ਦੀ ਰਿਜ਼ਨਲ ਕੌਂਸਲ ਚੰਡੀਗੜ੍ਹ ਲਈ ਵਾਈਸ ਪ੍ਰਧਾਨ ਲਈ ਸ: ਮੋਹਣ ਸਿੰਘ, ਵਿੱਤ ਮੈਂਬਰ (ਖਜ਼ਾਨਚੀ) ਸ: ਪ੍ਰਿਤਪਾਲ ਸਿੰਘ।

ਦਿੱਲੀ ਦੇ ਅਹੁਦੇਦਾਰ : ਚੇਅਰਮੈਨ ਲਈ ਸ: ਹਰਭਜਨ ਸਿੰਘ (ਰਿਜ਼ਨਲ ਕੌਂਸਲ ਦਿੱਲੀ), ਖਜ਼ਾਨਚੀ ਲਈ ਸ: ਬਲਦੀਪ ਸਿੰਘ (ਰਿਜਨਲ ਕੌਂਸਲ ਦਿੱਲੀ), ਸਕੱਤਰ ਜਨਰਲ ਸ: ਦੁਰਲੱਭ ਸਿੰਘ (ਰਿਜ਼ਨਲ ਕੌਂਸਲ ਦਿੱਲੀ)।

ਅੰਮ੍ਰਿਤਸਰ ਰਿਜ਼ਨਲ ਕੌਂਸਲ ਦੇ ਅਹੁਦੇਦਾਰ : ਰਿਜ਼ਨਲ ਕੌਂਸਲ ਅੰਮ੍ਰਿਤਸਰ ਦੇ ਚੇਅਰਮੈਨ ਸ: ਕੁਲਬੀਰ ਸਿੰਘ, ਰਿਜ਼ਨਲ ਕੌਂਸਲ ਅੰਮ੍ਰਿਤਸਰ ਦੇ ਵਿੱਤ ਮੈਂਬਰ (ਖਜ਼ਾਨਚੀ) ਸ: ਮਾਣਕ ਸਿੰਘ।

ਮਹਾਰਾਸ਼ਟਰ : ਹੈਦਰਾਬਾਦ ਰਿਜ਼ਨਲ ਕੌਂਸਲ ਦੇ ਸ: ਹਜ਼ੂਰ ਸਿੰਘ ਸਕੱਤਰ ਜਨਰਲ ਥਾਪੇ ਗਏ।

ਗੁਰੂ ਪੰਥ ਦਾ ਦਾਸ

(ਰਣਜੀਤ ਸਿੰਘ)

ਜਥੇਦਾਰ, ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ।

***

16 ਜੁਲਾਈ 1998

ਸਤਿਕਾਰਯੋਗ ਪ੍ਰੋਫੈਸਰ ਮਨਜੀਤ ਸਿੰਘ ਜੀ,
ਸਾਬਕਾ ਚੇਅਰਮੈਨ, ਵਿਸ਼ਵ ਸਿੱਖ ਕੌਂਸਲ,

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਿਹ॥

ਵਿਸ਼ਵ ਸਿੱਖ ਕੌਂਸਲ ਦੇ ਪ੍ਰਧਾਨ ਜਸਟਿਸ ਕੁਲਦੀਪ ਸਿੰਘ ਜੀ ਨੇ ਦਾਸ ਨੂੰ ਜਾਣਕਾਰੀ ਦੇਂਦਿਆਂ ਪੱਤਰ ਲਿਖਿਆ ਹੈ ਕਿ ਮੇਰੀਆਂ ਬਾਰ ਬਾਰ ਕੋਸ਼ਿਸ਼ਾਂ ਅਤੇ ਬੇਨਤੀਆਂ ਦੇ ਬਾਵਜੂਦ ਵੀ ਵਿਸ਼ਵ ਸਿੱਖ ਕੌਂਸਲ ਲਈ ਦੇਸ਼ ਵਿਦੇਸ਼ ਤੋਂ ਪ੍ਰਾਪਤ ਕੀਤਾ ਪੈਸਾ ਅਤੇ ਉਸਦਾ ਅਕਾਊਂਟ (ਖਾਤਾ) ਪ੍ਰੋਫੈਸਰ ਸਾਹਿਬ ਮੈਨੂੰ ਨਹੀਂ ਸੌਂਪ ਰਹੇ।

ਮੇਰੀ ਨਿਮਰਤਾ ਸਹਿਤ ਬੇਨਤੀ ਹੈ ਕਿ ਆਪ ਅਤੇ ਸਾਬਕਾ ਜਨਰਲ ਸਕੱਤਰ (ਸ. ਜਸਵੰਤ ਸਿੰਘ ਮਾਨ) ਮਿਤੀ 5.8.98 ਤੋਂ ਪਹਿਲਾਂ ਪਹਿਲਾਂ ਇਹ ਪੰਥ ਦੀ ਅਮਾਨਤ ਵਿਸ਼ਵ ਸਿੱਖ ਕੌਂਸਲ ਦੇ ਪ੍ਰਧਾਨ ਨੂੰ ਸੌਂਪ ਦੇਵੋ। ਅਗਰ ਆਪ ਅਜਿਹਾ ਨਹੀਂ ਕਰਦੇ ਤਾਂ ਪੰਥ ਦੀ ਇਹ ਅਮਾਨਤ ਪੰਥਕ ਮਰਯਾਦਾ ਅਨੁਸਾਰ ਵਸੂਲਣੀ ਮੇਰੀ ਮਜ਼ਬੂਰੀ ਹੋਵੇਗੀ।

ਧੰਨਵਾਦ ਸਹਿਤ,

ਗੁਰੂ ਪੰਥ ਦਾ ਦਾਸ
*ਰਣਜੀਤ ਸਿੰਘ*
ਜਥੇਦਾਰ, ਸ੍ਰੀ ਅਕਾਲ ਤਖ਼ਤ, ਸ੍ਰੀ ਅੰਮ੍ਰਿਤਸਰ

ਪ੍ਰੋ. ਮਨਜੀਤ ਸਿੰਘ ਜੀ,
ਜਥੇਦਾਰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ,
ਸ੍ਰੀ ਅਨੰਦਪੁਰ ਸਾਹਿਬ।

ਉਤਾਰਾ : ਸ. ਜਸਵੰਤ ਸਿੰਘ ਜੀ ਮਾਨ ਸਾਬਕਾ ਸਕੱਤਰ ਵਿਸ਼ਵ ਸਿੱਖ ਕੌਂਸਲ 243, ਸੈਕਟਰ 9ਸੀ, ਚੰਡੀਗੜ੍ਹ

ਫੈਕਸ : ਪ੍ਰੋ. ਮਨਜੀਤ ਸਿੰਘ ਪਟਿਆਲਾ - 0175 282670

***

ਸਤਿਕਾਰਯੋਗ ਸਿੰਘ ਸਾਹਿਬ ਭਾਈ ਰਣਜੀਤ ਸਿੰਘ ਜੀ,
ਜਥੇਦਾਰ,ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ।
ਵਾਹਿਗੁਰੂ ਜੀ ਕਾ ਖ਼ਾਲਸਾ। ਵਾਹਿਗੁਰੂ ਜੀ ਕੀ ਫ਼ਤਹਿ॥

ਆਪ ਦਾ ਮਿਤੀ 16 ਜੁਲਾਈ, 1998 ਦਾ ਲਿਖਿਆ ਪੱਤਰ ਫੈਕਸ ਰਾਹੀਂ ਪ੍ਰਾਪਤ ਹੋਇਆ। ਇਸ ਵਿਚ ਆਪ ਨੇ ਜਸਟਿਸ ਕੁਲਦੀਪ ਸਿੰਘ ਹੋਰਾਂ ਦੇ ਹਵਾਲੇ ਨਾਲ ਲਿਖਿਆ ਹੈ ਕਿ ਉਨ੍ਹਾਂ ਦੀਆਂ ਬਾਰ-ਬਾਰ ਕੋਸ਼ਿਸ਼ਾਂ ਦੇ ਬਾਵਜੂਦ ਮੈਂ ਉਨ੍ਹਾਂ ਨੂੰ ਦੇਸ਼ ਵਿਦੇਸ਼ ਤੋਂ ਵਿਸ਼ਵ ਸਿੱਖ ਕੌਂਸਲ ਦੇ ਨਾਮ 'ਤੇ ਇਕੱਤਰ ਕੀਤਾ ਧਨ ਵਾਪਸ ਨਹੀਂ ਕਰ ਰਿਹਾ। ਇਸ ਲਈ ਪੰਥਕ ਮਰਯਾਦਾ ਅਨੁਸਾਰ ਮੇਰੇ ਪਾਸੋਂ ਇਹ ਧਨ ਲੈਣਾ ਤੁਹਾਡੀ ਮਜਬੂਰੀ ਹੋਵੇਗੀ।

ਇਸ ਸਬੰਧੀ ਕੁਝ ਗੱਲਾਂ ਮੈਂ ਆਪ ਨੂੰ ਸਪੱਸ਼ਟ ਕਰ ਦੇਣੀਆਂ ਚਾਹੁੰਦਾ ਹਾਂ।

ਮਿਤੀ 4 ਦਸੰਬਰ 1997 ਨੂੰ ਸਿੰਘ ਸਾਹਿਬ ਗਿਆਨੀ ਕੇਵਲ ਸਿੰਘ ਜੀ ਰਾਹੀਂ ਤੁਹਾਡਾ ਸੰਦੇਸ਼ ਮਿਲਣ 'ਤੇ ਵਿਸ਼ਵ ਸਿੱਖ ਕੌਂਸਲ ਦੇ ਸਾਰੇ ਕਾਇਦੇ ਕਾਨੂੰਨ ਨਜ਼ਰਅੰਦਾਜ਼ ਕਰਦਿਆਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਮਾਣ ਵਜੋਂ ਮੈਂ ਉਸੇ ਸਮੇਂ ਉਨ੍ਹਾਂ ਦੇ ਹੱਥੀਂ ਹੀ ਬਤੌਰ ਚੇਅਰਮੈਨ ਆਪਣੇ ਅਧਿਕਾਰ ਤੇ ਜ਼ਿੰਮੇਵਾਰੀਆਂ ਆਪ ਨੂੰ ਲਿਖਤੀ ਤੌਰ 'ਤੇ ਸੌਂਪ ਦਿੱਤੀਆਂ ਸਨ। ਉਸ ਉਪਰੰਤ ਆਪ ਨੇ ਜਸਟਿਸ ਕੁਲਦੀਪ ਸਿੰਘ ਹੋਰਾਂ ਨੂੰ ਵਿਸ਼ਵ ਸਿੱਖ ਕੌਂਸਲ ਦਾ ਚੇਅਰਮੈਨ ਨਿਯੁਕਤ ਕੀਤਾ ਤਾਂ ਜਸਟਿਸ ਹੋਰਾਂ ਨੇ ਮੈਨੂੰ ਆਪ ਮਿਲ ਕੇ ਸ: ਜਸਵੰਤ ਸਿੰਘ, ਜਨਰਲ ਸਕੱਤਰ ਵਿਸ਼ਵ ਸਿੱਖ ਕੌਂਸਲ ਕੋਲੋਂ ਹਿਸਾਬ ਕਿਤਾਬ ਦੁਆਉਣ ਲਈ ਆਖਿਆ ਸੀ। ਉਨ੍ਹਾਂ ਦੀ ਹੀ ਭਾਵਨਾ ਅਨੁਸਾਰ ਮੈਂ ਸ: ਜਸਵੰਤ ਸਿੰਘ ਹੋਰਾਂ ਨੂੰ ਕੌਂਸਲ ਦਾ ਸਾਰਾ ਹਿਸਾਬ ਕਿਤਾਬ ਜਸਟਿਸ ਹੋਰਾਂ ਦੇ ਹਵਾਲੇ ਕਰ ਦੇਣ ਲਈ ਪੱਤਰ ਲਿਖਿਆ ਸੀ, ਜਿਸ ਬਾਰੇ ਜਸਟਿਸ ਹੋਰਾਂ ਨੇ ਪੂਰੀ ਸੰਤੁਸ਼ਟੀ ਪ੍ਰਗਟ ਕੀਤੀ ਸੀ।

ਤੁਹਾਡਾ ਪੱਤਰ ਮਿਲਣ ਉਪਰੰਤ ਮੈਂ ਜਸਟਿਸ ਹੋਰਾਂ ਨੂੰ ਆਪ ਮਿਲ ਕੇ ਇਹ ਪੁੱਛਿਆ ਹੈ ਕਿ ਕੀ ਤੁਸੀਂ ਕੋਈ ਪੱਤਰ ਮੇਰੇ ਕੌਂਸਲ ਦਾ ਹਿਸਾਬ ਨਾ ਦੇਣ ਬਾਰੇ ਜਥੇਦਾਰ ਸਾਹਿਬ ਨੂੰ ਲਿਖਿਆ ਤਾਂ ਉਨ੍ਹਾਂ ਨੇ ਇਸ ਨੂੰ ਬਿਲਕੁਲ ਗ਼ਲਤ ਕਹਿੰਦਿਆਂ ਦੱਸਿਆ ਕਿ ਮੈਂ ਕੋਈ ਪੱਤਰ ਇਸ ਭਾਵਨਾ ਦਾ ਨਹੀਂ ਲਿਖਿਆ ਤੇ ਨਾ ਹੀ ਤੁਹਾਡੇ ਕੋਲੋਂ ਹੁਣ ਕਿਸੇ ਹਿਸਾਬ ਕਿਤਾਬ ਦੇ ਮੰਗਣ ਦੀ ਲੋੜ ਹੈ, ਕਿਉਂਕਿ ਹਿਸਾਬ-ਕਿਤਾਬ ਤਾਂ ਸ: ਜਸਵੰਤ ਸਿੰਘ ਕੋਲ ਹੈ ਤੇ ਉਨ੍ਹਾਂ ਕੋਲੋਂ ਹੀ ਲੈਣਾ ਹੈ।

ਜਥੇਦਾਰ ਸਾਹਿਬ! ਇਨ੍ਹਾਂ ਤੱਥਾਂ ਦੀ ਰੋਸ਼ਨੀ ਵਿਚ ਆਪ ਵੱਲੋਂ ਮੈਨੂੰ ਲਿਖੇ ਇਸ ਪੱਤਰ ਨੇ ਇਕ ਦੁਖਦਾਈ ਅਵਸਥਾ ਪੈਦਾ ਕਰ ਦਿੱਤੀ ਹੈ। ਗੁਰੂ ਪੰਥ ਦੇ ਇਕ ਤਖ਼ਤ ਸਾਹਿਬ ਦੇ ਜਥੇਦਾਰ ਵਲੋਂ ਦੂਸਰੇ ਤਖ਼ਤ ਸਾਹਿਬ ਦੇ ਜਥੇਦਾਰ ਸਬੰਧੀ ਇਸ ਤਰ੍ਹਾਂ ਦਾ ਨਿਰਾਧਾਰ ਅਨੈਤਿਕ ਵਿਹਾਰ ਕਿਸੇ ਤਰ੍ਹਾਂ ਵੀ ਸ਼ੋਭਨੀਕ ਨਹੀਂ। ਗੁਰੂ ਪੰਥ ਦੇ ਮੁੱਖ ਸੇਵਾਦਾਰ ਕਹਾਉਣ ਵਾਲੇ ਦਾ ਐਸਾ ਵਤੀਰਾ ਸਮੂਹ ਗੁਰੂ ਕਿਆਂ ਲਈ ਵੀ ਬੇਚੈਨੀ ਦਾ ਕਾਰਨ ਬਣਦਾ ਹੈ। ਇਸ ਲਈ ਆਪ ਵੱਲੋਂ ਇਸ ਪੱਖੋਂ ਸੰਕੋਚ ਕਰਨਾ ਹੀ ਲਾਹੇਵੰਦ ਹੋਵੇਗਾ। ਹਾਂ! ਸੱਚਾਈ ਦੇ ਅਧਾਰ 'ਤੇ ਕਿਸੇ ਵੀ ਗੁਰਮਤਿ ਅਨੁਸਾਰੀ ਕਾਰਵਾਈ ਦੀ ਮੈਨੂੰ ਖ਼ੁਸ਼ੀ ਹੋਵੇਗੀ। ਗੁਰੂ ਰਾਖਾ।

ਸਤਿਕਾਰ ਸਹਿਤ,

ਗੁਲਾਮ ਗੁਰੂ ਕਾ,

*ਮਨਜੀਤ ਸਿੰਘ*

***

***29 ਜੁਲਾਈ 1998***

ਗੁਰ ਸਵਾਰੇ ਪ੍ਰੋ: ਮਨਜੀਤ ਸਿੰਘ ਜੀ,

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

24 ਜੁਲਾਈ 1998 ਨੂੰ ਲਿਖੀ ਤੁਹਾਡੀ ਚਿੱਠੀ ਮਿਲੀ, ਜਿਸ ਵਿਚ ਤੁਸਾਂ ਆਪਣੇ ਆਪ ਨੂੰ ਗੁਰੂ ਕਿਆਂ ਦਾ ਬਣਾ ਕੇ ਪੇਸ਼ ਕੀਤਾ ਹੈ ਤੇ ਮੈਨੂੰ ਬਾਬਰ ਕਿਆਂ ਦਾ। ਖੈਰ ਇਨ੍ਹਾਂ ਗੱਲਾਂ ਦਾ ਮੇਰੇ 'ਤੇ ਕੋਈ ਅਸਰ ਨਹੀਂ ਕਿਉਂਕਿ ਸ਼ੁਭ ਅਮਲ ਦੱਸ ਦੇਂਦੇ ਹਨ ਕਿ ਕਿਹੜਾ ਗੁਰੂ

ਕਿਆਂ ਦਾ ਹੈ ਅਤੇ ਕਿਹੜਾ ਬਾਬਰ ਕਿਆਂ ਦਾ।

ਜਸਟਿਸ ਕੁਲਦੀਪ ਸਿੰਘ ਹੋਰਾਂ ਨੇ ਤੁਹਾਨੂੰ ਮਿਲ ਕੇ ਕੀ ਕਿਹਾ ਹੈ? ਇਸ ਦੀ ਮੈਨੂੰ ਕੋਈ ਜਾਣਕਾਰੀ ਨਹੀਂ ਪਰ ਜੋ ਜਸਟਿਸ ਸਾਹਿਬ ਨੇ ਮੈਨੂੰ ਫਾਈਲ ਭੇਜੀ ਹੈ ਮੈਂ ਉਸ ਅਨੁਸਾਰ ਆਪ ਨੂੰ ਪੱਤਰ ਲਿਖਿਆ ਸੀ। ਉਸ ਫਾਈਲ ਵਿਚ ਜਸਟਿਸ ਕੁਲਦੀਪ ਸਿੰਘ ਦਾ ਤੁਹਾਨੂੰ ਲਿਖਿਆ ਹੋਇਆ ਉਹ ਪੱਤਰ ਵੀ ਮੌਜੂਦਾ ਹੈ ਜੋ 23 ਅਪ੍ਰੈਲ 1998 ਨੂੰ ਹਿਸਾਬ ਪ੍ਰਾਪਤ ਕਰਨ ਲਈ ਲਿਖਿਆ ਗਿਆ।

ਪ੍ਰੋ: ਸਾਹਿਬ ਤੁਸੀਂ ਸਿਰਫ ਵਿਸ਼ਵ ਸਿੱਖ ਕੌਂਸਲ ਦੀ ਚੇਅਰਮੈਨੀ ਤੋਂ ਅਸਤੀਫਾ ਦੇਣ ਦੇ ਨਾਲ ਸੁਰਖਰੂ ਨਹੀਂ ਹੋ ਜਾਂਦੇ ਬਲਕਿ ਵਿਸ਼ਵ ਸਿੱਖ ਕੌਂਸਲ ਦਾ ਸਾਰਾ ਹਿਸਾਬ ਨਵੇਂ ਬਣੇ ਚੇਅਰਮੈਨ ਨੂੰ ਸੌਂਪਣ ਦੇ ਪੂਰੀ ਤਰ੍ਹਾਂ ਪਾਬੰਦ ਹੋ। ਤੁਸੀਂ ਹੁਣ ਮੈਨੂੰ ਚਿੱਠੀ ਵਿਚ ਲਿਖਿਆ ਹੈ ਕਿ ਜਸਟਿਸ ਕੁਲਦੀਪ ਸਿੰਘ ਹੋਣਾ ਨੇ ਮੈਨੂੰ ਕਿਹਾ ਹੈ ਕਿ "ਨਾ ਹੀ ਤੁਹਾਡੇ ਕੋਲੋਂ ਕਿਸੇ ਹਿਸਾਬ ਕਿਤਾਬ ਮੰਗਣ ਦੀ ਲੋੜ ਹੈ", ਪ੍ਰੋ: ਸਾਹਿਬ ਅਗਰ ਜਸਟਿਸ ਸਾਹਿਬ ਨੂੰ ਤੁਹਾਡੇ ਕੋਲੋਂ ਹਿਸਾਬ ਕਿਤਾਬ ਮੰਗਣ ਦੀ ਲੋੜ ਨਹੀਂ ਤਾਂ ਫਿਰ ਤੁਸੀਂ ਹੀ ਦੱਸੋ ਕਿ ਜਸਟਿਸ ਸਾਹਿਬ ਨੂੰ ਕਿਸ ਕੋਲੋਂ ਹਿਸਾਬ ਮੰਗਣਾ ਚਾਹੀਦਾ ਹੈ ਤੇ ਕਿਉਂ ਮੰਗਣਾ ਚਾਹੀਦਾ ਹੈ? ਜੇ ਤੁਸੀਂ ਹੀ ਉਸ ਹਿਸਾਬ ਲਈ ਜਵਾਬਦੇਹ ਨਹੀਂ ਹੋ ਤਾਂ ਹੋਰ ਕੌਣ ਹੋ ਸਕਦਾ ਹੈ।

ਪ੍ਰੋ: ਸਾਹਿਬ ਮੈਂ ਤੁਹਾਡੇ ਕੋਲੋਂ ਪੰਥ ਦੀ ਅਮਾਨਤ ਮੰਗੀ ਹੈ ਜੋ ਤੁਸੀਂ ਹੀ ਦੇ ਸਕਦੇ ਹੋ ਅਤੇ ਦੇਣ ਦੇ ਪਾਬੰਦ ਵੀ ਹੋ। ਬਜਾਏ ਇਸ ਦੇ ਕਿ ਤੁਸੀਂ ਮੈਨੂੰ ਕੋਈ ਇਸ ਹਿਸਾਬ ਬਾਰੇ ਤਸੱਲੀਬਖਸ਼ ਉੱਤਰ ਦਿੰਦੇ ਸਗੋਂ ਤੁਸੀਂ ਮੇਰੇ 'ਤੇ (ਅਨੈਤਿਕ ਅਤੇ ਨਿਰਅਧਾਰ) ਵਿਹਾਰ ਕਰਨ ਦਾ ਆਰੋਪ ਵੀ ਲਾ ਦਿੱਤਾ ਹੈ। ਅਗਰ ਪੰਥ ਦੀ ਅਮਾਨਤ ਜੋ ਨੰਗੀ ਚਿੱਟੀ ਤੁਹਾਡੇ ਪਾਸ ਹੈ ਤੇ ਤੁਸੀਂ ਹੀ ਦੇਣ ਦੇ ਪਾਬੰਦ ਹੋ, ਉਸ ਨੂੰ ਹਾਸਲ ਕਰਨਾ ਨਿਰਆਧਾਰ ਤੇ ਅਨੈਤਿਕ ਵਿਹਾਰ ਹੈ ਤਾਂ ਫਿਰ ਕ੍ਰਿਪਾ ਕਰਕੇ ਦੱਸੋ ਨੈਤਿਕ (ਅਧਾਰ) ਨੈਤਿਕ ਵਿਹਾਰ ਕੀ ਹੈ?

ਅਗਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵਲੋਂ ਦੂਸਰੇ ਤਖ਼ਤ ਦੇ ਜਥੇਦਾਰ (ਜੋ ਕਿ ਆਪਣੇ ਆਪ ਨੂੰ ਗੁਰੂ ਕਿਆਂ ਦੇ ਅਖਵਾਉਂਦੇ ਹੋਣ) ਕੋਲੋਂ ਪੰਥਕ ਹਿਸਾਬ ਮੰਗਣ ਦੇ ਕਾਰਨ ਸਮੂਹ ਗੁਰੂ ਕਿਆਂ ਵਿਚ ਬੇਚੈਨੀ ਫੈਲਦੀ ਹੋਵੇ...ਤਾਂ ਮੈਂ ਸਮਝਦਾ ਹਾਂ ਇਹ ਵੀ ਮੁਬਾਰਕ ਹੈ।

ਹੁਣ ਮੈਂ ਤੁਹਾਨੂੰ ਨਿਮਰਤਾ ਸਹਿਤ ਬੇਨਤੀ ਕਰਦਾ ਹਾਂ ਕਿ ਤੁਸੀਂ ਅਤੇ ਸ: ਜਸਵੰਤ ਸਿੰਘ 5 ਅਗਸਤ 1998 ਤੋਂ ਪਹਿਲਾਂ-ਪਹਿਲਾਂ ਵਿਸ਼ਵ ਸਿੱਖ ਕੌਂਸਲ ਦੇ ਮੌਜੂਦਾ ਅਹੁਦੇਦਾਰਾਂ ਨੂੰ ਸਾਰਾ ਹਿਸਾਬ ਕਿਤਾਬ ਸੌਂਪ ਦਿਓ ਕਿਉਂਕਿ ਇਹ ਹਿਸਾਬ-ਕਿਤਾਬ ਤੁਹਾਡੇ ਤੋਂ ਲੈਣਾ ਮੇਰੀ ਮਜਬੂਰੀ ਹੈ। ਆਸ ਕਰਦਾ ਹਾਂ ਕਿ ਤੁਸੀਂ ਮੇਰੀ ਮਜਬੂਰੀ ਨੂੰ ਜ਼ਰੂਰ ਸਮਝੋਗੇ।

ਧੰਨਵਾਦ ਸਹਿਤ,

ਗੁਰੂ ਪੰਥ ਦਾ ਦਾਸ,

*ਰਣਜੀਤ ਸਿੰਘ)*

ਸਰਪ੍ਰਸਤ, ਵਿਸ਼ਵ ਸਿੱਖ ਕੌਂਸਲ

ਸਿੰਘ ਸਾਹਿਬ ਪ੍ਰੋ: ਮਨਜੀਤ ਸਿੰਘ,

ਸਾਬਕਾ ਚੇਅਰਮੈਨ ਵਿਸ਼ਵ ਸਿੱਖ ਕੌਂਸਲ,

ਜਥੇਦਾਰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ,
ਸ੍ਰੀ ਅਨੰਦਪੁਰ ਸਾਹਿਬ।

***

ਸਤਿਕਾਰਯੋਗ ਸਿੰਘ ਸਾਹਿਬ ਭਾਈ ਰਣਜੀਤ ਸਿੰਘ ਜੀ,
ਜਥੇਦਾਰ,
ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ।

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

ਆਪ ਦਾ ਮਿਤੀ 29 ਜੁਲਾਈ, 1998 ਦਾ ਲਿਖਿਆ ਪੱਤਰ ਫੈਕਸ ਰਾਹੀਂ ਪ੍ਰਾਪਤ ਹੋਇਆ। ਮੇਰੇ 24 ਜੁਲਾਈ ਦੇ ਲਿਖੇ ਪੱਤਰ ਵਿਚੋਂ ਤੋੜ-ਮਰੋੜ ਕੇ ਬਾਬੇ ਕਿਆਂ ਤੇ ਬਾਬਰ ਕਿਆਂ ਵਰਗੇ ਅਰਥ ਤੁਹਾਡੇ ਵਲੋਂ ਲਏ ਜਾਣ ਦਾ ਮੈਨੂੰ ਅਫਸੋਸ ਹੈ। ਜਦੋਂ ਕਿ ਉਸ ਵਿਚ ਕਿਤੇ ਵੀ ਜਾਂ ਕਿਸੇ ਵੀ ਰੂਪ ਵਿਚ ਇਹ ਭਾਵਨਾ ਅੰਕਤ ਨਹੀਂ।

ਮੇਰੇ ਪਾਸ ਵਿਸ਼ਵ ਸਿੱਖ ਕੌਂਸਲ ਦਾ ਕੋਈ ਵੀ ਸਰਮਾਇਆ ਜਾਂ ਰਿਕਾਰਡ ਨਾ ਪਹਿਲਾਂ ਸੀ, ਨਾ ਹੁਣ ਹੈ।

ਵਿਸ਼ਵ ਸਿੱਖ ਕੌਂਸਲ ਦਾ ਸਾਰਾ ਧਨ ਤੇ ਰਿਕਾਰਡ ਕੌਂਸਲ ਦੇ ਜਨਰਲ ਸਕੱਤਰ ਸ. ਜਸਵੰਤ ਸਿੰਘ ਹੋਰਾਂ ਪਾਸ ਹੈ। ਤੁਹਾਡੇ ਵਲੋਂ ਨਿਯੁਕਤ ਕੀਤੇ ਗਏ ਕੌਂਸਲ ਦੇ ਚੇਅਰਮੈਨ ਜਸਟਿਸ ਕੁਲਦੀਪ ਸਿੰਘ ਹੋਰਾਂ ਦੇ ਮਿਤੀ 23 ਅਪ੍ਰੈਲ ਨੂੰ ਲਿਖੇ ਪੱਤਰ ਦੀ ਭਾਵਨਾ ਅਤੇ ਫਿਰ ਉਨ੍ਹਾਂ ਵਲੋਂ ਮੈਨੂੰ ਮਿਲਣ 'ਤੇ ਉਨ੍ਹਾਂ ਦੀ ਮਰਜ਼ੀ ਅਨੁਸਾਰ ਇਹ ਸਾਰਾ ਧਨ ਤੇ ਰਿਕਾਰਡ ਸ: ਜਸਵੰਤ ਸਿੰਘ ਹੋਰਾਂ ਰਾਹੀਂ ਜਸਟਿਸ ਹੋਰਾਂ ਨੂੰ ਸੌਂਪਣ ਵਾਸਤੇ ਮਿਤੀ 4 ਮਈ ਨੂੰ ਮੈਂ ਪੱਤਰ ਲਿਖ ਚੁੱਕਾ ਹਾਂ। ਇਸ ਦੀ ਕਾਪੀ ਜਸਟਿਸ ਹੋਰਾਂ ਦੇ ਕਥਨ ਮੁਤਾਬਕ ਉਨ੍ਹਾਂ ਵਲੋਂ ਤੁਹਾਨੂੰ ਸੌਂਪ ਦਿੱਤੀ ਗਈ ਹੈ।

ਸੋ ਕੌਂਸਲ ਦਾ ਸਾਰਾ ਰਿਕਾਰਡ ਜਾਂ ਧਨ ਸ. ਜਸਵੰਤ ਸਿੰਘ ਹੋਰਾਂ ਕੋਲੋਂ ਪ੍ਰਾਪਤ ਕਰਨ ਦੀ ਖੇਚਲ ਕਰੋ ਜੀ।

ਸਤਿਕਾਰ ਸਹਿਤ,

ਗੁਲਾਮ ਗੁਰੂ ਕਾ,

***ਮਨਜੀਤ ਸਿੰਘ***

***

***25 ਅਗਸਤ 1998***

ਸਤਿਕਾਰਯੋਗ ਸਿੰਘ ਸਾਹਿਬ ਪ੍ਰੋ: ਮਨਜੀਤ ਸਿੰਘ ਜੀ

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

ਪ੍ਰੋ: ਸਾਹਿਬ ਤੁਹਾਡਾ 3 ਅਗਸਤ ਦਾ ਲਿਖਿਆ ਪੱਤਰ ਪ੍ਰਾਪਤ ਹੋਇਆ। ਜਿਸ ਦਾ ਜੁਆਬ ਦੇਣ ਵਿਚ ਕੁਝ ਦੇਰੀ ਹੋ ਗਈ। ਅੱਜ ਅਖ਼ਬਾਰਾਂ ਵਿਚ ਤੁਹਾਡਾ ਬਿਆਨ ਪੜ੍ਹ ਕੇ ਮਹਿਸੂਸ ਕੀਤਾ ਕਿ ਹੁਣ ਜੁਆਬ ਦੇਣਾ ਬਣਦਾ ਹੈ।

ਪ੍ਰੋ: ਸਾਹਿਬ ਤੁਸੀਂ ਚਿੱਠੀ ਵਿਚ ਲਿਖਿਆ ਹੈ 'ਮੇਰੇ ਪਾਸ ਵਿਸ਼ਵ ਸਿੱਖ ਕੌਂਸਲ ਦਾ ਕੋਈ ਵੀ ਸਰਮਾਇਆ ਜਾਂ ਰਿਕਾਰਡ ਨਾ ਪਹਿਲਾਂ ਸੀ ਨਾ ਹੁਣ ਹੈ' ਇਹ ਇਕ ਬਚਕਾਨਾ

ਜਿਹਾ ਜੁਆਬ ਹੈ। ਤਖ਼ਤ ਦੇ ਜਥੇਦਾਰ ਵਿਸ਼ਵ ਸਿੱਖ ਕੌਂਸਲ ਦੇ ਰਹਿ ਚੁੱਕੇ ਸਰਪ੍ਰਸਤ, ਵਿਸ਼ਵ ਸਿੱਖ ਕੌਂਸਲ ਦੇ ਸਾਬਕਾ ਚੇਅਰਮੈਨ ਦੇ ਮੂੰਹੋਂ ਅਜਿਹੇ ਜੁਆਬ ਦੀ ਮੈਨੂੰ ਆਸ ਨਹੀਂ ਸੀ। ਫਿਰ ਵੀ ਵਿਸ਼ਵ ਸਿੱਖ ਕੌਂਸਲ ਦੇ ਸਰਪ੍ਰਸਤ ਹੋਣ ਕਰਕੇ ਤੁਹਾਡੇ ਤੋਂ ਹਿਸਾਬ ਲੈਣਾ ਮੇਰੀ ਮਜਬੂਰੀ ਹੈ। ਮੈਨੂੰ ਲਗਦਾ ਹੈ ਤੁਸੀਂ ਇਹ ਸਾਰਾ ਮਾਮਲਾ ਜਸਵੰਤ ਸਿੰਘ ਮਾਨ 'ਤੇ ਸੁੱਟ ਕੇ ਆਪ ਸੁਰਖਰੂ ਹੋਣਾ ਚਾਹੁੰਦੇ ਹੋ। ਪ੍ਰੋ: ਸਾਹਿਬ ਮੈਂ ਸਪੱਸ਼ਟ ਕਰ ਦਿਆਂ ਕਿ ਜਸਵੰਤ ਸਿੰਘ ਮਾਨ ਵਿਸ਼ਵ ਸਿੱਖ ਕੌਮ ਦਾ ਓਫੀਸ਼ਅਲ ਕੋਈ ਅਹੁਦੇਦਾਰ ਨਹੀਂ। ਪੰਜਾਬ ਸਿੰਧ ਬੈਂਕ ਅਤੇ ਬੈਂਕ ਆਫ ਪੰਜਾਬ ਵਿਚੋਂ ਫਰਾਡ ਕਾਰਨ ਕੱਢਿਆ ਹੋਇਆ ਇਕ ਬਦਨਾਮ ਬੰਦਾ ਹੈ। ਜਿਸ 'ਤੇ 420 ਦੇ ਕੇਸ ਦਰਜ ਹਨ। ਇਹ ਜੋ ਕੁਝ ਵੀ ਹੈ ਤੁਹਾਡੀ ਬਦੌਲਤ ਹੈ, ਸੰਗਤ ਦੀ ਬਦੌਲਤ ਨਹੀਂ। ਸਿੰਘ ਸੰਗਤਾਂ ਨੇ ਵਿਸ਼ਵ ਸਿੱਖ ਕੌਂਸਲ ਲਈ ਸਰਮਾਇਆ ਤੁਹਾਨੂੰ ਬਤੌਰ ਐਕਟਿੰਗ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਸਰਪ੍ਰਸਤ ਅਤੇ ਚੇਅਰਮੈਨ ਦੀ ਹੈਸੀਅਤ 'ਚ ਦਿੱਤਾ। ਅਗਰ ਤੁਸੀਂ ਉਹ ਸਰਮਾਇਆ ਕਿਸੇ ਚੋਰ ਨੂੰ ਸੌਂਪ ਦਿਓ ਤਾਂ ਫਿਰ ਸਿੱਖ ਸੰਗਤਾਂ ਅੱਗੇ ਜੁਆਬਦੇਹ ਤੁਸੀਂ ਹੋ, ਚੋਰ ਨਹੀਂ।

ਮੈਂ ਸਮਝਦਾ ਹਾਂ ਜਸਟਿਸ ਕੁਲਦੀਪ ਸਿੰਘ ਜਾਂ ਮੈਨੂੰ ਹਿਸਾਬ ਲੈਣ ਲਈ ਜਸਵੰਤ ਸਿੰਘ ਮਾਨ ਕੋਲ ਭੇਜ ਕੇ ਤੁਸੀਂ ਆਪਣੇ ਅਹੁਦੇ ਨਾਲ ਇਨਸਾਫ ਨਹੀਂ ਕਰ ਰਹੇ।

-ਪ੍ਰੋ: ਸਾਹਿਬ ਕੀ ਤੁਸੀਂ ਇਨਕਾਰ ਕਰ ਸਕਦੇ ਹੋ ਕਿ ਪੰਜਾਬ ਐਂਡ ਸਿੰਧ ਬੈਂਕ ਫਾਈਨਾਂਸ ਸੈਕਟਰ 4 ਚੰਡੀਗੜ੍ਹ (House of Inderjeet Singh Chairman) ਦੀ ਬ੍ਰਾਂਚ ਵਿਚ ਦਸ ਲੱਖ ਦੀ ਮਿਆਦੀ ਰਕਮ 'ਤੇ ਤੁਹਾਡੇ ਦਸਤਖਤ ਨਹੀਂ?

-ਕੀ ਤੁਸੀਂ ਇਨਕਾਰ ਕਰੋਗੇ ਕਿ ਬੈਂਕ ਆਫ ਪੰਜਾਬ, ਸੈਕਟਰ 35 ਵਿਚ ਪੰਜਾਹ ਹਜ਼ਾਰ ਦੀ ਮਿਆਦੀ ਰਕਮ 'ਤੇ ਜਸਵੰਤ ਸਿੰਘ ਮਾਨ ਨਾਲ ਤੁਹਾਡੇ ਦਸਤਖਤ ਨਹੀਂ?

ਕੀ ਤੁਸੀਂ ਇਨਕਾਰ ਕਰੋਗੇ ਬੈਂਕ ਆਫ ਪੰਜਾਬ, ਸੈਕਟਰ 9 ਵਿਚ ਵਿਸ਼ਵ ਸਿੱਖ ਕੌਂਸਲ ਦੇ ਖਾਤੇ ਵਿਚ ਤੁਹਾਡੇ ਦਸਖਤ ਨਹੀਂ?

-ਕੀ ਤੁਹਾਡੇ ਦਸਤਖਤ ਤੋਂ ਬਿਨਾਂ ਬੈਂਕ ਵਿਚੋਂ ਜਸਵੰਤ ਸਿੰਘ ਮਾਨ ਪੈਸਾ ਕਢਵਾ ਕੇ ਦੇ ਸਕਦਾ ਹੈ?

ਪ੍ਰੋ: ਸਾਹਿਬ ਅਸਲੀਅਤ ਇਹ ਹੈ ਕਿ ਤੁਹਾਡੀ ਵਿਉਂਤਬੰਦੀ ਅਤੇ ਹਦਾਇਤਾਂ ਅਨੁਸਾਰ ਜਸਵੰਤ ਸਿੰਘ ਮਾਨ ਚੱਲ ਰਹੇ ਹਨ। ਤੁਹਾਡੀ ਹਦਾਇਤ 'ਤੇ ਹੀ ਵਿਸ਼ਵ ਸਿੱਖ ਕੌਂਸਲ ਨੂੰ ਹਥਿਆਉਣ ਦਾ ਕੇਸ ਚੰਡੀਗੜ੍ਹ ਦੀ ਅਦਾਲਤ ਵਿਚ ਮੇਰੇ ਤੇ ਜਸਟਿਸ ਕੁਲਦੀਪ ਸਿੰਘ ਦੇ ਵਿਰੁੱਧ ਕੀਤਾ ਗਿਆ ਹੈ।

ਪ੍ਰੋ: ਸਾਹਿਬ ਅਗਰ ਮੰਨ ਵੀ ਲਿਆ ਜਾਵੇ ਕਿ ਵਿਸ਼ਵ ਸਿੱਖ ਕੌਂਸਲ ਦਾ ਹਿਸਾਬ ਦੇਣ ਲਈ ਜਸਵੰਤ ਸਿੰਘ ਮਾਨ ਹੀ ਜ਼ਿੰਮੇਵਾਰ ਹੈ ਫਿਰ ਵਿਸ਼ਵ ਸਿੱਖ ਕੌਂਸਲ ਦੇ ਵਿਦੇਸ਼ ਵਿਚਲੇ ਇਕੱਤਰ ਸਰਮਾਏ ਲਈ ਮੈਨੂੰ ਤੇ ਜਸਟਿਸ ਕੁਲਦੀਪ ਸਿੰਘ ਨੂੰ ਤੁਸੀਂ ਕਿਸ ਕੋਲ ਭੇਜੋਗੇ।

ਕਿਉਂਕਿ ਜਸਵੰਤ ਸਿੰਘ ਮਾਨ ਦੇ ਕੋਲ ਤਾਂ ਵਿਸ਼ਵ ਸਿੱਖ ਕੌਂਸਲ ਦਾ ਭਾਰਤ ਵਿਚ ਹੀ ਇਕੱਤਰ ਕੀਤਾ ਗਿਆ ਪੈਸਾ ਹੀ ਹੈ। ਵਿਦੇਸ਼ੀ ਪੈਸੇ ਲਈ ਤੁਸੀਂ ਕਿਸ ਨੂੰ ਜ਼ਿੰਮੇਵਾਰ ਠਹਿਰਾਉਗੇ। ਜਾਂ ਫਿਰ ਸਾਫ ਚਿੱਟੇ ਮੁੱਕਰ ਜਾਉਗੇ ਕਿ ਮੇਰੇ ਕੋਲ ਵਿਸ਼ਵ ਸਿੱਖ ਕੌਂਸਲ ਦਾ

ਕੁਝ ਨਹੀਂ ਹੈ।

ਅੱਜ ਦੀ ਅਖਬਾਰ ਦੇ ਬਿਆਨ ਅਨੁਸਾਰ ਅਕਾਲ ਤਖ਼ਤ 'ਤੇ ਮੀਟਿੰਗ ਦਾ ਬਾਈਕਾਟ ਕਰਨ ਦਾ ਜੋ ਤੁਸੀਂ ਫੈਸਲਾ ਲਿਆ ਹੈ, ਮੈਂ ਸਮਝਦਾ ਹਾਂ ਕਿ ਇਹ ਫੈਸਲਾ ਸੋਚ ਸਮਝ ਕੇ ਲਿਆ ਹੋਵੇਗਾ, ਮੈਂ ਸਮਝਦਾ ਹਾਂ ਜਿੰਨੀ ਦੇਰ ਤੱਕ ਤੁਸੀਂ ਵਿਸ਼ਵ ਸਿੱਖ ਕੌਂਸਲ ਦਾ ਹਿਸਾਬ ਉਸ ਦੇ ਚੇਅਰਮੈਨ ਨੂੰ ਨਹੀਂ ਸੌਂਪਦੇ ਤੁਹਾਨੂੰ ਓਨਾ ਚਿਰ ਸ੍ਰੀ ਅਕਾਲ ਤਖ਼ਤ ਦੀਆਂ ਮੀਟਿੰਗਾਂ ਵਿਚ ਆਉਣਾ ਵੀ ਨਹੀਂ ਚਾਹੀਦਾ।

ਪ੍ਰੋ: ਸਾਹਿਬ ਤੁਸੀਂ ਜਸਵੰਤ ਸਿੰਘ ਮਾਨ ਦੇ ਸਟੈਂਡ ਦੀ ਹਮਦਰਦੀ ਨਾਲ ਹਾਮੀ ਭਰਦਿਆਂ ਅੱਜ ਅਖਬਾਰਾਂ ਨੂੰ ਬਿਆਨ ਦਿੱਤਾ ਹੈ ਕਿ "ਜਸਵੰਤ ਸਿੰਘ ਮਾਨ ਹੋਰਾਂ ਨੇ ਜਸਟਿਸ ਕੁਲਦੀਪ ਸਿੰਘ ਅਤੇ ਜਥੇਦਾਰ ਸ੍ਰੀ ਅਕਾਲ ਤਖ਼ਤ ਨੂੰ ਪਹਿਲਾਂ ਹੀ ਦੱਸਿਆ ਹੋਇਆ ਹੈ ਕਿ ਵਿਸ਼ਵ ਸਿੱਖ ਕੌਂਸਲ ਦਾ ਸਾਰਾ ਲੇਖਾ-ਜੋਖਾ ਅਦਾਲਤ ਵਿਚ ਪੇਸ਼ ਕੀਤਾ ਜਾ ਚੁੱਕਾ ਹੈ। ਇਸ ਲਈ ਹੁਣ ਰਿਕਾਰਡ ਉਨ੍ਹਾਂ ਨੂੰ ਪੇਸ਼ ਨਹੀਂ ਕੀਤਾ ਜਾ ਸਕਦਾ।"

ਪ੍ਰੋ: ਸਾਹਿਬ ਦੁਨਿਆਵੀ ਅਦਾਲਤ ਉਤੇ ਤੁਹਾਡਾ ਵਿਸ਼ਵਾਸ ਅਤੇ ਅਦਾਲਤ ਵਿਚ ਕੇਸ ਲੈ ਜਾਣ ਵਾਲਿਆਂ ਦੀ ਵਕਾਲਤ 'ਤੇ ਮੈਨੂੰ ਅਤੇ ਸਮੁੱਚੇ ਪੰਥਕ ਹਲਕਿਆਂ ਨੂੰ ਬੜੀ ਹੈਰਾਨੀ ਹੋਈ ਹੈ। ਮੈਂ ਤੁਹਾਨੂੰ ਇਕ ਸੁਆਲ ਪੁੱਛਣਾ ਚਾਹੁੰਦਾ ਹਾਂ ਕਿ ਅੱਜ ਦੇ ਇਸ ਬਿਆਨ ਤੋਂ ਬਾਅਦ ਤੁਹਾਨੂੰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਰਹਿਣ ਦਾ ਕੋਈ ਹੱਕ ਹੈ? ਪ੍ਰੋ: ਸਾਹਿਬ ਮੇਰਾ ਯਕੀਨ ਤਾਂ ਉਸ ਮਰਿਆਦਾ ਵਿਚ ਹੈ ਜਿਸ ਮਰਿਆਦਾ ਨੂੰ ਤੁਸੀਂ ਖਾਲਸਾ ਪੰਥ ਦੀ ਪੰਚ ਪ੍ਰਧਾਨੀ ਮਰਿਆਦਾ ਦਾ ਨਾਮ ਦੇ ਕੇ ਆਪਣੀ ਚਿੱਠੀ ਵਿਚ ਸਤਿਕਾਰਿਆ ਹੈ। ਅਗਰ ਤੁਹਾਨੂੰ ਵਾਕਿਆ ਹੀ ਇਸ ਮਰਿਆਦਾ ਦਾ ਸਤਿਕਾਰ ਹੈ ਤਾਂ ਮੈਂ ਨਿਮਰਤਾ ਨਾਲ ਤੁਹਾਨੂੰ ਬੇਨਤੀ ਕਰਦਾ ਹਾਂ ਕਿ ਤੁਸੀਂ ਸ੍ਰੀ ਅਕਾਲ ਤਖ਼ਤ 'ਤੇ ਆਂ ਕੇ ਹੈੱਡ ਗ੍ਰੰਥੀ ਸ੍ਰੀ ਅਕਾਲ ਤਖ਼ਤ ਅਤੇ ਹੈੱਡ ਗ੍ਰੰਥੀ ਸ੍ਰੀ ਹਰਿਮੰਦਰ ਸਾਹਿਬ ਅਤੇ ਤਿੰਨ ਹੋਰ ਸ੍ਰੀ ਦਰਬਾਰ ਸਾਹਿਬ ਦੇ ਸਿੰਘ ਸਾਹਿਬਾਨ ਸਾਹਮਣੇ ਆਪਣਾ ਪੱਖ ਪੇਸ਼ ਕਰ ਸਕਦੇ ਹੋ। ਮੈਂ ਆਪ ਇਸ ਕਾਰਵਾਈ ਵਿਚੋਂ ਬਾਹਰ ਹੋਵਾਂਗਾ ਜੋ ਵੀ ਫੈਸਲਾ ਪੰਚ-ਪ੍ਰਧਾਨ ਦੇਣਗੇ ਉਸ ਨੂੰ ਖਿੜੇ ਮੱਥੇ ਪ੍ਰਵਾਨ ਕਰਾਂਗਾ ਪਰ ਕੀ ਤੁਸੀਂ ਇਸ ਮਰਿਆਦਾ ਦਾ ਪਾਲਣ ਕਰੋਗੇ?

ਗੁਰੂ ਪੰਥ ਦਾ ਦਾਸ

***ਰਣਜੀਤ ਸਿੰਘ***

***

## ਗਿਆਨੀ ਕੇਵਲ ਸਿੰਘ ਵਲੋਂ ਪ੍ਰੋ. ਮਨਜੀਤ ਸਿੰਘ ਦੀ ਤਰਫਦਾਰੀ

ਸਤਿਕਾਰਯੋਗ ਸਿੰਘ ਸਾਹਿਬ ਭਾਈ ਰਣਜੀਤ ਸਿੰਘ ਜੀ,

ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ।

ਸਿੰਘ ਸਾਹਿਬ ਜੀ,

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹਿ॥

ਅੱਜ ਜਦੋਂ ਕੌਮ ਆਪਣੀ ਕੌਮੀ ਪਛਾਣ ਆਪਣੇ 300 ਸਾਲਾ ਸਾਜਨਾ ਦਿਵਸ ਨੂੰ ਆਧਾਰ ਬਣਾ ਕੇ ਸੰਸਾਰ ਵਿਚ ਉਜਾਗਰ ਕਰਨ ਦਾ ਯਤਨ ਕਰ ਰਹੀ ਹੈ, ਅਸੀਂ ਤਖ਼ਤਾਂ ਦੇ ਸੇਵਾਦਾਰ ਕੌਮ ਦੇ ਸਾਹਮਣੇ ਗੁਰਮਤਿ ਦੀ ਸਿਧਾਂਤਵਾਦੀ ਸੋਚ 'ਤੇ ਪਹਿਰਾ ਦੇਣ ਪੱਖੋਂ

ਸਪੱਸ਼ਟ ਨਹੀਂ ਹੋ ਰਹੇ। ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪਿਛਲੇ ਕੁਝ ਅਰਸੇ ਤੋਂ ਪੰਜ ਪਿਆਰਿਆਂ ਦੇ ਅੰਗ ਵਜੋਂ ਇਕ-ਦੂਜੇ ਪ੍ਰਤੀ ਘਟ ਰਹੀ ਸਤਿਕਾਰ ਭਾਵਨਾ ਤੇ ਆਪਸੀ ਅਵਿਸ਼ਵਾਸ ਵਾਲੀ ਅਵਸਥਾ ਨੇ ਮੇਰੇ ਅੰਦਰ ਅਜੀਬ ਜਿਹੀ ਪੀੜਾ ਨੂੰ ਜਨਮ ਦਿੱਤਾ ਹੈ। ਕਿਥੇ ਅਸੀਂ ਕੌਮੀ ਮਸਲਿਆਂ ਦਾ ਹੱਲ ਕਰਨ ਲਈ ਗੁਰੂ ਖਾਲਸਾ ਪੰਥ ਦੀ ਜੁਗਤਿ ਅਨੁਸਾਰ ਜ਼ਿੰਮੇਵਾਰੀ ਨਿਭਾਉਣੀ ਸੀ, ਕਿਥੇ ਅਸੀਂ ਉਸ ਦੇ ਉਲਟ ਕਈ ਪੱਖਾਂ ਤੋਂ ਗੁਰੂ-ਸੰਗਤ ਦੀ ਦ੍ਰਿਸ਼ਟੀ ਵਿਚ ਸ਼ੰਕਾ-ਗ੍ਰਸਤ ਹੋ ਰਹੇ ਹਾਂ। ਇਸ ਅਵਸਥਾ ਵਿਚੋਂ ਤਖ਼ਤ ਦੇ ਇਸ ਸੇਵਾਦਾਰ ਦੇ ਮਨ ਵਿਚ ਕੁਝ ਸੁਆਲਾਂ ਨੇ ਜਨਮ ਲਿਆ ਹੈ। ਉਨ੍ਹਾਂ ਵਿਚੋਂ ਕੁਝ ਇਸ ਪ੍ਰਕਾਰ ਹਨ;

(ੳ) ਪੰਜ ਸਿੰਘ ਸਾਹਿਬਾਨ ਦੀ ਇਕ ਕੌਮੀ ਮਾਣ-ਮਰਯਾਦਾ ਹੈ। ਇਸ ਮਾਣ-ਮਰਯਾਦਾ ਨੂੰ ਆਪਣੇ ਵਿਹਾਰ ਵਿਚੋਂ ਪ੍ਰਗਟ ਕਰਨਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਬਿਰਦ ਹੈ। ਪਿਛਲੇ ਕੁਝ ਸਮੇਂ ਤੋਂ ਇਸ ਮਾਣ ਮਰਯਾਦਾ ਨੂੰ ਨਿਭਾਉਣ ਵਿਚ ਅਵੇਸਲਾਪਨ ਆ ਰਿਹਾ ਹੈ। ਇਹ ਪਹਿਲੂ ਹੋਰ ਵੀ ਚਿੰਤਾਜਨਕ ਹੈ ਕਿ ਖਾਲਸਾ ਪੰਥ ਦੀ ਪੰਚ-ਪ੍ਰਧਾਨੀ ਮਰਯਾਦਾ ਦਾ ਪਾਲਣ ਕਰਨਾ ਵੀ ਜ਼ਰੂਰੀ ਨਹੀਂ ਸਮਝਿਆ ਜਾ ਰਿਹਾ। ਇਸ ਤੋਂ ਪਹਿਲਾਂ ਕਿ ਜੋ ਕੁਝ ਸਾਡੇ ਦਰਮਿਆਨ ਵਾਪਰ ਰਿਹਾ ਹੈ, ਉਹ ਆਮ ਸਿੱਖ ਦੀ ਮਾਨਸਿਕਤਾ ਵਿਚ ਸ਼ੰਕੇ ਪੈਦਾ ਕਰੇ, ਇਸ ਬਾਰੇ ਨਿੱਠ ਕੇ ਵਿਚਾਰ ਹੋਣੀ ਚਾਹੀਦੀ ਹੈ।

(ਅ) ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਰਯਾਦਾ ਜੋ ਬੀਤੇ ਕੱਲ੍ਹ ਵਿਚ ਰਹੀ ਹੈ ਉਸ ਨੂੰ ਅੱਜ ਵੀ ਧਿਆਨ ਵਿਚ ਰੱਖਣਾ ਜ਼ਰੂਰੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੌਮ ਦੀ ਨੁਮਾਇੰਦਾ ਜਥੇਬੰਦੀ ਹੈ। ਇਸ ਸੰਸਥਾ ਦਾ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਰਯਾਦਾ ਵਿਚ ਮਹੱਤਵਪੂਰਨ ਰੋਲ ਰਿਹਾ ਹੈ। ਕੌਮ ਨਾਲ ਸਬੰਧਤ ਸਭ ਪ੍ਰਕਾਰ ਦੇ ਮਸਲੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਵਿਚਾਰਨ ਤੋਂ ਪਹਿਲਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਧਾਰਮਿਕ ਸਲਾਹਕਾਰ ਕਮੇਟੀ ਨੂੰ ਰਾਇ ਲਈ ਸੌਂਪੇ ਜਾਂਦੇ ਸਨ। ਪ੍ਰਾਪਤ ਹੋਈ ਰਾਇ ਅਨੁਸਾਰ ਜੋ ਮਸਲੇ ਹੋਰ ਵਿਚਾਰ ਗੋਚਰੇ ਹੁੰਦੇ ਸਨ ਉਹ ਹੀ ਅੰਤਮ ਨਿਰਣੇ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੰਜ ਸਿੰਘ ਸਾਹਿਬਾਨ ਨੂੰ ਆਉਂਦੇ ਸਨ। ਪਿਛਲੇ ਕੁਝ ਅਰਸੇ ਤੋਂ ਸਾਡੀ ਇਹ ਪਰੰਪਰਾ ਅੱਖੋਂ ਪਰੋਖੇ ਹੋ ਗਈ ਹੈ। ਅੱਜ ਹਾਲਤ ਇਹ ਹੋ ਗਈ ਹੈ ਕਿ ਸਰਬ ਸੰਮਤੀ ਨਾਲ ਫੈਸਲੇ ਕਰਨ ਵਾਲਾ ਢੰਗ, ਆਪ ਜੀ ਦੇ ਵਿਚਾਰਾਂ ਵਿਚੋਂ ਹੁਣ ਬਹੁਸੰਮਤੀ ਨਾਲ ਫੈਸਲੇ ਕਰਨ ਵੱਲ ਤੁਰਦਾ ਦਿਖਾਈ ਦੇ ਰਿਹਾ ਹੈ।

(ੲ) ਸਿੰਘ ਸਾਹਿਬ ਜੀ, ਵਿਸ਼ਵ ਸਿੱਖ ਕੌਂਸਲ ਨੂੰ ਆਪ ਜੀ ਵਲੋਂ ਨਿੱਜੀ ਵਕਾਰ ਦਾ ਸਵਾਲ ਬਨਾਉਣਾ ਵੀ ਮੇਰੇ ਲਈ ਦੁੱਖਦਾਈ ਹੈ। ਸਿੰਘ ਸਾਹਿਬ ਪ੍ਰੋ: ਮਨਜੀਤ ਸਿੰਘ ਜੀ ਨੇ ਆਪ ਦੀ ਮਨਸ਼ਾ ਅਨੁਸਾਰ ਚੇਅਰਮੈਨਸ਼ਿਪ ਤੋਂ ਅਸਤੀਫਾ ਨਿਰਸੰਕੋਚ ਤੇ ਨਿਰਸੰਦੇਹ ਹੋ ਕੇ ਇਸ ਸੇਵਾਦਾਰ ਰਾਹੀਂ ਆਪ ਜੀ ਨੂੰ ਸੌਂਪ ਦਿੱਤਾ ਸੀ। ਹੁਣ ਆਪ ਜੀ ਵੱਲੋਂ ਉਨ੍ਹਾਂ ਪਾਸੋਂ ਹਿਸਾਬ ਮੰਗਣ ਲਈ ਲਿਖੇ ਹੋਏ ਪੱਤਰ ਦੀ ਭਾਸ਼ਾ ਮੈਨੂੰ ਉਨ੍ਹਾਂ ਦੀ ਪਦਵੀ ਤੇ ਮਾਣ-ਸਨਮਾਨ ਦੇ ਅਨੁਕੂਲ ਨਹੀਂ ਜਾਪੀ। ਮੇਰੀ ਸਮਝ ਅਨੁਸਾਰ ਉਨ੍ਹਾਂ ਵਲੋਂ ਚੇਅਰਮੈਨ ਦੇ ਅਹੁਦੇ ਤੋਂ ਅਸਤੀਫਾ ਦੇਣ ਤੋਂ ਬਾਅਦ ਸਭ ਕੁਝ ਠੀਕ ਠਾਕ ਹੋ ਚੁੱਕਾ ਸੀ। ਹਾਂ ਜੇਕਰ ਆਪ ਜੀ ਕੋਈ ਗੱਲ ਸਪੱਸ਼ਟ ਕਰਨ ਦੀ ਲੋੜ ਮਹਿਸੂਸ ਕਰਦੇ ਸੀ ਤਾਂ ਉਨ੍ਹਾਂ ਨੂੰ ਮਾਣ ਨਾਲ ਆਵਾਜ਼ ਮਾਰ ਕੇ ਜਾਣਕਾਰੀ ਪ੍ਰਾਪਤ ਕਰ ਲੈਂਦੇ ਜਾਂ ਪਹਿਲਾਂ ਵਾਂਗ ਇਸ ਸੇਵਾਦਾਰ ਦੀ ਸੇਵਾ ਵੀ ਹਾਜ਼ਰ

ਸੀ। ਸਿੰਘ ਸਾਹਿਬ ਜੀ, ਮੈਂ ਮਹਿਸੂਸ ਕਰਦਾ ਹਾਂ ਕਿ ਜੋ ਸਥਿਤੀ ਆਪ ਜੀ ਵੱਲੋਂ ਸਿੰਘ ਸਾਹਿਬ ਪ੍ਰੋ: ਮਨਜੀਤ ਸਿੰਘ ਜੀ ਨੂੰ ਪੱਤਰ ਲਿਖਣ ਨਾਲ ਉਤਪੰਨ ਹੋਈ ਹੈ, ਇਸ ਨੂੰ ਹਰ ਹੀਲੇ ਇਕ-ਦੂਜੇ ਨੂੰ ਬਣਦਾ ਮਾਣ-ਸਤਿਕਾਰ ਦਿੰਦਿਆਂ ਇਥੇ ਸਮੇਟ ਲੈਣਾ ਪੰਥਕ ਹਿੱਤ ਵਿਚ ਹੈ।

ਮੇਰੀ ਇਹ ਵੇਦਨਾ ਇਸ ਕੌਮੀ ਭਾਵਨਾ ਵਿਚੋਂ ਪੈਦਾ ਹੋ ਰਹੀ ਹੈ ਕਿ ਖਾਲਸਾ ਪੰਥ ਦਾ 300 ਸਾਲਾ ਸਾਜਨਾ ਦਿਵਸ ਸਿਰ ਉੱਪਰ ਹੈ। ਸਾਰੀ ਕੌਮ ਪੱਬਾਂ ਭਾਰ ਹੋ ਕੇ ਆਪਣੀਆਂ ਨਿਗਾਹਾਂ ਸ੍ਰੀ ਅਕਾਲ ਤਖ਼ਤ ਸਾਹਿਬ ਵੱਲ ਲਾਈ ਬੈਠੀ ਹੈ ਪਰ ਜਿਸ ਸਥਿਤੀ ਵਿਚੋਂ ਆਪਾਂ ਗੁਜ਼ਰ ਰਹੇ ਹਾਂ ਇਸ ਨਾਲ ਕੌਮ ਦੀਆਂ ਰੀਝਾਂ ਪੂਰੀਆਂ ਹੋਣ ਦੀ ਉਮੀਦ ਬਹੁਤ ਘਟ ਗਈ ਹੈ। ਕੌਮ ਸਾਡੇ ਪਾਸੋਂ ਜੋ ਆਸ ਰੱਖਦੀ ਹੈ, ਸਾਨੂੰ ਉਸ ਜ਼ਿੰਮੇਵਾਰੀ ਦੇ ਸਨਮੁੱਖ ਹੋਣਾ ਚਾਹੀਦਾ ਹੈ।

ਸਭ ਨੂੰ ਗੁਰ ਫਤਹਿ।

ਗੁਰੂ ਪੰਥ ਦਾ ਦਾਸ

*ਕੇਵਲ ਸਿੰਘ*

ਤਖ਼ਤ ਸ੍ਰੀ ਦਮਦਮਾ ਸਾਹਿਬ, ਤਲਵੰਡੀ ਸਾਬੋ।

***

*10 ਅਗਸਤ 1998*

ਸਤਿਕਾਰਯੋਗ ਗਿਆਨੀ ਕੇਵਲ ਸਿੰਘ ਜੀ ਜਥੇਦਾਰ
ਤਖ਼ਤ ਸ੍ਰੀ ਦਮਦਮਾ ਸਾਹਿਬ,
ਤਲਵੰਡੀ ਸਾਬੋ (ਬਠਿੰਡਾ)

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹਿ॥

ਗਿਆਨੀ ਜੀ ਤੁਹਾਡੇ ਅੰਦਰ ਅਜੀਬ ਜਿਹੀ ਪੀੜਾ ਦਾ ਜਨਮ ਕਿਉਂ ਹੋਇਆ ਇਸ ਦਾ ਮੈਨੂੰ ਗਿਆਨ ਨਹੀਂ, ਪਰ ਮੇਰੀ ਕੋਸ਼ਿਸ਼ ਹੈ ਕਿ ਆਪ ਵੱਲੋਂ ਲਾਏ ਆਰੋਪਾਂ ਦਾ ਤਸੱਲੀਬਖਸ਼ ਉੱਤਰ ਦੇਵਾਂ।

ਪਹਿਲਾਂ ਮੈਂ ਤੁਹਾਡੇ ਪੀੜਤ ਮਨ ਵਿਚੋਂ ਪੈਦਾ ਹੋਏ ਸਵਾਲ ਨੰਬਰ (ੲ) ਦਾ ਜੁਆਬ ਦੇਣਾ ਚਾਹਾਂਗਾ;

ਗਿਆਨੀ ਜੀ, ਮੈਂ ਹੈਰਾਨ ਹਾਂ ਕਿ ਪ੍ਰੋ: ਸਾਹਿਬ ਤੋਂ ਵਿਸ਼ਵ ਸਿੱਖ ਕੌਂਸਲ ਦਾ ਹਿਸਾਬ ਮੰਗ ਲੈਣ 'ਤੇ ਤੁਹਾਨੂੰ ਏਨਾ ਦੁੱਖ ਕਿਉਂ ਹੋਇਆ? ਤੁਹਾਡੇ ਲਿਖਣ ਅਨੁਸਾਰ, ਮੇਰੀ ਸਮਝ ਅਨੁਸਾਰ ਉਨ੍ਹਾਂ ਵਲੋਂ (ਪ੍ਰੋ: ਸਾਹਿਬ) ਚੇਅਰਮੈਨ ਦੇ ਅਹੁਦੇ ਤੋਂ ਅਸਤੀਫਾ ਦੇਣ ਤੋਂ ਬਾਅਦ ਸਭ ਕੁਝ ਠੀਕ-ਠਾਕ ਹੋ ਚੁੱਕਾ ਹੈ। ਜੇ ਮੈਂ ਅੱਠ ਮਹੀਨੇ (ਪ੍ਰੋ: ਸਾਹਿਬ ਵਲੋਂ ਅਸਤੀਫਾ ਦੇਣ ਤੋਂ ਬਾਅਦ) ਪ੍ਰੋ: ਸਾਹਿਬ ਤੋਂ ਕੌਂਸਲ ਦਾ ਹਿਸਾਬ-ਕਿਤਾਬ ਨਹੀਂ ਮੰਗਿਆ ਤਾਂ ਸਭ ਕੁਝ ਠੀਕ-ਠਾਕ ਸੀ। ਪਰ ਅੱਜ ਮੈਂ ਉਨ੍ਹਾਂ ਤੋਂ ਵਿਸ਼ਵ ਸਿੱਖ ਕੌਂਸਲ ਦਾ ਚਿੱਠੀ ਲਿਖ ਕੇ ਹਿਸਾਬ ਮੰਗ ਲਿਆ ਹੈ ਤਾਂ ਇਹ ਸਭ ਕੁਝ ਤੁਹਾਡੇ ਲਈ ਏਨਾ ਦੁਖਦਾਇਕ ਕਿਉਂ ਹੋ ਗਿਆ ਹੈ?

ਜੇ ਪੰਥ ਦੇ ਪੈਸੇ ਜ਼ਿੰਮੇਵਾਰ ਸ਼ਖ਼ਸੀਅਤ, ਜਿਹੜੀ ਪੈਸੇ ਦੇਣ ਤੋਂ ਮੁੱਕਰ ਜਾਵੇ, ਉਸ ਤੋਂ ਚਿੱਠੀ ਪਾ ਕੇ ਪੰਥ ਦੀ ਅਮਾਨਤ ਵਾਪਸ ਮੰਗਣੀ, ਉਨ੍ਹਾਂ ਦੀ ਪਦਵੀ ਅਤੇ ਮਾਨ-ਸਨਮਾਨ ਦੇ ਅਨੁਕੂਲ ਨਹੀਂ ਜਾਂਦੀ ਤਾਂ ਫਿਰ ਤੁਹਾਡੇ ਖਿਆਲ ਅਨੁਸਾਰ ਉਨ੍ਹਾਂ ਦਾ ਮਾਨ-

ਸਨਮਾਨ ਰੱਖ ਕੇ ਪੰਥ ਦਾ ਪੈਸਾ ਕਿਸ ਵਿਧੀ ਨਾਲ ਵਸੂਲ ਕੀਤਾ ਜਾਵੇ, ਕੀ ਤੁਸੀਂ ਦੱਸਣ ਦੀ ਕ੍ਰਿਪਾ ਕਰੋਗੇ?

ਗਿਆਨੀ ਜੀ ਬੜੀ ਨਿਮਰਤਾ ਨਾਲ ਅਰਜ਼ ਕਰਾਂ ਕਿ ਪ੍ਰੋ: ਸਾਹਿਬ ਨੂੰ ਬਤੌਰ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਿੱਖ ਸੰਗਤਾਂ ਨੇ ਵਿਸ਼ਵਾਸ ਕਰਕੇ ਵਿਸ਼ਵ ਸਿੱਖ ਕੌਂਸਲ ਲਈ ਲੱਖਾਂ ਰੁਪੈ ਦਿੱਤੇ (ਜਿਸ ਦੇ ਮੇਰੇ ਪਾਸ ਸਬੂਤ ਹਨ) ਅਤੇ ਪ੍ਰੋ: ਸਾਹਿਬ ਨੇ ਬਤੌਰ ਵਿਸ਼ਵ ਸਿੱਖ ਕੌਂਸਲ ਦੇ ਸਰਪ੍ਰਸਤ ਅਤੇ ਚੇਅਰਮੈਨ ਦੇ ਹਾਸਲ ਕੀਤੇ। ਉਹ ਪੈਸੇ ਬਤੌਰ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸਰਪ੍ਰਸਤ ਵਿਸ਼ਵ ਸਿੱਖ ਕੌਂਸਲ ਦੇ ਮੈਂ ਮੰਗਾਂ ਤਾਂ ਤੁਹਾਡੇ ਅੰਦਰ ਅਜੀਬ ਜਿਹੀ ਪੀੜਾ ਕਿਉਂ ਜਨਮ ਲਵੇ? ਉਹ ਵੀ ਉਸ ਸਮੇਂ ਜਦੋਂ ਮਾਨ-ਸਨਮਾਨ ਵਾਲੀ ਸ਼ਖ਼ਸੀਅਤ ਪੰਥ ਦੀ ਅਮਾਨਤ ਦੇਣ ਤੋਂ ਮੁੱਕਰ ਜਾਵੇ।

ਤੁਹਾਡੀ ਲਿਖਤ ਅਨੁਸਾਰ ਸਵਾਲ ਨੰਬਰ (ਅ) ਅਨੁਸਾਰ ਮੈਂ ਤੁਹਾਨੂੰ ਹੀ ਸਵਾਲ ਕਰਦਾ ਹਾਂ ਕਿ ਕੌਮ ਨਾਲ ਸਬੰਧਤ ਸਭ ਪ੍ਰਕਾਰ ਦੇ ਮਸਲੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਵਿਚਾਰਨ ਤੋਂ ਪਹਿਲਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਧਾਰਮਿਕ ਸਲਾਹਕਾਰ ਕਮੇਟੀ ਨੂੰ ਰਾਏ ਲਈ ਸੌਂਪੇ ਜਾਂਦੇ ਹਨ ਤਾਂ ਤੁਸੀਂ ਡਾ: ਦਰਸ਼ਨ ਸਿੰਘ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਕਿਉਂ ਲੈ ਕੇ ਆਏ? ਮੇਰੇ ਕਹਿਣ ਦੇ ਬਾਵਜੂਦ ਵੀ ਡਾ: ਦਰਸ਼ਨ ਸਿੰਘ ਨੂੰ ਸੁਣਨ ਲਈ ਤੁਸੀਂ ਮੈਨੂੰ ਕਿਉਂ ਮਜਬੂਰ ਕੀਤਾ?

ਇਸ ਤੋਂ ਇਲਾਵਾ ਮਿਸ਼ਨਰੀ ਪ੍ਰਚਾਰਕ 'ਲਾਵਾਂ' ਨਾਲ ਸਬੰਧਤ ਮਸਲੇ 'ਤੇ ਸ੍ਰੀ ਅਕਾਲ ਤਖ਼ਤ ਸਾਹਿਬ ਲਿਆ ਕੇ ਮੇਰੇ ਸਾਹਮਣੇ ਕਿਉਂ ਬਿਠਾਏ ਅਤੇ ਉਨ੍ਹਾਂ ਨੂੰ ਸੁਣਨ ਲਈ ਤੁਸਾਂ ਮੈਨੂੰ ਬਾਰ-ਬਾਰ ਕਿਉਂ ਮਜਬੂਰ ਕੀਤਾ? 25 ਜੁਲਾਈ 1998 ਨੂੰ ਵੀ ਕੁਝ ਮਿਸ਼ਨਰੀ ਪ੍ਰਚਾਰਕਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਲਿਆ ਕੇ ਮੇਰੇ ਸਾਹਮਣੇ ਬਿਠਾਉਣ ਦਾ ਕਾਰਨ ਦੱਸਣ ਦੀ ਖੇਚਲ ਕਰੋ, ਜਦੋਂ ਕਿ ਆਪ ਨੂੰ ਮਰਯਾਦਾ ਦਾ ਪਤਾ ਹੈ ਤਾਂ ਤੁਸੀਂ ਇਸ ਦਾ ਬਾਰ-ਬਾਰ ਉਲੰਘਣ ਕਿਉਂ ਕੀਤਾ?

ਤੁਹਾਡੇ ਵਲੋਂ ਕੀਤੇ ਸਵਾਲ (ੲ) ਦੇ ਜਵਾਬ ਵਿਚ, ਜਿਸ ਵਿਚ ਤੁਸਾਂ ਮੇਰੇ 'ਤੇ ਆਰੋਪ ਲਾਉਂਦਿਆਂ ਲਿਖਿਆ ਹੈ ਕਿ ਪਿਛਲੇ ਕੁਝ ਸਮੇਂ ਤੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਾਨ ਮਰਯਾਦਾ ਨੂੰ ਨਿਭਾਉਣ ਵਿਚ ਅਵੇਸਲਾਪਣ ਆ ਰਿਹਾ ਹੈ, ਜਿਸ ਤੋਂ ਸਾਫ਼ ਜ਼ਾਹਿਰ ਹੈ ਕਿ ਤੁਸੀਂ ਇਹ ਕਹਿਣਾ ਚਾਹੁੰਦੇ ਹੋ ਕਿ ਜਦੋਂ ਤੋਂ ਮੈਂ ਇਹ ਸੇਵਾ ਸੰਭਾਲੀ ਹੈ ਉਦੋਂ ਤੋਂ ਖਾਲਸਾ ਪੰਥ ਦੀ ਪੰਚ-ਪ੍ਰਧਾਨੀ ਮਰਯਾਦਾ ਦਾ ਪਾਲਣ ਨਹੀਂ ਹੋ ਰਿਹਾ ਪਰ ਕੀ ਇਸ ਤੋਂ ਪਹਿਲਾਂ ਹੋ ਰਿਹਾ ਸੀ?

ਮਾਨਯੋਗ ਗਿਆਨੀ ਜੀ ਤੁਸੀਂ ਦੱਸਣ ਦੀ ਖੇਚਲ ਕਰੋਗੇ ਕਿ ਮੇਰੇ ਤੋਂ ਪਹਿਲਾਂ ਪ੍ਰੋ: ਸਾਹਿਬ ਦੇ ਨਾਲ ਸੇਵਾ ਕਾਲ ਵਿਚ :

-ਜਦੋਂ ਵਿਸਮਾਦ-ਨਾਦ ਮਸਲਾ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਆਇਆ;

ਕੀ ਉਸ ਸਮੇਂ ਖਾਲਸਾ ਪੰਥ ਦੀ ਪੰਚ-ਪ੍ਰਧਾਨੀ ਮਰਯਾਦਾ ਦਾ ਪਾਲਣ ਹੋਇਆ?

-ਜਦੋਂ ਪਸ਼ੌਰਾ ਸਿੰਘ, ਪਿਆਰ ਸਿੰਘ ਦਾ ਮਸਲਾ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਪੇਸ਼ ਹੋਇਆ;

ਕੀ ਉਦੋਂ ਖਾਲਸਾ ਪੰਥ ਦੀ ਪੰਚ-ਪ੍ਰਧਾਨੀ ਮਰਯਾਦਾ ਦਾ ਪਾਲਣ ਹੋਇਆ?

-ਜਦੋਂ ਸੰਤ (ਸਿਪਾਹੀ) ਦੇ ਐਡੀਟਰ ਦਾ ਮਸਲਾ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਪੇਸ਼ ਹੋਇਆ;

ਕੀ ਉਦੋਂ ਖਾਲਸਾ ਪੰਥ ਦੀ ਪੰਚ-ਪ੍ਰਧਾਨੀ ਮਰਯਾਦਾ ਦਾ ਪਾਲਣ ਹੋਇਆ?

-ਜਦੋਂ ਮਹੰਤ ਮਨਜੀਤ ਸਿੰਘ ਜੰਮੂ ਦਾ ਕੇਸ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਆਇਆ;

ਕੀ ਉਦੋਂ ਖਾਲਸਾ ਪੰਥ ਦੀ ਪੰਚ-ਪ੍ਰਧਾਨੀ ਮਰਯਾਦਾ ਦਾ ਪਾਲਣ ਹੋਇਆ?

-ਜਦੋਂ ਸ: ਰਣਜੀਤ ਸਿੰਘ ਛੱਜਲਵੱਡੀ, ਸ: ਰਣਜੀਤ ਸਿੰਘ ਬ੍ਰਹਮਪੁਰੇ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦਾ ਮਸਲਾ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਆਇਆ;

ਕੀ ਉਦੋਂ ਖਾਲਸਾ ਪੰਥ ਦੀ ਪੰਚ-ਪ੍ਰਧਾਨੀ ਮਰਯਾਦਾ ਦਾ ਪਾਲਣ ਹੋਇਆ?

-ਜਦੋਂ ਪੰਥਕ ਏਕਤਾ ਲਈ ਬਾਦਲ ਸਾਹਿਬ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਬੁਲਾਇਆ;

ਕੀ ਉਦੋਂ ਖਾਲਸਾ ਪੰਥ ਦੀ ਪੰਚ-ਪ੍ਰਧਾਨੀ ਮਰਯਾਦਾ ਦਾ ਪਾਲਣ ਹੋਇਆ?

-ਜਦੋਂ ਚਤਰ ਸਿੰਘ ਜੀਵਨ ਸਿੰਘ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦਾ ਮਸਲਾ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਆਇਆ;

ਕੀ ਉਦੋਂ ਖਾਲਸਾ ਪੰਥ ਦੀ ਪੰਚ-ਪ੍ਰਧਾਨੀ ਮਰਯਾਦਾ ਦਾ ਪਾਲਣ ਹੋਇਆ?

-ਜਦੋਂ ਸਿੱਖ ਬੀਬੀਆਂ ਨੂੰ ਉਨ੍ਹਾਂ ਦਾ ਹੱਕ ਦਿਵਾਉਣ ਲਈ ਪ੍ਰੋ: ਸਾਹਿਬ ਵਲੋਂ ਸ੍ਰੀ ਦਰਬਾਰ ਸਾਹਿਬ ਅੰਦਰ ਲੈ ਜਾਣ ਦੀ ਕੋਸ਼ਿਸ਼ ਹੋਈ;

ਕੀ ਉਦੋਂ ਖਾਲਸਾ ਪੰਥ ਦੀ ਪੰਚ-ਪ੍ਰਧਾਨੀ ਮਰਯਾਦਾ ਦਾ ਪਾਲਣ ਹੋਇਆ?

-ਜਦੋਂ ਅੰਮ੍ਰਿਤਸਰ ਐਲਾਨਨਾਮੇ ਦਾ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਹੁਕਮ ਹੋਇਆ;

ਕੀ ਉਦੋਂ ਖਾਲਸਾ ਪੰਥ ਦੀ ਪੰਚ-ਪ੍ਰਧਾਨੀ ਮਰਯਾਦਾ ਦਾ ਪਾਲਣ ਹੋਇਆ?

ਅਗਰ ਕਿਤੇ ਹੋਇਆ ਹੈ ਤਾਂ ਉਨ੍ਹਾਂ ਦਾ ਨਤੀਜਾ ਦੱਸਣ ਦੀ ਖੇਚਲ ਕਰਨੀ।

ਮਾਨਯੋਗ ਗਿਆਨੀ ਜੀ ਸੱਚੀ ਗੱਲ ਤਾਂ ਇਹ ਹੈ ਕਿ ਪ੍ਰੋ: ਸਾਹਿਬ ਤੇ ਤੁਹਾਡੇ ਸੇਵਾ ਕਾਲ ਤੋਂ ਲੈ ਕੇ ਮੇਰੀ ਸੇਵਾ ਦੇ ਸ਼ੁਰੂ ਹੋਣ ਤੱਕ ਤੁਹਾਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਮੱਥਾ ਟੇਕਣਾ ਹੀ ਨਸੀਬ ਨਹੀਂ ਹੋਇਆ। ਤੁਹਾਡੀ ਪੰਚ-ਪ੍ਰਧਾਨੀ ਮਰਯਾਦਾ ਭਾਈ ਗੁਰਦਾਸ ਹਾਲ ਦੇ ਕਮਰਿਆਂ ਤਕ ਹੀ ਸੀਮਤ ਰਹੀ। ਇਕ ਸਚਾਈ ਹੋਰ ਵੀ ਹੈ ਕਿ ਜੋ ਕੁਝ ਤੁਸੀਂ ਮੈਨੂੰ ਲਿਖ ਕੇ ਭੇਜਿਆ ਹੈ, ਅਸਲ ਵਿਚ ਨਾ ਤਾਂ ਤੁਸਾਂ ਲਿਖਿਆ ਹੈ ਅਤੇ ਨਾ ਹੀ ਪੜ੍ਹਿਆ ਹੈ, ਉਹ ਪਟਿਆਲੇ ਵਿਚ ਹੀ ਲਿਖਿਆ ਗਿਆ ਹੈ ਅਤੇ ਪਟਿਆਲੇ ਵਿਚੋਂ ਹੀ ਪੋਸਟ ਹੋ ਕੇ ਮੇਰੇ ਤੱਕ ਪੁੱਜਾ ਹੈ।

ਅਖੀਰ 'ਤੇ ਮੇਰੀ ਤੁਹਾਨੂੰ ਹੱਥ ਜੋੜ ਕੇ ਬੇਨਤੀ ਹੈ ਕਿ ਤੁਸੀਂ ਤਖ਼ਤ ਸਾਹਿਬ ਦੇ ਜਥੇਦਾਰ ਹੋ। ਤੁਹਾਨੂੰ ਅਗਰ ਕੋਈ ਸ਼ੰਕਾ ਹੈ ਤਾਂ ਤੁਸੀਂ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਬੈਠ ਕੇ ਮੇਰੇ ਨਾਲ ਵਿਚਾਰ ਕਰ ਸਕਦੇ ਹੋ। ਤੁਸੀਂ ਧਿਰ ਨਾ ਬਣੋ ਅਤੇ ਨਾ ਹੀ ਕੋਈ ਧੜਾ ਬਣਾਓ। ਤੁਹਾਡੀ ਚਿੱਠੀ ਤੋਂ ਸਪੱਸ਼ਟ ਹੈ ਕਿ ਤੁਸੀਂ ਮੇਰੇ 'ਤੇ ਪ੍ਰਭਾਵ ਪਾਉਣ ਲਈ ਪ੍ਰੋ: ਸਾਹਿਬ ਦੀ ਹਮਾਇਤ ਕਰ ਰਹੇ ਹੋ। ਅਗਰ ਤੁਸੀਂ ਵਾਕਿਆ ਹੀ ਸੁਹਿਰਦ ਹੁੰਦੇ ਤਾਂ ਤੁਹਾਡੇ ਅੰਦਰ ਉਸ

ਸਮੇਂ ਵੀ ਪੀੜ ਹੁੰਦੀ ਜਿਸ ਸਮੇਂ ਪ੍ਰੋ: ਸਾਹਿਬ ਨੇ ਆਪਣੇ ਸੱਜੇ ਹੱਥ ਗਿਆਨੀ ਬਚਿੱਤਰ ਸਿੰਘ ਐਡਵੋਕੇਟ ਚੰਡੀਗੜ੍ਹ ਅਤੇ ਖੱਬੇ ਹੱਥ ਜਸਵੰਤ ਸਿੰਘ ਮਾਨ ਤੋਂ ਮੇਰੇ (ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ) ਅਤੇ ਜਸਟਿਸ ਕੁਲਦੀਪ ਸਿੰਘ ਵਿਰੁੱਧ ਅਦਾਲਤ ਵਿਚ ਵਿਸ਼ਵ ਸਿੱਖ ਕੌਂਸਲ ਹਥਿਆਉਣ ਲਈ ਕੇਸ ਕਰਵਾਇਆ ਅਤੇ ਮੇਰੇ ਅਦਾਲਤ ਵਲੋਂ ਵਾਰੰਟ ਜਾਰੀ ਕਰਵਾਏ। ਮੈਂ ਵੀ ਮਾਨ-ਸਨਮਾਨ ਵਾਲੀ ਪਦਵੀ 'ਤੇ ਹਾਂ। ਪਰ ਉਸ ਸਮੇਂ ਤੁਹਾਨੂੰ ਦੁੱਖ ਨਾ ਹੋਇਆ। ਫਿਰ ਵੀ ਮੈਂ ਤੁਹਾਨੂੰ ਬੇਨਤੀ ਕਰਾਂਗਾ ਕਿ ਤੁਸੀਂ ਸੁਹਿਰਦ ਹੋ ਕੇ ਖਾਲਸਾ ਪੰਥ ਦੀ ਪੰਚ-ਪ੍ਰਧਾਨੀ ਮਰਯਾਦਾ ਦਾ ਪਾਲਣ ਕਰੋ।

ਧੰਨਵਾਦ ਸਹਿਤ,

ਗੁਰੂ ਪੰਥ ਦਾ ਦਾਸ,

*(ਰਣਜੀਤ ਸਿੰਘ)*

ਜਥੇਦਾਰ, ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ।

***

## ਸਿੰਘ ਸਾਹਿਬ ਦੇ ਪਰਿਵਾਰ ਨੇ ਦਾਜ ਦੇ ਬਦਲੇ ਚਾਰ ਲੱਖ ਰੁਪਏ ਲਏ?

ਬਠਿੰਡਾ, 22 ਮਈ (ਸਟਾਫ ਰਿਪੋਰਟਰ)-ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਦੇ ਜਥੇਦਾਰ ਗਿਆਨੀ ਕੇਵਲ ਸਿੰਘ ਦੀ ਨੂੰਹ ਸ਼ਰਨਜੀਤ ਕੌਰ (20) ਦੀ, 18 ਮਈ ਨੂੰ ਹੋਈ ਭੇਦਭਰੀ ਮੌਤ ਦੀ ਘਟਨਾ ਨੇ ਅੱਜ ਉਸ ਸਮੇਂ ਨਵਾਂ ਮੋੜ ਲੈ ਲਿਆ, ਜਦੋਂ ਮ੍ਰਿਤਕ ਦੇ ਭਰਾ ਸ: ਅਮਰਜੀਤ ਸਿੰਘ ਸੰਧੂ ਨੇ ਪੁਲਿਸ ਅਧਿਕਾਰੀਆਂ ਨੂੰ ਇਕ ਲਿਖਤੀ ਸ਼ਿਕਾਇਤ ਰਾਹੀਂ ਦੋਸ਼ ਲਾਇਆ ਕਿ ਉਸ ਦੀ ਭੈਣ ਦੀ ਮੌਤ ਲਈ ਗਿਆਨੀ ਕੇਵਲ ਸਿੰਘ, ਉਨ੍ਹਾਂ ਦੀ ਮੂੰਹ ਬੋਲੀ ਭੈਣ 'ਬੇਜੀ' ਅਤੇ ਉਨ੍ਹਾਂ ਦਾ ਲੜਕਾ ਬਲਜਿੰਦਰ ਸਿਘ ਜ਼ਿੰਮੇਵਾਰ ਹਨ, ਇਸ ਲਈ ਉਨ੍ਹਾਂ ਦੇ ਖਿਲਾਫ ਕਾਨੂੰਨੀ ਕਾਰਵਾਈ ਕੀਤੀ ਜਾਵੇ।

ਆਪਣੀ ਸ਼ਿਕਾਇਤ ਵਿਚ ਸ: ਅਮਰਜੀਤ ਸਿੰਘ ਨੇ ਤਲਵੰਡੀ ਸਾਬੋ ਦੇ ਪੁਲਿਸ ਅਧਿਕਾਰੀਆਂ 'ਤੇ ਦੋਸ਼ ਲਾਇਆ ਕਿ ਉਹ 19 ਮਈ ਤੋਂ ਲਗਾਤਾਰ ਤਲਵੰਡੀ ਸਾਬੋ ਦੇ ਥਾਣਾ ਪ੍ਰਬੰਧਕ ਅਤੇ ਉਪ ਪੁਲਿਸ ਕਪਤਾਨ ਤਲਵੰਡੀ ਸਾਬੋ ਪਾਸ ਉਕਤ ਘਟਨਾ ਦੇ ਸਬੰਧ ਵਿਚ ਮੁਕੱਦਮਾ ਦਰਜ ਕਰਨ ਲਈ ਜਾਂਦੇ ਰਹੇ ਪਰ ਉਨ੍ਹਾਂ ਦੀ ਉਥੇ ਪੁਲਿਸ ਅਧਿਕਾਰੀਆਂ ਨੇ ਕੋਈ ਸੁਣਵਾਈ ਨਹੀਂ ਕੀਤੀ।

ਆਪਣੀ ਸ਼ਿਕਾਇਤ ਵਿਚ ਸ: ਅਮਰਜੀਤ ਸਿੰਘ ਨੇ ਦੋਸ਼ ਲਾਇਆ ਕਿ ਦਹੇਜ ਘੱਟ ਲਿਆਉਣ ਦਾ ਬਹਾਨਾ ਬਣਾ ਕੇ ਉਸ ਦੀ ਮ੍ਰਿਤਕ ਭੈਣ ਨੂੰ ਕਥਿਤ ਤੌਰ 'ਤੇ ਤੰਗ ਪ੍ਰੇਸ਼ਾਨ ਕਰਨ ਤੋਂ ਇਲਾਵਾ ਤਸ਼ੱਦਦ ਦਾ ਸ਼ਿਕਾਰ ਵੀ ਬਣਾਇਆ ਗਿਆ।

ਸ਼ਿਕਾਇਤ ਅਨੁਸਾਰ ਜਨਵਰੀ, 1996 ਦੇ ਪਹਿਲੇ ਹਫਤੇ ਗਿਆਨੀ ਕੇਵਲ ਸਿੰਘ, ਉਸ ਦੀ ਮੂੰਹ ਬੋਲੀ ਭੈਣ 'ਬੇਜੀ' ਅਤੇ ਉਨ੍ਹਾਂ ਦਾ ਲੜਕਾ ਬਲਵਿੰਦਰ ਸਿੰਘ ਉਨ੍ਹਾਂ ਦੇ ਘਰ ਸਿਰਸਾ ਆਏ ਤੇ ਪਰਿਵਾਰ ਦੇ ਮੈਂਬਰਾਂ ਨੂੰ ਕਿਹਾ ਕਿ ਸਰਬਜੀਤ ਕੌਰ ਅਤੇ ਬਲਜਿੰਦਰ ਸਿੰਘ ਦੀ ਸ਼ਾਦੀ ਸਿਰਸਾ ਦੀ ਥਾਂ ਤਲਵੰਡੀ ਸਾਬੋ ਹੀ ਕੀਤੀ ਜਾਵੇ। ਇਸ ਤੋਂ ਇਲਾਵਾ ਉਨ੍ਹਾਂ ਇਹ ਵੀ ਕਿਹਾ ਕਿ ਸਿਰਫ ਲੜਕੀ ਦੇ ਗਹਿਣੇ ਅਤੇ ਕੱਪੜੇ ਵਗੈਰਾ ਹੀ ਬਣਾਉਣੇ, ਬਾਕੀ ਦਾ ਸਮਾਨ ਜਿਸ ਵਿਚ ਕਾਰ (ਏ.ਸੀ.), ਫਰਿੱਜ ਅਤੇ ਹੋਰ ਘਰੇਲੂ ਸਾਮਾਨ ਬਦਲੇ ਉਨ੍ਹਾਂ ਨੂੰ

4 ਲੱਖ ਰੁਪਏ ਨਕਦ ਅੱਜ ਹੀ ਜਾਂ ਸ਼ਾਦੀ ਤੋਂ ਪਹਿਲਾਂ ਹੀ ਦੇ ਦਿੱਤੇ ਜਾਣ। ਜਿਸ 'ਤੇ ਉਨ੍ਹਾਂ ਦੇ ਪਰਿਵਾਰ ਵੱਲੋਂ ਕਿਹਾ ਗਿਆ ਕਿ ਪਹਿਲਾਂ ਤਾਂ ਦਹੇਜ ਦੀ ਕੋਈ ਗੱਲ ਨਹੀਂ ਹੋਈ, ਜਿਸ 'ਤੇ ਗਿਆਨੀ ਕੇਵਲ ਸਿੰਘ ਨੇ ਕਿਹਾ ਕਿ ਉਹ ਜਿਸ ਅਹੁਦੇ ਅਤੇ ਹੈਸੀਅਤ ਦੇ ਮਾਲਕ ਹਨ, ਸ਼ਰੇਆਮ ਦਹੇਜ ਨਹੀਂ ਲੈ ਸਕਦੇ। ਇਸ 'ਤੇ ਪਰਿਵਾਰ ਦੇ ਮੈਂਬਰਾਂ ਸਲਾਹ-ਮਸ਼ਵਰਾ ਕਰਕੇ ਲੜਕੀ ਦੇ ਭਵਿੱਖ ਨੂੰ ਦੇਖ ਕੇ 4 ਲੱਖ ਰੁਪਏ ਦੇਣੇ ਮੰਨ ਲਏ, ਜੋ ਸ਼ਾਦੀ ਤੋਂ 2-3 ਦਿਨ ਪਹਿਲਾਂ ਦੇ ਦਿੱਤੇ ਗਏ।

ਸ: ਅਮਰਜੀਤ ਸਿੰਘ ਨੇ ਆਪਣੀ ਸ਼ਿਕਾਇਤ ਵਿਚ ਦੋਸ਼ ਲਾਇਆ ਕਿ ਸ਼ਾਦੀ ਤੋਂ 3-4 ਮਹੀਨਿਆਂ ਬਾਅਦ ਉਸ ਦੀ ਭੈਣ ਸਰਬਜੀਤ ਕੌਰ ਨੂੰ ਗਿਆਨੀ ਕੇਵਲ ਸਿੰਘ, ਉਸ ਦੀ ਮੂੰਹ ਬੋਲੀ ਭੈਣ 'ਬੇਜੀ' ਅਤੇ ਲੜਕੇ ਬਲਜਿੰਦਰ ਸਿੰਘ ਨੇ ਕਥਿਤ ਤੌਰ 'ਤੇ ਤੰਗ ਤੇ ਪ੍ਰੇਸ਼ਾਨ ਕਰਨਾ ਸ਼ੁਰੂ ਕਰ ਦਿੱਤਾ ਅਤੇ 2 ਲੱਖ ਰੁਪਏ ਦੀ ਮੰਗ ਕਰਨੀ ਸ਼ੁਰੂ ਕਰ ਦਿੱਤੀ। ਪਹਿਲਾਂ ਤਾਂ ਉਸ ਦੀ ਭੈਣ ਨੇ ਇਸ ਬਾਰੇ ਕੁਝ ਨਾ ਦੱਸਿਆ ਪਰ ਜਦੋਂ ਤਸ਼ੱਦਦ ਕੁੱਟਮਾਰ ਸ਼ੁਰੂ ਹੋ ਗਈ ਤਾਂ ਸਮੇਂ-ਸਮੇਂ ਸਿਰਸਾ ਆਉਣ ਸਮੇਂ ਜਾਂ ਉਨ੍ਹਾਂ ਦੇ ਪਰਿਵਾਰਕ ਮੈਂਬਰ ਤਲਵੰਡੀ ਸਾਬੋ ਜਾਂਦੇ, ਉਸ ਨੇ ਇਸ ਬਾਰੇ ਦੱਸਿਆ।

ਸ਼ਿਕਾਇਤ ਅਨੁਸਾਰ 11 ਮਈ ਨੂੰ ਲੜਕੀ ਸ਼ਰਨਜੀਤ ਕੌਰ ਸਿਰਸਾ ਆਈ ਅਤੇ ਰੋ-ਰੋ ਕੇ ਦੱਸਿਆ ਕਿ ਉਸ ਦਾ ਸਹੁਰਾ ਪਰਿਵਾਰ ਉਸ ਨੂੰ ਬਹੁਤ ਜ਼ਿਆਦਾ ਤੰਗ ਪ੍ਰੇਸ਼ਾਨ ਕਰਨ ਲੱਗ ਪਏ ਹਨ ਅਤੇ ਕਥਿਤ ਤੌਰ 'ਤੇ ਕਹਿੰਦੇ ਹਨ ਕਿ ਜੇ 2 ਲੱਖ ਰੁਪਏ ਨਾ ਲੈ ਕੇ ਆਈ ਤਾਂ ਤੈਨੂੰ ਘਰ ਵਿਚ ਦਾਖਲ ਨਹੀਂ ਹੋਣ ਦਿਆਂਗੇ। ਇਹ ਵੀ ਦੋਸ਼ ਹੈ ਕਿ 13 ਮਈ ਨੂੰ ਸ਼ਰਨਜੀਤ ਕੌਰ ਦਾ ਪਤੀ ਬਲਜਿੰਦਰ ਸਿੰਘ ਸਿਰਸਾ ਉਨ੍ਹਾਂ ਦੇ ਘਰ ਆਇਆ ਤੇ 2 ਲੱਖ ਰੁਪਏ ਦੀ ਮੰਗ ਕੀਤੀ ਅਤੇ ਧਮਕੀ ਦਿੱਤੀ ਕਿ ਜੇ ਉਨ੍ਹਾਂ ਦੀ ਮੰਗ ਪੂਰੀ ਨਾ ਹੋਈ ਤਾਂ ਉਹ ਲੜਕੀ ਨੂੰ ਆਪਣੇ ਘਰ ਨਹੀਂ ਲੈ ਕੇ ਜਾਵੇਗਾ, ਜਿਸ 'ਤੇ ਉਸ ਨੂੰ 50,000 ਰੁਪਏ ਦੇ ਕੇ ਕਿਹਾ ਗਿਆ ਕਿ ਬਾਕੀ ਦੀ ਰਕਮ 5-7 ਦਿਨਾਂ ਤੱਕ ਪਹੁੰਚਾ ਦਿੱਤੀ ਜਾਵੇਗੀ, ਜਿਸ 'ਤੇ ਸ਼ਰਨਜੀਤ ਕੌਰ ਤੇ ਉਹ ਸਿਰਸਾ ਤੋਂ ਤਲਵੰਡੀ ਸਾਬੋ ਆ ਗਏ।

ਉਸ ਨੇ ਕਿਹਾ ਕਿ 18 ਮਈ ਨੂੰ ਸਵੇਰੇ ਸ਼ਰਨਜੀਤ ਕੌਰ ਦਾ ਤਲਵੰਡੀ ਸਾਬੋ ਤੋਂ ਸਿਰਸਾ ਫੋਨ ਆਇਆ ਜੋ ਉਸ ਦੀ ਪਤਨੀ ਮਨਜੀਤ ਕੌਰ ਨੇ ਸੁਣਿਆ, ਜਿਸ 'ਤੇ ਉਸ ਨੇ ਕਿਹਾ ਕਿ ਬਾਕੀ ਪੈਸੇ ਲੈ ਕੇ ਕਿਉਂ ਨਹੀਂ ਆਏ, ਉਸ ਨੂੰ ਦੱਸਿਆ ਗਿਆ ਕਿ ਉਹ ਜਲਦੀ ਹੀ ਪੈਸੇ ਭੇਜ ਰਹੇ ਹਨ, ਜਿਸ 'ਤੇ ਸ਼ਰਨਜੀਤ ਕੌਰ ਨੇ ਕਿਹਾ ਕਿ ਉਹ ਬਹੁਤ ਪ੍ਰੇਸ਼ਾਨ ਹੈ। ਉਸੇ ਦਿਨ ਸ਼ਾਮ ਨੂੰ ਗਿਆਨੀ ਕੇਵਲ ਸਿੰਘ ਦੀ ਮੂੰਹ ਬੋਲੀ ਭੈਣ 'ਬੇਜੀ' ਨੇ ਉਨ੍ਹਾਂ ਨੂੰ ਫੋਨ ਕੀਤਾ ਕਿ ਸ਼ਰਨਜੀਤ ਕੌਰ ਦੀ ਤਬੀਅਤ ਖਰਾਬ ਹੈ, ਇਸ 'ਤੇ ਜਦੋਂ ਉਹ ਰਾਤ 9 ਵਜੇ ਤਲਵੰਡੀ ਸਾਬੋ ਪਹੁੰਚੇ ਤਾਂ ਪਤਾ ਲੱਗਿਆ ਕਿ ਸ਼ਰਨਜੀਤ ਕੌਰ ਦੀ ਮੌਤ ਹੋ ਗਈ ਹੈ। ਉਸ ਨੇ ਕਿਹਾ ਕਿ ਗਿਆਨੀ ਕੇਵਲ ਸਿੰਘ ਨੇ ਲੜਕੀ ਦੀ ਮੌਤ ਦੇ ਬਾਰੇ ਉਨ੍ਹਾਂ ਨੂੰ ਕੁਝ ਨਹੀਂ ਦੱਸਿਆ। ਉਨ੍ਹਾਂ ਦੋਸ਼ ਲਾਇਆ ਕਿ ਲੜਕੀ ਦੀ ਮੌਤ ਸਬੰਧੀ ਗਿਆਨੀ ਕੇਵਲ ਸਿੰਘ ਪੁਲਿਸ ਤੇ ਲੋਕਾਂ ਨੂੰ ਗੁੰਮਰਾਹ ਕਰ ਰਹੇ ਹਨ।

ਆਪਣੀ ਸ਼ਿਕਾਇਤ ਦੀ ਨਕਲ ਪ੍ਰੈਸ ਕਾਨਫਰੰਸ ਵਿਚ ਜਾਰੀ ਕਰਦਿਆਂ ਸ: ਅਮਰਜੀਤ ਸਿੰਘ ਨੇ ਕਿਹਾ ਕਿ ਉਨ੍ਹਾਂ ਨੇ ਪੰਜਾਬ ਦੇ ਮੁੱਖ ਮੰਤਰੀ, ਪੰਜਾਬ ਪੁਲਿਸ ਦੇ ਮੁਖੀ

ਅਤੇ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਚੀਫ ਜਸਟਿਸ ਨੂੰ ਇਸ ਸ਼ਿਕਾਇਤ ਦੀਆਂ ਕਾਪੀਆਂ ਭੇਜੀਆਂ ਹਨ, ਜੇ ਪੁਲਿਸ ਨੇ ਇਸ ਦੇ ਬਾਵਜੂਦ ਕੇਸ ਦਰਜ ਨਾ ਕੀਤਾ ਤਾਂ ਉਹ ਹਾਈਕੋਰਟ ਵਿਚ ਇਨਸਾਫ ਲਈ ਜਾਵੇਗਾ।

**ਟੌਹੜਾ ਵੱਲੋਂ ਟਿੱਪਣੀ ਤੋਂ ਇਨਕਾਰ:** ਏਸੇ ਦੌਰਾਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੇ ਸ਼ਰਨਜੀਤ ਕੌਰ ਦੀ ਮੌਤ ਸਬੰਧੀ ਪੈਦਾ ਹੋਏ ਵਿਵਾਦ 'ਤੇ ਕੋਈ ਵੀ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾ। ਰਾਮਪੁਰਾ ਫੂਲ ਵਿਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ: ਟੌਹੜਾ ਨੇ ਕਿਹਾ ਕਿ ਉਨ੍ਹਾਂ ਨੂੰ ਇਸ ਬਾਰੇ ਕੋਈ ਜਾਣਕਾਰੀ ਨਹੀਂ ਹੈ, ਉਹ ਨਹੀਂ ਸਮਝਦੇ ਕਿ ਇਸ ਘਟਨਾ ਵਿਚ ਗਿਆਨੀ ਕੇਵਲ ਸਿੰਘ ਜਾਂ ਉਨ੍ਹਾਂ ਦੇ ਕਿਸੇ ਪਰਿਵਾਰਕ ਮੈਂਬਰ ਦਾ ਕੋਈ ਦੋਸ਼ ਹੋਵੇਗਾ। ਉਨ੍ਹਾਂ ਪੱਤਰਕਾਰਾਂ ਨੂੰ ਇਸ ਦੁਖਦਾਈ ਘਟਨਾ ਨੂੰ ਗਲਤ ਰੰਗਤ ਨਾ ਦੇਣ ਦੀ ਅਪੀਲ ਕੀਤੀ।

*(ਰੋਜ਼ਾਨਾ 'ਅਜੀਤ', 23 ਮਈ 1998)*

***

*23 ਨਵੰਬਰ 1998*

ਸੇਵਾ ਵਿਖੇ,
ਜਥੇਦਾਰ ਸਾਹਿਬ ਜੀ,
ਸ੍ਰੀ ਅਕਾਲ ਤਖ਼ਤ ਸਾਹਿਬ। ਸ੍ਰੀ ਅੰਮ੍ਰਿਤਸਰ ਸਾਹਿਬ।
ਸਤਿਕਾਰਯੋਗ ਸਿੰਘ ਸਾਹਿਬ ਜੀ,
ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਹਿ।

ਆਪ ਜੀ ਨੂੰ ਬੇਨਤੀ ਹੈ ਕਿ ਸ੍ਰੀ ਕੇਸਗੜ੍ਹ ਸਾਹਿਬ ਦੇ ਨਾਂਅ ਅਤੇ ਪਤੇ 'ਤੇ ਗੁਰਮਤਿ ਸਾਗਰ ਟਰੱਸਟ ਲਈ ਗਿਆਨੀ ਕੇਵਲ ਸਿੰਘ ਜੀ ਨੇ ਸਾਡੇ ਪਾਸੋਂ ਜੋ ਟਰੱਸਟ ਵਲੋਂ ਕੱਟੀ ਗਈ ਕਲੋਨੀ ਲਈ ਇਕ ਪਲਾਟ ਦਾ ਬਿਆਨਾ ਮੇਰੇ ਕੋਲੋ ਪੰਜ ਹਜ਼ਾਰ ਰੁਪਏ ਲਿਆ ਸੀ, ਨਾ ਤੇ ਕੋਈ ਪੱਤਰ ਰਸੀਦ ਪੈਸੇ ਦੀ ਨਾ ਕੋਈ ਅਲਾਟਮੈਂਟ ਲੈਟਰ ਅੱਜ ਤੱਕ ਮਿਲਿਆ ਹੈ ਤੇ ਇਸ ਦੇ ਬਾਅਦ ਕਈ ਵਾਰ ਪੁੱਛਣ 'ਤੇ ਵੀ ਕੋਈ ਹਾਂ ਜਾਂ ਨਾਂਹ ਨਹੀਂ ਹੋਈ।

ਆਪ ਜੀ ਇਸ ਬਾਰੇ ਪੁੱਛਗਿੱਛ ਲਈ ਜ਼ਰੂਰੀ ਕਾਰਵਾਈ ਕਰਨ ਦੀ ਕ੍ਰਿਪਾਲਤਾ ਕਰਨੀ ਜੀ।

ਪੰਥ ਦਾ ਦਾਸ
***ਸਤਵੀਰ ਸਿੰਘ,***
ਗਲੀ ਨੰਬਰ 1, ਦਾਦਾ ਕਲੋਨੀ, ਜਲੰਧਰ।

***

ਸੇਵਾ ਵਿਖੇ,
ਜਥੇਦਾਰ ਸਾਹਿਬ ਜੀ,
ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ ਸਾਹਿਬ।
ਸਤਿਕਾਰਯੋਗ ਸਿੰਘ ਸਾਹਿਬ ਜੀ,
ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਹਿ।

ਬੇਨਤੀ ਹੈ ਕਿ ਸ੍ਰੀ ਕੇਸਗੜ੍ਹ ਸਾਹਿਬ ਦੇ ਨਾਂਅ ਅਤੇ ਪਤੇ 'ਤੇ ਗੁਰਮਤਿ ਸਾਗਰ ਟਰੱਸਟ ਲਈ ਗਿਆਨੀ ਕੇਵਲ ਸਿੰਘ ਜੀ ਨੇ ਸਾਡੇ ਪਾਸੋਂ ਪੰਜ ਹਜ਼ਾਰ ਰੁਪਏ ਪਲਾਟ ਦੀ ਅਲਾਟਮੈਂਟ ਲਈ ਬਤੌਰ ਬਿਆਨਾ ਲਏ ਸਨ। ਸਿੰਘ ਸਾਹਿਬ ਨੂੰ ਵਾਰ-ਵਾਰ ਯਾਦ ਕਰਵਾਉਣ ਦੇ ਬਾਵਜੂਦ ਨਾ ਕੋਈ ਰਸੀਦ ਨਾ ਹੀ ਕੋਈ ਅਲਾਟਮੈਂਟ ਪੱਤਰ ਮਿਲਿਆ। ਇਸ ਲਈ ਆਪ ਜੀ ਇਸ ਉੱਪਰ ਜ਼ਰੂਰੀ ਕਾਰਵਾਈ ਕਰਨ ਦੀ ਕ੍ਰਿਪਾਲਤਾ ਕਰਨੀ ਜੀ।

ਪੰਥ ਦੇ ਦਾਸ
ਜਸਪਾਲ ਸਿੰਘ
5/189, ਇੰਡਸਟਰੀਅਲ ਏਰੀਆ, ਜਲੰਧਰ।

***

ਸੇਵਾ ਵਿਖੇ,
ਜਥੇਦਾਰ ਸਾਹਿਬ ਜੀ,
ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ ਸਾਹਿਬ।
ਸਤਿਕਾਰਯੋਗ ਸਿੰਘ ਸਾਹਿਬ ਜੀ,
ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ।

ਬੇਨਤੀ ਹੈ ਕਿ ਸ੍ਰੀ ਕੇਸਗੜ੍ਹ ਸਾਹਿਬ ਦੇ ਨਾਂਅ ਅਤੇ ਪਤੇ 'ਤੇ ਗੁਰਮਤਿ ਸਾਗਰ ਟਰੱਸਟ ਲਈ ਗਿਆਨੀ ਕੇਵਲ ਸਿੰਘ ਜੀ ਨੇ ਸਾਡੇ ਪਾਸੋਂ ਪੰਜ ਹਜ਼ਾਰ ਰੁਪਏ ਪਲਾਟ ਦੀ ਅਲਾਟਮੈਂਟ ਲਈ ਬਤੌਰ ਬਿਆਨਾ ਵਸੂਲ ਕੀਤੇ ਸਨ। ਸਿੰਘ ਸਾਹਿਬ ਨੂੰ ਵਾਰ-ਵਾਰ ਯਾਦ ਕਰਵਾਉਣ ਦੇ ਬਾਵਜੂਦ ਇਸ 'ਤੇ ਕੋਈ ਕਾਰਵਾਈ ਨਹੀਂ ਕੀਤੀ ਗਈ।

ਆਪ ਜੀ ਇਸ ਬਾਰੇ ਜ਼ਰੂਰੀ ਕਾਰਵਾਈ ਕਰਨ ਦੀ ਕ੍ਰਿਪਾਲਤਾ ਕਰਨੀ ਜੀ।

ਜਗਜੀਤ ਸਿੰਘ,
10, ਗੁਰੂ ਤੇਗ ਬਹਾਦਰ ਨਗਰ, ਜਲੰਧਰ।

***

ਸਿੰਘ ਸਾਹਿਬ ਭਾਈ ਰਣਜੀਤ ਸਿੰਘ ਜੀ ਵੱਲੋਂ ਪ੍ਰੋ. ਮਨਜੀਤ ਸਿੰਘ ਕੋਲੋਂ ਵਿਸ਼ਵ ਸਿੱਖ ਕੌਂਸਲ ਦਾ ਹਿਸਾਬ ਮੰਗਣ ਨਾਲ ਦੋਹਾਂ ਵਿਚਕਾਰ ਜਿਹੜਾ ਚਿੱਠੀ ਪੱਤਰ ਹੋਇਆ ਉਸ ਨੇ ਇਕ ਗੱਲ ਜ਼ਰੂਰ ਸਪੱਸ਼ਟ ਕਰ ਦਿੱਤੀ ਕਿ ਪ੍ਰੋ. ਮਨਜੀਤ ਸਿੰਘ ਕਿਸੇ ਵੀ ਹਾਲਤ ਵਿਚ ਵਿਸ਼ਵ ਸਿੱਖ ਕੌਂਸਲ ਦਾ ਹਿਸਾਬ ਦੇਣ ਨੂੰ ਤਿਆਰ ਨਹੀਂ ਹੈ। ਜਿਸਦਾ ਮਤਲਬ ਸੀ ਕਿ ਕਿਤੇ ਵੱਡਾ ਘਪਲਾ ਹੋਇਆ ਹੈ। ਗਿਆਨੀ ਕੇਵਲ ਸਿੰਘ ਵੱਲੋਂ ਪ੍ਰੋ. ਮਨਜੀਤ ਸਿੰਘ ਦੀ ਕੀਤੀ ਗਈ ਤਰਫਦਾਰੀ ਨੇ ਇਹ ਵੀ ਸਪੱਸ਼ਟ ਕਰ ਦਿੱਤਾ ਕਿ ਇਸ ਘਪਲੇ ਵਿਚ ਦੋਹਾਂ ਦੀ ਕੋਈ ਸਾਂਝ ਹੈ। ਗੁਰਮਤਿ ਸਾਗਰ ਟਰੱਸਟ ਦੇ ਨਾਂ 'ਤੇ ਗਿਆਨੀ ਕੇਵਲ ਸਿੰਘ ਵੱਲੋਂ ਇਕੱਠੇ ਕੀਤੇ ਗਏ ਪੈਸੇ ਨੇ ਇਹ ਸਾਂਝ ਵੀ ਜੱਗ ਜ਼ਾਹਰ ਕਰ ਦਿੱਤੀ ਕਿ ਇਸ ਟਰੱਸਟ ਵਿਚ ਗਿਆਨੀ ਕੇਵਲ ਸਿੰਘ ਦਾ ਵੀ ਹਿੱਸਾ ਹੈ। ਗੁਰਮਤਿ ਸਾਗਰ ਟੱਰਸਟ ਦੇ ਨਾਂਅ 'ਤੇ ਇਨ੍ਹਾਂ ਦੋਹਾਂ 'ਜਥੇਦਾਰਾਂ' ਵਲੋਂ ਕੌਮ ਨਾਲ ਕਿੱਡਾ ਵੱਡਾ ਧੋਖਾ ਕੀਤਾ ਗਿਆ, ਇਹ ਅਗਲੇ ਕਾਂਡ ਵਿਚ ਹੋਰ ਵੀ ਸਪੱਸ਼ਟ ਹੋ ਜਾਵੇਗਾ।

■

# ਗੁਲਾਮ ਗੁਰੂ ਦਾ ਮਨਜੀਤ ਸਿੰਘ

ਸਿੱਖ ਪੰਥ ਦੀ ਸਿਰਫ ਸਿਆਸੀ ਲੀਡਰਸ਼ਿਪ ਦੇ ਵੱਡੇ ਹਿੱਸੇ ਦਾ ਹੀ ਬੇੜਾ ਗਰਕ ਨਹੀਂ ਹੋਇਆ ਸਗੋਂ ਸਿੱਖਾਂ ਦੀ ਧਾਰਮਕ ਲੀਡਰਸ਼ਿਪ ਵੀ ਬੇਈਮਾਨੀ ਅਤੇ ਭ੍ਰਿਸ਼ਟਾਚਾਰ ਦੀ ਦਲਦਲ ਵਿਚ ਕਿਸ ਹੱਦ ਤੱਕ ਖੁੱਭੀ ਹੋਈ ਹੈ, ਇਸ ਦੀ ਇਕ ਮਿਸਾਲ ਪ੍ਰੋ. ਮਨਜੀਤ ਸਿੰਘ ਹੈ, ਜਿਹੜਾ ਆਪਣੇ ਆਪ ਨੂੰ ਆਪਣੀ ਹਰ ਚਿੱਠੀ ਵਿਚ ਗੁਰੂ ਕਾ ਗੁਲਾਮ ਲਿਖਦਾ ਹੈ ਪਰ ਅਸਲ ਵਿਚ ਜਿਵੇਂ ਕਿ ਉਸਦੇ ਕਾਰਿਆਂ ਨੇ ਸਪੱਸ਼ਟ ਕੀਤਾ, ਉਹ ਮਾਇਆ ਦਾ ਗੁਲਾਮ ਹੈ। ਇਹ ਸਖਸ਼ ਮਾਇਆ ਦਾ ਕਿਸ ਹੱਦ ਤੱਕ ਗੁਲਾਮ ਹੈ, ਇਸ ਦਾ ਇਕ ਸਬੂਤ ਉਸ ਵੱਲੋਂ ਲਗਾਤਾਰ ਆਪਣੀਆਂ ਵਫਾਦਾਰੀਆਂ ਬਦਲਣ ਤੋਂ ਮਿਲਦਾ ਹੈ। ਉਸ ਵੇਲੇ ਦੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਪ੍ਰੋ. ਦਰਸ਼ਨ ਸਿੰਘ ਹੁਰਾਂ ਨੇ ਇਸ ਨੂੰ ਸ੍ਰੀ ਕੇਸਗੜ੍ਹ ਸਾਹਿਬ ਦਾ ਜਥੇਦਾਰ ਨਿਯੁਕਤ ਕਰਵਾਇਆ ਸੀ ਪਰ ਜਦੋਂ ਹੀ ਪ੍ਰੋ. ਦਰਸ਼ਨ ਸਿੰਘ ਦੀ ਸ਼੍ਰੋਮਣੀ ਕਮੇਟੀ ਦੇ ਜਨਰਲ ਇਜਲਾਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹੋ ਰਹੀ ਬੇਅਦਬੀ ਰੋਕਣ ਦੇ ਮਸਲੇ ਨੂੰ ਲੈ ਕੇ ਉਸ ਵੇਲੇ ਦੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਨਾਲ ਅਣਬਣ ਹੋਈ ਤਾਂ ਪ੍ਰੋ. ਮਨਜੀਤ ਸਿੰਘ ਨੇ ਇਕਦਮ ਆਪਣੀ ਵਫਾਦਾਰੀ ਬਦਲਦਿਆਂ ਹੋਇਆਂ ਜਥੇਦਾਰ ਟੌਹੜਾ ਦੀ ਸ਼ਰਨ ਜਾ ਲਈ। ਜਦੋਂ ਜਥੇਦਾਰ ਗੁਰਚਰਨ ਸਿੰਘ ਟੌਹੜਾ ਤੇ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦਰਮਿਆਨ ਮੱਤਭੇਦ ਤਿੱਖੇ ਹੋਏ ਤਾਂ ਪ੍ਰੋ. ਮਨਜੀਤ ਸਿੰਘ ਨੇ ਰਾਜਸੀ ਸ਼ਕਤੀ ਦੀ ਗੁਲਾਮੀ ਕਬੂਲਦਿਆਂ ਸ. ਪ੍ਰਕਾਸ਼ ਸਿੰਘ ਬਾਦਲ ਦਾ ਪੱਲੂ ਜਾ ਫੜਿਆ। ਪਰ ਇਹ ਹਕੀਕਤ ਹੈ ਕਿ ਰਾਜਸੀ ਸਤਾ ਦੇ ਗੁਲਾਮ ਕਦੋਂ ਕਿਸੇ ਦੇ ਸੱਕੇ ਹੁੰਦੇ ਹਨ, ਉਹ ਤਾਂ ਆਪਣੇ ਸੁਆਰਥਾਂ ਨੂੰ ਪ੍ਰਣਾਏ ਹੁੰਦੇ ਹਨ। ਇਸ ਅਸੂਲ ਦੇ ਧਾਰਨੀ ਹੁੰਦਿਆਂ ਜਦੋਂ ਹੀ ਪੰਜਾਬ ਅੰਦਰ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਬਣੀ ਪ੍ਰੋ. ਮਨਜੀਤ ਸਿੰਘ, ਸ. ਪ੍ਰਕਾਸ਼ ਸਿੰਘ ਬਾਦਲ ਨੂੰ ਟਿੱਚ ਜਾਣਦਿਆਂ, ਆਪਣੀ ਮਾਇਆ ਦੀ ਲੁੱਟ ਨੂੰ ਬਚਾਉਣ ਦੀ ਗਰਜ ਨਾਲ, ਅਮਰਿੰਦਰ ਸਿੰਘ ਦੀ ਪਨਾਹ 'ਚ ਜਾ ਬੈਠੇ। ਇਸ ਸਖਸ਼ ਨੇ ਮਾਇਆ ਇਕੱਠੀ ਕਰਨ ਲਈ ਕਿਸ ਹੱਦ ਤੱਕ ਨਿਰਲੱਜਪੁਣਾ ਕੀਤਾ ਹੈ, ਇਸ ਦੇ ਮੂੰਹ ਬੋਲਦੇ ਸਬੂਤ ਅੱਗੇ ਦਿੱਤੇ ਗਏ ਹਨ। ਬੜੀ ਲਿਫਾਫੇਬਾਜ ਬੋਲੀ ਵਰਤ ਕੇ ਬਣਾਏ ਗਏ ਗੁਰਮਤਿ ਸਾਗਰ ਟਰੱਸਟ ਦੀ ਹੋਂਦ ਵੀ ਅੱਜ ਕਿਤੇ ਨਜ਼ਰ ਨਹੀਂ ਆਉਂਦੀ।

ਪ੍ਰੋ: ਮਨਜੀਤ ਸਿੰਘ ਬਾਹਰੋਂ ਬਾਹਰੋਂ ਤਾਂ ਹਰ ਤਰ੍ਹਾਂ ਨਾਲ ਸਿੰਘ ਸਾਹਿਬ ਭਾਈ ਰਣਜੀਤ ਸਿੰਘ ਨੂੰ ਸਹਿਯੋਗ ਦੇਂਦੇ ਲਗਦੇ ਸਨ ਤੇ ਬੋਲਚਾਲ ਵਿਚ ਵੀ ਕਿਸੇ ਨੂੰ ਇਹ ਪਤਾ ਨਹੀਂ ਸੀ ਲੱਗਣ ਦੇਂਦੇ ਕਿ ਉਨ੍ਹਾਂ ਨੂੰ ਸਿੰਘ ਸਾਹਿਬ ਦੇ ਉਨ੍ਹਾਂ ਦੀ ਥਾਂ ਆਉਣ ਦਾ ਕੋਈ ਸਾੜਾ ਹੈ ਪਰ ਕਿਤੇ ਉਨ੍ਹਾਂ ਦੇ ਮਨ ਵਿਚ ਗਹਿਰੇ ਥਾਂ ਇਹ ਗੱਲ ਬੈਠੀ ਹੋਈ ਸੀ ਕਿ ਇਸ ਵਿਅਕਤੀ ਕਰਕੇ ਉਨ੍ਹਾਂ ਦਾ ਅਹੁਦਾ ਖੁਸਿਆ ਹੈ। ਫੌਜ ਵਿਚ ਕਿਸੇ ਮੇਜਰ ਨੂੰ ਕੈਪਟਨ ਬਣਾ

ਦਿੱਤਾ ਜਾਵੇ ਤਾਂ ਉਹ ਪਹਿਲੀ ਸ਼ਰਤ ਇਹ ਰਖਦਾ ਹੈ ਕਿ ਮੈਨੂੰ ਵਰਦੀ ਪਾਉਣ ਤੋਂ ਛੋਟ ਦਿੱਤੀ ਜਾਵੇ ਨਹੀਂ ਤਾਂ ਮੈਂ ਤਿੰਨ ਮੂੰਹਾਂ ਵਾਲੇ ਸ਼ੇਰਾਂ ਦੀ ਥਾਂ ਤਿੰਨ ਤਾਰੇ ਨਹੀਂ ਲਾ ਸਕਦਾ, ਇਹ ਮੇਰੇ ਸਵੈਮਾਣ ਦੇ ਵਿਰੁਧ ਹੈ। ਭਲਾ ਇਸ ਹਾਲਤ ਵਿਚ ਭਾਈ ਮਨਜੀਤ ਸਿੰਘ ਭਾਈ ਰਣਜੀਤ ਸਿੰਘ ਨੂੰ ਕਿਵੇਂ ਪਸੰਦ ਕਰ ਸਕਦਾ ਸੀ, ਜਿਸ ਨੇ ਉਹਦਾ ਅਹੁਦਾ ਖੋਹ ਕੇ ਉਸ ਨੂੰ ਛੋਟੇ ਅਹੁਦੇ ਉਤੇ ਭੇਜ ਦਿੱਤਾ ਸੀ। ਹਰ ਮਨੋਵਿਗਿਆਨੀ ਇਹ ਜਾਣਦਾ ਹੈ ਕਿ ਇਸ ਤਰ੍ਹਾਂ ਦਾ ਜਖਮੀ ਬੰਦਾ ਕਿਸ ਹੱਦ ਤਕ ਜਾ ਸਕਦਾ ਹੈ ਤੇ ਫਿਰ ਪ੍ਰੋ. ਮਨਜੀਤ ਸਿੰਘ ਤਾਂ ਹਰ ਪਾਸਿਓਂ ਭ੍ਰਿਸ਼ਟਾਚਾਰ ਦੀ ਦਲਦਲ ਵਿਚ ਫਸਿਆ ਤੇ ਇਕ ਆਮ ਨਾਲੋਂ ਵੀ ਨਿਘਰਿਆ ਹੋਇਆ ਮਨੁੱਖ ਸੀ। ਪ੍ਰੋ. ਮਨਜੀਤ ਸਿੰਘ ਉਸ ਅੱਗੇ ਆਏ ਹਰ ਮਸਲੇ ਨੂੰ ਅੱਗੇ ਤੋਂ ਅੱਗੇ ਟਾਲੀ ਜਾਂਦਾ ਸੀ ਤੇ ਹਰ ਮਸਲੇ ਬਾਰੇ ਦੂਹਰੇ ਮਿਆਰ ਰਖਦਾ ਸੀ ਪਰ ਭਾਈ ਰਣਜੀਤ ਸਿੰਘ ਹਰ ਮਸਲੇ ਨੂੰ ਸਿੱਖ ਸਿਧਾਂਤਾਂ ਦੇ ਅਧਾਰ 'ਤੇ ਫੌਰੀ ਹੱਲ ਕਰਨ ਦੇ ਮੁਦੱਈ ਸਨ। ਇਸੇ ਕਰਕੇ ਦੋਹਾਂ ਦਰਮਿਆਨ ਵੱਡੇ ਮੱਤਭੇਦ ਪੈਦਾ ਹੋ ਗਏ।

***

## ਗੁਰਮਤਿ ਸਾਗਰ ਟਰੱਸਟ : ਇਕ ਸੁਪਨਾ! ਇਕ ਚਾਉ!!

ਅਨੰਦਪੁਰੀ! ਨੌਂਵੇਂ ਗੁਰੂ ਦੀ ਨਜ਼ਰਿ-ਇਲਾਹੀ ਨਾਲ ਸਰਸ਼ਾਰ ਹੋਈ ਭੂਮੀ, ਜਿਥੇ ਬਾਲਾ ਪਰੀਤਮ ਗੋਬਿੰਦ, "ਭਾਂਤ ਭਾਂਤ ਦਾਈਅਨ ਦੁਲਰਾਇ॥" ਅਨਸੁਾਰ ਪਾਲੇ ਪਲੋਸੇ ਗਏ! ਜਿਥੇ ਉਨ੍ਹਾਂ ਨੂੰ ਭਾਂਤ ਭਾਂਤ ਦੀ ਸਿੱਛਾ ਦਿੱਤੀ ਗਈ, ਜਿਥੇ 'ਦ੍ਵੈ ਤੇ ਏਕ ਰੂਪ, ਹੋਣ ਵਾਲੇ ਅਕਾਲਪੁਰਖ ਦੇ ਨਿਵਾਜੇ ਹੋਏ ਸੁੱਤ ਨੇ ਤੂੰ ਹੀ ਤੂੰ ਹੀ ਦੀ ਅਧਿਆਮਤਕ ਧੁਨੀ ਉਠਾਈ। ਫਿਰ 'ਜਿਥੇ ਧਰਮ ਚਲ਼ਾਵਨ ਸੰਤ ਉਬਾਰਣ, ਦੁਸ਼ਟ ਸਭਨ ਕੋ ਮੂਲ ਉਪਾਰਨ ਦਾ ਸਿੰਘ ਨਾਦ ਗੱਜਿਆ ਤੇ ਪਰਮਾਤਮ ਦੀ ਮੌਜ ਵਿਚ 'ਖਾਲਸਾ ਪ੍ਰਗਟ ਹੋ ਗਿਆ। ਅਮ੍ਰਿਤ ਦੇ ਦਾਤੇ ਰਾਹੀਂ 'ਸੰਤ ਤੇ ਸਿਪਾਹੀ' 'ਰਾਜੇ ਤੇ ਜੋਗੀ' 'ਗ੍ਰਿਹਸਤੀ ਤੇ ਤਿਆਗੀ' ਦਾ ਅਦੁੱਤੀ ਸੁਮੇਲ ਹੋਇਆ। ਇਥੇ 'ਮਾਤਲੋਕ ਦਾ ਪੂਰਨ ਮਨੁੱਖ, ਗੁਰਮੁੱਖ' ਜਿਸਦਾ ਐਲਾਨ ਕਿਸੇ ਵੇਲੇ ਪ੍ਰਭੂ ਜੋਤਿ ਰੂਪ ਗੁਰੂ-ਨਾਨਕ ਨੇ ਕੀਤਾ ਸੀ, ਸਿਰਿਆ ਤੇ ਸਵਾਰਿਆ ਗਿਆ। ਗੁਰੂ ਨੂੰ ਸੀਸ ਭੇਟ ਕਰਕੇ ਗੁਰਮਤਿ ਜੁਗਤਿ ਰਾਹੀਂ ਗੁਰੂ ਦੇ ਪ੍ਰਸਾਦਿ ਦਾ ਪਾਤਰ 'ਖਾਲਸਾ!' ਗੁਰੂ ਗ੍ਰੰਥ ਬਾਣੀ ਵਿਚਲੇ ਬੇਗਮਪੁਰੇ ਦਾ ਵਾਸੀ ਗੁਰਮੁੱਖ ਅਤੇ ਅਨੰਦਪੁਰੀ ਦਾ ਵਾਸੀ 'ਖਾਲਸਾ'! 'ਮੂਰਿਤ ਇਕਾ ਨਾਉਂ ਦੁਇ' ਵਾਹ! ਵਾਹ!! ਮਾਤਲੋਕ ਅਤੇ ਪਰਲੋਕ ਦੀ ਇਸ ਸ੍ਰੇਸ਼ਟ ਸ਼ਹਿਰੀਅਤ ਲਈ ਗੁਰੂ ਪਿਤਾ ਅਨੰਤ ਪਿਆਰ ਅਤੇ ਆਵਾਗਮਨੀ ਜਗਤ ਨੂੰ ਆਵਾਜ਼ ਮਾਰਦੇ ਹਨ। ਗੁਰੂ ਸੰਦੇਸ਼ ਨੂੰ ਸੁਣਕੇ ਆਉਣ ਵਾਲਿਆਂ ਨੂੰ ਗੁਰਦੇਵ ਪਿੱਤਰੀ ਪਿਆਰ ਵਿਚ 'ਦ੍ਵੈ ਤੇ ਏਕ ਰੂਪ' ਹੋਣ ਦੀ ਰੂਹਾਨੀ ਜੁਗਤਿ ਸਮਝਾਉਂਦੇ ਹਨ। ਗੁਰਮਤਿ ਜੁਗਤਿ! ਖਾਲਸਈ ਜੁਗਤਿ! ਜਿਸਨੇ ਦ੍ਰਿੜ੍ਹ ਕੀਤੀ ਉਹ ਗੁਰੂ ਰਾਹੀਂ ਹੀ ਗੁਰੂ ਦਾ' ਸਤਿਗੁਰੂ ਪੂਰਾ' ਕਹਾਇਆ। ਇਸ ਸੰਸਾਰ ਦਾ ਸਭ ਤੋਂ ਅਦੁੱਤੀ ਕੌਤਕ! ਗੁਰੂ ਕੇ ਕਹਾਉਣ ਵਾਲਿਆਂ ਲਈ ਜੀਵਨ ਦਾ ਸਭ ਤੋਂ ਮੁਬਾਰਕ ਦਿਨ! ਪਰ ਇਹ ਅਹਿਸਾਸ ਐਵੇਂ ਤਾਂ ਨਹੀਂ ਹੋ ਜਾਣਾਂ। ਪਵਿੱਤਰ ਵਸਤੂ ਲਈ ਪਵਿੱਤਰ ਭਾਂਡਾਂ ਅਤਿ ਲੁੜੀਂਦਾ ਦਸਿਆ ਗਿਆ। ਉਸ ਲਈ ਯੋਗ ਤਿਆਗੀ ਅਤੇ ਅਧਿਕਾਰੀ ਹੋਣਾਂ ਗੁਰੂ ਨੇ ਜਰੂਰੀ ਐਲਾਨਿਆਂ ਹੈ। ਇਸ ਦੇ ਲਈ ਜੁਗਤਿ ਵੀ ਗੁਰੂ ਨੇ ਆਪ ਹੀ ਬਖਸ਼ਿਸ਼ ਕੀਤੀ ਹੈ, ਸਤਿ-ਸੰਗਤੀ ਜੁਗਤਿ। ਗੁਰੂ. ਪਿਆਰ ਵਾਲਿਆਂ ਦੀ ਚਰਨ ਧੂੜ

ਬਣਕੇ ਗੁਰੂ ਕੋਲ ਬੈਠਣ ਦੀ, ਗੁਰੂ ਪਿਆਰ ਵਿਚ ਲਿਵਲੀਨ ਹੋ ਕੇ ਗੁਰੂ ਕੋਲ ਬੈਠਣ ਦੀ। ਨਾਲੇ ਸੱਚ ਇਕ ਗਲ ਹੋਰ! ਬੇਗਮੁਪਰੀਏ ਤੇ ਅਨੰਦਪੁਰੀਏ ਆਖਦੇ ਨੇ ਕਿ ਅਨੰਦਪੁਰੀ ਤੱਕ ਅਪੜਨ ਵਾਲਾ ਰਸਤਾ ਸਿਰ ਉੱਚਾ ਚੁਕ ਕੇ ਤੁਰਨ ਅਤੇ ਉੱਚਾ ਬੋਲ ਬੋਲਣ ਵਾਲਿਆਂ ਲਈ ਨਹੀਂ ਸਗੋਂ ਇਹ ਤਾਂ ਸੀਸ ਭੇਟ ਕਰਨ ਵਾਲਿਆਂ ਅਤੇ ਕੇਵਲ ਗੁਰੂ ਦੇ ਬੋਲਾਂ ਨੂੰ ਸੁਣਨ ਅਤੇ ਸੁਰਤੀ ਵਿਚ ਟਿਕਾਉਣ ਵਾਲਿਆਂ ਲਈ ਹੈ। ਹਾਂ! ਕੋਈ ਸੀਸ ਕਟਾਕੇ ਭਾਂਵੇ 'ਪੀਰ ਬੁੱਧੂ ਸ਼ਾਹ ਬਣਕੇ ਆਏ, ਭਾਵੇਂ ਭਾਈ ਦਇਆ ਰਾਮ ਬਣਕੇ ਆਏ, ਭਾਵੇਂ ਭਾਈ ਨੰਦ ਲਾਲ ਜਾਂ ਭਾਈ ਘਨਈਆਂ ਬਣਕੇ! ਬਸ ਯੋਗ ਪਾਤਰਤਾ ਲੁੜੀਂਦੀ ਹੈ। ਸੁਰਤੀ ਦੀ ਪਿਆਸ ਤੇ ਵਿਆਕੁਲਤਾ ਲੋੜੀਂਦੀ ਹੈ। ਅਨੰਦਪੁਰੀ ਤਾਂ ਐਸੇ ਸੁਭਾਗਿਆਂ ਲਈ ਨਿਰੰਤਰ ਵਗਦਾ ਅੰਮ੍ਰਿਤ ਪਰਵਾਹ ਦਾ ਚਸ਼ਮਾ ਹੈ! ਜਿਸ ਵਿਚ ਨਿਰਮਲਤਾ ਹੈ! ਸਦ-ਤਾਜਗੀ ਹੈ! ਸਦ-ਤ੍ਰਿਪਤੀ ਹੈ! ਤੇ ਗੁਰਮਤਿ ਸਾਗਰ' ਇਸ ਚਸ਼ਮੇ ਵਿਚਲੇ ਅੰਮ੍ਰਿਤ ਨੂੰ ਇਕੱਤ੍ਰ ਕਰਕੇ ਬੁੱਕਾਂ ਭਰ ਭਰ ਪੀਣੇ ਲਈ ਇਕ ਨਿਮਾਣਾ ਜਿਹਾ ਯਤਨ ਹੈ! ਇਕ ਪਿਆਰਾ ਜਿਹਾ ਸੁਪਨਾ ਹੈ! ਇਕ ਸੁੱਚਾ ਜਿਹਾ ਚਾਉ ਹੈ! ਗੁਰੂ ਨੇ ਆਖਿਆ ਸੀ ਕਿ "ਜਿਨ ਪੀਆ ਸੋ ਮਸਤ ਭਏ ਹੈਂ, ਟੂਟੇ ਬੰਧਨ ਫਾਹੋ॥" ਜਨਮਾਂ ਜਨਮਾਂ ਦੇ ਤਿਹਾਏ, ਵਿਆਕੁਲ ਹੋਏ ਹਰ ਮਨੁੱਖ-ਮਾਤਰ ਲਈ ਇਹ ਗੁਰੂ ਸ਼ਬਦ ਮਾਨਸਰੋਵਰ ਹੋਵੇਗਾ। ਹਰ ਇਕ ਨੂੰ ਮਿਲ ਬੈਠਣ ਲਈ ਹਾਰਦਿਕ ਸੱਦਾ ਹੈ। ਇਕ ਜੋਦੜੀ ਗੁਰੂ ਪਿਆਰ ਵਿਚ ਸਾਰਿਆਂ ਨੂੰ ਕਰਨੀ ਹੈ-ਇਥੇ 'ਹੰਸ' ਬਣਕੇ ਆਇਓ, ਕਿਉਂਕਿ ਗੁਰੂ ਵਲੋਂ ਬਖਸ਼ੇ ਗੁਰਮਤਿ ਦੇ ਮਾਣਕ ਮੋਤੀ ਚੁਗਣ ਦੇ ਉਹੋ ਹੀ ਅਧਿਕਾਰੀ ਪਰਵਾਨੇ ਗਏ ਹਨ।

ਗੁਰੂ ਰਾਖਾ!

ਗੁਲਾਮ ਗੁਰੂ ਦਾ,

***ਮਨਜੀਤ ਸਿੰਘ***

ਕਾਰਜਕਾਰੀ ਜਥੇਦਾਰ, ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ ਅਤੇ
ਜਥੇਦਾਰ, ਤਖਤ ਸ੍ਰੀ ਕੇਸਗੜ੍ਹ ਸਾਹਿਬ, ਸ੍ਰੀ ਆਨੰਦਪੁਰ ਸਾਹਿਬ।

***

## ਗੁਰਮਤਿ ਸਾਗਰ ਟ੍ਰਸਟ (ਰਜਿ:), ਸ੍ਰੀ ਅਨੰਦਪੁਰ ਸਾਹਿਬ ਦਾ ਨਿਸ਼ਾਨਾ

ਇਸ ਟ੍ਰਸਟ ਦਾ ਨਿਸ਼ਾਨਾ ਗੁਰਮਤਿ ਦੇ ਸਰਬਸਾਂਝੇ ਸਿਧਾਂਤਾ ਨੂੰ ਮਾਨਵ-ਮੁਕਤੀ ਲਈ ਵਿਸ਼ਵਾਰਥੀ ਮਾਡਲ ਵਜੋਂ ਸਾਹਮਣੇ ਲਿਆਉਣਾ ਹੈ। ਇਸ ਮਕਸਦ ਵਾਸਤੇ ਇਹ ਨਿਰਣੇ ਲਏ ਗਏ ਹਨ :

(ੳ) ਇਸ ਵਾਸਤੇ ਲੋੜੀਂਦਾ ਉਣੱਤੀ ਏਕੜ ਰਕਬਾ ਸ੍ਰੀ ਅਨੰਦਪੁਰ ਸਾਹਿਬ ਵਿਖੇ ਸੁਰਖਿੱਅਤ ਕਰ ਲਿਆ ਗਿਆ ਹੈ।

(ਅ) ਇਸ ਸਥਾਨ ਨੂੰ ਰਿਹਾਇਸ਼ੀ ਦੇ ਨਾਲ ਨਾਲ ਅਧਿਆਤਮਕ ਖੋਜ ਕੇਂਦਰ ਵਜੋਂ ਉਜਾਗਰ ਕੀਤਾ ਜਾਣਾ ਹੈ।

(ੲ) ਟ੍ਰਸਟ ਦੀ ਅਗਵਾਈ ਵਿਚ ਸਿੱਖ ਮਾਡਲ ਉਜਾਗਰ ਕਰਨ ਦੀ ਜੁਗਤਿ ਗੁਰੂ ਸਾਹਿਬਾਨ ਵਜੋਂ ਬਖਸ਼ੀ ਹੋਈ ਸੰਗਤੀ ਜੁਗਤਿ ਹੋਵੇਗੀ।

(ਸ) ਕੇਂਦਰੀਅਤਾ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਪ੍ਰਾਪਤ ਰਹੇਗੀ ਪਰੰਤੂ ਜਾਗਤਿ ਜੋਤਿ

ਜ਼ਾਹਰਾ ਸ਼ਬਦ-ਗੁਰੂ ਦੀ ਅਗਵਾਈ ਵਿਚ ਬਾਕੀ ਧਰਮਾਂ ਦੇ ਪਵਿੱਤਰ ਧਰਮ ਗ੍ਰੰਥਾਂ ਬਾਰੇ ਕੰਮ ਕਰਨ ਦੀ ਆਗਿਆ ਹੋਵੇਗੀ।

(ਹ) ਗੁਰਮਤਿ ਸਾਗਰ ਟ੍ਰਸਟ ਆਪਣੇ ਪ੍ਰਭਾਵ ਵਿਚ ਪਬਲਿਕ ਚੈਰੀਟੇਬਲ ਟ੍ਰਸਟ ਹੋਵੇਗਾ।

***

(ਗੁਰਮਤਿ ਸਾਗਰ ਟ੍ਰਸਟ (ਰਜਿ.) ਵਿਚ ਸੇਵਾ ਕਰ ਰਹੇ ਟ੍ਰਸਟੀਆਂ ਦੀ ਸੂਚੀ)

ਚੇਅਰਮੈਨ : ਸਿੰਘ ਸਾਹਿਬ ਪ੍ਰੋ. ਮਨਜੀਤ ਸਿੰਘ
ਜਥੇਦਾਰ, ਸ੍ਰੀ ਅਕਾਲ ਤਖ਼ਤ ਸਾਹਿਬ ਸ੍ਰੀ ਅੰਮ੍ਰਿਤਸਰ
ਜਥੇਦਾਰ, ਸ੍ਰੀ ਕੇਸਗੜ੍ਹ ਸਾਹਿਬ ਸ੍ਰੀ ਆਨੰਦਪੁਰ ਸਾਹਿਬ

ਵਾਈਸ-ਚੇਅਰਮੈਨ : ਭਾਈ ਜਸਬੀਰ ਸਿੰਘ ਜੀ ਖਾਲਸਾ (ਖੰਨੇਵਾਲੇ)

ਜਨਰਲ ਸਕੱਤਰ : ਸਿੰਘ ਸਾਹਿਬ ਗਿਆਨੀ ਕੇਵਲ ਸਿੰਘ ਜੀ,
ਜਥੇਦਾਰ ਤਖ਼ਤ ਸ੍ਰੀ ਦਮਦਮਾ ਸਹਿਬ, ਸਾਬੋ ਕੀ ਤਲਵੰਡੀ

ਸਹਾਇਕ ਸਕੱਤਰ : ਸ. ਅਵਤਾਰ ਸਿੰਘ ਜੀ ਯੂ. ਕੇ.

ਖਜ਼ਾਨਚੀ : ਸ. ਅਮਰਜੀਤ ਸਿੰਘ ਜੀ, ਸ੍ਰੀ ਆਨੰਦਪੁਰ ਸਾਹਿਬ

ਪਰਚਾਰ ਸਕੱਤਰ : ਭਾਈ ਹਰਜਿੰਦਰ ਸਿੰਘ ਜੀ, ਸ੍ਰੀ ਨਗਰ ਵਾਲੇ

ਦਫਤਰ ਸਕੱਤਰ : ਗਿਆਨੀ ਜਗਜੀਤ ਸਿੰਘ ਜੀ, ਸਿਦਕੀ ਲੁਧਿਆਣਾ

ਕਾਨੂੰਨੀ ਸਲਾਹਕਾਰ : ਸ. ਹਰਬੰਸ ਸਿੰਘ ਜੀ, ਜਲੰਧਰ

***

ਟਰੱਸਟੀਆਂ ਵਲੋਂ ਅਪੀਲ

ਸਿੰਘ ਸਾਹਿਬ ਭਾਈ ਮਨਜੀਤ ਸਿੰਘ ਜੀ, ਕਾਰਜਕਾਰੀ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਜਥੇਦਾਰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੀ ਅਗਵਾਈ ਵਿਚ ਵਿਸਾਖੀ 1999 ਨੂੰ ਆ ਰਹੇ ਤਿੰਨ ਸੌ ਸਾਲਾ ਖਾਲਸਾ ਸਾਜਣ ਸ਼ਤਾਬਦੀ ਨਾਲ ਸਬੰਧਤ ਜਿਹੜੇ ਪ੍ਰੋਗਰਾਮ ਉਲੀਕੇ ਗਏ ਹਨ, ਉਨ੍ਹਾਂ ਵਿਚੋਂ ਇਕ 'ਗੁਰਮਤਿ ਸਾਗਰ' ਹੈ। ਇਹ ਮਾਣ ਵਾਲੀ ਗੱਲ ਹੈ ਕਿ ਇਸ ਦੇ ਮੋਢੀ ਮੁਖੀ ਹੋਣ ਦੀ ਜ਼ਿੰਮੇਵਾਰੀ ਸਿੰਘ ਸਾਹਿਬ ਭਾਈ ਮਨਜੀਤ ਸਿੰਘ ਜੀ ਨੂੰ ਹੀ ਸੌਂਪੀ ਗਈ ਹੈ। ਸਿੰਘ ਸਾਹਿਬ ਜੀ ਨੇ 'ਗੁਰਮਤਿ ਸਾਗਰ' ਦਾ ਸੁਪਨਾ ਚਿਤਵਿਆ, ਹੰਢਾਇਆ ਅਤੇ ਸਾਹਮਣੇ ਲਿਆਂਦਾ ਹੈ। ਦੁਨੀਆਂ ਭਰ ਵਿਚ ਅਧਿਆਤਮਕਤਾ ਦੇ ਨਾਂਅ 'ਤੇ ਵਿਅਕਤੀਆਂ ਵਲੋਂ ਬਣ ਚੁੱਕੇ ਅਤੇ ਬਣਾਏ ਜਾ ਰਹੇ ਆਸ਼ਰਮ ਉਨ੍ਹਾਂ ਦੇ ਧਿਆਨ ਵਿਚ ਹਨ। "ਗੁਰਮਤਿ ਸਾਗਰ" ਦੀ ਸਥਾਪਨਾ ਕਿਸੇ ਦੀ ਰੀਸ ਵਿਚੋਂ ਨਹੀਂ ਹੋਈ ਸਗੋਂ ਦਰਪੇਸ਼ ਸਿਧਾਂਤਕ ਵੰਗਾਰ ਦੀ ਤਿਆਰੀ ਲਈ ਕੇਂਦਰ ਦੀ ਸਥਾਪਨਾ ਦੇ ਚਾਅ ਵਿਚੋਂ ਹੋਈ ਹੈ। ਇਹ ਕੇਂਦਰ ਗੁਰੂ ਦੇ ਸਨਮੁਖ ਰਹਿਣ ਲਈ ਵਚਨਬੱਧ ਹੈ। ਗੁਰੂ ਦੇ ਸਿੰਘਾਂ ਵਲੋਂ ਸੰਗਤੀ ਜੁਗਤਿ ਵਿਚ ਇਹ ਗੁਰਮਤਿ ਕੇਂਦਰ ਸਿੰਘ ਸਾਹਿਬ ਦਾ ਸੁਪਨਾ ਹੈ। ਇਸ ਨੂੰ ਸਾਕਾਰ ਕਰਨ ਲਈ ਪਹਿਲੀ ਲੋੜ ਜ਼ਮੀਨ ਪੂਰੀ ਹੋ ਗਈ ਹੈ। ਗੁਰੂ ਦੀ ਮਿਹਰ ਨਾਲ ਗੁਰੂ ਦੇ ਲਾਡਲਿਆਂ ਦੇ ਸਾਂਝੇ ਯਤਨਾਂ ਸਦਕਾ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੀ ਹੱਦ 'ਤੇ, ਨਹਿਰ ਦੇ ਕੰਢੇ, ਉਣੱਤੀ ਏਕੜ ਰਮਣੀਕ ਥਾਂ, ਖਾਲਸੇ ਦੀ ਵ੍ਰਾਸੀ ਵਾਸਤੇ ਪ੍ਰਾਪਤ ਹੋ ਗਈ ਹੈ ਅਤੇ ਮਿਤੀ 13 ਫਰਵਰੀ

1994 ਨੂੰ ਇਸ ਅਧਿਆਤਮਕ ਖੋਜ ਕੇਂਦਰ ਦੀ ਬਹੁਪੱਖੀ ਇਮਾਰਤ ਦਾ ਪੰਜਾਂ ਪਿਆਰਿਆਂ ਵਲੋਂ ਨੀਂਹ ਪੱਥਰ ਰੱਖਿਆ ਜਾ ਰਿਹਾ ਹੈ। ਇਹ ਸੰਸਥਾ ਵਿਸ਼ੇਸ਼ ਤੌਰ 'ਤੇ ਸਮੁੱਚੀ ਸਿੱਖ ਨੌਜਵਾਨ ਪੀੜ੍ਹੀ ਦੀਆਂ ਭਾਵਨਾਵਾਂ ਦੀ ਤਰਜਮਾਨੀ ਕਰੇਗੀ। ਇਥੇ ਜੋ ਕੁਝ ਵੀ ਉਸਾਰਿਆ ਜਾਣਾ ਹੈ, ਉਹ ਟਰੱਸਟ ਦੀ ਅਗਵਾਈ ਵਿਚ ਸੰਗਤ ਦੀ ਮਲਕੀਅਤ ਹੋਵੇਗਾ। ਸੰਗਤ ਵਿਚ ਸ਼ਾਮਲ ਹੋਣ ਦੀ ਹਰ ਗੁਰੂ ਦੇ ਨਾਮਲੇਵਾ ਨੂੰ ਅਪੀਲ ਹੈ।

***

## ਨੇਕ ਨੀਅਤ ਨਾਲ ਦਾਨ ਦਿੱਤੀ ਗਈ ਜ਼ਮੀਨ

ਸ. ਭਾਗ ਸਿੰਘ ਤੇ ਉਸਦੇ ਪੁੱਤਰਾਂ ਵੱਲੋਂ ਗੁਰਮਤਿ ਸਾਗਰ ਟਰੱਸਟ ਦੇ ਨਾਂਅ ਕੀਤੀ ਜਮੀਨ ਦਾ ਦਸਤਾਵੇਜ਼ੀ ਸਬੂਤ ਹੇਠਾਂ ਦਿਤੇ ਹਿਬਾਨਾਮੇ ਹਨ;

ਹਿਬਾਨਾਮਾ ਮਾਲੀਤੀ 1,59,000 ਰੁਪਏ ਅਸ਼ਟਾਮ 9540 ਰੁਪਏ

ਅਸ਼ਟਾਮ ਖਜ਼ਾਨਾ 3047

10 ਕਨਾਲ 3 ਮਰਲੇ ਗੜ੍ਹੀ ਭਾਰਟੀ

ਮੈਂ ਸੁੱਚਾ ਸਿੰਘ ਪੁੱਤਰ ਸ: ਭਾਗ ਸਿੰਘ ਪੁੱਤਰ ਸ: ਕਾਬਲ ਸਿੰਘ ਵਾਸੀ ਵਜੀਦਪੁਰ ਤਹਿਸੀਲ ਨਵਾਂਸ਼ਹਿਰ ਮੁਖਤਿਆਰ ਆਮ ਭਾਗ ਸਿੰਘ ਪਿਤਾ ਖੁਦ ਬਰੂਏ ਮੁਖਤਾਨਾਮਾ ਆਮ ਮਿਤੀ 6.11.87 ਮੁਲਕ ਇੰਗਲੈਂਡ, ਨੇ ਆਪਣੀ 10 ਕਨਾਲ 3 ਮਰਲੇ ਜ਼ਮੀਨ ਵਾਕਿਆ ਰਕਬਾ ਗੜ੍ਹੀ ਭਾਰਟੀ ਤਹਿਸੀਲ ਨਵਾਂਸ਼ਹਿਰ ਖਾਤਾ 78-226/84-232

ਨੰਬਰ ਖਸਰਾ : 18/11=3 ਕਨਾਲ 12 ਮਰਲੇ, 19/15/2 = 11 ਮਰਲੇ, 16/ 21/2=15 ਮਰਲੇ, 17/1/2=3 ਕਨਾਲ 16 ਮਰਲੇ, 19/6/2=1 ਕਨਾਲ 9 ਮਰਲੇ

ਦਰਜ ਜਮ੍ਹਾਂਬੰਦੀ 1991/92 ਮਾਲੀਤੀ 1,59,000 ਸਣੇ ਹਕੂਕ ਆਵਾਜਾਈ ਹਰ ਪ੍ਰਕਾਰ ਦੇ ਬਾਹੱਕ ਗੁਰਮਤਿ ਸਾਗਰ ਟਰੱਸਟ ਰਜਿਸਟਰਡ ਸ੍ਰੀ ਅਨੰਦਪੁਰ ਸਾਹਿਬ ਦੇ ਹੱਕ ਵਿਚ ਹਿਬਾ ਵਾ ਬਖਸ਼ੀਸ਼ ਕਰ ਦਿੱਤੀ ਹੈ। ਉਕਤ ਟਰੱਸਟ ਇਸ ਦੀ ਪੈਦਾਵਾਰ ਖਾਵੇ, ਮਾਮਲਾ ਸਰਕਾਰੀ ਦੇਵੇ, ਮੇਰਾ ਕੋਈ ਸਬੰਧ ਇਸ ਹਿਬਾ ਕੀਤੀ ਜ਼ਮੀਨ ਨਾਲ ਨਹੀਂ ਰਿਹਾ ਹੈ। ਮੈਂ ਬੇਦਖਲ ਹੋ ਗਿਆ ਹਾਂ। ਕਬਜ਼ਾ ਇਸ ਹਿਬਾ ਕੀਤੀ ਜ਼ਮੀਨ 'ਤੇ ਉਕਤ ਟਰੱਸਟ ਦਾ ਕਰਾ ਦਿੱਤਾ ਹੈ। ਮੈਂਨੇ ਸਾਰੇ ਹੱਕ ਹਕੂਕ ਇਸ ਜ਼ਮੀਨ ਸਬੰਧੀ ਉਪਰੋਕਤ ਟਰੱਸਟ ਨੂੰ ਸੌਂਪ ਦਿੱਤੇ ਹਨ। ਮੁਖਤਾਰ ਕਰਤਾ ਜਿਉਂਦਾ ਹੈ। ਮੁਖਤਾਰਨਾਮ ਆਮ ਚਾਲੂ ਹੈ। ਉਕਤ ਟਰੱਸਟ ਬਰੂਏ ਟਰਸੱਟ ਡੀਡ ਮਿਤੀ 30.12.93 ਵਸੀਕਾ ਨੰਬਰ 1453, ਵਹੀ ਨੰਬਰ 4, ਸਫਾ ਨੰਬਰ ਰਜਿਸਟਰੀ ਪਟਿਆਲਾ ਵਿਚ ਰਜਿਸਟਰਡ ਇਹ ਟਰੱਸਟ ਕਮਿਸ਼ਨਰ ਆਫ ਇਨਕਮ ਟੈਕਸ ਪਟਿਆਲਾ ਦੇ ਪੱਤਰ ਨੰਬਰ ਸੀ.ਆਈ.ਟੀ./ਪੀ.ਟੀ.ਏ./12-ਏ/157-ਜੀ 94-95/386 ਅਨੁਸਾਰ ਵੀ ਰਜਿਸਟਰਡ ਹੈ। ਉਕਤ ਟਰੱਸਟ ਆਪਣੇ ਮਨੋਰਥਾਂ ਦੀ ਪੂਰਤੀ ਲਈ ਜਿਵੇਂ ਸਕੂਲ, ਕਾਲਜ, ਡਿਸਪੈਂਸਰੀ ਆਦਿ ਇਸ ਜਮੀਨ ਦੀ ਜਿਵੇਂ ਚਾਹੇ ਵਰਤੋਂ ਕਰ ਸਕਦਾ ਹੈ। ਇਸ ਜ਼ਮੀਨ ਸਬੰਧੀ ਉਕਤ ਟਰੱਸਟ ਨੂੰ ਮੇਰੇ ਵਾਂਗ ਪੂਰੇ-ਪੂਰੇ ਅਧਿਕਾਰ ਹੋਣਗੇ। ਉਕਤ ਟਰੱਸਟ ਇਸ ਜ਼ਮੀਨ ਦੀ ਆਮਦਨ ਨੂੰ ਕਿਸੀ ਹੋਰ ਯੋਗ ਭਲਾਈ ਅਤੇ ਧਾਰਮਕ ਮਨੋਰਥਾਂ ਜਿਵੇਂ ਚਾਹੇਗਾ ਵਰਤੋਂ ਵਿਚ ਲਿਆ ਸਕਦਾ ਹੈ। ਮੇਰਾ ਅਤੇ ਮੇਰੇ ਵਾਰਸਾਂ ਦਾ ਕੋਈ ਉਜ਼ਰ ਨਹੀਂ ਹੋਵੇਗਾ। ਇਹ ਹਿਬਾਨਾਮਾ ਲਿਖ ਦਿੱਤਾ ਹੈ ਕਿ ਸਾਖੀ ਰਹੇ। 6/3/97 ਸੁਖਦੇਵ ਚੰਦਰ

ਵਸੀਕਾਨਵੀਸ ਨਵਾਂਸ਼ਹਿਰ 160/2117 ਓ 25

ਨੋਟ : ਅਸ਼ਟਾਮ ਦਾ ਖਰਚਾ ਟਰੱਸਟ ਵਲੋਂ ਕੀਤਾ ਗਿਆ ਹੈ-ਸੁਖਦੇਵ ਚੰਦਰ

| | |
|---|---|
| ਗਵਾਹ : ਨਰੰਜਣ ਸਿੰਘ | ਗਵਾਹ: ਸੋਹਣ ਸਿੰਘ ਪੁੱਤਰ ਮੁਨਸ਼ਾ ਸਿੰਘ |
| ਨੰਬਰਦਾਰ ਗੜ੍ਹੀ ਭਾਰਟੀ। | ਵਜੀਦਪੁਰ। |
| ਨਿਸ਼ਾਨ ਅੰਗੂਠਾ | ਦਸਤਖਤ |
| ਸੁੱਚਾ ਸਿੰਘ | ਮੋਹਰ ਅਤੇ ਦਸਤਖਤ |
| ਬਾਮੁਖਤਾਰ ਆਮ | ਜੁਆਇੰਟ ਸਬ ਰਜਿਸਟਰਾਰ |
| ਭਾਗ ਸਿੰਘ | ਮਿਤੀ 10.3.97 |
| ਦਸਤਖਤ | |

ਅਮਰਜੀਤ ਸਿੰਘ, ਖਜ਼ਾਨਚੀ ਟਰੱਸਟੀ ਗੁਰਮਤਿ ਸਾਗਰ ਟਰੱਸਟ

ਦਸਤਖਤ ਅਮਰਜੀਤ ਸਿੰਘ

ਨਕਲ ਮੁਤਾਬਕ ਅਸਲ ਹੈ-ਸੁਖਦੇਵ ਚੰਦਰ।

***

ਹਿਬਾਨਾਮਾ ਮਾਲੀਤੀ 4,30,000 ਅਸ਼ਟਾਮ 25800

ਅਸ਼ਟਾਮ ਖਜ਼ਾਨਾ 3048

27 ਕਨਾਲ 10 ਮਰਲੇ ਗੜ੍ਹੀ ਭਾਰਟੀ।

ਅਸੀਂ ਭਾਗ ਸਿੰਘ ਪੁੱਤਰ ਸ. ਕਾਬਲ ਸਿੰਘ ਪੁੱਤਰੰ ਗੁਲਾਬ ਸਿੰਘ ਵਾਸੀ ਬਾਜੀਦਪੁਰ ਤਹਿ. ਨਵਾਂਸ਼ਹਿਰ ਮੁਖਤਾਰ ਆਮ ਵਲੋਂ ਸੋਹਨ ਸਿੰਘ ਪੁੱਤਰ ਭਾਗ ਸਿੰਘ ਵਾਸੀ ਬਾਜੀਦਪੁਰ ਬਰੂਏ ਮੁਖਤਾਰ ਨਾਮਾ ਆਮ ਮਿਤੀ 3.9.1986 ਮੁਲਕ ਕਨੇਡਾ ਵ ਨੀਜ ਮੁਖਤਾਰ ਆਮ ਵਲੋਂ ਮੋਹਨ ਸਿੰਘ ਪੁੱਤਰ ਭਾਗ ਸਿੰਘ ਵਾਸੀ ਬਾਜੀਦਪੁਰ ਤਹਿਸੀਲ ਨਵਾਂਸ਼ਹਿਰ ਬਰੂਏ ਮੁਖਤਾਰ ਨਾਮਾ ਆਮ ਮਿਤੀ 22.12.86 ਮੁਲਕ ਇੰਗਲੈਂਡ ਨੇ ਆਪਣੀ 27 ਕਨਾਲ 10 ਮਰਲੇ ਜਮੀਨ ਵਾਕਿਆ ਰਕਬਾ ਗੜ੍ਹੀ ਭਾਰਟੀ ਤਹਿਸੀਲ ਨਵਾਂਸ਼ਹਿਰ (1) 4 ਕਨਾਲ 11 ਮਰਲੇ ਖਾਤਾ 220/232 ਨੰ. ਖਸਰਾ 19/6/3-11 ਮਰਲੇ, 3/1-3 ਕਨਾਲ 12 ਮਰਲੇ, 16/23/2-8 ਮਰਲੇ ਮਲਕੀਤੀ ਭਾਗ ਸਿੰਘ

(2) 1/2 ਹਿੱਸਾ 5 ਕਨਾਲ 10 ਮਰਲੇ ਬਕਟ 2 ਕਨਾਲ 15 ਮਰਲੇ ਖਾਤਾ 223/235 ਖਸਰਾ 16/7/3-1 ਕਨਾਲ 14 ਮਰਲੇ, 14/1-3 ਕਨਾਲ 16 ਮਰਲੇ ਮਲਕੀਤੀ ਭਾਗ ਸਿੰਘ

(3) 20 ਕਨਾਲ 4 ਮਰਲੇ ਖਾਤਾ 222/234 ਨੰ. ਖਸਰਾ 16/24/2-2 ਕਨਾਲ 4 ਮਰਲੇ, 25-8 ਕਨਾਲ, 19/4/2-2 ਕਨਾਲ 4 ਮਰਲੇ, 5/1-5 ਕਨਾਲ 12 ਮਰਲੇ, 19/7/1-2 ਕਨਾਲ 4 ਮਰਲੇ ਮਲਕੀਤੀ ਭਾਗ ਸਿੰਘ 1/2 ਹਿੱਸਾ ਸੋਹਨ ਸਿੰਘ ਮੋਹਨ ਸਿੰਘ 1/2 ਹਿੱਸਾ ਹਨ ਦਰਜੇ ਜਮਾਂਬੰਦੀ 1991/92 ਸਣੇ ਸਾਲਮ ਮੋਟਰ ਬਿਜਲੀ 5 ਐਚ.ਪੀ. ਕੱਠਾ ਕੁਨੈਕਸ਼ਨ ਅਤੇ ਦੋ ਬੋਰ ਦ੍ਰਖਤਾਂ ਹਕੂਕ ਆਵਾਜਾਈ ਹਰ ਪ੍ਰਕਾਰ ਦੇ

ਮਾਲੀਤੀ 4,30,000/- ਬਹੱਕ ਗੁਰਮੱਤ ਸਾਗਰ ਟਰੱਸਟ ਰਜਿਸਟਰਡ ਸ੍ਰੀ ਅਨੰਦਪੁਰ ਸਾਹਿਬ ਦੇ ਹੱਕ 'ਚ ਹਿਬਾ ਬਖਸ਼ੀਸ਼ ਕਰ ਦਿੱਤੀ ਹੈ। ਉਕਤ ਟਰੱਸਟ ਇਸ ਜਮੀਨ ਦੀ ਪੈਦਾਵਾਰ ਲਵੇ। ਮਾਮਲਾ ਸਰਕਾਰੀ ਦੇਵੇ। ਸਾਡਾ ਕੋਈ ਤੁਅਲਕ ਵ ਵਾਸਤਾ ਇਸ ਹਿਬਾ ਕੀਤੀ ਜਮੀਨ ਨਾਲ ਨਹੀਂ ਰਿਹਾ ਹੈ। ਕਬਜਾ ਇਸ ਹਿਬਾ ਕੀਤੀ ਜਮੀਨ ਤੇ ਟਰੱਸਟ ਕੀਤੀ ਜਮੀਨ ਤੇ ਕਰਾ ਦਿੱਤਾ ਹੈ। ਦਾਨ ਅਧਿਕਾਰੀ ਪੈਦਾਵਾਰ ਲਵੇ। ਅਸੀਂ ਬੇਦਖਲ ਹੋ ਗਏ ਹਾਂ। ਮੁਖਤਾਰ ਕਰਤਾ ਜਿਉਂਦੇ ਹਨ। ਮੁਖਤਾਰ ਨਾਮਾ ਆਮ ਚਾਲੂ ਹਨ। ਉਕਤ ਟਰੱਸਟ ਬਰੂਏ ਟਰੱਸਟ ਡੀਡ ਮਿਤੀ 31.12.93 ਵਸੀਕੀ ਨੰਬਰ 1453 ਬਹੀ 4 ਸਫਾ 53 ਦਫਤਰ ਰਜਿਸਟਰੀ ਪਟਿਆਲਾ 'ਚ ਰਜਿਸਟਰਡ ਹੈ। ਇਹ ਟਰੱਸਟ ਕਮਿਸ਼ਨਰ ਆਫ ਇਨਕਮ ਟੈਕਸ ਪਟਿਆਲਾ ਦੇ ਪੱਤਰ ਨੰਬਰ ਸੀ.ਆਈ.ਟੀ./ਪੀ.ਟੀ.ਏ./12-ਏ/157-ਜੀ/94-95/3868 ਮਿਤੀ 7.6.94 ਅਨੁਸਾਰ ਵੀ ਰਜਿਸਟਰਡ ਹੈ। ਉਕਤ ਟਰੱਸਟ ਆਪਣੇ ਮਨੋਰਥਾਂ ਦੀ ਪੂਰਤੀ ਲਈ ਜਿਵੇਂ ਸਕੂਲ, ਕਾਲਜ, ਡਿਸਪੈਂਸਰੀ ਆਦਿ ਲਈ ਇਸ ਜਮੀਨ ਨੂੰ ਜਿਵੇਂ ਚਾਹੇ ਵਰਤੋਂ ਕਰ ਸਕਦਾ ਹੈ। ਇਸ ਜਮੀਨ ਸਬੰਧੀ ਉਕਤ ਟਰੱਸਟ ਨੂੰ ਮੇਰੇ ਵਾਂਗ ਪੂਰੇ-ਪੂਰੇ ਅਧਿਕਾਰ ਹੋਣਗੇ। ਉਕਤ ਟਰੱਸਟ ਇਸ ਜਮੀਨ ਵ ਆਮਦਨ ਨੂੰ ਕਿਸੇ ਹੋਰ ਯੋਗ ਭਲਾਈ ਅਤੇ ਧਾਰਮਕ ਮਨੋਰਥਾਂ ਲਈ ਜਵਿੇਂ ਚਾਹੇਗਾ ਲਿਆ ਸਕਦਾ ਹੈ। ਮੇਰਾ ਅਤੇ ਮੇਰੇ ਵਾਰਸਾਂ ਦਾ ਕੋਈ ਉਜਰ ਨਹੀਂ ਹੋਵੇਗਾ। ਇਹ ਹਿਬਾ ਨਾਮਾ ਲਿਖ ਦਿੱਤਾ ਹੈ। ਸਾਖੀ ਰਹੇ 6.3.97 ਸੁਖਦੇਵ ਚੰਦਰ ਵਸੀਕਾਨਵੀਸ ਨਵਾਂਸ਼ਹਿਰ 157/2117 ਓ 25

ਨੋਟ: ਅਸ਼ਟਾਮ ਦਾ ਖਰਚਾ ਟਰੱਸਟ ਵਲੋਂ ਕੀਤਾ ਗਿਆ ਹੈ। ਸੁਖਦੇਵ ਚੰਦਰ।

ਗਵਾਹ : ਨਰੰਜਣ ਸਿੰਘ ਨੰਬਰਦਾਰ ਗੜ੍ਹੀ ਭਾਰਟੀ। ਨਿਸ਼ਾਨ ਅੰਗੂਠਾ

ਗਵਾਹ: ਸੋਹਣ ਸਿੰਘ ਪੁੱਤਰ ਮੁਨਸ਼ਾ ਸਿੰਘ ਵਜੀਦਪੁਰ। ਦਸਤਖਤ

ਭਾਗ ਸਿੰਘ ਆਪ ਖੁਦ ਅਤੇ ਮੁਖਤਾਰ ਆਮ ਵਲੋਂ ਸੋਹਨ ਸਿੰਘ ਮੋਹਨ ਸਿੰਘ ਹਿਬਾ ਕਰਤਾ ਦਸਤਖਤ

ਮੋਹਰ ਅਤੇ ਦਸਤਖਤ ਜੁਆਇੰਟ ਸਬ ਰਜਿਸਟਰਾਰ ਮਿਤੀ 10.3.97

ਅਮਰਜੀਤ ਸਿੰਘ
ਖਜ਼ਾਨਚੀ ਟਰੱਸਟੀ ਗੁਰਮਤਿ ਸਾਗਰ ਟਰੱਸਟ
ਦਸਤਖਤ ਅਮਰਜੀਤ ਸਿੰਘ
ਨਕਲ ਮੁਤਾਬਕ ਅਸਲ ਹੈ-ਸੁਖਦੇਵ ਚੰਦਰ।

***

ਹਿਬਾਨਾਮਾ ਮਾਲੀਤੀ 4,11,000 ਅਸ਼ਟਾਮ 24660
ਅਸ਼ਟਾਮ ਖਜਾਨਾ 3045
23 ਕਨਾਲ ਡੇਢ ਮਰਲਾ, ਗੜ੍ਹੀ ਭਾਰਟੀ

3 ਕਨਾਲ 4 ਮਰਲੇ ਭਾਰਟੀ ਕਲਾਂ

ਮੈਂ ਸੋਹਨ ਸਿੰਘ ਪੁੱਤਰ ਸ. ਭਾਗ ਸਿੰਘ ਪੁੱਤਰ ਸ. ਕਾਬਲ ਸਿੰਘ ਵਾਸੀ ਬਾਜੀਦਪੁਰ ਤਹਿਸੀਲ ਨਵਾਂਸ਼ਹਿਰ ਨੇ ਆਪਣੀ 26 ਕਨਾਲ ਸਾਢੇ 5 ਮਰਲੇ ਜਮੀਨ ਵੇਰਵਾ (1) ਅੱਧਾ ਹਿੱਸਾ 46 ਕਨਾਲ 3 ਮਰਲੇ, 23 ਕਨਾਲ ਡੇਢ ਮਰਲਾ ਜਮੀਨ ਵਾਕਿਆ ਰਕਬਾ ਗੜ੍ਹੀ ਭਾਰਟੀ ਤਹਿਸੀਲ ਨਵਾਂਸ਼ਹਿਰ ਖਾਤਾ 221/233, 225/237, 348/373, 80/86 ਨੰ. ਖਸਰਾ 16/14/2/2-3 ਕਨਾਲਾਂ, 15/1/2-1 ਕਨਾਲ 8 ਮਰਲੇ, 19/5/2-2 ਕਨਾਲ 8 ਮਰਲੇ, 6/1-6 ਕਨਾਲਾਂ, 16/16/1-1 ਕਨਾਲ 8 ਮਰਲੇ, 16/2/2-2 ਕਨਾਲ 16 ਮਰਲੇ, 17/20-6 ਕਨਾਲ 8 ਮਰਲੇ, 21-6 ਕਨਾਲ 8 ਮਰਲੇ, 19/15/ 1-2 ਕਨਾਲ 19 ਮਰਲੇ, 18/1/1-3 ਕਨਾਲ 16 ਮਰਲੇ, 1/2-2 ਕਨਾਲ 16 ਮਰਲੇ, 10-6 ਕਨਾਲ 16 ਮਰਲੇ (1991/92) (2) 3 ਕਨਾਲ 4 ਮਰਲੇ ਜਮੀਨ ਵਾਕਿਆ ਰਕਬਾ ਭਾਰਟਾ ਕਲਾਂ ਤਹਿਸੀਲ ਨਵਾਂਸ਼ਹਿਰ (ਏ) 1/2 ਹਿੱਸਾ 2 ਕਨਾਲ 1 ਮਰਲਾ, 1 ਕਨਾਲ ਸਾਢੇ 6 ਮਰਲੇ ਖਾਤਾ 264/321 ਨੰ. ਖਸਰਾ 7/19/4-1 ਕਨਾਲ 5 ਮਰਲੇ, 20/1=1 ਕਨਾਲ 8 ਮਰਲੇ, (ਬੀ) 3/8 ਹਿੱਸਾ 5 ਕਨਾਲ-1 ਕਨਾਲ ਸਾਢੇ 17 ਮਰਲੇ, ਖਾਤਾ 215/322 ਨੰ. ਖਸਰਾ 7/19/2 ਟਰੱਸਟ ਜਮਾਂਬੰਦੀ 1992/93 ਸਣੇ ਸਾਰੇ ਹੱਕ ਹਕੂਕ ਬਹੱਕ ਗੁਰਮੱਤ ਸਾਗਰ ਟਰੱਸਟ ਰਜਿਸਟਰਡ ਸ੍ਰੀ ਅਨੰਦਪੁਰ ਸਾਹਿਬ ਦੇ ਹੱਕ 'ਚ ਹਿਬਾ ਵ ਬਖਸ਼ੀਸ਼ ਕਰ ਦਿੱਤੀ ਹੈ।

| | |
|---|---|
| ਗਵਾਹ : ਨਰੰਜਣ ਸਿੰਘ | ਗਵਾਹ: ਸੋਹਣ ਸਿੰਘ ਪੁੱਤਰ ਮੁਨਸ਼ਾ ਸਿੰਘ |
| ਨੰਬਰਦਾਰ ਗੜ੍ਹੀ ਭਾਰਟੀ। | ਵਜੀਦਪੁਰ। |
| ਨਿਸ਼ਾਨ ਅੰਗੂਠਾ | ਦਸਤਖਤ |
| ਸੋਹਨ ਸਿੰਘ | ਮੋਹਰ ਅਤੇ ਦਸਤਖਤ |
| ਉਕਤ | ਜੁਆਇੰਟ ਸਬ ਰਜਿਸਟਰਾਰ |

ਅਮਰਜੀਤ ਸਿੰਘ

ਖਜ਼ਾਨਚੀ ਟਰੱਸਟੀ ਗੁਰਮਤਿ ਸਾਗਰ ਟਰੱਸਟ

ਦਸਤਖਤ ਅਮਰਜੀਤ ਸਿੰਘ

ਨਕਲ ਮੁਤਾਬਕ ਅਸਲ ਹੈ-ਸੁਖਦੇਵ ਚੰਦਰ।

***

ਹਿਬਾਨਾਮਾ ਮਾਲੀਤੀ 3,61,000 ਅਸ਼ਟਾਮ 21660

ਅਸ਼ਟਾਮ ਖਜਾਨਾ 3046 ਕਿਤਾ 2

23 ਕਨਾਲ ਡੇਢ ਮਰਲਾ ਗੜ੍ਹੀ ਭਾਰਟੀ

ਮੈਂ ਮੋਹਨ ਸਿੰਘ ਪੁੱਤਰ ਸ. ਭਾਗ ਸਿੰਘ ਪੁੱਤਰ ਕਾਬਲ ਸਿੰਘ ਵਾਸੀ ਬਾਜੀਦਪੁਰ ਤਹਿਸੀਲ ਨਵਾਂਸ਼ਹਿਰ ਬਾਮੁਖਤਿਆਰੀ ਆਮ ਭਾਗ ਸਿੰਘ ਪਿਤਾ ਖੁਦ ਬਰੂਏ ਮੁਖਤਾਰ ਨਾਮਾ

ਆਮ ਮਿਤੀ 22.12.86 ਮੁਲਕ ਇੰਗਲੈਂਡ ਨੇ ਆਪਣੀ ਅੱਧਾ ਹਿੱਸਾ 46 ਕਨਾਲ 3 ਮਰਲੇ=23 ਕਨਾਲ ਡੇਢ ਮਰਲਾ ਜਮੀਨ ਵਾਕਿਆ ਰਕਬਾ ਗੜ੍ਹੀ ਭਾਰਟੀ ਤਹਿਸੀਲ ਨਵਾਂਸ਼ਹਿਰ ਖਾਤਾ 221/233, 225/237, 348/373, 80/86 ਨੰ. ਖਸਰਾ 16/14/2/2-3 ਕਨਾਲ, 15/1/2 -1 ਕਨਾਲ 8 ਮਰਲੇ, 19/5/2 -2 ਕਨਾਲ 8 ਮਰਲੇ, 6/1-6 ਮਰਲੇ, 16/16/1-1 ਕਨਾਲ 8 ਮਰਲੇ, 16/2/2-2 ਕਨਾਲ 16 ਮਰਲੇ, 17/20-6 ਕਨਾਲ 8 ਮੰਰਲੇ, 21-6 ਕਨਾਲ 8 ਮਰਲੇ, 19/15/1-2 ਕਨਾਲ 19 ਮਰਲੇ, 18/1/1-3 ਕਨਾਲ 16 ਮਰਲੇ, 1/2-2 ਕਨਾਲ 16 ਮਰਲੇ, 10-6 ਕਨਾਲ 16 ਮਰਲੇ ਦਰਜ ਜਮਾਂਬੰਦੀ 1991/92 ਮਾਲੀਤੀ 361000/-ਸਣੇ ਸਾਰੇ ਹੱਕ ਹਕੂਕ ਜੋ ਇਸ ਜਮੀਨ ਸਬੰਧੀ ਮੈਨੂੰ ਹਨ ਬਹੱਕ ਗੁਰਮੱਤ ਸਾਗਰ ਟਰੱਸਟ ਰਜਿਸਟਰਡ ਸ੍ਰੀ ਅਨੰਦਪੁਰ ਸਾਹਿਬ ਦੇ ਹੱਕ 'ਚ ਹਿਬਾ ਬਖਸ਼ੀਸ਼ ਕਰ ਦਿੱਤੀ ਹੈ।

ਨੋਟ: ਅਸ਼ਟਾਮ ਦਾ ਖਰਚਾ ਟਰੱਸਟ ਵਲੋਂ ਕੀਤਾ ਗਿਆ ਹੈ। ਸੁਖਦੇਵ ਚੰਦਰ।

| | |
|---|---|
| ਗਵਾਹ : ਨਰੰਜਣ ਸਿੰਘ | ਗਵਾਹ: ਸੋਹਣ ਸਿੰਘ ਪੁੱਤਰ ਮੁਨਸ਼ਾ ਸਿੰਘ |
| ਨੰਬਰਦਾਰ ਗੜ੍ਹੀ ਭਾਰਟੀ। | ਵਜੀਦਪੁਰ। |
| ਨਿਸ਼ਾਨ ਅੰਗੂਠਾ | ਦਸਤਖਤ |
| ਮੋਹਨ ਸਿੰਘ | ਮੋਹਰ ਅਤੇ ਦਸਤਖਤ |
| ਬਮੁਖਤਾਰ ਆਮ | ਜੁਆਇੰਟ ਸਬ ਰਜਿਸਟਰਾਰ |
| ਭਾਗ ਸਿੰਘ | ਮਿਤੀ 22.8.97 |
| ਦਸਤਖਤ | |

ਅਮਰਜੀਤ ਸਿੰਘ
ਖਜ਼ਾਨਚੀ ਟਰੱਸਟੀ ਗੁਰਮਤਿ ਸਾਗਰ ਟਰੱਸਟ
ਦਸਤਖਤ ਅਮਰਜੀਤ ਸਿੰਘ
ਨਕਲ ਮੁਤਾਬਕ ਅਸਲ ਹੈ-ਸੁਖਦੇਵ ਚੰਦਰ।

***

## ਜਥੇਦਾਰ ਸ੍ਰੀ ਅਕਾਲ ਤਖ਼ਤ ਅਤੇ ਪੰਜਾਬ ਦੇ ਮੁੱਖ ਮੰਤਰੀ ਨੂੰ ਲਿਖੀ ਚਿੱਠੀ

ਸੇਵਾ ਵਿਖੇ
ਭਾਈ ਰਣਜੀਤ ਸਿੰਘ ਜੀ, ਸਿੰਘ ਸਾਹਿਬ
ਜਥੇਦਾਰ, ਸ੍ਰੀ ਅਕਾਲ ਤਖ਼ਤ ਸਾਹਿਬ।
ਅਤੇ
ਮੁੱਖ ਮੰਤਰੀ, ਪੰਜਾਬ, ਚੰਡੀਗੜ੍ਹ।
ਵਿਸ਼ਾ: ਅਨੰਦਪੁਰ ਸਾਹਿਬ ਵਿਚ ਵਿਕਾਸ ਲਈ ਜ਼ਮੀਨ ਲੈਣ ਸਬੰਧੀ।
ਸ੍ਰੀਮਾਨ ਜੀ,
ਸਨਿਮਰ ਬੇਨਤੀ ਹੈ ਕਿ ਅਸੀਂ ਅਨੰਦਪੁਰ ਸਾਹਿਬ ਦੇ ਵਾਰਡ ਨੰ. 5 (ਲੋਦੀਪੁਰ)

ਅਤੇ ਵਾਰਡ ਨੰ. 6 (ਮਟੌਰ) ਦੇ ਵਸਨੀਕ ਹਾਂ। ਸਾਡੇ ਪਾਸ ਬਹੁਤ ਥੋੜ੍ਹੀ ਗੁਜ਼ਾਰੇ ਲਾਇਕ ਰਿਹਾਇਸ਼ੀ ਜ਼ਮੀਨ ਹੈ। ਇਹ ਜ਼ਮੀਨਾਂ ਅਸੀਂ ਬਹੁਤ ਮਿਹਨਤ ਅਤੇ ਲਗਨ ਨਾਲ ਭਾਰੀ ਖਰਚੇ ਕਰਕੇ ਸੰਵਾਰੀਆਂ ਅਤੇ ਪੱਧਰੀਆਂ ਕੀਤੀਆਂ ਹਨ। ਪਹਿਲਾਂ ਵੀ ਸਾਡੀਆਂ ਜ਼ਮੀਨਾਂ ਅਬਾਦੀ ਅਤੇ ਖੂਹ ਸਮੇਤ ਪਾਵਰ ਕਲੋਨੀ ਅਤੇ ਨਹਿਰਾਂ ਵਿਚ ਆ ਗਈਆਂ ਹਨ।

ਸਿੰਘ ਸਾਹਿਬ ਭਾਈ ਮਨਜੀਤ ਸਿੰਘ ਜੀ ਆਪਣੇ ਧਾਰਮਕ ਰੁਤਬੇ ਅਤੇ ਆਪ ਨਾਲ ਮੇਲ-ਮਿਲਾਪ ਨੂੰ ਨਿੱਜੀ ਸਵਾਰਥ ਲਈ ਵਰਤ ਰਹੇ ਹਨ, ਜਿਵੇਂ ਕਿ **ਅਨ-ਰਜਿਸਟਰਡ ਅਨੰਦ ਸਾਗਰ ਹਾਊਸਿੰਗ ਸੁਸਾਇਟੀ** ਨਾਂ ਦੀ ਕਲੋਨੀ ਜੋ ਕਿ 18-20 ਕਿੱਲੇ ਵਿਚ ਉੱਸਰ ਰਹੀ ਹੈ, ਵਾਸਤੇ ਪਾਣੀ ਦੀ ਸਪਲਾਈ ਅਤੇ ਬਿਜਲੀ ਦੀ ਸਪਲਾਈ ਆਦਿ। ਅਨੰਦਪੁਰ ਸਾਹਿਬ ਦੇ ਵਿਕਾਸ ਦੇ ਸਾਰੇ ਪ੍ਰੋਜੈਕਟ ਨਿੱਜੀ ਕਲੋਨੀ ਦੁਆਲੇ ਬਨਵਾਉਣ ਲਈ ਨੱਠ-ਭੱਜ ਇਹ ਜ਼ਾਹਿਰ ਕਰਦੀ ਹੈ ਕਿ ਇਹ ਸਭ ਆਪਣੀਆਂ ਜ਼ਮੀਨਾਂ ਦੇ ਭਾਅ ਵਧਾਉਣ ਲਈ ਹੋ ਰਿਹਾ ਹੈ। ਸਿੰਘ ਸਾਹਿਬ ਨੂੰ ਕੀ ਜ਼ਰੂਰਤ ਹੈ ਕਿ ਉਹ ਲੋਕਾਂ ਦੇ ਪਲਾਟਾਂ ਦੀਆਂ ਨੀਹਾਂ ਆਪ ਕੋਲ ਖੜ੍ਹ ਕੇ ਭਰਵਾਏ। ਸ਼੍ਰੋਮਣੀ ਕਮੇਟੀ ਵਲੋਂ ਕਈ ਇਮਾਰਤਾਂ ਦੇ ਕੰਮ ਚਲਦੇ ਹਨ, ਕੀ ਸਿੰਘ ਸਾਹਿਬ ਨੇ ਉਥੇ ਵੀ ਕਦੇ 5 ਮਿੰਟ ਲਾਏ ਹਨ?

ਇਸ ਕਲੋਨੀ ਦੀ ਜ਼ਮੀਨ ਤੋਂ ਇਲਾਵਾ ਸਿੰਘ ਸਾਹਿਬ ਨੇ ਜਰਨੈਲ ਸਿੰਘ ਔਲਖ, ਅਮਰਜੀਤ ਸਿੰਘ ਖਜ਼ਾਨਚੀ ਅਤੇ ਰਿਸ਼ਤੇਦਾਰਾਂ ਦੇ ਨਾਂ ਤਕਰੀਬਨ 50-60 ਕਿੱਲੇ ਜ਼ਮੀਨ ਹੋਰ ਵੀ ਖਰੀਦ ਕੇ ਰੱਖੀ ਹੋਈ ਹੈ। ਆਪਣੀਆਂ ਇਨ੍ਹਾਂ ਜ਼ਮੀਨਾਂ ਦੇ ਆਸ-ਪਾਸ ਦੀਆਂ ਜ਼ਮੀਨਾਂ ਹੀ ਸਰਕਾਰੀ ਕਬਜ਼ੇ ਹੇਠ ਕਰਵਾਈਆਂ ਜਾ ਰਹੀਆਂ ਹਨ ਤਾਂ ਕਿ ਬਾਅਦ ਵਿਚ ਆਪਣੀ ਜ਼ਮੀਨ ਕਈ ਗੁਣਾ ਭਾਅ ਵਧਾ ਕੇ ਵੇਚੀ ਜਾ ਸਕੇ।

ਨਿੱਜੀ ਸਵਾਰਥ ਲਈ ਸੰਗਤਾਂ ਦੀ ਦਾਨ ਕਰਨ ਦੀ ਭਾਵਨਾ ਨੂੰ ਗੁਰਧਾਮਾਂ ਵਲੋਂ ਮੋੜ ਕੇ ਨਿੱਜੀ ਕਲੋਨੀਆਂ ਟਰੱਸਟਾਂ ਵੱਲ ਪ੍ਰੇਰਿਆ ਜਾ ਰਿਹਾ ਹੈ। ਸੰਤਾਂ (ਕਾਰ ਸੇਵਾ ਵਾਲਿਆਂ) ਪਾਸੋਂ ਬਿਰਧ ਆਸ਼ਰਮ ਦੇ ਕਮਰੇ ਦਾਨ ਲੈਣੇ ਸਿੰਘ ਸਾਹਿਬ ਦੀ ਧਾਰਮਕ ਰੁਤਬੇ ਦੀ ਦੁਰਵਰਤੋਂ ਕਹੀ ਜਾ ਸਕਦੀ ਹੈ। ਸੰਤਾਂ ਪਾਸ ਸੰਗਤਾਂ ਦਾ ਪੈਸਾ ਹੈ ਜੋ ਕਿ ਗੁਰਧਾਮਾਂ ਦੀ ਸੇਵਾ ਲਈ ਹੈ।

ਨਿੱਜੀ ਸਵਾਰਥ ਲਈ ਇਕ ਸ਼ਰਧਾਲੂ ਨੂੰ 12 ਕਿੱਲੇ ਜ਼ਮੀਨ ਤਕਰੀਬਨ ਡੇਢ ਕਰੋੜ ਰੁਪਏ ਦੀ ਟਰੱਸਟ (ਅਨੰਦ ਸਾਗਰ ਹਾਊਸਿੰਗ ਸੁਸਾਇਟੀ) ਨੂੰ ਦਾਨ ਦੇਣ ਲਈ ਪ੍ਰੇਰਿਆ ਗਿਆ। ਕੀ ਕਦੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਜਾਂ ਅਕਾਲ ਤਖ਼ਤ ਸਾਹਿਬ ਜਿਥੇ ਦੇ ਇਹ ਸੇਵਾਦਾਰ ਹਨ ਅਤੇ ਰਹੇ ਹਨ, ਵਾਸਤੇ ਵੀ ਕਦੇ ਏਨੀ ਵੱਡੀ ਰਕਮ ਦਾਨ ਦੇਣ ਲਈ ਕਿਸੇ ਸ਼ਰਧਾਲੂ ਜਾਂ ਸ਼ਰਧਾਲੂਆਂ ਨੂੰ ਪ੍ਰੇਰਿਆ ਹੈ?

ਅਸੀਂ ਵੀ ਨਿੱਜੀ ਸਵਾਰਥ ਲਈ ਬਲੀ ਚੜ੍ਹਾਏ ਜਾ ਰਹੇ ਹਾਂ। ਆਸ ਕਰਦੇ ਹਾਂ ਆਪ ਜੀ ਮਾਮਲੇ ਦੀ ਪੜਤਾਲ ਕਰੋਗੇ ਅਤੇ ਵਿਕਾਸ ਦੇ ਪ੍ਰੋਜੈਕਟ ਨੂੰ ਸਹੀ ਸਥਾਨ ਅਤੇ ਸਹੀ ਲੋਕੇਸ਼ਨ 'ਤੇ ਬਨਵਾਉਣ ਦੀ ਖੇਚਲ ਕਰੋਗੇ। ਇਕੱਲੇ ਸਿੰਘ ਸਾਹਿਬ ਦੀ ਹੀ ਨਾ ਸੁਣੋ ਅਨੰਦਪੁਰ ਸਾਹਿਬ ਦੇ ਕੁਝ ਸਥਾਨਕ ਬੰਦਿਆਂ ਨੂੰ ਵੀ ਨਾਲ ਲਓ। ਇਕ ਵਾਰ ਫਿਰ ਸਾਰਾ ਸਰਵੇ ਕਰਕੇ ਆਪਣੀ ਭਾਵਨਾ ਮੁਤਾਬਕ 8ਵਾਂ ਅਜੂਬਾ ਇਕ ਸਮੂਹਿਕ ਕੰਪਲੈਕਸ ਵਿਚ ਬਨਵਾਉਣ ਦੀ ਕ੍ਰਿਪਾਲਤਾ ਕਰੋ ਤਾਂ ਕਿ ਆਮ ਵੇਖਣ ਵਾਲੇ ਨੂੰ ਵੀ ਅਸਾਨੀ ਅਤੇ

ਸਹੂਲਤ ਹੋਵੇ। ਸਮੇਂ ਅਤੇ ਪੈਸੇ ਦੀ ਬੱਚਤ ਹੋਵੇ।

ਅਸੀਂ ਆਪ ਜੀ ਦੇ ਅਤੀ ਧੰਨਵਾਦੀ ਹੋਵਾਂਗੇ।

ਆਪ ਜੀ ਦੇ ਵਿਸ਼ਵਾਸਪਾਤਰ

ਵਾਰਡ ਨੰ. 5 ਅਤੇ 6, ਅਨੰਦਪੁਰ ਸਾਹਿਬ ਦੇ ਵਸਨੀਕ।

***

*28 ਅਗਸਤ 1997*

ਸਤਿਕਾਰਯੋਗ ਸ: ਭਾਗ ਸਿੰਘ ਜੀ,

ਸ: ਸੋਹਣ ਸਿੰਘ ਜੀ,

ਸਤਿ ਸ੍ਰੀ ਅਕਾਲ।

ਸਨਿਮਰ ਬੇਨਤੀ ਹੈ ਕਿ ਅਸੀਂ ਆਪ ਵਲੋਂ ਦਾਨ ਦਿੱਤੀ ਗਈ ਜ਼ਮੀਨ ਖਰੀਦਣ ਦੇ ਵਿਚਾਰ ਨਾਲ ਬਜੀਦਪਰ ਅਤੇ ਗੜ੍ਹੀ ਭਾਰਟੀ ਗਏ ਸੀ। ਅਸੀਂ ਮਾਸਟਰ ਕ੍ਰਿਸ਼ਨ ਚੰਦ ਚੋਪੜਾ ਜੀ ਨੂੰ ਵੀ ਮਿਲੇ। ਉਨ੍ਹਾਂ ਨੇ ਆਪ ਵਲੋਂ ਦਾਨ ਦੀ ਸਾਰੀ ਕਹਾਣੀ ਸੁਣਾਈ ਕਿ ਕਿਸ ਤਰ੍ਹਾਂ ਕਰੀਬਨ ਚਾਰ ਸਾਲ ਪਹਿਲੇ ਆਪ ਦੇ ਮਨ ਵਿਚ ਭਾਵਨਾ ਆਈ ਕਿ ਆਪ ਆਪਣੀ ਖਰੀਦ ਕੀਤੀ ਹੋਈ ਜ਼ਮੀਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸੇਵਾ ਵਿਚ ਵਿੱਦਿਆ ਦੇ ਪਸਾਰ ਲਈ ਦਾਨ ਕਰਨੀ ਚਾਹੁੰਦੇ ਹੋ। ਇਸ ਸਬੰਧੀ ਆਪ ਨੇ ਆਪਣੇ ਬੱਚਿਆਂ ਨੂੰ ਨਾਲ ਲੈ ਕੇ ਗੁਰਦੁਆਰਾ ਸਾਹਿਬ ਵਿਖੇ ਅਰਦਾਸ ਵੀ ਕੀਤੀ। ਫਰਵਰੀ-ਮਾਰਚ 1997 ਵਿਚ ਜਦੋਂ ਆਪ ਇੰਡੀਆ ਆਏ ਤਾਂ ਆਪ ਇਹ ਅਰਦਾਸ ਪੂਰੀ ਕਰਨ ਲਈ ਅਨੰਦਪੁਰ ਸਾਹਿਬ ਆਏ। ਆਪ ਦਾ ਮੇਲ ਭਾਈ ਮਨਜੀਤ ਸਿੰਘ ਜੀ ਜਥੇਦਾਰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਨਾਲ ਹੋਇਆ। ਜਥੇਦਾਰ ਜੀ ਨੇ ਆਪ ਦੀ ਭਾਵਨਾ ਸੁਣ ਕੇ ਆਪ ਨੂੰ ਇਹ ਜਮੀਨ ਇਕ ਨਿੱਜੀ ਟਰੱਸਟ ਗੁਰਮਤਿ ਸਾਗਰ ਟਰੱਸਟ ਲਈ ਦਾਨ ਦੇਣ ਲਈ ਪ੍ਰੇਰਿਆ। ਉਨ੍ਹਾਂ ਦੀ ਸ਼ਖਸੀਅਤ ਅਤੇ ਮਿੱਠ-ਬੋਲੜੇ ਸੁਭਾਅ ਦੇ ਪ੍ਰਭਾਵ ਵਿਚ ਆ ਕੇ ਆਪ ਨੇ ਆਪਣੀ ਜ਼ਮੀਨ ਟਰੱਸਟ ਦੇ ਨਾਂਅ ਕਰ ਦਿੱਤੀ।

ਪਰ ਸਰਦਾਰ ਸਾਹਿਬ ਇਸ ਨਾਲ ਆਪ ਦੀ ਅਰਦਾਸ ਦੀ ਪੂਰਤੀ ਨਹੀਂ ਹੋਈ। ਗੁਰਮਤਿ ਸਾਗਰ ਟਰੱਸਟ ਭਾਈ ਮਨਜੀਤ ਸਿੰਘ ਦਾ ਨਿੱਜੀ ਟਰੱਸਟ ਹੈ, ਜਿਸ ਵਿਚ ਉਸ ਦੇ ਪਰਿਵਾਰਕ ਮੈਂਬਰ ਅਤੇ ਇਕ-ਦੋ ਨੇੜਲੇ ਦੋਸਤ ਸ਼ਾਮਲ ਹਨ। ਪਿਛਲੇ ਚਾਰ ਸਾਲਾਂ ਤੋਂ ਅੱਜ ਤਕ ਇਸ ਟਰੱਸਟ ਵਿਚ ਇਕ ਵੀ ਇੱਟ ਨਹੀਂ ਲੱਗੀ। ਨੀਂਹ ਪੱਥਰ ਵੀ ਆਪ ਪਾਸੋਂ ਜ਼ਮੀਨ ਦਾਨ ਲੈਣ ਦੇ ਬਾਅਦ ਹੀ ਰਖਵਾਇਆ ਗਿਆ। ਆਪ ਨੂੰ ਪ੍ਰਭਾਵਤ ਕਰਨ ਲਈ ਟੌਹੜਾ ਸਾਹਿਬ ਅਤੇ ਬਾਦਲ ਸਾਹਿਬ ਨੂੰ ਵੀ ਬੁਲਾਇਆ ਗਿਆ ਤੇ ਆਪ ਨੂੰ ਸਨਮਾਨਤ ਕਰਵਾਇਆ ਗਿਆ।

ਹੁਣ ਆਪ ਦੀ ਜ਼ਮੀਨ ਵੇਚੀ ਜਾ ਰਹੀ ਹੈ, ਵੇਚ ਕੇ ਕੀ ਬਣੇਗਾ, ਕੀ ਨਹੀਂ ਬਣੇਗਾ, ਇਹ ਆਪ ਖੁਦ ਆਪਣੇ ਮਨ ਨੂੰ ਅੰਤਰਧਿਆਨ ਕਰਕੇ, ਉਸ ਗੁਰਦੁਆਰਾ ਸਾਹਿਬ ਵਿਚ ਜਾ ਕੇ, ਦੁਬਾਰਾ ਅਰਦਾਸ ਕਰਕੇ ਹੁਕਮਨਾਮਾ ਸੁਣ ਕੇ, ਵਿਚਾਰ ਕਰੋ ਕਿ ਜੋ ਕੁਝ ਆਪ ਦੇ ਮਨ ਦੀ ਭਾਵਨਾ ਅੱਜ ਤੋਂ ਚਾਰ ਸਾਲ ਪਹਿਲਾਂ ਸੀ, ਉਹ ਪੂਰੀ ਹੋਈ ਹੈ ਜਾਂ ਨਹੀਂ। ਚੀਜ਼ ਆਪ ਦੀ ਸੀ, ਆਪ ਜਿਸ ਨੂੰ ਮਰਜ਼ੀ ਦਾਨ ਦੇ ਜਾਂਦੇ ਜਾਂ ਦੇ ਦਿੱਤੀ, ਸਾਨੂੰ

ਕੋਈ ਇਤਰਾਜ਼ ਨਹੀਂ ਪਰ ਸਾਡੇ ਮਨ ਨੂੰ ਦੁੱਖ ਤੇ ਅਫਸੋਸ ਜ਼ਰੂਰ ਹੋਇਆ ਹੈ। ਗੁਰੂ ਘਰ ਨੂੰ ਦਿੱਤੇ ਜਾਣ ਵਾਲਾ ਦਾਨ ਮਸੰਦ ਰਸਤੇ ਵਿਚ ਹੀ ਖਾ ਗਏ ਹਨ। ਸਾਡਾ ਹਿਰਦਾ ਕੰਬ ਗਿਆ ਅਤੇ ਅਪਣਾ ਵਿਚਾਰ ਬਦਲ ਕੇ ਅਸੀਂ ਵਾਪਸ ਆ ਗਏ। ਅਸੀਂ ਆਪ ਨੂੰ ਬੇਨਤੀ ਕਰਦੇ ਹਾਂ ਕਿ ਆਪਣੇ ਫੈਸਲੇ ਬਾਰੇ ਦੁਬਾਰਾ ਜ਼ਰੂਰ ਵਿਚਾਰ ਕਰੋ। ਆਪ ਦੀ ਸੱਚੀ ਸ਼ਰਧਾ ਅਨੁਸਾਰ ਜਿਥੇ ਦਾਨ ਦੇਣ ਦੀ ਭਾਵਨਾ ਸੀ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਰਨਾਂ ਵਿਚ ਹੀ ਦਾਨ ਜਾਣਾ ਚਾਹੀਦਾ ਹੈ। ਜੇਕਰ ਸਾਡੀ ਸੇਵਾ ਦੀ ਕਿਸੇ ਤਰ੍ਹਾਂ ਦੀ ਵੀ ਜ਼ਰੂਰਤ ਹੋਵੇ ਤਾਂ ਗੁਰੂ ਘਰ ਲਈ ਅਸੀਂ ਹਰ ਵਕਤ ਹਾਜ਼ਰ ਹਾਂ।

ਆਪ ਦੇ ਸ਼ੁਭਚਿੰਤਕ,<br>
ਇੰਦਰਪਾਲ ਸਿੰਘ<br>
1, ਬਾਗ ਕਲੋਨੀ, ਅਨੰਦਪੁਰ ਸਾਹਿਬ,<br>
ਡਾ: ਐਚ.ਐਸ. ਬੇਦੀ,<br>
ਦਸਮੇਸ਼ ਹਸਪਤਾਲ, ਅਨੰਦਪੁਰ ਸਾਹਿਬ।

***

*2 ਸਤੰਬਰ 1997*

ਸ: ਭਾਗ ਸਿੰਘ ਜੀ,
ਸ: ਸੋਹਣ ਸਿੰਘ ਜੀ,
ਸਤਿ ਸ੍ਰੀ ਅਕਾਲ।

ਅਸੀਂ ਪਹਿਲਾਂ ਵੀ ਆਪ ਨੂੰ ਇਕ ਖਤ ਪਾਇਆ ਸੀ। ਆਸ ਹੈ ਆਪ ਨੂੰ ਮਿਲ ਗਿਆ ਹੋਵੇਗਾ। ਅੱਜ ਦੇ ਖਤ ਦਾ ਮਕਸਦ ਸਿਰਫ ਆਪ ਨੂੰ ਫੋਨ ਨੰਬਰ ਅਤੇ ਫੈਕਸ ਨੰਬਰ ਦੇਣਾ ਹੀ ਹੈ ਤਾਂ ਕਿ ਆਪ ਖੁਦ ਸਿੰਘ ਸਾਹਿਬ ਭਾਈ ਰਣਜੀਤ ਸਿੰਘ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਅਤੇ ਸ: ਗੁਰਚਰਨ ਸਿੰਘ ਟੌਹੜਾ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਅਤੇ ਉਨ੍ਹਾਂ ਨਾਲ ਸਿੱਧਾ ਸੰਪਰਕ ਕਰਕੇ ਭਾਈ ਮਨਜੀਤ ਸਿੰਘ ਜਥੇਦਾਰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਨਿੱਜੀ ਟਰੱਸਟ ਬਾਰੇ ਤਸੱਲੀ ਕਰ ਸਕੋ, ਪੁੱਛਗਿੱਛ ਕਰ ਸਕੋ।

ਕਿ ਕੀ ਇਸ ਟਰੱਸਟ ਦਾ ਅਕਾਲ ਤਖ਼ਤ ਸਾਹਿਬ ਨਾਲ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਨਾਲ ਜਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਕਿਸੇ ਤਰ੍ਹਾਂ ਦਾ ਵੀ ਸਬੰਧ ਹੈ?

1. ਸਿੰਘ ਸਾਹਿਬ ਭਾਈ ਰਣਜੀਤ ਸਿੰਘ ਜੀ, ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ, ਅੰਮ੍ਰਿਤਸਰ, ਕੋਡ 0183-ਫੋਨ ਨੰ: 540820

ਫੈਕਸ ਦਾ ਨੰਬਰ ਵੀ ਇਹ ਹੀ ਹੈ, ਪਹਿਲੇ ਫੋਨ ਕਰਕੇ ਦੱਸ ਦਿਓ ਕਿ ਅਸੀਂ ਫੈਕਸ ਕਰਨਾ ਚਾਹੁੰਦੇ ਹਾਂ। ਭਾਈ ਸਾਹਿਬ ਫੈਕਸ ਖੋਲ੍ਹ ਦੇਣਗੇ,

ਸੋ ਫੈਕਸ ਨੰਬਰ 0183-540820 ਹੈ।

ਸ: ਗੁਰਚਰਨ ਸਿੰਘ ਟੌਹੜਾ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਦਾ ਫੈਕਸ ਨੰਬਰ 0183-553919 ਹੈ।

ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਅਨੰਦਪੁਰ ਸਾਹਿਬ ਜਾ ਕੇ ਆਪ ਦੀ ਜੋ ਵੀ

ਗੱਲਬਾਤ ਭਾਈ ਮਨਜੀਤ ਸਿੰਘ ਜੀ ਨਾਲ ਜ਼ਮੀਨ ਦਾਨ ਦੇਣ ਬਾਰੇ ਹੋਈ ਹੈ ਵਿਸਥਾਰ ਨਾਲ ਲਿਖ ਕੇ ਭਾਈ ਰਣਜੀਤ ਸਿੰਘ ਜੀ ਅਤੇ ਸ: ਗੁਰਚਰਨ ਸਿੰਘ ਟੌਹੜਾ ਨੂੰ ਦੱਸ ਸਕਦੇ ਹੋ।

ਆਪ ਦੇ ਧੰਨਵਾਦੀ ਅਤੇ ਸ਼ੁਭਚਿੰਤਕ

ਇੰਦਰਪਾਲ ਸਿੰਘ ਸੈਣੀ
ਅਨੰਦਪੁਰ ਸਾਹਿਬ
ਡਾ. ਐਚ.ਐਸ. ਬੇਦੀ

***

*7 ਸਤੰਬਰ1997*

ੴ ਸਤਿਗੁਰ ਪ੍ਰਸਾਦਿ॥

ਲਿਖਤੁਮ ਸ: ਭਾਗ ਸਿੰਘ,

ਅੱਗੇ ਸਤਿਕਾਰਯੋਗ ਇੰਦਰਪਾਲ ਸਿੰਘ ਜੀ, ਸਤਿ ਸ੍ਰੀ ਅਕਾਲ ਪ੍ਰਵਾਨ ਕਰਨੀ।

ਅਸੀਂ ਇਸ ਜਗ੍ਹਾ 'ਤੇ ਰਾਜੀ ਖੁਸ਼ੀ ਹਾਂ, ਆਸ ਕਰਦੇ ਹਾਂ ਕਿ ਆਪ ਜੀ ਵੀ ਪ੍ਰਮਾਤਮਾ ਦੀ ਕ੍ਰਿਪਾ ਦੁਆਰਾ ਰਾਜੀ ਖੁਸ਼ੀ ਹੋਵੋਂਗੇ।

ਅੱਗੇ ਸਮਾਚਾਰ ਇਹ ਹੈ ਕਿ ਸ: ਜੀ ਸਾਨੂੰ ਆਪ ਜੀ ਦਾ ਲਿਖਿਆ ਹੋਇਆ ਖਤ ਮਿਲ ਗਿਆ ਹੈ ਜਿਸਨੂੰ ਪੜ੍ਹ ਕੇ ਮਨ ਬਹੁਤ ਪ੍ਰਭਾਵਤ ਹੋਇਆ। ਬਾਕੀ ਸ: ਜੀ ਆਪ ਜੀ ਨੇ ਜੋ ਵੀ ਖਤ ਵਿਚ ਲਿਖਿਆ ਹੈ ਅਸੀਂ ਉਸ ਨਾਲ ਪੂਰੇ ਸਹਿਮਤ ਹਾਂ। ਪਰ ਮੇਰੇ ਅਨੁਸਾਰ ਹੁਣ ਇਸ ਗੱਲ ਬਾਰੇ ਦੁਬਾਰਾ ਜ਼ਿਕਰ ਕਰਨਾ ਠੀਕ ਨਹੀਂ ਹੈ ਕਿਉਂਕਿ ਹੁਣ ਤਾਂ ਅਸੀਂ ਜ਼ਮੀਨ ਦੀ ਰੱਜਿਸਟਰੀ ਵੀ ਗੁਰਮਤਿ ਸਾਗਰ ਟਰੱਸਟ ਦੇ ਨਾਂਅ ਕਰ ਚੁੱਕੇ ਹਾਂ। ਬਾਕੀ ਜੇਕਰ ਤੁਸੀਂ ਸਾਨੂੰ ਪਹਿਲਾਂ ਮਿਲ ਜਾਂਦੇ ਜਾਂ ਪ੍ਰਮਾਤਮਾ ਸਾਡਾ ਮੇਲ ਤੁਹਾਡੇ ਨਾਲ ਪਹਿਲਾਂ ਕਰਵਾ ਦੇਂਦਾ ਤਾਂ ਸ਼ਾਇਦ ਇਹ ਸਾਰਾ ਕੁਝ ਬਦਲ ਜਾਂਦਾ। ਸ਼ਾਇਦ ਪ੍ਰਮਾਤਮਾ ਨੂੰ ਇਹ ਮਨਜ਼ੂਰ ਨਹੀਂ ਹੋਵੇਗਾ। ਪਰ ਮੈਂ ਤਾਂ ਆਪਣੇ ਵਲੋਂ ਅਰਦਾਸ ਕਰਕੇ, ਆਪਣੀ ਬੁੱਧੀ ਅਨੁਸਾਰ ਅਤੇ ਆਪਣੇ ਬੱਚਿਆਂ ਮੋਹਣ ਸਿੰਘ, ਸੋਹਣ ਸਿੰਘ ਅਤੇ ਸੁੱਚਾ ਸਿੰਘ ਨਾਲ ਸਲਾਹ ਕਰਕੇ ਸਾਰੀ ਜਾਇਦਾਦ ਨੂੰ ਆਪਣੇ ਗੁਰੂਆਂ ਜਾਂ ਗੁਰੂ ਗੋਬਿੰਦ ਸਿੰਘ ਜੀ ਦੇ ਨਾਂਅ ਸੌਂਪ ਦਿੱਤੀ ਹੈ, ਜਿਨ੍ਹਾਂ ਦੇ ਸਦਕਾ ਅਸੀਂ ਇਥੇ ਤਕ ਪਹੁੰਚੇ ਹਾਂ ਅਤੇ ਜਿਨ੍ਹਾਂ ਨੇ ਸਾਡਾ ਹਰ ਵਕਤ ਸਾਥ ਦੇਣਾ ਹੈ। ਬਾਕੀ ਆਪ ਜੀ ਦੇ ਖਤ ਅਨੁਸਾਰ ਕਿ ਇਹ ਜ਼ਮੀਨ ਗੁਰੂ ਗੋਬਿੰਦ ਸਿੰਘ ਜੀ ਨੂੰ ਨਹੀਂ ਜਾ ਰਹੀ, ਇਸ ਬਾਰੇ ਮੈਨੂੰ ਕੁਝ ਵੀ ਨਹੀਂ ਪਤਾ। ਇਸ ਬਾਰੇ ਤਾਂ ਵਾਹਿਗੁਰੂ ਨੂੰ ਹੀ ਪਤਾ ਹੋਵੇਗਾ ਕਿਉਂਕਿ ਵਾਹਿਗੁਰੂ ਖੁਦ ਜਾਣੀਜਾਣ ਹੈ। ਮੈਂ ਤਾਂ ਪ੍ਰਮਾਤਮਾ ਦਾ ਆਸਰਾ ਲੈ ਕੇ, ਗੁਰੂ ਗੋਬਿੰਦ ਸਿੰਘ ਦੇ ਨਾਂਅ 'ਤੇ ਅਰਦਾਸ ਕਰਕੇ ਸਾਰੀ ਜਾਇਦਾਦ ਉਸ ਦੇ ਨਾਂਅ ਕਰ ਦਿੱਤੀ ਹੈ ਕਿਉਂਕਿ ਉਸ ਦੀ ਕ੍ਰਿਪਾ ਨਾਲ ਹੀ ਮੈਂ ਇਹ ਜ਼ਮੀਨ ਖਰੀਦੀ ਸੀ। ਇਸ ਲਈ ਸਰਦਾਰ ਜੀ ਸ਼ਾਇਦ ਹੁਣ ਇਸ ਬਾਰੇ ਗੱਲ ਕਰਨਾ ਬਹੁਤ ਲੇਟ ਹੈ। ਫਿਰ ਵੀ ਆਪ ਕੋਈ ਇਸ ਗੱਲ ਬਾਰੇ ਫ਼ਿਕਰ ਨਾ ਕਰੋ। ਕਿਉਂਕਿ ਜੇਕਰ ਪ੍ਰਮਾਤਮਾ ਨੇ ਚਾਹਿਆ ਅਤੇ ਸਿਹਤ ਠੀਕ ਰਹੀ ਤਾਂ ਮੈਂ ਸ਼ਾਇਦ ਫਰਵਰੀ 1998 ਤਕ ਇੰਡੀਆ ਆਵਾਂਗਾ। ਅਤੇ ਫਿਰ ਮੈਂ ਆ ਕੇ ਸਭ ਤੋਂ ਪਹਿਲਾਂ ਆਪ ਜੀ ਨੂੰ ਹੀ ਮਿਲਾਂਗਾ, ਫਿਰ ਬੈਠ ਕੇ ਸਾਰੀ ਗੱਲਬਾਤ ਕਰ ਸਕਦੇ ਹਾਂ। ਹੁਣ ਬੰਦ ਕਰਦਾ ਹਾਂ।

ਜੇਕਰ ਕੋਈ ਅੱਖਰ ਵੱਧ-ਘੱਟ ਲਿਖਿਆ ਗਿਆ ਹੋਵੇ ਤਾਂ ਖਿਮਾਂ ਦਾ ਜਾਚਕ ਹਾਂ। ਬਾਕੀ ਅਸੀਂ ਆਪ ਦੇ ਟੈਲੀਫੂਨ ਅਤੇ ਖਤ ਪਾਉਣ ਦਾ ਧੰਨਵਾਦ ਕਰਦੇ ਹਾਂ। ਸਾਡੇ ਵਲੋਂ ਆਪ ਜੀ ਨੂੰ ਪਿਆਰ ਭਰੀ ਸਤਿ ਸ੍ਰੀ ਅਕਾਲ।

ਵਲੋਂ

ਭਾਗ ਸਿੰਘ, ਇੰਗਲੈਂਡ

***

ਸੇਵਾ ਵਿਖੇ

ਜਥੇਦਾਰ ਗੁਰਚਰਨ ਸਿੰਘ ਟੌਹੜਾ

ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ।

ਸ੍ਰੀਮਾਨ ਜੀ,

ਸਨਿਮਰ ਬੇਨਤੀ ਹੈ ਕਿ ਇਹ ਚਿੱਠੀ ਸ: ਭਾਗ ਸਿੰਘ ਵਾਸੀ ਵਜੀਦਪੁਰ ਜ਼ਿਲ੍ਹਾ ਨਵਾਂਸ਼ਹਿਰ (ਹਾਲ ਵਾਸੀ ਇੰਗਲੈਂਡ) ਤੋਂ ਆਈ ਹੈ ਜਿਸ ਪਾਸੋਂ 11 ਕਿਲੇ ਜ਼ਮੀਨ ਤਕਰੀਬਨ ਡੇਢ ਕਰੋੜ ਰੁਪਏ ਕੀਮਤ ਦੀ ਭਾਈ ਮਨਜੀਤ ਸਿੰਘ ਨੇ ਗੁਰਮਤਿ ਸਾਗਰ ਟਰੱਸਟ ਲਈ ਦਾਨ ਲਈ ਹੈ। ਅਸਲ ਵਿਚ ਸ: ਭਾਗ ਸਿੰਘ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਰਨਾਂ ਵਿਚ ਅਨੰਦਪੁਰ ਸਾਹਿਬ ਵਿਖੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਨੂੰ ਦਾਨ ਦੇਣ ਲਈ ਆਇਆ ਸੀ। ਪਰ ਭਾਈ ਮਨਜੀਤ ਸਿੰਘ ਨੇ ਗ਼ਲਤਬਿਆਨੀ ਕਰਕੇ ਇਸ ਬੋਲੇ ਬੰਦੇ ਨੂੰ ਆਪਣੇ ਜਾਲ ਵਿਚ ਫਸਾ ਕੇ ਜ਼ਮੀਨ ਟਰੱਸਟ ਦੇ ਨਾਂਅ ਲਵਾ ਲਈ ਹੈ। ਇਹ ਗੁਰੂ ਘਰ ਨਾਲ, ਗੁਰੂ ਦੇ ਸ਼ਰਧਾਲੂਆਂ ਨਾਲ ਸ਼ਰੇਆਮ ਧੋਖਾ ਹੈ। ਇਸ ਦੀ ਪੜਤਾਲ ਕਰਕੇ ਜ਼ਰੂਰੀ ਐਕਸ਼ਨ ਲੈਣਾ ਚਾਹੀਦਾ ਹੈ ਤੇ ਬੰਦੇ ਦੀ ਸ਼ਰਧਾ ਮੁਤਾਬਕ ਅਰਦਾਸ ਮੁਤਾਬਕ ਜ਼ਮੀਨ ਗੁਰੂ ਘਰ ਨੂੰ ਵਾਪਸ ਲਿਆਉਣ ਲਈ ਉਪਰਾਲਾ ਕਰਨਾ ਚਾਹੀਦਾ ਹੈ। ਅਮਾਨਤ ਵਿਚ ਖਿਆਨਤ ਲਈ ਸਜ਼ਾ ਦੇਣੀ ਚਾਹੀਦੀ ਹੈ। ਜੇਕਰ ਇਹ ਪ੍ਰਵਿਰਤੀ ਨਿੱਜੀ ਟਰੱਸਟ ਬਣਾ ਕੇ ਦਾਨ ਇਕੱਠਾ ਕਰਨ ਦੀ ਜਾਰੀ ਰਹੀ ਤਾਂ ਕਲ੍ਹ ਨੂੰ ਸਭ ਹੈੱਡ ਗ੍ਰੰਥੀ, ਗ੍ਰੰਥੀ, ਰਾਗੀ, ਪ੍ਰਚਾਰਕ ਆਪਣੇ ਟਰੱਸਟ ਬਣਾ ਕੇ ਦਾਨ ਇਕੱਠਾ ਕਰਨਾ ਸ਼ੁਰੂ ਕਰ ਲੈਣਗੇ ਤਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਕੌਣ ਜਾਣੇਗਾ। ਸੋ ਇਸ ਬੁਰਿਆਈ ਨੂੰ ਸ਼ੁਰੂ ਵਿਚ ਹੀ ਰੋਕਣ ਦੀ ਲੋੜ ਹੈ।

ਆਪ ਜੀ ਦੇ ਧੰਨਵਾਦੀ,

ਇੰਦਰਪਾਲ ਸਿੰਘ

ਸਪੁੱਤਰ ਅਜੀਤ ਸਿੰਘ

ਡਾ. ਹਰਬੰਸ ਸਿੰਘ ਬੇਦੀ,

ਮਹੱਲਾ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਅਨੰਦਪੁਰ ਸਾਹਿਬ।

***

## ਨੰਗੀ ਚਿੱਟੀ ਠੱਗੀ ਦਾ ਸਬੂਤ

ਕੁੱਝ ਵਿਅਕਤੀਆਂ ਵਲੋਂ ਕਿਵੇਂ ਆਨੰਦ ਸਾਗਰ ਹਾਊਸਿੰਗ ਸੁਸਾਇਟੀ ਨੂੰ ਰਾਤੋ ਰਾਤ ਤੋੜ ਕੇ ਗੁਰਮਤਿ ਸਾਗਰ ਟਰੱਸਟ ਦਾ ਹਿੱਸਾ ਬਣਾਇਆ ਗਿਆ, ਉਸਦਾ ਸਬੂਤ ਇਹ ਹੇਠ ਲਿਖਿਆ ਐਲਾਨਨਾਮਾ ਹੈ;

ਐਲਾਨਨਾਮਾ

ਅਸੀਂ ਜਗਮੋਹਨ ਸਿੰਘ ਪੁੱਤਰ ਸ. ਚੰਨਣ ਸਿੰਘ ਵਾਸੀ ਅਨੰਦਪੁਰ ਸਾਹਿਬ

2. ਗੁਰਚਰਨ ਸਿੰਘ ਪੁੱਤਰ ਸ. ਨਰੰਜਣ ਸਿੰਘ ਵਾਸੀ ਅਨੰਦਪੁਰ ਸਾਹਿਬ

3. ਜਗਜੀਵਣ ਸਿੰਘ ਪੁੱਤਰ ਸ. ਚੰਨਣ ਸਿੰਘ ਵਾਸੀ ਅਨੰਦਪੁਰ ਸਾਹਿਬ

4. ਤੇਜਪਾਲ ਸਿੰਘ ਪੁੱਤਰ ਸ. ਅਵਤਾਰ ਸਿੰਘ ਵਾਸੀ ਅਨੰਦਪੁਰ ਸਾਹਿਬ

5. ਓਂਕਾਰ ਸਿੰਘ ਪੁੱਤਰ ਸ. ਅਸਿਦਰ ਸਿੰਘ ਵਾਸੀ ਪਟਿਆਲਾ

6. ਪਰਮਜੀਤ ਕੌਰ ਪਤਨੀ ਸ. ਇੰਦਰਜੀਤ ਸਿੰਘ ਵਾਸੀ ਅਨੰਦਪੁਰ ਸਾਹਿਬ

7. ਮਹਿੰਦਰਪਾਲ ਸਿੰਘ ਪੁੱਤਰ ਸ. ਅਮਰਿੰਦਰ ਸਿੰਘ ਵਾਸੀ ਪਟਿਆਲਾ

8. ਕੁਲਜੀਤ ਕੌਰ ਪਤਨੀ ਸ. ਮਨਜੀਤ ਸਿੰਘ ਵਾਸੀ ਪਟਿਆਲਾ

9. ਅਰਜਨ ਸਿੰਘ ਪੁੱਤਰ ਸ੍ਰੀ ਨਾਨਕ ਚੰਦ ਵਾਸੀ ਅਨੰਦਪੁਰ ਸਾਹਿਬ

10. ਇੰਦਰਜੀਤ ਸਿੰਘ ਪੁੱਤਰ ਸ. ਅਮਰਜੀਤ ਸਿੰਘ ਵਾਸੀ ਪਟਿਆਲਾ

ਨਿਮਨਲਿਖਤ ਐਲਾਨ ਕਰਦੇ ਹਾਂ

1. ਇਹ ਕਿ ਗੁਰਮਤਿ ਸਾਗਰ ਟਰੱਸਟ ਡੀਡ ਦੀ ਧਾਰਾ 2 (ਕਿਊ) ਦੇ ਤਹਿਤ ਸੋਸਾਇਟੀ ਅਨੰਦ ਸਾਗਰ ਹਾਊਸਿੰਗ ਸੋਸਾਇਟੀ ਸਰੋਣਾ ਮਿਤੀ 2-1-94 ਨੂੰ ਬਣਾਈ ਗਈ ਸੀ ਅਤੇ ਇਸਦੀ ਪਹਿਲੀ ਮੀਟਿੰਗ ਮਿਤੀ 2-1-94 ਨੂੰ ਹੋਈ ਅਤੇ ਇਸ ਸੋਸਾਇਟੀ ਦੀ ਆਪਣੀ ਕੋਈ ਵੱਖਰੀ ਹੋਂਦ ਨਹੀਂ ਸੀ ਅਤੇ ਨਾਂ ਹੀ ਵਖਰੇ ਤੌਰ ਪਰ ਰਜਿਸਟਰ ਕਰਵਾਈ ਗਈ ਸੀ ਸਗੋਂ ਟਰੱਸਟ ਦਾ ਹੀ ਇਕ ਅਟੁੱਟ ਅੰਗ ਸੀ।

2. ਇਹ ਕਿ ਜੋ ਜਾਇਦਾਦ ਅਨੰਦ ਸਾਗਰ ਹਾਊਸਿੰਗ ਸੋਸਾਇਟੀ ਦੇ ਨਾਮ ਪਰ ਖਸਰਾ ਨੰਬਰ 164, 165, 167, 168, 177/2/2, 170, 180, 181, 102, 103, 104, 105, 190, 196, 197/2, 212/2/2 ਰਕਬਾ 143 ਕਨਾਲ 15 ਮਰਲੇ ਵਾਕਿਆ ਰਕਬਾ ਪਿੰਡ ਸਹੋਣਾ ਆਨੰਦ ਸਾਗਰ ਹਾਊਸਿੰਗ ਸੋਸਾਇਟੀ ਦੇ ਨਾਮ ਖਰੀਦਿਆ ਗਿਆ ਸੀ, ਉਸਦੀ ਜਰਖਰੀਦ ਦਾ ਪ੍ਰਬੰਧ ਗੁਰਮਤਿ ਸਾਗਰ ਟਰੱਸਟ ਵਲੋਂ ਹੀ ਕੀਤਾ ਗਿਆ ਸੀ ਪਰੰਤੂ ਰਜਿਸਟਰੀ ਟਰੱਸਟ ਦੀ ਬਜਾਏ ਸੋਸਾਇਟੀ ਦੇ ਨਾਮ ਕੀਤੀ ਗਈ ਜਦੋਂ ਕਿ ਭੂਮੀ ਵਾ ਸੋਸਾਇਟੀ ਦੀ ਮਾਲਕੀ ਟਰੱਸਟ ਦੀ ਹੈ।

3. ਇਹ ਕਿ ਸੋਸਾਇਟੀ ਦੀ ਕੋਈ ਕਾਨੂੰਨੀ ਹੋਂਦ ਨਾ ਹੋਣ ਕਰਕੇ ਗੁਰਮਤਿ ਸਾਗਰ ਟਰੱਸਟ ਦੇ ਮੰਤਵਾ ਦੀ ਪ੍ਰਾਪਤੀ ਵਿਚ ਕਈ ਦਿਕਤਾਂ ਆਉਂਦੀਆਂ ਹਨ। ਇਸ ਲਈ ਅਸੀਂ ਸਮੂਹ ਮੈਂਬਰਾਂ ਨੇ ਮਿਤੀ 1-6-1997 ਨੂੰ ਆਪਣੀ ਮੀਟਿੰਗ ਕਰਕੇ ਸਰਬਸੰਮਤੀ ਨਾਲ ਅਨੰਦ ਸਾਗਰ ਹਾਊਸਿੰਗ ਸੋਸਾਇਟੀ ਨੂੰ ਜਿਸਦੀ ਕੋਈ ਕਨੂੰਨੀ ਹੋਂਦ ਨਹੀਂ ਸੀ, ਨੂੰ ਸਾਰੇ ਮੰਤਵਾ ਲਈ ਖਤਮ ਕਰਨ ਦਾ ਮਤਾ ਪਾਸ ਕੀਤਾ ਸੀ।

4. ਟਰੱਸਟ ਮਿਤੀ 17-12-93 ਦੀਆਂ ਧਾਰਾਵਾਂ ਦੇ ਤਹਿਤ ਉਪਰੋਕਤ ਮਤਾ ਟਰੱਸਟ ਪਾਸ ਮਨਜੂਰੀ ਲਈ ਭੇਜਿਆ ਗਿਆ ਸੀ ਜਿਸਨੂੰ ਟਰੱਸਟ ਨੇ ਆਪਣੇ ਮਤੇ ਮਿਤੀ 18-6-97 ਨੂੰ ਮਨਜੂਰੀ ਦਿੰਦੇ ਹੋਏ ਉਕਤ ਮਤਾ ਪ੍ਰਵਾਨ ਕਰ ਲਿਆ ਹੈ।

5. ਅੱਜ ਤੋਂ ਬਾਅਦ ਇਸ ਦਸਤਾਵੇਜ ਰਾਹੀਂ ਐਲਾਨ ਕਰਦੇ ਹਾਂ ਕਿ ਅਨੰਦ ਸਾਗਰ ਹਾਊਸਿੰਗ ਸੋਸਾਇਟੀ ਦੇ ਨਾਮ ਦੀ ਕੋਈ ਹੋਂਦ ਨਹੀਂ ਹੋਵੇਗੀ ਅਤੇ ਜੋ ਭੂਮੀ ਪਹਿਲਾਂ

ਆਨੰਦ ਸਾਗਰ ਹਾਊਸਿੰਗ ਸੋਸਾਇਟੀ ਦੇ ਨਾਮ ਪਰ ਹੈ ਉਹ ਸਾਰੇ ਮੰਤਵਾਂ ਲਈ ਗੁਰਮਤਿ ਸਾਗਰ ਟਰੱਸਟ ਲਈ ਹੋਵੇਗੀ। ਕਿਸੇ ਮੈਂਬਰ ਜਾਂ ਮੈਂਬਰਾਂ ਦਾ ਇਕੱਲੇ ਜਾਂ ਇਕੱਠੇ ਤੌਰ ਪਰ ਸੋਸਾਇਟੀ ਦੇ ਸਾਬਕਾ ਮੈਂਬਰ ਹੋਣ ਦੇ ਨਾਤੇ ਕੋਈ ਕਿਸੀ ਕਿਸਮ ਦਾ ਇਸ ਜਾਇਦਾਦ ਪਰ ਕੋਈ ਅਧਿਕਾਰ ਨਹੀਂ ਹੋਵੇਗਾ।

6. ਸਮੂਹ ਮੈਂਬਰ ਟਰੱਸਟ ਡੀਡ ਮਿਤੀ 17-12-93 ਦੇ ਤਹਿਤ ਟਰੱਸਟ ਦੀਆਂ ਸਾਰੀਆਂ ਧਾਰਾਵਾਂ ਨੂੰ ਮੰਨਦੇ ਹੋਏ ਟਰੱਸਟ ਦੇ ਬਾਕੀ ਸਹਿਯੋਗੀ ਮੈਂਬਰਾ ਅਤੇ ਨਾਮ ਮਾਤਰ ਵਾਂਗ ਬਣੇ ਰਹਿਣਗੇ।

7. ਸਮੂਹ ਮੈਂਬਰਾਨ ਇਹ ਵੀ ਇਕਰਾਰ ਕਰਦੇ ਹਨ ਕਿ ਜੋ ਆਨੰਦ ਸਾਗਰ ਹਾਊਸਿੰਗ ਸੋਸਾਇਟੀ ਦੇ ਨਾਂ ਜਾਇਦਾਦ ਖੜੀ ਹੈ ਉਸਨੂੰ ਮਾਲ ਵਿਭਾਗ ਦੇ ਰਿਕਾਰਡ ਵਿਚ ਅਸਲੀ ਮਾਲਿਕ ਯਾਨੀ ਕਿ ਗੁਰਮਤਿ ਸਾਗਿਰ ਟਰੱਸਟ ਦੇ ਨਾਮ ਕਰ ਦਿੱਤਾ ਜਾਵੇ।

8. ਇਹ ਕਿ ਇਹ ਡੈਕਲਾਰੇਸ਼ਨ ਅੰਤਿਮ ਅਤੇ ਨਾ ਕੈਂਸਲ ਯੋਗ ਹੋਵੇਗੀ।

ਇਸ ਲਈ ਇਹ ਦਸਤਾਵੇਜ ਡੈਕਲਾਰੇਸ਼ਨ ਅੱਜ ਮਿਤੀ 20-6-1997 ਨੂੰ ਲਿੱਖ ਦਿੱਤੀ ਹੈ ਤਾਂ ਕਿ ਜਰੂਰਤ ਵੇਲੇ ਕੰਮ ਆ ਸਕੇ ਅਤੇ ਪ੍ਰਮਾਣ ਰਹੇ।

ਗਵਾਹ ਮੈਂਬਰਾ ਦੇ ਦਸਤਖਤ

***

### ਗੁਰੂ ਗੋਬਿੰਦ ਸਿੰਘ ਦੇ ਨਾਂਅ 'ਤੇ ਦਾਨ ਕੀਤੀ ਜ਼ਮੀਨ ਦਾ ਮਾਮਲਾ
### 'ਗੁਰਮਤਿ ਸਾਂਗਰ ਟਰੱਸਟ' ਵੱਲੋਂ ਦਾਨ 'ਚ ਦਿੱਤੀ ਜ਼ਮੀਨ ਅੱਗੇ ਵੇਚੀ

ਅਨੰਦਪੁਰ ਸਾਹਿਬ, 20 ਸਤੰਬਰ, ਬਲਬੀਰ ਸੰਧੂ-ਤਖ਼ਤ ਸ੍ਰੀ ਕੇਸਗੜ੍ਹ ਸਾਹਿਬ (ਆਨੰਦਪੁਰ ਸਾਹਿਬ) ਦੇ ਸਿੰਘ ਸਾਹਿਬ ਪ੍ਰੋ: ਮਨਜੀਤ ਸਿੰਘ ਦੀ ਰਹਿਨੁਮਾਈ ਹੇਠ ਚੱਲ ਰਹੇ 'ਗੁਰਮਤਿ ਸਾਗਰ ਟਰੱਸਟ' ਵਲੋਂ ਇੰਗਲੈਂਡ ਨਿਵਾਸੀ ਮਰਹੂਮ ਭਾਗ ਸਿੰਘ ਸੈਣੀ ਵਲੋਂ ਗੁਰੂ ਗੋਬਿੰਦ ਸਿੰਘ ਜੀ ਦੇ ਨਾਂਅ 'ਤੇ ਦਾਨ ਕੀਤੀ ਜ਼ਮੀਨ ਲੱਖਾਂ ਰੁਪਏ ਵਿਚ ਨਵਾਂ ਸ਼ਹਿਰ ਨੇੜਲੇ ਦੋ ਵਿਅਕਤੀਆਂ ਲਹਿੰਬਰ ਸਿੰਘ ਅਤੇ ਸੋਹਣ ਸਿੰਘ ਨੂੰ ਵੇਚ ਦਿੱਤੀ। ਉਨ੍ਹਾਂ ਵੱਲੋਂ ਦਿੱਤੀ ਗਈ 63 ਲੱਖ 25 ਹਜ਼ਾਰ ਦੀ ਰਕਮ ਆਨੰਦਪੁਰ ਸਾਹਿਬ ਦੇ ਪੰਜਾਬ ਐਂਡ ਸਿੰਧ ਬੈਂਕ ਵਿਚ ਗੁਰਮਤਿ ਸਾਗਰ ਟਰੱਸਟ ਦੇ ਖਾਤਾ ਨੰਬਰ 7111 ਵਿਚ ਜਮ੍ਹਾਂ ਹੋ ਗਈ ਸੀ। ਅੱਜ ਦੇ ਦਿਨ ਤਕ ਇਸ ਖਾਤੇ ਵਿਚੋਂ ਬਕਾਇਆ ਰਾਸ਼ੀ ਅੱਜ ਬਾਅਦ ਦੁਪਹਿਰ ਤਕ 57 ਲੱਖ ਅਤੇ 6 ਸੌ ਕੁਝ ਰੁਪਏ ਸੀ। ਇਸ ਵੇਚੀ ਗਈ ਜ਼ਮੀਨ ਦੇ ਪਿਛੋਕੜ ਬਾਰੇ 'ਦੇਸ਼ ਸੇਵਕ' ਨੂੰ ਸਬੂਤਾਂ ਸਹਿਤ ਵਿਸਥਾਰ ਪੂਰਵਕ ਜਾਣਕਾਰੀ ਦਿੰਦਿਆਂ ਸਰਬ ਹਿੰਦ ਸ਼੍ਰੋਮਣੀ ਅਕਾਲੀ ਦਲ ਦੇ ਕੱਟੜ ਸਮਰਥਕ ਅਤੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੇ ਨਜ਼ਦੀਕੀ ਜਾਣੇ ਜਾਂਦੇ ਬਾਬਾ ਗੁਰਦਿਆਲ ਸਿੰਘ ਬੇਦੀ ਨੇ ਇਸ ਪੱਤਰਕਾਰ ਨੂੰ ਵਿਸ਼ੇਸ਼ ਭੇਂਟ ਦੌਰਾਨ ਦੱਸਿਆ ਕਿ ਇੰਗਲੈਂਡ ਨਿਵਾਸੀ ਖਾਲਸਾ ਪੰਥ ਦੀ ਤ੍ਰੈ-ਸ਼ਤਾਬਦੀ ਤੋਂ ਪਹਿਲਾਂ ਗੁਰੂ ਗੋਬਿੰਦ ਸਿੰਘ ਜੀ ਦੇ ਨਾਂਅ 'ਤੇ ਤਖ਼ਤ ਸ੍ਰੀ ਕ਼ੇਸਗੜ੍ਹ ਸਾਹਿਬ ਲਈ ਜ਼ਮੀਨ ਦਾਨ ਦੇਣੀ ਚਾਹੁੰਦੇ ਸੀ। ਜਦ ਉਹ ਇਸ ਮਕਸਦ ਲਈ ਅਨੰਦਪੁਰ ਸਾਹਿਬ ਆਏ ਤਾਂ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਇਕ ਸੇਵਾਦਾਰ ਨੇ ਉਨ੍ਹਾਂ ਦੀ ਮੁਲਾਕਾਤ ਜਥੇਦਾਰ ਪ੍ਰੋ: ਮਨਜੀਤ ਸਿੰਘ ਨਾਲ ਕਰਵਾ ਦਿੱਤੀ। ਉਨ੍ਹਾਂ ਕੋਲ ਬੈਠੇ 'ਗੁਰਮਤਿ ਸਾਗਰ ਟਰੱਸਟ' ਦੇ ਖਜ਼ਾਨਚੀ ਸ੍ਰੀ ਅਮਰਜੀਤ ਸਿੰਘ, ਸਥਾਨਕ ਸ਼੍ਰੋਮਣੀ ਕਮੇਟੀ

ਮੈਂਬਰ ਸ੍ਰੀ ਜਰਨੈਲ ਸਿੰਘ ਔਲਖ ਅਤੇ ਕੁਝ ਹੋਰ ਵਿਅਕਤੀਆਂ ਨੇ ਸ੍ਰੀ ਭਾਗ ਸਿੰਘ ਨੂੰ ਇਹ ਕਹਿ ਕੇ ਪੂਰੇ ਵਿਸ਼ਵਾਸ ਵਿਚ ਲੈ ਲਿਆ ਕਿ ਗੁਰਮਤਿ ਸਾਗਰ ਟਰੱਸਟ ਅਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਚ ਕੋਈ ਅੰਤਰ ਨਹੀਂ। ਇਸ ਤਰ੍ਹਾਂ ਕਰਕੇ ਟਰੱਸਟ ਦੇ ਖਜ਼ਾਨਚੀ ਸ੍ਰੀ ਅਮਰਜੀਤ ਸਿੰਘ ਦੇ ਨਾਂਅ 'ਤੇ ਸ੍ਰੀ ਭਾਗ ਸਿੰਘ ਅਤੇ ਉਨ੍ਹਾਂ ਦੇ ਪੁੱਤਰਾਂ ਕੋਲੋਂ ਮਿਤੀ 22.8.99 ਨੂੰ ਹਿਬਾਨਾਮਾ ਲਿਖਵਾ ਲਿਆ ਗਿਆ ਜੋ ਕਿ ਨਵਾਂ ਸ਼ਹਿਰ ਤਹਿਸੀਲ ਵਿਖੇ ਵਸੀਕਾ ਨਵੀਸ ਸੁਖਦੇਵ ਚੰਦਰ ਨੇ ਮਿਤੀ 6.3.97 ਨੂੰ ਲਿਖਿਆ। ਉਸ 'ਤੇ ਰਜਿਸਟਰਾਰ ਦੀ ਮੋਹਰ 22.8.99 ਦੀ ਹੈ।

ਇਸ ਹਿਬਾਨਾਮਾ ਵਿਚ ਇਸ ਜ਼ਮੀਨ ਦੀ ਵਰਤੋਂ ਲੋਕ-ਭਲਾਈ ਅਤੇ ਧਾਰਮਿਕ ਕੰਮਾਂ, ਜਿਵੇਂ ਕਿ ਸਕੂਲ, ਕਾਲਜ ਅਤੇ ਡਿਸਪੈਂਸਰੀ ਆਦਿ ਲਈ ਕਰਨ ਦੇ ਅਧਿਕਾਰ ਦਿੱਤੇ ਗਏ ਹਨ, ਜਦਕਿ ਜ਼ਮੀਨ ਨੂੰ ਵੇਚਣ ਦਾ ਵੇਰਵਾ ਇਸ ਹਿਬਾਨਾਮਾ ਵਿਚ ਸਪੱਸ਼ਟ ਤੌਰ 'ਤੇ ਕਿਤੇ ਨਹੀਂ ਲਿਖਿਆ। ਜਦੋਂ ਅਨੰਦਪੁਰ ਸਾਹਿਬ ਦੇ ਇਕ ਪ੍ਰਾਪਰਟੀ ਡੀਲਰ ਇੰਦਰਪਾਲ ਸਿੰਘ ਵਲੋਂ ਲਿਖੇ ਪੱਤਰ ਵਿਚ ਸ੍ਰੀ ਭਾਗ ਸਿੰਘ ਨੂੰ ਇੰਗਲੈਂਡ ਵਿਖੇ ਇਹ ਪਤਾ ਲੱਗਾ ਕਿ ਇਹ ਜ਼ਮੀਨ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਨਾਂਅ ਨਾ ਹੋ ਕੇ ਇਕ ਪ੍ਰਾਈਵੇਟ ਟਰੱਸਟ ਦੇ ਨਾਂਅ ਚੜ੍ਹ ਗਈ ਹੈ ਤਾਂ ਭਾਗ ਸਿੰਘ ਨੇ ਜ਼ਿੰਦਗੀ ਦਾ ਆਖਰੀ ਹੱਥ ਲਿਖਿਤ ਪੱਤਰ 7.9.97 ਨੂੰ ਇੰਦਰਪਾਲ ਸਿੰਘ ਨੂੰ ਲਿਖਿਆ ਕਿ ਮੈਂ ਤਾਂ ਜ਼ਮੀਨ ਗੁਰੂ ਗੋਬਿੰਦ ਸਿੰਘ ਦੇ ਨਾਂਅ 'ਤੇ ਦਾਨ ਦਿੱਤੀ ਸੀ ਪਰ ਹੁਣ ਜੋ ਵੀ ਇਨ੍ਹਾਂ ਕੀਤਾ ਉਸ ਨੂੰ ਗੁਰੂ ਜਾਣਦਾ ਹੈ ਕਿਉਂਕਿ ਮੈਂ ਤਾਂ ਸਭ ਕੁਝ ਗੁਰੂ ਘਰ ਲਈ ਦਾਨ ਕੀਤਾ ਸੀ। ਇਸ ਲਈ ਗੁਰੂ ਜੋ ਵੀ ਕਰਨਗੇ ਭਲੀ ਕਰਨਗੇ। ਇਸ ਤਰ੍ਹਾਂ ਸ੍ਰੀ ਭਾਗ ਸਿੰਘ ਨੇ ਫਰਵਰੀ 1998 ਵਿਚ ਇੰਡੀਆ ਆਉਣ ਬਾਰੇ ਵੀ ਲਿਖਿਆ ਸੀ ਪਰ ਉਹ ਇਸ ਤੋਂ ਪਹਿਲਾਂ ਹੀ ਦਿਲ ਦਾ ਦੌਰਾ ਪੈਣ ਕਾਰਨ ਸੰਵਰਗ ਸਿਧਾਰ ਗਏ।

ਵਰਨਣਯੋਗ ਹੈ ਕਿ ਸ੍ਰੀ ਭਾਗ ਸਿੰਘ ਵਲੋਂ ਦਾਨ ਕੀਤੀ ਗਈ ਨਵਾਂ ਸ਼ਹਿਰ ਜ਼ਿਲ੍ਹੇ ਵਿਚ ਪੈਂਦੀ ਜ਼ਮੀਨ ਜਿਸ ਗੁਰਮਤਿ ਸਾਗਰ ਟਰੱਸਟ ਦੇ ਨਾਂਅ ਹੋਈ ਉਹ ਟਰੱਸਟ ਆਨੰਦਪੁਰ ਸਾਹਿਬ 'ਚ ਸ੍ਰੀ ਦਸਮੇਸ਼ ਅਕਾਦਮੀ ਰੋਡ 'ਤੇ ਸਥਿਤ ਹੈ ਅਤੇ ਇਸ ਟਰੱਸਟ ਦੇ ਚੇਅਰਮੈਨ ਪ੍ਰੋ: ਮਨਜੀਤ ਸਿੰਘ ਦੇ ਨਾਂਅ ਇਸੇ ਟਰੱਸਟ ਕਰਕੇ ਕਈ ਤਰ੍ਹਾਂ ਦੇ ਵਾਦ-ਵਿਵਾਦ ਵਿਚ ਹੀ ਨਹੀਂ ਆਇਆ, ਸਗੋਂ ਇਹ ਮੁੱਦਾ ਵੀ ਉਨ੍ਹਾਂ ਮੁੱਦਿਆਂ ਵਿਚ ਸ਼ਾਮਿਲ ਸੀ, ਜਿਸ ਦੇ ਸਪੱਸ਼ਟੀਕਰਨ ਨੂੰ ਲੈ ਕੇ ਭਾਈ ਰਣਜੀਤ ਸਿੰਘ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਹੁੰਦਿਆਂ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਪ੍ਰੋ: ਮਨਜੀਤ ਸਿੰਘ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਸੱਦਿਆ ਸੀ।

*(ਰੋਜ਼ਾਨਾ 'ਦੇਸ਼ ਸੇਵਕ', 21 ਸਤੰਬਰ 1999)*

***

***8 ਅਕਤੂਬਰ 1998***

ਪਰਮ ਸਤਿਕਾਰਯੋਗ ਸਿੰਘ ਸਾਹਿਬ ਭਾਈ ਰਣਜੀਤ ਸਿੰਘ ਜੀ,
ਜਥੇਦਾਰ, ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ।
ਪਿਆਰ ਭਰੀ ਫਤਹਿ ਪ੍ਰਵਾਨ ਕਰਨੀ।

ਸਿੰਘ ਸਾਹਿਬ ਜੀਓ, ਕਾਫੀ ਸੋਚ ਵਿਚਾਰ ਤੋਂ ਬਾਅਦ ਮੈਂ ਆਪ ਜੀ ਨੂੰ ਪੱਤਰ

ਲਿਖ ਰਹੀ ਹਾਂ ਅਤੇ ਉਮੀਦ ਹੈ ਕਿ ਸਾਡੀ ਬੇਨਤੀ ਨੂੰ ਪ੍ਰਵਾਨ ਕਰੋਗੇ ਅਤੇ ਉਚਿਤ ਕਾਰਵਾਈ ਕਰੋਗੇ। ਬੇਨਤੀ ਇਹ ਹੈ ਕਿ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਪ੍ਰੋ: ਮਨਜੀਤ ਸਿੰਘ ਨੇ ਜੋ ਗੁਰਮਤਿ ਸਾਗਰ ਟਰੱਸਟ ਬਣਾਇਆ ਹੈ ਉਸ ਵਿਚ ਸਾਡੇ ਦੋ ਪਲਾਟ ਹਨ। ਇਸ ਚਿੱਠੀ ਦੇ ਨਾਲ ਆਪ ਜੀ ਨੂੰ ਸਾਰੀ ਜਾਣਕਾਰੀ ਹੋ ਜਾਵੇਗੀ ਕਿ ਉਨ੍ਹਾਂ ਨੇ ਸਾਨੂੰ ਪਲਾਟ ਜ਼ੁਬਾਨੀ ਕਲਾਮੀ ਤਾਂ 1995 ਵਿਚ ਅਲਾਟ ਕਰ ਦਿੱਤੇ ਸਨ ਪਰ ਬਾਅਦ ਵਿਚ ਅਹਿਮਦਾਬਾਦ ਆ ਕੇ ਉਹ ਵੀ ਮੁੱਕਰ ਗਏ ਅਤੇ ਸੱਚ ਜਾਨਣ ਤੋਂ ਬਾਅਦ ਆਪ ਜੀ ਨੂੰ ਸਭ ਕੁਝ ਅਸਲੀਅਤ ਦੱਸਣ ਨੂੰ ਮਨ ਕਰਦਾ ਹੈ। ਇਹ ਪੈਸਾ ਅਸੀਂ ਉਦੋਂ ਸ: ਮੁਹਿੰਦਰਜੀਤ ਸਿੰਘ (ਜੋ ਕਿ ਮੇਰੇ ਜੁਆਈ ਹਨ) ਰਾਹੀਂ ਦਿੱਤਾ ਜਦੋਂ ਕਿ ਸਿੰਘ ਸਾਹਿਬ ਪ੍ਰੋ: ਮਨਜੀਤ ਸਿੰਘ ਜੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਨ ਅਤੇ ਸਾਨੂੰ ਇਹ ਲਗਦਾ ਸੀ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਇਕ ਗੁਰਮੁਖ ਸਿੰਘਾਂ ਦੀ ਕਲੋਨੀ ਬਣਾਈ ਜਾ ਰਹੀ ਹੈ ਜਿਸ ਵਿਚ ਖਾਲਸਈ ਪਹਿਚਾਣ ਨਜ਼ਰ ਆਵੇਗੀ ਅਤੇ ਉਸ ਦੀ ਸਰਪ੍ਰਸਤੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਕਰਦੇ ਰਹਿਣਗੇ ਭਾਵੇਂ ਉਥੇ ਪ੍ਰੋ: ਮਨਜੀਤ ਸਿੰਘ ਹੋਣ ਜਾਂ ਕੋਈ ਹੋਰ। ਅੱਜਕਲ੍ਹ ਅਸਲੀਅਤ ਕੁਝ ਹੋਰ ਹੀ ਨਜ਼ਰ ਆ ਰਹੀ ਹੈ ਕਿ ਇਹ ਟਰੱਸਟ ਉਨ੍ਹਾਂ ਆਪਣੀ ਨਿਜੀ ਜਾਇਦਾਦ ਬਣਾ ਲਈ ਹੈ। ਜਦਕਿ ਟਰੱਸਟ ਲਈ ਸਾਰਾ ਪੈਸਾ ਬਤੌਰ ਅਕਾਰ ਤਖ਼ਤ ਸਾਹਿਬ ਦੇ ਜਥੇਦਾਰ ਦੀ ਹੈਸੀਅਤ ਵਿਚ ਸੰਗਤਾਂ ਤੋਂ ਇਕੱਠਾ ਕੀਤਾ ਗਿਆ ਹੈ। ਜਦੋਂ ਮੇਰੇ ਜੁਆਈ ਸ: ਮੁਹਿੰਦਰਜੀਤ ਸਿੰਘ ਨੇ ਕਾਫ਼ੀ ਗਰਮਾ-ਗਰਮੀ ਤੋਂ ਬਾਅਦ ਆਪਣੇ ਤਿੰਨ ਪਲਾਟਾਂ ਦੀ ਰਕਮ ਵਾਪਸ ਲਈ ਤਾਂ ਸਿੰਘ ਸਾਹਿਬ ਪ੍ਰੋ: ਮਨਜੀਤ ਸਿੰਘ ਨੇ ਮੇਰੇ ਬੇਟੇ ਹਰਮਿੰਦਰਪਾਲ ਸਿੰਘ (ਟੋਨੀ) ਨੂੰ ਸੱਦ ਕੇ ਕਿਹਾ ਕਿ ਆਪਣੇ ਪਲਾਟਾਂ ਦੀ ਰਕਮ ਤੁਸੀਂ ਨਾ ਲਓ ਕਿਉਂਕਿ ਪਲਾਟਾਂ ਦੀਆਂ ਕੀਮਤਾਂ ਵਿਚ ਭਾਰੀ ਵਾਧਾ ਹੋਣ ਵਾਲਾ ਹੈ। ਸੋ ਅਸੀਂ ਹੁਣ ਮਾਇਕ ਸੰਕਟ ਵਿਚੋਂ ਗੁਜ਼ਰ ਰਹੇ ਹਾਂ ਜਿਸ ਦਾ ਕਿ ਉਨ੍ਹਾਂ ਨੂੰ ਚਿੱਠੀ ਰਾਹੀਂ ਅਤੇ ਦੋ ਤਿੰਨ ਵਾਰੀ ਟੈਲੀਫੋਨ ਰਾਹੀਂ ਦੱਸ ਦਿੱਤਾ ਹੈ। ਉਨ੍ਹਾਂ ਵਲੋਂ ਸਾਫ ਇਨਕਾਰ ਕਰਨ ਤੋਂ ਬਾਅਦ ਆਪ ਜੀ ਨੂੰ ਬੇਨਤੀ ਜੋਦੜੀ ਕਰਦੀ ਹਾਂ ਕਿ ਅਸੀਂ ਅਗਸਤ 1994 ਤੱਕ ਦੋਨੋਂ ਪਲਾਟਾਂ ਦਾ 90,000 ਰੁਪਿਆ ਦਿੱਤਾ ਹੈ ਜਿਸ ਦਾ ਕਿ ਵਿਆਂਜ ਲੱਗ ਕੇ ਤਕਰੀਬਨ 1,50,00 ਰੁਪਿਆ ਬਣਦਾ ਹੈ। ਸਾਨੂੰ ਇਹ ਰਕਮ ਦਿਵਾਈ ਜਾਵੇ ਤਾਂ ਜੋ ਅਸੀਂ ਆਪਣੇ ਮਾਲੀ ਸੰਕਟ ਵਿਚੋਂ ਨਿਕਲ ਸਕੀਏ।

ਪੂਰਨ ਸਹਿਯੋਗ ਅਤੇ ਪੱਤਰ ਦੀ ਉਡੀਕ ਵਿਚ। ਹਮੇਸ਼ਾਂ ਸਿੱਖ ਕੌਮ ਦੀ ਚੜ੍ਹਦੀ ਕਲਾ ਦੀ ਅਰਦਾਸ ਕਰਦੀ ਹੋਈ

ਜੋਗਿੰਦਰ ਕੌਰ ਗੁਲਿਆਨੀ
4, ਸਨਰਾਈਸ ਪਾਰਕ ਅਪਾਰਟਮੈਂਟ,
ਡਰਾਈਵ-ਇਨ ਰੋਡ, ਅਹਿਮਦਾਬਾਦ-52

***

*2 ਜੁਲਾਈ 1998*

ਪਰਮ ਸਤਿਕਾਰਯੋਗ ਸਿੰਘ ਸਾਹਿਬ ਪ੍ਰੋ: ਮਨਜੀਤ ਸਿੰਘ ਜੀ,
ਜਥੇਦਾਰ, ਸ੍ਰੀ ਕੇਸਗੜ੍ਹ ਸਾਹਿਬ, ਅਨੰਦਪੁਰ ਸਾਹਿਬ।

ਪਿਆਰ ਭਰੀ ਗੁਰੂ ਫਤਹਿ ਪ੍ਰਵਾਨ ਕਰਨੀ। ਕੁਝ ਮਹੀਨੇ ਪਹਿਲਾਂ ਆਪ ਜੀ

ਸਾਥੀਆਂ ਸਮੇਤ ਅਹਿਮਦਾਬਾਦ ਆਏ ਸੀ ਅਤੇ ਆਪ ਜੀ ਨੂੰ ਠਹਿਰਾ ਦਾ ਮਾਣ ਪ੍ਰਾਪਤ ਹੋਇਆ। ਉਸੇ ਸਮੇਂ ਦੌਰਾਨ ਆਪ ਜੀ ਨਾਲ ਅਨੰਦਪੁਰ ਸਾਹਿਬ ਦੇ ਪਲਾਟਾਂ ਬਾਰੇ ਗੱਲਬਾਤ ਹੋਈ ਸੀ। ਆਪ ਜੀ ਨੇ ਦੱਸਿਆ ਸੀ ਕਿ ਤੁਹਾਡੇ (ਸਾਡੇ) ਪੈਸੇ ਜਮ੍ਹਾਂ ਨਹੀਂ ਹੋਏ। ਕੁਝ ਦਿਨ ਪਹਿਲਾਂ ਮੈਂ ਕਿਸੇ ਦੁਖਦਾਈ ਘੜੀ ਦੇ ਸਬੰਧ ਵਿਚ ਲੁਧਿਆਣੇ ਆਪਣੀ ਬੇਟੀ ਪਾਸ ਠਹਿਰੀ ਸਾਂ। ਉਥੇ ਸਰਦਾਰ ਮੁਹਿੰਦਰਜੀਤ ਸਿੰਘ ਨਾਲ ਪਲਾਟਾਂ ਬਾਰੇ ਵੀ ਗੱਲਬਾਤ ਹੋਈ ਹੈ ਕਿ ਸਾਡੇ ਪੈਸੇ ਉਥੇ ਕਿਉਂ ਨਹੀਂ ਜਮ੍ਹਾਂ ਹੋਏ? ਉਨ੍ਹਾਂ ਨੇ ਸਾਰੇ ਪੈਸਿਆਂ ਦੀ ਪਹੁੰਚ ਅਤੇ ਪਲਾਟਾਂ ਦੀ ਅਲਾਟਮੈਂਟ ਬਾਰੇ ਕਾਗਜ਼ ਅਤੇ ਫਾਈਲ ਦਿਖਾਈ। ਜਿਨ੍ਹਾਂ 22 ਸੱਜਣਾਂ ਦੀ ਲਿਸਟ ਅਤੇ ਆਪ ਜੀ ਦੇ ਟਰੱਸਟ ਦੇ ਖਜ਼ਾਨਚੀ (ਸ. ਅਮਰਜੀਤ ਸਿੰਘ) ਦੇ ਪੈਸਿਆਂ ਦੀ ਪਹੁੰਚ ਉਤੇ ਦਸਤਖਤ ਵੀ ਦਿਖਾਏ ਜਿਸ ਤੋਂ ਕਿ ਮੈਨੂੰ ਜਿਹੜਾ ਸ: ਮੁਹਿੰਦਰਜੀਤ ਸਿੰਘ ਬਾਰੇ ਸ਼ੰਕਾ ਸੀ, ਉਹ ਵੀ ਚੰਗੀ ਤਰ੍ਹਾਂ ਦੂਰ ਹੋ ਗਿਆ ਹੈ ਕਿ ਉਨ੍ਹਾਂ ਨੇ ਸਾਡੇ ਪਲਾਟਾਂ ਦੇ ਪੈਸੇ ਤੁਹਾਡੇ ਖਜ਼ਾਨਚੀ ਨੂੰ ਦਿੱਤੇ ਹਨ। ਸੋ ਤੁਸੀਂ ਆਪਣੇ ਤੌਰ 'ਤੇ ਆਪਣੇ ਖਜ਼ਾਨਚੀ ਤੋਂ ਪੁੱਛ ਪੜਤਾਲ ਕਰੋ ਕਿ ਸਾਡੇ ਪੈਸੇ ਕਿਥੇ ਹਨ ਜਦਕਿ 22.5.95 ਨੂੰ ਜੋ ਆਪ ਜੀ ਦੇ ਟਰੱਸਟ ਵੱਲੋਂ ਅਲਾਟਮੈਂਟ ਦੀਆਂ ਪਰਚੀਆਂ ਕੱਢੀਆਂ ਗਈਆਂ ਸੀ ਉਸ ਵਿਚ ਵੀ ਸਾਨੂੰ ਪਲਾਟ ਅਲਾਟ ਕੀਤੇ ਗਏ ਸਨ। ਜਿਨ੍ਹਾਂ ਦੇ ਪੰਜ ਨਾਂਅ ਇਸ ਪ੍ਰਕਾਰ ਸਨ:

1. ਹਰਮਿੰਦਰਪਾਲ ਸਿੰਘ (ਟੋਨੀ)
2. ਮੁਹਿੰਦਰਜੀਤ ਸਿੰਘ (ਬਿੱਟੂ)
3. ਨਿਰਮਲ ਕੌਰ (ਪਿੱਪਲੀ)
4. ਮੁਹਿੰਦਰਜੀਤ ਸਿੰਘ
5. ਮਨਜੀਤ ਕੌਰ

ਹਰਮਿੰਦਰਪਾਲ ਸਿੰਘ (ਟੋਨੀ) ਤੇ ਨਿਰਮਲ ਕੌਰ (ਪਿੱਪਲੀ) ਇਨ੍ਹਾਂ ਦੋਨਾਂ ਤੋਂ ਇਲਾਵਾ ਬਾਕੀ ਤਿੰਨਾਂ ਦੇ ਪੈਸੇ ਸ: ਮੁਹਿੰਦਰਜੀਤ ਸਿੰਘ ਨੇ 9.1.95 ਨੂੰ ਵਾਪਸ ਲੈ ਲਏ ਸਨ ਜਿਸ ਦੀ ਰਾਸ਼ੀ 45000×3=1,35,000+5000 (ਵਿਆਜ)= 1,40,000 ਬਣਦੀ ਸੀ।

ਸੋ ਬੇਨਤੀ ਹੈ ਕਿ ਹਰਮਿੰਦਰਪਾਲ ਸਿੰਘ (ਟੋਨੀ) ਤੇ ਨਿਰਮਲ ਕੌਰ (ਪਿੱਪਲੀ) ਦੇ ਪੈਸੇ ਸਾਨੂੰ ਨਹੀਂ ਮਿਲੇ ਜਦੋਂ ਕਿ ਇਸ ਸਬੰਧ ਵਿਚ ਮੁਹਿੰਦਰਜੀਤ ਸਿੰਘ ਨਾਲ 10.11.95 ਨੂੰ ਤੁਹਾਡੀ ਗੱਲ ਹੋ ਰਹੀ ਸੀ ਤਾਂ ਮੇਰਾ ਬੇਟਾ ਟੋਨੀ ਵੀ ਆਪ ਦੇ ਪਾਸ ਬੈਠਾ ਸੀਤੇ ਤੁਸੀਂ ਖੁਦ ਟੋਨੀ ਨੂੰ ਕਿਹਾ ਸੀ ਕਿ ਤੂੰ ਆਪਣੇ ਅਤੇ ਨਿਰਮਲ ਕੌਰ ਦੇ ਪੈਸੇ ਨਾ ਲਓ। ਇਨ੍ਹਾਂ ਦਿਨਾਂ ਵਿਚ ਸਾਡੀ ਮਾਇਕ ਹਾਲਤ ਬਹੁਤ ਤੰਗ ਹੈ। ਅਸੀਂ ਪਲਾਟ ਨਹੀਂ ਲੈਣਾ ਚਾਹੁੰਣੇ। ਕ੍ਰਿਪਾ ਕਰਕੇ ਦੋ ਪਲਾਟਾਂ ਦਾ 90,000 ਰੁਪਿਆ ਅਤੇ ਵਿਆਜ ਵਾਪਸ ਕੀਤਾ ਜਾਵੇ। ਆਪ ਜੀ ਦੀ ਬੜੀ ਮਿਹਰਬਾਨੀ ਹੋਵੇਗੀ।

ਆਪ ਜੀ ਦੇ ਪੱਤਰ ਦੀ ਉਡੀਕ ਵਿਚ।

ਜੋਗਿੰਦਰ ਕੌਰ ਗੁਲ਼ਿਆਨੀ,
4, ਸਨਰਾਈਸ ਪਾਰਕ ਅਪਾਰਟਮੈਂਟ,
ਡਰਾਈਵ-ਇਨ ਰੋਡ, ਅਹਿਮਦਾਬਾਦ-52

***

*25 ਜਨਵਰੀ 1999*

ਪ੍ਰੋਫੈਸਰ ਮਨਜੀਤ ਸਿੰਘ,

ਜਥੇਦਾਰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ,

ਸ੍ਰੀ ਅਨੰਦਪੁਰ ਸਾਹਿਬ।

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫ਼ਤਹਿ॥

ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਸਿੱਖ ਸੁਸਾਇਟੀ ਹਿਮਲਿਟਨ ਵੈਨਟ ਵਰਥ, ਕੈਨੇਡਾ ਵਲੋਂ 21 ਜਨਵਰੀ, 1999 ਅਤੇ ਵਰਲਡ ਸਿੱਖ ਆਰਗੇਨਾਈਜ਼ਰ, ਅਮਰੀਕਾ ਵਲੋਂ 25 ਜਨਵਰੀ ਨੂੰ ਸ਼ਿਕਾਇਤ ਪੁੱਜੀ ਹੈ ਕਿ ਅਮਰੀਕਾ ਸਥਿਤ ਇਕ ਸੈਮੀਨਾਰ ਵਿਚ ਪੰਥ ਵਿਚੋਂ ਛੇਕੇ ਗਏ ਵਿਅਕਤੀਆਂ (ਪਰੀਤ ਸਿੰਘ ਸੰਧੂ ਪ੍ਰਿੰਸ ਜਾਰਜ, ਗਿ: ਹਰਕੀਰਤ ਸਿੰਘ) ਦੇ ਨਾਲ ਆਪ ਨੇ ਹਿੱਸਾ ਲਿਆ ਹੈ। ਇਸ ਸੈਮੀਨਾਰ ਵਿਚ ਲੰਗਰ, ਪੰਗਤ ਸਬੰਧੀ ਜਾਰੀ ਹੋਏ ਹੁਕਮਨਾਮੇ ਦੀ ਵੀ ਨਿਖੇਧੀ ਕੀਤੀ ਗਈ। ਇਸ ਵਿਚ ਕੀ ਝੂਠ ਹੈ ਕੀ ਸੱਚ ਹੈ? ਇਸ ਦਾ ਸਪੱਸ਼ਟੀਕਰਨ ਤੁਸੀਂ ਆਪ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਹਾਜ਼ਰ ਹੋ ਕੇ ਮਿਤੀ 11.2.99 ਨੂੰ 12 ਵਜੇ ਦਿਓ। ਇਹ ਵੀ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਸਪੱਸ਼ਟ ਕਰੋ ਕਿ ਗੁਰਮਤਿ ਸਾਗਰ ਟਰੱਸਟ ਪੰਥ ਦੀ ਜਾਇਦਾਦ ਹੈ ਜਾਂ ਤੁਹਾਡੀ ਨਿੱਜੀ ਹੈ? ਮਿਤੀ 11.2.99 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਹਾਜ਼ਰ ਨਾ ਹੋਣ ਦੀ ਸੂਰਤ ਵਿਚ ਪੰਥਕ ਰਵਾਇਤਾਂ ਅਨੁਸਾਰ ਕਾਰਵਾਈ ਹੋ ਸਕਦੀ ਹੈ।

ਧੰਨਵਾਦ ਸਹਿਤ,

ਗੁਰੂ ਪੰਥ ਦਾ ਦਾਸ

*ਰਣਜੀਤ ਸਿੰਘ*

ਜਥੇਦਾਰ, ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ।

***

ਇਸ ਤੋਂ ਪਹਿਲਾਂ ਕਿ ਪ੍ਰੋ. ਮਨਜੀਤ ਸਿੰਘ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਅੱਗੇ ਪੇਸ਼ ਹੋ ਕੇ ਆਪਣੀ ਕੀਤੀ ਲੁੱਟ-ਖਸੁੱਟ ਦਾ ਹਿਸਾਬ ਦੇਣਾ ਪੈਂਦਾ ਬਾਦਲਕਿਆਂ ਨੇ ਸਿੰਘ ਸਾਹਿਬ ਭਾਈ ਰਣਜੀਤ ਸਿੰਘ ਜੀ ਨੂੰ ਉਨ੍ਹਾਂ ਦੇ ਅਹੁਦੇ ਤੋਂ ਮੁਅੱਤਲ ਕਰ ਦਿੱਤਾ ਪਰ ਜੋ ਹਸ਼ਰ ਬਾਅਦ ਵਿਚ ਪ੍ਰੋ. ਮਨਜੀਤ ਸਿੰਘ ਦਾ ਹੋਇਆ ਤੇ ਜਿਵੇਂ ਜਲੀਲ ਕਰਕੇ ਉਸਨੂੰ ਕੇਸਗੜ੍ਹ ਸਾਹਿਬ ਦੀ ਜਥੇਦਾਰੀ ਤੋਂ ਹਟਾਇਆ ਗਿਆ ਇਹ ਆਪਣੇ ਆਪ ਵਿਚ ਸਿੱਖ ਪੰਥ ਦੀਆਂ ਅੱਖਾਂ ਖੋਲ੍ਹਣ ਲਈ ਕਾਫੀ ਸੀ। ਉਸਨੂੰ ਹਟਾਉਣ ਵੇਲੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪ੍ਰੋ. ਕ੍ਰਿਪਾਲ ਸਿੰਘ ਬਡੂੰਗਰ ਨੇ ਅਖਬਾਰਾਂ ਵਿਚ ਬਿਆਨ ਦਿੱਤਾ ਸੀ ਕਿ ਜੇ ਪ੍ਰੋ. ਮਨਜੀਤ ਸਿੰਘ ਦੀਆਂ ਸਾਰੀਆਂ ਕਰਤੂਤਾਂ ਨਸ਼ਰ ਕਰ ਦਿੱਤੀਆਂ ਜਾਣ ਤਾਂ ਸਿੱਖ ਪੰਥ ਮੂੰਹ ਵਿਚ ਉਂਗਲਾ ਪਾ ਲਵੇਗਾ।

■

# ਇਕ ਧਿਰ ਦਾ ਪੱਤਰਕਾਰ ਬਰਜਿੰਦਰ ਸਿੰਘ ਹਮਦਰਦ

*26 ਅਗਸਤ 1998*

**ਸਮੁੱਚੀ ਕੌਮ ਨੂੰ ਅਪੀਲ**

ਕਿਸੇ ਉੱਚੇ ਅਹੁਦੇ 'ਤੇ ਬਿਰਾਜਮਾਨ ਹੋ ਕੇ ਕੋਈ ਵੀ ਵਿਅਕਤੀ ਉੱਚਾ ਜਾਂ ਵੱਡਾ ਨਹੀਂ ਹੋ ਜਾਂਦਾ। ਇਹ ਠੀਕ ਹੈ ਕਿ ਇਕ ਵਧੀਆ ਸ਼ਖਸੀਅਤ ਉਸ ਅਹੁਦੇ ਦੇ ਗੌਰਵ ਨੂੰ ਜਰੂਰ ਬਣਾਈ ਰੱਖ ਸਕਦੀ ਹੈ। ਪਰ ਕਈ ਐਸੇ ਵਿਅਕਤੀ ਹੁੰਦੇ ਹਨ ਜੋ ਨਾ ਸਿਰਫ ਇਨ੍ਹਾਂ ਅਹੁਦਿਆਂ 'ਤੇ ਬੈਠੇ ਅਨੇਕਾਂ ਤਰ੍ਹਾਂ ਦੇ ਵਿਵਾਦ ਖੜ੍ਹੇ ਕਰ ਦਿੰਦੇ ਹਨ ਸਗੋਂ ਉਸ ਅਹੁਦੇ ਦੇ ਗੌਰਵ ਨੂੰ ਘਟਾਉਣ ਦੇ ਭਾਗੀ ਬਣਦੇ ਹਨ। ਹੱਦ ਤੋਂ ਜ਼ਿਆਦਾ ਉੱਠੇ ਕਿੰਤੂ-ਪ੍ਰੰਤੂ ਸਮੁੱਚੇ ਤੌਰ 'ਤੇ ਚਿਰਾਂ ਤੋਂ ਬਣੀਆਂ ਸੰਸਥਾਵਾਂ ਨੂੰ ਵੱਡੀ ਸੱਟ ਮਾਰਨ ਵਾਲੇ ਹੁੰਦੇ ਹਨ। ਅੱਜ ਅਜਿਹਾ ਕੁੱਝ ਹੀ ਸਿੱਖ ਕੌਮ ਦੇ ਮਹਾਨ ਤਖ਼ਤ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਹੋ ਰਿਹਾ ਹੈ। ਭਾਈ ਰਣਜੀਤ ਸਿੰਘ ਦੀ ਅਕਾਲ ਤਖ਼ਤ ਦੇ ਜਥੇਦਾਰ ਵਜੋਂ ਚੋਣ ਕਿਵੇਂ ਹੋਈ ਅਤੇ ਇਸ ਪਿੱਛੇ ਕੀ ਭਾਵਨਾਵਾਂ ਕੰਮ ਕਰ ਰਹੀਆਂ ਸਨ ਇਹ ਇਕ ਅਜਿਹੀ ਪੁਰਾਣੀ ਵਾਰਤਾ ਹੈ ਜਿਸ ਨੂੰ ਹਰ ਕੋਈ ਜਾਣਦਾ ਹੈ। ਇਸ ਲਈ ਉਸ ਸਮੇਂ ਸ਼੍ਰੋਮਣੀ.ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਉਦੋਂ ਦੇ ਅਤੇ ਹੁਣ ਦੇ ਪਰਧਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ 'ਤੇ ਕਈ ਤਰ੍ਹਾਂ ਦੀਆਂ ਉਂਗਲੀਆਂ ਵੀ ਉੱਠੀਆਂ ਸਨ ਅਤੇ ਦੱਬੀ ਸੁਰ ਵਿਚ ਆਲੋਚਨਾ ਵੀ ਹੋਈ ਸੀ। ਅਸੀ ਇਸ ਵਿਸਥਾਰ ਨੂੰ ਇਥੇ ਦੁਹਰਾਉਣਾ ਨਹੀਂ ਚਾਹੁੰਦੇ।

ਸਾਨੂੰ ਪੂਰੀ ਉਮੀਦ ਸੀ ਕਿ ਭਾਈ ਰਣਜੀਤ ਸਿੰਘ ਲੰਬੀ ਜੇਲ੍ਹ ਯਾਤਰਾਂ ਤੋਂ ਬਾਅਦ ਇਕ ਖਰੇ ਇਨਸਾਨ ਦੇ ਤੌਰ 'ਤੇ ਲੋਕਾਂ ਦੇ ਸਾਹਮਣੇ ਆਉਣਗੇ। ਪਰ ਹੁਣ ਤਕਰੀਬਨ ਦੋ ਸਾਲ ਦੇ ਅਰਸੇ ਦੌਰਾਨ ਉਨ੍ਹਾਂ ਵਲੋਂ ਕੀਤੀਆਂ ਜੋ ਕਾਰਵਾਈਆਂ ਅਤੇ ਕੰਮ ਸਾਡੇ ਸਾਹਮਣੇ ਆਏ ਹਨ ਉਨ੍ਹਾਂ ਤੋਂ ਘੋਰ ਨਿਰਾਸ਼ਾ ਹੀ ਨਹੀਂ ਉਪਜਦੀ ਸਗੋਂ ਭਵਿੱਖ ਵਿਚ ਵੀ ਕੌਮ ਸਾਹਮਣੇ ਅਨੇਕਾਂ ਖਤਰੇ ਪੈਦਾ ਹੋਣ ਦੀ ਸੰਭਾਵਨਾ ਬਣ ਗਈ ਹੈ।

ਅੱਜ ਅਨੇਕਾਂ ਤਰ੍ਹਾਂ ਨਾਲ ਕੌਮ ਨਿਘਾਰ ਵੱਲ ਜਾ ਰਹੀ ਹੈ। ਅਸੀਂ ਖਾਲਸਾ ਪੰਥ ਦੀ ਸਥਾਪਨਾ ਦੀ ਤੀਸਰੀ ਸ਼ਤਾਬਦੀ ਮਨਾ ਰਹੇ ਹਾਂ। ਇਸੇ ਸਮੇਂ ਸਮੁੱਚੀ ਕੌਮ ਨੇ ਸਾਂਝੇ ਰੂਪ ਵਿਚ ਕਈ ਫੈਸਲੇ ਲੈਣੇ ਅਤੇ ਪ੍ਰਣ ਕਰਨੇ ਹਨ। ਕੌਮ ਦੇ ਚੰਗੇ ਭਵਿੱਖ ਲਈ ਅਤੇ ਇਸ ਨੂੰ ਸਮਿਆਂ ਦੀ ਹਾਣੀ ਬਣਾਉਣ ਲਈ ਸਪੱਸ਼ਟ ਅਤੇ ਦ੍ਰਿੜ ਨਿਸ਼ਚੇ ਦੁਹਰਾਉਣੇ ਹਨ ਅਤੇ ਉਨ੍ਹਾਂ ਉੱਤੇ ਸਾਬਤ ਕਦਮੀ ਦੇ ਨਾਲ ਤੁਰਨ ਦੀ ਤਰਜੀਹ ਦੇਣੀ ਹੈ। ਇਸ ਲਈ ਹਰ ਪੱਧਰ 'ਤੇ ਸਾਨੂੰ ਉੱਤਮ ਲੀਡਰਸ਼ਿਪ ਦੀ ਜਰੂਰਤ ਹੈ। ਪਰ ਅੱਜ ਸਾਡੇ ਧਾਰਮਿਕ, ਸਮਾਜਿਕ, ਸਭਿਆਚਾਰਕ ਅਤੇ ਸਿਆਸੀ ਖੇਤਰ ਵਿਚ ਸਾਨੂੰ ਬਹੁਤ ਸਾਰੇ ਅਜਿਹੇ ਆਗੂ ਮਿਲੇ ਹੋਏ ਹਨ ਜੋ ਬਹੁਤਾ ਉਤਸ਼ਾਹ ਅਤੇ ਸੰਭਵਨਾਵਾਂ ਜਗਾਉਣ ਦੀ ਥਾਂ ਸਾਡੇ ਪੱਲੇ ਨਿਰਾਸ਼ਾ ਪਾਉਣ ਵਿਚ ਹੀ

ਸਹਾਈ ਹੋ ਰਹੇ ਹਨ। ਜੋ ਸਾਫ ਅਤੇ ਉਤਸ਼ਾਹਤ ਕਰਨ ਵਾਲੇ ਰਸਤਿਆਂ 'ਤੇ ਤੁਰਨ ਦੀ ਪ੍ਰੇਰਣਾ ਦੇਣ ਦੀ ਥਾਂ ਸਾਨੂੰ ਕਈ ਤਰ੍ਹਾਂ ਦੇ ਵਿਵਾਦਾਂ ਦੀਆਂ ਘੁੰਮਣ ਘੇਰੀਆਂ ਵਿਚ ਫਸਾ ਰਹੇ ਹਨ। ਜਿਨ੍ਹਾਂ ਦੀਆਂ ਸ਼ਖਸੀਅਤਾਂ ਅਤੇ ਅਮਲ ਉਤਸ਼ਾਹ ਪੈਦਾ ਕਰਨ ਵਾਲੇ ਨਹੀਂ ਸਗੋਂ ਨਿਰਾਸ਼ਾ ਦੀਆਂ ਖਾਈਆਂ ਵਿਚ ਗਰਕ ਕਰਨ ਵਾਲੇ ਹਨ।

ਜਥੇਦਾਰ ਸਿੰਘ ਸਾਹਿਬ ਭਾਈ ਰਣਜੀਤ ਸਿੰਘ ਦੇ ਹੁਣ ਤੱਕ ਦੇ ਬਹੁਤੇ ਫੈਸਲੇ ਇਨ੍ਹਾਂ ਦਿਸ਼ਾਵਾਂ ਵੱਲ ਹੀ ਸੰਕੇਤ ਕਰਦੇ ਹਨ। ਸ੍ਰੀ ਅਕਾਲ ਤਖ਼ਤ ਜਿਹੀ ਮਹਾਨ ਸੰਸਥਾ ਦੇ ਜਥੇਦਾਰ ਤੋਂ ਇਕ ਉੱਚੀ ਤੇ ਸੁੱਚੀ ਸ਼ਖਸੀਅਤ ਹੋਣ ਦੀ ਆਸ ਕੀਤੀ ਜਾਂਦੀ ਹੈ। ਆਸ ਹੀ ਨਹੀਂ ਅਜਿਹਾ ਹੋਣਾ ਹਰ ਸੂਰਤ ਵਿਚ ਜ਼ਰੂਰੀ ਹੈ। ਪਰ ਜਥੇਦਾਰ ਭਾਈ ਰਣਜੀਤ ਸਿੰਘ ਇਸ ਉੱਚ ਅਹੁਦੇ 'ਤੇ ਹੁੰਦਿਆਂ ਜਿਸ ਤਰ੍ਹਾਂ ਦੀ ਸ਼ਬਦਾਵਲੀ ਦੀ ਅਕਸਰ ਵਰਤੋਂ ਕਰਦੇ ਹਨ ਉਹ ਬੇਹੱਦ ਇਤਰਾਜ਼ਯੋਗ ਹੀ ਨਹੀਂ ਹੈ ਸਗੋਂ ਉਸ ਨੂੰ ਕੋਈ ਵੀ ਸਭਿਆ ਮਨੁੱਖ ਸੁਣਨਾ ਨਹੀਂ ਚਾਹੇਗਾ। ਕਾਰਵਾਈਆਂ ਦੀ ਮਿਸਾਲ ਇਹ ਹੈ ਕਿ ਹੁਣ ਤੱਕ ਇਸ ਅਹੁਦੇ 'ਤੇ ਹੁੰਦਿਆਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਇਮਾਰਤ ਅਤੇ ਬਾਹਰ, ਸਾਡੇ ਸਿੰਘ ਸਾਹਿਬ ਅਨੇਕਾਂ ਸਿਆਣੇ ਬਿਆਣੇ ਬਜ਼ੁਰਗ, ਇੱਜ਼ਤਦਾਰ ਅਤੇ ਪੜ੍ਹੇ-ਲਿਖੇ ਵਿਅਕਤੀਆਂ ਨੂੰ ਆਪਣੇ ਹੱਥਾਂ ਅਤੇ ਆਪਣੀਆਂ ਲੱਤਾਂ ਨਾਲ ਕੁੱਟ ਚੁੱਕੇ ਹਨ ਅਤੇ ਉਨ੍ਹਾਂ ਉੱਪਰ ਅਨੇਕਾਂ ਤਰ੍ਹਾਂ ਦੀਆਂ ਗਾਹਲਾਂ (?) ਦੀ ਪੁਸ਼ਪ ਵਰਸ਼ਾ ਕਰ ਚੁੱਕੇ ਹਨ।

ਸ੍ਰੀ ਅਕਾਲ ਤਖ਼ਤ ਸਾਹਿਬ ਕੌਮ ਨੂੰ ਜੋੜਨ ਦਾ ਮਨੁੱਖੀ ਭਰਾਤਰੀ ਦਾ, ਬਹਾਦਰੀ ਦਾ, ਬੇਇਨਸਾਫੀ ਵਿਰੁੱਧ ਡੱਟਣ ਦਾ, ਪਿਆਰ 'ਤੇ ਸਦਭਾਵਨਾ ਦਾ ਸੰਦੇਸ਼ ਦੇਣ ਵਾਲਾ ਸੋਮਾ ਹੈ ਪਰ ਜਥੇਦਾਰ ਸਾਹਿਬ ਨੇ ਇਸ ਮਹਾਨ ਪਵਿੱਤਰ ਸਥਾਨ ਨੂੰ ਇਕ 'ਥਾਣਾ' ਬਣਾ ਕੇ ਰੱਖ ਦਿੱਤਾ ਹੈ। ਜਿਸ ਤੋਂ ਉਹ ਨਿੱਤ ਦਿਨ ਧਮਕੀਆਂ ਦੇਣ, ਅਨੇਕਾਂ ਤਰ੍ਹਾਂ ਦੀਆਂ ਸਜਾਵਾਂ ਦੇਣ, ਆਪ-ਹੁਦਰੇ ਫੈਸਲੇ ਕਰਨ ਅਤੇ ਗੁਰੂ ਦੇ ਸਿੱਖਾਂ ਨੂੰ ਸਿੱਖੀ ਤੋਂ ਕੱਢਣ ਦੀਆਂ ਕਾਰਵਾਈਆਂ ਕਰਦੇ ਹਨ, ਚਾਹੇ ਸੰਬੰਧਿਤ ਵਿਅਕਤੀ ਕਿੰਨੀ ਵੀ ਚੰਗੀ ਸਖਸੀਅਤ ਦੇ ਮਾਲਕ ਕਿਉਂ ਨਾ ਹੋਣ। ਹੁਣ ਤੱਕ ਉਹ ਜਥੇਦਾਰ ਕੁਲਦੀਪ ਸਿੰਘ ਭੋਗਲ, ਸ. ਇੰਦਰਪਾਲ ਸਿੰਘ ਭਾਟੀਆ, ਸ. ਮਹਿੰਦਰ ਸਿੰਘ ਮਠਾਰੂ, ਸ. ਅਵਤਾਰ ਸਿੰਘ ਹਿਤ ਅਤੇ ਕੈਨੇਡਾ ਵਿਚ ਰਹਿੰਦੇ ਸਿੱਖਾਂ ਸ. ਤਾਰਾ ਸਿੰਘ ਹੇਅਰ, ਗਿਆਨੀ ਹਰਕੀਰਤ ਸਿੰਘ, ਸ. ਬਲਵੰਤ ਸਿੰਘ ਗਿੱਲ, ਸ. ਜਰਨੈਲ ਸਿੰਘ, ਸ. ਰਤਨ ਸਿੰਘ ਤੇ ਸ. ਕਸ਼ਮੀਰ ਸਿੰਘ ਆਦਿ ਨੂੰ ਸਮੇਂ ਸਮੇਂ ਪੰਥ ਵਿਚੋਂ ਖਾਰਜ ਕਰ ਚੁੱਕੇ ਹਨ ਜਾਂ ਤਨਖਾਹੀਏ ਕਰਾਰ ਦੇ ਚੁੱਕੇ ਹਨ। ਇਥੋਂ ਤੱਕ ਕਿ ਹੁਣ ਜਥੇਦਾਰ ਸਾਹਿਬ ਨੇ ਆਪਣੇ ਦੂਸਰੇ ਸਾਥੀ ਸਿੰਘ ਸਾਹਿਬਾਨ ਨੂੰ ਵੀ ਆਪਣੇ ਇਨ੍ਹਾਂ ਆਪਹੁਦਰੇ ਅਮਲਾਂ ਦੀ ਜ਼ਦ ਵਿਚ ਲੈ ਆਂਦਾ ਹੈ ਅਤੇ ਉਨ੍ਹਾਂ 'ਤੇ ਕਈ ਤਰ੍ਹਾਂ ਦੇ ਦੋਸ਼ ਲਾਉਣੇ ਸ਼ੁਰੂ ਕਰ ਦਿੱਤੇ ਹਨ। ਇਹ ਵੀ ਅਚੰਭੇ ਵਾਲੀ ਗੱਲ ਨਹੀਂ ਹੋਵੇਗੀ ਜੇਕਰ ਉਹ ਇਨ੍ਹਾਂ ਦੂਸਰੇ ਸਿੰਘ ਸਾਹਿਬਾਨ ਦੇ ਖਿਲਾਫ ਹੀ ਫਤਵਾ ਜਾਰੀ ਕਰ ਦੇਣ।

ਇਕ ਲੰਬੀ ਹਿਚਕਚਾਹਟ ਤੋਂ ਬਾਅਦ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ (ਅਨੰਦਪੁਰ ਸਾਹਿਬ) ਦੇ ਸਿੰਘ ਸਾਹਿਬ ਪ੍ਰੋ. ਮਨਜੀਤ ਸਿੰਘ ਨੇ ਕਿਹਾ ਹੈ ਕਿ ਉਹ ਅੱਗੇ ਤੋਂ ਭਾਈ ਰਣਜੀਤ ਸਿੰਘ ਵਲੋਂ ਸੱਦੀ ਕਿਸੇ ਵੀ ਮੀਟਿੰਗ ਵਿਚ ਹਿੱਸਾ ਨਹੀਂ ਲੈਣਗੇ। ਉਨ੍ਹਾਂ ਸਪੱਸ਼ਟ ਸ਼ਬਦਾਂ ਵਿਚ ਕਿਹਾ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਲਈ ਅੱਗੇ ਤੋਂ ਉਹ ਇਨ੍ਹਾਂ ਮੀਟੰਗਾਂ

ਵਿਚ ਨਹੀਂ ਜਾਣਗੇ। ਉਨ੍ਹਾਂ ਇਹ ਵੀ ਕਿਹਾ ਕਿ ਇਥੇ ਲਏ ਜਾ ਰਹੇ ਫੈਸਲਿਆਂ ਦੀ ਕੋਈ ਅਹਿਮੀਅਤ ਨਹੀਂ ਕਿਉਂਕਿ ਇਹ ਸਿੱਖ ਰਵਾਇਤਾਂ ਅਨੁਸਾਰ ਨਹੀਂ ਹਨ। ਉਨ੍ਹਾਂ ਇਹ ਵੀ ਮੰਨਿਆ ਕਿ ਉਨ੍ਹਾਂ ਪਿਛਲੀਆਂ ਦੋ ਮੀਟਿੰਗਾਂ ਦਾ ਬਾਈਕਾਟ ਕੀਤਾ ਸੀ। ਉਨ੍ਹਾਂ ਇਹ ਵੀ ਕਿਹਾ ਕਿ ਪਿਛਲੇ ਕਾਫੀ ਲੰਬੇ ਸਮੇਂ ਤੋਂ ਜੋ ਕੁੱਝ ਹੋ ਰਿਹਾ ਹੈ ਉਸ ਨਾਲ ਤਖ਼ਤ ਸਾਹਿਬ ਦੀ ਮਹਾਨਤਾ 'ਤੇ ਅਸਰ ਪੈ ਰਿਹਾ ਹੈ।

ਅਤੇ ਹੁਣ ਲਈਏ ਲੰਗਰ ਦੀ ਮਰਯਾਦਾ ਦੀ ਗੱਲ ਅਸੀਂ ਸਮਝਦੇ ਹਾਂ ਕਿ ਵਿਦੇਸ਼ਾਂ ਵਿਚ ਬਹੁਤ ਸਾਰੇ ਗੁਰਦੁਆਰਿਆਂ ਵਿਚ ਦਹਾਕਿਆਂ ਤੋਂ ਜੋ ਮਰਯਾਦਾ ਚੱਲ ਰਹੀ ਸੀ ਉਸ ਵਿਚ ਕੋਈ ਵੀ ਮੁੱਢਲੀ ਤਬਦੀਲੀ ਕਰਨ ਦੇ ਫੈਸਲੇ ਤੋਂ ਪਹਿਲਾਂ ਸਮੁੱਚੀ ਕੌਮ ਦੇ ਪ੍ਰਤੀਨਿਧਾਂ ਅਤੇ ਵਿਦੇਸ਼ਾਂ ਦੀਆਂ ਸਾਰੀਆਂ ਸਿੱਖ ਧਿਰਾਂ ਨਾਲ ਵਿਸਥਾਰ ਵਿਚ ਗੰਭੀਰ ਵਿਚਾਰ-ਵਟਾਂਦਰਾ ਕੀਤਾ ਜਾਣਾ ਚਾਹੀਦਾ ਸੀ। ਸਭ ਨੂੰ ਹੀ ਇਸ ਸਬੰਧੀ ਵਿਸ਼ਵਾਸ ਵਿਚ ਲਿਆ ਜਾਣਾ ਚੀਹਾਦ ਸੀ। ਅਜਿਹੇ ਕੰਮਾਂ ਅਤੇ ਫੈਸਲਿਆਂ ਵਿਚ ਡੰਡੇ ਅਤੇ ਡਰਾਵਿਆਂ ਦੀ ਲੋੜ ਨਹੀਂ ਹੁੰਦੀ। ਸਾਨੂੰ ਅਫਸੋਸ ਹੀ ਨਹੀਂ ਸਗੋਂ ਬੇਹੱਦ ਦੁੱਖ ਹੈ ਕਿ ਜਥੇਦਾਰ ਰਣਜੀਤ ਸਿੰਘ ਵਲੋਂ ਅੱਗੇ ਲੱਗ ਕੇ ਕਰਵਾਏ ਗਏ ਇਸ ਫੈਸਲੇ ਨੇ ਵਿਦੇਸ਼ਾਂ ਵਿਚ ਵੱਸੀ ਸਿੱਖ ਕੌਮ ਵਿਚ ਵੰਡੀਆਂ ਹੀ ਨਹੀਂ ਪਾ ਦਿੱਤੀਆਂ ਸਗੋਂ ਉਨ੍ਹਾਂ ਵਿਚ ਖ਼ੂਨੀ ਜੰਗ ਸ਼ੁਰੂ ਕਰਵਾ ਦਿੱਤੀ ਹੈ। ਆਪਣੀ ਆਦਤ ਅਨੁਸਾਰ ਜਥੇਦਾਰ ਸਾਹਿਬ ਨੇ ਵਿਦੇਸ਼ਾਂ ਦੇ ਕਈ ਮਹੱਤਵਪੂਰਨ ਸਿੱਖਾਂ ਨੂੰ ਸਿੱਖੀ ਵਿਚੋਂ ਕੱਢਣ ਦਾ ਐਲਾਨ ਕਰ ਦਿੱਤਾ ਹੈ। ਸਾਨੂੰ ਬੇਹੱਦ ਦੁੱਖ ਹੈ ਕਿ ਜਥੇਦਾਰ ਸਾਹਿਬ ਦੇ ਅਜਿਹੇ ਫੈਸਲਿਆਂ ਦਾ ਕੋਈ ਅਸਰ ਨਹੀਂ ਹੋਇਆ।

ਪਿਛਲੇ ਸਮੇਂ ਵਿਚ ਉਨ੍ਹਾਂ ਵਲੋਂ ਜਿਨ੍ਹਾਂ ਸਿੱਖਾਂ ਨੂੰ ਵੀ ਸਿੱਖੀ 'ਚੋਂ ਛੇਕਣ ਦਾ ਐਲਾਨ ਕੀਤਾ ਗਿਆ ਸੀ ਅਤੇ ਉਨ੍ਹਾਂ ਨਾਲ ਕੌਮ ਨੂੰ ਕਿਸੇ ਵੀ ਤਰ੍ਹਾਂ ਦਾ ਮੇਲ-ਮਿਲਾਪ ਨਾ ਰੱਖਣ ਦੀ ਹਦਾਇਤ ਕੀਤੀ ਗਈ ਸੀ ਉਨ੍ਹਾਂ ਹੀ ਵਿਅਕਤੀਆਂ ਨੂੰ ਵੱਧ ਤੋਂ ਵੱਧ ਸਿੱਖ ਮਿਲਦੇ ਵੀ ਰਹੇ ਹਨ ਅਤੇ ਉਨ੍ਹਾਂ ਨਾਲ ਵੱਧ ਤੋਂ ਵੱਧ ਹਰ ਤਰ੍ਹਾਂ ਦੀ ਭਾਈਚਾਰਕ ਸਾਂਝ ਵੀ ਬਣਾਈ ਰੱਖੀ ਗਈ ਹੈ। ਸਾਨੂੰ ਦੁੱਖ ਹੈ ਕਿ ਜਥੇਦਾਰ ਗੁਰਚਰਨ ਸਿੰਘ ਟੌਹੜਾ ਅਤੇ ਸ਼੍ਰੋਮਣੀ ਕਮੇਟੀ ਦੇ ਅਧਿਕਾਰੀ ਆਪਣੇ ਕਿਰਦਾਰ ਵਾਂਗ ਹੀ ਇਸ ਵਾਰ ਵੀ ਕੌਮ ਦੇ ਹੋ ਰਹੇ ਨੁਕਸਾਨ ਨੂੰ ਇਕ ਤਮਾਸ਼ਾ ਸਮਝ ਕੇ ਚੁੱਪ ਚਾਪ ਸਭ ਕੁੱਝ ਦੇਖ ਰਹੇ ਹਨ। ਆਪਣੇ ਅਹੁਦਿਆਂ ਅਤੇ ਚੌਧਰਾਂ ਨੂੰ ਬਚਾਈ ਰੱਖਣ ਦੀ ਸੂਰਤ ਵਿਚ ਜੇਕਰ ਕੌਮ ਦਾ ਥੋੜਾਂ ਜਾਂ ਬਹੁਤਾ ਨੁਕਸਾਨ ਹੋ ਵੀ ਜਾਂਦਾ ਹੈ ਤਾਂ ਉਨ੍ਹਾਂ ਨੂੰ ਕੀ ਫਰਕ ਪੈਂਦਾ ਹੈ। ਹਮੇਸ਼ਾਂ ਵਾਂਗ ਉਹ ਆਪਣੀਆਂ ਪ੍ਰਧਾਨਗੀਆਂ ਤਾਂ ਬਚਾਈ ਰੱਖ ਸਕਦੇ ਹਨ।

ਅਸੀਂ ਸਮੁੱਚੀ ਕੌਮ ਨੂੰ ਇਹ ਅਪੀਲ ਕਰਦੇ ਹਾਂ ਕਿ ਉਹ ਸੰਗਠਿਤ ਅਤੇ ਸਾਂਝੇ ਰੂਪ ਵਿਚ ਸਪੱਸ਼ਟ ਫੈਸਲੇ ਲਵੇ। ਅਜਿਹਾ ਸਮਾਂ ਹੁਣ ਆ ਪੁੱਜਾ ਹੈ। ਜੇਕਰ ਹੁਣ ਅਜਿਹਾ ਨਾ ਕੀਤਾ ਗਿਆ ਤਾਂ ਆਉਣ ਵਾਲੇ ਸਮੇਂ ਵਿਚ ਇਹ ਹੋਰ ਵੀ ਤੀਲਾ-ਤੀਲਾ ਹੋ ਕੇ ਬਿਖਰਾਅ ਦੇ ਰਾਹ ਤੁਰ ਪਵੇਗੀ।

***ਬਰਜਿੰਦਰ ਸਿੰਘ ਹਮਦਰਦ***

***(ਰੋਜ਼ਾਨਾ 'ਅਜੀਤ' ਦੀ ਸੰਪਾਦਕੀ)***

***

26 ਅਗਸਤ 1998

## ਸ. ਬਰਜਿੰਦਰ ਸਿੰਘ ਦੇ ਨਾਂ ਖੁਲ੍ਹੀ ਚਿੱਠੀ

ਸ: ਬਰਜਿੰਦਰ ਸਿੰਘ ਜੀ,

ਗੁਰੂ ਫਤਹਿ

ਤੁਹਾਡਾ ਸੰਪਾਦਕੀ ਪੜ੍ਹ ਕੇ ਮੈਨੂੰ ਕੋਈ ਹੈਰਾਨੀ ਨਹੀਂ ਹੋਈ, ਸਗੋਂ ਖੁਸ਼ੀ ਹੋਈ ਹੈ ਕਿ ਬਿਲੀ ਥੈਲੇ 'ਚੋਂ ਬਾਹਰ ਆ ਗਈ ਹੈ। ਕਾਮਰੇਡ ਵਿਚਾਰਧਾਰਾ ਦੇ ਮਾਲਕ ਪੱਤਰਕਾਰ ਤੋਂ ਹੋਰ ਉਮੀਦ ਵੀ ਕੀ ਰੱਖੀ ਜਾ ਸਕਦੀ ਹੈ। ਮੈਂ ਇਹ ਕਹਾਂ ਕਿ ਅੱਜ ਅਜੀਤ ਨੂੰ ਤੁਹਾਡੀ ਲਿਖਤ ਨੇ ਕਲੰਕਤ ਕਰ ਦਿੱਤਾ ਹੈ, ਇਸ ਵਿਚ ਕੋਈ ਅਤਿਕਥਨੀ ਨਹੀਂ ਹੋਵੇਗੀ।

-ਜੋ ਸੇਵਾ ਕਰਕੇ ਤੁਸੀਂ ਅਨੰਦਪੁਰ ਦੇ ਸਰਕਾਰੀ ਟਰੱਸਟ ਦੀ ਚੇਅਰਮੈਨੀ ਹਾਸਲ ਕੀਤੀ ਹੈ,

-ਜਿਸ ਸੇਵਾ ਨਾਲ ਤੁਸੀਂ ਰਾਜ ਸਭਾ ਦੀ ਮੈਂਬਰੀ ਹਾਸਲ ਕੀਤੀ ਹੈ, ਉਹ ਵੀ ਕਿਸੇ ਤੋਂ ਲੁਕੀ ਛਿਪੀ ਨਹੀਂ।

ਰਾਸ਼ਟਰਪਤੀ ਵਲੋਂ ਕਿਸੇ ਚੰਗੇ ਪੱਤਰਕਾਰ ਦੀ ਸੇਵਾ ਵੇਖ ਕੇ ਰਾਜ ਸਭਾ ਲਈ ਨਾਮਜ਼ਦ ਕਰਨ ਦੀਆਂ ਮਿਸਾਲਾਂ ਤਾਂ ਮਿਲਦੀਆਂ ਹਨ ਪਰ ਕਿਸੇ ਰਾਜਸੀ ਪਾਰਟੀ ਵਲੋਂ ਕਿਸੇ ਪੱਤਰਕਾਰ ਨੂੰ ਰਾਜ ਸਭਾ ਦਾ ਮੈਂਬਰ ਤੇ ਟਰੱਸਟਾਂ ਦਾ ਚੇਅਰਮੈਨ ਬਣਾਇਆ ਜਾਵੇ ਤਾਂ ਉਸ ਪੱਤਰਕਾਰ ਤੋਂ ਇਹੋ ਜਿਹੀਆਂ ਹੀ ਲਿਖਤਾਂ ਪਾਠਕਾਂ ਨੂੰ ਪੜ੍ਹਨ ਨੂੰ ਮਿਲਣਗੀਆਂ।

ਸ: ਬਰਜਿੰਦਰ ਸਿੰਘ ਜੀ ਪੱਤਰਕਾਰ ਨੂੰ ਕਦੀ ਧਿਰ ਬਣਦਿਆਂ ਨਹੀਂ ਸੀ ਦੇਖਿਆ ਪਰ ਅੱਜ ਤੁਸੀਂ ਖੁਲ੍ਹ ਕੇ ਉਸ ਲਾਬੀ ਦੀ ਲੀਡਰਸ਼ਿਪ ਸੰਭਾਲੀ ਹੈ, ਜਿਹੜੀ ਮੇਰੇ ਵਿਰੁੱਧ ਡੇਢ ਸਾਲ ਤੋਂ ਤਰ੍ਹਾਂ-ਤਰ੍ਹਾਂ ਦੀਆਂ ਸਾਜ਼ਿਸ਼ਾਂ ਰਚ ਰਹੀ ਹੈ। ਕਿੰਨਾ ਚੰਗਾ ਹੁੰਦਾ ਜੇ ਤੁਸੀਂ ਕੋਈ ਠੋਸ ਦਲੀਲ ਦੇ ਕੇ ਮੈਨੂੰ ਨਿਰਉੱਤਰ ਕਰਦੇ ਪਰ ਮੈਂ ਸਮਝਦਾ ਹਾਂ ਕਿ ਇਸ ਵਿਚ ਤੁਹਾਡਾ ਵੀ ਕੋਈ ਕਸੂਰ ਨਹੀਂ ;

"ਨਾਨਕ ਅੰਧਾ ਹੋਇ ਕੇ, ਰਤਨਾ ਪਰਖਣ ਜਾਇ॥
ਰਤਨਾ ਸਾਰ ਨਾ ਜਾਣਣੀ, ਆਵੈ ਆਪ ਲਿਖਾਇ॥"

ਦੇ ਮਹਾਂਵਾਕ ਅਨੁਸਾਰ ਮਨੁੱਖ ਆਪਣਾ ਆਪਾ ਆਪ ਹੀ ਪ੍ਰਗਟ ਕਰ ਬੈਠਦਾ ਹੈ।

ਬਰਜਿੰਦਰ ਸਿੰਘ ਜੀ ਮੈਨੂੰ ਮਿਤੀ ਤੇ ਯਾਦ ਨਹੀਂ ਪਰ ਉਸ ਸਮੇਂ ਮੈਂ ਜੇਲ੍ਹ ਵਿਚ ਸਾਂ ਜਦੋਂ ਤੁਹਾਡੇ ਸਵਰਗਵਾਸੀ ਪਿਤਾ ਵਲੋਂ ਲਿਖਿਆ ਸੰਪਾਦਕੀ ਪੜ੍ਹਿਆ, ਜਿਸ ਵਿਚ ਉਨ੍ਹਾਂ ਨੇ ਹਿੱਕ ਠੋਕਦਿਆਂ ਸਿੰਘਾਪੁਰ 'ਚ ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ ਨੂੰ ਫਿਟਕਾਰਦਿਆਂ ਗੁਰੂ ਕੇ ਲੰਗਰ ਵਿਚ ਕੁਰਸੀਆਂ ਰੱਖਣ ਤੋਂ ਵਰਜਿਆ ਸੀ। ਅੱਜ ਮੈਂ ਤੁਹਾਡਾ ਲੇਖ ਪੜ੍ਹ ਕੇ ਇਹ ਹੀ ਕਹਿ ਸਕਦਾ ਹਾਂ ਕਿ ਵਾਹਿਗੁਰੂ ਤੁਹਾਨੂੰ ਸੁਮੱਤ ਬਖਸ਼ੇ।

ਬਰਜਿੰਦਰ ਸਿੰਘ ਜੀ ਜਦੋਂ ਕੋਈ ਵਿਅਕਤੀ ਹੱਦ ਤੋਂ ਜ਼ਿਆਦਾ ਝੂਠ ਬੋਲਣ ਲੱਗ ਪਵੇ ਤਾਂ ਉਸ ਨੂੰ ਇਹ ਯਾਦ ਨਹੀਂ ਰਹਿੰਦਾ ਕਿ ਉਸ ਨੇ ਕਦੋਂ ਤੇ ਕਿਥੇ ਕੀ ਝੂਠ ਬੋਲਿਆ ਸੀ। ਮੈਂ ਤੁਹਾਨੂੰ ਯਾਦ ਕਰਵਾਵਾਂ ਅਨੰਦਪੁਰ ਦੇ ਸਰਕਾਰੀ ਟਰੱਸਟ ਵਿਚ ਹਮਸਫਰ ਹੋਣ ਕਰਕੇ ਤੁਸੀਂ ਜਿਸ ਪ੍ਰੋ: ਮਨਜੀਤ ਸਿੰਘ ਦੇ ਹਮਦਰਦ ਬਣੇ ਹੋ, ਉਸ ਨੂੰ ਤੁਸੀਂ ਬਾਰ-ਬਾਰ ਆਪਣੇ ਲੇਖਾਂ ਰਾਹੀਂ ਗਾਲ੍ਹਾਂ ਕੱਢੀਆਂ, ਜਿਸ ਤਰ੍ਹਾਂ ਤੁਸੀਂ ਅੱਜ ਮੈਨੂੰ ਨਿਵਾਜਿਆ ਹੈ। ਜਿਸ ਦਿਨ ਮੈਂ

ਅਵਤਾਰ ਸਿੰਘ ਹਿਤ ਤੋਂ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਜਾਇਦਾਦ ਵਾਪਸ ਲੈਣ ਲਈ ਉਸ ਨੂੰ ਪੰਥ ਵਿਚੋਂ ਛੇਕਿਆ ਸੀ, ਉਸ ਦਿਨ ਵੀ ਤੁਹਾਨੂੰ ਬਹੁਤ ਪੀੜ ਹੋਈ ਸੀ ਅਤੇ ਆਪਣੇ ਲੇਖ ਵਿਚ ਮੈਨੂੰ ਧਮਕੀ ਦੇਂਦਿਆਂ ਤੁਸੀਂ ਲਿਖਿਆ ਸੀ "ਜਥੇਦਾਰ ਰਣਜੀਤ ਸਿੰਘ ਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਉਹ ਜ਼ਮਾਨਤ 'ਤੇ ਬਾਹਰ ਆਏ ਹਨ।"

ਤੁਹਾਡੀ ਇਹ ਧਮਕੀ ਉਦੋਂ ਸਚਾਈ ਵਿਚ ਬਦਲੀ ਜਦੋਂ ਦਿੱਲੀ ਹਾਈਕੋਰਟ ਵਲੋਂ ਮੇਰੀ ਜ਼ਮਾਨਤ ਰੱਦ ਹੋ ਗਈ। ਗੁਰੂ ਕਿਰਪਾ ਨਾਲ ਮੇਰਾ ਵਾਲ ਵੀ ਵਿੰਗਾ ਨਹੀਂ ਹੋਇਆ ਸਗੋਂ ਮੈਂ ਹੋਰ ਮਜ਼ਬੂਤ ਹੋਇਆ।

ਅੱਜ ਗੁਰੂ ਕਿਰਪਾ ਨਾਲ ਅਵਤਾਰ ਸਿੰਘ ਹਿਤ ਤੋਂ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਜਾਇਦਾਦ ਜੋ ਕਿ ਕਈ ਕਰੋੜਾਂ ਵਿਚ ਹੈ, ਹਾਸਲ ਕਰਨ ਵਿਚ ਸਫਲ ਹੋਇਆ ਹਾਂ। ਗੁਰੂ ਕਿਰਪਾ ਨਾਲ ਵਿਸ਼ਵ ਸਿੱਖ ਕੌਂਸਲ ਦਾ ਸਰਮਾਇਆ ਪੰਥ ਨੂੰ ਪ੍ਰੋ: ਮਨਜੀਤ ਸਿੰਘ ਤੋਂ ਵਾਪਸ ਦਿਵਾਉਣ ਵਿਚ ਵੀ ਸਫਲ ਹੋਵਾਂਗਾ।

ਅਖੀਰ ਵਿਚ ਮੈਂ ਤੁਹਾਨੂੰ ਰਾਇ ਦੇਂਦਾ ਹਾਂ ਕਿ ਤੁਸੀਂ ਅਰਥਹੀਣ, ਰੂੜੀਵਾਦੀ ਲੇਖਾਂ ਰਾਹੀਂ ਗਾਲ੍ਹਾਂ ਨਾ ਕੱਢੋ। ਚੰਗੇ ਪੱਤਰਕਾਰ ਨੂੰ ਸੋਭਦਾ ਨਹੀਂ। ਆਪਣੇ ਸਵਰਗਵਾਸੀ ਪਿਤਾ ਜੀ ਦੀ ਆਤਮਾ ਦੀ ਆਵਾਜ਼ ਨੂੰ ਪਛਾਣੋ।

ਗੁਰੂ ਪੰਥ ਦਾ ਦਾਸ

*ਰਣਜੀਤ ਸਿੰਘ*

ਜਥੇਦਾਰ, ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ।

***

*29 ਅਗਸਤ 1998*

## ਜਥੇਦਾਰ ਰਣਜੀਤ ਸਿੰਘ ਅਤੇ ਸਿੱਖ ਪੰਥ

ਇਕ ਪਾਸੇ ਸਿੱਖ ਪੰਥ ਆਪਣੀ ਸਥਾਪਨਾ ਦੀ ਤੀਜੀ ਸ਼ਤਾਬਦੀ ਮਨਾਉਣ ਦੀਆਂ ਤਿਆਰੀਆਂ ਵਿਚ ਹੈ, ਦੂਸਰੇ ਪਾਸੇ ਅਮਰੀਕਾ ਕਨੇਡਾ ਅਤੇ ਹੋਰ ਬਹੁਤ ਦੇਸ਼ਾਂ ਵਿਚ ਲੰਗਰ ਸਬੰਧੀ ਉੱਠੇ ਵਿਵਾਦ ਨੂੰ ਲੈ ਕੇ ਸਿੱਖ ਧੜਿਆਂ ਵਿਚ ਟਕਰਾਅ ਹੋਰ ਵੀ ਤੇਜ਼ ਹੁੰਦਾ ਜਾ ਰਿਹਾ ਹੈ। ਵਿਦੇਸ਼ਾਂ ਵਿਚ ਗੁਰਦੁਆਰਿਆਂ ਵਿਚ ਥਾਂ ਪੁਰ ਥਾਂ ਸਿੱਖਾਂ ਦੀਆਂ ਆਪਸੀ ਲੜਾਈਆਂ ਹੋ ਰਹੀਆਂ ਹਨ। ਜੋ ਅਕਸਰ ਖ਼ੂਨੀ ਝੜਪਾਂ ਵਿਚ ਵੱਟ ਜਾਂਦੀਆਂ ਹਨ। ਅਜਿਹੇ ਸਮੇਂ ਪੁਲਿਸ ਗੁਰਦੁਆਰਿਆਂ ਵਿਚ ਦਾਖਲ ਹੋ ਜਾਂਦੀ ਹੈ ਅਤੇ ਕਈ ਵਾਰ ਵੱਡੇ ਗੁਰਦੁਆਰਿਆਂ ਨੂੰ ਤਾਲੇ ਲਗਾ ਦਿੱਤੇ ਜਾਂਦੇ ਹਨ। ਸਿੱਖ ਜਗਤ ਅੰਦਰ ਪੈਦਾ ਹੋਏ ਅਜਿਹੇ ਬੇਹੱਦ ਦੁਖਦਾਈ ਟਕਰਾਅ ਲਈ ਅਸੀਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਭਾਈ ਰਣਜੀਤ ਸਿੰਘ ਨੂੰ ਸਭ ਤੋਂ ਵੱਧ ਜਿੰਮੇਵਾਰ ਸਮਝਦੇ ਹਾਂ, ਜਿਨ੍ਹਾਂ ਨੇ ਕੋਈ ਲੰਬੀ ਅਤੇ ਡੂੰਘੀ ਵਿਚਾਰ ਕਰਨ ਬਿਨਾਂ, ਵਿਦੇਸ਼ਾਂ ਦੀਅ ਸਿੱਖ ਸੰਗਤਾਂ ਦੀਆਂ ਸਮੁੱਚੀਆਂ ਧਿਰਾਂ ਦੇ ਵਿਚਾਰ ਜਾਨਣ ਤੋਂ ਬਗੈਰ ਅਤੇ ਆਪਣੇ ਸਾਥੀ ਸਿੰਘ ਸਾਹਿਬਾਨ ਨੂੰ ਵੀ ਪੂਰੀ ਤਰ੍ਹਾਂ ਵਿਸ਼ਵਾਸ ਵਿਚ ਨਾ ਲੈ ਕੇ ਇਸ ਮਹੱਤਵਪੂਰਨ ਸ਼ਰਧਾਲੂ ਸਿੱਖਾਂ ਨੂੰ ਜਿਸ ਕਦਰ ਸਿੱਖ ਭਾਈਚਾਰੇ 'ਚੋਂ ਖਾਰਜ ਕਰਨ ਦਾ ਐਲਾਨ ਕੀਤਾ, ਉਸ ਤੋਂ ਪੈ ਰਹੇ ਅਸਰਾਂ ਅਤੇ ਨੇੜੇ ਭਵਿੱਖ ਵਿਚ ਸਿੱਖੀ ਦੇ ਹੋਣ ਵਾਲੇ ਨੁਕਸਾਨ ਦੇ ਸਿੱਟੇ ਸ਼ਾਇਦ ਭਾਈ ਰਣਜੀਤ ਸਿੰਘ ਨੂੰ ਤਾਂ ਨਹੀਂ ਪਰ ਸਮੁੱਚੀ ਸਿੱਖ ਕੌਮ

ਨੂੰ ਕਈ ਢੰਗਾਂ ਨਾਲ ਭੁਗਤਣੇ ਪੈਣਗੇ।

ਇਸੇ ਹੀ ਤਰ੍ਹਾਂ ਜੇਕਰ ਤਖਤਾਂ ਦੇ ਤਿੰਨ ਸਿੰਘ ਸਾਹਿਬਾਨ ਵਿਚਕਾਰ ਇਕ ਮੰਦਭਾਗਾ ਵਿਵਾਦ ਛਿੜਿਆ ਹੈ ਤੇ ਜਿਸ ਨਾਲ ਸਮੁੱਚੀ ਕੌਮ ਨੂੰ ਨਿਰਾਸ਼ਾ ਹੋਈ ਹੈ ਤਾਂ ਉਸ ਲਈ ਵੀ ਅਸੀਂ ਬਹੁਤੀ ਜ਼ਿੰਮੇਵਾਰੀ ਭਾਈ ਰਣਜੀਤ ਸਿੰਘ ਦੀ ਹੀ ਸਮਝਦੇ ਹਾਂ। ਤਖਤ ਸ੍ਰੀ ਦਮਦਮਾ ਸਾਹਿਬ ਦੇ ਸਿੰਘ ਸਾਹਿਬ ਗਿਆਨੀ ਕੇਵਲ ਸਿੰਘ ਨੇ ਵੀ ਕਿਹਾ ਹੈ ਕਿ ਭਾਈ ਰਣਜੀਤ ਸਿੰਘ ਦੂਸਰੇ ਤਖ਼ਤ ਸਾਹਿਬਾਨਾਂ ਦੇ ਜਥੇਦਾਰਾਂ ਦੀ ਹੋਂਦ ਅਤੇ ਬਣਦੇ ਸਤਿਕਾਰ ਨੂੰ ਅੱਖੋਂ ਪਰੋਖੇ ਕਰਕੇ ਆਪਣੀ ਸਵੈ-ਇੱਛਾ ਨਾਲ ਬਹੁਤ ਹੀ ਨਾਜ਼ੁਕ ਮਸਲਿਆਂ 'ਤੇ ਆਪਣੀ ਮਨਮਰਜ਼ੀ ਦੇ ਫੈਸਲੇ ਕਰਨ ਦਾ ਰੁਝਾਨ ਰੱਖਦੇ ਹਨ। ਉਨ੍ਹਾਂ ਇਹ ਵੀ ਕਿਹਾ ਕਿ ਹੁਣ ਜਦੋਂ ਸਿੱਖ ਪੰਥ ਆਪਣਾ 300 ਸਾਲਾ ਸਾਜਨਾ ਦਿਵਸ ਮਨਾਉਣ ਦੀਆਂ ਤਿਆਰੀਆਂ ਵਿਚ ਜੁਟਿਆ ਹੋਇਆ ਹੈ, ਉਸ ਸਮੇਂ ਕੌਮ ਦੀ ਏਕਤਾ ਨੂੰ ਬਰਕਰਾਰ ਰੱਖਣ ਲਈ ਹਰ ਸੰਭਵ ਯਤਨ ਕਰਨੇ ਚਾਹੀਦੇ ਹਨ ਅਤੇ ਮਰਯਾਦਾ ਜਾਂ ਕਿਸੇ ਹੋਰ ਸਵਾਲ 'ਤੇ ਕਿਸੇ ਨੂੰ ਪੰਥ ਵਿਚੋਂ ਛੇਕਣ ਵਾਲੀ ਕਾਰਵਾਈ ਦੀ ਕਾਹਲ ਕਰਨ ਤੋਂ ਸੰਕੋਚ ਕਰਨਾ ਚਾਹੀਦਾ ਹੈ। ਉਨ੍ਹਾਂ ਦੱਸਿਆ ਕਿ ਸਿੰਘ ਸਾਹਿਬ ਭਾਈ ਰਣਜੀਤ ਸਿੰਘ ਨੇ ਸਾਡੇ ਵਿਚਾਰਾਂ ਨੂੰ ਧੀਰਜ ਨਾਲ ਸੁਣਨ ਅਤੇ ਸਮਝਣ ਦੀ ਥਾਂ ਸਾਡੇ ਪ੍ਰਤੀ ਰੋਹਬ ਅਤੇ ਦਬਾਓ ਵਾਲੀ ਨੀਤੀ ਧਾਰਨ ਕੀਤੀ ਅਤੇ ਉਨ੍ਹਾਂ ਨੂੰ ਇਥੋਂ ਤੱਕ ਅਪਮਾਨਜਨਕ ਭਾਸ਼ਾ ਵਿਚ ਸੰਬੋਧਨ ਕਰਕੇ ਕਿਹਾ ਕਿ 'ਜੇ ਤੁਸੀਂ ਨਹੀਂ ਸਹਿਮਤ, ਮੈਂ ਸਭ ਕੁੱਝ ਆਪੇ ਕਰ ਲਵਾਂਗਾ।'

ਹਰ ਸਿੱਖ ਦੇ ਮਨ ਅੰਦਰ ਸ੍ਰੀ ਅਕਾਲ ਤਖਤ ਸਾਹਿਬ ਲਈ ਅਥਾਹ ਸ਼ਰਧਾ ਹੈ, ਹਰ ਸਿੱਖ ਇਸ ਮਹਾਨ ਤਖ਼ਤ ਅਗੇ ਸਿੱਰ ਝੁਕਾਉਂਦਾ ਹੈ। ਹਰ ਸਿੱਖ ਦਾ ਇਹ ਫਰਜ਼ ਹੈ ਕਿ ਉਹ ਇਸ ਦੀ ਆਨ ਅਤੇ ਸ਼ਾਨ ਨੂੰ ਕਾਇਮ ਰੱਖੇ। ਇਸ ਮਹਾਨ ਤਖ਼ਤ ਦੇ ਜਥੇਦਾਰ ਦਾ ਏਡਾ ਉੱਚਾ ਤੇ ਸੁੱਚਾ ਰੁਤਬਾ ਪ੍ਰਾਪਤ ਕਰਕੇ ਭਾਈ ਰਣਜੀਤ ਸਿੰਘ ਸ਼ਾਇਦ ਕਈ ਭੁਲੇਖਿਆਂ ਦਾ ਸ਼ਿਕਾਰ ਹੋ ਗਏ ਹਨ। ਉਨ੍ਹਾਂ ਨੂੰ ਇਸ ਗੱਲ ਦਾ ਚੇਤਾ ਵਿਸਰ ਗਿਆ ਜਾਪਦਾ ਹੈ ਕਿ ਸੰਸਥਾਵਾਂ ਵਿਅਕਤੀਆਂ ਤੋਂ ਵਡੇਰੀਆਂ ਹੁੰਦੀਆਂ ਹਨ। ਅਜਿਹੇ ਰੁਤਬੇ 'ਤੇ ਪੁੱਜ ਕੇ ਜਿਹੜਾ ਵਿਅਕਤੀ ਲਗਾਤਾਰ ਅਜਿਹੇ ਫੈਸਲੇ ਲੈਂਦਾ ਹੈ ਜੋ ਨਾ ਸਿਰਫ ਵੱਡੇ ਵਿਵਾਦਾਂ ਨੂੰ ਜਨਮ ਦੇਣ ਵਾਲੇ ਹੋਣ, ਸਗੋਂ ਭਰਾ-ਮਾਰੂ ਜੰਗ ਛੇੜਨ ਦੀ ਵੀ ਸੰਭਾਵਨਾ ਰਖਦੇ ਹੋਣ ਤਾਂ ਨਿਸਚੇ ਹੀ ਅਜਿਹਾ ਵਿਅਕਤੀ ਸਹੀ ਢੰਗ-ਤਰੀਕੇ ਨਾਲ ਆਪਣੇ ਅਹੁਦੇ ਦੀ ਜ਼ਿੰਮੇਵਾਰੀ ਨਹੀਂ ਨਿਭਾਅ ਰਿਹਾ ਹੁੰਦਾ। ਸਗੋਂ ਉਹ ਮਹਾਨ ਸੰਸਥਾ ਦੀ ਸ਼ਾਨ ਨੂੰ ਵੀ ਘਟਾਉਣ ਦਾ ਭਾਗੀ ਬਣਦਾ ਹੈ। ਜੇਕਰ ਕੈਨੇਡਾ ਅਤੇ ਅਮਰੀਕਾ ਦੀਆਂ ਦਰਜਨਾਂ ਹੀ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਜਿਨ੍ਹਾਂ ਅਧੀਨ ਲਗਭਗ ਸਾਰੇ ਹੀ ਮਹੱਤਵਪੂਰਨ ਗੁਰਦੁਆਰੇ ਆ ਜਾਂਦੇ ਹਨ, ਅੱਜ ਭਾਈ ਰਣਜੀਤ ਸਿੰਘ ਦੇ ਕੀਤੇ ਫੈਸਲੇ ਨੂੰ ਮੰਨਣ ਤੋਂ ਇਨਕਾਰੀ ਹਨ, ਜੇਕਰ ਉੱਥੇ ਭਾਈਚਾਰੇ ਵਿਚ ਇਕ ਵੱਡਾ ਟਕਰਾਅ ਪੈਦਾ ਹੋਇਆ ਹੈ, ਜੇਕਰ ਇਹ ਸਮੂਹ ਜਥੇਬੰਦੀਆਂ ਲਿਖਤੀ ਪੱਤਰਾਂ ਵਿਚ ਇਸ ਸਭ ਕੁੱਝ ਲਈ ਭਾਈ ਰਣਜੀਤ ਸਿੰਘ ਨੂੰ ਜ਼ਿੰਮੇਵਾਰ ਠਹਿਰਾਉਂਦੀਆਂ ਹਨ ਅਤੇ ਇਹ ਲਿਖਦੀਆਂ ਹਨ ਕਿ ਭਾਈ ਸਾਹਿਬ ਨੇ ਬਹੁਤ ਹੀ ਗੈਰ-ਜ਼ਿੰਮੇਵਾਰੀ ਵਾਲਾ ਰੋਲ ਨਿਭਾਇਆ ਹੈ ਅਤੇ ਇਸ ਬਿਨਾ 'ਤੇ ਜਥੇਦਾਰ ਸਾਹਿਬ ਤੋਂ ਅਸਤੀਫੇ ਦੀ ਮੰਗ ਕਰਦੀਆਂ ਹਨ ਤਾਂ ਇਸ ਤੋਂ ਕੀ ਨਤੀਜਾ ਨਿਕਲਦਾ ਹੈ, ਇਸ ਨੂੰ ਸਾਰੇ ਸਮਝ ਸਕਦੇ ਹਨ। ਇਹ ਸਾਰੀਆਂ ਗੁਰਦੁਆਰਾ

ਸੁਸਾਇਟੀਆਂ ਪਹਿਲਾਂ ਹਮੇਸ਼ਾਂ ਹੀ ਸ੍ਰੀ ਅਕਾਲ ਤਖਤ ਸਾਹਿਬ ਨੂੰ ਸਰਬਉੱਚ ਮੰਨ ਕੇ ਇਸ ਅੱਗੇ ਆਪਣਾ ਸੀਸ ਝੁਕਾਉਂਦੀਆਂ ਰਹੀਆਂ ਹਨ। ਹੁਣ ਪੈਦਾ ਕੀਤੇ ਗਏ ਅਜਿਹੇ ਵਿਵਦ ਲਈ ਕੌਣ ਜਿੰਮੇਵਾਰ ਹੈ? ਅਤੇ ਸਾਡੇ ਜਥੇਦਾਰ ਸੰਪਾਦਕ 'ਅਜੀਤ' ਨੂੰ ਲਿਖੇ ਖੁਲ੍ਹੇ ਪੱਤਰ ਵਿਚ ਇਹ ਆਖਦੇ ਹਨ ਕਿ ਉਨ੍ਹਾਂ ਨੂੰ ਉਨ੍ਹਾਂ ਵਲੋਂ ਕੀਤੇ ਕਿਸੇ ਫੈਸਲੇ ਦੀ ਮਿਸਾਲ ਦਿੱਤੀ ਜਾਵੇ ਜੋ ਸਿੱਖ ਹਿਤਾਂ ਦੇ ਉਲਟ ਹੋਵੇ। ਇਸ ਸਬੰਧੀ ਅਸੀਂ ਕਹਿਣਾ ਚਾਹੁੰਦੇ ਹਾਂ ਕਿ ਉਨ੍ਹਾਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਹੋਣ ਦੇ ਨਾਤੇ ਹੁਣ ਤੱਕ ਜੋ ਫੈਸਲੇ ਕੀਤੇ ਹਨ ਅਤੇ ਜਿਸ ਢੰਗ ਨਾਲ ਕੀਤੇ ਹਨ, ਉਨ੍ਹਾਂ 'ਚੋਂ ਬਹੁਤਿਆਂ ਨਾਲ ਨਾ ਸਿਰਫ ਵਿਵਾਦ ਹੀ ਵਧੇ ਹਨ ਸਗੋਂ ਸਿੱਖ ਭਾਈਚਾਰੇ ਵਿਚ ਵੀ ਉਨ੍ਹਾਂ ਦਾ ਵੱਡਾ ਨਾਂਹ-ਪੱਖੀ ਅਸਰ ਹੋਇਆ ਹੈ।

ਅਸੀਂ ਭਾਈ ਰਣਜੀਤ ਸਿੰਘ ਵਲੋਂ 'ਅਜੀਤ' ਦੇ ਸੰਪਾਦਕ ਉਪਰ ਲਗਾਏ ਦੋਸ਼ਾਂ ਅਤੇ ਖੁੱਲ੍ਹੀ ਚਿੱਠੀ ਵਿਚ ਵਰਤੀ ਗਈ ਸ਼ਬਦਾਵਲੀ ਦਾ ਬਹੁਤਾ ਨੋਟਿਸ ਨਹੀਂ ਲੈਣਾ ਚਾਹੁੰਦੇ ਸਾਂ ਪਰ ਕਿਉਂਕਿ ਅਜਿਹਾ ਕੁਝ ਇਕ ਵੱਡੇ ਰੁਤਬੇ 'ਤੇ ਬੈਠੇ ਵਿਅਕਤੀ ਵਲੋਂ ਕੀਤਾ ਗਿਆ ਹੈ, ਇਸ ਲਈ ਉਸਦਾ ਨੋਟਿਸ ਲੈਣਾ ਜ਼ਰੂਰੀ ਬਣ ਜਾਂਦਾ ਹੈ। ਆਪਣੇ ਵਲੋਂ ਗੁਰੂ ਦੇ ਸਿੱਖਾਂ ਨਾਲ ਬੋਲੀ ਜਾਂਦੀ ਮੰਦੀ ਅਤੇ ਅਸਭਿਆ ਭਾਸ਼ਾ ਬਾਰੇ ਭਾਈ ਸਾਹਿਬ ਦਾ ਜੁਆਬ ਹੈ ਕਿ ਸੰਗਤ ਇਸੇ ਕਰਕੇ ਉਨ੍ਹਾਂ ਦਾ ਸਤਿਕਾਰ ਕਰਦੀ ਹੈ। ਉਹ ਇਸ ਸਬੰਧੀ ਹੋਰ ਆਪਣਾ ਪੱਖ ਬਿਆਨ ਕਰਦੇ ਹੋਏ ਆਖਦੇ ਹਨ ਕਿ 'ਜੋ ਗਾਲ੍ਹਾਂ ਦੇ ਲਾਇਕ ਹੈ, ਉਸ ਨੂੰ ਸਲੋਕ ਨਹੀਂ ਸੁਣਾਏ ਜਾਂਦੇ, ਮੂੰਹ ਦੇਖ ਕੇ ਥੱਪੜ ਮਾਰਿਆ ਜਾਂਦਾ ਹੈ ਅਤੇ ਉਹ ਇਹ ਜਾਣਦੇ ਹਨ ਕਿ ਪਸ਼ੂਆਂ ਨਾਲ ਕਿਵੇਂ ਵਰਤਿਆ ਜਾਂਦਾ ਹੈ।" ਇਕ ਮਹਾਨ ਤਖ਼ਤ ਦੇ ਜਥੇਦਾਰ ਵਲੋਂ ਅਜਿਹਾ ਕੁੱਝ ਸੁਣ ਕੇ ਅਤੇ ਸਿੱਖਾਂ ਪ੍ਰਤੀ ਅਜਿਹੇ ਵਿਚਾਰ ਜਾਣ ਕੇ ਸਾਡਾ ਸਿਰ ਸ਼ਰਮ ਨਾਲ ਝੁੱਕ ਜਾਂਦਾ ਹੈ। ਜਥੇਦਾਰ ਰਣਜੀਤ ਸਿੰਘ ਲਗਾਤਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਾਣ-ਮਰਯਾਦਾ ਕਾਇਮ ਰੱਖਣ ਦੀ ਗੱਲ ਕਰਦੇ ਰਹੇ ਹਨ। ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਾਣ-ਮਰਯਾਦਾ ਕਾਇਮ ਰੱਖਣਾ ਹਰ ਸਿੱਖ ਦਾ ਫਰਜ ਹੈ ਅਤੇ ਅਜਿਹਾ ਕੁੱਝ ਹੀ ਹਰ ਸਿੱਖ ਅੱਜ ਚਾਹੁੰਦਾ ਹੈ। ਇਸ ਲਈ ਕੁਰਬਾਨੀ ਕੀਤੀ ਜਾਏ, ਨਿਮਰਤਾ ਅਤੇ ਬਹਾਦਰੀ ਨਾਲ ਖੜ੍ਹਾ ਹੋਇਆ ਜਾਏ, ਇਸ ਗੱਲ ਦੀ ਸਮਝ ਤਾਂ ਆਉਂਦੀ ਹੈ ਪਰ ਜੇਕਰ ਜਥੇਦਾਰ ਸਾਹਿਬ ਇਹ ਆਖਦੇ ਹਨ ਕਿ ਉਹ ਇਸ ਲਈ ਸਿਰ ਦੇ ਵੀ ਸਕਦੇ ਹਨ, ਦੋਖੀਆਂ ਦਾ ਗਲਾ ਕੱਟ ਵੀ ਸਕਦੇ ਹਨ ਤਾਂ ਅਜਿਹੀ ਸ਼ਬਦਾਵਲੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਤੋਂ ਕਦਾਚਿਤ ਉਮੀਦ ਨਹੀਂ ਕੀਤੀ ਜਾਂਦੀ।

ਜਥੇਦਾਰ ਸਾਹਿਬ ਸੰਪਾਦਕ 'ਅਜੀਤ' 'ਤੇ ਇਕ ਧਿਰ ਬਣਨ ਦਾ ਦੋਸ਼ ਲਾਉਂਦੇ ਹਨ ਅਤੇ ਨਾਲ ਹੀ ਇਹ ਵੀ ਆਖਦੇ ਹਨ ਕਿ ਉਨ੍ਹਾਂ ਕਿਸੇ ਸਮੇਂ ਸਿੰਘ ਸਾਹਿਬ ਪ੍ਰੋ. ਮਨਜੀਤ ਸਿੰਘ ਨੂੰ ਵਾਰ ਵਾਰ ਆਪਣੇ ਲੇਖਾਂ ਰਾਹੀਂ ਗਾਲ੍ਹਾ ਕੱਢੀਆਂ ਸਨ। 'ਅਜੀਤ' ਨੇ ਹਮੇਸ਼ਾਂ ਆਪਣੇ ਸਿਧਾਂਤਾਂ 'ਤੇ ਖੜ੍ਹੇ ਹੋਣ ਅਤੇ ਉਨ੍ਹਾਂ 'ਤੇ ਪਹਿਰਾ ਦੇਣ ਦੀ ਗੱਲ ਕੀਤੀ ਹੈ। ਦਲੀਲ ਦੇ ਆਧਾਰ 'ਤੇ ਪਿਛਲੇ ਸਮੇਂ ਵਿਚ ਸੰਪਾਦਕ ਦਾ ਸਿੰਘ ਸਾਹਿਬ ਭਾਈ ਮਨਜੀਤ ਸਿੰਘ ਨਾਲ ਤਕਰਾਰ ਹੋਇਆ ਹੋ ਸਕਦਾ ਹੈ ਪਰ ਅਸੀਂ ਕਦੀ ਵੀ ਸਿੰਘ ਸਹਿਬ ਪ੍ਰਤੀ ਗਾਲ੍ਹਾਂ ਦੀ ਵਰਤੋਂ ਨਹੀਂ ਕੀਤੀ ਜਿਸ ਦਾ ਦੋਸ਼ ਜਥੇਦਾਰ ਭਾਈ ਰਣਜੀਤ ਸਿੰਘ ਲਾਉਂਦੇ ਹਨ। ਗਾਲ੍ਹਾਂ ਕੱਢਣੀਆਂ, ਧਮਕੀਆਂ ਦੇਣੀਆਂ ਅਤੇ ਦੂਸਰਿਆਂ ਨੂੰ ਪਸ਼ੂ ਸਮਝਣਾ ਇਹ ਕਿਸੇ ਹੋਰ ਦਾ

ਸੁਭਾਅ ਤਾਂ ਹੋ ਸਕਦਾ ਹੈ ਪਰ ਅਜਿਹੀ ਅਜੀਤ ਦੀ ਪ੍ਰੰਪਰਾ ਨਹੀਂ ਹੋ ਸਕਦੀ। ਜਿਥੋਂ ਤੱਕ 'ਅਜੀਤ' ਦੇ ਸੰਪਾਦਕ ਦੇ ਰਾਜ ਸਭਾ ਦੀ ਮੈਂਬਰੀ ਹਾਸਲ ਕਰਨ ਦਾ ਸੰਬੰਧ ਹੈ, ਇਸ ਬਾਰੇ ਅਸੀਂ ਇਕ ਵਾਰ ਫਿਰ ਸਪੱਸ਼ਟ ਕਰ ਦੇਣਾ ਚਾਹੁੰਦੇ ਹਾਂ ਕਿ ਅਸੀਂ ਕਦੀ ਵੀ ਕਿਸੇ ਅਹੁਦੇ ਦੀ ਮੰਗ ਨਹੀਂ ਕੀਤੀ। ਇਸ ਲਈ ਸ਼੍ਰੋਮਣੀ ਅਕਾਲੀ ਦਲ ਵਲੋਂ ਪੰਥ ਅਤੇ ਪੰਜਾਬ ਲਈ 'ਅਜੀਤ' ਦੀਆਂ ਲੰਬੇ ਸਮੇਂ ਦੀਆਂ ਸੇਵਾਵਾਂ ਨੂੰ ਮੁੱਖ ਰਖਦਿਆਂ ਸਾਨੂੰ ਵਾਰ-ਵਾਰ ਪ੍ਰੇਰਿਆ ਗਿਆ ਅਤੇ ਪੂਰੇ ਜੋਰ ਨਾਲ ਸਾਨੂੰ ਮਨਾਇਆ ਗਿਆ।

ਜਿਥੋਂ ਤੱਕ ਅਨੰਦਪੁਰ ਸਾਹਿਬ ਦੇ ਟਰੱਸਟ ਦੀ ਚੇਅਰਮੈਨੀ ਹਾਸਲ ਕਰਨ ਦਾ ਸਵਾਲ ਹੈ, ਇਹ ਜਿੰਮੇਵਾਰੀ ਵੀ ਸਾਨੂੰ ਬਹੁਤ ਜੋਰ ਪਾ ਕੇ ਸੌਂਪੀ ਗਈ। ਬੜੀ ਲੰਬੀ ਅਤੇ ਵੱਡੀ ਹਿਚਕਚਾਹਟ ਤੋਂ ਬਾਅਦ ਕਬੂਲ ਕੀਤੇ ਇਨ੍ਹਾਂ ਅਹੁਦਿਆਂ ਰਾਹੀਂ ਜੇਕਰ ਅਸੀਂ ਥੋੜੀ ਬਹੁਤ ਆਪਣੀ ਕੌਮ ਦੀ ਸੇਵਾ ਕਰਨ ਦੇ ਸਮਰੱਥ ਹੋ ਸਕੇ ਹਾਂ ਤਾਂ ਸਾਨੂੰ ਇਸ ਨਾਲ ਸੰਤੁਸ਼ਟੀ ਅਤੇ ਖੁਸ਼ੀ ਹੋਵੇਗੀ। ਅਸੀਂ ਭਾਈ ਰਣਜੀਤ ਸਿੰਘ ਨੂੰ ਇਹ ਜਰੂਰ ਦੱਸਣਾ ਚਾਹੁੰਦੇ ਹਾਂ ਕਿ ਅਸੀਂ ਇਹ ਸੇਵਾਵਾਂ ਆਪਣੀ ਸਮਰੱਥਾ ਅਨਸੁਾਰ ਤਿਲ-ਫੁੱਲ ਅਰਪਣ ਕਰ ਸਕਣ ਦੀ ਭਾਵਨਾ ਨਾਲ ਸਵੀਕਾਰ ਕੀਤੀਆਂ ਹਨ। ਇਹ ਅਸੀਂ ਵਿਦੇਸ਼ਾਂ ਦੀਆਂ ਸੰਗਤਾਂ ਦੇ ਨਾਂ 'ਤੇ 'ਫੋਰਡ' ਕਾਰਾਂ ਅਤੇ ਹੋਰ 'ਬਹੁਤ ਕੁੱਝ' ਪ੍ਰਾਪਤ ਕਰਨ ਦੀ ਨੀਅਤ ਨਾਲ ਨਹੀਂ ਲਈਆਂ। ਸਾਡੀ ਇਹ ਅਰਦਾਸ ਹੈ ਕਿ ਭਵਿੱਖ ਵਿਚ ਵੀ ਸਾਡੀ ਭਾਵਨਾ ਅਤੇ ਨੀਅਤ ਅਜਿਹੀ ਹੀ ਬਣੀ ਰਹੇ। ਭਾਈ ਰਣਜੀਤ ਸਿੰਘ ਨੇ 'ਅਜੀਤ' ਨੂੰ ਪੰਥ ਅਤੇ ਪੰਜਾਬ ਵਿਰੋਧੀ ਅਖਬਾਰ ਦੱਸਿਆ ਅਤੇ ਕਿਹਾ ਹੈ ਕਿ ਉਹ ਪੈਸੇ ਦੇ ਲਾਲਚ-ਵੱਸ ਆਪਣੀਆਂ ਨੀਤੀਆਂ ਬਣਾਉਂਦਾ ਹੈ। 'ਅਜੀਤ' ਦੀ ਨੀਤੀ ਅਤੇ ਇਸ ਦੇ ਹੁਣ ਤੱਕ ਦੇ ਅਮਲ ਸਾਰੇ ਸਮਾਜ ਦੇ ਸਾਹਮਣੇ ਖੁੱਲੀ ਕਿਤਾਬ ਵਾਂਗ ਹਨ।

ਸਾਨੂੰ ਖੁਸ਼ੀ ਹੈ ਕਿ ਪੰਜਾਬ ਦੀ ਜਨਤਾ ਨੇ 'ਅਜੀਤ' ਵੱਲੋਂ ਦਹਾਕਿਆਂ ਤੋਂ ਕਮਾਏ ਵਿਸ਼ਵਾਸ ਕਰਕੇ ਨਾ ਸਿਰਫ ਹਰ ਮਰਹਲੇ 'ਤੇ ਇਸ ਦਾ ਭਰਵਾਂ ਸਾਥ ਦਿੱਤਾ ਹੈ ਸਗੋਂ ਉਹ 'ਅਜੀਤ' ਨੂੰ ਪੰਜਾਬ ਦੀ ਅਵਾਜ ਸਮਝਦੇ ਹੋਏ ਹਰ ਔਖੇ ਵੇਲੇ ਚੱਟਾਨ ਦੀ ਤਰ੍ਹਾਂ ਇਸ ਨਾਲ ਆਣ ਖੜ੍ਹੇ ਹੋਏ ਹਨ। ਇਸ ਨੂੰ ਇੰਨਾ ਵੱਡਾ ਹੁੰਗਾਰਾ ਅਤੇ ਪਿਆਰ ਮਿਲਣ ਦਾ ਕਾਰਨ 'ਅਜੀਤ' ਵਲੋਂ ਕੀਤੀ ਗਈ ਲੋਕ ਭਾਵਨਾਵਾਂ ਦੀ ਤਰਜਮਾਨੀ ਤੇ ਨਿਰੰਤਰ ਆਪਣੇ ਲੋਕਾਂ ਦੀ ਸੇਵਾ ਹੀ ਕਿਹਾ ਜਾ ਸਕਦਾ ਹੈ। ਅਸੀਂ ਬੜੀ ਨਿਮਰਤਾ ਨਾਲ ਸਿੰਘ ਸਾਹਿਬ ਨੂੰ ਇਹ ਬੇਨਤੀ ਕਰਾਂਗੇ ਕਿ 'ਅਜੀਤ' ਦੇ ਪੰਥ-ਪ੍ਰਸਤ ਜਾਂ ਪੰਜਾਬ-ਪ੍ਰਸਤ ਹੋਣ ਸਬੰਧੀ ਸਾਨੂੰ ਕਿਸੇ ਸਰਟੀਫਿਕੇਟ ਲੈਣ ਦੀ ਜਰੂਰਤ ਨਹੀਂ ਹੈ।

ਭਾਈ ਰਣਜੀਤ ਸਿੰਘ ਨੇ ਕਈ ਵਾਰ ਇਹ ਧਮਕੀ ਦਿੱਤੀ ਹੈ ਕਿ ਵਕਤ ਆਉਣ 'ਤੇ ਉਹ 'ਅਜੀਤ' ਬਾਰੇ ਕਾਰਵਾਈ ਜਰੂਰ ਕਰਨਗੇ। ਇਸ ਸਬੰਧੀ ਅਸੀਂ ਉਨ੍ਹਾਂ ਨੂੰ ਇਹ ਜਰੂਰ ਦੱਸ ਦੇਣਾ ਚਾਹੁੰਦੇ ਹਾਂ ਕਿ 'ਅਜੀਤ' ਨੇ ਹਮੇਸ਼ਾਂ ਆਪਣੇ ਸਿਧਾਂਤਾ 'ਤੇ ਪਹਿਰਾ ਦਿੰਦੇ ਹੋਏ ਸਚਾਈ 'ਤੇ ਖੜ੍ਹੇ ਹੋਣ ਦਾ ਯਤਨ ਕੀਤਾ ਹੈ। ਉਸ ਨੇ ਕਦੇ ਵੀ ਕਿਸੇ ਤਰ੍ਹਾਂ ਦੀਆਂ ਧਮਕੀਆਂ ਅਤੇ ਉਨ੍ਹਾਂ ਤੋਂ ਨਿਕਲਣ ਵਾਲੇ ਨਤੀਜਿਆਂ ਦੀ ਪ੍ਰਵਾਹ ਨਹੀਂ ਕੀਤੀ। ਅਜਿਹਾ ਹੀ ਹੁਣ ਤੱਕ ਦਾ ਇਸ ਦਾ ਇਤਿਹਾਸ ਰਿਹਾ ਹੈ। ਹੁਣ ਵੀ ਅਸੀਂ ਇਹ ਦਾਅਵਾ ਅਤੇ ਵਾਅਦਾ ਜਰੂਰ ਕਰਨਾ ਚਾਹਾਂਗੇ ਕਿ 'ਅਜੀਤ' ਭਵਿੱਖ ਵਿਚ ਵੀ ਉਨ੍ਹਾਂ ਨੀਤੀਆਂ ਅਤੇ

ਐਲਾਨਾਂ ਦਾ ਡੱਟ ਕੇ ਵਿਰੋਧ ਕਰੇਗਾ ਜਿਨ੍ਹਾਂ ਦਾ ਕੌਮ ਲਈ ਅਤੇ ਸਮਾਜ ਲਈ ਨੁਕਸਾਨਦੇਹ ਹੋਣ ਦਾ ਖਦਸ਼ਾ ਹੋਵੇਗਾ। ਇਹੀ ਸਾਡੀ ਆਪਣੇ ਸਮਾਜ ਨਾਲ ਪ੍ਰਤੀਬੱਧਤਾ ਰਹੀ ਹੈ ਅਤੇ ਆਉਣ ਵਾਲੇ ਸਮੇਂ ਵਿਚ ਹੀ ਇਹੀ ਪ੍ਰਤੀਬਧਤਾ ਬਣੀ ਰਹੇ, ਇਹੀ ਸਾਡੀ ਸਭ ਤੋਂ ਵੱਡੀ ਇੱਛਾ ਹੋਵੇਗੀ।

*ਬਰਜਿੰਦਰ ਸਿੰਘ ਹਮਦਰਦ*

*(ਪਹਿਲੇ ਸਫੇ 'ਤੇ ਛਪੀ ਰੋਜ਼ਾਨਾ 'ਅਜੀਤ' ਦੀ ਸੰਪਾਦਕੀ)*

***

**4 ਸਤੰਬਰ 1998**

ਪਿਛਲੇ ਕੁੱਝ ਸਮੇਂ ਤੋਂ ਰੋਜ਼ਾਨਾ ਅਜੀਤ ਦੇ ਸੰਪਾਦਕ ਕਾਮਰੇਡ ਬਰਜਿੰਦਰ ਸਿੰਘ ਹਮਦਰਦ ਵਲੋਂ ਮੀਰੀ ਪੀਰੀ ਦੇ ਮਾਲਕ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਵੱਲੋਂ ਸਥਾਪਤ ਸਿੱਖ ਪੰਥ ਦੇ ਸਰਵੋਤਮ ਪਾਵਨ ਅਸਥਾਨ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਇਸਦੇ ਜਥੇਦਾਰ ਵਿਰੁੱਧ ਇਕ ਸੋਚੀ ਸਮਝੀ ਤੇ ਡੂੰਘੀ ਸਾਜਿਸ਼ ਅਧੀਨ, ਕੂੜ ਕੁਫਰ ਦਾ ਭੰਡੀ ਪ੍ਰਚਾਰ ਕੀਤਾ ਜਾ ਰਿਹਾ ਹੈ, ਸੰਗਤਾਂ ਨੂੰ ਗੁੰਮਰਾਹ ਕਰਨ ਲਈ ਕਈ ਭੁਲੇਖੇ ਪਾਉਣ ਦੇ ਯਤਨ ਕੀਤੇ ਜਾ ਰਹੇ ਹਨ।

ਅਖੌਤੀ 'ਪੰਜਾਬ ਦੀ ਅਵਾਜ' ਦਾ ਦਾਅਵਾ ਕਰਨ ਵਾਲੇ ਅਖਬਾਰ ਦੇ ਇਹ ਸੰਪਾਦਕ ਕਾਮਰੇਡ ਬਰਜਿੰਦਰ ਸਿੰਘ "ਅੰਧੇ ਦਾ ਨਾਉ ਪਾਰਖੂ, ਮੂਰਖਿ ਪੰਡਤੁ ਨਾਉ"॥

ਦੇ ਮਹਾਂਵਾਕ ਅਨੁਸਾਰ ਆਪਣੇ ਆਪ ਨੂੰ ਉਚਕੋਟੀ ਦੇ ਵਿਦਵਾਨ ਹੋਣ ਦੇ ਭਰਮ ਵਿਚ ਇਕ ਧਿਰ ਬਣ ਕੇ ਆਪਣੇ ਪਾਠਕਾਂ ਨੂੰ ਗੁੰਮਰਾਹ ਕਰ ਰਿਹਾ ਹੈ।

ਰੋਜ਼ਾਨਾ ਅਜੀਤ ਨੇ ਜਿਥੇ ਪਾਵਨ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਜਥੇਦਾਰ ਦੀ ਪੱਦਵੀ ਵਿਰੁੱਧ ਕੂੜ ਅਤੇ ਕੁਫਰ ਦਾ ਕੋਝਾ ਪ੍ਰਚਾਰ ਸ਼ੁਰੂ ਕੀਤਾ ਹੋਇਆ ਹੈ ਉਥੇ ਸੰਗਤਾਂ ਵਿਚ ਭੁਲੇਖੇ ਪਾਉਣ ਲਈ ਮੇਰੇ ਬਿਆਨ ਤੋੜ-ਮਰੋੜ ਕੇ ਛਾਪੇ ਹਨ। ਮਿਸਾਲ ਵਜੋਂ 30 ਅਗਸਤ (1998) ਦੇ ਅਜੀਤ ਵਿਚ ਮੇਰੇ ਬਿਆਨ ਨੂੰ ਸਿੱਖਾਂ ਅਤੇ ਇਸਾਈ ਭਾਈਚਾਰੇ, ਜੋ ਬੜੀ ਸਦਭਾਵਨਾ ਨਾਲ ਰਹਿ ਰਹੇ ਹਨ, ਵਿਚ ਫੁੱਟ ਪਾਉਣ ਲਈ ਤੋੜ-ਮਰੋੜ ਕੇ ਛਾਪਿਆ ਗਿਆ ਹੈ।

ਮੈਂ ਸਮੂਹ ਪੰਜਾਬੀਆਂ (ਹਿੰਦੂ-ਸਿੱਖ-ਮੁਸਲਮਾਨ-ਈਸਾਈ) ਭਾਈਚਾਰੇ ਨੂੰ ਅਪੀਲ ਕਰਦਾ ਹਾਂ ਕਿ ਉਹ ਆਪਣੀ ਸਦੀਆਂ ਪੁਰਾਣੀ ਏਕਤਾ ਅਤੇ ਪਿਆਰ ਬਣਾਈ ਰੱਖਣ ਅਤੇ ਅਜੀਤ ਅਖਬਾਰ ਵਿਚ ਮੇਰੇ ਸਬੰਧੀ ਛਪੀ ਕਿਸੇ ਵੀ ਖਬਰ 'ਤੇ ਵਿਸ਼ਵਾਸ ਨਾ ਕਰਨ ਕਿਉਂਕਿ ਕਾਮਰੇਡ ਬਰਜਿੰਦਰ ਸਿੰਘ ਪਿਛਲੇ ਡੇਢ ਸਾਲ ਤੋਂ ਮੇਰਾ ਅਕਸ ਵਿਗਾੜਨ ਲਈ ਨੀਵੀਂ ਪੱਧਰ 'ਤੇ ਉਤਰ ਆਇਆ ਹੈ। ਮੈਂ ਅਜੀਤ ਅਖਬਾਰ ਵਿਚ ਆਪਣੇ ਸਬੰਧੀ ਛਪੀ ਕਿਸੇ ਵੀ ਖਬਰ ਲਈ ਜੁਆਬਦੇਹ ਨਹੀਂ ਹੋਵਾਂਗਾ।

ਗੁਰੂ ਪੰਥ ਦਾ ਦਾਸ

*ਰਣਜੀਤ ਸਿੰਘ*

ਜਥੇਦਾਰ, ਸ੍ਰੀ ਅਕਾਲ ਤਖ਼ਤ, ਸ੍ਰੀ ਅੰਮ੍ਰਿਤਸਰ

***

## 'ਅਡੰਬਰੀ ਅਵਤਾਰ' ਨਾਮੀ ਕਿਤਾਬ ਦਸਮ ਪਿਤਾ ਤੇ ਸਿੱਖ ਇਤਿਹਾਸ ਖਿਲਾਫ ਨੀਚਤਾ ਦੀ ਸਿਖਰ

• ਜਲੰਧਰ, 28 ਦਸੰਬਰ (ਮੇਜਰ ਸਿੰਘ)-ਮੁੰਬਈ ਦੇ ਇਕ ਹਰਿੰਦਰ ਸਿੰਘ ਨਾਮੀ ਵਿਅਕਤੀ ਵੱਲੋਂ ਅੰਗਰੇਜ਼ੀ ਭਾਸ਼ਾ 'ਚ ਛਾਪੀ 140 ਸਫਿਆਂ ਦੀ 'ਵੈਨਿਟੀ ਇਨ ਕਾਰਨੇਟ' (ਪੰਜਾਬੀ ਅਨੁਵਾਦ 'ਅਡੰਬਰੀ ਅਵਤਾਰ') ਨਾਂਅ ਦੀ ਪੁਸਤਕ ਵਿਚ ਸਿੱਖ ਗੁਰੂ ਸਾਹਿਬਾਨ, ਸਾਹਿਬਜ਼ਾਦਿਆਂ, ਮਾਤਾ ਗੁਜਰੀ ਜੀ ਸਮੇਤ ਅਨੇਕ ਹੋਰ ਸਿੱਖ ਹਸਤੀਆਂ ਤੇ ਨੇਤਾਵਾਂ ਬਾਰੇ ਬੇਹੱਦ ਇਤਰਾਜ਼ਯੋਗ ਹੀ ਨਹੀਂ, ਸਗੋਂ ਚਰਿਤਰਘਾਤ ਕਰਨ ਵਾਲੀਆਂ ਗੱਲਾਂ ਲਿਖੀਆਂ ਹਨ ਤੇ ਖਾਲਸਾ ਸਾਜਨਾ ਦੇ 300 ਵਰ੍ਹੇ ਮੌਕੇ ਛਾਪੀ ਗਈ ਇਸ ਬੇਹੱਦ ਭੜਕਾਊ ਕਿਤਾਬ ਵਿਚ ਸਾਰੇ ਸਿੱਖ ਇਤਿਹਾਸ ਨੂੰ 'ਨਾਵਲ' ਦਾ ਨਾਂਅ ਦੇ ਕੇ ਕਲੰਕਤ ਕਰਨ ਦਾ ਯਤਨ ਕੀਤਾ ਗਿਆ ਹੈ।

ਪੰਜਾਬ ਸਰਕਾਰ ਨੇ ਪਿਛਲੇ ਦਿਨੀਂ ਇਸ ਕਿਤਾਬ ਉੱਪਰ ਪਾਬੰਦੀ ਲਗਾ ਦਿੱਤੀ ਹੈ ਤੇ ਇਸ ਦੇ ਲੇਖਕ ਹਰਿੰਦਰ ਸਿੰਘ ਅਤੇ ਪ੍ਰਕਾਸ਼ਕ ਉਸ ਦੀ ਪਤਨੀ ਅਮਨਪ੍ਰੀਤ ਵਿਰੁੱਧ ਕੇਸ ਦਰਜ ਕਰਕੇ ਜੇਲ੍ਹ ਭੇਜ ਦਿੱਤਾ ਹੈ। ਹਰਿੰਦਰ ਸਿੰਘ ਇੰਡੀਅਨ ਐਕਸਪ੍ਰੈਸ ਦੇ ਚੰਡੀਗੜ੍ਹ ਵਿਚ ਵਪਾਰ ਦੇ ਵਿਸ਼ੇਸ਼ ਪੱਤਰਕਾਰ ਵਜੋਂ ਕੰਮ ਕਰ ਰਹੇ ਹਨ। ਹਰਿੰਦਰ ਸਿੰਘ ਅਜੇ ਜੇਲ੍ਹ ਵਿਚ ਹੈ, ਪਰ ਦੱਸਿਆ ਜਾਂਦਾ ਹੈ ਕਿ ਉਸ ਦੀ ਪਤਨੀ ਜ਼ਮਾਨਤ ਉੱਪਰ ਰਿਹਾਅ ਹੋ ਗਈ ਹੈ। ਚੰਡੀਗੜ੍ਹ ਦੀ ਸਤਿਆਦੀਪ ਆਫਸੈੱਟ ਪ੍ਰਿੰਟਰ 292 ਇੰਡਸਟਰੀਅਲ ਏਰੀਆ ਫੇਜ਼-99 ਤੋਂ ਛਾਪੀ ਇਹ ਪੁਸਤਕ 2774 ਪਹਿਲੀ ਮੰਜ਼ਿਲ ਫੇਜ਼ 7, ਮੁਹਾਲੀ ਦੇ ਪਤੇ 'ਤੇ ਜਾਰੀ ਕੀਤੀ ਗਈ ਹੈ।

'ਅਡੰਬਰੀ ਅਵਤਾਰ' ਨਾਂਅ ਦੀ ਇਸ ਕਿਤਾਬ ਵਿਚ ਮਾਤਾ ਗੁਜਰੀ ਜੀ ਨੂੰ........

.....................................................................................................

...................................................................................................

(ਅੱਗੇ ਉਹ ਗੰਦ ਹੈ ਜਿਸ ਨੂੰ ਨਾ ਕਲਮ ਲਿਖ ਸਕਦੀ ਹੈ, ਨਾ ਕੋਈ ਅੱਖ ਪੜ੍ਹ ਸਕਦੀ ਹੈ ਤੇ ਨਾ ਕੰਨ ਸੁਣ ਸਕਦੇ ਹਨ। ਗੰਦੇ ਤੋਂ ਗੰਦਾ ਗੰਦ ਹੀ ਅੱਗੇ ਲਿਖਿਆ ਹੋਇਆ ਹੈ ਪਰ ਸਦਕੇ ਜਾਈਏ ਸਿੱਖ ਅਖਬਾਰ ਅਖਵਾਉਣ ਵਾਲੇ ਨੇ ਉਹ ਗੰਦ ਇੰਨ-ਬਿੰਨ ਛਾਪ ਦਿੱਤਾ।)

ਇਸੇ ਤਰ੍ਹਾਂ ਗੁਰੂ ਗੋਬਿੰਦ ਸਿੰਘ ਅਤੇ ਚਾਰੇ ਸਾਹਿਬਜ਼ਾਦਿਆਂ ਨੂੰ ...............

.....................................................................................................

.....................................................................................................

.................................................................................................

(ਲੇਖਕ ਨੇ ਗੁਰੂ ਸਾਹਿਬਾਨ, ਸਾਹਿਬਜਾਦਿਆਂ ਅਤੇ ਮਾਤਾ ਗੁਜਰੀ ਜੀ ਬਾਰੇ ਅਸ਼ਲੀਲਤਾ ਦੀਆਂ ਸਭ ਹੱਦਾਂ ਬੰਨੇ ਟੱਪ ਦਿੱਤੇ ਹਨ।)

ਖਾਲਸੇ ਦੀ ਸਾਜਨਾ ਦੇ ਅਲੌਕਿਕ ਕ੍ਰਿਸ਼ਮੇ ਨੂੰ ਲੇਖਕ ਨੇ ਕਾਮਵਾਸਨਾ ਦੀ ਪੂਰਤੀ 'ਚੋਂ ਉਪਜੇ ਸੰਕਲਪ ਵਜੋਂ ਪੇਸ਼ ਕਰਨ ਦਾ ਅਤੀ ਘਟੀਆ ਕਾਰਨਾਮਾ ਕੀਤਾ ਹੈ। ਲੇਖਕ ਨੇ ਤਖਤਾਂ ਦੇ ਜਥੇਦਾਰਾਂ ਤੇ ਅਕਾਲੀ ਨੇਤਾਵਾਂ ਦੇ ਫਰਜ਼ੀ ਨਾਂਅ ਵੀ ਬੇਹੱਦ ਅਪਮਾਨਜਨਕ

ਢੰਗ ਦੇ ਰੱਖੇ ਹਨ ਤੇ ਫਿਰ ਉਨ੍ਹਾਂ ਦੁਆਲੇ ਮਨਘੜਤ ਕਹਾਣੀਆਂ ਬਣਾਈਆਂ ਗਈਆਂ ਹਨ। ਇਸ ਕਿਤਾਬ ਨੇ ਸਿੱਖ ਭਾਈਚਾਰੇ ਦੇ ਮਨਾਂ ਨੂੰ ਡੂੰਘੀ ਠੇਸ ਪਹੁੰਚਾਈ ਹੈ ਤੇ ਲੇਖਕ ਨੇ ਬਿਮਾਰ ਮਾਨਸਿਕਤਾ ਦਾ ਪ੍ਰਗਟਾਵਾ ਕਰਦਿਆਂ ਬੇਸਿਰ ਪੈਰ ਗੱਲਾਂ ਕਰਕੇ ਸਿੱਖ ਇਤਿਹਾਸ ਨੂੰ ਕਲੰਕਤ ਕਰਨ ਦਾ ਯਤਨ ਕੀਤਾ ਹੈ।

*(29 ਦਸੰਬਰ 1998 ਦੀ ਰੋਜ਼ਾਨਾ 'ਅਜੀਤ' 'ਚੋਂ)*

***

## ਹਮਿਲਟਨ ਤੋਂ ਗੁਰਦੁਆਰਾ ਬਾਬਾ ਬੁੱਢਾ ਜੀ ਦੇ ਪ੍ਰਧਾਨ ਦੀ ਚਿੱਠੀ

*19 ਜਨਵਰੀ 1999*

ਸਿੰਘ ਸਾਹਿਬ ਭਾਈ ਰਣਜੀਤ ਸਿੰਘ ਜੀ
ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ,
ਅੰਮ੍ਰਿਤਸਰ, ਪੰਜਾਬ।
ਵਿਸ਼ਾ: ਪੰਥਕ ਜਥੇਬੰਦੀਆਂ ਦੀ 2 ਫਰਵਰੀ 1999 ਦੀ ਮੀਟਿੰਗ ਬਾਰੇ।
ਸਤਿਕਾਰਯੋਗ ਸਿੰਘ ਸਾਹਿਬ ਜੀ,
ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਹਿ॥

ਆਪ ਜੀ ਨੇ ਜੋ ਪੰਥਕ ਜਥੇਬੰਦੀਆਂ ਦੀ ਮੀਟਿੰਗ 2 ਫਰਵਰੀ 1999 ਨੂੰ ਬੁਲਾਈ ਹੈ, ਸਾਡਾ ਉਸ ਵਿਚ ਸਮੇਂ ਦੀ ਘਾਟ ਕਰਕੇ ਜਿਸਮਾਨੀ ਤੌਰ 'ਤੇ ਸ਼ਾਮਲ ਹੋਣਾ ਬਹੁਤ ਮੁਸ਼ਕਿਲ ਹੈ। ਪਿਛਲੇ ਸਮੇਂ ਵਿਚ ਆਪ ਜੀ ਵਲੋਂ ਲਏ ਗਏ ਸ਼ਲਾਘਾਯੋਗ ਫੈਸਲਿਆਂ ਤੋਂ ਪ੍ਰਭਾਵਤ ਹੋ ਕੇ ਉਸ ਸੰਮੇਲਨ ਵਿਚ ਆਪਣੀ ਰਾਇ ਦੇਣ ਦਾ ਸਾਰਾ ਅਧਿਕਾਰ ਆਪ ਜੀ ਨੂੰ ਦੇ ਰਹੇ ਹਾਂ। ਜੋ ਵੀ ਫੈਸਲੇ ਆਪ ਜੀ ਲਵੋਗੇ ਉਨ੍ਹਾਂ ਉੱਪਰ ਫੁੱਲ ਚੜ੍ਹਾਵਾਂਗੇ। ਤੁਹਾਡੇ ਹਰ ਇਕ ਫੈਸਲੇ ਤੋਂ ਸੰਸਾਰ ਦੇ ਸਿੱਖ ਪ੍ਰਭਾਵਤ ਹੁੰਦੇ ਹਨ। ਤੁਸੀਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧਿਕਾਰ ਖੇਤਰ (ਪੰਜਾਬ) ਦੇ ਹੀ ਜਥੇਦਾਰ ਨਹੀਂ ਹੋ, ਸਗੋਂ ਸਾਰੇ ਸੰਸਾਰ ਦੇ ਸਿੱਖਾਂ ਦੇ ਸਰਬ-ਉੱਚ ਧਾਰਮਕ ਨੇਤਾ ਹੋ। ਤੁਸੀਂ ਕਿਸੇ ਵੀ ਇਕ ਜਥੇਬੰਦੀ ਦੇ ਫੈਸਲੇ ਦੇ ਪਾਬੰਦ ਨਹੀਂ ਹੋ ਸਗੋਂ ਸਾਰੇ ਸੰਸਾਰ ਦੀਆਂ ਧਾਰਮਕ ਸੰਸਥਾਵਾਂ ਦਾ ਤੁਹਾਡੇ ਉੱਪਰ ਹੱਕ ਹੈ। ਜਿਵੇਂ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ, ਗੁਰਦੁਆਰਾ ਪ੍ਰਬੰਧਕ ਕਮੇਟੀ ਦਿੱਲੀ, ਬੰਬਈ, ਕਲਕੱਤਾ, ਇੰਗਲੈਂਡ, ਅਮਰੀਕਾ, ਕਨੇਡਾ ਦੇ ਸਾਰੇ ਸੂਬੇ, ਜਰਮਨੀ, ਹਾਲੈਂਡ, ਸਿੰਘਾਪੁਰ, ਮਲੇਸ਼ੀਆ, ਨਾਰਵੇ ਅਤੇ ਹੋਰ ਬਹੁਤ ਸਾਰੇ ਦੇਸ਼। ਕਨੇਡਾ ਦੇ ਉਨਟਾਰੀਓ ਸੂਬੇ ਦੇ ਸਾਰੇ ਗੁਰਦੁਆਰਿਆਂ ਵੱਲੋਂ ਮਿਲ ਕੇ ਬਣਾਈ ਕਮੇਟੀ ਦੇ ਪ੍ਰਧਾਨ ਸ: ਹਰਭਜਨ ਸਿੰਘ ਪੰਡੋਰੀ ਵੀ ਸਭ ਗੁਰਦੁਆਰਿਆਂ ਵਲੋਂ ਇਕ ਖਤ ਤੁਹਾਨੂੰ ਲਿਖ ਰਹੇ ਹਨ।

ਸਾਡੇ ਵਲੋਂ ਆਪ ਜੀ ਨੇ ਹੇਠ ਲਿਖੇ ਮੁੱਦਿਆਂ ਉੱਪਰ ਵਿਚਾਰ ਕਰਨੀ ਜੀ।

1. ਕੀ ਹੁਣ ਕਿਤਾਬ "ਅਡੰਬਰੀ ਅਵਤਾਰ" ਉੱਪਰ ਪਾਬੰਦੀ ਲਾਉਣ ਦਾ ਕੋਈ ਫਾਇਦਾ ਹੈ ਜਦੋਂ ਕਿ ਪਾਬੰਦੀ ਦਾ ਮਤਲਬ ਸਿਰਫ ਏਨਾ ਹੀ ਸੀ ਕਿ ਇਸ ਕਿਤਾਬ ਵਿਚ ਲਿਖਿਆ ਹੋਇਆ ਗੰਦ ਲੋਕ ਨਾ ਪੜ੍ਹਨ ਪਰ "ਅਜੀਤ" ਨੇ ਇਹ ਗੰਦ ਸਭ ਲੋਕਾਂ ਨੂੰ ਪੜ੍ਹਾ ਦਿੱਤਾ ਹੈ।

2. ਕੀ ਕਿਸੇ ਤਖ਼ਤ ਦੇ ਜਥੇਦਾਰ ਸਾਹਿਬ ਨੂੰ ਇਹ ਹੱਕ ਹੈ ਕਿ ਉਹ ਕਿਸੇ ਅਜਿਹੇ

ਵਿਅਕਤੀ ਨੂੰ ਸਿਰੋਪਾ ਦੇਵੇ ਜੋ ਅਕਾਲ ਤਖ਼ਤ ਸਾਹਿਬ ਵਲੋਂ ਪੰਥ ਵਿਚੋਂ ਛੇਕਿਆ ਗਿਆ ਹੋਵੇ। ਇਹ ਕੁਕਰਮ ਭਾਈ ਮਨਜੀਤ ਸਿੰਘ ਜਥੇਦਾਰ ਕੇਸਗੜ੍ਹ ਸਾਹਿਬ ਨੇ ਕੀਤਾ ਹੈ।

ਅਕਾਲ ਤਖ਼ਤ ਸਾਹਿਬ ਨੂੰ ਹਮੇਸ਼ਾ ਚੜ੍ਹਦੀਆਂਕਲਾਂ ਵਿਚ ਵੇਖਣ ਦਾ ਚਾਹਵਾਨ

ਸੰਗਤਾਂ ਦਾ ਦਾਸ

*ਸੰਤ ਸਿੰਘ,*

ਪ੍ਰਧਾਨ, ਗੁਰਦੁਆਰਾ ਬਾਬਾ ਬੁੱਢਾ ਜੀ, ਹਮਿਲਟਨ,

ਉਨਟਾਰੀਓ, ਕਨੇਡਾ।

***

## ਸਿੱਖ ਵਕੀਲਾਂ ਦੀ ਸਿੰਘ ਸਾਹਿਬ ਦੇ ਨਾਂ ਚਿੱਠੀ

ਪਰਮ ਸਤਿਕਾਰਯੋਗ ਸਿੰਘ ਸਾਹਿਬ ਜੀ,

ਵਾਹਿਗੁਰੂ ਜੀ ਕਾ ਖਾਲਸਾ।

ਵਾਹਿਗੁਰੂ ਜੀ ਕੀ ਫਤਹਿ॥

ਬੇਨਤੀ ਹੈ ਕਿ ਅਸੀਂ ਆਪ ਜੀ ਦਾ ਧਿਆਨ ਰੋਜ਼ਾਨਾ ਅਜੀਤ ਅਖਬਾਰ ਦੇ 29 ਦਸੰਬਰ ਦੇ ਅੰਕ ਵੱਲ ਦਿਵਾਉਣਾ ਚਾਹੁੰਦੇ ਹਾਂ।

'ਅਡੰਬਰੀ ਅਵਤਾਰ' ਕਿਤਾਬ ਨੂੰ ਅਤਿ ਇਤਰਾਜ਼ਯੋਗ ਹੋਣ ਕਰਕੇ ਪੰਜਾਬ ਸਰਕਾਰ ਨੇ ਇਸ 'ਤੇ ਪਾਬੰਦੀ ਲਾਈ ਸੀ ਅਤੇ ਲੇਖਕ ਨੂੰ ਗ੍ਰਿਫਤਾਰ ਕੀਤਾ ਗਿਆ ਸੀ।

ਪੰਥ ਦੀ ਅਖਬਾਰ ਅਖਵਾਉਣ ਵਾਲੀ ਅਖਬਾਰ ਨੇ ਕਿਤਾਬ ਦੇ ਇਤਰਾਜ਼ਯੋਗ ਅੰਸ਼, ਜੋ ਮਾਤਾ ਜੀ ਅਤੇ ਸਾਹਿਬਜ਼ਾਦਿਆਂ ਬਾਰੇ ਹਨ, ਲਿਖ ਕੇ ਅਸਿੱਧੇ ਤੌਰ 'ਤੇ ਇਤਰਾਜ਼ਯੋਗ ਕਿਤਾਬ ਦੇ ਸੰਪਾਦਕ ਦਾ ਸਾਥ ਦਿੱਤਾ ਹੈ ਅਤੇ ਕੌਮ ਦੀਆਂ ਭਾਵਨਾਵਾਂ ਨੂੰ ਸੇਕ ਪਹੁੰਚਾਇਆ ਹੈ। ਇਸ ਅਖਬਾਰ ਦੇ ਖਿਲਾਫ ਕਾਰਵਾਈ ਕਰਨੀ ਚਾਹੀਦੀ ਹੈ। ਪਹਿਲਾਂ ਵੀ ਕਾਫੀ ਕੁਝ ਸਿੱਖ ਕੌਮ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲਾ ਇਸ ਅਖਬਾਰ ਦੇ ਸੰਪਾਦਕ ਨੇ ਲਿਖਿਆ ਹੈ।

ਆਪ ਜੀ ਦੇ ਦਾਸ

ਬਾਵਾ ਜੋਗਿੰਦਰ ਸਿੰਘ,

ਪ੍ਰਧਾਨ, ਬਾਰ ਐਸੋਸੀਏਸ਼ਨ, ਤਰਨਤਾਰਨ।

ਗੁਰਦਿਆਲ ਸਿੰਘ ਐਡਵੋਕੇਟ, ਤਰਨਤਾਰਨ।

***

***25 ਜਨਵਰੀ 1999***

## ਗੁਰਮਤਾ

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਹਿ॥

ਸਰਦਾਰ ਬਰਜਿੰਦਰ ਸਿੰਘ ਹਮਦਰਦ,

29 ਦਸੰਬਰ 1998 ਦੇ ਰੋਜ਼ਾਨਾ ਅਜੀਤ ਵਿਚ ਛਪੀ ਅਡੰਬਰੀ ਅਵਤਾਰ ਨਾਮੀ ਪੁਸਤਕ ਦੇ ਅੰਸ਼ ਛਾਪਣ ਸਬੰਧੀ ਤੁਹਾਡੇ ਖਿਲਾਫ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਕਈ ਸ਼ਿਕਾਇਤਾਂ ਪੁੱਜੀਆਂ ਹਨ। ਤੁਸੀਂ ਰਿਪੋਰਟ ਤਿਆਰ ਕਰਨ ਵਾਲੇ ਪੱਤਰਕਾਰ ਮੇਜਰ ਸਿੰਘ ਨੂੰ

ਨਾਲ ਲੈ ਕੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਮਿਤੀ 11 ਫਰਵਰੀ 1999 ਨੂੰ 12 ਵਜੇ ਆਪ ਖੁਦ ਹਾਜ਼ਰ ਹੋ ਕੇ ਸਪੱਸ਼ਟ ਕਰੋ ਕਿ ਤੁਹਾਡੀ ਅਖਬਾਰ ਵਿਚ ਅਡੰਬਰੀ ਅਵਤਾਰ ਨਾਮੀ ਪੁਸਤਕ ਦੇ ਗੁਰੂਵੰਸ਼ ਸਬੰਧੀ ਅੰਸ਼ ਛਪਣ ਤੋਂ ਬਾਅਦ ਇਸ ਕਿਤਾਬ 'ਤੇ ਪਾਬੰਦੀ ਲਾਏ ਜਾਣ ਦਾ ਕੀ ਲਾਭ ਹੈ? ਕਿਤਾਬ ਦੇ ਅੰਸ਼ ਤੁਸੀਂ ਕਿਸ ਅਧਾਰ 'ਤੇ ਛਾਪੇ, ਇਸ ਦਾ ਸਬੂਤ ਨਾਲ ਲੈ ਕੇ ਹਾਜ਼ਰ ਹੋਣਾ। ਮਿਤੀ 11 ਫਰਵਰੀ 1999 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਹਾਜ਼ਰ ਨਾ ਹੋਣ ਦੀ ਸੂਰਤ ਵਿਚ ਪੰਥਕ ਰਵਾਇਤਾਂ ਅਨੁਸਾਰ ਕਾਰਵਾਈ ਹੋ ਸਕਦੀ ਹੈ।

ਦਸਤਖਤ : ਰਣਜੀਤ ਸਿੰਘ, ਮੋਹਣ ਸਿੰਘ
ਭਗਵਾਨ ਸਿੰਘ, ਚਰਨ ਸਿੰਘ, ਗੁਰਬਚਨ ਸਿੰਘ

ਪਰ ਇਹ ਸੱਦਾ ਜਾਰੀ ਹੁੰਦਿਆਂ ਹੀ ਸ਼੍ਰੋਮਣੀ ਕਮੇਟੀ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਪੱਖੀ ਮੈਂਬਰਾਂ ਤੇ ਬਾਦਲ ਸਰਕਾਰ ਨੇ ਬਰਜਿੰਦਰ ਸਿੰਘ ਹਮਦਰਦ ਨੂੰ ਸਜਾ ਤੋਂ ਬਚਾਉਣ ਲਈ ਅੱਡੀ ਚੋਟੀ ਦਾ ਜੋਰ ਲਾ ਦਿੱਤਾ ਤੇ ਸਿੰਘ ਸਾਹਿਬ ਭਾਈ ਰਣਜੀਤ ਸਿੰਘ ਜੀ ਨੂੰ ਉਨ੍ਹਾਂ ਦੇ ਅਹੁਦੇ ਤੋਂ ਮੁਅੱਤਲ ਕਰਕੇ ਗਿਆਨੀ ਮੋਹਨ ਸਿੰਘ ਵਲੋਂ ਜਥੇਦਾਰ ਬਣਨ ਤੋਂ ਨਾਂਹ ਕਰਨ 'ਤੇ ਸਰਕਟ ਹਾਊਸ ਵਿਚ ਬੈਠ ਕੇ ਗਿਆਨੀ ਪੂਰਨ ਸਿੰਘ ਨੂੰ ਜਥੇਦਾਰ ਅਕਾਲ ਤਖ਼ਤ ਥਾਪ ਦਿੱਤਾ।

ਅੱਜ ਪੰਜ ਸਾਲਾਂ ਦੇ ਥੋੜੇ ਜਹੇ ਅਰਸੇ ਬਾਅਦ ਹੀ ਸਿੱਖ ਪੰਥ ਇਹ ਨਿਰਨਾ ਕਰਨ ਦੇ ਯੋਗ ਹੈ ਕਿ ਸਿੰਘ ਸਾਹਿਬ ਭਾਈ ਰਣਜੀਤ ਸਿੰਘ ਜੀ ਠੀਕ ਸਨ ਜਾਂ ਪ੍ਰੋ. ਮਨਜੀਤ ਸਿੰਘ ਤੇ ਗਿਆਨੀ ਕੇਵਲ ਸਿੰਘ, ਜਿਨ੍ਹਾਂ ਦੀ ਸ. ਬਰਜਿੰਦਰ ਸਿੰਘ ਹਮਦਰਦ ਪਿੱਠ ਠੋਕਦੇ ਰਹੇ ਹਨ ਤੇ ਜਿਨ੍ਹਾਂ ਨੂੰ ਸਤਿਕਾਰਯੋਗ ਦਸਦੇ ਰਹੇ ਹਨ।

■

# ਸਿੱਖ ਪੰਥ 'ਤੇ ਪਈ ਅਮਰਵੇਲ ਪ੍ਰਕਾਸ਼ ਸਿੰਘ ਬਾਦਲ

*31 ਦਸੰਬਰ 1998*

## ਹੁਕਮਨਾਮਾ

ਹੋਇ ਇਕਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰਿ ਕਰਹੁ ਲਿਵਲਾਇ॥
ਹਰਿ ਨਾਮੈ ਕੇ ਹੋਵਹੁ ਜੋੜੀ ਗੁਰਮੁਖਿ ਬੈਸਹੁ ਸਫਾ ਵਿਛਾਇ॥

ਅੱਜ ਮਿਤੀ 31 ਦਸੰਬਰ 1998 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਹੋਈ। ਜਿਸ ਵਿਚ ਸ. ਪ੍ਰਕਾਸ਼ ਸਿੰਘ ਬਾਦਲ ਤੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੇ ਵਾਦ-ਵਿਵਾਦ ਨੂੰ ਨਿਪਟਾਉਣ ਸਬੰਧੀ ਦੇਸ਼ ਵਿਦੇਸ਼ ਤੋਂ ਆਈਆਂ ਸੈਂਕੜੇ ਪੱਤਰਕਾਵਾਂ 'ਤੇ ਵਿਚਾਰ ਹੋਈ ਅਤੇ ਵਾਦ-ਵਿਵਾਦ ਦੇ ਸ਼ੁਰੂ ਤੋਂ ਅੱਜ ਤੱਕ ਦੇ ਹਾਲਾਤ ਨੂੰ ਵੀ ਗੰਭੀਰਤਾ ਨਾਲ ਵਿਚਾਰਿਆ ਗਿਆ। ਉਪਰੰਤ ਪਰਵਾਨ ਹੋਇਆ ਕਿ ਸ਼੍ਰੋਮਣੀ ਅਕਾਲੀ ਦਲ ਦੇ ਸਿਰਮੌਰ ਲੀਡਰਾਂ ਦੇ ਆਪਸੀ ਹਿਤ ਸੁਰੱਖਿਅਤ ਰੱਖਣ ਦੀ ਬਜਾਏ ਕੌਮ ਦੇ ਹਿਤਾਂ ਨੂੰ ਸੁਰੱਖਿਅਤ ਕੀਤਾ ਜਾਵੇ ਤਾਂ ਜੋ ਖਾਲਸਾ ਪੰਥ ਦੀ ਤੀਜੀ ਸ਼ਤਾਬਦੀ ਸਿੱਖ ਕੌਮ ਚੜ੍ਹਦੀਕਲਾ ਅਤੇ ਉਤਸ਼ਾਹ ਨਾਲ ਮਨਾ ਸਕੇ ਕਿਉਂਕਿ ਗੁਰੂ ਰੂਪ ਸੰਗਤ ਦੀ ਸੋਚ ਵੀ ਕੁਝ ਇਸੇ ਤਰ੍ਹਾਂ ਉਭਰ ਕੇ ਕੁਝ ਦਿਨਾਂ ਵਿਚ ਸਾਹਮਣੇ ਆਈ ਹੈ।

ਖਾਲਸੇ ਦੇ ਤਿੰਨ ਸੌ ਸਾਲਾਂ ਦੇ ਇਸ ਮਹਾਨ ਇਤਿਹਾਸਕ ਦਿਹਾੜੇ ਨੂੰ ਇਸ ਹਾਲਤ ਵਿਚ ਮਨਾਉਣ ਲਈ ਪੰਜਾਬ ਦੀ ਰਾਜਨੀਤੀ 'ਤੇ ਛਾਏ ਹੋਏ ਕਾਲੇ ਬੱਦਲ ਹਟਾਏ ਜਾਣ ਤੋਂ ਬਿਨਾਂ ਇਹ 300 ਸਾਲਾ ਸ਼ਤਾਬਦੀ ਮਨਾਉਣੀ ਅਸੰਭਵ ਜਾਪਦੀ ਹੈ।

ਅਸੀਂ ਸਿੱਖ ਸੰਗਤ ਦੀਆਂ ਭਾਵਨਾਵਾਂ ਦੀ ਤਰਜਮਾਨੀ ਕਰਦਿਆਂ ਅਕਾਲੀ ਹਾਈ ਕਮਾਨ ਨੂੰ ਇਹ ਆਦੇਸ਼ ਦਿੰਦੇ ਹਾਂ ਕਿ ਮਿਤੀ 15 ਅਪ੍ਰੈਲ 1999 ਤਕ ਕੋਈ ਵੀ ਧਿਰ ਇਕ ਦੂਜੇ ਦਾ ਕੋਈ ਵੀ ਨੁਕਸਾਨ ਨਾ ਕਰੇ। ਬਲਕਿ ਆਪਣੇ-ਆਪਣੇ ਅਹੁਦਿਆਂ 'ਤੇ ਇਸੇ ਤਰ੍ਹਾਂ ਬਣੇ ਰਹਿ ਕੇ 300 ਸਾਲਾ ਸ਼ਤਾਬਦੀ ਸਬੰਧੀ ਦਿੱਤੇ ਪ੍ਰੋਗਰਾਮਾਂ ਨੂੰ ਸਿਰੇ ਚਾੜ੍ਹਨ।

ਜ਼ਾਬਤਾ ਕਮੇਟੀ ਨੂੰ ਇਹ ਆਦੇਸ਼ ਦਿੱਤਾ ਜਾਂਦਾ ਹੈ ਕਿ ਜਥੇਦਾਰ ਗੁਰਚਰਨ ਸਿੰਘ ਟੌਹੜਾ ਵਲੋਂ ਦਿੱਤੇ ਗਏ ਕਾਰਨ ਦੱਸੋ ਨੋਟਿਸ ਦੇ ਜੁਆਬ ਨੂੰ ਲਿਫਾਫੇ ਵਿਚ ਸੀਲਬੰਦ ਕਰਕੇ ਰੱਖਿਆ ਜਾਵੇ। ਮਿਤੀ 15 ਅਪ੍ਰੈਲ 1999 ਤੋਂ ਬਾਅਦ ਅਕਾਲੀ ਦਲ ਦੇ ਸੰਵਿਧਾਨ ਤੇ ਪੰਥਕ ਰਵਾਇਤਾਂ ਨੂੰ ਧਿਆਨ ਵਿਚ ਰੱਖਦਿਆਂ ਜ਼ਾਬਤਾ ਕਮੇਟੀ ਇਸ ਕਾਰਨ ਦੱਸੋ ਨੋਟਿਸ ਦੇ ਜੁਆਬ 'ਤੇ ਵਿਚਾਰ ਕਰ ਸਕਦੀ ਹੈ। ਅਸੀਂ ਆਸ ਕਰਦੇ ਹਾਂ ਕਿ ਅਕਾਲੀ ਹਾਈਕਮਾਨ ਸਿੱਖ ਕੌਮ ਦੀਆਂ ਭਾਵਨਾਵਾਂ ਦੀ ਕਦਰ ਕਰਦੀ ਹੋਈ ਇਸ ਆਦੇਸ਼ 'ਤੇ ਅਮਲ ਕਰੇਗੀ।

ਦਸਤਖਤ : ਰਣਜੀਤ ਸਿੰਘ, ਮੋਹਣ ਸਿੰਘ,
ਭਗਵਾਨ ਸਿੰਘ, ਚਰਨ ਸਿੰਘ, ਗੁਰਬਚਨ ਸਿੰਘ

## ਦੋ ਜਥੇਦਾਰਾਂ ਵਲੋਂ ਹੁਕਮਨਾਮੇ ਦਾ ਵਿਰੋਧ

2 ਜਨਵਰੀ 1999 ਨੂੰ ਪ੍ਰੋ. ਮਨਜੀਤ ਸਿੰਘ ਜੀ ਜਥੇਦਾਰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਅਤੇ ਗਿਆਨੀ ਕੇਵਲ ਸਿੰਘ ਜਥੇਦਾਰ ਤਖ਼ਤ ਸ੍ਰੀ ਦਮਦਮਾ ਸਾਹਿਬ ਨੇ ਇਸ ਹੁਕਮਨਾਮੇ ਦਾ ਕਰੜਾ ਵਿਰੋਧ ਕੀਤਾ। ਇਨ੍ਹਾਂ ਕਿਹਾ ਕਿ ਇਸ ਸਮੇਂ ਸਾਨੂੰ ਰਾਜਸੀ ਮਾਮਲਿਆਂ ਵਿਚ ਦੱਖਣ ਦੇਣ ਦੀ ਬਜਾਇ ਧਾਰਮਿਕ ਆਗੂਆਂ ਦੀ ਏਕਤਾ ਦੀ ਲੋੜ ਹੈ। ਇਨ੍ਹਾਂ ਦੋਨਾਂ ਜਥੇਦਾਰ ਸਾਹਿਬਾਨ ਨੂੰ ਫੈਸਲੇ ਵਿੱਚ ਸ਼ਾਮਲ ਨਹੀਂ ਸੀ ਕੀਤਾ ਗਿਆ।

ਇਸ ਹੁਕਮਨਾਮੇ 'ਤੇ ਮੁੜ ਵਿਚਾਰ ਕਰਨ ਲਈ ਚਰਚਾ ਦੇ ਉੱਤਰ ਵਿਚ ਜਤੇਦਾਰ ਭਾਈ ਰਣਜੀਤ ਸਿੰਘ ਨੇ 3 ਜਨਵਰੀ ਨੂੰ ਆਪਣੇ ਨਿਵਾਸ 'ਤੇ ਸੱਦੀ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਜਾਰੀ ਹੁਕਮਨਾਮਾ ਨਾ ਕਦੀ ਦੁਬਾਰਾ ਵਿਚਾਰਿਆ ਗਿਆ ਹੈ ਅਤੇ ਨਾ ਹੀ ਵਿਚਾਰਿਆ ਜਾਵੇਗਾ। ਉਨ੍ਹਾਂ ਕਿਹਾ ਕਿ ਸ. ਪ੍ਰਕਾਸ਼ ਸਿੰਘ ਬਾਦਲ ਪਾਸ ਸ਼੍ਰੋਮਣੀ ਕਮੇਟੀ ਦੇ ਸਮਰਥਕ ਮੈਂਬਰਾਂ ਦੀ ਬਹੁਗਿਣਤੀ ਹੈ। ਇਸ ਲਈ ਜੇਕਰ ਕਮੇਟੀ ਉਨ੍ਹਾਂ ਨੂੰ ਜਥੇਦਾਰ ਦੀ ਪਦਵੀ ਤੋਂ ਹਟਾਏਗੀ ਤਾਂ ਉਹ ਬਿਨਾਂ ਕਿਸੇ ਵਿਰੋਧ ਦੇ ਇਹ ਪਦਵੀ ਛੱਡ ਦੇਣਗੇ। ਉਹ ਇਸ ਦੇ ਖਿਲਾਫ ਕੋਈ ਅਪੀਲ ਨਹੀਂ ਕਰਨਗੇ ਅਤੇ ਨਾ ਹੀ ਇਸ ਅਹੁਦੇ 'ਤੇ ਬਣੇ ਰਹਿਣ ਲਈ ਕਿਸੇ ਅਦਾਲਤ ਵਿਚ ਜਾਣਗੇ। ਜਥੇਦਾਰ ਨਿਯੁਕਤ ਹੋਣ ਤੋਂ ਲੈ ਕੇ ਤਕਰੀਬਨ ਸਵਾ ਸਾਲ ਦੇ ਅਰਸੇ ਵਿਚ ਜਥੇਦਾਰ ਭਾਈ ਰਣਜੀਤ ਸਿੰਘ ਨੇ ਬਿਨਾਂ ਕਿਸੇ ਗੁੱਸੇ ਦੇ, ਅਹੁਦਾ ਤਿਆਗਣ ਦੀ ਇਹ ਗੱਲ ਕਹੀ ਜਦਕਿ ਪਹਿਲਾਂ ਉਹ ਕਈ ਵੇਰ ਕਹਿ ਚੁੱਕੇ ਸਨ ਕਿ ਸ਼੍ਰੋਮਣੀ ਕਮੇਟੀ ਨੂੰ ਉਨ੍ਹਾਂ ਨੂੰ ਹਟਾਉਣ ਲਈ ਕੋਈ ਅਧਾਰ ਅਤੇ ਅਧਿਕਾਰ ਨਹੀਂ ਹਨ। ਉਨ੍ਹਾਂ ਇਹ ਗੱਲ ਵੀ ਕਹੀ ਕਿ ਉਹ ਇਸ ਪਦਵੀ ਨੂੰ ਸੰਭਾਲਣ ਦੇ ਸਮੇਂ ਤੋਂ ਹੀ ਉਨ੍ਹਾਂ ਨੂੰ ਇਸ ਗੱਲ ਦਾ ਖਦਸ਼ਾ ਸੀ ਕਿ ਉਨ੍ਹਾਂ ਨੂੰ ਇਸ ਪਦਵੀ ਤੋਂ ਹਟਾਇਆ ਜਾ ਸਕਦਾ ਹੈ, ਪਰ ਉਹ ਆਪਣੀ ਜਿੰਮੇਵਾਰੀ ਅਤੇ ਫਰਜ ਪ੍ਰਮਾਤਮਾ ਦੇ ਭੈਅ ਵਿਚ ਰਹਿ ਕੇ ਮਰਿਆਦਾ ਅਨੁਸਾਰ ਨਿਭਾਉਣਗੇ।

ਦੋ ਤਖ਼ਤਾਂ ਦੇ ਜਥੇਦਾਰ ਸਾਹਿਬਾਨ ਵਲੋਂ ਹੁਕਮਨਾਮੇ ਦਾ ਵਿਰੋਧ ਕਰਨ ਬਾਰੇ ਪੁੱਛੇ ਸਵਾਲ ਦੇ ਉੱਤਰ ਵਿਚ ਉਨ੍ਹਾਂ ਕਿਹਾ ਕਿ ਦੋਵੇਂ ਮੁਰਾਦਾਬਾਦੀ ਲੋਟੇ ਹਨ, ਪਤਾ ਨਹੀਂ ਕਿਸ ਵੇਲੇ ਕਿਸ ਪਾਸੇ ਘੁੰਮ ਜਾਣ, ਕਿਉਂਕਿ ਤਿੰਨ ਦਿਨ ਪਹਿਲਾਂ ਪ੍ਰੋ. ਮਨਜੀਤ ਸਿੰਘ ਨੇ ਖੁਦ ਦਖਲਅੰਦਾਜੀ ਦੀ ਮੰਗ ਕੀਤੀ ਸੀ ਪਰ ਹੁਣ ਸ਼ਾਇਦ ਕਿਸੇ ਨੇ ਦਬਕਾ ਮਾਰ ਕੇ ਵਿਰੋਧ ਕਰਵਾ ਲਿਆ ਹੈ। ਇਨ੍ਹਾਂ ਨਾਲ ਮੇਰੇ ਕੋਈ ਮੱਤਭੇਦ ਨਹੀਂ ਹਨ, ਕੇਵਲ ਕੰਮ ਦੇ ਪੈਸਿਆਂ ਦਾ ਹਿਸਾਬ ਦੇਣ ਦਾ ਮਾਮਲਾ ਹੈ, ਜੋ ਇਹ ਨਹੀਂ ਦੇ ਰਹੇ।

ਦੂਜੇ ਪਾਸੇ ਪ੍ਰੋ. ਮਨਜੀਤ ਸਿੰਘ ਨੇ 'ਅਜੀਤ' ਨੂੰ ਭੇਜੇ ਲਿਖਤੀ ਬਿਆਨ ਵਿਚ ਕਿਹਾ ਕਿ ਅਕਾਲ ਪੁਰਖ ਨੇ ਖਾਲਸੇ ਨੂੰ ਸਰਬੱਤ ਦੇ ਭਲੇ ਲਈ ਰਾਜ-ਭਾਗ ਬਖਸ਼ਿਆ ਹੈ ਅਤੇ ਸਮਰੱਥ ਗੁਰੂ ਨੇ ਪ੍ਰਤੱਖ ਤੌਰ 'ਤੇ ਸ. ਪ੍ਰਕਾਸ਼ ਸਿੰਘ ਬਾਦਲ ਦੇ ਸਿਰ 'ਤੇ ਇਹ ਸਿਹਰਾ ਰਖਿਆ ਹੈ ਪਰ ਅੱਜਕਲ ਕੁਝ ਦੁਸ਼ਮਣ ਤਾਕਤਾਂ, ਗੁਆਂਢੀ ਹਕੂਮਤਾਂ ਦੇ ਨਾਜ਼ਾਇਜ਼ ਪੈਸੇ 'ਤੇ ਅਕੜ ਕੇ ਆਪਣੀ ਸਰਕਾਰ ਨੂੰ ਨੁਕਸਾਨ ਪਹੁੰਚਾਉਣ ਦੇ ਮਨ ਬਣਾ ਰਹੀਆਂ ਹਨ। ਬਾਦਲ ਸਰਕਾਰ ਦੀ ਭਰਵੀਂ ਹਮਾਇਤ ਕਰਦਿਆਂ ਉਨ੍ਹਾਂ ਕਿਹਾ ਕਿ ਸਭ ਤੋਂ ਉਪਰ ਪੰਥ ਹੈ ਅਤੇ ਪੰਥਕ ਮਰਿਆਦਾ ਸਭ ਤੋਂ ਉਪਰ ਹੈ। ਕੋਈ ਅਜਿਹੀ ਗੱਲ ਜੋ ਮਰਿਆਦਾ ਦੇ ਅਨੁਕੂਲ

ਨਹੀਂ ਅਤੇ ਜਿਸ ਵਿਚ ਪੰਚ ਪ੍ਰਧਾਨਗੀ ਦੀ ਸ਼ਕਤੀ ਨਹੀਂ, ਉਹ ਅਧਰਮ ਹੈ। ਇਹ ਸੰਕੇਤ 31 ਦਸੰਬਰ ਦੇ ਹੁਕਮਨਾਮੇ ਵੱਲ ਸੀ। ਪ੍ਰੋ. ਮਨਜੀਤ ਸਿੰਘ ਜੀ ਦਾ ਇਹ ਬਿਆਨ 2 ਜਨਵਰੀ 1999 ਨੂੰ ਪ੍ਰਗਟ ਕੀਤੇ ਇਨ੍ਹਾਂ ਦੇ ਵਿਚਾਰਾਂ ਦੇ ਹੀ ਵਿਰੁੱਧ ਸੀ ਕਿਉਂਕਿ 2 ਜਨਵਰੀ 1999 ਨੂੰ ਇਨ੍ਹਾਂ ਦਾ ਬਿਆਨ ਸੀ ਕਿ ਸਾਨੂੰ ਰਾਜਸੀ ਮਾਮਲਿਆਂ ਵਿਚ ਦਖਲ ਦੇਣ ਦੀ ਬਜਾਏ ਧਾਰਮਕ ਆਗੂਆਂ ਦੀ ਏਕਤਾ ਦੀ ਲੋੜ ਹੈ। ਪ੍ਰੋ. ਮਨਜੀਤ ਸਿੰਘ ਜਥੇਦਾਰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਇਸ ਬਿਆਨ ਨੇ ਇਨ੍ਹਾਂ ਵਿਰੁੱਧ ਜਥੇਦਾਰ ਭਾਈ ਰਣਜੀਤ ਸਿੰਘ ਜੀ ਵਲੋਂ ਕੀਤੀ ਟਿੱਪਣੀ ਦੇ ਠੀਕ ਹੋਣ ਦੀ ਪੁਸ਼ਟੀ ਕਰ ਦਿਤੀ।

***(ਕੁਲਵੰਤ ਸਿੰਘ ਦੀ ਕਿਤਾਬ 'ਜੂਨ '84 ਸ਼੍ਰੋਮਣੀ ਕਮੇਟੀ ਨੂੰ ਗ੍ਰਹਿਣ, 'ਚੋਂ)***

***

## ਸ਼੍ਰੋਮਣੀ ਕਮੇਟੀ ਦੇ ਮੈਂਬਰਾਂ ਨੂੰ ਚਿੱਠੀ

***25 ਜਨਵਰੀ 1999***

ਗੁਰੂ ਸਵਾਰੇ,

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

ਚੰਡੀਗੜ੍ਹ ਤੋਂ ਸਪੀਡਪੋਸਟ ਰਾਹੀਂ ਅਤੇ ਮੁੱਖ ਮੰਤਰੀ ਹਾਊਸ ਤੋਂ ਆਈ ਫੈਕਸ ਰਾਹੀਂ, ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਮਿਤੀ 31 ਦਸੰਬਰ 1998 ਨੂੰ ਜਾਰੀ ਹੋਏ ਹੁਕਮਨਾਮੇ ਨੂੰ ਫੌਰੀ ਤੌਰ 'ਤੇ ਵਾਪਸ ਲੈਣ ਲਈ, ਪ੍ਰਬੰਧਕ ਕਮੇਟੀ ਦੇ 131 ਮੈਂਬਰਾਂ ਵਲੋਂ ਇਕ ਪੱਤਰ ਮਿਲਿਆ ਹੈ, ਜਿਸ ਵਿਚ ਆਪ ਜੀ ਦੇ ਦਸਖਤ ਹਨ। ਇਸ ਪੱਤਰ ਨੂੰ ਵਿਚਾਰਨ ਤੋਂ ਪਹਿਲਾਂ ਅਸੀਂ ਇਹ ਜ਼ਰੂਰੀ ਸਮਝਦੇ ਹਾਂ ਕਿ ਕੁਝ ਸਪੱਸ਼ਟੀਕਰਨ ਆਪ ਤੋਂ ਨਿੱਜੀ ਤੌਰ 'ਤੇ ਲਏ ਜਾਣ;

1. ਇਹ ਚਿੱਠੀ ਸ੍ਰੀ ਅਕਾਲ ਤਖ਼ਤ ਸਾਹਿਬ ਵੱਲ ਲਿਖਣ ਤੋਂ ਪਹਿਲਾਂ ਤੁਸਾਂ ਆਪਣੇ ਪਾਰਟੀ ਪ੍ਰਧਾਨ ਤੋਂ ਆਗਿਆ ਪ੍ਰਾਪਤ ਕੀਤੀ ਹੈ ਜਾਂ ਨਹੀਂ?

2. ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਭੇਜੀ ਜਾਣ ਵਾਲੀ ਚਿੱਠੀ 'ਤੇ ਜੋ ਤੁਸਾਂ ਆਪਣੇ ਦਸਖਤ ਕੀਤੇ ਹਨ, ਕੀ ਤੁਸੀਂ ਕਹਿ ਸਕਦੇ ਹੋ ਕਿ ਇਹ ਚਿੱਠੀ ਤੁਹਾਡੇ ਵਲੋਂ ਹੀ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਆਈ ਹੈ?

ਇਹ ਸਪੱਸ਼ਟੀਕਰਨ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਮਿਤੀ 11 ਫਰਵਰੀ 1999 ਨੂੰ ਤੁਸੀਂ ਡਾਕ ਰਾਹੀਂ, ਫੈਕਸ ਰਾਹੀਂ ਜਾਂ ਦਸਤੀ ਤੌਰ 'ਤੇ ਭੇਜ ਸਕਦੇ ਹੋ। ਅਜਿਹਾ ਨਾ ਕਰਨ ਦੀ ਸੂਰਤ ਵਿਚ ਪੰਥਕ ਰਵਾਇਤਾਂ ਅਨੁਸਾਰ ਕਾਰਵਾਈ ਹੋ ਸਕਦੀ ਹੈ।

ਦਸਤਖਤ : ਰਣਜੀਤ ਸਿੰਘ, ਮੋਹਣ ਸਿੰਘ,
ਭਗਵਾਨ ਸਿੰਘ, ਚਰਨ ਸਿੰਘ, ਗੁਰਬਚਨ ਸਿੰਘ

***

***4 ਫਰਵਰੀ 1999***

ਗੁਰੂਸਵਾਰੇ ਸ. ਪ੍ਰਕਾਸ਼ ਸਿੰਘ ਜੀ 'ਬਾਦਲ',
ਮੁੱਖ ਮੰਤਰੀ, ਪੰਜਾਬ ਸਰਕਾਰ,
(ਪ੍ਰਧਾਨ ਸ਼੍ਰੋਮਣੀ ਅਕਾਲੀ ਦਲ), ਚੰਡੀਗੜ੍ਹ।

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

ਸਿੱਖ ਪੰਥ ਦੀ ਸਰਵ-ਉਚ ਪਾਵਨ ਸੰਸਥਾ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ 2 ਫਰਵਰੀ, 1999 ਨੂੰ ਸਿੱਖ ਸੰਪਰਦਾਵਾਂ, ਸੰਸਥਾਵਾਂ, ਧਾਰਮਿਕ ਜਥੇਬੰਦੀਆਂ ਦੀ ਮੀਟਿੰਗ ਹੋਈ। ਰੀਪੋਰਟ ਆਪ ਨੇ ਅਖਬਾਰ ਵਿਚ ਪੜ੍ਹ ਹੀ ਲਈ ਹੋਵੇਗੀ।

ਅੱਜ ਮਿਤੀ 4.2.99 ਦੇ ਅਖਬਾਰਾਂ ਵਿਚ ਆਪ ਵਲੋਂ ਮੇਰਾ ਪੱਤਰ ਨਾ ਮਿਲਣ ਬਾਰੇ ਕਿਹਾ ਗਿਆ ਹੈ। ਮੈਂ ਅਖਬਾਰਾਂ ਰਾਹੀਂ ਹੇਠ ਲਿਖਿਆ ਬਿਆਨ ਦਿੱਤਾ ਸੀ :-

"ਅੱਜ ਤੱਕ ਸ਼ਾਜਿਸ਼ ਅਧੀਨ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਉਤੇ ਇਹ ਸ਼ੰਕਾ ਪਰਚਾਰਿਆ ਜਾ ਰਿਹਾ ਹੈ ਕਿ ਜਦ ਬਾਦਲ ਸਰਕਾਰ ਪੰਥ ਦੀ ਤੀਜੀ ਸ਼ਤਾਬਦੀ ਮਨਾਉਣ ਦੇ ਉਪਰਾਲੇ ਕਰ ਰਹੀ ਹੈ ਤਾਂ ਜਥੇਦਾਰ ਅਕਾਲੀ ਸਰਕਾਰ ਨੂੰ ਕਮਜ਼ੋਰ ਕਰਨਾ ਚਾਹੁੰਦਾ ਹੈ। ਅੱਜ ਮੈਂ ਸਪੱਸ਼ਟ ਕਰਦਾ ਹਾਂ ਕਿ ਮੇਰਾ ਸਰਕਾਰ ਜਾਂ ਸਰਕਾਰੀ ਕੰਮਾਂ ਨਾਲ ਕੋਈ ਵਿਰੋਧ ਨਹੀਂ ਹੈ। ਪਰ ਜੋ ਸ. ਪ੍ਰਕਾਸ਼ ਸਿੰਘ ਬਾਦਲ ਅਕਾਲੀ ਸਰਕਾਰ ਵਜੋਂ ਪੁਰਬ ਮਨਾਉਣ ਦਾ ਉਪਰਾਲਾ ਆਪਣੇ ਹੱਥ ਲੈਣਾ ਚਾਹੁੰਦੇ ਹਨ ਤਾਂ ਦੋ ਦਿਨਾਂ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਲਿਖਤੀ ਭਰੋਸਾ ਦੇਣ ਕਿ ਅੱਜ ਤੋਂ ਹੀ ਪੁਰਬ ਸਬੰਧੀ ਹਰ ਸਮਾਗਮ ਸਮੇਂ ਹੁਣ ਤੱਕ ਕੌਮੀ ਸੰਘਰਸ਼ ਵਿਚ ਹੋਈਆਂ ਅਨੇਕਾਂ ਕੁਰਬਾਨੀਆਂ ਦਾ ਮੁੱਖ ਵਿਸ਼ਾ ਰਹੇ ਕੌਮੀ ਏਜੰਡੇ ਅੱਜ ਵੀ ਸਮਾਗਮਾਂ ਦਾ ਵਿਸ਼ਾ ਬਣੇ ਰਹਿਣਗੇ, ਜਿੰਨ੍ਹਾਂ ਲਈ ਕਦੀ ਸ. ਬਾਦਲ ਖੁਦ ਭਾਰਤੀ ਸੰਵਿਧਾਨ ਦੀ ਧਾਰਾ 25 ਦਿੱਲੀ ਵਿਖੇ ਜਾ ਕੇ ਸਾੜਦੇ ਰਹੇ ਹਨ।

ਕੌਮੀ ਏਜੰਡਾ

ਗੁਰੂ ਸਾਹਿਬ ਵਲੋਂ ਸਾਜੀ ਹੋਈ

1. ਸਿੱਖ ਅੱਡਰੀ ਕੌਮ।

2. ਸਿੱਖ ਪਰਸਨਲ ਕੋਡ ( ਸਿੱਖ ਰਹਿਤ ਮਰਯਾਦਾ)।

3. ਵਿਸਾਖੀ ਤੋਂ ਪਹਿਲਾਂ ਟਾਡਾ ਅਧੀਨ ਜੇਲ੍ਹਾਂ ਵਿਚ ਨਜ਼ਰਬੰਦ ਨੌਜਵਾਨਾਂ ਦੀ ਰਿਹਾਈ।

ਸ੍ਰੀ ਅਕਾਲ ਤਖ਼ਤ ਸਾਹਿਬ ਕੌਮੀ ਹਿੱਤਾਂ ਦੇ ਲਿਖਤੀ ਭਰੋਸੇ ਬਿਨਾਂ ਪੰਥਕ ਸਟੇਜ ਅਤੇ ਪੰਥਕ ਸਮਾਗਮ ਕਿਸੇ ਨੂੰ ਨਹੀਂ ਦੇ ਸਕਦਾ। ਮੈਨੂੰ ਦਿੱਸਦਾ ਹੈ ਕਿ ਕਿਸੇ ਪੰਥ ਵਿਰੋਧੀ ਸਾਜਿਸ਼ ਅਧੀਨ ਕੁੱਝ ਖੁਦਗਰਜ਼ ਧਾਰਮਕ ਪੱਦਵੀਆਂ 'ਤੇ ਬੈਠੇ ਲੋਕਾਂ ਨੂੰ ਖਰੀਦ ਕੇ ਕੌਮੀ ਦਿਹਾੜੇ 'ਤੇ ਸਰਕਾਰੀ ਕਬਜੇ ਨਾਲ ਪੰਥਕ ਹਿੱਤਾਂ ਦੇ ਪਹਿਰੇਦਾਰ "ਸ੍ਰੀ ਅਕਾਲ ਤਖ਼ਤ ਸਾਹਿਬ" ਤੇ ਹਮਲੇ ਕੀਤੇ ਜਾ ਰਹੇ ਹਨ, ਜੋ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਨਾਲ ਜੁੜਿਆ ਸਮੁੱਚਾ ਪੰਥ ਕਦੀ ਵੀ ਸਹਿਣ ਨਹੀਂ ਕਰੇਗਾ। ਜੇ ਬਾਦਲ ਸਾਹਿਬ ਕੌਮ ਤੋਂ ਸ਼ਕਤੀ ਲੈ ਕੇ ਕੌਮੀ ਹਿਤਾਂ ਦੀ ਰਾਖੀ ਦਾ ਭਰੋਸਾ ਵੀ ਨਹੀਂ ਦੇ ਸਕਦੇ ਤਾਂ "300 ਸਾਲਾਂ ਪੰਥਕ ਸਮਾਗਮ" ਸ੍ਰੀ ਅਕਾਲ ਤਖ਼ਤ ਸਾਹਿਬ ਦੀ ਅਗਵਾਈ ਵਿਚ ਪੰਥ ਮਨਾਂਵੇਗਾ ਤਾਂ ਕਿ ਸਮੁੱਚਾ ਪੰਥ ਆਪਣੇ ਜਨਮ ਦਿਹਾੜੇ ਤੇ ਭਵਿੱਖ ਪ੍ਰਤੀ ਕੋਈ ਸਮੂਚੇ ਫੈਸਲੇ ਕਰ ਸਕੇ। ਸ੍ਰੀ ਅਕਾਲ ਤਖ਼ਤ ਸਾਹਿਬ ਪੰਥ ਦੇ ਉਜਲੇ ਭਵਿੱਖ ਦਾ ਜਾਮਨ ਰਿਹਾ ਹੈ ਅਤੇ ਰਹੇਗਾ।

ਗੁਰੂ ਪੰਥ ਦਾ ਦਾਸ

***ਰਣਜੀਤ ਸਿੰਘ***

***

*6 ਫਰਵਰੀ 1999*

ਪਰਮ ਸਤਿਕਾਰਯੋਗ ਸਿੰਘ ਸਾਹਿਬ ਜੀਓ,

ਵਾਹਿਗੁਰੂ ਜੀ ਕਾ ਖਾਲਸਾ॥

ਵਾਹਿਗੁਰੂ ਜੀ ਕੀ ਫਤਹਿ॥

ਆਪ ਜੀ ਦਾ ਪੱਤਰ ਕੱਲ ਮਿਤੀ 5. 2. 1999 ਸ਼ਾਮ ਸੱਤ ਵਜੇ ਪ੍ਰਾਪਤ ਹੋਇਆ ਹੈ। ਜਿਸ ਵਿਚ ਖਾਲਸਾ ਪੰਥ ਦੇ 300 ਸਾਲਾ ਸਾਜਨਾ ਦਿਵਸ ਅਤੇ ਕੁੱਝ ਹੋਰ ਮੁੱਦਿਆਂ ਸਬੰਧੀ ਲਿਖਿਆ ਗਿਆ ਹੈ।

ਇਸ ਸਬੰਧ ਵਿਚ ਦਾਸ ਦੀ ਸਨਿਮਰ ਬੇਨਤੀ ਹੈ ਕਿ 7 ਜਨਵਰੀ 1999 ਨੂੰ ਖਾਲਸਾ ਪੰਥ ਦੇ ਪਾਵਨ ਜਨਮ ਅਸਥਾਨ ਸ੍ਰੀ ਆਨੰਦਪੁਰ ਸਾਹਿਬ ਵਿਖੇ ਪੰਥ ਦੀ ਸਿਰਮੌਰ ਨੁਮਾਇੰਦਾ ਜਥੇਬੰਦੀ ਸ਼੍ਰੋਮਣੀ ਅਕਾਲੀ ਦਲ ਦੀ ਵਰਕਿੰਗ ਕਮੇਟੀ, ਰਾਜਸੀ ਮਾਮਲਿਆਂ ਬਾਰੇ ਕਮੇਟੀ, ਜਿਲ੍ਹਾ ਪ੍ਰਧਾਨ, ਵਿਧਾਨਕਾਰ, ਮੈਂਬਰਾਨ ਪਾਰਲੀਮੈਂਟ ਤੋਂ ਇਲਾਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਮੂਹ ਮੈਂਬਰਾਨ ਸਮੇਤ ਪ੍ਰਧਾਨ ਸਾਹਿਬ, ਕਾਰਜਕਾਰੀ ਪ੍ਰਧਾਨ ਸਾਹਿਬ, ਜਨਰਲ ਸਕੱਤਰ ਅਤੇ ਹੋਰ ਆਹੁਦੇਦਾਰਾਂ ਦੀ ਇਕ ਵਿਸ਼ਾਲ ਪ੍ਰਤੀਨਿੱਧ ਇਕੱਤਰਤਾ ਹੋਈ ਸੀ ਜਿਸ ਵਿਚ ਲੰਮੇ ਵਿਚਾਰ ਵਟਾਂਦਰੇ ਉਪਰੰਤ ਸਰਬਸੰਮਤੀ ਨਾਲ ਮਤਾ ਪਾਸ ਕਰਕੇ ਖਾਲਸਾ ਪੰਥ ਦੇ 300 ਸਾਲਾਂ ਸਮਾਗਮਾਂ ਦੀ ਰੂਪ ਰੇਖਾ ਤਿਆਰ ਕਰਨ ਅਤੇ ਉਨ੍ਹਾਂ ਨੂੰ ਨੇਪਰੇ ਚਾੜ੍ਹਨ ਦੀ ਸੇਵਾ ਦਾਸ ਨੂੰ ਸੌਂਪੀ ਗਈ ਸੀ। ਉਸ ਤੋਂ ਬਾਅਦ ਇਸ ਦਿਸ਼ਾ ਵਿਚ ਕਾਫੀ ਪ੍ਰਗਤੀ ਹੋ ਚੁੱਕੀ ਹੈ ਜਿਸ ਦੇ ਵੇਰਵੇ ਅਖਬਾਰਾਂ ਵਿਚ ਵੀ ਛੱਪ ਚੁੱਕੇ ਹਨ।

ਸ਼੍ਰੋਮਣੀ ਅਕਾਲੀ ਦਲ ਇਕ ਜਮਹੂਰੀ ਪਾਰਟੀ ਹੈ। ਆਪ ਜੀ ਦੇ ਪੱਤਰ ਵਿਚ ਉਠਾਏ ਗਏ ਹੋਰ ਮੁੱਦਿਆਂ ਸਬੰਧੀ ਦਾਸ ਨੂੰ ਇਕੱਲਿਆਂ ਤੌਰ 'ਤੇ ਕੋਈ ਵੀ ਫੈਸਲਾ ਕਰਨ ਦਾ ਵਿਧਾਨਕ ਅਧਿਕਾਰ ਨਹੀਂ ਹੈ। ਇਸ ਲਈ ਸ਼੍ਰੋਮਣੀ ਅਕਾਲੀ ਦਲ ਦੀ ਰਾਜਸੀ ਮਾਮਲਿਆਂ ਬਾਰੇ ਕਮੇਟੀ ਦੀ ਮੀਟਿੰਗ ਮਿਤੀ 11/2/1999 ਨੂੰ ਬੁਲਾ ਲਈ ਗਈ ਹੈ। ਇਸ ਮੀਟਿੰਗ ਵਿਚ ਆਪ ਦਾ ਪੱਤਰ ਰਖਿਆ ਜਾਵੇਗਾ।

ਡੂੰਘੇ ਸਤਿਕਾਰ ਸਹਿਤ,

ਗੁਰੂ ਪੰਥ ਦਾ ਦਾਸ

***ਪ੍ਰਕਾਸ਼ ਸਿੰਘ ਬਾਦਲ***

ਪ੍ਰਧਾਨ

ਸਤਿਕਾਰ ਯੋਗ ਸਿੰਘ ਸਾਹਿਬ ਭਾਈ ਰਣਜੀਤ ਸਿੰਘ ਜੀ,

ਜਥੇਦਾਰ, ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅਮ੍ਰਿਤਸਰ ਸਾਹਿਬ।

***

*9 ਫਰਵਰੀ 1999*

ਗੁਰੂ ਸਵਾਰੇ ਸ: ਪ੍ਰਕਾਸ਼ ਸਿੰਘ ਬਾਦਲ ਜੀ,

ਮੁੱਖ ਮੰਤਰੀ, ਪੰਜਾਬ,

ਪ੍ਰਧਾਨ, ਸ਼੍ਰੋਮਣੀ ਅਕਾਲੀ ਦਲ।

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

ਪ੍ਰੈਸ ਦੇ ਇਕ ਖਾਸ ਹਿੱਸੇ ਵਲੋਂ ਮੈਨੂੰ ਖਾਲਿਸਤਾਨੀ, ਅਤਵਾਦੀ ਅਤੇ ਵੱਖਵਾਦੀ ਹਊਏ ਵਜੋਂ ਪੇਸ਼ ਕੀਤਾ ਜਾ ਰਿਹਾ ਹੈ। ਮੈਂ ਨਾ ਕਦੀ ਖਾਲਿਸਤਾਨੀ ਸੀ ਤੇ ਨਾ ਹੁਣ ਹਾਂ। ਮੈਂ ਕਦੀ ਵੀ ਧਾਰਮਕ ਸਟੇਜ ਨੂੰ ਵੱਖਵਾਦ ਦੇ ਨਾਹਰਿਆਂ ਦੇ ਪ੍ਰਚਾਰ ਦਾ ਸਾਧਨ ਨਹੀਂ ਬਣਨ ਦਿੱਤਾ। ਸਿੱਖ ਕੌਮ ਅੱਜ ਪੰਜਾਬ ਤੱਕ ਹੀ ਸੀਮਤ ਨਹੀਂ ਹੈ। ਪੰਜਾਬ ਤੋਂ ਬਾਹਰ ਦੇਸ਼-ਵਿਦੇਸ਼ ਵਿਚ ਸਿੱਖਾਂ ਦੀ ਵੱਡੀ ਗਿਣਤੀ ਵਸਦੀ ਹੈ। ਜਿਸ ਦਾ ਕਿਸੇ ਵੀ ਵੱਖਵਾਦੀ ਨਾਹਰੇ ਨਾਲ ਅਕਸ ਵਿਗੜਦਾ ਹੈ। ਅੱਜ ਦੇ ਵਿਸ਼ਵ ਭਾਈਚਾਰੇ ਵਿਚ ਕਿਸੇ ਕੌਮ ਦਾ ਭਵਿੱਖ ਨਿਸ਼ਚਿਤ ਹੱਦਾਂ ਜਾਂ ਵਲਗਣਾਂ ਵਿਚ ਸੀਮਤ ਕਰਨਾ ਮੁਨਾਸਿਬ ਨਹੀਂ ਹੈ ਪਰ ਮੈਂ ਖਾਲਿਸਤਾਨ ਦੀ ਮੰਗ ਨਾਲ ਸਹਿਮਤ ਨਾ ਹੁੰਦਾ ਹੋਇਆ ਵੀ ਪੰਥਕ ਜਾਂ ਖਾਲਸਈ ਪਛਾਣ ਦਾ ਮੁੱਦਈ ਹਾਂ। ਜਿਵੇਂ ਬਾਕੀ ਕੌਮਾਂ ਦੀ ਵਿਸ਼ੇਸ਼ ਸਭਿਆਚਾਰਕ ਤੇ ਸੰਵਿਧਾਨਕ ਮਾਨਤਾ ਹੈ ਤਿਵੇਂ ਦੀ ਮਾਨਤਾ ਸਿੱਖਾਂ ਦੀ ਵੀ ਹੋਵੇ। ਅਸਾਂ ਆਪਣੀ ਹੋਂਦ ਦੀ ਲਕੀਰ ਕਿਸੇ ਹੋਰ ਦੀ ਲਕੀਰ ਨੂੰ ਕੱਟ ਕੇ ਨਹੀਂ ਸਗੋਂ ਬਾਕੀ ਹੋਰ ਲਕੀਰਾਂ ਦੇ ਸਮਾਨੰਤਰ ਅੱਗੇ ਵਧਾਉਣੀ ਹੈ। 'ਜੀਉ ਤੇ ਜੀਉਣ ਦਿਉ' ਦੀ ਦਿਸ਼ਾ ਵਿਚ ਆਪਣੀ ਪਛਾਣ ਦਾ ਸਰਬ-ਪੱਖੀ ਵਿਕਾਸ ਕਰਨਾ ਹੈ।

ਮੇਰੇ 1978 ਦੀ ਵਿਸਾਖੀ ਵਾਲੇ ਬਿਆਨ ਨੂੰ ਬਹੁਤ ਤੋੜ-ਮਰੋੜ ਕੇ ਪੇਸ਼ ਕੀਤਾ ਗਿਆ ਹੈ। ਮੈਂ ਇਸ ਕਾਂਡ ਦੀ ਅੱਗ ਕਾਰਨ 13 ਸਾਲ ਜੇਲ੍ਹ ਕੱਟੀ ਹੈ। ਇਸ ਸਬੰਧੀ ਆਪਣੇ ਹਿਰਦੇ ਦੀ ਕੜਵੀ ਸਚਾਈ ਬਿਆਨ ਕੀਤੀ ਹੈ। ਮੇਰੇ ਕਹਿਣ ਦਾ ਮਕਸਦ ਸੀ ਕਿ ਸਭ ਸੰਪਰਦਾਵਾਂ ਤੇ ਸੰਤ ਸਮਾਜ ਭੈ-ਮੁਕਤ ਹੋ ਕੇ ਖਾਲਸਾ ਸ਼ਤਾਬਦੀ ਵਿਚ ਸ਼ਾਮਲ ਹੋ ਸਕਣ। ਸਾਰੀਆਂ ਸਿੱਖ ਜਥੇਬੰਦੀਆਂ ਆਪਣੇ ਵਿਚਾਰਾਂ ਦੀ ਛੋਟੀ-ਮੋਟੀ ਅਨੇਕਤਾ ਦੇ ਬਾਵਜੂਦ ਪੰਥਕ-ਏਕਤਾ ਦੀ ਭਾਵਨਾ ਤਹਿਤ ਸ਼ਤਾਬਦੀ ਸਮਾਰੋਹਾਂ ਵਿਚ ਸ਼ਾਮਲ ਹੋ ਸਕਣ। ਕਿਸੇ ਨੂੰ ਵੀ ਨਜ਼ਰਅੰਦਾਜ਼ ਹੋਣ ਦਾ ਸ਼ੱਕ ਨਾ ਪਵੇ। ਹੋਰ ਦੂਸਰੀਆਂ ਪਾਰਟੀਆਂ ਦੇ ਸਿੱਖ ਵੀ ਖਾਲਸਾ ਸ਼ਤਾਬਦੀ ਦੇ ਸਮਾਰੋਹਾਂ ਵਿਚ ਹਿੱਸਾ ਲੈ ਸਕਣ। ਖੂਨੀ ਵਿਸਾਖੀ ਬਾਰੇ ਮੇਰਾ ਬਿਆਨ ਕਿਸੇ ਲਈ ਚਿਤਾਵਨੀ ਜਾਂ ਡਰਾਵਾ ਬਿਲਕੁਲ ਨਹੀਂ ਸੀ ਬਲਕਿ ਇਹ ਇਤਿਹਾਸ ਵਿਚ ਵਾਪਰੇ ਮਾੜੇ ਕਾਂਡ ਤੋਂ ਸਬਕ ਲੈ ਕੇ ਅਤੇ ਹੁਣ ਸਾਵਧਾਨੀ ਵਰਤ ਕੇ ਸੁੱਖ ਸ਼ਾਂਤੀ ਦੇ ਵਿਸ਼ਵਾਸ ਭਰੇ ਮਾਹੌਲ ਸਿਰਜਣ ਸਬੰਧੀ ਸੀ।

ਖਾਲਸਾ ਸ਼ਤਾਬਦੀ ਖਾਲਸੇ ਦੀ ਮੂਲ ਭਾਵਨਾ ਨੂੰ ਸਮਰਪਤ ਹੋਵੇ। ਜਿਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਭਾਰਤੀ ਸਭਿਆਚਾਰ ਦਾ ਅਮੁੱਲ ਖਜ਼ਾਨਾ ਹੈ ਤਿਵੇਂ ਹੀ ਪੰਜ ਪਿਆਰੇ ਵੀ ਸਮੁੱਚੇ ਰਾਸ਼ਟਰ ਦੇ ਅਨਮੋਲ ਰਤਨ ਹਨ। ਖਾਲਸੇ ਦੀ ਸਿਰਜਣਾ ਵਿਚ ਕਿਰਤੀ ਅਤੇ ਹੇਠਲੀਆਂ ਸ਼੍ਰੇਣੀਆਂ ਨੇ ਸਤਾ ਅਤੇ ਜ਼ੁਲਮ ਖਿਲਾਫ ਖਲੋਣ ਦਾ ਪ੍ਰਣ ਲਿਆ ਸੀ, ਅੱਜ ਇਨ੍ਹਾਂ ਸ਼੍ਰੇਣੀਆਂ ਨੂੰ ਸਤਾ ਨਜ਼ਰ-ਅੰਦਾਜ਼ ਨਾ ਕਰੇ, ਇਸ ਦਿਹਾੜੇ ਇਨ੍ਹਾਂ ਦੀ ਸ਼ਮੂਲੀਅਤ ਵਿਸ਼ੇਸ਼ ਹੋਵੇ। ਇਹ ਦਿਹਾੜਾ ਸਭ ਲਈ ਖੁਸ਼ੀ, ਖੇੜੇ ਅਤੇ ਸਮਾਨਤਾ ਦਾ ਕਾਰਨ ਬਣੇ। ਅਕਸਰ ਹੀ ਮਹਾਨ ਵਿਅਕਤੀਆਂ ਦੇ ਜਨਮ ਦਿਹਾੜਿਆਂ ਉੱਤੇ ਕੈਦੀਆਂ ਦੀ ਸਜ਼ਾ ਘੱਟ ਕੀਤੀ ਜਾਂਦੀ ਹੈ ਜਾਂ ਸਰਬੱਤ ਦੇ ਭਲੇ ਦੇ ਪ੍ਰੋਗਰਾਮ ਉਲੀਕੇ ਜਾਂਦੇ ਹਨ। ਖਾਲਸਈ ਦਿਵਸ ਵੀ ਸਭ ਲਈ ਮਲ੍ਹਮ ਜਾਂ ਰਾਹਤ ਦਾ ਦਿਹਾੜਾ ਬਣੇ। ਕੌਮ ਆਪਸ ਵਿਚ ਨਾ ਉਲਝੇ। ਆਪਣਾ ਆਪਸੀ ਮਨ-ਮੁਟਾਵ ਭੁਲਾ ਕੇ ਸਾਂਝ ਤੇ ਏਕਤਾ ਦੀ ਮਿਸਾਲ ਕਾਇਮ ਕਰੇ। (ਮੇਰੇ 15 ਅਪ੍ਰੈਲ ਤੱਕ ਜਾਰੀ ਰਹਿਣ ਵਾਲੇ ਹੁਕਮਨਾਮੇ ਦਾ ਮਕਸਦ ਵੀ) ਅਜਿਹੀ ਭਾਵਨਾ ਨੂੰ

ਸਮਰਪਤ ਸੀ)।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਸਥਾਪਨਾ ਸ੍ਰੀ ਅਕਾਲ ਤਖ਼ਤ ਸਾਹਿਬ ਉਤੇ ਸੰਨ 1920 ਵਿਚ ਹੋਈ ਸੀ। ਦੋਹਾਂ ਜਥੇਬੰਦੀਆਂ ਦਾ ਕੁਰਬਾਨੀਆਂ ਅਤੇ ਪ੍ਰਾਪਤੀਆਂ ਵਾਲਾ ਇਤਿਹਾਸ ਹੈ। ਪਰ ਪਿਛਲੇ ਕੁਝ ਸਮੇਂ ਤੋਂ ਇਹ ਜਥੇਬੰਦੀਆਂ ਆਪਣੇ ਅਸਲੀ ਮਕਸਦ ਤੋਂ ਖਿੜਕ ਗਈਆਂ ਹਨ। ਪਿਛਲੇ ਸਮੇਂ ਵਿਚ ਪੰਜਾਬ ਅਤੇ ਸਿੱਖਾਂ ਨੇ ਜੋ ਸੰਤਾਪ ਹੰਢਾਇਆ ਹੈ, ਉਹ ਕੁਝ ਸਵਾਰਥੀ ਨੇਤਾਵਾਂ ਦੀਆਂ ਚਾਲਾਂ ਦਾ ਸਿੱਟਾ ਸੀ। ਜਦੋਂ ਰਾਜਸਤਾ ਹਾਸਲ ਕਰਨੀ ਹੋਵੇ ਤਾਂ ਮੋਰਚਾ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਲਗਦਾ ਹੈ ਅਤੇ ਮੋਰਚੇ ਦਾ ਨਾਮ ਧਰਮਯੁੱਧ ਰੱਖਿਆ ਜਾਂਦਾ ਹੈ ਪਰ ਹੁਣ ਧਰਮਯੁੱਧ ਮੋਰਚੇ ਦੀਆਂ ਮੰਗਾਂ ਕਿੱਥੇ ਗਈਆਂ? ਚੰਡੀਗੜ੍ਹ ਅਤੇ ਪੰਜਾਬੀ ਬੋਲਦੇ ਇਲਾਕੇ ਤੇ ਪਾਣੀਆਂ ਦੇ ਮਸਲੇ ਕਿੱਧਰ ਗਏ? ਕੀ ਪੰਜਾਬ ਦੇ ਬੈਂਕਾਂ ਵਿਚ ਪੰਜਾਬੀਆਂ ਦੀ ਜਮ੍ਹਾਂ ਪੂੰਜੀ ਪੰਜਾਬ ਵਿਚ ਲੱਗਣੀ ਸ਼ੁਰੂ ਹੋਈ ਹੈ? ਤੁਸਾਂ ਪੰਜਾਬ ਨੂੰ ਹਰ ਪੱਖ ਤੋਂ ਗੁਰਬਤ ਤੇ ਕੰਗਾਲੀ ਦੇ ਮੋੜ 'ਤੇ ਖੜ੍ਹਾ ਕਰ ਦਿੱਤਾ ਹੈ। ਤੁਹਾਡੀ ਸਤਾ ਦੇ ਸੇਹਰੇ ਹੇਠ ਪੰਥ ਅਤੇ ਪੰਜਾਬ ਦੀ ਪੱਗ ਰੁਲ ਰਹੀ ਹੈ। ਕੀ ਸਵਾ ਲੱਖ ਮਰਜੀਵੜਿਆਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਕਸਮਾਂ ਖਵਾਉਣ ਤੇ ਧਰਮਯੁੱਧ ਮੋਰਚੇ ਦਾ ਮਕਸਦ ਕੇਵਲ ਬਾਦਲ ਸਰਕਾਰ ਬਨਾਉਣ ਤੱਕ ਹੀ ਸੀਮਤ ਸੀ? ਅਗਰ ਉਸ ਸਮੇਂ ਦੇ ਜਥੇਦਾਰ ਨੇ ਤੁਹਾਡੇ ਤੋਂ ਲਿਖਤੀ ਪ੍ਰਣ ਲੈ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਧਰਮਯੁੱਧ ਮੋਰਚਾ ਲਾਉਣ ਦੀ ਇਜਾਜ਼ਤ ਦਿੱਤੀ ਹੁੰਦੀ ਤਾਂ ਤੁਹਾਡੇ ਲਈ ਅੱਜ ਮੋਰਚੇ ਦੀਆਂ ਮੰਗਾਂ ਤੋਂ ਭੱਜਣਾ ਸੌਖਾ ਨਾ ਹੁੰਦਾ ਅਤੇ ਤੁਹਾਡਾ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਕੀਤਾ ਪ੍ਰਣ ਤੇ ਕੀਤੀ ਅਰਦਾਸ ਮਹਿਜ਼ ਇਕ ਰਵਾਇਤ-ਮਾਤਰ ਨਾ ਬਣ ਕੇ ਰਹਿ ਜਾਂਦੀ ਸਗੋਂ ਸ਼ਹੀਦ ਦਰਸ਼ਨ ਸਿੰਘ ਫੇਰੂਮਾਨ ਵਰਗੇ ਕਹਿਣੀ ਤੇ ਕਰਨੀ ਦੇ ਪੂਰੇ ਬਣ ਕੇ ਨਿਭ ਜਾਣ ਵਾਲੇ ਦੀ ਮਹਾਨ ਰਵਾਇਤ ਕਾਇਮ ਰਹਿੰਦੀ।

ਤੁਸਾਂ ਕੁਰਬਾਨੀ ਭਾਵਨਾ ਦਾ ਨਾਸ ਮਾਰ ਕੇ ਅਕਾਲੀ ਦਲ ਨੂੰ ਜੀ-ਹਜ਼ੂਰੀਆਂ ਦੀ ਜੱਦੀ ਜਗੀਰ ਬਣਾ ਲਿਆ ਹੈ। ਸਤਾ ਦੀ ਪੌੜੀ ਚੜ੍ਹਦਿਆਂ ਹੀ ਤੁਹਾਡੇ ਲਈ ਧਾਰਮਕ ਸੰਸਥਾਵਾਂ ਦਾ ਮਹੱਤਵ ਨਿਗੂਣਾ ਹੋ ਜਾਂਦਾ ਹੈ। ਕਲ੍ਹ ਤੱਕ ਪੁਲਿਸ ਦਾਖਲੇ ਦੀ ਨਿੰਦਾ ਕਰਨ ਵਾਲਾ ਹੁਣ ਖੁਦ ਹੀ ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਕਬਜ਼ੇ ਲਈ ਅੰਦਰ ਪੁਲਿਸ ਭੇਜ ਰਿਹਾ ਹੈ। ਤੁਸੀਂ ਧਰਮ ਅਤੇ ਧਾਰਮਕ ਸੰਸਥਾਵਾਂ ਨੂੰ ਵਰਤਣਾ ਸਿੱਖ ਗਏ ਹੋ। ਜਦ ਤੁਹਾਡੇ ਹੇਠ ਕੁਰਸੀ ਨਾ ਹੋਵੇ ਤਾਂ ਤੁਸੀਂ ਪੰਥ, ਧਰਮ ਅਤੇ ਕੌਮ ਉੱਤੇ ਖਤਰੇ ਦੀ ਦੁਹਾਈ ਪਾ ਦਿੰਦੇ ਹੋ ਪਰ ਸਤਾ ਹਾਸਲ ਕਰਦਿਆਂ ਹੀ ਧਾਰਮਕ ਮੁਖੀਆਂ ਨੂੰ ਆਪਣੀ ਤਾਕਤ ਦੀ ਡੰਗੋਰੀ ਨਾਲ ਆਪਣੇ ਪੈਰੀਂ ਸੁੱਟਣ ਦੀ ਕੋਸ਼ਿਸ਼ ਕਰਦੇ ਹੋ। ਜੋ ਜਥੇਦਾਰ ਤੁਹਾਡੀ ਕੋਠੀ ਦੇ ਗੇੜੇ ਕੱਢਦੇ ਹਨ ਉਹ ਤੁਹਾਡੇ ਲਈ ਮਹਾਨ ਹਨ। ਤੁਹਾਡੇ ਲਈ ਹਰ ਚੀਜ਼ ਵਿਕਾਊ ਮਾਲ ਹੈ ਕਿਉਂਕਿ ਤੁਹਾਡੇ ਦੁਆਲੇ ਸਸਤੇ ਅਤੇ ਹੁਦਾਰ ਵਿਕਣ ਵਾਲਿਆਂ ਦੀ ਬੇਸ਼ੁਮਾਰ ਭੀੜ ਹੈ। ਇਸ ਭੀੜ ਦੀ ਕਿਲ੍ਹੇਬੰਦੀ ਹੇਠ ਤੁਸਾਂ ਪਾਪ ਅਤੇ ਪਾਕ ਦਾ ਭੇਤ ਭੁਲਾ ਦਿੱਤਾ ਹੈ। ਜੇ ਕਿਸੇ ਹੋਰ ਰਾਜਨੀਤਕ ਪਾਰਟੀ ਦੇ ਵਿਅਕਤੀ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸਜ਼ਾ ਲੱਗੇ ਤਾਂ ਖੁਸ਼ੀ ਮਨਾਉਂਦੇ ਹੋ ਪਰ ਜੇ ਤੁਹਾਡੀ ਮੰਡਲੀ ਵਿਚੋਂ ਕਿਸੇ ਨਾਲ ਅਜਿਹਾ ਹੋਣ ਲੱਗੇ ਤਾਂ ਤੁਸੀਂ ਲੋਹੇ ਲਾਖੇ ਹੋ ਜਾਂਦੇ ਹੋ ਅਤੇ ਇਸ ਨੂੰ ਆਪਣੀ ਤਾਕਤ ਦੀ ਤੌਹੀਨ

ਸਮਝਦੇ ਹੋ। ਮਹਾਰਾਜਾ ਰਣਜੀਤ ਸਿੰਘ ਇਕ ਨਿਮਾਣੇ ਸਿੱਖ ਵਜੋਂ ਸਦਾ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਤਾਬਿਆ ਰਹਿੰਦਾ ਸੀ ਪਰ ਤੁਸੀਂ ਸ੍ਰੀ ਅਕਾਲ ਤਖ਼ਤ ਸਾਹਿਬ ਨਾਲ ਟਕਰਾਉਣ ਤੇ ਮੱਥਾ ਲਾਉਣ ਦੇ ਲਗਾਤਾਰ ਫੀਲੇ ਛੱਡੀ ਜਾ ਰਹੇ ਹੋ। ਤੁਹਾਡੇ ਕੋਲ ਪੰਥ ਤੇ ਪੰਜਾਬ ਲਈ ਕੋਈ ਪ੍ਰੋਗਰਾਮ ਜਾਂ ਏਜੰਡਾ ਨਹੀਂ ਹੈ। ਅਜੇਹੇ ਪ੍ਰੋਗਰਾਮ ਅਕਸਰ ਲੀਡਰਸ਼ਿਪ ਨੇ ਤਹਿ ਕਰਨੇ ਹੁੰਦੇ ਹਨ। ਜਥੇਦਾਰ ਤਾਂ ਲੀਡਰਸ਼ਿਪ ਅਤੇ ਸਿੱਖ ਸੰਗਤ ਵਿਚਕਾਰ ਇਕ ਜਾਮਨ-ਕੜੀ ਹੈ। ਏਜੰਡਾ ਪੁੱਛਣ ਦਾ ਮਕਸਦ ਤੁਹਾਡੇ ਵਲੋਂ ਕੌਮ ਪ੍ਰਤੀ ਲਈ ਜ਼ਿੰਮੇਵਾਰੀ ਅਤੇ ਇਸ ਉੱਤੇ ਕਾਇਮ ਰਹਿਣ ਦੇ ਭਰੋਸੇ ਨਾਲ ਸਬੰਧਤ ਸੀ। ਖਾਲਸਾ ਸ਼ਤਾਬਦੀ ਮਹਿਜ਼ ਕੋਈ ਸਰਕਾਰੀ ਕਾਰਜ ਨਹੀਂ ਹੈ ਸਗੋਂ ਇਹ ਸਮੁੱਚੇ ਪੰਥ ਦਾ ਇਤਿਹਾਸਕ ਦਿਹਾੜਾ ਹੈ। ਇਸ ਸਬੰਧ ਵਿਚ ਮਹਾਨ ਸਿੱਖ ਰਵਾਇਤਾਂ ਦੀ ਸੋਧ ਲਾਜ਼ਮੀ ਹੈ। ਇਸ ਨੂੰ ਕੇਵਲ ਪੱਛਮੀ-ਤਰਜ਼ ਦੇ ਗਾਇਕਾਂ ਦੀਆਂ ਭੜਕੀਲੀਆਂ ਸੁਰਾਂ ਨਾਲ ਹੀ ਪੂਰਾ ਨਹੀਂ ਕੀਤਾ ਜਾ ਸਕਦਾ।

ਸਾਡੇ ਕੋਲ ਗੁਰੂ ਸਾਹਿਬਾਨ ਦੀਆਂ ਬਖਸ਼ੀਆਂ ਮਹਾਨ ਸਿੱਖ ਰਵਾਇਤਾਂ ਹਨ, ਜਿਨ੍ਹਾਂ ਨੂੰ ਕੋਈ ਜਥੇਦਾਰ ਜਾਂ ਨੇਤਾ ਨਾ ਤੋੜ ਸਕਦਾ ਹੈ, ਨਾ ਬਦਲ ਸਕਦਾ ਹੈ। ਕਿਸੇ ਸਰਬੱਤ ਖਾਲਸਾ ਜਾਂ ਸਮੂਹ ਸੰਗਤ ਦੀ ਮਨਜ਼ੂਰੀ ਨਾਲ ਕਿਸੇ ਤਬਦੀਲੀ ਦੀ ਸੰਭਾਵਨਾ ਹੋ ਸਕਦੀ ਹੈ ਪਰ ਤੁਸੀਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਗ੍ਰਿਫਤ ਵਿਚ ਆਏ ਆਪਣੇ ਚਹੇਤਿਆਂ ਨੂੰ ਬਚਾਉਣ ਲਈ ਸਰਕਾਰੀ ਤਾਕਤ ਨਾਲ ਮਹਾਨ ਸਿੱਖ ਰਵਾਇਤਾਂ ਉਤੇ ਹਮਲਾ ਕਰੀ ਜਾ ਰਹੇ ਹੋ। ਸ੍ਰੀ ਅਕਾਲ ਤਖ਼ਤ ਸਾਹਿਬ ਉਤੇ ਧਾਰਮਕ ਸੇਵਾ ਰਾਹੀਂ ਕਿਸੇ ਸਿੱਖ ਵਿਚ ਆਏ ਖੋਟ ਨੂੰ ਦੂਰ ਕਰਕੇ ਮੁੜ ਕੁੰਦਨ ਬਣਾਇਆ ਜਾਂਦਾ ਹੈ। ਤੁਸੀਂ ਖੋਟ ਜਾਂ ਮੈਲ ਦੂਰ ਕਰਨ ਦੇ ਰਾਹ ਵਿਚ ਲੱਤ ਗੱਡੀ ਖੜ੍ਹੇ ਹੋ। ਪੰਥ ਦੀ ਨੰਗੀ ਅੱਖ ਤੋਂ ਤੁਹਾਡੇ ਗੁਨਾਹ ਹੁਣ ਬੇ-ਪਰਦਾ ਹੋ ਰਹੇ ਹਨ। ਇਕ ਦਿਨ ਪੰਥ ਜ਼ਰੂਰ ਤੁਹਾਡੀਆਂ ਕਾਰਸਤਾਨੀਆਂ ਦਾ ਲੇਖਾ-ਜੋਖਾ ਕਰੇਗਾ।

ਮੀਰੀ ਪੀਰੀ ਦੇ ਮਾਲਕ ਸਾਹਿਬ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਤੁਹਾਨੂੰ ਅਤੇ ਤੁਹਾਡੀ ਸਲਾਹਕਾਰਾਂ ਨੂੰ ਸੁਮਤ ਬਖਸ਼ਣ.....

ਗੁਰੂ ਖਾਲਸਾ ਪੰਥ ਦੇ ਉਜਲੇ ਭਵਿੱਖ ਦੀ ਆਸ ਵਿਚ।

ਗੁਰੂ ਪੰਥ ਦਾ ਦਾਸ,

***ਰਣਜੀਤ ਸਿੰਘ***

ਜਥੇਦਾਰ, ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ।

***

***11 ਫਰਵਰੀ 1999***

## ਕੌਮ ਦੇ ਨਾਂ ਸੰਦੇਸ਼

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀਕੀ ਫਤਹਿ॥

ਅੱਜ ਮਿਤੀ 11 ਫਰਵਰੀ 1999 ਨੂੰ ਪਾਵਨ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ 10 ਫਰਵਰੀ 1999 ਨੂੰ ਬਾਦਲ ਗੁੱਟ ਵਲੋਂ ਕੀਤੀ ਗਈ ਸ਼ਰਮਨਾਕ ਅਤੇ ਘਿਨਾਉਣੀ ਕਾਰਵਾਈ ਨੂੰ ਵਿਚਾਰਦਿਆਂ ਮੈਂ ਮਹਿਸੂਸ ਕਰਦਾ ਹਾਂ ਕਿ ਪ੍ਰਕਾਸ਼ ਸਿੰਘ ਬਾਦਲ ਨੇ ਬਾਬਰ ਬਣ ਕੇ ਪਾਵਨ ਸ੍ਰੀ ਅਕਾਲ ਤਖ਼ਤ ਸਾਹਿਬ ਦੀਆਂ ਮਹਾਨ ਪ੍ਰੰਪਰਾਵਾਂ ਅਤੇ ਮੀਰੀ ਪੀਰੀ ਦੇ ਸਿਧਾਂਤ 'ਤੇ ਕਬਜ਼ਾ ਕਰ ਲਿਆ ਹੈ। ਮੈਂ ਸੰਸਾਰ ਭਰ ਦੀਆਂ ਸਿੱਖ ਸੰਗਤਾਂ ਵਲੋਂ ਮਿਲੇ ਅਧਿਕਾਰਾਂ ਦੀ

ਵਰਤੋਂ ਕਰਦਾ ਹੋਇਆ ਸਿੱਖ ਕੌਮ ਨੂੰ ਬੜੀ ਨਿਮਰਤਾ ਸਹਿਤ ਅਪੀਲ ਕਰਦਾ ਹਾਂ ਕਿ ਪ੍ਰਕਾਸ਼ ਸਿੰਘ ਬਾਦਲ ਅਤੇ ਇਸਦੀ ਸਲਾਹਕਾਰ ਜੁੰਡਲੀ ਦਾ ਰਾਜਨੀਤਕ ਅਤੇ ਧਾਰਮਕ ਖੇਤਰ ਵਿਚ ਕਦੀ ਵਿਸ਼ਵਾਸ ਨਾ ਕੀਤਾ ਜਾਵੇ। ਪ੍ਰਕਾਸ਼ ਸਿੰਘ ਬਾਦਲ ਸਿੱਖੀ ਦੇ ਰੁੱਖ 'ਤੇ ਅਮਰਵੇਲ ਬਣ ਕੇ ਛਾਇਆ ਹੋਇਆ ਹੈ, ਜਿਸ ਨੇ ਚਾਰ ਦਹਾਕਿਆਂ ਤੋਂ ਸ੍ਰੀ ਗੁਰੂ ਨਾਨਕ ਦੇਵ ਜੀ ਵਲੋਂ ਲਾਏ ਇਸ ਸਿੱਖੀ ਦੇ ਰੁੱਖ ਨੂੰ ਵਧਣ-ਫੁੱਲਣ ਨਹੀਂ ਦਿੱਤਾ। "ਪੰਚ ਪ੍ਰਧਾਨੀ" ਮਰਯਾਦਾ ਦੀ ਕਦਰ ਕਰਦਾ ਹੋਇਆ ਅਤੇ ਸਰਬੰਸਦਾਨੀ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਕਿਰਪਾ ਦੁਆਰਾ ਆ ਰਹੇ 300 ਸਾਲਾ ਖਾਲਸਾ ਸ਼ਤਾਬਦੀ ਦਿਵਸ ਨੂੰ ਧਿਆਨ ਵਿਚ ਰਖਦਿਆਂ ਮੈਂ ਅੱਜ ਮਿਤੀ 11 ਫਰਵਰੀ 1999 ਦੀ ਮੀਟਿੰਗ ਅਣਮਿਥੇ ਸਮੇਂ ਲਈ ਮੁਲਤਵੀ ਕਰਦਾ ਹਾਂ।

ਗੁਰੂ ਪੰਥ ਦਾ ਦਾਸ

*ਰਣਜੀਤ ਸਿੰਘ*

ਜਥੇਦਾਰ, ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ।

***

***11 ਅਗਸਤ 1999***

ਕੁਲਵੰਤ ਸਿੰਘ
ਸਕੱਤਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ
ਸਤਿਕਾਰਯੋਗ ਭਾਈ ਰਣਜੀਤ ਸਿੰਘ ਜੀ,
ਵਾਹਿਗੁਰੂ ਜੀ ਕਾ ਖਾਲਸਾ।
ਵਾਹਿਗੁਰੂ ਜੀ ਕੀ ਫਤਹਿ॥

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਜਦੋਂ ਆਪ ਜੀ ਨੂੰ ਬਤੌਰ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਸੇਵਾ ਸੌਂਪੀ ਗਈ ਸੀ ਤਾਂ ਹੋਰ ਕੋਈ ਸਥਾਈ ਪ੍ਰਬੰਧ ਏਨੀ ਜਲਦੀ ਨਾ ਹੋ ਸਕਣ ਕਾਰਨ ਅਸਥਾਈ ਰਿਹਾਇਸ਼ ਲਈ ਆਪ ਜੀ ਨੂੰ ਸ੍ਰੀ ਗੁਰੂ ਰਾਮਦਾਸ ਹਸਪਤਾਲ ਸਥਿਤ ਮੈਡੀਕਲ ਸੁਪਿਰਟੈਂਡੈਂਟ ਲਈ ਨੀਯਤ ਕੋਠੀ ਦਿੱਤੀ ਗਈ ਸੀ।

ਹੁਣ ਜਦਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਬੰਧਕ ਕਮੇਟੀ ਵਲੋਂ ਆਪਣੀ ਇਕੱਤਰਤਾ ਮਿਤੀ 28-4-1999 ਦੇ ਮਤਾ ਨੰਬਰ 563 ਰਾਹੀਂ ਆਪ ਜੀ ਨੂੰ ਸੇਵਾ ਮੁਕਤ ਕੀਤਾ ਜਾ ਚੁੱਕਾ ਹੈ ਪਰ ਹਸਪਤਾਲ ਵਿਚ ਮੈਡੀਕਲ ਸੁਪਿਰਟੈਂਡੈਂਟ ਦੀ ਸਥਾਈ ਰਿਹਾਇਸ਼ ਨਾ ਹੋਣ ਕਾਰਨ ਹਸਪਤਾਲ ਦੇ ਪ੍ਰਬੰਧ ਅਤੇ ਮਰੀਜਾਂ ਦੀ ਦੇਖਭਾਲ ਵਿਚ ਤਰੁੱਟੀਆਂ ਰਹਿੰਦੀਆਂ ਹਨ, ਇਸ ਲਈ ਇਸ ਰਿਹਾਇਸ਼ ਦੀ ਹਸਪਤਾਲ ਦੀ ਬੇਹਤਰੀ ਲਈ ਤੁਰਤ ਜਰੂਰਤ ਹੈ।

ਆਪ ਕਿਉਂਕਿ ਸਮੁੱਚੇ ਸਿੱਖ ਜਗਤ ਦੇ ਸਰਵਉਚ ਧਾਰਮਿਕ ਅਹੁਦੇ ਤੇ ਬਿਰਾਜਮਾਨ ਰਹੇ ਹੋ ਇਸ ਲਈ ਅੱਜ ਵੀ ਸਤਿਕਾਰਯੋਗ ਹੋ। ਇਸ ਲਈ ਜੇਕਰ ਹਸਪਤਾਲ ਵਰਗੀ ਸੰਸਥਾ ਦੇ ਪ੍ਰਬੰਧ ਵਿਚ ਕਿਸੇ ਢਿੱਲਿਆਈ ਦਾ ਕਾਰਨ ਆਪ ਬਣੇ ਤਾਂ ਇਹ ਕਿਸੇ ਵੀ ਤਰ੍ਹਾਂ ਸ਼ੋਭਨੀਕ ਨਹੀਂ ਹੋਵੇਗਾ।

ਇਸ ਲਈ ਅਤੀ ਸਤਿਕਾਰ ਸਹਿਤ ਆਪਜੀ ਨੂੰ ਬੇਨਤੀ ਹੈ ਕਿ ਆਪ ਜੀ ਨੇ

ਮੈਡੀਕਲ ਸੁਪਰੀਡੈਂਟ ਲਈ ਬਣਾਈ ਗਈ ਰਿਹਾਇਸ਼ ਜੋ ਇਸ ਸਮੇਂ ਆਪ ਪਾਸ ਹੈ, ਸ਼ੀਘਰ ਹੀ ਖਾਲੀ ਕਰ ਦੇਣ ਦੀ ਕ੍ਰਿਪਾਲਤਾ ਕਰਨੀ। ਧੰਨਵਾਦੀ ਹੋਵਾਂਗਾ।

ਸ਼ੁੱਭਚਿੰਤਕ
ਕੁਲਵੰਤ ਸਿੰਘ

ਸਤਿਕਾਰ ਸਹਿਤ,
ਸਤਿਕਾਰਯੋਗ ਭਾਈ ਰਣਜੀਤ ਸਿੰਘ ਜੀ,
ਸਾਬਕਾ ਜਥੇਦਾਰ, ਸ੍ਰੀ ਅਕਾਲ ਤਖ਼ਤ ਸਾਹਿਬ,
ਸ੍ਰੀ ਗੁਰੂ ਰਾਮਦਾਸ ਹਸਪਤਾਲ ਕੰਪਲੈਕਸ, ਸ੍ਰੀ ਅੰਮ੍ਰਿਤਸਰ।

***

ਅੱਜ ਜਦੋਂ ਸ. ਪ੍ਰਕਾਸ਼ ਸਿੰਘ ਬਾਦਲ ਪੰਥ ਦੇ ਨਾਂ 'ਤੇ ਮਿਲਿਆ ਆਪਣਾ ਰਾਜ-ਭਾਗ ਗੁਆ ਕੇ ਇਕ ਵਾਰ ਫਿਰ "ਪੰਥ ਨੂੰ ਖਤਰੇ" ਦੀ ਬੂ-ਦੁਹਾਈ ਪਾ ਰਿਹਾ ਹੈ ਅਤੇ ਆਪਣੇ ਆਪ ਨੂੰ ਪੰਥਕ ਅਤੇ ਆਪਣੇ ਵਿਰੋਧੀ ਸਿੱਖਾਂ ਨੂੰ ਕਾਂਗਰਸੀ ਕਹਿ ਕੇ ਭੰਡ ਰਿਹਾ ਹੈ ਤਾਂ ਸਿੰਘ ਸਾਹਿਬ ਭਾਈ ਰਣਜੀਤ ਸਿੰਘ ਜੀ ਦੀ ਕੀਤੀ ਉਪਰੋਕਤ ਭਵਿੱਖਬਾਣੀ ਕਿਵੇਂ ਅੱਖਰ ਅੱਖਰ ਸੱਚ ਸਾਬਤ ਹੋ ਰਹੀ ਹੈ। ਇਹ ਸਿੱਖ ਪੰਥ ਦੀਆਂ ਅੱਖਾਂ ਖੋਲ੍ਹਣ ਵਾਲੀ ਹੈ। ਜਾਪਦਾ ਹੈ ਕਿ ਅੱਜ ਸ. ਬਾਦਲ ਨੂੰ ਇਹ ਵੀ ਸਮਝ ਆ ਰਿਹਾ ਹੋਵੇਗਾ ਕਿ ਉਸਦੀ ਸਲਾਹਕਾਰ ਜੁੰਡਲੀ ਨੇ ਹੀ ਉਸਦੇ ਰਾਜ ਅਤੇ ਉਸਦੇ ਸਿਆਸੀ ਜੀਵਨ ਦੀ ਕਬਰ ਪੁੱਟੀ ਹੈ। ਇਸੇ ਲਈ ਹੁਣ ਉਹ ਥੁੱਕਿਆ ਚੱਟ ਕੇ ਇਕ ਵਾਰ ਫਿਰ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪ੍ਰਧਾਨ ਬਣਾਉਣ ਲਈ ਮਜ਼ਬੂਰ ਹੋਇਆ ਹੈ, ਜਿਨ੍ਹਾਂ ਨੂੰ ਉਸਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਨਾਮੇ ਦੀ ਉਲੰਘਣਾਂ ਕਰਕੇ ਇਸ ਅਹੁਦੇ ਤੋਂ ਲਾਹਿਆ ਸੀ।

ਅਫਸੋਸ! ਕਿ ਅੱਜ ਸਾਡੇ ਕੋਲ ਗੁਰੂ ਸਾਹਿਬਾਨ ਵਲੋਂ ਦੂਰਦ੍ਰਿਸ਼ਟੀ ਨਾਲ ਦਿੱਤੀ ਹੋਈ ਮਹਾਨ ਸੰਸਥਾ ਸ੍ਰੀ ਅਕਾਲ ਤਖ਼ਤ ਸਾਹਿਬ ਇਨ੍ਹਾਂ ਅਖੌਤੀ ਅਕਾਲੀਆਂ ਨੇ ਆਪਣੇ ਜਲੌਅ ਵਿਚ ਨਹੀਂ ਰਹਿਣ ਦਿੱਤੀ, ਜਿਹੜੀ ਇਨ੍ਹਾਂ ਦੇ ਕੀਤੇ ਕੰਮਾ ਦੀ ਨਜ਼ਰਸਾਨੀ ਕਰਦੀ ਤੇ ਕੌਮ ਨੂੰ ਕੋਈ ਨਵਾਂ ਰਾਹ ਵਿਖਾਉਂਦੀ।

■

# ਅਤਿੰਕਾ - 1

*27 ਸਤੰਬਰ 1979*

(14 ਪੰਨਿਆਂ ਦੀ ਉਹ ਚਿੱਠੀ, ਜਿਸ ਦਾ ਜਿਕਰ ਕੈਪਟਨ ਅਮਰਿੰਦਰ ਸਿੰਘ ਨੇ ਸਿੰਘ ਸਾਹਿਬ ਨੂੰ ਲਿਖੀ ਆਪਣੀ ਚਿੱਠੀ ਵਿਚ ਕੀਤਾ ਹੈ। ਸ. ਪ੍ਰਕਾਸ਼ ਸਿੰਘ ਬਾਦਲ ਵਿਰੁੱਧ ਇਹ ਚਿੱਠੀ 1979 ਨੂੰ ਜਥੇਦਾਰ ਗੁਰਚਰਨ ਸਿੰਘ ਟੌਹੜਾ ਤੇ ਜਥੇਦਾਰ ਜਗਦੇਵ ਸਿੰਘ ਤਲਵੰਡੀ ਨੇ ਸਿੰਘ ਸਾਹਿਬਾਨ ਨੂੰ ਭੇਜੀ ਸੀ।)

ੴ ਵਾਹਿਗੁਰੂ ਜੀ ਕੀ ਫਤਹਿ॥

ਪਾਵਨ ਸੇਵਾ ਵਿਖੇ,

ਸਿੰਘ ਸਾਹਿਬ ਸ੍ਰੀਮਾਨ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ

ਸਿੰਘ ਸਾਹਿਬ ਸ੍ਰੀਮਾਨ ਜਥੇਦਾਰ ਸ੍ਰੀ ਕੇਸਗੜ੍ਹ ਸਾਹਿਬ

ਸਿੰਘ ਸਾਹਿਬ ਸ੍ਰੀਮਾਨ ਗਿਆਨੀ ਕ੍ਰਿਪਾਲ ਸਿੰਘ ਜੀ ਹੈੱਡ ਗ੍ਰੰਥੀ,

ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ।

ਪਰਮ ਕ੍ਰਿਪਾਲੂ ਜੀਓ,

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

ਆਪ ਜੀ ਵਲੋਂ ਕੁਝ ਦਿਨ ਪਹਿਲਾਂ ਪੰਥਕ ਹਿਤਾਂ ਨੂੰ ਮੁੱਖ ਰਖਦਿਆਂ, ਪੰਥਕ ਏਕਤਾ ਲਈ ਇਕ ਅਪੀਲ ਜਾਰੀ ਕੀਤੀ ਗਈ ਸੀ। ਇਸ ਨੂੰ ਦੂਸਰੀ ਧਿਰ ਵਲੋਂ ਕੋਈ ਸਹੀ ਹੁੰਗਾਰਾ ਨਾ ਮਿਲਣ ਦੇ ਕਾਰਨ, ਖਾਲਸਾ ਪੰਥ ਦੇ ਮੁਖੀ ਸੇਵਾਦਾਰ ਹੋਣ ਨਾਤੇ ਅੱਜ ਅਸੀਂ ਇਸ ਨਤੀਜੇ ਪਰ ਪਹੁੰਚੇ ਹਾਂ ਕਿ ਜਿਵੇਂ ਅਸੀਂ ਬੀਤੇ ਸਮੇਂ ਵਿਚ ਪੰਥਕ ਸਿਧਾਂਤਾਂ ਅਤੇ ਪ੍ਰੋਗਰਾਮਾਂ ਦੀ ਬਲੀ ਦੇ ਕੇ ਏਕਤਾ ਨੂੰ ਕਾਇਮ ਰੱਖਿਆ ਹੈ ਇਸ ਦੇ ਉਲਟ ਸ: ਪ੍ਰਕਾਸ਼ ਸਿੰਘ ਬਾਦਲ ਅਤੇ ਉਸ ਦੇ ਸਾਥੀ, ਵਜ਼ੀਰ ਅਤੇ ਨਜ਼ਦੀਕੀ ਰਿਸ਼ਤੇਦਾਰ ਸ਼ਹੀਦਾਂ ਦੀ ਸਿਰਮੌਰ ਜਥੇਬੰਦੀ ਸ਼੍ਰੋਮਣੀ ਅਕਾਲੀ ਦਲ ਅਤੇ ਸਮੁੱਚੇ ਪੰਥ ਨੂੰ ਦੋਫਾੜ ਕਰਨ ਲਈ ਤੁੱਲੇ ਹੀ ਨਹੀਂ ਰਹੇ ਬਲਕਿ ਅੱਜ ਨਿਖਰ ਕੇ ਸਾਹਮਣੇ ਆ ਗਏ ਹਨ। ਰਾਜਭਾਗ ਦੇ ਬਲਬੂਤੇ 'ਤੇ ਕਿਸੇ ਪਾਸੇ ਤੋਂ ਆਈ ਕਿਸੇ ਪੰਥਦਰਦੀ ਦੀ ਅਪੀਲ 'ਤੇ ਵਿਚਾਰ ਕਰਨ ਨੂੰ ਤਿਆਰ ਨਹੀਂ ਹੋਏ। ਅਸੀਂ ਆਪ ਜੀ ਦੇ ਰਾਹੀਂ, ਅੱਜ, ਇਸ ਲਈ ਕਿ ਆਪ ਜੀ ਸਿੱਖ ਸ਼ਕਤੀ ਦੇ ਸ਼੍ਰੋਮਣੀ ਅਸਥਾਨ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਜਥੇਦਾਰ ਸਾਹਿਬ ਹੋ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਸਾਹਿਬ ਅਤੇ ਸ੍ਰੀ ਦਰਬਾਰ ਸਾਹਿਬ ਜੀ ਦੇ ਹੈੱਡ ਗ੍ਰੰਥੀ ਸਾਹਿਬ ਹੋ, ਸ਼੍ਰੋਮਣੀ ਅਕਾਲੀ ਦਲ ਅਤੇ ਸਮੁੱਚੇ ਖਾਲਸਾ ਪੰਥ ਨਾਲ ਵਾਪਰੇ ਅਤੇ ਵਾਪਰ ਰਹੇ ਹਾਲਾਤ ਦੇ ਪਿਛੋਕੜ ਬਾਰੇ ਜਾਣੂੰ ਕਰਵਾਉਣਾ ਜ਼ਰੂਰੀ ਸਮਝਦੇ ਹਾਂ।

ਦੁੱਖ ਦੀ ਗੱਲ ਹੈ ਕਿ ਸ: ਪ੍ਰਕਾਸ਼ ਸਿੰਘ ਬਾਦਲ, ਖਾਲਸਾ ਪੰਥ ਦੀ ਕਿਰਪਾ ਅਤੇ

ਬਖਸ਼ਿਸ਼ ਨੂੰ ਭੁੱਲ ਗਏ ਹਨ ਅਤੇ ਉਨ੍ਹਾਂ ਇਤਿਹਾਸਕ ਤੱਥਾਂ ਨੂੰ ਜਿਨ੍ਹਾਂ ਨੂੰ ਅੱਜ ਦੀ ਪੀੜ੍ਹੀ ਨੇ ਦੇਸ਼ ਦੇ ਬਟਵਾਰੇ ਤੋਂ ਪਹਿਲਾਂ ਅਤੇ ਪਿਛੋਂ ਆਪਣੀਆਂ ਅੱਖਾਂ ਨਾਲ ਤੱਕਿਆ ਅਤੇ ਅੱਜ ਵੀ ਉਨ੍ਹਾਂ ਵਿਚੋਂ ਪੈਦਾ ਹੋਏ ਬੇਪਨਾਹ ਦੁੱਖਾਂ ਅਤੇ ਦਰਦਾਂ ਨੂੰ ਆਪਣੇ ਹਿਰਦਿਆਂ ਵਿਚ ਦਬਾਈ ਬੈਠੇ ਹਨ, ਤੋਂ ਸ: ਬਾਦਲ ਆਪਣੇ ਸਾਥੀਆਂ ਸਮੇਤ, ਕੋਈ ਸਬਕ ਸਿੱਖਣ ਲਈ ਤਿਆਰ ਨਹੀਂ ਹੋ ਸਕੇ।

**ਐਮਰਜੈਂਸੀ ਤੋਂ ਫੌਰਨ ਪਿਛੋਂ** : ਸ੍ਰੀ ਅਕਾਲ ਤਖ਼ਤ ਸਾਹਿਬ ਦੇ ਓਟ ਆਸਰੇ ਦਾ ਸਦਕਾ ਅਤੇ ਖਾਲਸਾ ਪੰਥ ਦੀਆਂ ਕੁਰਬਾਨੀਆਂ ਦੇ ਕਾਰਨ ਦੇਸ਼ ਦੇ ਲੋਕਾਂ ਨੂੰ ਅਜ਼ਾਦੀ ਦਾ ਮੂੰਹ ਵੇਖਣਾ ਨਸੀਬ ਹੋਇਆ। ਲੋਕ ਸਭਾ ਦੀਆਂ ਚੋਣਾਂ ਹੋਈਆਂ ਤੇ ਅਕਾਲਪੁਰਖ ਨੇ ਖਾਲਸਾਪੰਥ ਨੂੰ ਜਿੱਤ ਪ੍ਰਦਾਨ ਕੀਤੀ। ਅਸੀਂ ਲੋਕ ਸਭਾ ਵਿਚ ਗਏ। ਉਸ ਸਮੇਂ ਅਸਾਂ ਸ: ਪ੍ਰਕਾਸ਼ ਸਿੰਘ ਬਾਦਲ ਨੂੰ ਵਿਸ਼ੇਸ਼ ਤੌਰ 'ਤੇ ਪੁੱਛਿਆ ਕਿ ਤੁਸੀਂ ਕੇਂਦਰ ਵਿਚ ਰਹਿਣਾ ਪਸੰਦ ਕਰੋਗੇ ਜਾਂ ਕਿ ਪੰਜਾਬ ਵਿਚ? ਇਨ੍ਹਾਂ ਦਾ ਜਵਾਬ ਸੀ ਕਿ ਮੈਂ ਕੇਂਦਰ ਵਿਚ ਹੀ ਰਹਾਂਗਾ, ਪ੍ਰੰਤੂ ਜਦੋਂ ਇਹ ਕੇਂਦਰ ਵਿਚ ਆਪਣੀ ਜ਼ਿੰਮੇਵਾਰੀ ਅਤੇ ਵਜ਼ਾਰਤ ਦੇ ਕੰਮ ਨੂੰ ਆਪਣੀ ਨਾ-ਅਹਿਲੀਅਤ ਦੇ ਕਾਰਨ ਨਾ ਚਲਾ ਸਕੇ ਤਾਂ ਆਪਣੀ ਮਸਨੂਈ ਬਿਮਾਰੀ ਦਾ ਬਹਾਨਾ ਲਾ ਕੇ ਪੰਜਾਬ ਵਾਪਸ ਆਉਣ ਲਈ ਉਤਾਵਲੇ ਹੋ ਗਏ। ਇਨ੍ਹਾਂ ਵੱਲੋਂ ਕੀਤੇ ਗਏ ਤਰਲੇ-ਮਿੰਨਤਾਂ ਤੋਂ ਪਿਛੋਂ ਪੰਥਕ ਜਥੇਬੰਦੀ ਨੇ ਇਨ੍ਹਾਂ ਨੂੰ ਬਾ-ਵਕਾਰ ਤਰੀਕੇ ਨਾਲ ਵਾਪਸ ਪੰਜਾਬ ਲਿਆਂਦਾ।

**ਅਸੈਂਬਲੀ ਚੋਣਾਂ ਸਮੇਂ**: ਹੁਣ ਤੱਕ ਸਾਹਮਣੇ ਆਏ ਤੱਥਾਂ, ਵਾਪਰੇ ਤੇ ਵਾਪਰ ਰਹੇ ਹਾਲਾਤ ਦੇ ਆਧਾਰ 'ਤੇ ਅਸੀਂ ਇਸ ਸਿੱਟੇ 'ਤੇ ਪੁੱਜੇ ਹਾਂ ਕਿ ਸ: ਬਾਦਲ ਲੋਕ ਸਭਾ ਵਿਚ ਜਾਣ ਤੋਂ ਫੌਰਨ ਪਿਛੋਂ ਪੰਥ ਦੁਸ਼ਮਣ ਜਮਾਤ ਜਨਸੰਘ ਅਤੇ ਆਰ.ਐਸ.ਐਸ. ਨਾਲ ਭਿਆਲੀ ਪਾ ਕੇ, ਉਨ੍ਹਾਂ ਨਾਲ ਆਪਣੇ ਹਿਤਾਂ ਨੂੰ ਸਾਂਝਿਆਂ ਕਰ ਚੁੱਕੇ ਸਨ ਅਤੇ ਗੁਪਤ ਰੂਪ ਵਿਚ ਇਨ੍ਹਾਂ ਜਥੇਬੰਦੀਆਂ ਦੇ ਸਿਰਕੱਢ ਮੁਖੀਆਂ ਨੂੰ, ਪੰਥ ਅਤੇ ਪੰਥਕ ਜਥੇਬੰਦੀ ਦੇ ਹਿਤਾਂ ਦਾ ਘਾਤ ਕਰਨ ਲਈ ਵਿਸ਼ਵਾਸ ਦਿਵਾ ਚੁੱਕੇ ਸਨ। ਲੰਮੇ ਸਮੇਂ ਤੋਂ ਹਿੰਦੂ ਰਾਸ਼ਟਰ ਦਾ ਟੀਚਾ ਰੱਖਣ ਵਾਲੀ ਇਸ ਜਥੇਬੰਦੀ ਨੂੰ ਸਿੱਖ ਕੌਮ 'ਚੋਂ ਇਕ ਅਜਿਹੇ ਸਿੱਖ ਆਗੂ ਦੀ ਲੋੜ ਸੀ। ਸ: ਬਾਦਲ ਉਨ੍ਹਾਂ ਦੀ ਕਸਵੱਟੀ 'ਤੇ ਪੂਰਾ ਉਤਰਿਆ ਅਤੇ ਉਨ੍ਹਾਂ ਦੀਆਂ ਇਛਾਵਾਂ ਤੋਂ ਕਿਤੇ ਵੱਧ ਯੋਗ ਨਿਕਲਿਆ। ਸ: ਬਾਦਲ ਨੇ ਸਦਾ ਲਈ ਆਪਣੀ ਕੁਰਸੀ ਨੂੰ ਕਾਇਮ ਰੱਖਣ ਦਾ ਇਕੋ ਇਕ ਰਾਹ ਜੋ ਕੱਢਿਆ ਉਹ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਵਿਚ ਘੱਟ ਤੋਂ ਘੱਟ ਅਕਾਲੀ ਉਮੀਦਵਾਰਾਂ ਨੂੰ ਚੋਣਾਂ ਲੜਾਉਣਾ ਅਤੇ ਤਾਕਤ ਦਾ ਤਵਾਜ਼ਨ ਸ਼ਕਤੀਸ਼ਾਲੀ ਰੂਪ ਵਿਚ ਜਨਸੰਘ ਦੇ ਹੱਥਾਂ ਵਿਚ ਸੌਂਪਣਾ ਸੀ। ਪੰਥਕ ਲੀਡਰਸ਼ਿਪ ਅਤੇ ਜਥੇਬੰਦੀ ਇਕ ਬਹੁਤ ਵੱਡੇ ਸੰਗਰਾਮ ਵਿਚੋਂ ਲੰਘ ਕੇ ਪੰਜਾਬ ਵਿਧਾਨ ਸਭਾ ਲਈ ਟਿਕਟਾਂ ਦੇਣ ਦੇ ਪੜਾਅ ਤੱਕ ਪਹੁੰਚੀ ਸੀ। ਇਸ ਲਈ ਕਿ ਸ: ਬਾਦਲ ਉਨ੍ਹਾਂ ਸੰਗਰਾਮ ਕਰਨ ਵਾਲਿਆਂ ਵਿਚੋਂ ਇਕ ਸਨ, ਦੇ ਪੰਥ ਵਿਰੋਧੀ ਕਪਟੀ ਇਰਾਦਿਆਂ ਨੂੰ ਸਮਝਣਾ ਮੁਸ਼ਕਲ ਸੀ। ਉਸ ਸਮੇਂ ਇਹ ਜਾਨਣਾ ਵੀ ਮੁਸ਼ਕਲ ਸੀ ਕਿ ਸਰਦਾਰ ਬਾਦਲ ਜਾਗੀਰਦਾਰੀ ਹਿਤਾਂ ਦੀ ਰੱਖਿਆ ਕਰਨ ਲਈ ਦਿਲ ਹੀ ਦਿਲ ਵਿਚ ਕੀ ਗੋਂਦਾਂ ਗੁੰਦੀ ਬੈਠੇ ਹਨ।

ਜਿਸ ਸਮੇਂ ਵਿਧਾਨ ਸਭਾ ਦੀਆਂ ਸੀਟਾਂ ਦੀ ਵੰਡ ਹੋਣ ਲੱਗੀ ਸ: ਬਾਦਲ ਨੇ ਉਸ ਸੋਚੀ ਸਮਝੀ ਸਾਜ਼ਿਸ਼ ਅਧੀਨ ਜਿਸ ਤੋਂ ਕਿ ਅਸੀਂ ਪੂਰੀ ਤਰ੍ਹਾਂ ਅਣਜਾਣ ਸਾਂ, ਜਨਸੰਘ ਨੂੰ

ਵੱਧ ਤੋਂ ਵੱਧ ਸੀਟਾਂ ਦੇਣ ਦੀ ਵਕਾਲਤ ਕੀਤੀ ਅਤੇ ਇਸਦਾ ਅਧਾਰ ਹਿੰਦੂ ਸਿੱਖ ਏਕਤਾ ਬਣਾ ਕੇ ਆਪਣੀ ਕੂਟਲਨੀਤੀ ਨੂੰ ਛੁਪਾਉਂਦੇ ਰਹੇ। ਸ: ਬਾਦਲ ਵਲੋਂ ਕੀਤੀ ਗਈ ਅੰਧਾ-ਧੁੰਦ ਵਕਾਲਤ ਅਤੇ ਪ੍ਰਗਟਾਏ ਗਏ ਦ੍ਰਿਸ਼ਟੀਕੋਣ ਅਨੁਸਾਰ ਪੱਕੀਆਂ ਅਕਾਲੀ ਸੀਟਾਂ ਵੀ ਜਨਸੰਘ ਪਾਰਟੀ ਨੂੰ ਦਿੱਤੀਆਂ ਗਈਆਂ।

**ਅਕਾਲੀ ਜਨਤਾ ਸਰਕਾਰ ਅਤੇ ਅਨੰਦਪੁਰ ਮਤਾ:** ਵਜ਼ਾਰਤ ਬਣਨ ਤੋਂ ਪਿਛੋਂ ਪ੍ਰਧਾਨਗੀ ਦੀ ਚੋਣ ਲਈ 28 ਅਗਸਤ, 1997 ਨੂੰ ਸ਼੍ਰੋਮਣੀ ਅਕਾਲੀ ਦਲ ਦਾ ਜਨਰਲ ਸਮਾਗਮ ਤੇਜਾ ਸਿੰਘ ਸਮੁੰਦਰੀ ਹਾਲ ਵਿਚ ਹੋਇਆ। ਇਸ ਇਜਲਾਸ ਵਿਚ "ਇਤਿਹਾਸਕ ਅਨੰਦਪੁਰ ਮਤੇ" ਨੂੰ ਜੋ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੀ ਦਰਸ਼ਨੀ ਡਿਉਢੀ ਵਿਚ ਪਾਸ ਕੀਤਾ ਗਿਆ ਸੀ, ਇਸ ਲਈ ਕਿ ਇਹ ਇਜਲਾਸ ਪਹਿਲਾ ਇਜਲਾਸ ਸੀ, ਜਨਰਲ ਸਮਾਗਮ ਵਲੋਂ ਪ੍ਰਵਾਨਗੀ ਦਿੱਤੀ ਜਾਣੀ ਜ਼ਰੂਰੀ ਸੀ ਪ੍ਰੰਤੂ ਸ: ਬਾਦਲ ਅਤੇ ਇਨ੍ਹਾਂ ਦੇ ਸਾਥੀ ਜਨਸੰਘੀ ਫਿਰਕਾਪ੍ਰਸਤਾਂ ਤੋਂ ਡਰ ਕੇ ਇਸ ਇਤਿਹਾਸਕ ਮਹੱਤਤਾ ਵਾਲੇ ਮਤੇ ਨੂੰ ਜਨਰਲ ਹਾਊਸ ਵਿਚ ਲੈ ਆਉਣ ਤੋਂ ਰੋਕਦੇ ਰਹੇ। ਦੋ ਘੰਟੇ ਦੀ ਲੰਬੀ ਬਹਿਸ ਤੋਂ ਉਪਰੰਤ ਉਸ ਮਤੇ ਨੂੰ ਪੂਰਨ ਰੂਪ ਵਿਚ ਨਹੀਂ ਬਲਕਿ ਇਕ ਲਾਈਨ ਵਿਚ ਹੀ ਉਸ ਦੀ ਪ੍ਰਵਾਨਗੀ ਲਈ ਸਹਿਮਤ ਹੋਏ। ਇਸ ਤੋਂ ਕੁਝ ਸਮਾਂ ਬਾਅਦ ਮੁੱਖ ਮੰਤਰੀ ਸ: ਪ੍ਰਕਾਸ਼ ਸਿੰਘ ਬਾਦਲ ਨੇ ਸੂਬਿਆਂ ਨੂੰ ਖੁਦਮੁਖਤਿਆਰੀ ਦੇਣ ਦੇ ਮਤੇ ਪਰ ਖੁਦਮੁਖਤਿਆਰੀ ਮੰਗਣ ਵਾਲੇ ਰਾਜਾਂ ਦੇ ਮੁੱਖ ਮੰਤਰੀਆਂ ਨੂੰ ਚੰਡੀਗੜ੍ਹ ਬੁਲਾਉਣ ਦਾ ਐਲਾਨ ਕੀਤਾ। ਐਪਰ ਜਦੋਂ ਸ: ਬਾਦਲ ਨੂੰ ਦਿੱਲੀ ਵਾਲੇ ਅਤੇ ਇਥੋਂ ਵਾਲੇ ਜਨਤਾ ਪਾਰਟੀ ਦੇ ਫਿਰਕੂ ਗਰੋਹ ਨੇ ਅੱਖਾਂ ਵਿਖਾਈਆਂ ਤਾਂ ਇਹ ਸ਼੍ਰੋਮਣੀ ਅਕਾਲੀ ਦਲ ਦੇ ਪੁਰਾਣੇ ਸਿਧਾਂਤ ਤੋਂ ਨਾ ਕੇਵਲ ਪਿਛਾਂਹ ਹਟੇ ਬਲਕਿ ਉਸ ਸਿਧਾਂਤ ਦੀ ਰੂਪ-ਰੇਖਾ ਨੂੰ ਵਿਗਾੜ ਕੇ ਮਾਲੀ ਅਧਿਕਾਰਾਂ 'ਤੇ ਆ ਗਏ ਅਤੇ ਪੰਥ ਵਿਰੋਧੀਆਂ ਨਾਲ ਮਿਲ ਕੇ "ਸੂਬਿਆਂ ਨੂੰ ਖੁਦਮੁਖਤਿਆਰੀ ਦੇਣ" ਲਈ ਸੱਦੀ ਗਈ ਮੁੱਖ ਮੰਤਰੀਆਂ ਦੀ ਕਾਨਫਰੰਸ ਦਾ ਵਿਚਾਰ ਛੱਡ ਦਿੱਤਾ। ਅਸਾਂ ਇਨ੍ਹਾਂ ਪਾਸ ਅਜਿਹਾ ਕਰਨ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਅਤੇ ਕਿਹਾ ਕਿ ਜੇਕਰ ਤੁਸੀਂ ਸ਼੍ਰੋਮਣੀ ਅਕਾਲੀ ਦਲ ਦੇ ਉਲੀਕੇ ਪ੍ਰੋਗਰਾਮਾਂ ਨੂੰ ਕਹਿ ਸਕਣ ਦੀ ਦਲੇਰੀ ਵੀ ਨਹੀਂ ਰੱਖਦੇ ਤਾਂ ਇਸ ਨੂੰ ਵਿਗਾੜਨ ਦਾ ਯਤਨ ਵੀ ਨਾ ਕਰੋ।

**ਮਾਰਚ, 1978 ਰਾਜ ਸਭਾ ਦੀ ਚੋਣ:** ਮਾਰਚ 1978 ਵਿਚ ਰਾਜ ਸਭਾ ਦੀ ਹੋਈ ਚੋਣ ਸਮੇਂ ਸ: ਪ੍ਰਕਾਸ਼ ਸਿੰਘ ਬਾਦਲ ਇਸ ਦੇ ਰਿਸ਼ਤੇਦਾਰਾਂ ਅਤੇ ਖਾਸ ਚਹੇਤਿਆਂ ਨੇ 7 ਵੋਟਾਂ ਡਾਕਟਰ ਬੀਬੀ ਰਾਜਿੰਦਰ ਕੌਰ, ਜੋ ਕਿ ਅਕਾਲੀ ਉਮੀਦਵਾਰ ਸਨ, ਦੇ ਵਿਰੁੱਧ ਪਾਈਆਂ, ਜਿਸ ਦੀ ਪੰਥ ਅਤੇ ਪਾਰਟੀ ਵਿਚ ਬਹੁਤ ਚਰਚਾ ਹੋਈ, ਐਪਰ ਏਕਤਾ ਟੁੱਟਣ ਦੇ ਡਰ ਕਾਰਨ ਉਨ੍ਹਾਂ ਪਰ ਕੋਈ ਐਕਸ਼ਨ ਨਾ ਲਿਆ ਜਾ ਸਕਿਆ।

**ਪੁੰਡਰੀ ਫਾਇਰਿੰਗ ਸਿੰਘਾਂ ਦੀ ਸ਼ਹੀਦੀ ਅਤੇ ਸ: ਸੁਖਜਿੰਦਰ ਸਿੰਘ ਦੀ ਬਰਤਰਫੀ:** ਪੁੰਡਰੀ ਵਿਖੇ ਨਿਹੰਗ ਸਿੰਘਾਂ ਨੂੰ ਸ਼ਹੀਦ ਕੀਤਾ ਗਿਆ ਅਤੇ ਉਥੇ ਹੀ ਹੋਰ ਸਿੰਘਾਂ ਪਰ ਕੀਤੇ ਗਏ ਜ਼ੁਲਮ ਤੋਂ ਆਪ ਜੀ ਭਲੀਭਾਂਤ ਜਾਣੂੰ ਹੋ। ਪੁੰਡਰੀ ਖੂਨੀਕਾਂਡ ਦੇ ਸਬੰਧ ਵਿਚ ਸ: ਸੁਖਜਿੰਦਰ ਸਿੰਘ ਨੇ ਰੋਸਮਈ ਬਿਆਨ ਦਿੱਤੇ, ਸਿੱਖ ਹਿਤਾਂ ਦੀ ਰੱਖਿਆ ਲਈ ਨਿਰੰਕਾਰੀ ਇਸ਼ੂ 'ਤੇ ਆਵਾਜ਼ ਬੁਲੰਦ ਕੀਤੀ, ਪੰਜਾਬ ਨੂੰ ਦੋ-ਭਾਸ਼ਾਈ ਸੂਬਾ ਬਨਾਉਣ ਦੇ ਯਤਨਾਂ ਦਾ ਕੈਬਨਿਟ ਵਿਚ ਸਿੱਧਾ ਅਤੇ ਤਿੱਖਾ ਵਿਰੋਧ ਕਰਨ, ਡੈਮਾਂ ਦਾ ਕੰਟਰੋਲ, ਨਹਿਰੀ ਪਾਣੀ ਦੀ

ਵੰਡ ਅਤੇ ਹੈੱਡ ਵਰਕਸਾਂ ਦੇ ਕੰਟਰੋਲ 'ਤੇ ਪੰਜਾਬ ਦਾ ਹੱਕ ਜਿਤਾਉਣਾ ਅਤੇ ਆਪਣੇ ਪਾਰਟੀ ਪੱਖੀ ਸਟੈਂਡ ਨੂੰ ਕਾਇਮ ਰੱਖਣ ਅਤੇ ਕੈਬਨਿਟ ਮੀਟਿੰਗ ਵਿਚ ਜਨਸੰਘ ਦੀਆਂ ਕੂਟਲਨੀਤੀਆਂ ਦਾ ਵਿਰੋਧ ਕਰਨ ਦੇ ਕਾਰਨ ਸ: ਬਾਦਲ ਨੇ ਗੁੱਸੇ ਹੋ ਕੇ ਸ: ਸੁਖਜਿੰਦਰ ਸਿੰਘ ਨੂੰ, ਪਾਰਟੀ ਨੂੰ ਭਰੋਸੇ ਵਿਚ ਲੈਣ ਤੋਂ ਬਿਨਾਂ ਹੀ ਨਿਰਮੂਲ ਅਤੇ ਬੇਹੂਦਾ ਇਲਜ਼ਾਮ ਲਾ ਕੇ ਵਜ਼ਾਰਤ ਤੋਂ ਬਰਤਰਫ ਕਰ ਦਿੱਤਾ। ਇਸ ਪਰ ਪਾਰਟੀ ਨੇ ਸਖਤ ਨੋਟਿਸ ਲਿਆ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਵਰਕਿੰਗ ਕਮੇਟੀ ਦੀ ਮੀਟਿੰਗ 14 ਅਕਤੂਬਰ, 1978 ਨੂੰ ਸੱਦ ਲਈ। ਸ: ਬਾਦਲ ਨੇ ਸਰਕਾਰੀ ਮਸ਼ੀਨਰੀ ਦੀ ਗਲਤ ਵਰਤੋਂ ਕਰਦਿਆਂ ਜਥੇਬੰਦੀ ਨੂੰ ਦੋਫਾੜ ਕਰਨ ਲਈ ਤੇਜਾ ਸਿੰਘ ਸਮੁੰਦਰੀ ਹਾਲ ਦੇ ਅੱਗੇ ਹਜ਼ਾਰਾਂ ਲੋਕਾਂ ਦਾ ਇਕੱਠ ਕਰ ਲਿਆ ਅਤੇ ਸ੍ਰੀ ਦਰਬਾਰ ਸਾਹਿਬ ਦੇ ਘੇਰੇ ਵਿਚ ਸਿੱਖੀ ਰਵਾਇਤਾਂ ਦੇ ਉਲਟ ਬੈਂਡ ਵਾਜੇ ਮੰਗਵਾ ਕੇ ਆਪਣਾ ਸਵਾਗਤ ਕਰਵਾਇਆ, ਪੰਥਕ ਲੀਡਰਸ਼ਿਪ ਵਿਰੁੱਧ ਨਾਹਰੇਬਾਜ਼ੀ ਕਰਵਾਈ। ਐਪਰ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਅਤੇ ਵਰਕਿੰਗ ਕਮੇਟੀ ਦੇ ਦੂਰ-ਦਰਸ਼ੀ, ਸੂਝ ਅਤੇ ਸਿਆਣਪ ਭਰੇ ਫੈਸਲੇ ਨੇ ਪਾਰਟੀ ਅਤੇ ਪਾਰਟੀ ਪ੍ਰਧਾਨ ਨੂੰ ਸੁਪਰੀਮ ਮਨਾਉਂਦਿਆਂ ਇਸ ਸਮੇਂ ਜਥੇਬੰਦੀ ਨੂੰ ਟੁੱਟਣ ਤੋਂ ਬਚਾਉਣਾ ਹੀ ਯੋਗ ਸਮਝਿਆ।

**13 ਅਪ੍ਰੈਲ ਦਾ ਖ਼ੂਨੀ ਸਾਕਾ ਨਕਲੀ ਨਿਰੰਕਾਰੀ ਵਲੋਂ ਸਿੰਘਾਂ ਦੀਆਂ ਸ਼ਹੀਦੀਆਂ:** ਸ੍ਰੀ ਅੰਮ੍ਰਿਤਸਰ ਦੀ ਪਵਿੱਤਰ ਧਰਤੀ 'ਤੇ 13 ਅਪ੍ਰੈਲ, 1978 ਵਾਲੇ ਦਿਨ ਪੰਥਕ ਹਿਰਦਿਆਂ ਨੂੰ ਛਲਨੀ ਕਰ ਦੇਣ ਵਾਲੀ ਖ਼ੂਨੀ ਘਟਨਾ ਵਾਪਰੀ। ਇਸ ਦੇ ਫਲਸਰੂਪ ਨਕਲੀ ਨਿਰੰਕਾਰੀਆਂ ਵਲੋਂ 13 ਸਿੰਘ ਸ਼ਹੀਦ ਕੀਤੇ ਗਏ। ਸਿੱਖ ਜਗਤ ਅੰਦਰ ਗ਼ਮ ਅਤੇ ਗੁੱਸੇ ਦੀ ਲਹਿਰ ਦੌੜ ਗਈ। ਸ਼ਹੀਦ ਕਰਨ ਵਾਲੇ ਤੇ ਸ਼ਹੀਦਾਂ ਦੇ ਕਥਿਤ ਕ਼ਾਤਲ ਗੁਰਬਚਨੇ ਨੂੰ ਤਾਂ ਸ: ਬਾਦਲ ਦੇ ਉਸ ਵੇਲੇ ਦੇ ਚੀਫ ਸੈਕਟਰੀ ਨੇ ਪੰਜਾਬ ਪੁਲਿਸ ਰਾਹੀਂ ਬਾਇੱਜ਼ਤ ਪੰਜਾਬ ਤੋਂ ਬਾਹਰ ਕੱਢ ਦਿੱਤਾ। ਉਸ ਉਪਰੰਤ ਵਰਕਿੰਗ ਕਮੇਟੀ ਵਿਚ ਚੀਫ ਸੈਕਟਰੀ ਅਤੇ ਨਕਲੀ ਨਿਰੰਕਾਰੀਆਂ ਦੀਆਂ ਪੁਸਤਕਾਂ ਦੀ ਜ਼ਬਤੀ ਦਾ ਮਾਮਲਾ ਮਤਿਆਂ ਰਾਹੀਂ ਪਾਸ ਹੁੰਦਾ ਰਿਹਾ ਪਰ ਮੁੱਖ ਮੰਤਰੀ ਅਤੇ ਇਸ ਦੇ ਕੁਝ ਸਾਥੀ ਮੰਤਰੀਆਂ ਵੱਲੋਂ ਸਿੱਖੀ ਦੇ ਘਾਤਕਾਂ ਨੂੰ ਖ਼ੁਸ਼ ਕਰਨ ਲਈ ਟਾਲਮਟੋਲ ਦੀ ਨੀਤੀ ਨੂੰ ਹੀ ਅਮਲ ਵਿਚ ਲਿਆਂਦਾ ਗਿਆ ਅਤੇ ਲਿਆਂਦਾ ਚਲਾ ਆ ਰਿਹਾ ਹੈ।

**ਕਾਨ੍ਹਪੁਰ ਦਾ ਖ਼ੂਨੀ ਸਾਕਾ:** ਬਦਕਿਸਮਤੀ ਨਾਲ ਖ਼ੂਨੀ ਸਾਕਾ ਮੁੜ ਵਾਪਰਿਆ। ਨਕਲੀ ਨਿਰੰਕਾਰੀਆਂ ਵੱਲੋਂ ਕਾਨ੍ਹਪੁਰ ਵਿਚ ਕੁਝ ਸਿੰਘਾਂ ਨੂੰ ਫੇਰ ਸ਼ਹੀਦ ਕਰ ਦਿੱਤਾ ਗਿਆ। ਇਸ ਲਈ ਕਿ ਇਹ ਦੁੱਖ ਸਮੁੱਚੀ ਸਿੱਖ ਕੌਮ ਦਾ ਸਾਂਝਾ ਦੁੱਖ ਸੀ, ਅਸੀਂ ਦੋਵੇਂ ਇਸ ਅਸਹਿ ਅਤੇ ਅਕਹਿ ਦੁੱਖ ਵਿਚ ਸ਼ਾਮਲ ਹੋਣ ਲਈ ਕਾਨ੍ਹਪੁਰ ਗਏ। ਸਿੱਖ ਜਗਤ ਵਲੋਂ ਮੁੜ ਕਿਤਾਬਾਂ 'ਤੇ ਪਾਬੰਦੀ ਦੀ ਆਵਾਜ਼ ਉੱਠੀ। ਦਿੱਲੀ ਦੇ ਸਿੰਘਾਂ ਦੀ ਸ਼ਹੀਦੀ ਤੋਂ ਬਾਅਦ ਫਿਰ ਵਰਕਿੰਗ ਕਮੇਟੀ ਦੀ ਮੀਟਿੰਗ ਹੋਈ। ਉਸ ਵਿਚ ਵਰਕਿੰਗ ਕਮੇਟੀ ਵਲੋਂ ਕਿਤਾਬਾਂ 'ਤੇ ਪਾਬੰਦੀ ਲਾਉਣ ਦਾ ਮੁੜ ਫੈਸਲਾ ਕੀਤਾ ਗਿਆ। ਪਰ ਸ: ਬਾਦਲ ਨੇ ਮੀਟਿੰਗ ਵਾਲੇ ਸਥਾਨ ਪਰ ਹੀ ਆਪਣੀ ਵੱਖਰੀ ਮੀਟਿੰਗ ਕੀਤੀ ਅਤੇ ਸੰਤ ਹਰਚੰਦ ਸਿੰਘ ਲੌਂਗੋਵਾਲ ਰਾਹੀਂ ਭਰੋਸਾ ਦਿਵਾਇਆ ਕਿ 7 ਦਿਨਾਂ ਦੇ ਅੰਦਰ-ਅੰਦਰ ਨਕਲੀ ਨਿਰੰਕਾਰੀ ਪੁਸਤਕਾਂ ਪੁਰ ਪਾਬੰਦੀ ਲਗਾ ਦਿੱਤੀ ਜਾਵੇਗੀ ਪਰ ਇਹ ਸਮਾਂ ਅੱਜ ਤੱਕ ਨਹੀਂ ਆਇਆ।

**ਕਿਸਾਨ ਰੈਲੀ:** ਚੌਧਰੀ ਚਰਨ ਸਿੰਘ ਦੇ ਜਨਮ ਦਿਨ 'ਤੇ ਕਿਸਾਨ ਸੰਮੇਲਨ ਵੱਲੋਂ

ਦਿੱਲੀ ਵਿਚ ਇਕ ਬਹੁਤ ਵੱਡੀ ਰੈਲੀ ਕੀਤੀ ਗਈ। ਸ: ਬਾਦਲ ਨੇ ਸਾਨੂੰ ਆਖ ਕੇ ਸ਼੍ਰੋਮਣੀ ਅਕਾਲੀ ਦਲ ਦੀ ਵਰਕਿੰਗ ਕਮੇਟੀ ਦੀ ਮੀਟਿੰਗ ਬੁਲਵਾਈ। ਉਸ ਵਿਚ ਚੌਧਰੀ ਚਰਨ ਸਿੰਘ ਦੀ ਰੈਲੀ ਵਿਚ ਸ਼ਾਮਲ ਹੋਣ ਦਾ ਫੈਸਲਾ ਕਰਵਾਇਆ ਗਿਆ।

**ਸ਼੍ਰੋਮਣੀ ਕਮੇਟੀ ਦੀਆਂ ਚੋਣਾਂ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਆਈਆਂ। ਟਿਕਟਾਂ ਦੀ ਵੰਡ ਸਰਬਸੰਮਤੀ ਨਾਲ ਹੋਈ, ਇਸ ਦੇ ਬਾਵਜੂਦ ਮੁੱਖ ਮੰਤਰੀ ਅਤੇ ਇਸ ਦੇ ਨਜ਼ਦੀਕੀ ਰਿਸ਼ਤੇਦਾਰਾਂ ਸ: ਰਵੀਇੰਦਰ ਸਿੰਘ ਅਤੇ ਹੋਰ ਸਾਥੀ ਮੰਤਰੀਆਂ ਨੇ ਪੰਥ ਵਿਰੋਧੀ ਸਾਜ਼ਿਸ਼ ਕਰਕੇ ਪੰਥਕ ਉਮੀਦਵਾਰਾਂ ਦੇ ਮੁਕਾਬਲੇ 'ਤੇ ਆਪਣੇ ਉਮੀਦਵਾਰ ਖੜ੍ਹੇ ਕੀਤੇ। ਇਸ ਦੇ ਬਾਵਜੂਦ ਸ਼੍ਰੋਮਣੀ ਅਕਾਲੀ ਦਲ 8 ਸੀਟਾਂ ਤੋਂ ਬਗੈਰ ਬਾਕੀ ਸਾਰੀਆਂ ਸੀਟਾਂ ਉਪਰ ਜਿੱਤਿਆ। ਇਸ ਜਿੱਤ ਉਪਰੰਤ ਅਹੁਦੇਦਾਰਾਂ ਦੀ ਚੋਣ ਸਮੇਂ ਸ: ਬਾਦਲ, ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਬਜਾਏ ਜਥੇਦਾਰ ਜੀਵਨ ਸਿੰਘ ਉਮਰਾਨੰਗਲ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਸੀਨੀਅਰ ਮੀਤ ਪ੍ਰਧਾਨ ਬਨਾਉਣ ਲਈ ਬਜ਼ਿਦ ਰਹੇ। ਕਿਉਂਕਿ ਜਥੇਦਾਰ ਉਮਰਾਨੰਗਲ ਨਕਲੀ ਨਿਰੰਕਾਰੀਆਂ ਦਾ ਹਿਤੈਸ਼ੀ ਅਤੇ ਵਜ਼ੀਰ ਸੀ। ਅਸਾਂ ਇਸ ਪਰੰਪਰਾ ਨੂੰ ਕਾਇਮ ਨਾ ਹੋਣ ਦਿੱਤਾ। ਸ: ਬਾਦਲ ਨੇ ਖੁਲ੍ਹੇ ਰੂਪ ਵਿਚ ਅਤੇ ਪ੍ਰੈਸ ਰਾਹੀਂ ਕੀਤੇ ਗਏ ਇਸ ਫੈਸਲੇ ਨਾਲ ਅਸਹਿਮਤੀ ਪ੍ਰਗਟ ਕੀਤੀ, ਜਿਸ ਦੇ ਫਲਸਰੂਪ ਜਥੇਦਾਰ ਉਮਰਾਨੰਗਲ ਨੇ ਗੁੱਸੇ ਵਿਚ ਆ ਕੇ ਸਾਡੇ ਵਿਰੁਧ ਹੀ ਨਹੀਂ ਬਲਕਿ ਸੰਤ ਹਰਚੰਦ ਸਿੰਘ ਲੌਂਗੋਵਾਲ, ਬੀਬੀ ਸਤਵੰਤ ਕੌਰ, ਸ: ਸੁਖਜਿੰਦਰ ਸਿੰਘ, ਸ: ਰਣਧੀਰ ਸਿੰਘ ਚੀਮਾ ਅਤੇ ਸ: ਜਸਵਿੰਦਰ ਸਿੰਘ ਬਰਾੜ ਆਦਿ ਵਿਰੁੱਧ ਪ੍ਰੈਸ ਰਾਹੀਂ ਕਿਰਦਾਰਕੁਸ਼ੀ ਕੀਤੀ ਅਤੇ ਅਪਮਾਨਜਨਕ ਦੋਸ਼ ਲਗਾਏ। ਜਿਸ ਸ: ਬਾਦਲ ਨੇ ਸ: ਸੁਖਜਿੰਦਰ ਸਿੰਘ ਨੂੰ ਸਿੱਖੀ ਦੀ ਗੱਲ ਆਖਣ ਬਦਲੇ ਜਨਸੰਘੀਆਂ ਦੀ ਖੁਸ਼ੀ ਲਈ ਵਜ਼ਾਰਤ ਵਿਚੋਂ ਪਾਸੇ ਕੀਤਾ ਸੀ, ਉਸ ਮੁੱਖ ਮੰਤਰੀ ਸ: ਬਾਦਲ ਨੇ ਜਥੇਦਾਰ ਉਮਰਾਨੰਗਲ ਵਿਰੁਧ ਨਾ ਜ਼ੁਬਾਨ ਖੋਲ੍ਹੀ ਅਤੇ ਨਾ ਹੀ ਆਪਣੀਆਂ ਅੱਖਾਂ ਖੋਲ੍ਹੀਆਂ, ਸਗੋਂ ਵਰਕਿੰਗ ਕਮੇਟੀ ਦੀ ਮੀਟਿੰਗ ਵਿਚ ਸ: ਬਾਦਲ, ਸ: ਰਵੀਇੰਦਰ ਸਿੰਘ ਅਤੇ ਸ: ਆਤਮਾ ਸਿੰਘ ਸਮੇਤ ਜਥੇਦਾਰ ਉਮਰਾਨੰਗਲ ਦੀ ਹਮਾਇਤ ਹੀ ਨਹੀਂ ਕਰਦੇ ਰਹੇ ਬਲਕਿ ਇਹ ਧਮਕੀਆਂ ਦਿੰਦੇ ਰਹੇ ਕਿ ਜੇਕਰ ਜਥੇਦਾਰ ਉਮਰਾਨੰਗਲ ਵਿਰੁੱਧ ਕੋਈ ਵੀ ਐਕਸ਼ਨ ਲਿਆ ਗਿਆ, ਸ਼੍ਰੋਮਣੀ ਅਕਾਲੀ ਦਲ ਨੂੰ ਦੋਫਾੜ ਕਰ ਦਿੱਤਾ ਜਾਵੇਗਾ।

**ਸਿੱਖ ਇਕ ਵੱਖਰੀ ਕੌਮ ਹੈ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਾਹਿਬ ਵਲੋਂ ਜੋ ਪਾਲਿਸੀ ਪ੍ਰੋਗਰਾਮ ਜਾਰੀ ਕੀਤਾ ਗਿਆ ਇਸ ਵਿਚ "ਸਿੱਖ ਇਕ ਵੱਖਰੀ ਕੌਮ ਹੈ" ਦੀ ਗੱਲ ਆਖੀ ਗਈ, ਇਸ ਦੇ ਵਿਰੁੱਧ ਸ: ਬਾਦਲ ਦੇ ਸਹਿਯੋਗੀ ਜਨਸੰਘੀ ਵਜ਼ੀਰਾਂ ਨੇ ਸ: ਬਾਦਲ ਦੀ ਸ਼ਹਿ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਾਹਿਬ ਲਈ ਅਪਮਾਨਜਨਕ ਸ਼ਬਦਾਂ ਦੀ ਵਰਤੋਂ ਕੀਤੀ ਅਤੇ ਇਨ੍ਹਾਂ ਨੂੰ ਦੇਸ਼ ਦੇ ਗੱਦਾਰ ਗਰਦਾਨਿਆ। (ਪਾਲਿਸੀ ਪ੍ਰੋਗਰਾਮ ਦੀਆਂ ਤਿੰਨ ਕਾਪੀਆਂ ਨਾਲ ਨੱਥੀ ਹਨ)

**ਲੋਕ ਸੰਪਰਕ ਵਿਭਾਗ:** ਮੁੱਖ ਮੰਤਰੀ ਪੰਜਾਬ ਦੇ ਲੋਕ ਸੰਪਰਕ ਵਿਭਾਗ ਵਲੋਂ ਲਗਾਤਾਰ ਢਾਈ ਸਾਲਾਂ ਤੋਂ ਮਹਾਸ਼ਾ ਪ੍ਰੈਸ ਰਾਹੀਂ ਮੁੱਖ ਪੰਥਕ ਆਗੂਆਂ ਵਿਰੁੱਧ, ਸਿੱਖੀ ਦੀ ਗੱਲ ਕਰਨ ਬਦਲੇ ਸਰਕਾਰੀ ਅਸਰ ਰਸੂਖ ਰਾਹੀਂ ਕੋਝਾ ਪ੍ਰਚਾਰ ਅਤੇ ਕਿਰਦਾਰਕੁਸ਼ੀ ਨੂੰ ਜਾਰੀ ਰੱਖਿਆ ਚਲਿਆ ਆ ਰਿਹਾ ਹੈ, ਜਿਸ ਤੋਂ ਖਾਲਸਾ ਪੰਥ ਭਲੀਭਾਂਤ ਜਾਣੂੰ ਹੈ।

ਆਰ.ਐਸ.ਐਸ. ਅਤੇ ਜਨਸੰਘ ਕਾਰਨ ਜਨਤਾ ਪਾਰਟੀ ਦਾ ਖੇਰੂੰ-ਖੇਰੂੰ ਹੋਣਾ: ਆਪ ਜੀ ਨੂੰ ਯਾਦ ਹੋਵੇਗਾ ਕਿ ਸ: ਬਾਦਲ ਨੇ ਕੁਝ ਸਾਲ ਪਹਿਲਾਂ ਮੁਕਤਸਰ ਸਾਹਿਬ ਵਿਖੇ ਇਕ ਭਾਰੀ ਇਕੱਠ ਵਿਚ ਚੌਧਰੀ ਚਰਨ ਸਿੰਘ ਨੂੰ ਕਾਰ ਅਤੇ ਥੈਲੀ ਭੇਂਟ ਕੀਤੀ ਸੀ। ਪੰਥਕ ਲੀਡਰਸ਼ਿਪ ਨਾਲ ਜਾਣਕਾਰੀ ਕਰਵਾ ਕੇ ਆਪਣੀ ਸਾਂਝ ਨੂੰ ਪੱਕਿਆਂ ਕਰਨ ਲਈ ਪੰਜਾਬ ਦੀ ਬਾਂਹ ਚੌਧਰੀ ਚਰਨ ਸਿੰਘ ਨੂੰ ਪਕੜਾਈ ਸੀ। ਇਸ ਲਈ ਕਿ ਸ: ਬਾਦਲ ਦੇ ਜਾਗੀਰਦਾਰੀ ਹਿਤਾਂ ਦੀ ਰੱਖਿਆ ਧਨਾਢ ਸਰਮਾਇਆਦਾਰ ਸ਼੍ਰੇਣੀ ਨਾਲ ਸਾਂਝਾਂ ਪੱਕੀਆਂ ਕਰਨ ਵਿਚ ਸੀ। ਸ: ਬਾਦਲ ਚੌਧਰੀ ਚਰਨ ਸਿੰਘ ਦਾ ਸਾਥ ਛੱਡ ਗਏ, ਇਸ ਲਈ ਕਿ ਸ਼੍ਰੋਮਣੀ ਅਕਾਲੀ ਦਲ ਸਿੱਖ ਕਾਮਿਆਂ ਕਿਰਤੀਆਂ ਕਿਰਸਾਨਾਂ ਅਤੇ ਦਰੜੇ ਵਰਗਾਂ ਦੀ ਜਥੇਬੰਦੀ ਹੈ, ਚੌਧਰੀ ਚਰਨ ਸਿੰਘ ਨੂੰ ਆਪਣਾ ਹਿਤੈਸ਼ੀ ਸਮਝ ਕੇ ਉਸ ਦੀ ਸਹਾਇਕ ਬਣੀ ਹੈ, ਚੌਧਰੀ ਚਰਨ ਸਿੰਘ ਫਿਰਕੂ ਜਥੇਬੰਦੀ ਜਨਸੰਘ ਅਤੇ ਆਰ.ਐਸ.ਐਸ. ਦਾ ਹਮਾਇਤੀ ਨਹੀਂ ਹੈ। ਜਨਤਾ ਪਾਰਟੀ ਵਿਚ ਕੌਮੀ ਪੱਧਰ 'ਤੇ ਆਰ.ਐਸ.ਐਸ. ਤੇ ਜਨਤਾ ਪਾਰਟੀ ਦੀ ਡਬਲ ਮੈਂਬਰਸ਼ਿਪ ਦਾ ਮਸਲਾ ਗੰਭੀਰ ਰੂਪ ਧਾਰਨ ਕਰ ਗਿਆ। ਚੌਧਰੀ ਚਰਨ ਸਿੰਘ ਅਤੇ ਉਨ੍ਹਾਂ ਦੇ ਪੱਖੀ ਡਬਲ ਮੈਂਬਰਸ਼ਿਪ ਦੇ ਅਸੂਲ ਨੂੰ ਮੰਨਣ ਤੋਂ ਇਨਕਾਰੀ ਹੋ ਕੇ ਪਾਰਟੀ ਵਿਚੋਂ ਬਾਹਰ ਆ ਗਏ। ਜਨਤਾ ਪਾਰਟੀ ਦੇ ਖੇਰੂੰ-ਖੇਰੂੰ ਹੋ ਜਾਣ ਦੇ ਕਾਰਨ ਕੇਂਦਰ ਵਿਚ ਆਰ.ਐਸ.ਐਸ. ਦੀ ਪ੍ਰਧਾਨਤਾ ਵਾਲੀ ਜਨਤਾ ਪਾਰਟੀ ਦੀ ਸਰਕਾਰ ਟੁੱਟ ਗਈ ਅਤੇ ਇਸ ਦੀ ਥਾਂ ਚੌਧਰੀ ਚਰਨ ਸਿੰਘ ਦੀ ਸਰਕਾਰ ਵਜੂਦ ਵਿਚ ਆ ਗਈ। ਸ਼੍ਰੋਮਣੀ ਅਕਾਲੀ ਦਲ ਨੇ ਪੰਥ ਅਤੇ ਪੰਜਾਬ ਦੇ ਹਿਤਾਂ ਨੂੰ ਮੁੱਖ ਰਖਦਿਆਂ ਚੌਧਰੀ ਚਰਨ ਸਿੰਘ ਦੀ ਹਮਾਇਤ ਕੀਤੀ ਅਤੇ ਕਰ ਰਿਹਾ ਹੈ।

ਸ: ਬਾਦਲ ਜਨਸੰਘ ਨਾਲ ਰੱਖੀ ਚਲੀ ਆ ਰਹੀ ਸਾਂਝ ਨੂੰ ਹੋਰ ਪੱਕਿਆਂ ਕਰਨ ਲਈ ਸਿੱਖ ਕੌਮ ਦੀਆਂ ਕੁਰਬਾਨੀਆਂ ਦੇ ਸਦਕਾ ਹੋਂਦ ਵਿਚ ਆਏ ਪੰਜਾਬੀ ਸੂਬੇ ਨੂੰ ਜਨਸੰਘ ਦੇ ਦਬਾਓ ਹੇਠ ਅੱਠਵੀਂ ਦੇ ਪ੍ਰਾਈਵੇਟ ਵਿਦਿਆਰਥੀਆਂ ਨੂੰ ਹਿੰਦੀ ਵਿਚ ਪਰਚੇ ਦੇਣ ਦੀ ਛੋਟ ਦੇ ਕੇ, ਜਦ ਕਿ ਇਹ ਛੋਟ ਦੇਸ ਦੇ ਕਿਸੇ ਹੋਰ ਸੂਬੇ ਵਿਚ ਨਹੀਂ ਦਿੱਤੀ ਜਾਂਦੀ ਅਤੇ ਪੰਜਾਬੀ ਭਾਸ਼ਾ ਦੀ ਉਨਤੀ ਨੂੰ ਸਰਕਾਰੀ ਅਤੇ ਗ਼ੈਰ-ਸਰਕਾਰੀ ਪੱਧਰ 'ਤੇ ਠੱਪ ਕਰਕੇ ਪੰਜਾਬ ਨੂੰ ਦੋ-ਭਾਸ਼ਾਈ ਬਣਾਉਂਦਾ ਚਲਾ ਆ ਰਿਹਾ ਹੈ।

ਸ: ਬਾਦਲ ਸਿੱਖੀ ਦੇ ਕੱਟੜ ਵਿਰੋਧੀਆਂ ਨੂੰ ਖੁਸ਼ ਕਰਨ ਲਈ ਸ਼੍ਰੋਮਣੀ ਅਕਾਲੀ ਦਲ ਨੂੰ ਦੋਫਾੜ ਕਰਨ ਵਾਸਤੇ ਰਾਜ ਸੱਤਾ ਦੀ ਦੁਰਵਰਤੋਂ ਕਰ ਰਿਹਾ ਹੈ। ਪੰਜਾਬ ਵਿਚ ਅਕਾਲੀ ਜਨਸੰਘ ਸਮਝੌਤਾ ਖਤਮ ਹੋਣ ਦੇ ਬਾਵਜੂਦ ਉਨ੍ਹਾਂ ਚੇਅਰਮੈਨਾਂ ਨੂੰ ਜਿਨ੍ਹਾਂ ਦਾ ਸਬੰਧ ਜਨਸੰਘ ਅਤੇ ਆਰ.ਐਸ.ਐਸ. ਨਾਲ ਹੈ ਜਿਉਂ ਦੀ ਤਿਉਂ ਕਾਇਮ ਰੱਖਿਆ ਹੋਇਆ ਹੈ ਅਤੇ ਕੁਰਬਾਨੀਆਂ ਵਾਲੇ ਅਕਾਲੀ ਵਰਕਰ ਸ: ਹਰਚਰਨ ਸਿੰਘ ਹੀਰੋ ਨੂੰ ਬਿਨਾਂ ਕਾਰਨ ਬਰਤਰਫ ਕਰ ਦਿੱਤਾ ਗਿਆ ਹੈ, ਜਿਨ੍ਹਾਂ ਜੁਝਾਰੂ ਅਕਾਲੀ ਵਰਕਰਾਂ ਦੀਆਂ ਕੁਰਬਾਨੀਆਂ ਦਾ ਸਦਕਾ ਸ: ਬਾਦਲ ਮੁੱਖ ਮੰਤਰੀ ਹੈ। ਸ਼੍ਰੋਮਣੀ ਅਕਾਲੀ ਦਲ ਦੀ ਵਰਕਿੰਗ ਕਮੇਟੀ ਦੇ ਕੀਤੇ ਫੈਸਲਿਆਂ ਦੇ ਬਾਵਜੂਦ ਉਨ੍ਹਾਂ ਵਰਕਰਾਂ ਨੂੰ ਮਾਰਕੀਟ ਕਮੇਟੀਆਂ, ਇੰਪਰੂਵਮੈਂਟ ਟਰੱਸਟਾਂ ਅਤੇ ਮਸ਼ਾਵਰਤੀ ਕਮੇਟੀਆਂ ਆਦਿ ਵਿਚ ਲਗਾ ਕੇ ਸਤਿਕਾਰ ਕਰਨਾ ਵੀ ਯੋਗ ਨਹੀਂ ਸਮਝਿਆ।

ਇਹ ਪੜ੍ਹ ਕੇ ਆਪ ਜੀ ਹੈਰਾਨ ਹੋਵੋਗੇ ਕਿ ਕੁਝ ਹਫਤੇ ਪਹਿਲਾਂ ਪ੍ਰਧਾਨ ਸਾਹਿਬ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸ: ਬਾਦਲ ਨੂੰ ਪੁਰਾਣੇ ਪੰਜਾਬ ਨਾਲ ਸਬੰਧਤ ਗੁਰਧਾਮਾਂ ਦੀਆਂ ਜਾਇਦਾਦ ਨੂੰ ਰੈਂਟ ਕੰਟਰੋਲ ਐਕਟ ਤੋਂ ਮੁਕਤ ਕਰਵਾਉਣ ਲਈ ਲਿਖਿਆ ਗਿਆ ਸੀ। ਬਜਾਏ ਇਸ ਦੇ ਕਿ ਪੰਥ ਤੋਂ ਪ੍ਰਾਪਤ ਹੋਈ ਸ਼ਕਤੀ ਦਾ ਅਹਿਸਾਸ ਕਰਦਿਆਂ ਸ: ਬਾਦਲ ਇਨ੍ਹਾਂ ਗੁਰਧਾਮਾਂ ਦੀ ਜਾਇਦਾਦ ਨੂੰ ਰੈਂਟ ਕੰਟਰੋਲ ਐਕਟ ਤੋਂ ਮੁਕਤ ਕਰਦੇ, ਜਨਸੰਘ ਦੇ ਮੈਂਬਰ ਵਿਧਾਨ ਸਭਾ ਸ੍ਰੀ ਮਨਮੋਹਨ ਕਾਲੀਆ ਦੀ ਚੇਅਰਮੈਨਸ਼ਿਪ ਹੇਠ ਕਮੇਟੀ ਬਣਾ ਕੇ, ਉਸ ਅੱਗੇ ਕੇਸ ਪੇਸ਼ ਕਰਨ ਲਈ ਪ੍ਰਧਾਨ ਸਾਹਿਬ ਸ਼੍ਰੋਮਣੀ ਕਮੇਟੀ ਨੂੰ ਲਿਖ ਦਿੱਤਾ। ਸ: ਬਾਦਲ ਨੇ ਅਜਿਹਾ ਕਰਕੇ ਸਿੱਖੀ ਵਿਰੋਧੀ ਵਿਸ਼ਵਾਸ ਦਾ ਪ੍ਰਗਟਾਵਾ ਹੀ ਨਹੀਂ ਕੀਤਾ ਬਲਕਿ ਜਨਸੰਘ ਨੂੰ ਯਕੀਨ ਦਿਵਾਇਆ ਹੈ ਕਿ ਉਹ ਅਵੱਲ ਅਤੇ ਆਖਰ ਜਨਸੰਘ ਲਈ ਹਨ। **ਵਰਤਮਾਨ ਸਥਿਤੀ:** ਸ: ਬਾਦਲ ਨੇ ਰਾਜ ਦੀ ਕੁੱਲ ਸ਼ਕਤੀ ਨੂੰ ਗੈਰਅਕਾਲੀਆਂ ਅਤੇ ਰਿਸ਼ਤੇਦਾਰਾਂ ਦੇ ਹੱਥਾਂ ਵਿਚ ਸੀਮਤ ਕਰ ਲਿਆ ਹੈ। ਅਜਿਹਾ ਕਰਕੇ ਸ: ਬਾਦਲ ਨੇ ਪਾਰਟੀ ਰਾਜ ਨੂੰ ਖਤਮ ਕਰਕੇ ਪੰਜਾਬ ਵਿਚ ਆਪਣਾ ਪਰਵਾਰਕ ਰਾਜ ਸਥਾਪਤ ਕਰ ਲਿਆ ਹੈ। ਜਨਸੰਘ ਅਤੇ ਆਰ.ਐਸ.ਐਸ. ਨਾਲ ਮਿਲ ਕੇ ਪੰਥਕ ਜਥੇਬੰਦੀਆਂ 'ਤੇ ਕਬਜ਼ਾ ਕਰਨ ਲਈ ਸ਼੍ਰੋਮਣੀ ਅਕਾਲੀ ਦਲ ਵਲੋਂ ਬੁਲਾਏ ਗਏ ਜਨਰਲ ਇਜਲਾਸ ਦੇ ਮੁਕਾਬਲੇ 'ਤੇ ਜਥੇਬੰਦੀ ਵਿਚੋਂ ਕੱਢੇ ਗਏ ਲੋਕਾਂ ਦਾ ਇਜਲਾਸ ਬੁਲਾ ਕੇ ਸਿੱਖ ਕੌਮ ਦੀ ਪਿੱਠ ਵਿਚ ਛੁਰਾ ਮਾਰਿਆ ਹੈ। ਤਰਨਤਾਰਨ ਵਿਚ ਸੰਤ ਹਰਚੰਦ ਸਿੰਘ ਦੇ ਪ੍ਰਧਾਨ ਬਣਨ ਦਾ ਐਲਾਨ ਵੀ ਕਰ ਦਿੱਤਾ ਹੈ। ਇਹ ਐਲਾਨ ਸ: ਬਾਦਲ ਨੇ ਖੁਦ ਕੀਤਾ ਹੈ।

ਕੁਨਬਾਪਰਵਰ ਸ: ਬਾਦਲ ਨੇ ਝੂਠ ਅਤੇ ਬੇਈਮਾਨੀ ਦਾ ਸਹਾਰਾ ਲੈਂਦਿਆਂ ਪੰਥਕ ਸਿਧਾਂਤਾਂ ਅਤੇ ਨਿਸ਼ਾਨਿਆਂ ਨੂੰ ਮਿੱਟੀ ਵਿਚ ਮਿਲਾ ਦੇਣ ਲਈ ਸ਼੍ਰੋਮਣੀ ਅਕਾਲੀ ਦਲ ਨੂੰ ਦੋਫਾੜ ਕਰਨ ਵਾਸਤੇ ਖਾਲਸਾ ਪੰਥ 'ਤੇ ਚੁਪਾਸਿਓਂ ਹੱਲਾ ਬੋਲਿਆ ਹੈ। ਇਕ ਪਾਸੇ ਸ: ਬਾਦਲ ਪਾਸ ਰਾਜ ਦੀ ਅਥਾਹ ਸ਼ਕਤੀ ਅਤੇ ਕਾਲੇ ਧੰਨ ਦੇ ਭੰਡਾਰ ਹਨ, ਦੂਸਰੇ ਪਾਸੇ ਸ਼੍ਰੋਮਣੀ ਅਕਾਲੀ ਦਲ ਪਾਸ ਪੰਥ ਲਈ ਆਪਾ ਵਾਰਨ ਵਾਲੇ ਗਰੀਬ ਵਰਕਰ ਹੀ ਇਸ ਦੇ ਡੈਲੀਗੇਟ ਹਨ; ਇਹੋ ਸਿੱਖ ਕੌਮ ਦੀ ਸ਼ਕਤੀ ਅਤੇ ਸਰਮਾਇਆ ਹਨ। ਸ: ਬਾਦਲ ਸ਼੍ਰੋਮਣੀ ਅਕਾਲੀ ਦਲ ਦੇ ਡੈਲੀਗੇਟਾਂ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਪੰਜਾਬ ਵਿਧਾਨ ਸਭਾ ਦੇ ਅਕਾਲੀ ਮੈਂਬਰਾਂ ਦੇ ਈਮਾਨ ਨੂੰ ਕੁਰੱਪਟ ਕਰ ਰਹੇ ਹਨ। ਸਰਕਾਰੀ ਪਦਵੀਆਂ ਦਾ ਲਾਲਚ ਦਿੱਤਾ ਜਾ ਰਿਹਾ ਹੈ, ਬੇਪਨਾਹ ਕਾਲਾ ਧੰਨ ਵੰਡਿਆ ਜਾ ਰਿਹਾ ਹੈ। ਪੰਜਾਬ ਰਾਜ ਦੀ ਚਿੱਟ-ਕੱਪੜੀ ਪੁਲਿਸ ਦਾ ਸਹਾਰਾ ਲੈ ਕੇ ਸਮਾਜ ਵਿਰੋਧੀ ਹਥਿਆਰਬੰਦ ਅਨਸਰਾਂ ਨੂੰ 10 ਅਕਤੂਬਰ ਵਾਲੇ ਦਿਨ ਅੰਮ੍ਰਿਤਸਰ ਵਿਚ ਜਲ੍ਹਿਆਂਵਾਲੇ ਬਾਗ ਦੇ ਖੂਨੀ ਸਾਕੇ ਨੂੰ ਦੁਹਰਾਉਣ ਲਈ ਸ: ਬਾਦਲ ਵਜ਼ੀਰ ਮੰਡਲੀ ਸਮੇਤ ਅੰਮ੍ਰਿਤਸਰ ਪਹੁੰਚ ਰਹੇ ਹਨ।

ਪੰਜਾਬ ਭਰ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਡੈਲੀਗੇਟਾਂ, ਸ਼੍ਰੋਮਣੀ ਕਮੇਟੀ ਅਤੇ ਪੰਜਾਬ ਵਿਧਾਨ ਸਭਾ ਦੇ ਮੈਂਬਰਾਂ ਦੇ ਪਰਿਵਾਰਾਂ ਵਿਚ ਡਰ ਅਤੇ ਸਹਿਮ ਪੈਦਾ ਕੀਤਾ ਜਾ ਰਿਹਾ ਹੈ। ਸ: ਬਾਦਲ ਪੰਥ-ਹਿਤੈਸ਼ੀਆਂ ਵਿਰੁੱਧ ਝੂਠੇ ਮੁਕੱਦਮੇ ਬਣਵਾ ਰਹੇ ਹਨ।

ਅੱਜ ਜਦਕਿ ਦੇਸ਼ ਦੇ ਸਿਆਸੀ ਜੀਵਨ ਅੰਦਰ ਰਾਜਸੀ ਭ੍ਰਿਸ਼ਟਾਚਾਰੀ, ਬਦਇਖਲਾਕੀ ਮਿੱਤਰਧਰੋਹੀ ਅਤੇ ਵਿਸ਼ਵਾਸਘਾਤ ਸਿਖਰਾਂ 'ਤੇ ਹੈ, ਦੇਸ਼ ਵਿਚ ਇਕੋ ਇਕ ਜਥੇਬੰਦੀ ਸ਼੍ਰੋਮਣੀ ਅਕਾਲੀ ਦਲ ਹੈ, ਜਿਸ ਦੇ ਗਰੀਬ ਜੁਝਾਰੂ ਵਰਕਰਾਂ ਨੇ ਲੜੇ ਕੁੱਲ

ਮੋਰਚਿਆਂ ਵਿਚ ਜਿੱਤ ਹੀ ਪ੍ਰਾਪਤ ਨਹੀਂ ਕੀਤੀ ਬਲਕਿ ਆਪਣੇ ਸਿਆਸੀ ਜੀਵਨ ਨੂੰ ਵੀ ਬਚਾਇਆ ਹੈ। ਪਰ ਸ: ਬਾਦਲ ਅਤੇ ਉਸ ਦੀ ਸਰਕਾਰ ਅਕਾਲੀ ਵਰਕਰਾਂ ਨੂੰ ਕੁਰੱਪਟ ਕਰਨ ਲਈ ਹਰ ਹਰਬਾ ਇਸਤੇਮਾਲ ਕਰ ਰਹੀ ਹੈ। ਸ਼੍ਰੋਮਣੀ ਅਕਾਲੀ ਦਲ ਦੀ ਸਲਾਮਤੀ ਅਤੇ ਪਵਿੱਤਰਤਾ ਸ੍ਰੀ ਅੰਮ੍ਰਿਤਸਰ ਦੀ ਪਵਿੱਤਰ ਧਰਤੀ ਨੂੰ ਆਪਣਿਆਂ ਦੇ ਹੀ ਖ਼ੂਨ ਵਿਚ ਲੱਥ-ਪੱਥ ਹੋਣ ਤੋਂ ਬਚਾਉਣ ਲਈ, ਸਾਡਾ ਫੈਸਲਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਦੇ ਹਰ ਵਰਕਰ ਨੂੰ ਸ: ਬਾਦਲ ਅਤੇ ਉਸ ਦੀ ਸਰਕਾਰ ਵਲੋਂ ਪੈਦਾ ਕੀਤੇ ਜਾ ਰਹੇ ਭਿਅੰਕਰ ਹਾਲਾਤ ਵਿਚ ਕਿਸੇ ਔਕੜ ਅਤੇ ਇਮਤਿਹਾਨ ਵਿਚ ਨਾ ਪਾਇਆ ਜਾਵੇ।

ਖਾਲਸਾ ਪੰਥ ਨੇ ਸਾਨੂੰ ਤਿੰਨਾਂ ਨੂੰ ਭਾਵ ਜਗਦੇਵ ਸਿੰਘ ਤਲਵੰਡੀ, ਗੁਰਚਰਨ ਸਿੰਘ ਟੌਹੜਾ, ਪ੍ਰਕਾਸ਼ ਸਿੰਘ ਬਾਦਲ ਨੂੰ ਮੁਖੀ ਪਦਵੀਆਂ ਦੇ ਕੇ ਨਿਵਾਜਿਆ ਸੀ। ਸਾਡੀ ਜ਼ਿੰਮੇਵਾਰੀ ਹੈ ਕਿ ਅਸੀਂ ਪੰਥਕ ਏਕਤਾ ਨੂੰ ਕਾਇਮ ਰੱਖਣ ਅਤੇ ਪੰਥ ਦੀ ਸ਼ਕਤੀ ਨੂੰ ਤਬਾਹ ਹੋਣ ਤੋਂ ਬਚਾਉਣ ਲਈ ਕੁਰਬਾਨੀ ਅਤੇ ਤਿਆਗ ਦਾ ਸਬੂਤ ਦੇਈਏ।

ਉਪਰੋਕਤ ਦੱਸੇ ਹਾਲਾਤ ਵਿਚ ਅਸਾਂ ਦੋਵਾਂ ਨੇ ਪੰਥਕ ਹਿਤਾਂ ਨੂੰ ਮੁੱਖ ਰੱਖ ਕੇ ਪੰਥਕ ਏਕਤਾ ਅਤੇ ਸਿੱਖੀ ਦੀ ਸ਼ਾਨ ਨੂੰ ਕਾਇਮ ਰੱਖਣ ਦੇ ਦ੍ਰਿਸ਼ਟੀਕੋਣ ਤੋਂ ਸੁਭਾਵਕ ਰੂਪ ਵਿਚ ਸ਼ਾਇਦ ਕਿਤੇ ਕਮਜ਼ੋਰੀ ਵੀ ਵਿਖਾਈ ਹੋਵੇਗੀ, ਇਸ ਲਈ ਕਿ ਪੰਥ ਬਖਸ਼ਣਹਾਰ ਹੈ ਅਸੀਂ ਸਮੂਹ ਖਾਲਸਾ ਪੰਥ ਤੋਂ ਆਪ ਜੀ ਰਾਹੀਂ ਸਤਿਕਾਰ ਸਹਿਤ ਖਿਮਾਂ ਦੇ ਜਾਚਕ ਹਾਂ।

ਅਸਾਂ ਅੱਜ ਦੀ ਇਸ ਘੜੀ ਤੱਕ ਹਰ ਸੰਭਵ ਯਤਨ ਕੀਤਾ ਕਿ ਪੰਥ ਨੂੰ ਵਰਤਮਾਨ ਸਥਿਤੀ ਵਿਚ, ਪੰਥ ਦੁਸ਼ਮਣ ਸ਼ਕਤੀਆਂ ਵਲੋਂ ਚੁਪਾਸਿਓਂ ਕੀਤੇ ਜਾ ਰਹੇ ਮਾਰੂ ਹਮਲਿਆਂ ਤੋਂ ਬਚਾਇਆ ਜਾ ਸਕੇ ਅਤੇ ਏਕਤਾ ਨੂੰ ਕਾਇਮ ਰੱਖਿਆ ਜਾ ਸਕੇ। ਪਰ "ਹਿੰਦੂ ਸਿੱਖ ਏਕਤਾ-ਪੰਥ ਦੁਫਾੜ" ਦੇ ਨਾਹਰੇ ਵਿਚ ਵਿਸ਼ਵਾਸ ਰੱਖਣ ਵਾਲੇ ਸ: ਬਾਦਲ ਆਪਣੀ ਕੁਰਸੀ ਦਾ ਬਚਾਓ, ਪੰਥਕ ਏਕਤਾ ਨੂੰ ਖਤਮ ਕਰਕੇ ਸ਼੍ਰੋਮਣੀ ਅਕਾਲੀ ਦਲ ਨੂੰ ਦੋਫਾੜ ਕਰਨ ਵਿਚ ਹੀ ਸਮਝਦੇ ਹਨ। ਇਸ ਲਈ ਅਸੀਂ ਪੰਥ ਨੂੰ ਦੋਫਾੜ ਕਰਨ ਵਿਚ ਰੁਝੇ ਹੋਏ, ਸਿੱਖਾਂ ਵਿਚ ਸਿੱਖੀ ਦੇ ਉਤਸ਼ਾਹ ਨੂੰ ਖਤਮ ਕਰਨ ਲਈ ਜ਼ਿੰਮੇਵਾਰ, ਪੰਜਾਬ ਨੂੰ ਦੋਭਾਸ਼ਾਈ ਬਣਾਉਂਦਿਆਂ, ਖਾਲਸਾ ਪੰਥ ਨੂੰ ਸਦਾ ਲਈ ਫਿਰਕੂ ਹਿੰਦੂਆਂ ਦੇ ਗੁਲਾਮ ਬਣਾਉਣ ਲਈ ਪੱਕੇ ਬਾਨ੍ਹਣੂੰ ਬੰਨ੍ਹ ਰਹੇ, ਹਰ ਪੱਧਰ ਦੀ ਕੁਰਪਸ਼ਨ, ਕੁਨਬਾਪਰਵਰੀ ਅਤੇ ਮਾਰੂ ਗੁਟਬੰਦੀ ਦੇ ਕੋਝੇ ਅਤੇ ਘਿਨਾਉਣੇ ਯਤਨਾਂ ਵਿਚ ਈਮਾਨ ਰੱਖਣ ਵਾਲੇ ਸ: ਪ੍ਰਕਾਸ਼ ਸਿੰਘ ਬਾਦਲ ਦੇ ਅਸਤੀਫੇ ਦੀ ਮੰਗ ਕਰਦੇ ਹਾਂ ਅਤੇ ਇਸੇ ਪੱਤਰ ਰਾਹੀਂ ਅਸੀਂ ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਧਾਨਗੀ ਤੋਂ ਅਸਤੀਫਾ ਦਿੰਦੇ ਹਾਂ। ਨਾਲ ਦੀ ਨਾਲ ਐਕਟ ਅਧੀਨ ਵੱਖਰੇ ਰੂਪ ਵਿਚ ਤਿਆਗ ਪੱਤਰ ਪੇਸ਼ ਕਰ ਰਹੇ ਹਾਂ ਤਾਂ ਕਿ ਜਿਸ ਨੂੰ ਆਪ ਜੀ ਮੁਨਾਸਬ ਸਮਝੋ ਪੰਥਕ ਜਥੇਬੰਦੀ ਦੀ ਚੜ੍ਹਦੀਕਲਾ ਅਤੇ ਪੰਥ ਦੀ ਏਕਤਾ ਲਈ ਪੰਥ ਦੇ ਮੁਖੀ ਥਾਪ ਸਕੋ।


ਸਾਨੂੰ ਆਪ ਜੀ ਦਾ ਹਰ ਫੈਸਲਾ ਪ੍ਰਵਾਨ ਹੋਵੇਗਾ।

ਗੁਰੂ ਪੰਥ ਦੇ ਦਾਸ,<br>
ਸਹੀ/ ਗੁਰਚਰਨ ਸਿੰਘ ਟੌਹੜਾ<br>
ਸਹੀ/ ਜਗਦੇਵ ਸਿੰਘ ਤਲਵੰਡੀ


■



ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਅਕਾਲੀ ਫੂਲਾ ਸਿੰਘ,
ਜਿਨ੍ਹਾਂ ਨੇ ਉਸ ਵੇਲੇ ਦੇ ਸਭ ਤੋ ਸ਼ਕਤੀਸ਼ਾਲੀ ਮਹਾਰਾਜਾ ਰਣਜੀਤ ਸਿੰਘ
ਨੂੰ ਅਕਾਲ ਤਖ਼ਤ 'ਤੇ ਬੁਲਾ ਕੇ ਕੋੜੇ ਮਾਰਨ ਦੀ ਸਜਾ ਲਾਈ ਸੀ।




ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਭਾਈ ਰਣਜੀਤ ਸਿੰਘ, ਪੰਜਾਬ ਦੇ ਉਸ ਵੇਲੇ ਦੇ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਤੋਂ ਸੁਚੇਤ ਰਹਿਣ ਲਈ ਸਿੱਖ ਸੰਗਤਾਂ ਨੂੰ ਅਕਾਲ ਤਖ਼ਤ ਤੋਂ ਅਪੀਲ ਕਰਦੇ ਹੋਏ।





ਕੈਪਟਨ ਅਮਰਿੰਦਰ ਸਿੰਘ ਵੱਲੋਂ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੇ ਪਟਿਆਲਾ ਦੇ ਨਿਰੰਕਾਰੀ ਭਵਨ 'ਚ ਜਾਣ ਦੇ ਸਬੂਤ ਵਜੋਂ ਪੇਸ਼ ਕੀਤੀ ਗਈ ਜਾਅਲੀ ਤਸਵੀਰ, ਜਿਹੜੀ ਕਈ ਤਸਵੀਰਾਂ ਦਾ ਮਿਸ਼ਰਣ ਹੈ




ਜੇ ਜਥੇਦਾਰ ਟੌਹੜਾ ਦੀ ਥਾਂ ਉਪਰਲੀ ਤਸਵੀਰ ਵਾਂਗ ਕੰਪਿਊਟਰ ਰਾਹੀਂ ਕਿਸੇ ਹੋਰ ਦੀ ਫੋਟੋ ਦਿਖਾ ਦਿੱਤੀ ਜਾਵੇ ਤਾਂ ਤਸਵੀਰ ਵਿਚ ਕੋਈ ਫਰਕ ਨਹੀ ਪਵੇਗਾ





ਨਿਰੰਕਾਰੀ ਭਵਨ
ਦੀ ਇਮਾਰਤ
ਦਾ ਬਾਹਰਲਾ ਦ੍ਰਿਸ਼




ਨਿਰੰਕਾਰੀ ਭਵਨ
ਦੀ ਇਮਾਰਤ
ਦਾ ਅੰਦਰਲਾ ਦ੍ਰਿਸ਼




ਇਸ ਤਸਵੀਰ 'ਚ ਜਥੇਦਾਰ ਟੌਹੜਾ ਦੀ ਥਾਂ ਕੰਪਿਊਟਰ ਰਾਂਹੀ ਜੇ ਕਿਸੇ ਹੋਰ ਦਾ ਚਿਹਰਾ ਲਾ ਦਿੱਤਾ ਜਾਵੇ ਤਾਂ ਤਸਵੀਰ ਵਿਚ ਕੋਈ ਫਰਕ ਨਹੀਂ ਪਵੇਗਾ




ਇਸ ਤਸਵੀਰ 'ਚ ਜਥੇਦਾਰ ਟੌਹੜਾ ਦੀ ਥਾਂ ਕੰਪਿਊਟਰ ਰਾਂਹੀ ਜੇ ਕੈਪਟਨ ਅਮਰਿੰਦਰ ਸਿੰਘ ਦੀ ਫੋਟੋ ਲਾ ਦਿੱਤੀ ਜਾਵੇ ਤਾਂ ਤਸਵੀਰ ਵਿਚ ਕੋਈ ਫਰਕ ਨਹੀਂ ਪਵੇਗਾ



ੴ ਸਤਿਗੁਰ ਪ੍ਰਸਾਦਿ॥

ਮਾਨਯੋਗ ਜੋਗਿੰਦਰ ਸਾਹਿਬ, ਸ੍ਰੀ ਅੰਮ੍ਰਿਤਸਰ 19/5/98

ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹਿ॥

ਮੈਂ ਤੁਹਾਨੂੰ ਇਹ ਸਾਵਧਾਨ ਕਰਨਾ ਹੈ ਕਿ ਤੁਸੀਂ ਸਿੱਖਾਂ ਦੀ ਸੁਪਰੀਮ ਕੋਰਟ ਤੋਂ ਛੇਕੇ ਹੋਏ ਹੋ। ਤੁਸੀਂ ਬਹੁਤ ਸਾਲ ਤੋਂ ਵਿਚਰ ਪੜ੍ਹੇ-ਲਿਖੇ ਹਨ - ਪਰ ਤੁਹਾਡੀ ਕੀ ਔਕਾਤ ਹੈ? ਤੁਸਾਂ ਕਈ ਸਿੱਖਾਂ ਵਿੱਚ ਪੜ੍ਹੇ-ਲਿਖੇ ਦੀ ਸਾਖ ਰੱਖੀ ਹੈ। ਪਰ ਨਾਲ ਹੀ ਤੁਹਾਡੇ ਉੱਤੇ ਗੁਰੂ ਕੌਮ ਦਾ ਵਿਸ਼ਵਾਸ ਹੈ। ਆਖ਼ਿਰ ਹੋਵੇ ਕਿ ਤੁਸੀਂ ਕੌਮ ਦੇ ਮਾਲਿਕ ਹੋ। ਕਈ ਜੀ ਹੋ ਸਕੇ ਤੇ ਕਿਤੇ ਹੋਵਗਾ ਸਾਹਿਬ ਦੇ ਦਰਬਾਰ ਬਾਹਰ ਕੱਢ ਜਾਉ। ਇਹ ਤੁਹਾਨੂੰ ਨਹੀਂ ਭੁੱਲਣਾ ਚਾਹੀਦਾ ਹੈ ਕਿ ਇੱਥੇ ਹੀ ਬਾਬਾ ਸਿੰਘ ਆਦਿ ਨੂੰ ਵੀ ਸਜ਼ਾ ਮਿਲੀ ਹੈ। ਅਖੀਰ ਚਾਹੁੰਦੇ ਕਿ ਤੁਸੀਂ ਹੋਵਗਾ ਸਾਹਿਬ ਦੇ ਦਰਬਾਰ ਬਾਹਰ ਕੱਢ ਜਾਉ।

ਪ੍ਰਚਾਰਕ ਨਿਰੰਕਾਰੀ ਸਿੰਘ ਜੀ ਤੋਂ ਤਸਵੀਰਾਂ ਸਾਡੇ ਕੋਲ ਹੀ ਮੌਜੂਦ ਹਨ। Video Cassette ਵੀ-ਹੈ। ਜੋ ਕੋਈ ਨਹੀਂ ਵੇਖਿਆ। ਜੇ ਇਹ ਤਸਵੀਰਾਂ ਦੁਨੀਆਂ ਦੇ ਅਖ਼ਬਾਰਾਂ ਨੂੰ ਅਤੇ TV ਨੂੰ ਅਤੇ ਦੁਕਾਨਾਂ ਤੇ ਵਿਕਣ ਲੱਗੀਆਂ। ਤੁਹਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਹੈ ਕਿ ਉਸ ਕਰਕੇ ਗੁਰੂ ਮਹਾਰਾਜ ਜੀ ਦੀ ਹੈ ਅਤੇ ਕਿਤੇ ਵੀ ਮੌਕੇ ਜ਼ਿੰਦਗੀ ਪਰੇਸ਼ਾਨੀਆਂ ਦਾ ਸ਼ਿਕਾਰ ਹਨ।

ਧੰਨਵਾਦ.

ਅਮਰਜੀਤ ਸਿੰਘ (ਦਿੱਲੀ)


ਇਕ ਅਮਰਜੀਤ ਸਿੰਘ ਨਾਂ ਦੇ ਬੰਦੇ ਨੇ ਧਮਕੀ-ਨੁਮਾ ਚਿੱਠੀ ਤਾਂ ਲਿਖ ਦਿੱਤੀ ਪਰ ਨਾ ਕੋਈ ਸਬੂਤ ਪੇਸ਼ ਕੀਤਾ ਤੇ ਨਾ ਹੀ ਚਿੱਠੀ ਥੱਲੇ ਆਪਣਾ ਪਤਾ ਲਿਖਣ ਦੀ ਜੁਅਰਤ ਕੀਤੀ



ਗੁਰੂ ਗ੍ਰੰਥ ਸਾਹਿਬ ਦੇ ਫਟੇ ਹੋਏ ਪਤਰਿਆਂ ਨਾਲ
ਪਈਆਂ ਸਿਗਰਟਾਂ ਦੀਆਂ ਡੱਬੀਆਂ



ਗੁਰੂ ਗ੍ਰੰਥ ਸਾਹਿਬ ਦੇ ਫਟੇ ਹੋਏ ਪਤਰਿਆਂ ਦੀਆਂ ਕਾਤਰਾਂ




ਗੁਰਬਾਣੀ ਦੇ ਫਟੇ ਹੋਏ ਪਤਰਿਆਂ ਵਿਚ ਤੰਬਾਕੂ

ਜੁਤੀਆਂ ਸਮੇਤ ਗੁਰੂ ਗ੍ਰੰਥ ਸਾਹਿਬ ਦੇ ਪਤਰਿਆਂ ਨੂੰ ਸਾੜਦੇ ਹੋਏ



ਗੰਦ ਵਿਚ ਪਏ ਗੁਰੂ ਗ੍ਰੰਥ ਸਾਹਿਬ ਦੇ ਪਤਰੇ ਨਜ਼ਰ ਆ ਰਹੇ ਹਨ




ਸੰਗਤਾਂ ਵਲੋਂ ਧਰਮ ਪ੍ਰਚਾਰ ਕਮੇਟੀ ਨੂੰ ਗੁਰਬਾਣੀ ਦੀ ਨਿਰਾਦਰੀ ਬਾਰੇ ਸ਼ਿਕਾਇਤ

ਸਤਿਕਾਰ ਯੋਗ ਸਿੰਘ ਸਾਹਿਬ ਜੱਥੇਦਾਰ ਸਾਹਿਬ ਜੀ।

ਅੱਜ ਮਿਤੀ 9-5-98 ਨੂੰ ਸਾਡੇ ਸਟਾੱਫ ਗਲਤੀ ਹੋਇਆ ਹੈ ਜੀ।
ਆਪਜੀ ਨੇ ਗੁਰਬਾਣੀ ਦੇ ਗੁਟਕੇ ਉਪਰ ਫੋਟੋ ਛਪਣ ਸਬੰਧੀ ਤੇ
ਜ਼ੋਰਾਵਰੀ ਸਾਂਝੀ ਦੇ ਸੰਚਾਲਕ ਪਾਸੋਂ ਗੁਰਬਾਣੀ ਦੇ ਗੁਟਕੇ ਛਪਾਕੇ
~~ਛਾਪ~~ ਸਤਿਕਾਰ ਕਰਨ ਸਬੰਧੀ ਆਪ ਜੀ ਨੂੰ ਫੋਟੋਆਂ ਦਿਖਾਈਆਂ।
ਅਸੀ ਭੁਲਣਹਾਰ ਹਾਂ ਆਪ ਬਖਸ਼ਣਹਾਰ
ਹੋ। ਸਾਡੀ ਕੋਈ ਭੁੱਲ ਦੀ ਮਾਫ਼ੀ ਦਿਤੀ ਜਾਵੇ ਅਸੀ ਅੱਗੇ
ਤੋਂ ਉਚੇਚਾ ਤੌਰ ਤੇ ਧਿਆਨ ਰੱਖਾਂਗਾ ਤੇ ਕਿ ਅਜੇਹੀ ਗਲਤੀ
ਅੱਗੋਂ ਤੋਂ ਨਾ ਹੋਵੇ।

ਫਰਮ ਸ੍ਰ. ਚਤਰ ਸਿੰਘ ਜੀਵਨ ਸਿੰਘ
ਹਰਭਜਨ ਸਿੰਘ
9-5-98


ਨੋਟ (੨) ਕੈਲੰਡਰ ਜਿਨਾਂ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਫੋਟੋ ਪਾਏ ਹੋਏ
ਹੋਈਆਂ ਵਿੱਚ ਦੇਖਿਆ (ਸ੍ਰੀ ਅਕਾਲ ਤਖਤ ਤੇ) ਪ੍ਰਾਪਤ ਹੋਏ ਤੇ ਗਲਤੀ ਨੂੰ ਸਵੀਕਾਰਿਆ ਹੈ।
ਉਸ ਤੋਂ ਇਲਾਵਾ ਜੋ ਫੋਟੋ ਹੋਣ ਜੋ ਛਪਿਆ ਉਹ ਵੀ ਸਾਰੀ ਵਾਪਸ
ਲੀਆਂ ਭੇਜ ਰਹੇ।

For S. Chattar Singh Jiwan Singh
ਹਰਭਜਨ ਸਿੰਘ
Partner.
9-5-98
3.00 ਵਜੇ ਸ਼ਾਮ

ਚਤਰ ਸਿੰਘ ਜੀਵਨ ਸਿੰਘ ਫਰਮ ਵਲੋਂ ਲਿਖਤੀ ਮੁਆਫੀਨਾਮਾ





ਜਲਿਆਂਵਾਲੇ ਬਾਗ ਕਾਂਡ ਦੇ ਜਿਮ੍ਹੇਵਾਰ ਜਨਰਲ ਡਾਇਰ ਨੂੰ
ਸਿਰੋਪਾ ਦੇਣ ਵਾਲਾ ਸਰਬਰਾਹ ਅਰੂੜ ਸਿੰਘ



ਤੂੰ ਮੇਨੂੰ ਕਾਜੀ ਆਖ, ਮੈਂ ਤੇਨੂੰ ਮੁਲਾ ਆਖਾਂ
ਪ੍ਰੋ. ਮਨਜੀਤ ਸਿੰਘ ਤੇ ਗਿਆਨੀ ਕੇਵਲ ਸਿੰਘ, ਸਾਂਝੇ ਵਪਾਰਕ ਹਿਤ



ਚੜ੍ਹਦੇ ਸੂਰਜ ਨੂੰ ਸਲਾਮ
ਪਹਿਲਾਂ ਜਥੇਦਾਰ ਟੌਹੜਾ ਫਿਰ ਸ. ਬਾਦਲ ਤੇ ਹੁਣ ਕੈਪਟਨ ਅਮਰਿੰਦਰ ਸਿੰਘ ਨਾਲ
ਨਾ ਵਿਸ਼ਵ ਸਿੱਖ ਕੌਂਸਲ ਦਾ ਹਿਸਾਬ ਦਿੱਤਾ ਤੇ ਨਾ ਗੁਰਮਤਿ ਸਾਗਰ ਟ੍ਰਸਟ ਦਾ




ਗੁਰਮਤਿ ਸਾਗਰ ਟ੍ਰਸਟ ਦੇ ਸੋਵੀਨਰ ਦਾ ਟਾਈਟਲ ਸਫਾ, ਜਿਸ ਵਿਚ ਧਾਰਮਕ ਸ਼ਬਦਾਵਲੀ 'ਚ ਲਪੇਟ ਕੇ ਲਿਖੀਆਂ ਲਿਖਤਾਂ ਰਾਹੀਂ ਟ੍ਰਸਟ ਦੇ ਪਲਾਟ ਖਰੀਦਣ ਦੀ ਪ੍ਰੇਰਨਾ ਕੀਤੀ ਗਈ





ਗੁਰਮਤਿ ਸਾਗਰ ਟ੍ਰਸਟ ਦੇ ਸੋਵੀਨਰ ਦੇ ਟਾਈਟਲ ਦਾ ਆਖਰੀ ਸਫਾ,
ਰਮਣੀਕ ਦ੍ਰਿਸ਼ ਦਿਖਾ ਕੇ ਸੰਗਤਾਂ ਨੂੰ ਭਰਮਾਉਣ ਦੀ ਕੋਸ਼ਿਸ਼



ਸਿੱਖੀ ਦੇ ਬੂਟੇ 'ਤੇ ਛਾਈ ਹੋਈ ਅਮਰਵੇਲ।

ਦਸਤਾਰ 'ਤੇ ਮੁਕਟ ਪਹਿਨਣ ਨਾਲ ਸਿੱਖੀ ਨੇ ਕਿਥੋਂ ਵੱਧਣਾ-ਫੁਲਣਾ ਸੀ।



ਅਖੇ ! 'ਇਹ ਮੇਰਾ ਨਿੱਜੀ ਮਾਮਲਾ ਹੈ'। ਆਪ ਨੇ ਠੀਕ ਫੁਰਮਾਇਆ ਹੈ। ਪਰ ਹੁਣ ਜਦੋਂ ਕੈਪਟਨ ਅਮਰਿੰਦਰ ਸਿੰਘ ਨੇ ਤੁਹਾਡੀ ਕੀਤੀ ਹੋਈ ਕੁੱਰਪਸ਼ਨ ਨੂੰ ਹੱਥ ਪਾਇਆ ਹੈ ਤਾਂ ਕੁੱਰਪਸ਼ਨ ਕਰਨ ਦਾ ਤੁਹਾਡਾ ਨਿੱਜੀ ਮਾਮਲਾ ਪੂਰੇ ਪੰਥ ਦਾ ਮਸਲਾ ਕਿਵੇਂ ਬਣ ਗਿਆ? ਨਾਲੇ ਤੁਸੀ ਆਪਣੇ ਅਕਾਲੀ ਦਲ 'ਚ ਮੋਗਾ ਕਾਨਫਰੰਸ ਤੋਂ ਬਾਅਦ 'ਪੰਥ' ਅਤੇ 'ਸਿੱਖ' ਸ਼ਬਦ ਰਹਿਣ ਹੀ ਕਿਥੇ ਦਿੱਤੇ ਹਨ, ਜਿਸ ਦਾ ਵਾਸਤਾ ਪਾ ਕੇ ਹੁਣ ਤੁਸੀ ਸਿੱਖਾਂ ਨੂੰ ਜਜ਼ਬਾਤੀ ਕਰਨ ਦੀ ਕੋਸ਼ਿਸ਼ ਕਰ ਰਹੇ ਹੋ।

*1978 ਦਾ ਨਿਰੰਕਾਰੀ ਕਾਂਡ ਵੀ ਇਹਨਾਂ ਦੇ ਰਾਜ 'ਚ ਹੀ ਵਾਪਰਿਆ ਸੀ ਤੇ ਇਹਨਾਂ ਦੇ ਹੁਕਮ ਨਾਲ ਹੀ ਇਹਨਾਂ ਦੇ ਅਫਸਰਾਂ ਨੇ 13 ਸਿੰਘਾ ਦੇ ਕਾਤਲ ਬਾਬੇ ਗੁਰਬਚਨ ਸਿੰਘ ਨੂੰ ਆਪਣੀ ਕਾਰ 'ਚ ਬਿਠਾ ਕੇ ਕਰਨਾਲ ਟਪਾਇਆ ਸੀ। ਬਾਬੇ ਗੁਰਬਚਨ ਸਿੰਘ 'ਤੇ ਕਰਨਾਲ 'ਚ ਚੱਲੇ ਮੁੱਕਦਮੇ 'ਚੋਂ ਸਾਫ ਬਰੀ ਹੋ ਜਾਣ ਦੀ ਇਹਨਾਂ ਨੇ ਹਾਈਕੋਰਟ ਵਿਚ ਅਪੀਲ ਵੀ ਨਹੀਂ ਸੀ ਕੀਤੀ।*



ਸਿੱਖ ਸੰਘਰਸ਼ ਵਿਚ ਸਰਗਰਮੀ ਨਾਲ ਹਿੱਸਾ ਲੈਣ ਕਾਰਨ 'ਪਾਰਲੀਮੈਂਟ ਉਡਾਉਣ ਦੀ ਸਾਜਿਸ਼' ਦੇ ਦੋਸ਼ ਵਿਚ ਸੀ. ਬੀ. ਆਈ. ਦੀ ਤਫਤੀਸ਼ ਦੌਰਾਨ ਪੂਰਾ ਤਸ਼ੱਦਦ ਝੱਲਣ ਅਤੇ ਤਿਹਾੜ ਜੇਲ੍ਹ ਦਿੱਲੀ ਦੀ ਨਜ਼ਰਬੰਦੀ ਤੋਂ ਬਾਅਦ ਸਰਗਰਮ ਸਿਆਸੀ ਜਿੰਦਗੀ ਵਿਚ ਕੁੱਦੇ ਸ. ਕੁਲਬੀਰ ਸਿੰਘ ਕੌੜਾ ਸ਼੍ਰੋਮਣੀ ਅਕਾਲੀ ਦਲ (ਅ) ਦੇ ਜਿਲ੍ਹਾ ਪ੍ਰਧਾਨ ਤੇ ਸਾਂਝੇ ਅਕਾਲੀ ਦਲ ਦੀ ਬਣੀ ਭਰਤੀ ਤੇ ਚੋਣ ਕਮੇਟੀ ਦੇ ਮੈਂਬਰ ਰਹੇ ਹਨ। ਸਿੱਖ ਸਿਆਸਤ ਵਿਚ ਆਏ ਨਿਘਾਰ ਅਤੇ ਲੀਡਰਾਂ ਦੇ ਉਜੱਡਪੁਣੇ ਤੋਂ ਨਿਰਾਸ਼ ਹੋਏ ਸ. ਕੌੜਾ ਸਮੁੱਚੇ ਸਿੱਖ ਸੰਘਰਸ਼ 'ਤੇ ਮੁੜ ਝਾਤੀ ਮਾਰਨ ਲਈ ਮਜ਼ਬੂਰ ਹੋਏ। ਉਨ੍ਹਾਂ ਦੀ ਪਲੇਠੀ ਕਿਤਾਬ '*ਪਾਰਲੀਮੈਂਟ ਉਡਾਉਣ ਦੀ ਸਾਜਿਸ਼ ਅਤੇ ਸੀ. ਬੀ. ਆਈ.*' ਉਨ੍ਹਾਂ ਦੀ ਜਾਤੀ ਤੌਰ 'ਤੇ ਹੰਢਾਈ ਤਫਤੀਸ਼ ਦਾ ਸਿੱਟਾ ਸੀ।

ਸਿੱਖ ਸੰਘਰਸ਼ ਤੋਂ ਬਾਅਦ ਸਿੱਖ ਪੰਥ ਵਿਚ ਆਈ ਨਿਰਾਸ਼ਾ ਦਾ ਨਿਚੋੜ ਕੱਢਦਿਆਂ ਉਨ੍ਹਾਂ ਨੂੰ ਸਮਝ ਆਈ ਕਿ ਅਜੋਕਾ ਸਿੱਖ ਪੰਥ ਸਿੱਖੀ ਅਸੂਲਾਂ ਨੂੰ ਤਿਲਾਂਜਲੀ ਦੇ ਚੁੱਕਾ ਹੈ ਅਤੇ ਸਿੱਖ-ਜਿੰਦਗੀ ਦੇ ਹਰ ਪਹਿਲੂ ਉੱਤੇ ਬ੍ਰਾਹਮਣਵਾਦ ਭਾਰੂ ਹੈ। ਇਸ ਸਿੱਟੇ 'ਤੇ ਪਹੁੰਚ ਕੇ ਹੀ ਉਨ੍ਹਾਂ ਨੇ ਦੇਸ਼ ਦੇ ਇਤਿਹਾਸ 'ਤੇ ਨਜ਼ਰ ਮਾਰੀ ਤਾਂ ਉਹਨਾਂ ਦੀ ਬਹੁਚਰਚਿਤ ਕਿਤਾਬ '.... *ਤੇ ਸਿੱਖ ਵੀ ਨਿਗਲਿਆ ਗਿਆ*' ਦੀ ਸਿਰਜਣਾ ਹੋਈ। ਉਨ੍ਹਾਂ ਦੀ ਇਹ ਤੀਜੀ ਕਿਤਾਬ '*ਬੇਈਮਾਨ ਸਿੱਖ ਰਾਜਨੀਤੀ 'ਚ ਫਸਿਆ ਅਕਾਲ ਤਖ਼ਤ*' ਉਨ੍ਹਾਂ ਦੀ ਇਸ ਪੰਥਕ ਸੋਚ ਦਾ ਸਿੱਟਾ ਹੈ ਕਿ ਜਿਨ੍ਹਾਂ ਚਿਰ ਸਿੱਖ ਪੰਥ ਦਾ ਕੇਂਦਰੀ ਧੁਰਾ ਅਕਾਲ ਤਖ਼ਤ ਬੇਈਮਾਨ ਸਿਆਸਤ ਦੇ ਸ਼ਿਕੰਜੇ ਵਿਚੋਂ ਅਜਾਦ ਨਹੀਂ ਕਰਵਾਇਆ ਜਾਂਦਾ ਅਤੇ ਉਸ ਦੀ ਖੁਦਮੁਖਤਿਆਰ ਹਸਤੀ ਕਾਇਮ ਨਹੀਂ ਕੀਤੀ ਜਾਂਦੀ ਓਨਾਂ ਚਿਰ ਸਿੱਖ ਸਿਆਸਤ ਕੋਈ ਹਾਂ ਪੱਖੀ ਮੋੜਾ ਨਹੀਂ ਕੱਟ ਸਕਦੀ। ਸ. ਕੌੜਾ ਅੱਜਕਲ ਵਿਸ਼ਵ ਸਿੱਖ ਕੌਂਸਲ ਅਮ੍ਰਿਤਸਰ ਜੋਨ (ਦੁਆਬਾ, ਮਾਝਾ ਤੇ ਜੰਮੂ-ਕਸ਼ਮੀਰ) ਦੇ ਚੇਅਰਮੈਨ ਹਨ ਅਤੇ ਕਈ ਦੇਸਾਂ 'ਚ ਘੁੰਮ ਚੁੱਕੇ ਹਨ।

www.PunjabiLibrary.com